# ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ

**(ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ)**

**Samkali Punjabi Kavita Ate Kisani Sankat: Samaj-Sabhiacharak Perpekh**

**( Ikkiveen Sadi dae Dojje Dahake dae Vishesh Sandarbh Vich )**

**Thesis Submitted for the Award of the Degree of**

**DOCTOR OF PHILOSOPHY**

**in**

**Punjabi**

**By**

**Parwinder Singh**

**Registration Number: 42000537**

**Supervised By**

**Dr. Harpreet Singh (UID-17259)**

**Punjabi Department (Professor)**


**Lovely Professional University**

**LOVELY PROFESSIONAL UNIVERSITY, PUNJAB**

**2025**

## ਘੋਸ਼ਣਾ ਪੱਤਰ

ਮੈਂ ਪਰਵਿੰਦਰ ਸਿੰਘ ਇਹ ਬਿਆਨ ਕਰਦਾ ਹਾਂ ਕਿ 'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ' (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਪਰਿਪੇਖ ਵਿਚ) ਵਿਸ਼ੇ ਉੱਤੇ ਲਿਖੇ ਇਸ ਖੋਜ ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ ਹੈ ਜਿਸਨੂੰ ਕਿਸੇ ਯੂਨੀਵਰਸਿਟੀ ਜਾਂ ਸਿਖਿਅਕ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।




Signature of scholar

Name of the Scholar: **Parwinder Singh**

Registration Number: **42000537**


Department/School: **Department of Punjabi/ School Social sciences & Language**

University: **Lovely Professional University Phagwara, Punjab**

Date: 14.11.2024

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਪਰਵਿੰਦਰ ਸਿੰਘ ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ' (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਪਰਿਪੇਖ ਵਿਚ) ਵਿਸ਼ੇ ਉੱਤੇ ਪੀ. ਐੱਚ. ਡੀ.(ਪੰਜਾਬੀ) ਦੀ ਡਿਗਰੀ ਲਈ ਖੋਜ ਕਾਰਜ ਮੇਰੀ ਨਿਗਰਾਨੀ ਅਧੀਨ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ ਕਾਰਜ ਹੈ। ਮੈਂ ਇਸ ਖੋਜ ਪ੍ਰਬੰਧ ਨੂੰ ਪੀ.ਐੱਚ. ਡੀ ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫਾਰਿਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਯੂਨੀਵਰਸਿਟੀ ਜਾਂ ਆਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ ਹੈ।



(Signature of Supervisor)

Name of the Supervisor: **Harpreet Singh**

Designation: **Professsor**

Department/School: **Department of Punjabi/ School Social sciences & Language**

University: **Lovely Professional University Phagwara, Punjab**

Date: 15.11.2024

**ਭੂਮਿਕਾ** vi- xvii

**ਅਧਿਆਇ ਪਹਿਲਾ**

**1. ਸਿਧਾਂਤਕ ਪਰਿਪੇਖ** **1-75**

1.1 ਪੂਰਵ ਖੋਜ-ਕਾਰਜ 2-16

1.2 ਖੋਜ-ਕਾਰਜ: ਸਾਰਥਕਤਾ 17

1.3 ਖੋਜ-ਕਾਰਜ ਦੇ ਉਦੇਸ਼ 17-18

1.4 ਖੋਜ ਡਿਜ਼ਾਇਨ ਅਤੇ ਵਿਧੀ 18-19

1.5 ਖੋਜ ਕਾਰਜ ਦੀ ਪਹੁੰਚ ਵਿਧੀ 19-20

1.6 ਸਮਕਾਲੀ ਪੰਜਾਬੀ ਕਵਿਤਾ: ਸਰੂਪ, ਪ੍ਰਕਿਰਤੀ ਤੇ ਨਵੇਂ ਰੁਝਾਨ 20-37

1.7 ਕਿਸਾਨੀ ਸੰਕਟ ਅਤੇ ਕਿਸਾਨ ਅੰਦੋਲਨ: ਇਤਿਹਾਸਕ ਪਰਿਪੇਖ 38-61

1.8 ਸਮਾਜ-ਸਭਿਆਚਾਰਕ: ਸਿਧਾਂਤਕ ਪਰਿਪੇਖ 61-75

**ਅਧਿਆਇ ਦੂਜਾ**

**2. ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਭਿਆਚਾਰਕ ਪਰਿਪੇਖ** **76-139**

2.1 ਸਮਕਾਲੀ ਪੰਜਾਬੀ ਕਵਿਤਾ: ਕਿਸਾਨੀ ਦਸ਼ਾ ਤੇ ਦਿਸ਼ਾ ਦਾ ਸਭਿਆਚਾਰਕ ਪਿਛੋਕੜ 77-83

2.1.1 ਸਮਕਾਲੀ ਪੰਜਾਬੀ ਕਵਿਤਾ: ਵਿਸ਼ਵ ਸਭਿਆਚਾਰ ਅਤੇ ਕਿਸਾਨੀ ਸੰਕਟ। 83-98

2.1.2 ਸਮਕਾਲੀ ਪੰਜਾਬੀ ਕਵਿਤਾ: ਸਭਿਆਚਾਰਕ ਰਹੁ-ਰੀਤਾਂ ਅਤੇ

ਕਿਸਾਨੀ ਸੰਕਟ 98-113

2.2 ਸਮਕਾਲੀ ਪੰਜਾਬੀ ਕਵਿਤਾ: ਕਿਸਾਨ ਅੰਦੋਲਨ ਦਾ ਸਭਿਆਚਾਰਕ ਮੁਹਾਂਦਰਾ 113-118

2.2.1 ਸਮਕਾਲੀ ਪੰਜਾਬੀ ਕਵਿਤਾ: ਕਿਸਾਨ ਸੰਘਰਸ਼ ਅਤੇ ਸਭਿਆਚਾਰਕ ਜਾਗ੍ਰਿਤੀ 118-123

2.2.2 ਸਮਕਾਲੀ ਪੰਜਾਬੀ ਕਵਿਤਾ: ਕਿਸਾਨੀ ਸਭਿਆਚਾਰਕ ਸਾਂਝ ਦਾ ਪ੍ਰਗਟਾਵਾ 124-139

**ਅਧਿਆਇ ਤੀਜਾ**

**ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜਕ ਪਰਿਪੇਖ 140-193**

3.1 ਸਮਕਾਲੀ ਪੰਜਾਬੀ ਕਵਿਤਾ: ਨਸ਼ਾ ਅਤੇ ਕਿਸਾਨੀ ਸੰਕਟ 143-153

3.2 ਸਮਕਾਲੀ ਪੰਜਾਬੀ ਕਵਿਤਾ: ਪਰਵਾਸ ਅਤੇ ਕਿਸਾਨੀ ਸੰਕਟ 153-167

3.3 ਸਮਕਾਲੀ ਪੰਜਾਬੀ ਕਵਿਤਾ: ਧਾਰਮਿਕ ਸਰੋਕਾਰ ਅਤੇ ਕਿਸਾਨੀ 167-183

3.4 ਸਮਕਾਲੀ ਪੰਜਾਬੀ ਕਵਿਤਾ: ਇਸਤਰੀਆਂ ਦੀ ਬਦਲਦੀ ਭੂਮਿਕਾ ਅਤੇ ਕਿਸਾਨੀ 183-193

**ਅਧਿਆਇ ਚੌਥਾ:**

**3. ਸਮਕਾਲੀ ਪੰਜਾਬੀ ਕਵਿਤਾ ਵਿਚਲਾ ਕਿਸਾਨੀ ਸੰਕਟ: ਰਾਜਨੀਤਿਕ**

**ਪਰਿਪੇਖ 194-261**

4.1 ਰਾਜ ਅਤੇ ਰਾਜਨੀਤੀ ਸਿਧਾਂਤਕ ਪਰਿਪੇਖ 196-201

4.2 ਸਮਕਾਲੀ ਪੰਜਾਬੀ ਕਵਿਤਾ: ਰਾਜ ਅਤੇ ਰਾਜਨੀਤੀ ਦੀ ਖੇਤੀ ਵਿਚ ਭੂਮਿਕਾ 201-203

4.2.1 ਸਮਕਾਲੀ ਪੰਜਾਬੀ ਕਵਿਤਾ: ਆਜ਼ਾਦੀ ਤੋਂ ਹਰੀ ਕ੍ਰਾਂਤੀ ਤੱਕ ਦੀ ਰਾਜਨੀਤੀ

ਅਤੇ ਕਿਸਾਨੀ ਸੰਕਟ 203-207

4.2.2 ਸਮਕਾਲੀ ਪੰਜਾਬੀ ਕਵਿਤਾ: ਹਰੀ ਕ੍ਰਾਂਤੀ ਤੋਂ ਵਿਸ਼ਵੀਕਰਨ ਤੱਕ ਦੀਆਂ ਰਾਜਸੀ ਨੀਤੀਆਂ ਤੇ ਕਿਸਾਨੀ ਸੰਕਟ 207-214

4.2.3 ਸਮਕਾਲੀ ਪੰਜਾਬੀ ਕਵਿਤਾ: ਵਿਸ਼ਵੀਕਰਨ ਤੋਂ ਸਮਕਾਲ ਤੱਕ ਦਾ ਕਿਸਾਨੀ ਸੰਕਟ 215-225

4.3 ਸਮਕਾਲੀ ਪੰਜਾਬੀ ਕਵਿਤਾ: ਤਿੰਨ ਖੇਤੀ ਬਿੱਲ ਅਤੇ ਕਿਸਾਨੀ ਸੰਕਟ 225-229

4.3.1 ਪਹਿਲਾ ਆਰਡੀਨੈਂਸ 'ਫਾਰਮ ਪ੍ਰੋਡਿਊਸ ਟ੍ਰੇਡ ਐਂਡ ਕਮਰਸ' ਐਕਟ 229-233

4.3.2 ਦੂਜਾ ਆਰਡੀਨੈਂਸ 'ਦਿ ਫਾਰਮਸ ਐਗਰੀਮੈਂਟ ਆਨ ਪ੍ਰਾਈਸ ਅਸ਼ਿਓਰੈਂਸ ਐਂਡ ਫਾਰਮ ਸਰਵਿਸੇਜ਼' ਐਕਟ 233-237

4.3.3 ਤੀਜਾ ਆਰਡੀਨੈਂਸ 'ਦਿ ਈਜ਼ੈਨਸ਼ੀਅਲ ਕੋਮੋਡੀਟੀਜ਼' ਐਕਟ 237-246

4.4 ਸਮਕਾਲੀ ਪੰਜਾਬੀ ਕਵਿਤਾ: ਰਾਜਨੀਤੀ ਪ੍ਰਤੀ ਰੋਹ 246-261

**ਅਧਿਆਇ ਪੰਜਵਾਂ**

**5. ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਆਰਥਿਕ ਪਰਿਪੇਖ 262-301**

5.1 ਆਰਥਿਕ ਸੰਕਟ 263-265

5.2 ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਪਿੱਛੇ ਕਾਰਜਸ਼ੀਲ ਆਰਥਿਕ ਸਰੋਕਾਰ 265-271

5.2.1 ਸਮਕਾਲੀ ਪੰਜਾਬੀ ਕਵਿਤਾ: ਅਵਿਵਸਥਿਤ ਮੰਡੀ ਪ੍ਰਬੰਧ 271-280

5.2.2 ਸਮਕਾਲੀ ਪੰਜਾਬੀ ਕਵਿਤਾ: ਕਿਸਾਨੀ ਕਰਜ਼ 281-289

5.2.3 ਸਮਕਾਲੀ ਪੰਜਾਬੀ ਕਵਿਤਾ: ਕਿਸਾਨ ਖ਼ੁਦਕਸ਼ੀਆਂ 289-295

5.3 ਸਮਕਾਲੀ ਪੰਜਾਬੀ ਕਵਿਤਾ: ਹੜ੍ਹਾਂ ਕਾਰਨ ਉਪਜਿਆ ਕਿਸਾਨੀ ਸੰਕਟ 295-301

**ਸਾਰ ਅਤੇ ਸਥਾਪਨਾਵਾਂ** **302-314**

**ਪੁਸਤਕ ਸੂਚੀ** **315-321**

**ਗ੍ਰਾਫਿਕਲ ਚਾਰਟ** **322-323**

# ਭੂਮਿਕਾ

ਸਾਹਿਤਕ ਕਿਰਤਾਂ ਆਪਣੇ ਸਮੇਂ ਦੀਆਂ ਸਮਾਜਿਕ ਪਰਸਥਿਤੀਆਂ ਦੀ ਤਰਜਮਾਨੀ ਸਹਿਜ ਸੁਭਾਅ ਹੀ ਕਰਦੀਆਂ ਹਨ। ਸਮੇਂ-ਸਮੇਂ ਤੇ ਸਾਹਿਤਕ ਰਚਨਾਵਾਂ ਵਿਚ ਸਮਾਜਿਕ ਸਮੱਸਿਆਵਾਂ ਦਾ ਚਿਤਰਣ ਹੁੰਦਾ ਆਇਆ ਹੈ। ਇਸੇ ਦਿਸ਼ਾ ਵਿਚ ਮੌਜੂਦਾ ਸਮੇਂ ਦਾ ਇਕ ਭਖਦਾ ਮਸਲਾ ਕਿਸਾਨੀ ਸੰਕਟ ਹੈ ਜਿਸ ਨੂੰ ਸਾਹਿਤਕਾਰਾਂ ਨੇ ਨਾਵਲ, ਨਾਟਕ, ਕਹਾਣੀ, ਇਕਾਂਗੀ, ਕਵਿਤਾ ਆਦਿ ਰੂਪਾਂ ਰਾਹੀਂ ਪ੍ਰਗਟਾਇਆ ਹੈ। ਇਸ ਖੋਜ ਪ੍ਰਬੰਧ **ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ** ਇਕ ਅਜਿਹਾ ਉਪਰਾਲਾ ਹੈ ਜਿਸ ਰਾਹੀਂ ਕਿਸਾਨੀ ਦੇ ਸੰਕਟਗ੍ਰਸਤ ਹਾਲਤਾਂ ਤੱਕ ਪਹੁੰਚਣ ਦੇ ਕਾਰਨ, ਕਿਸਾਨੀ ਸੰਕਟ ਨਾਲ ਉਪਜੀਆਂ ਪ੍ਰਸਥਿਤੀਆਂ ਅਤੇ ਉਨ੍ਹਾਂ ਪ੍ਰਸਥਿਤੀਆਂ ਦਾ ਕਿਸਾਨੀ ਜੀਵਨ ਉੱਪਰ ਪੈ ਰਹੇ ਪ੍ਰਭਾਵਾਂ ਦਾ ਅਧਿਐਨ ਕਰਾਂਗੇ। ਮਨੁੱਖ ਇੱਕ ਵਿਵੇਕਸ਼ੀਲ ਪ੍ਰਾਣੀ ਹੈ, ਮਨੁੱਖ ਦੀ ਵਿਵੇਕਸ਼ੀਲਤਾ ਦਾ ਇਹ ਪ੍ਰਮਾਣ ਹੈ ਕਿ ਉਸ ਨੇ ਸਵੈ ਨੂੰ ਜਾਣਨ ਪਛਾਣਨ ਅਤੇ ਮੁੜ ਸਿਰਜਣ ਦੀ ਤਾਂਘ ਵਿੱਚੋਂ ਸਾਹਿਤ ਦੀ ਸਿਰਜਣਾ ਕੀਤੀ। ਪਰ ਇਤਨੀ ਦੂਰ-ਦ੍ਰਿਸ਼ਟੀ ਦਾ ਮਾਲਕ ਹੋਣ ਦੇ ਬਾਵਜੂਦ ਮਨੁੱਖ ਆਪਣਾ ਸਵੈ ਖੁਦ ਨਹੀਂ ਦੇਖ ਸਕਦਾ ਇਹ ਦੇਖਣ ਲਈ ਉਸ ਨੂੰ ਸ਼ੀਸ਼ੇ ਦੀ ਲੋੜ ਪੈਂਦੀ ਹੈ। ਸ਼ਾਇਦ ਇਸੇ ਲਈ ਹੀ ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਜਾਂਦਾ ਹੈ। ਇਹ ਉਹ ਦਰਪਣ ਹੈ ਜਿਸ ਵਿੱਚੋਂ ਮਨੁੱਖ ਆਪਣੀਆਂ ਸਾਂਝਾ ਤੇ ਵਖਰੇਵੇਂ, ਉਤਰਾਅ-ਚੜ੍ਹਾਅ, ਗੁਣ - ਔਗੁਣ, ਦੁਸ਼ਵਾਰੀਆਂ , ਮਜਬੂਰੀਆਂ, ਵਿਸੰਗਤੀਆਂ, ਵਿਡੰਬਨਾਵਾਂ ਗੱਲ ਕੀ ਹਰ ਉਸ ਸ਼ੈਅ ਜਾਂ ਪੱਖ ਨੂੰ ਸਾਹਿਤ ਵਿੱਚੋਂ ਜਾਂ ਕਹਿ ਲਓ ਸਾਹਿਤ ਰੂਪੀ ਸ਼ੀਸ਼ੇ ਵਿੱਚੋਂ ਸਾਹਿਤਕ ਸਿਰਜਣਾ ਦੇ ਰੂਪ ਵਿੱਚ ਦੇਖ ਸਕਦਾ ਹੈ।

ਸਾਹਿਤ, ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਕਲਾਤਮਕ ਪੁੱਠ ਚਾੜ ਕੇ ਸ਼ਬਦਾਂ ਦੇ ਰੂਪ ਵਿੱਚ ਬਿਆਨਦਾ ਹੈ। ਆਮ ਭਾਸ਼ਾ ਨਾਲੋਂ ਇਸ ਦਾ ਵਖਰੇਵਾਂ ਇਹ ਹੈ ਕਿ ਸਾਹਿਤ ਰਚਨਾਤਮਕ ਅਤੇ ਸੁਹਜਾਤਮਕ ਹੁੰਦਾ ਹੈ। ਸੋ ਅਜਿਹੀ ਸ਼ਬਦ ਰੂਪੀ ਕਲਾ,ਜੋ ਰੂਹ ਨੂੰ ਸੁਆਦ ਦੇਵੇ, ਸਾਹਿਤ ਕਿਹਾ ਜਾ ਸਕਦਾ ਹੈ। ਸਾਹਿਤ ਵਿਚ ਅਸੀਂ ਉਨ੍ਹਾਂ ਰਚਨਾ ਨੂੰ ਗਿਣ ਸਕਦੇ ਹਾਂ ਜੋ ਸਰਬੱਤ ਦੇ ਭਲੇ ਦੀ ਗੱਲ ਕਰਦੀਆ ਹੋਣ। ਪੂਰਬ ਅਤੇ

ਪੱਛਮ ਦੇ ਵਿਦਵਾਨਾਂ ਨੇ ਸਾਹਿਤ ਨੂੰ ਵਿਚਾਰਦਿਆਂ ਇਸਦੇ ਤਿੰਨਾਂ ਗੁਣਾਂ ਸੱਤਿਅਮ, ਸ਼ਿਵਮ, ਸੁੰਦਰਮ (The True, The Good, The Beautiful) ਬਾਰੇ ਗੱਲ ਕੀਤੀ ਹੈ। ਸਤਿਅਮ ਤੋਂ ਭਾਵ ਸਾਹਿਤ ਬਨਾਵਟੀਪਣ ਜਾਂ ਕੂੜੇ ਤੋਂ ਪਰਹੇਜ਼ ਕਰਕੇ ਸੱਚ ਦੀ ਗੱਲ ਕਰੇ। ਸ਼ਿਵ ਤੋਂ ਮੁਰਾਦ ਕਲਿਆਣਕਾਰੀ ਜਾਂ ਸਾਰਿਆਂ ਦੇ ਹਿੱਤ ਵਿੱਚ, ਭਾਵ ਸਾਹਿਤ ਸਮਾਜ ਅਤੇ ਜੀਵਨ ਦੇ ਕਲਿਆਣ ਲਈ ਰਚਿਆ ਜਾਵੇ। ਸੁੰਦਰ ਤੋਂ ਭਾਵ ਸੁਹਜ, ਸਾਹਿਤ ਦੇ ਰੂਪ ਵਿਧਾਨ, ਵਿਸ਼ਾ, ਸ਼ੈਲੀ, ਤਕਨੀਕ ਆਦਿ ਤੋਂ ਹੈ। ਸਾਹਿਤ ਦੇ ਤੱਤਾਂ ਵਿੱਚ ਬੁੱਧੀ, ਜਜ਼ਬਾ, ਕਲਪਨਾ ਅਤੇ ਸ਼ੈਲੀ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸਾਹਿਤ ਉੱਚ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਹੋ ਨਿੱਬੜਦਾ ਹੈ।

ਸਾਹਿਤ ਅਤੇ ਸਮਾਜ ਸਹਿ-ਸਬੰਧਤ ਹਨ। ਸਾਹਿਤ ਸਮਾਜ ਵਿੱਚੋਂ ਜਨਮ ਲੈਂਦਾ ਹੈ। ਸਾਹਿਤ ਵਿੱਚ ਸਮਾਜਿਕ ਸਬੰਧਾਂ ਦੀ ਤਸਵੀਰ ਖਿੱਚੀ ਜਾਂਦੀ ਹੈ। ਸਾਹਿਤ ਸਮਾਜ ਤੋਂ ਬਗੈਰ ਹੋਂਦ ਵਿਚ ਨਹੀਂ ਆ ਸਕਦਾ, ਦੂਜੇ ਪਾਸੇ ਸਾਹਿਤ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ। ਸਾਹਿਤ ਸਿਰਜਣ ਲਈ ਭਾਸ਼ਾ ਬੁਨਿਆਦੀ ਜ਼ਰੂਰਤ ਹੈ ਅਤੇ ਭਾਸ਼ਾ ਸਮਾਜ ਬਗੈਰ ਹੋਂਦ ਵਿੱਚ ਨਹੀਂ ਆ ਸਕਦੀ। ਇਸ ਲਈ ਸਾਹਿਤ ਅਤੇ ਸਮਾਜ ਦਾ ਸੰਬੰਧ ਅਨਿੱਖੜਵਾਂ ਹੈ। ਸਾਹਿਤਕਾਰ ਸਾਹਿਤ ਸਿਰਜਣਾ ਲਈ ਵਿਸ਼ਾ ਸਮਾਜ ਤੋਂ ਲੈਂਦਾ ਹੈ। ਸਾਹਿਤ ਸਿਰਜਣਾ ਸਮੇਂ ਸਾਹਿਤਕਾਰ ਜੋ ਦ੍ਰਿਸ਼ਟੀਕੋਣ ਅਪਣਾਉਂਦਾ ਹੈ ਉਹ ਵੀ ਉਹ ਸਮਾਜ ਦੀ ਹੀ ਦੇਣ ਹੁੰਦੀ ਹੈ। ਦੂਜੇ ਪਾਸੇ ਸਾਹਿਤ ਦਾ ਸਮਾਜ ਉੱਪਰ ਪ੍ਰਭਾਵ ਬਹੁਪੱਖੀ ਹੁੰਦਾ ਹੈ। ਸਾਹਿਤ ਸਮਾਜ ਵਿੱਚ ਖਿੰਡਵੇਂ ਪਏ ਵਿਚਾਰਾਂ ਨੂੰ ਸੰਗਠਿਤ ਕਰਕੇ ਪੇਸ਼ ਕਰਦਾ ਹੈ। ਇਸ ਦੇ ਨਾਲ ਹੀ ਸਾਹਿਤ ਸਮਾਜ ਦੇ ਪ੍ਰਵਾਨਿਤ ਵਿਚਾਰਾਂ ਨੂੰ ਪੱਕੇ ਕਰਨ ਦਾ ਕੰਮ ਕਰਦਾ ਹੈ। ਸਾਹਿਤ ਕੇਵਲ ਸਾਹਿਤਕ ਲਹਿਰਾਂ ਹੀ ਨਹੀਂ ਬਲਕਿ ਧਾਰਮਿਕ, ਰਾਜਨੀਤਿਕ, ਸਮਾਜਿਕ ਲਹਿਰਾਂ ਦਾ ਜਨਮਦਾਤਾ ਬਣਨ ਦੀਆਂ ਸੰਭਾਵਨਾਵਾਂ ਵੀ ਰੱਖਦਾ ਹੈ। ਅਜਿਹੀਆਂ ਹੀ ਕੁੱਝ ਸੰਭਾਵਨਾਵਾਂ ਨੂੰ ਆਪਣੇ ਅੰਦਰ ਸਮੋ ਕੇ ਸਮਕਾਲ ਵਿਚ ਪੰਜਾਬੀ ਕਾਵਿ ਜਗਤ ਨੇ ਵਿਸ਼ੇ ਪੱਖੋਂ ਇਕ ਨਵੀਂ ਪੁਲਾਂਘ ਪੱਟੀ ਤੇ ਪੰਜਾਬੀ ਕਾਵਿ ਖੇਤਰ ਵਿਚ ਕਿਸਾਨ ਅਤੇ ਉਸ ਦੀ ਭੂਮਿਕਾ ਨੂੰ ਕੇਂਦਰ ਵਿਚ ਰੱਖ ਕੇ ਕਿਸਾਨੀ ਨੂੰ ਪੇਸ਼ ਆ ਰਹੀਆਂ ਦੁਸ਼ਵਾਰੀਆਂ ਤੇ ਤੰਗੀਆਂ ਨੂੰ ਕਿਸਾਨੀ ਸੰਕਟ ਦੇ ਰੂਪ ਵਿਚ ਖੁੱਲ ਕੇ ਬਿਆਨਿਆ ਜਾਣ ਲੱਗਾ। ਭਾਵੇਂ ਕਿਸਾਨੀ ਸੰਕਟ ਅਤੇ ਇਸ ਦਰਦ ਦਾ ਪ੍ਰਗਟਾਵਾ ਵੱਖ-ਵੱਖ

ਸਮੇਂ ਵਿਚ ਪੰਜਾਬੀ ਕਵੀਆਂ ਦੁਆਰਾ ਕੀਤਾ ਗਿਆ ਪਰੰਤੂ ਇੱਕੀਂਵੀਂ ਸਦੀ ਦੇ ਦੂਜੇ ਦਹਾਕੇ ਤੋਂ ਆਰੰਭ ਹੋ ਕੇ ਤੀਜੇ ਦਹਾਕੇ ਤੱਕ ਇਸ ਕਾਲ ਵਿਚ ਉਪਜੀਆਂ ਪ੍ਰਸਥਿਤੀਆਂ ਜਿਵੇਂ ਪੂੰਜੀਵਾਦ ਦੇ ਨਿਰੰਤਰ ਵਧਦੇ ਗਲਬੇ ਅਤੇ ਕਿਸਾਨ ਅੰਦੋਲਨ ਨੇ ਇਸ ਨੂੰ ਇਕ ਕਾਵਿ ਪ੍ਰਵਿਰਤੀ ਦੇ ਰੂਪ ਵਿਚ ਸਥਾਪਿਤ ਕੀਤਾ।

ਪ੍ਰਸਤਾਵਿਤ ਖੋਜ ਪ੍ਰਬੰਧ **'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸੱਭਿਆਚਾਰਕ ਪਰਿਪੇਖ'** (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿਚ) ਦੀ ਗੱਲ ਕਰੀਏ ਤਾਂ ਕਿਸਾਨੀ ਜੀਵਨ ਨਾਲ ਸੰਬੰਧਿਤ ਤੰਗੀਆਂ ਅਤੇ ਦੁਸ਼ਵਾਰੀਆਂ ਅਤੇ ਇਨ੍ਹਾਂ ਸਥਿਤੀਆਂ ਪਿੱਛੇ ਕਾਰਜਸ਼ੀਲ ਤੱਤਾਂ ਦਾ ਅਧਿਐਨ ਹੈ। ਇਸ ਖੋਜ ਪ੍ਰਬੰਧ ਰਾਹੀਂ ਇਹ ਜਾਨਣ ਦਾ ਯਤਨ ਕੀਤਾ ਗਿਆ ਹੈ ਕਿ ਕਿਸਾਨ ਜੋ ਸਖ਼ਤ ਘਾਲਣਾ ਕਰਦਾ ਹੈ ਤੇ ਆਪਣੇ ਲਈ ਹੀ ਨਹੀਂ ਸਗੋਂ ਸਮਾਜ ਦੀ ਬੁਨਿਆਦੀ ਜ਼ਰੂਰਤ ਅਨਾਜ ਨੂੰ ਪੂਰਾ ਕਰਨ ਵਿਚ ਆਪਣਾ ਅਹਿਮ ਰੋਲ ਨਿਭਾਉਂਦਾ ਹੈ। ਇਸ ਦੇ ਬਾਵਜੂਦ ਉਹ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿਚ ਨਿਰੰਤਰ ਘਿਰਿਆ ਰਹਿੰਦਾ ਹੈ। ਸਮਾਜ ਦੇ ਹੋਰ ਵਰਗਾ ਦੇ ਮੁਕਾਬਲੇ ਆਪਣੇ ਜੀਵਨ ਪੱਧਰ ਨੂੰ ਉੱਪਰ ਨਾ ਚੁੱਕ ਸਕਿਆ। ਸਮਾਜ-ਸਭਿਆਚਾਰਕ ਅਧਿਐਨ ਹੋਣ ਕਾਰਨ ਇਸ ਅਧਿਐਨ ਰਾਹੀਂ ਕਿਸਾਨ ਦੇ ਜੀਵਨ ਨਾਲ ਸੰਬੰਧਿਤ ਸਮਾਜਿਕ, ਸਭਿਆਚਾਰਕ, ਧਾਰਮਿਕ, ਰਾਜਸੀ ਅਤੇ ਆਰਥਿਕ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਕਾਰਨਾਂ ਦੀਆਂ ਜੜ੍ਹਾਂ ਨੂੰ ਲੱਭਿਆ ਜਾ ਸਕੇ। ਸਮਕਾਲੀ ਪੰਜਾਬੀ ਸਾਹਿਤ ਦੇ ਕਾਵਿ ਰੂਪ ਵਿਚ ਇਸ ਸੰਕਟ ਦੀ ਪੇਸ਼ਕਾਰੀ ਲਈ ਕਵੀਆਂ ਦੁਆਰਾ ਪ੍ਰਗਟਾਏ ਗਏ ਦ੍ਰਿਸ਼ਟੀਕੋਣਾਂ ਨੂੰ ਧਰਾਤਲ ਉੱਪਰ ਪਰਖਣ ਦਾ ਯਤਨ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਵੀਆਂ ਦੁਆਰਾ ਇਸ ਵਿਸ਼ੇ ਨੂੰ ਇਕ ਉੱਭਰਦੇ ਹੋਏ ਤਤਕਾਲੀਨ ਵਿਸ਼ੇ ਦੇ ਰੂਪ ਵਿਚ ਇਸ ਪ੍ਰਕਾਰ ਪੇਸ਼ ਕੀਤਾ ਹੈ ਕਿ ਇਸ ਵਿਚੋਂ ਕਿਸਾਨੀ ਸੰਕਟ, ਇਸ ਸੰਕਟ ਪਿੱਛੇ ਕਾਰਜਸ਼ੀਲ ਤੱਤ, ਕਿਸਾਨੀ ਸੰਕਟ ਦੇ ਕਿਸਾਨ ਜੀਵਨ ਉੱਪਰ ਪੈ ਰਹੇ ਪ੍ਰਭਾਵ ਤੇ ਇਸ ਸੰਕਟ ਨਾਲ ਨਜਿੱਠਣ ਲਈ ਇਕ ਚੇਤਨਾ ਰੂਪੀ ਮਸ਼ਾਲ ਸਹਿਜੇ ਹੀ ਉਪਜੀ ਹੈ। ਇਸ ਲਈ ਖੋਜ ਸਮੱਗਰੀ ਨੂੰ ਵਿਵਸਥਿਤ ਕ੍ਰਮ ਵਿਚ ਰੱਖਦਿਆਂ ਹੋਇਆਂ ਇਸ ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡ ਕੇ ਅੱਗੋਂ ਉਪਭਾਗਾਂ ਵਿਚ ਵੰਡਿਆ ਗਿਆ ਹੈ ਤਾਂ ਜੋ ਵਿਸ਼ੇ ਨੂੰ ਗਹਿਰਾਈ ਨਾਲ ਸਮਝਿਆ ਜਾ ਸਕੇ।

ਖੋਜ ਕਾਰਜ ਦੇ ਪਹਿਲੇ ਅਧਿਆਇ **'ਸਿਧਾਂਤਕ ਪਰਿਪੇਖ'** ਵਿਚ ਪੂਰਵ ਹੋ ਚੁੱਕੇ ਖੋਜ ਕਾਰਜਾਂ ਦਾ ਸਰਵੇਖਣ, ਮੁਲਾਂਕਣ ਅਤੇ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਕਿਸਾਨੀ ਸੰਕਟ ਅਤੇ ਸਮਕਾਲੀ ਪੰਜਾਬੀ ਕਵਿਤਾ ਨਾਲ ਸੰਬੰਧਿਤ ਹੋਏ ਪੂਰਵ ਖੋਜ ਕਾਰਜਾਂ ਦਾ ਜਾਇਜ਼ਾ ਲੈਂਦੇ ਹੋਏ ਇਹ ਪ੍ਰਮਾਣਿਤ ਕਰਨ ਦਾ ਇਕ ਸਫਲ ਯਤਨ ਕੀਤਾ ਗਿਆ ਹੈ ਕਿ ਇਹ ਖੋਜ ਕਾਰਜ ਪੂਰੀ ਤਰ੍ਹਾਂ ਨਾਲ ਮੌਲਿਕ ਅਤੇ ਨਿਵੇਕਲਾ ਹੈ। ਇਸ ਮਨੋਰਥ ਦੀ ਪੂਰਤੀ ਲਈ ਵਿਭਿੰਨ ਯੂਨੀਵਰਸਿਟੀਆਂ ਵਿਚ ਕਿਸਾਨੀ ਸੰਕਟ ਨਾਲ ਸੰਬੰਧਿਤ ਹੋਏ ਖੋਜ ਕਾਰਜਾਂ ਦੀਆਂ ਸੂਚੀਆਂ ਦੀ ਪੜਤਾਲ ਕੀਤੀ ਗਈ ਤੇ ਉਨ੍ਹਾਂ ਖੋਜ-ਕਾਰਜਾਂ ਦੀ ਸੂਚੀ ਵੀ ਪੇਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ 'ਸ਼ੋਧਗੰਗਾ' ਅਤੇ ਹੋਰ ਖੋਜ ਨਾਲ ਸੰਬੰਧਿਤ ਸਮੱਗਰੀਆਂ ਦੀਆਂ ਪੜਤਾਲ ਕੀਤੀ ਗਈ ਜਿਨ੍ਹਾਂ ਤੋਂ ਇਹ ਸਪੱਸ਼ਟ ਹੋਇਆ ਕਿ ਇਸ ਵਿਸ਼ੇ ਉੱਪਰ ਪਹਿਲਾਂ ਕੋਈ ਵੀ ਅਜਿਹਾ ਠੋਸ ਕਾਰਜ ਨਹੀਂ ਹੋਇਆ ਹੈ। ਇਸ ਦੇ ਨਾਲ ਹੀ ਇਸ ਭਾਗ ਵਿਚ ਖੋਜ ਕਾਰਜ ਦੇ ਉਦੇਸ਼ਾਂ, ਖੋਜ ਕਾਰਜ ਦੀ ਸਾਰਥਕਤਾ, ਖੋਜ ਕਾਰਜ ਦੀਆਂ ਵਿਧੀਆਂ ਅਤੇ ਖੋਜ ਕਾਰਜ ਦੀਆਂ ਪਹੁੰਚ ਵਿਧੀਆਂ ਦੀ ਚਰਚਾ ਕਰਾਂਗੇ ਤਾਂ ਜੋ ਸਮੁੱਚਾ ਖੋਜ ਪ੍ਰਬੰਧ ਤਾਰਕਿਕ, ਵਿਗਿਆਨਕ ਦ੍ਰਿਸ਼ਟੀਕੋਣ ਨਾਲ ਨੇਪਰੇ ਚੜ੍ਹ ਸਕੇ।

ਇਸ ਤੋਂ ਇਲਾਵਾ ਖੋਜ ਕਾਰਜ ਦਾ ਸੰਬੰਧ ਕਵਿਤਾ ਨਾਲ ਹੋਣ ਕਾਰਨ ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਫਰੋਲਦਿਆਂ ਇਸ ਦੇ ਆਰੰਭ ਤੋਂ ਸਮਕਾਲੀ ਪੰਜਾਬੀ ਕਵਿਤਾ ਤੱਕ ਦੇ ਲੰਮੇ ਪੈਂਡੇ ਬਾਰੇ ਚਰਚਾ ਕਰਾਂਗੇ। ਇਸੇ ਹੀ ਤਰ੍ਹਾਂ ਵਿਸ਼ੇ ਸੰਬੰਧੀ ਡੂੰਘੀ ਜਾਣਕਾਰੀ ਲੈਣ ਲਈ ਭਾਰਤ ਵਿਚ ਖੇਤੀ ਦੇ ਇਤਿਹਾਸ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਸਥਿਤੀਆਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ। ਇਸ ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਸਮਾਜ-ਸਭਿਆਚਾਰਕ ਅਧਿਐਨ ਨੂੰ ਵੀ ਚੰਗੀ ਤਰ੍ਹਾਂ ਨਾਲ ਸਮਝਣ ਲਈ ਸਮਾਜ-ਸਭਿਆਚਾਰਕ ਅਧਿਐਨ ਵਿਧੀ ਦੀ ਸਿਧਾਂਤਕ ਤੌਰ ਤੇ ਚਰਚਾ ਕੀਤੀ ਗਈ ਹੈ। ਇਸ ਅਧਿਆਇ ਵਿਚ ਪਹਿਲੇ ਉਦੇਸ਼ ਦੀ ਪੂਰਤੀ ਕਰਦਿਆਂ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ, ਵਿਕਾਸ ਅਤੇ ਇਸ

ਦੇ ਵਿਭਿੰਨ ਪਸਾਰਾਂ ਨੂੰ ਸਮਝਦਿਆਂ ਹੋਇਆ ਜੀਵਨ ਵਿਕਾਸ ਦੀ ਇਤਿਹਾਸਕ ਪ੍ਰਸੰਗਕਤਾ ਵਿਚ ਕਿਸਾਨ ਦੀ ਭੂਮਿਕਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਦੂਜੇ ਅਧਿਆਇ **'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ : ਸਭਿਆਚਾਰਕ ਪਰਿਪੇਖ'** ਵਿਚ ਕਿਸਾਨੀ ਜੀਵਨ ਦੇ ਸਭਿਆਚਾਰਕ ਪਹਿਲੂਆਂ ਬਾਰੇ ਸਮਕਾਲੀ ਪੰਜਾਬੀ ਕਵਿਤਾ ਦੇ ਆਧਾਰ ਤੇ ਚਰਚਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸੰਕਟਗ੍ਰਸਤ ਹੋ ਰਹੀ ਕਿਸਾਨੀ ਪਿਛਲੇ ਸਭਿਆਚਾਰਕ ਕਾਰਨਾਂ ਦੀ ਪੜਚੋਲ ਕੀਤੀ ਜਾਵੇਗੀ ਕਿ ਕਿਵੇਂ ਸਭਿਆਚਾਰ ਦੇ ਬਦਲਦੇ ਸਰੂਪ ਨੇ ਕਿਸਾਨੀ ਸਮਾਜ ਨੂੰ ਢਾਅ ਲਾਉਣ ਦਾ ਯਤਨ ਕੀਤਾ ਹੈ। ਸਮਕਾਲੀ ਪੰਜਾਬੀ ਕਵਿਤਾ ਰਾਹੀਂ ਕਿਸਾਨਾਂ ਦੀ ਦਸ਼ਾ ਦੇ ਸਭਿਆਚਾਰਕ ਪਿਛੋਕੜ ਬਾਰੇ ਗੱਲ ਕਰਦਿਆਂ ਇਸ ਉੱਪਰ ਵਿਸ਼ਵ ਸਭਿਆਚਾਰ ਦੇ ਪੈ ਰਹੇ ਪ੍ਰਭਾਵਾਂ ਤੇ ਸਭਿਆਚਾਰਕ ਰੀਤੀ-ਰਿਵਾਜਾਂ ਅਤੇ ਰਸਮਾਂ ਦੇ ਬਦਲਦੇ ਸਰੂਪ ਕਾਰਨ ਪੈਦਾ ਹੋਏ ਕਿਸਾਨੀ ਸੰਕਟ ਬਾਰੇ ਚਰਚਾ ਕੀਤੀ ਜਾਵੇਗੀ ਅਤੇ ਇਸ ਉਪਰੰਤ ਇਸ ਅਧਿਆਇ ਵਿਚ ਕਿਸਾਨ ਸੰਕਟ ਦੇ ਪ੍ਰਤੀਕਰਮ ਵਜੋਂ ਉਪਜੇ ਕਿਸਾਨੀ ਅੰਦੋਲਨ ਦੌਰਾਨ ਪੈਦਾ ਹੋਈ ਸਭਿਆਚਾਰਕ ਜਾਗ੍ਰਿਤੀ ਅਤੇ ਸਭਿਆਚਾਰਕ ਸਾਂਝ ਬਾਰੇ ਲਿਖੀ ਗਈ ਕਵਿਤਾ ਨੂੰ ਵੀ ਵਿਚਾਰ ਅਧੀਨ ਰੱਖਿਆ ਜਾਵੇਗਾ ਤਾਂ ਜੋ ਕਿਸਾਨੀ ਸੰਕਟ ਨਾਲ ਸੰਬੰਧਿਤ ਸਭਿਆਚਾਰਕ ਪੱਖਾਂ ਨੂੰ ਵਿਸਥਾਰ ਨਾਲ ਸਮਝਿਆ ਜਾ ਸਕੇ। ਇਸ ਤਰ੍ਹਾਂ ਇਸ ਅਧਿਆਇ ਵਿਚ ਖੋਜ ਪ੍ਰਬੰਧ ਦੇ ਦੂਜੇ ਉਦੇਸ਼ ਸਮਕਾਲੀ ਪੰਜਾਬੀ ਕਵਿਤਾ ਵਿਚ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ, ਤੀਜੇ ਉਦੇਸ਼ ਕਿਸਾਨੀ ਸੰਕਟ ਨਾਲ ਸੰਬੰਧਿਤ ਸਭਿਆਚਾਰਕ ਸਥਿਤੀਆਂ ਦਾ ਅਧਿਐਨ ਅਤੇ ਚੌਥੇ ਉਦੇਸ਼ ਕਿਸਾਨੀ ਸੰਕਟ ਪਿੱਛੇ ਕਾਰਜਸ਼ੀਲ ਤੱਤਾਂ ਦੀ ਪਹਿਚਾਣ, ਦੇ ਰੂਪ ਵਿਚ ਤਿੰਨਾਂ ਉਦੇਸ਼ਾਂ ਦੀ ਪੂਰਤੀ ਨਾਲੋਂ-ਨਾਲ ਹੋਵੇਗੀ।

ਤੀਜੇ ਅਧਿਆਇ **'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜਿਕ ਸਰੋਕਾਰ'** ਵਿਚ ਸਮਾਜਿਕ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਕਿਸਾਨੀ ਸੰਕਟ ਨੂੰ ਗਹਿਰਾ ਕਰਨ ਵਾਲੇ ਤੱਤਾਂ ਦੀ ਪਹਿਚਾਣ ਕੀਤੀ ਜਾਵੇਗੀ। ਇਨ੍ਹਾਂ ਸਮਾਜਿਕ ਕਾਰਨਾਂ ਵਿਚ ਪੰਜਾਬ ਦੀ ਕਿਸਾਨੀ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕਰਨ ਵਾਲੇ ਤੱਤਾਂ ਵਿਚ ਨਸ਼ੇ ਦੀ ਸਮੱਸਿਆ ਬਾਰੇ ਸਮਕਾਲੀ ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਚਰਚਾ ਕੀਤੀ ਜਾਵੇਗੀ

ਹੈ ਜੋ ਵਿਆਪਕ ਤੌਰ ਤੇ ਪੰਜਾਬੀ ਦੀ ਜਵਾਨੀ ਤੇ ਪੰਜਾਬ ਦੀ ਕਿਸਾਨੀ ਦਾ ਨੁਕਸਾਨ ਕਰ ਰਹੀ ਹੈ। ਇਸੇ ਤਰ੍ਹਾਂ ਸਮਕਾਲੀ ਕਵਿਤਾ ਰਾਹੀਂ ਪੰਜਾਬੀ ਸਮਾਜ ਵਿਚ ਦਿਨੋ-ਦਿਨ ਵਧਦੇ ਪਰਵਾਸ ਦੇ ਰੁਝਾਨ ਦੁਆਰਾ ਪੈਦਾ ਹੋਏ ਕਿਸਾਨੀ ਸੰਕਟ ਨੂੰ ਵਿਸਥਾਰ ਨਾਲ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਧਰਮ ਦੇ ਅਰਥਾਂ ਬਾਰੇ ਗੱਲ ਕਰਦਿਆਂ ਕਿਸਾਨੀ ਸਮਾਜ ਦੇ ਸੰਕਟਗ੍ਰਸਤ ਹੋਣ ਪਿੱਛੇ ਸਮਾਜ ਵਿਚ ਧਰਮ ਦੀ ਭੂਮਿਕਾ ਉੱਪਰ ਵੀ ਪ੍ਰਸ਼ਨ-ਚਿੰਨ੍ਹ ਲਗਾਇਆ ਗਿਆ ਹੈ। ਇਸ ਬਾਰੇ ਵੀ ਚਰਚਾ ਕੀਤੀ ਜਾਵੇਗੀ ਕਿ ਕਿਵੇਂ ਪੰਜਾਬ ਵਿਚਲਾ ਧਰਮ ਆਪਣੇ ਮੂਲ ਉਦੇਸ਼ਾਂ ਨੂੰ ਛੱਡ ਕੇ ਨਿਮਨ ਕਿਸਾਨੀ ਤੇ ਮਜ਼ਦੂਰ ਵਰਗ ਦੀ ਲੁੱਟ-ਖਸੁੱਟ ਦਾ ਸਾਧਨ ਬਣਦਾ ਜਾ ਰਿਹਾ ਹੈ। ਦੂਜੇ ਅਧਿਆਇ ਦੀ ਤਰਾਂ ਇਸ ਅਧਿਆਇ ਵਿਚ ਖੋਜ ਪ੍ਰਬੰਧ ਦੇ ਦੂਜੇ ਉਦੇਸ਼ ਸਮਕਾਲੀ ਪੰਜਾਬੀ ਕਵਿਤਾ ਵਿਚ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ, ਤੀਜੇ ਉਦੇਸ਼ ਕਿਸਾਨੀ ਸੰਕਟ ਨਾਲ ਸੰਬੰਧਿਤ ਸਮਾਜਿਕ ਅਤੇ ਧਾਰਮਿਕ ਸਥਿਤੀਆਂ ਦਾ ਅਧਿਐਨ ਅਤੇ ਚੌਥੇ ਉਦੇਸ਼ ਕਿਸਾਨੀ ਸੰਕਟ ਪਿੱਛੇ ਕਾਰਜਸ਼ੀਲ ਤੱਤਾਂ ਦੀ ਪਹਿਚਾਣ ਕਰਨ, ਦੇ ਰੂਪ ਵਿਚ ਤਿੰਨਾਂ ਉਦੇਸ਼ਾਂ ਦੀ ਪੂਰਤੀ ਨਾਲੋਂ-ਨਾਲ ਕਰਨ ਦਾ ਯਤਨ ਕੀਤਾ ਜਾਵੇਗਾ।

ਖੋਜ ਕਾਰਜ ਦੇ ਚੌਥੇ ਅਧਿਆਇ **'ਸਮਕਾਲੀ ਪੰਜਾਬੀ ਕਵਿਤਾ ਵਿਚਲਾ ਕਿਸਾਨੀ ਸੰਕਟ: ਰਾਜਨੀਤਿਕ ਸੰਦਰਭ'** ਕਿਸਾਨੀ ਸੰਕਟ ਪਿੱਛੇ ਰਾਜਸੀ ਭੂਮਿਕਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਰਾਜਨੀਤੀ ਇਕ ਅਜਿਹੀ ਵਿਵਸਥਾ ਜੋ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਆਕਾਰ ਦਿੰਦੀ ਹੈ। ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਰਾਜ ਅਤੇ ਰਾਜਨੀਤੀ ਦੇ ਅਰਥਾਂ ਬਾਰੇ ਗੱਲ ਕੀਤੀ ਜਾਵੇਗੀ। ਇਸ ਉਪਰੰਤ ਖੇਤੀ ਪ੍ਰਤੀ ਭਾਰਤ ਵਿਚਲੀਆਂ ਨੀਤੀਆਂ ਦਾ ਜ਼ਿਕਰ ਕਰਦਿਆਂ ਆਜ਼ਾਦ ਭਾਰਤ ਤੋਂ ਹਰੀ ਕ੍ਰਾਂਤੀ ਤੱਕ ਦੇ ਸਮੇਂ, ਹਰੀ ਕ੍ਰਾਂਤੀ ਤੋਂ ਵਿਸ਼ਵੀਕਰਨ ਦੀ ਸ਼ੁਰੂਆਤ ਅਤੇ ਵਿਸ਼ਵੀਕਰਨ ਤੋਂ ਤਿੰਨ ਖੇਤੀ ਬਿੱਲਾਂ ਤੱਕ ਦੀਆਂ ਰਾਜਸੀ ਨੀਤੀਆਂ ਦਾ ਉਲੇਖ ਕਰਦਿਆਂ ਸਮਕਾਲੀ ਪੰਜਾਬੀ ਕਵਿਤਾ ਵਿਚ ਇਨ੍ਹਾਂ ਨੀਤੀਆਂ ਦਾ ਪੰਜਾਬ ਦੀ ਕਿਸਾਨੀ ਤੇ ਪਏ ਪ੍ਰਭਾਵਾਂ ਨੂੰ ਵਿਚਾਰਿਆ ਜਾਵੇਗਾ। ਇਸ ਤੋਂ ਇਲਾਵਾ ਤਿੰਨ ਖੇਤੀ ਕਾਨੂੰਨਾਂ ਦੇ ਲਾਗੂ ਹੋਣ ਤੋਂ ਰੱਦ ਹੋਣ ਤੱਕ ਦੇ ਸਮੇਂ ਦੌਰਾਨ ਰਾਜਸੀ ਭੂਮਿਕਾ, ਕਿਸਾਨ ਅੰਦੋਲਨ ਅਤੇ ਰਾਜਨੀਤਿਕ

ਚੇਤਨਾ ਪ੍ਰਤੀ ਪੰਜਾਬੀ ਕਵੀਆਂ ਦੇ ਦ੍ਰਿਸ਼ਟੀਕੋਣਾਂ ਬਾਰੇ ਸਮਕਾਲੀ ਪੰਜਾਬੀ ਕਵਿਤਾ ਦੇ ਆਧਾਰ ਤੇ ਚਰਚਾ ਕੀਤੀ ਜਾਵੇਗੀ। ਇਸ ਅਧਿਆਇ ਵਿਚ ਵੀ ਖੋਜ ਪ੍ਰਬੰਧ ਦੇ ਦੂਜੇ ਉਦੇਸ਼ ਸਮਕਾਲੀ ਪੰਜਾਬੀ ਕਵਿਤਾ ਵਿਚ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ, ਤੀਜੇ ਉਦੇਸ਼ ਕਿਸਾਨੀ ਸੰਕਟ ਨਾਲ ਸੰਬੰਧਿਤ ਰਾਜਨੀਤਿਕ ਸਥਿਤੀਆਂ ਦਾ ਅਧਿਐਨ ਅਤੇ ਚੌਥੇ ਉਦੇਸ਼ ਕਿਸਾਨੀ ਸੰਕਟ ਪਿੱਛੇ ਕਾਰਜਸ਼ੀਲ ਤੱਤਾਂ ਦੀ ਪਹਿਚਾਣ ਕਰਨ, ਦੇ ਰੂਪ ਵਿਚ ਤਿੰਨਾਂ ਉਦੇਸ਼ਾਂ ਦੀ ਪੂਰਤੀ ਕੀਤੀ ਗਈ ਹੈ।

ਪੰਜਵੇਂ ਅਧਿਆਇ **'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਆਰਥਿਕ ਸਰੋਕਾਰ'** ਵਿਚ ਕਿਸਾਨੀ ਸੰਕਟ ਨਾਲ ਸੰਬੰਧਿਤ ਆਰਥਿਕ ਕਾਰਨਾਂ ਬਾਰੇ ਚਰਚਾ ਕੀਤੀ ਜਾਵੇਗੀ। ਇਸ ਅਧਿਆਇ ਵਿਚ ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਦੀ ਨਿਸ਼ਾਨਦੇਹੀ ਕਰਦਿਆਂ ਸਭ ਤੋਂ ਪਹਿਲਾਂ ਆਰਥਿਕਤਾ ਦੇ ਅਰਥਾਂ ਨੂੰ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਇਸ ਤੋਂ ਬਾਅਦ ਆਰਥਿਕ ਕਾਰਨਾਂ ਦੀ ਪੜਚੋਲ ਕਰਦਿਆਂ ਕਿਸਾਨ ਸੰਕਟ ਵਿਚ ਕਰਜ਼ ਦੀ ਸਮੱਸਿਆ ਨੂੰ ਸਮਝਦਿਆਂ ਇਸ ਬਾਰੇ ਚਰਚਾ ਕੀਤੀ ਜਾਵੇਗੀ। ਪੂੰਜੀਵਾਦ ਦੇ ਨਿਰੰਤਰ ਵਧਦੇ ਪ੍ਰਭਾਵ ਅੱਗੇ ਕਿਸਾਨਾਂ ਦੇ ਦਿਨੋ-ਦਿਨ ਡਿੱਗਦੇ ਆਰਥਿਕ ਪੱਧਰ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਜਾਵੇਗਾ।

ਇਸ ਅਧਿਆਇ ਵਿਚ ਵੀ ਖੋਜ ਪ੍ਰਬੰਧ ਦੇ ਦੂਜੇ ਉਦੇਸ਼ ਸਮਕਾਲੀ ਪੰਜਾਬੀ ਕਵਿਤਾ ਵਿਚ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ, ਤੀਜੇ ਉਦੇਸ਼ ਕਿਸਾਨੀ ਸੰਕਟ ਨਾਲ ਸੰਬੰਧਿਤ ਆਰਥਿਕ ਸਥਿਤੀਆਂ ਦਾ ਅਧਿਐਨ ਅਤੇ ਚੌਥੇ ਉਦੇਸ਼ ਕਿਸਾਨੀ ਸੰਕਟ ਪਿੱਛੇ ਕਾਰਜਸ਼ੀਲ ਤੱਤਾਂ ਦੀ ਪਹਿਚਾਣ ਕਰਨ, ਦੇ ਰੂਪ ਵਿਚ ਤਿੰਨਾਂ ਉਦੇਸ਼ਾਂ ਦੀ ਪੂਰਤੀ ਕੀਤੀ ਗਈ ਹੈ।

ਅੰਤ ਵਿਚ ਸਮੁੱਚੇ ਕਾਰਜ ਵਿਚਲੀ ਚਰਚਾ ਦਾ ਸਾਰ ਅਤੇ ਸਥਾਪਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਭਾਗ ਵਿਚ ਖੋਜ ਪ੍ਰਬੰਧ ਦੇ ਅੰਤਿਮ ਉਦੇਸ਼ ਕਿਸਾਨੀ ਸੰਕਟ ਨਾਲ ਪੈਦਾ ਹੋਈ ਕਾਵਿ ਚੇਤਨਾ ਦਾ ਪਰਵਿਰਤੀ ਮੂਲਕ ਅਧਿਐਨ ਕਰਨਾ, ਦੀ ਵੀ ਪੂਰਤੀ ਕੀਤੀ ਜਾਵੇਗੀ। ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਦੇ ਕਾਰਨਾਂ ਦੇ ਵਿਸ਼ਲੇਸ਼ਣ ਤੇ ਮੁਲਾਂਕਣ ਨੂੰ ਪੇਸ਼ ਕਰਦਿਆਂ ਇਸ ਦੇ ਕਿਸਾਨੀ ਸਮਾਜ ਤੇ ਪ੍ਰਭਾਵਾਂ ਰਾਹੀਂ ਇਸ ਖੋਜ

ਕਾਰਜ ਦੀ ਸਾਰਥਕਤਾ ਦਾ ਬਿਓਰਾ ਪੇਸ਼ ਕੀਤਾ ਗਿਆ ਹੈ। ਖੋਜ ਪ੍ਰਬੰਧ ਦੇ ਅੰਤਿਮ ਹਿੱਸੇ ਵਿਚ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਿਨ੍ਹਾਂ ਪੁਸਤਕਾਂ ਤੇ ਹੋਰ ਸਾਧਨਾਂ ਦੀ ਸਹਾਇਤਾ ਲਈ ਗਈ ਹੈ ਉਨ੍ਹਾਂ ਨੂੰ ਪੁਸਤਕ ਸੂਚੀ ਵਿਚ ਅੰਕਿਤ ਕੀਤਾ ਗਿਆ ਹੈ।

ਇਸ ਖੋਜ ਕਾਰਜ ਵਿਚ ਹੇਠ ਲਿਖੀਆਂ ਸਮਕਾਲੀ ਪੰਜਾਬੀ ਕਵਿਤਾਵਾਂ ਦੀਆਂ ਪੁਸਤਕਾਂ ਨੂੰ ਵਿਚਾਰਿਆ ਗਿਆ ਹੈ ਤੇ ਇਨ੍ਹਾਂ ਦੇ ਆਧਾਰ ਤੇ ਖੋਜ ਪ੍ਰਬੰਧ ਨੂੰ ਮੁਕੰਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੋਰ ਸਹਾਇਕ ਸਮੱਗਰੀ ਦੇ ਤੌਰ ਤੇ ਵਰਤੀਆਂ ਗਈਆਂ ਪੁਸਤਕਾਂ, ਮੈਗਜ਼ੀਨਾਂ ਤੇ ਹੋਰ ਖੋਜ ਪੇਪਰਾਂ ਦਾ ਬਿਓਰਾ ਪੁਸਤਕ ਸੂਚੀ ਵਿਚ ਦਿੱਤਾ ਗਿਆ ਹੈ।

| ਕਾਵਿ ਪੁਸਤਕਾਂ ਦੀ ਸੂਚੀ | ਲੇਖਕ ਜਾਂ ਸੰਪਾਦਕ ਦਾ ਨਾਂ |
|---|---|
| 1. ਖੇਤਾਂ ਦਾ ਸਫ਼ਰ | ਸੁਰਿੰਦਰ ਗੀਤ |
| 2. ਮਿੱਟੀ ਦੇ ਵਣਜਾਰੇ | ਅਰਤਿੰਦਰ ਸੰਧੂ ਅਤੇ ਡਾ ਮੋਹਨ ਸਿੰਘ ਤਿਆਗੀ |
| 3. ਮਿੱਟੀ ਦੇ ਬੋਲ | ਨਿਰਮਲ ਕੌਰ ਕੋਟਲਾ |
| 4. ਜੱਦੋ-ਜਹਿਦ | ਉਂਕਾਰ ਸਿੰਘ ਤੇਜੇ |
| 5. ਸਿਰਜਣਾ ਦੇ ਸਿਆੜ | ਸਿਰਜਣਾ ਕੇਂਦਰ ਕਪੂਰਥਲਾ |
| 6. ਕਿਰਸਾਨਾਂ ਦੇ ਦੁੱਖੜੇ ਤੇ ਹੋਰ ਕਵਿਤਾਵਾਂ | ਸੀਤਲ |
| 7. ਹੰਭਲਾ ਮਾਰ ਕਿਸਾਨਾ | ਹਰਦਿਆਲ ਸਿੰਘ ਚੀਮਾ |
| 8. ਕਿਰਸਾਨ ਕੂਚ | ਸੁਰਜੀਤ ਜੱਜ |
| 9. ਖੇਤਾਂ ਦਾ ਰਾਜਾ | ਆਤਮਾ ਸਿੰਘ ਚਿੱਟੀ |
| 10. ਕਿਸਾਨ ਮਜ਼ਦੂਰ ਅੰਦੋਲਨ ਦੀ ਗਾਥਾ: ਭਾਰਤ ਅਤੇ ਦਿੱਲੀ | ਮਾਸਟਰ ਦੇਸ ਰਾਜ ਛਾਜਲੀ |
| 11. ਇੱਕ ਹੋਰ ਮਹਾਂਭਾਰਤ | ਮੋਹਨ ਗਿੱਲ |

| | |
|---|---|
| 12. ਹੂਕ ਪੰਜਾਬ ਦੀ | ਸੁੱਖਵਿੰਦਰ ਸਿੰਘ ਬੋਦਲਾਂਵਾਲਾ |
| 13. ਖੇਤਾਂ ਦੇ ਪੁੱਤ ਜਾਗ ਪਏ | ਰਜਿੰਦਰ ਸਿੰਘ ਰਾਜਨ |
| 14. ਹੈ ਅਜੇ ਹਨੇਰਾ | ਰਾਮ ਸਿੰਘ ਹਠੂਰ |
| 15. ਕਵਿਤਾ ਸਿਰਫ਼ ਕਵਿਤਾ ਨਹੀਂ | ਕਮਲਦੀਪ ਜਲੂਰ |
| 16. ਕਿਸਾਨੀ ਇਬਾਰਤ | ਦਿਓਲ ਪਰਮਜੀਤ |
| 17. ਸਿਆੜ | ਸੁਰਿੰਦਰ ਸਿੰਘ ਸਿੱਧੂ |
| 18. ਚੁੱਪ ਨਾ ਰਿਹਾ ਕਰ | ਹਰਪ੍ਰੀਤ ਕੌਰ ਸੰਧੂ |
| ਆਨਲਾਇਨ ਪ੍ਰਾਪਤ ਕਵਿਤਾਵਾਂ | ਵੈੱਬਸਾਈਟ |
| 19. ਧਰਤਿ ਵੰਗਾਰੇ ਤਖਤਿ ਨੂੰ ਭਾਗ 1 ਤੋਂ 13 | Punjabi-kavita.com |
| 20.ਵਰਲਡ ਪੰਜਾਬੀ ਟਾਇਮਜ਼ (ਈ ਪੇਪਰ) | Worldpunjabitimes.com |
| 21. ਪੰਜਾਬੀ ਸੱਥ | 5abi.com |
| 22. ਲਿਖਾਰੀ | Likhari.net |

ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਜੀਵਨ ਵਿਕਾਸ ਦੀ ਪ੍ਰਕਿਰਿਆ ਵਿਚ ਕਿਸਾਨ ਦੀ ਭੂਮਿਕਾ ਨੂੰ ਸਮਝਣ ਦਾ ਯਤਨ ਕਰਨਾ ਹੈ। ਇਹ ਖੋਜ ਪ੍ਰਬੰਧ ਮੁੱਖ ਤੌਰ ਤੇ ਦੋ ਨੁਕਤਿਆਂ ਉੱਪਰ ਕੇਂਦਰਿਤ ਹੈ, ਪਹਿਲਾ ਕਿਸਾਨੀ ਸੰਕਟ ਦੇ ਕਾਰਨਾਂ ਦਾ ਵਿਸ਼ਲੇਸ਼ਣ ਅਤੇ ਦੂਜਾ ਕਿਸਾਨੀ ਸੰਕਟ ਨਾਲ ਪੈਦਾ ਹੋਈਆਂ ਸਥਿਤੀਆਂ ਦਾ ਕਿਸਾਨੀ ਜੀਵਨ ਤੇ ਪੈ ਰਹੇ ਪ੍ਰਭਾਵ ਨੂੰ ਸਮਝਣਾ। ਸਾਹਿਤ ਦੀ ਕਾਵਿ ਵਿਧਾ ਨਾਲ ਜੁੜਿਆ ਇਹ ਖੋਜ ਕਾਰਜ ਖੋਜ ਖੇਤਰ ਦਾ ਇਕ ਮਜ਼ਬੂਤ ਪੜਾਅ ਸਾਬਿਤ ਹੋਵੇਗਾ ਜੋ ਆਪਣੇ ਅੰਦਰ ਭਵਿੱਖ ਦੀਆਂ ਹੋਰ ਖੋਜ ਸੰਭਾਵਨਾਵਾਂ ਨੂੰ ਸਮੋਈ ਰੱਖਦਾ ਹੈ।

ਸੋ ਮੈਂ ਅੰਤ ਵਿਚ ਇਸ ਖੋਜ ਕਾਰਜ ਦੇ ਸੰਪੂਰਨ ਹੋਣ ਤੇ ਉਸ ਅਕਾਲ ਪੁਰਖ ਵਾਹਿਗੁਰੂ ਜੀ ਦਾ ਤਹਿ ਦਿਲੋਂ ਸ਼ੁਕਰਾਨਾ ਕਰਦਾ ਹਾਂ ਜਿਨ੍ਹਾਂ ਮੇਰੇ ਉੱਪਰ ਅਸੀਮ ਕਿਰਪਾ ਬਖ਼ਸ਼ੀ ਤੇ ਮੈਨੂੰ ਇਸ ਖੋਜ ਕਾਰਜ ਨੂੰ ਸੰਪੂਰਨ

ਕਰਨ ਦਾ ਬਲ ਤੇ ਉੱਦਮ ਬਖ਼ਸ਼ਿਆ ਤੇ ਮੈਂ ਨਿਰਵਿਘਨਤਾ ਸਹਿਤ ਇਸ ਖੋਜ ਕਾਰਜ ਨੂੰ ਪੂਰਾ ਕਰ ਸਕਿਆ। ਉਸ ਅਕਾਲ ਪੁਰਖ ਦੇ ਸ਼ੁਕਰਾਨੇ ਤੋਂ ਬਾਅਦ ਮੈਂ ਸ਼ੁਕਰਗੁਜ਼ਾਰ ਹਾਂ ਮੇਰੇ ਸਤਿਕਾਰਯੋਗ ਨਿਗਰਾਨ ਸਾਹਿਬ ਡਾ. ਹਰਪ੍ਰੀਤ ਸਿੰਘ ਜੀ, ਐਸੋਸੀਏਟ ਪ੍ਰੋਫੈਸਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ, ਦਾ ਜਿਨ੍ਹਾਂ ਦੇ ਮਾਰਗ ਦਰਸ਼ਨ ਤੇ ਯੋਗ ਅਗਵਾਈ ਤੋਂ ਬਿਨਾਂ ਮੈਂ ਇਸ ਖੋਜ ਪ੍ਰਬੰਧ ਨੂੰ ਪੂਰਾ ਕਰਨ ਦੀ ਕਲਪਨਾ ਵੀ ਨਹੀਂ ਕਰ ਸਕਦਾ। ਜਿਨ੍ਹਾਂ ਹਰ ਨੁਕਤੇ ਨੂੰ ਬਾਰੀਕੀ ਨਾਲ ਦੇਖਦੇ ਹੋਏ ਆਪਣੀ ਛੋਹ ਨਾਲ ਪਰਿਪੱਕਤਾ ਬਖਸ਼ੀ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਸਤਿਕਾਰਯੋਗ ਡਾ. ਪਵਿੱਤਰ ਪ੍ਰਕਾਸ਼ ਜੀ Dean & HOS School of liberal and Creative Arts (Social sciences and Languages) ਦਾ ਜਿਨ੍ਹਾਂ ਦੀ ਯੋਗ ਅਗਵਾਈ ਅਤੇ ਛਤਰ ਛਾਇਆ ਹੇਠ ਇਹ ਕਾਰਜ ਸੰਪੂਰਨ ਹੋਇਆ। ਮੈਂ ਧੰਨਵਾਦੀ ਹਾਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ ਜੀ, ਡਾ. ਸਤਵੰਤ ਸਿੰਘ ਜੀ, ਡਾ. ਸੋਨਾ ਜੀ ਤੇ ਸਮੂਹ ਪੰਜਾਬੀ ਵਿਭਾਗ ਦਾ ਜਿਨ੍ਹਾਂ ਆਪਣੀਆਂ ਮੁੱਲਵਾਨ ਸੇਧਾਂ ਨਾਲ ਇਸ ਕਾਰਜ ਨੂੰ ਹੋਰ ਪਕਿਆਈ ਬਖਸ਼ੀ।

ਮੈਂ ਸ਼ੁਕਰਗੁਜਾਰ ਹਾਂ ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਤੇ ਸਾਰੇ ਅਧਿਆਪਕ ਸਾਥੀਆਂ ਵਿਸ਼ੇਸ਼ਕਰ ਸੁਨੀਲ ਕੁਮਾਰ, ਰਵੀ ਇੰਦਰ, ਜਤਿੰਦਰ, ਰਮਨ ਅਤੇ ਤਜਿੰਦਰ ਜੀ ਦਾ ਜਿਨ੍ਹਾਂ ਸਮੇਂ-ਸਮੇਂ ਤੇ ਮੈਨੂੰ ਸਹਿਯੋਗ ਤੇ ਹੱਲਾਸ਼ੇਰੀ ਦਿੱਤੀ। ਮੈਂ ਧੰਨਵਾਦੀ ਹਾਂ ਸ. ਹਰਮੀਤ ਸਿੰਘ ਅਟਵਾਲ ਲੈਕਚਰਾਰ ਪੰਜਾਬੀ, ਡਾ. ਓਮਿੰਦਰ ਸਿੰਘ ਜੌਹਲ ਮੁਖੀ ਪੰਜਾਬੀ ਵਿਭਾਗ ਦੋਆਬਾ ਕਾਲਜ ਜਲੰਧਰ, ਡਾ ਵਰਿੰਦਰ ਕੌਰ ਜੀ ਪ੍ਰਿੰਸੀਪਲ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਸੂਹਾ, ਐਡਵੋਕੇਟ ਤੇ ਸਾਹਿਤਕਾਰ ਮੋਹਣ ਲਾਲ ਫਿਲੌਰੀਆ ਜੀ ਤੇ ਡਾ. ਸਤਵਿੰਦਰ ਕੌਰ ਕੇ.ਵੀ.ਏ. ਡੀ.ਏ.ਵੀ. ਕਾਲਜ ਫਾਰ ਵੀਮੈਨ ਕਰਨਾਲ ਦਾ ਜਿਨ੍ਹਾਂ ਦੀ ਪ੍ਰੇਰਨਾ, ਸਹਿਯੋਗ ਤੇ ਸਾਥ ਨਾਲ ਮੈਂ ਸਫਲਤਾ ਸਹਿਤ ਇਸ ਰਾਹੇ ਤੁਰਿਆ।

ਮੈਂ ਆਪਣੇ ਪਿਤਾ ਸ. ਤਰਸੇਮ ਸਿੰਘ ਅਤੇ ਮਾਤਾ ਨਰਿੰਦਰ ਕੌਰ ਜੀ ਦੇ ਸਿਰੜ ਨੂੰ ਸਲਾਮ ਕਰਦਾ ਹੋਇਆ ਸ਼ਬਦਾਂ ਵਿਚ ਆਪਣੇ ਭਾਵ ਜਤਾਉਣ ਵਿਚ ਅਸਮਰਥ ਹਾਂ, ਜਿਨ੍ਹਾਂ ਮੈਨੂੰ ਇਸ ਕਾਰਜ ਨੂੰ ਕਰਨ ਦੇ ਯੋਗ ਬਣਾਇਆ। ਪਰਿਵਾਰਕ ਸਹਿਯੋਗ ਦੇ ਬਿਨਾਂ ਅਜਿਹੇ ਕਾਰਜ ਨੂੰ ਨੇਪਰੇ ਚਾੜ੍ਹਨਾ ਮੇਰੇ ਲਈ ਅਸੰਭਵ ਹੁੰਦਾ। ਇਸ ਲਈ ਮੈਂ ਸ਼ੁਕਰਗੁਜ਼ਾਰ ਹਾਂ ਆਪਣੀ ਜੀਵਨ ਸਾਥਣ ਅਮਨਪ੍ਰੀਤ ਕੌਰ ਦਾ ਜਿਸ ਨੇ ਪਰਿਵਾਰਕ ਜ਼ਿੰਮੇਵਾਰੀਆਂ ਦਾ ਭਾਰ ਆਪਣੇ ਸਿਰ ਚੁੱਕ ਕੇ ਮੈਨੂੰ ਇਸ ਕਾਰਜ ਲਈ ਵਿਹਲ ਦਿੱਤੀ। ਮੈਂ ਆਪਣੀ ਵੱਡੀ ਧੀ ਆਇਤਪ੍ਰੀਤ ਕੌਰ ਅਤੇ ਛੋਟੀ ਧੀ ਨਿਮਰਪ੍ਰੀਤ ਕੌਰ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਬਾਲ ਉਮਰ ਵਿਚ ਵੀ ਸੁਹਜਤਾ ਦਿਖਾਉਂਦਿਆ ਮੇਰੇ ਕੰਮ ਵਿਚ ਕਦੇ ਵਿਘਨ ਨਾ ਪਾਇਆ। ਮੈਂ ਆਪਣੇ ਭੈਣ-ਭਰਾਵਾਂ, ਸਕੇ-ਸੰਬੰਧਆਂ, ਸੌਹਰੇ ਪਰਿਵਾਰ, ਦੋਸਤਾਂ-ਸਾਥੀਆਂ ਤੇ ਸਾਰੇ ਸ਼ੁੱਭ-ਚਿੰਤਕਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਹਮੇਸ਼ਾ ਮੇਰੇ ਕੰਮਾਂ ਨੂੰ ਵਡਿਆ ਕਿ ਮੈਨੂੰ ਉਤਸ਼ਾਹਿਤ ਕੀਤਾ। ਅੰਤ ਆਪਣੇ ਸਵਰਗਵਾਸੀ ਦਾਦਾ-ਦਾਦੀ ਜੀ ਦੀਆਂ ਅਸੀਸਾਂ ਮਾਣਦਿਆਂ ਮੈਂ ਇਸ ਖੋਜ ਕਾਰਜ ਨੂੰ ਕਿਸਾਨ ਅੰਦੋਲਨ ਦੇ ਸੰਘਰਸ਼ੀ ਯੋਧਿਆਂ ਨੂੰ ਸਮਰਪਿਤ ਕਰਦਾ ਹਾਂ।

# ਸਿਧਾਂਤਕ ਪਰਿਪੇਖ

ਪ੍ਰਸਤੁਤ ਖੋਜ-ਕਾਰਜ '**ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ)** ਸਮਕਾਲੀ ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਕਿਸਾਨੀ ਸੰਕਟ ਦੇ ਗਹਿਨ ਅਧਿਐਨ ਦਾ ਉਪਰਾਲਾ ਹੈ। ਖੇਤੀ ਜਾਂ ਕਿਸਾਨੀ ਕਿਸੇ ਵੀ ਸਮਾਜ ਜਾਂ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਜਿਸ ਤੋਂ ਬਿਨਾਂ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਭਾਰਤ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੀ 58% ਵਸੋਂ ਨਿਰੋਲ ਰੂਪ ਵਿੱਚ ਖੇਤੀ ਉੱਪਰ ਨਿਰਭਰ ਕਰਦੀ ਹੈ। ਪੰਜਾਬ ਭਾਰਤ ਦੇ ਖੇਤੀ ਕਰਨ ਵਾਲੇ ਸੂਬਿਆਂ ਵਿੱਚੋਂ ਮੋਹਰੀ ਸੂਬਾ ਹੈ। ਸੁਭਾਵਿਕ ਹੀ ਖੇਤੀ ਜਾਂ ਕਿਸਾਨੀ ਦਾ ਪ੍ਰਭਾਵ ਪੰਜਾਬ ਤੇ ਪੰਜਾਬੀਆਂ ਦੇ ਆਮ ਜਨਜੀਵਨ, ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਤੇ ਸਾਹਿਤਕ ਜੀਵਨ ਉੱਪਰ ਵੀ ਪਿਆ ਹੈ। ਇਸ ਖੋਜ-ਪ੍ਰਬੰਧ ਰਾਹੀਂ ਕਿਸਾਨੀ ਜੀਵਨ, ਕਿਸਾਨੀ ਜੀਵਨ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਦੇ ਉਪਰਾਲਿਆਂ ਆਦਿ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ।

ਖੋਜ ਕਾਰਜ ਦਾ ਪਹਿਲਾ ਅਧਿਆਇ ਉਨ੍ਹਾਂ ਅਧਿਐਨ ਬਿੰਦੂਆਂ ਤੇ ਟਿਕਿਆ ਹੈ ਜਿਨ੍ਹਾਂ ਦੇ ਅਧਿਐਨ ਦੇ ਨਾਲ ਅਸੀਂ ਸਿਧਾਂਤਕ ਪੱਖਾਂ ਦੀ ਜਾਣਕਾਰੀ ਲੈ ਕੇ ਖੋਜ ਕਾਰਜ ਦੇ ਵਿਵਹਾਰਕ ਕਾਰਜਾਂ ਨੂੰ ਕਰ ਸਕਣ ਦੇ ਸਮਰੱਥ ਹੋਵਾਂਗੇ। ਖੋਜ ਕਾਰਜ ਦੇ ਪਹਿਲੇ ਅਧਿਆਇ ਵਿੱਚ ਪੂਰਵ ਹੋ ਚੁੱਕੇ ਖੋਜ ਕਾਰਜਾਂ ਦਾ ਅਧਿਐਨ ਕਰਕੇ ਇਸ ਖੋਜਕਾਰਜ ਦੀ ਸਾਰਥਿਕਤਾ ਪ੍ਰਮਾਣਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਖੋਜ ਦਾ ਕਾਰਜ ਮਨੁੱਖੀ ਗਿਆਨ ਵਿੱਚ ਵਾਧਾ ਕਰਨਾ ਹੈ। ਇਸ ਅਧਿਆਇ ਦੇ ਅਗਲੇ ਉਪਭਾਗਾਂ ਵਿਚ ਪ੍ਰਸਤਾਵਿਤ ਖੋਜ-ਪ੍ਰਬੰਧ ਦੀਆਂ ਖੋਜ ਵਿਧੀਆਂ ਬਾਰੇ ਗੱਲ ਕੀਤੀ ਜਾਵੇਗੀ ਤਾਂ ਜੋ ਖੋਜਕਾਰਜ ਨੂੰ ਵਿਗਿਆਨਕ ਅਤੇ ਵਿਵਸਥਿਤ ਕੀਤਾ ਜਾ ਸਕੇ। ਇਹ ਅਧਿਆਇ ਵਧੇਰੇ ਸਿਧਾਂਤਕ ਪੱਖਾਂ ਤੇ ਆਧਾਰਿਤ ਹੈ ਜਿਸ ਵਿਚ ਸਮਕਾਲ ਦੇ ਅਰਥ, ਪੰਜਾਬੀ ਕਵਿਤਾ ਦਾ ਵਿਕਾਸ ਪੜਾਅ, ਸਮਕਾਲੀ ਪੰਜਾਬੀ ਕਵਿਤਾ, ਸਮਕਾਲੀ ਪੰਜਾਬੀ ਕਵਿਤਾ ਦਾ ਸਰੂਪ ਤੇ ਇਸ ਵਿਚਲੇ ਰੁਝਾਨਾਂ ਦੀ ਗੱਲ ਕੀਤੀ ਜਾਵੇਗੀ। ਇਸ

ਅਧਿਆਇ ਵਿਚ ਕਿਸਾਨੀ ਸੰਕਟ ਨੂੰ ਇਤਿਹਾਸਕ ਪਰਿਪੇਖ ਤੋਂ ਉਲੀਕਣ ਦਾ ਯਤਨ ਕੀਤਾ ਗਿਆ ਹੈ। ਇਸ ਲਈ ਸੰਬੰਧਿਤ ਖੇਤਰ ਵਿਚ ਹੋ ਚੁੱਕੇ ਪੂਰਵ ਖੋਜ ਕਾਰਜਾਂ ਦਾ ਸਰਵੇਖਣ, ਖੋਜ ਕਾਰਜ ਦੀ ਵਿਧੀ, ਡਿਜ਼ਾਇਨ, ਪਹੁੰਚ ਵਿਧੀ ਅਤੇ ਖੋਜ ਕਾਰਜ ਦੀ ਸਾਰਥਕਤਾ ਬਾਰੇ ਚਰਚਾ ਕੀਤੀ ਗਈ ਹੈ ਤਾਂ ਕਿ ਕਿਸਾਨੀ ਸੰਕਟ ਦੇ ਪੈਦਾ ਹੋਣ ਦੇ ਕਾਰਨਾਂ, ਕਿਸਾਨੀ ਸੰਕਟ ਨਾਲ ਉਪਜੀਆ ਪ੍ਰਸਥਿਤੀਆਂ ਅਤੇ ਸਮਕਾਲੀ ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਉਨ੍ਹਾਂ ਦਾ ਪ੍ਰਗਟਾਵਾ ਕਿਵੇਂ ਹੋਇਆ ਹੈ ਇਨ੍ਹਾਂ ਤੱਥਾਂ ਦਾ ਢੁੱਕਵਾਂ ਵਿਸ਼ਲੇਸ਼ਣ ਕੀਤਾ ਜਾ ਸਕੇ।

## 1.1 ਪੂਰਵ ਖੋਜ-ਕਾਰਜ

ਕਿਸੇ ਵੀ ਖੋਜ ਕਾਰਜ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇਹ ਦੇਖ ਲੈਣਾ ਬਹੁਤ ਜ਼ਰੂਰੀ ਹੈ ਕਿ ਉਸ ਵਿਸ਼ੇ ਨਾਲ ਸਬੰਧਤ ਪਹਿਲਾਂ ਕਿੰਨਾ ਕੁ ਕਾਰਜ ਹੋ ਚੁੱਕਾ ਹੈ ਤੇ ਕੰਮ ਹੋਣ ਦੀ ਕਿੰਨੀ ਕੁ ਗੁੰਜਾਇਸ਼ ਬਾਕੀ ਹੈ। ਇਸ ਨਾਲ ਖੋਜਾਰਥੀ ਦੇ ਦ੍ਰਿਸ਼ਟੀਕੋਣ ਵਿੱਚ ਸਪੱਸ਼ਟਤਾ ਵੀ ਆ ਜਾਂਦੀ ਹੈ ਤੇ ਖੋਜ ਬਾਰੇ ਮੁੱਢਲੀ ਜਾਣਕਾਰੀ ਵੀ ਪ੍ਰਾਪਤ ਹੋ ਜਾਂਦੀ ਹੈ। ਇਸ ਨਾਲ ਖੋਜਾਰਥੀ ਦੀ ਸਮੱਸਿਆ ਉੱਪਰ ਪਕੜ ਵੀ ਵਧੇਰੇ ਹੋ ਜਾਂਦੀ ਹੈ ਤੇ ਉਸ ਦੇ ਅੰਦਰ ਆਲੋਚਨਾਤਮਕ ਬਿਰਤੀ ਵੀ ਪੈਦਾ ਹੁੰਦੀ ਹੈ। ਹਥਲੇ ਵਿਸ਼ੇ ਦੀ ਖੋਜ ਕਰਨ ਲਈ ਸਾਹਿਤ ਅਧਿਐਨ ਕੀਤਾ ਗਿਆ ਹੈ ਜਿਸ ਦਾ ਸੰਖੇਪ ਵੇਰਵਾ ਹੇਠਾਂ ਦਿੱਤੇ ਅਨੁਸਾਰ ਹੈ:

1. **ਪ੍ਰਸ਼ੋਤਮ ਦਾਸ ਗੁਪਤਾ, ਪੰਜਾਬੀ ਕਿੱਸਾ ਕਾਵਿ ਵਿਚ ਪੰਜਾਬੀ ਸਮਾਜ ਦਾ ਚਿਤਰਣ (1700 ਈ. ਤੱਕ), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1980.**

   ਪਹਿਲੇ ਖੋਜ-ਪ੍ਰਬੰਧ ਪੰਜਾਬੀ ਕਿੱਸਾ ਕਾਵਿ ਵਿਚ ਪੰਜਾਬੀ ਸਮਾਜ ਦਾ ਚਿੱਤਰਣ (1700 ਈ ) ਵਿੱਚ ਖੋਜਾਰਥੀ ਪ੍ਰਸ਼ੋਤਮ ਦਾਸ ਗੁਪਤਾ ਨੇ ਪੇਂਡੂ ਜੀਵਨ ਦੇ ਆਚਾਰ ਤੇ ਨੈਤਿਕਤਾ, ਲੋਕ ਭਲਾਈ ਬਾਰੇ ਗੱਲ ਕਰਦਿਆਂ ਦੱਸਿਆ ਹੈ ਕਿ ਗ਼ਰੀਬ ਦੀ ਧਨ ਮਾਲ ਨਾਲ ਮਦਦ ਕਰਨਾ ਅਤੇ ਬੇਰੁਜ਼ਗਾਰਾਂ ਨੂੰ ਜ਼ਮੀਨ ਵਾਹੁਣ ਲਈ ਦੇ ਦੇਣਾ, ਪੰਜਾਬੀ ਸਭਿਆਚਾਰ ਦਾ ਹਿੱਸਾ ਮੰਨਿਆ ਜਾਂਦਾ ਸੀ। ਹਰ ਕਦਮ ਸੋਚ ਵਿਚਾਰ ਕੇ ਸਲਾਹ ਮਸ਼ਵਰੇ ਨਾਲ ਕਰਨਾ ਸੱਥਾਂ ਵਿੱਚ ਸਾਂਝੇ ਫ਼ੈਸਲੇ ਲੈਣਾ ਪੰਜਾਬੀ ਸਮਾਜ ਦਾ

ਹਿੱਸਾ ਸੀ ਪ੍ਰੰਤੂ ਇਸ ਦੇ ਬਾਵਜੂਦ 16ਵੀਂ-17ਵੀਂ ਸਦੀ ਦਾ ਪੰਜਾਬ ਆਰਥਿਕ ਦ੍ਰਿਸ਼ਟੀ ਤੋਂ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਇਕ ਧਿਰ ਜ਼ਿਮੀਂਦਾਰ ਸ਼੍ਰੇਣੀ ਸੀ ਤੇ ਦੂਜੀ **ਕਿਰਤੀ** ਸ਼੍ਰੇਣੀ, ਜ਼ਿਮੀਂਦਾਰ ਮਾਮਲਾ ਉਗਰਾਉਂਦੇ ਤੇ ਕਿਰਤੀ ਕਿਰਸਾਨੀ ਕਰਦੇ। ਸਿੰਚਾਈ ਲਈ ਖੂਹਾਂ ਤੇ ਨਹਿਰਾਂ ਦੀ ਵਰਤੋਂ ਕੀਤੀ ਜਾਂਦੀ। ਖੇਤੀ ਵਾਲਾ ਅੰਨ ਪੰਜਾਬ ਤੋਂ ਬਾਹਰ ਵੀ ਵਪਾਰ ਲਈ ਜਾਂਦਾ। ਕਿਰਸਾਨੀ ਦੀ ਦਸ਼ਾ ਇਤਨੀ ਵਧੀਆ ਨਹੀਂ ਸੀ, ਲਗਾਨ ਦੇਣ ਕਰਕੇ ਕੱਚੀ-ਪੱਕੀ ਫ਼ਸਲ ਕੱਟਣੀ ਪੈਂਦੀ ਸੀ।

ਪ੍ਰਸਤੁਤ ਖੋਜ ਪ੍ਰਬੰਧ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ ਹੈ ਜੋ ਕਿ ਵਿਸ਼ਵੀਕਰਨ ਦੇ ਦੌਰ ਤੋਂ ਬਾਅਦ ਆਮ ਜਨਜੀਵਨ ਦੇ ਨਾਲ-ਨਾਲ ਕਿਸਾਨੀ ਵਿੱਚ ਆਏ ਵੱਡੇ ਬਦਲਾਵਾਂ ਕਾਰਨ ਪੂਰਨ ਰੂਪ ਵਿਚ ਨਿਵੇਕਲਾ ਹੈ।

2. **ਕੁਲਦੀਪ ਸਿੰਘ ਯਾਦਵ, ਸਮਕਾਲੀ ਯਥਾਰਥ ਅਤੇ ਆਧੁਨਿਕ ਪੰਜਾਬੀ ਕਵਿਤਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1990.**

ਇਸ ਖੋਜ-ਪ੍ਰਬੰਧ ਵਿੱਚ ਕੁਲਦੀਪ ਸਿੰਘ ਯਾਦਵ ਦੇ ਖੋਜ-ਪ੍ਰਬੰਧ ਸਮਕਾਲੀ ਯਥਾਰਥ ਤੇ ਆਧੁਨਿਕ ਪੰਜਾਬੀ ਕਵਿਤਾ ਵਿੱਚ ਸਮਕਾਲੀ ਯਥਾਰਥ ਨੂੰ ਸਿਧਾਂਤਕ ਰੂਪ ਵਿੱਚ ਪੇਸ਼ ਕੀਤਾ ਹੈ। ਡਾ. ਕੁਲਦੀਪ ਸਿੰਘ ਯਾਦਵ ਨੇ ਅਧਿਐਨ ਦੀਆਂ ਨਵੀਨ ਤੇ ਆਧੁਨਿਕ ਪ੍ਰਵਿਰਤੀਆਂ ਦੇ ਆਧਾਰ ਤੇ ਵਿਚਾਰਧੀਨ ਕਾਲ ਦੀ ਕਵਿਤਾ ਦੀ ਅੱਡ ਅੱਡ ਹੋਂਦ ਨੂੰ ਪ੍ਰਵਾਨ ਨਹੀਂ ਕੀਤਾ ਸਗੋਂ ਇਸ ਕਾਲ ਦੀਆਂ ਕਾਵਿ ਰਚਨਾਵਾਂ ਨੂੰ ਪ੍ਰਗਤੀਵਾਦੀ, ਪ੍ਰਯੋਗਵਾਦੀ ਤੇ ਜੁਝਾਰੂ ਪ੍ਰਵਿਰਤੀਆਂ ਦੇ ਤੌਰ ਤੇ ਵੱਖ ਵੱਖ ਕੀਤਾ ਹੈ। ਉਨ੍ਹਾਂ ਅਨੁਸਾਰ ਆਧੁਨਿਕ ਪੰਜਾਬੀ ਕਵਿਤਾ ਨੇ ਪਲ-ਪਲ, ਖੰਡ-ਖੰਡ ਹੋ ਰਹੀ ਜ਼ਿੰਦਗੀ ਦੇ ਯਥਾਰਥ ਨੂੰ ਸਮਝਣ ਅਤੇ ਇਸ ਨੂੰ ਹਰ ਸਮੇਂ ਹੁੰਦੇ ਮਨੁੱਖੀ ਵਿਕਾਸ ਨੂੰ ਸੂਝ ਦਿੱਤੀ ਹੈ। ਆਧੁਨਿਕ ਪੰਜਾਬੀ ਕਵਿਤਾ ਦੀ ਕਾਵਿ ਯਾਤਰਾ ਸੀਮਤ ਘੇਰੇ ਵਿੱਚੋਂ ਬਾਹਰ ਨਿਕਲ ਕੇ ਸਾਰੀ ਵਿਸ਼ਵ ਵੇਦਨਾ ਅਤੇ ਆਧੁਨਿਕ ਸੰਦਰਭ ਨੂੰ ਆਪਣੇ ਵਿੱਚ ਸਮੋਈ ਬੈਠੀ ਹੈ। ਇਸ ਖੋਜ ਕਾਰਜ ਵਿਚ ਪ੍ਰਗਤੀਵਾਦੀ, ਪ੍ਰਯੋਗਵਾਦੀ ਤੇ ਜੁਝਾਰੂ ਕਵਿਤਾ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਦ੍ਰਿਸ਼ਟੀਕੋਣਾਂ ਤੋਂ ਘੋਖਿਆ

ਗਿਆ ਹੈ। ਇਹ ਖੋਜ ਕਾਰਜ ਵੀ ਹਥਲੇ ਖੋਜ ਕਾਰਜ ਨਾਲੋਂ ਕਾਫ਼ੀ ਅੱਡਰਾ ਹੈ ਕਿਉਂਕਿ ਇਸ ਵਿਚ ਭਾਵੇਂ ਸਮਕਾਲ ਦੀ ਗੱਲ ਕਰਦਿਆਂ ਅਨੇਕਾਂ ਕਾਵਿ ਪ੍ਰਵਿਰਤੀਆਂ ਨੂੰ ਪੇਸ਼ ਕੀਤਾ ਹੈ ਲੇਕਿਨ ਇਸ ਵਿੱਚ ਕਿਸਾਨੀ ਅਤੇ ਇਸ ਨਾਲ ਸੰਬੰਧਤ ਪੱਖਾਂ ਨੂੰ ਨਹੀਂ ਛੂਹਿਆ ਗਿਆ ਹੈ।

3. **ਕੁਲਵੰਤ ਸਿੰਘ, ਪੰਜਾਬੀ ਨਾਵਲ ਵਿੱਚ ਕਿਸਾਨੀ ਸੰਕਟ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1990.** ਇਸ ਖੋਜ ਪ੍ਰਬੰਧ ਪੰਜਾਬੀ ਨਾਵਲ ਵਿੱਚ ਕਿਸਾਨੀ ਜੀਵਨ ਦੀ ਗੱਲ ਕਰਦਿਆਂ ਡਾ. ਕੁਲਵੰਤ ਸਿੰਘ ਨੇ ਨਾਵਲ ਦੇ ਬਿਰਤਾਂਤਕ ਰੂਪ ਰਾਹੀਂ ਨਿਮਨ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਨਾਵਲ ਵਿਚ ਕਿਸਾਨਾਂ ਦੇ ਤੰਗੀਆਂ ਤੁਰਸ਼ੀਆਂ ਭਰੇ ਜੀਵਨ, ਮੰਦੀ ਆਰਥਿਕ ਹਾਲਤ ਅਤੇ ਉਨ੍ਹਾਂ ਦੀਆਂ ਫਸਲਾਂ ਦਾ ਉੱਚਿਤ ਮੁੱਲ ਨਾ ਮਿਲਣ ਕਾਰਨ ਪੈਦਾ ਹੋਈਆਂ ਅਨੇਕਾਂ ਦੁਸ਼ਵਾਰੀਆਂ ਨੂੰ ਵਿਚਾਰ ਅਧੀਨ ਲਿਆ ਕੇ ਸਮੁੱਚੀ ਕਿਸਾਨਾਂ ਦੀ ਪ੍ਰਤੀਨਿਧਤਾ ਕਰਦਿਆਂ ਹੋਇਆਂ ਸਰਮਾਏਦਾਰੀ ਤੇ ਵਿਅੰਗ ਕੱਸਿਆ ਹੈ। ਇਸ ਖੋਜ ਕਾਰਜ ਦੇ ਅਧਿਐਨ ਖੇਤਰ ਵਿਚ ਵਿਧਾ ਦਾ ਅੰਤਰ ਹੈ, ਜਿੱਥੇ ਇਹ ਕੁਝ ਕੁ ਨਾਵਲਾਂ ਨੂੰ ਆਧਾਰ ਬਣਾ ਕੇ ਕੀਤਾ ਗਿਆ ਅਧਿਐਨ ਹੈ ਉੱਥੇ ਹੀ ਪ੍ਰਸਤੁਤ ਖੋਜ ਪ੍ਰਬੰਧ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਰਚੀ ਗਈ ਕਵਿਤਾ ਨੂੰ ਆਧਾਰ ਬਣਾਇਆ ਗਿਆ ਹੈ।

4. **ਹਰਪ੍ਰੀਤ ਸਿੰਘ ਹੁੰਦਲ, ਪੰਜਾਬੀ ਸੰਕਟ ਨਾਲ ਸਬੰਧਤ ਪੰਜਾਬੀ ਕਾਵਿ: ਪ੍ਰਕਿਰਤੀ ਤੇ ਪ੍ਰਕਾਰਜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1996.** ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਆਪਣੇ ਖੋਜ-ਕਾਰਜ ਪੰਜਾਬੀ ਸੰਕਟ ਨਾਲ ਸਬੰਧਿਤ ਪੰਜਾਬੀ ਕਾਵਿ ਪ੍ਰਕਿਰਤੀ ਤੇ ਪ੍ਰਕਾਰਜ ਵਿੱਚ ਨਕਸਲਬਾੜੀ ਲਹਿਰ ਅਤੇ ਇਸ ਦੇ ਪ੍ਰਭਾਵ ਅਧੀਨ ਪੰਜਾਬ ਵਿੱਚ ਪੈਦਾ ਹੋਏ ਸੰਕਟ ਨੂੰ ਪੇਸ਼ ਕਰਦਿਆਂ ਉਸ ਸਮੇਂ ਦਾ ਯਥਾਰਥ ਚਿਤਰਨ ਕੀਤਾ ਹੈ। ਇਸ ਖੋਜ-ਕਾਰਜ ਵਿੱਚ ਪੰਜਾਬੀ ਸੰਕਟ ਦੇ ਫਲਸਰੂਪ ਉਪਜੀ ਪ੍ਰਗਤੀਵਾਦੀ-ਜੁਝਾਰਵਾਦੀ ਕਵਿਤਾ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਪੰਜਾਬੀ ਸਮਾਜ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਪੰਜਾਬ ਸੰਕਟ ਦੀ ਗੱਲ ਕਰਦਿਆਂ ਇਸ ਕਾਲ ਵਿਚਲੇ ਮੁੱਖ ਧੰਦੇ ਖੇਤੀ ਬਾਰੇ ਕੋਈ ਵਿਸ਼ੇਸ਼ ਜ਼ਿਕਰ ਨਹੀਂ ਮਿਲਦਾ ਹਥਲੇ ਖੋਜ ਪ੍ਰਬੰਧ ਨਾਲੋਂ ਇਸ ਦੀ ਇਹੀ ਭਿੰਨਤਾ ਹੈ।

5. **ਸੁਖਵੀਰ ਕੌਰ, ਆਧੁਨਿਕ ਪੰਜਾਬੀ ਕਵਿਤਾ ਵਿਚ ਸਮਾਜਿਕ ਚੇਤਨਾ (1950–1980) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1998.** ਇਸ ਖੋਜ-ਕਾਰਜ ਵਿੱਚ ਸੁਖਵੀਰ ਕੌਰ ਨੇ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹਰੇ ਇਨਕਲਾਬ ਦੇ ਪ੍ਰਭਾਵਾਂ ਤੱਕ ਦੀ ਕਵਿਤਾ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਹੋਇਆਂ ਦੱਸਿਆ ਹੈ ਕਿ ਇਸ ਕਾਲ ਦੌਰਾਨ ਸਾਹਿਤ ਦੇ ਰੂਪ ਕਵਿਤਾ ਰਾਹੀਂ ਸਮਾਜ ਵਿਚ ਚੇਤਨਾ ਪੈਦਾ ਕਰਨ ਲਈ ਪ੍ਰਗਤੀਵਾਦੀ–ਰੁਮਾਂਸਵਾਦੀ, ਜੁਝਾਰਵਾਦੀ ਸਰੂਪ ਦੀਆਂ ਕਵਿਤਾਵਾਂ ਲਿਖੀਆਂ ਗਈਆਂ ਹਨ, ਜਿਨ੍ਹਾਂ ਨੇ ਸਮਾਜ ਵਿੱਚ ਨਵੀਂ ਜਨ ਚੇਤਨਾ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੰਤੂ ਜਿੱਥੇ ਇਸ ਖੋਜ ਕਾਰਜ ਵਿੱਚ ਸੁਖਵੀਰ ਕੌਰ ਨੇ ਨਿਸ਼ਚਿਤ ਕੀਤੇ ਸਮੇਂ ਵਿਚ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਅਨੇਕਾਂ ਪੱਖਾਂ ਨੂੰ ਇਸ ਖੋਜ ਪ੍ਰਬੰਧ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ ਉੱਥੇ ਹੀ ਹਰੇ ਇਨਕਲਾਬ ਦੇ ਆਗਮਨ ਅਤੇ ਇਸ ਰਾਹੀਂ ਹੋਏ ਬਦਲਾਵਾਂ ਨੂੰ ਅੱਖੋਂ ਓਹਲੇ ਕੀਤਾ ਹੈ। ਆਧਾਰ ਬਣਾਏ ਗਏ ਕਾਲ-ਖੰਡ ਵਿੱਚ ਭਿੰਨਤਾ ਹੋਣ ਕਾਰਨ ਪ੍ਰਸਤੁਤ ਖੋਜ ਕਾਰਜ ਵਿੱਚ ਕਾਫ਼ੀ ਵਖਰੇਵਾਂ ਹੈ।
6. **ਰਾਜਿੰਦਰ ਕੌਰ, ਸੰਤੋਖ ਸਿੰਘ ਧੀਰ ਅਤੇ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿੱਚ ਪੰਜਾਬੀ ਪੇਂਡੂ ਜੀਵਨ ਦੇ ਸੰਕਟ ਦਾ ਅਧਿਐਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2001.** ਡਾ. ਰਾਜਿੰਦਰ ਕੌਰ ਨੇ ਸਿੱਟਾ ਕੱਢਿਆ ਹੈ ਕਿ ਭਾਵੇਂ ਸੰਤੋਖ ਸਿੰਘ ਧੀਰ ਅਤੇ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪੇਂਡੂ ਜੀਵਨ ਦਾ ਭਰਪੂਰ ਚਿੱਤਰ ਪੇਸ਼ ਨਹੀਂ ਕੀਤਾ ਗਿਆ, ਪ੍ਰੰਤੂ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਪੱਖਾਂ ਨੂੰ ਵਾਸਤਵਿਕ ਪੱਧਰ ਉੱਤੇ ਕਹਾਣੀਆਂ ਵਿੱਚ ਪੇਸ਼ ਕੀਤਾ ਗਿਆ ਹੈ, ਜਿਸ ਦੀ ਪੰਜਾਬੀ ਸਾਹਿਤ ਨੂੰ ਵਿਲੱਖਣ ਤੇ ਵਡਮੁੱਲੀ ਦੇਣ ਹੈ। ਦੋਹਾਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿਚ ਪਿੰਡਾਂ ਵਿਚ ਮੌਜੂਦ ਜ਼ਿਮੀਂਦਾਰ, ਕਿਸਾਨ ਤੇ ਕਾਮਾ ਵਰਗ ਦੀ ਸਮਾਜਿਕ ਤੇ ਆਰਥਿਕ ਸਥਿਤੀ ਦਾ ਭਰਪੂਰ ਜ਼ਿਕਰ ਕੀਤਾ ਹੈ। ਜਿੱਥੇ ਵਿਰਕ ਉਨ੍ਹਾਂ ਲੋਕਾਂ ਦੇ ਸਰਲ ਤੇ ਸਾਦੇ ਸੁਭਾਅ ਦੀ ਗੱਲ ਕਰਦਾ ਹੈ ਉੱਥੇ ਹੀ ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਵਿਚਲੇ ਪਾਤਰ ਆਪਣੇ ਹੱਕਾਂ ਲਈ ਜਾਗਰੂਕ ਹੁੰਦੇ ਤੇ ਸਰਮਾਏਦਾਰਾਂ ਨਾਲ ਸਿੱਧੀ ਟੱਕਰ ਲੈਂਦੇ ਦਿਖਾਈ ਦਿੰਦੇ ਹਨ। ਇਹ ਖੋਜ ਪ੍ਰਬੰਧ ਪ੍ਰਸਤੁਤ

ਖੋਜ ਕਾਰਜ ਨਾਲੋਂ ਸਾਹਿਤਕ ਵਿਧਾ ਪੱਖੋਂ ਭਿੰਨ ਹੈ। ਜਿੱਥੇ ਇਹ ਖੋਜ-ਪ੍ਰਬੰਧ ਕਹਾਣੀ ਆਧਾਰਿਤ ਹੈ ਜਦ ਕਿ ਹਥਲਾ ਖੋਜ ਪ੍ਰਬੰਧ ਕਾਵਿ ਆਧਾਰਿਤ ਹੈ।

7. **ਮਨਚੰਦਾ ਕਿਰਨਦੀਪ ਸਿੰਘ, 1980 ਤੋਂ ਬਾਅਦ ਦੀ ਪੰਜਾਬੀ ਕਹਾਣੀ ਦਾ ਰਚਨਾਤਮਕ ਵਿਸ਼ਲੇਸ਼ਣ ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਕਿਰਪਾਲ ਕਜ਼ਾਕ ਅਤੇ ਵੀਨਾ ਵਰਮਾ ਦੇ ਸੰਦਰਭ ਵਿੱਚ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2002.** ਖੋਜਕਾਰ ਡਾ. ਕਿਰਨਦੀਪ ਮਨਚੰਦਾ ਨੇ ਦੱਸਿਆ ਹੈ ਕਿ ਪ੍ਰੇਮ ਪ੍ਰਕਾਸ਼ ਦੀ ਕਹਾਣੀ ਵਿਚ ਮਾਨਵੀ ਰਿਸ਼ਤਿਆਂ ਵਿਚਲੀਆਂ ਤ੍ਰੇੜਾਂ ਤੇ ਇਸ ਕਾਰਨ ਪੈਦਾ ਹੋਏ ਮਸਲਿਆਂ ਨੂੰ ਰੂਪਮਾਨ ਕੀਤਾ ਹੈ। ਵਰਿਆਮ ਸੰਧੂ ਦੀ ਸਿਰਜਣਾਤਮਿਕ ਕ੍ਰਿਆਤਮਕਤਾ ਦੇ ਦੋ ਮੁੱਖ ਰੂਪ ਹਨ- ਪੰਜਾਬ ਦੀ ਪੇਂਡੂ ਕਿਰਤੀ ਨਿਮਨ ਸ਼੍ਰੇਣੀ ਅਤੇ ਪੰਜਾਬ ਦਾ ਖੂੰਖਾਰ ਦੌਰ ਤੇ ਰਾਜਸੀ ਦ੍ਰਿਸ਼। ਵਰਿਆਮ ਸੰਧੂ ਨੇ ਛੋਟੀ ਕਿਰਸਾਨੀ ਤੇ ਭੂਮੀਹੀਣ ਹੋਣ ਦੇ ਸੰਤਾਪ ਨੂੰ ਕਹਾਣੀਆਂ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਹੈ। ਕਿਰਪਾਲ ਕਜ਼ਾਕ ਦੀ ਕਹਾਣੀਆਂ ਵਿੱਚ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ ਕਜ਼ਾਕ ਦੁਆਰਾ ਪੂੰਜੀਪਤੀ ਵਰਗ ਦੇ ਸ਼ੋਸ਼ਣ ਪੇਂਡੂ ਜੀਵਨ ਤੇ ਕਿਸਾਨੀ ਮਜ਼ਦੂਰੀ ਤੇ ਮੱਧਵਰਗੀ ਪਰਿਵਾਰਾਂ ਨੂੰ ਆਉਣ ਵਾਲੀ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। ਵੀਨਾ ਵਰਮਾ ਦੀਆਂ ਕਹਾਣੀਆਂ ਵਿਚ ਇਸਤਰੀ ਮਰਦ ਦੇ ਸਬੰਧਾਂ ਨੂੰ ਮਨੋਵਿਸ਼ਲੇਸ਼ਣਾਤਮਕ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ। ਇਸ ਖੋਜ ਕਾਰਜ ਅਤੇ ਹਥਲੇ ਖੋਜ ਕਾਰਜ ਵਿੱਚ ਵਿਧਾ ਪੱਖੋਂ ਅੰਤਰ ਹੈ।

8. **ਗੁਰਦੀਪ ਕੌਰ, ਪੰਜਾਬੀ ਨਾਵਲਾਂ ਵਿੱਚ ਕਿਰਸਾਨੀ ਸਮਾਜ (ਗੁਰਦਿਆਲ ਸਿੰਘ ਤੇ ਕਰਮਜੀਤ ਕੁੱਸਾ ਦੇ ਨਾਵਲਾਂ ਦੇ ਸੰਦਰਭ ਵਿੱਚ), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2005.** ਸ਼ੋਧ ਕਰਤਾ ਡਾ. ਗੁਰਦੀਪ ਕੌਰ ਨੇ ਗੁਰਦਿਆਲ ਸਿੰਘ ਅਤੇ ਕਰਮਜੀਤ ਕੁੱਸਾ ਦੇ ਕਿਸਾਨੀ ਜੀਵਨ ਨਾਲ ਸਬੰਧਿਤ ਨਾਵਲਾਂ ਦੀ ਪੜਚੋਲ ਕਰਦਿਆਂ ਦੱਸਿਆ ਹੈ ਕਿ ਜਗੀਰਦਾਰੀ ਵਿਵਸਥਾ ਵਾਲੀ ਕਿਰਸਾਨੀ ਦਾ ਪੂੰਜੀਵਾਦੀ ਵਿਵਸਥਾ ਵਿੱਚ ਰੂਪਾਂਤਰਨ ਇਸ ਵਸਤੂਗਤ ਸੱਚ ਨੂੰ ਸਾਬਿਤ ਕਰਦਾ ਹੈ ਕਿ ਜ਼ਮੀਨ ਛੋਟੇ ਕਿਸਾਨਾਂ ਦੇ ਹੱਥੋਂ ਨਿਕਲ ਕੇ ਵੱਡੇ ਕਿਸਾਨਾਂ ਦੇ ਹੱਥਾਂ ਵਿੱਚ ਕੇਂਦਰਿਤ ਹੋ ਰਹੀ ਹੈ। ਸਿੱਟੇ ਵਜੋਂ ਕਿਸਾਨੀ ਜੀਵਨ ਵਿੱਚ ਆਰਥਿਕ ਸੰਕਟਾਂ ਦੇ ਨਾਲ ਨਾਲ ਸਾਂਸਕ੍ਰਿਤਕ ਸੰਕਟ ਵੀ ਪੈਦਾ ਹੋ ਰਹੇ ਹਨ।

ਛੋਟੀ ਕਿਸਾਨੀ ਆਪਣੀ ਮਿਹਨਤ ਅਤੇ ਕਿਰਤ ਨੂੰ ਹਥਿਆਰ ਬਣਾ ਕੇ ਆਪਣੀ ਜ਼ਮੀਨ ਨੂੰ ਹਰ ਹੀਲੇ ਬਚਾਉਣ ਦੇ ਆਹਰ ਵਿੱਚ ਲੱਗੀ ਹੋਈ ਹੈ। ਇਨ੍ਹਾਂ ਨਾਵਲਾਂ ਦੇ ਮਾਧਿਅਮ ਰਾਹੀਂ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸਰਮਾਏਦਾਰੀ ਕਿਵੇਂ ਨਿਮਨ ਕਿਸਾਨੀ ਨੂੰ ਢਾਹ ਲਾ ਰਹੀ ਹੈ। ਇਹ ਖੋਜ ਕਾਰਜ ਵੀ ਨਿਰੋਲ ਨਾਵਲਾਂ ਉੱਪਰ ਆਧਾਰਤ ਹੈ ਜੋ ਹਥਲੇ ਕਾਰਜ ਪ੍ਰਬੰਧ ਨਾਲੋਂ ਵੱਖਰਾ ਹੈ।

9. **ਹਰਜੀਤ ਕੌਰ ਪੰਜਾਬੀ ਨਾਵਲ ਵਿੱਚ ਕਿਸਾਨੀ ਸੰਕਟ ਦਾ ਪ੍ਰਗਟਾਅ (1960-1999), ਪੰਜਾਬੀ ਯੂਨੀਵਰਸਿਟੀ ਪਟਿਆਲਾ, 2005.** ਅਗਲੀ ਗੱਲ 1960 ਤੋਂ 1999 ਦੇ ਕਾਲਖੰਡ ਨੂੰ ਨਿਰਧਾਰਿਤ ਕਰਕੇ ਡਾ. ਹਰਜੀਤ ਕੌਰ ਨੇ ਆਪਣੇ ਖੋਜ-ਪ੍ਰਬੰਧ **ਪੰਜਾਬੀ ਨਾਵਲ ਵਿੱਚ ਕਿਸਾਨੀ ਸੰਕਟ ਦਾ ਪ੍ਰਗਟਾਅ,** ਵਿਚ ਨਾਨਕ ਸਿੰਘ, ਗੁਰਦਿਆਲ ਸਿੰਘ ਅਤੇ ਹੋਰ ਕਈ ਨਾਵਲਕਾਰਾਂ ਦੇ ਨਾਵਲਾਂ ਦਾ ਗਹਿਨ ਅਧਿਐਨ ਕਰਨ ਉਪਰੰਤ ਦੱਸਿਆ ਹੈ ਕਿ ਕਿਸਾਨੀ ਸੰਕਟ ਦੇ ਪੈਦਾ ਹੋਣ ਵਿੱਚ, ਸਮਾਜਿਕ ਰਹੁ ਰੀਤਾਂ ਅਤੇ ਰਿਸ਼ਤੇ ਨਾਤੇ ਪ੍ਰਬੰਧਾਂ ਦਾ ਵੀ ਡੂੰਘਾ ਅਸਰ ਹੈ। ਫੋਕੀ ਸ਼ਾਨੋ-ਸ਼ੌਕਤ ਤੇ ਦਿਖਾਵੇਬਾਜ਼ੀ ਨੇ ਵੀ ਸਮਾਜਿਕ ਤਾਣੇ ਬਾਣੇ ਨੂੰ ਹਲੂਣਿਆ ਹੈ, ਜਿਸ ਦੇ ਪ੍ਰਭਾਵ ਸਦਕਾ ਆਰਥਿਕ ਨਾ ਬਰਾਬਰੀ ਤੇ ਕਈ ਹੋਰ ਸਮੱਸਿਆਵਾਂ ਜਨਮੀਆਂ ਹਨ। ਇਸ ਖੋਜ ਦਾ ਪ੍ਰਸਤੁਤ ਖੋਜ ਪ੍ਰਬੰਧ ਨਾਲੋਂ ਕਾਲਖੰਡ ਅਤੇ ਸਾਹਿਤ ਵਿਧਾ ਦੋਨਾਂ ਪੱਖਾਂ ਤੋਂ ਵਖਰੇਵਾਂ ਹੈ।

10. **ਸਾਕ ਮੁਹੰਮਦ**, **ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਪੰਜਾਬ ਦੀ ਕਿਸਾਨੀ ਦੀ ਇਤਿਹਾਸਕ ਗਤੀ ਅਤੇ ਵਿਚਾਰਧਾਰਾ ਦੇ ਗਲਪੀ ਰੂਪਾਂਤਰਣ ਦਾ ਮੁਲਾਂਕਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2008.**
ਇਸ ਖੋਜ ਕਾਰਜ ਵਿੱਚ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਕਿਸਾਨੀ ਦੀ ਮਨੁੱਖ, ਜੀਵਨ, ਸਮਾਜ ਤੇ ਹੋਰ ਬੁਨਿਆਦੀ ਪ੍ਰਸ਼ਨਾਂ ਬਾਰੇ ਸਮਝ ਬਦਲਦੀਆਂ ਇਤਿਹਾਸਕ ਪ੍ਰਸਥਿਤੀਆਂ ਦੇ ਅਨੁਸਾਰੀ ਹੈ। ਇਸੇ ਤਰ੍ਹਾਂ ਕਿਸਾਨੀ ਦੀ ਆਪਣੇ ਸੰਕਟਾਂ ਤੇ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਬਾਰੇ ਚੇਤਨਾ ਵੀ ਬਦਲਦੀ ਖੇਤੀ ਆਰਥਿਕਤਾ ਦੇ ਅਨੁਕੂਲ ਕਿਸਾਨੀ ਦੇ ਰਵੱਈਏ ਵਿੱਚ ਆ ਰਹੇ

ਪਰਿਵਰਤਨਾਂ ਮੁਤਾਬਕ ਹੋਈ ਹੈ। ਉਹ  ਨਾਵਲਾਂ ਵਿਚਲੀ ਭਾਸ਼ਾ ਦੇ ਅਧਿਐਨ ਉਪਰੰਤ ਸਪਸ਼ਟ ਕਰਦੇ ਹਨ ਕਿ ਉਸ ਨੂੰ ਕਿਸਾਨੀ ਸਮਾਜ ਵਿੱਚ ਭਾਸ਼ਾ ਦੀ ਵਰਤੋਂ ਦਾ ਨਿੱਜੀ ਅਨੁਭਵ ਹੈ ਪਾਤਰਾਂ ਦੀ ਭਾਸ਼ਾ ਦਾ ਸਰੂਪ ਪੂਰਵ ਹਰੀ ਕ੍ਰਾਂਤੀ, ਹਰੀ ਕ੍ਰਾਂਤੀ ਦੇ ਆਗਾਜ਼, ਚੜ੍ਹਤ ਤੇ ਪਤਨਸ਼ੀਲ ਸਥਿਤੀ ਅਨੁਸਾਰ ਬਦਲ ਦੇ ਕਿਸਾਨੀ ਸਮਾਜ ਦੇ ਸਰੂਪ ਮੁਤਾਬਕ ਪਰਿਵਰਤਨਸ਼ੀਲ ਹੈ। ਪਾਤਰਾਂ ਦੀ ਜੀਵੰਤਤਾ ਦਾ ਸਬੰਧ ਵੀ ਪੇਂਡੂ ਮਲਵਈ ਕਿਸਾਨੀ ਜੀਵਨ ਨਾਲ ਹੈ। ਦੋਵੇਂ ਖੋਜਕਾਰਜ ਇੱਕ ਦੂਜੇ ਨਾਲੋਂ ਪੂਰਨ ਰੂਪ ਵਿਚ ਭਿੰਨ ਹਨ।

11. **ਸੁਖਦੇਵ ਸਿੰਘ, ਪੰਜਾਬੀ ਨਾਟਕਾਂ ਵਿੱਚ ਨਿਮਨ ਕਿਸਾਨੀ ਸੰਕਟ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009.** ਅਗਲੇ ਖੋਜ-ਕਾਰਜ ਵਿੱਚ ਡਾ. ਸੁਖਦੇਵ ਸਿੰਘ  ਆਪਣੇ ਖੋਜ-ਪ੍ਰਬੰਧ **ਪੰਜਾਬੀ ਨਾਟਕਾਂ ਵਿੱਚ ਨਿਮਨ ਕਿਸਾਨੀ ਸੰਕਟ** ਵਿੱਚ ਕਿਸਾਨਾਂ ਦੀ ਕਮਜ਼ੋਰ ਆਰਥਿਕ ਹਾਲਤ ਨੂੰ ਕੇਂਦਰ ਵਿਚ ਰੱਖ ਕੇ ਇਸ ਪਿੱਛੇ ਕਾਰਨਾਂ ਨੂੰ ਲੱਭਣ ਦਾ ਯਤਨ ਕਰਦਾ ਹੈ। ਉਸ ਅਨੁਸਾਰ ਖੇਤ ਸੰਕਟ ਇੱਕ ਸਰਬ ਵਿਆਪੀ ਸ਼ਬਦ ਹੈ ਇਹ ਖੇਤੀ ਨਾਲ ਸਬੰਧਤ ਹਰ ਵਰਗ ਔਰਤ-ਮਰਦ, ਜ਼ਮੀਨੇ-ਬੇਜ਼ਮੀਨੇ, ਖੇਤ ਮਜ਼ਦੂਰ ਹਰ ਵਰਗ ਦੇ ਸੰਕਟ ਦੀ ਪ੍ਰਤੀਨਿਧਤਾ ਕਰਦਾ ਹੈ। ਹਰੀ ਕ੍ਰਾਂਤੀ ਦੇ ਤਤਕਾਲੀ ਖ਼ੁਸ਼ੀਆਂ, ਬੁਰੇ ਸਿੱਟਿਆਂ ਤੋਂ ਬਾਅਦ ਉਸ ਦੇ ਮਾਰੂ ਪ੍ਰਭਾਵ ਵੇਖਣ ਦੇ ਯਤਨ ਕਰਦਾ ਹੈ। ਉਸ ਅਨੁਸਾਰ ਹਰੀ ਕ੍ਰਾਂਤੀ ਦੇ ਮਾਡਲ ਦਾ ਮੁੱਖ ਉਦੇਸ਼ ਆਧੁਨਿਕ ਖੇਤੀ ਸਾਧਨਾ, ਬੀਜਾਂ, ਮਸ਼ੀਨਰੀ ਲਈ ਮੰਡੀ ਤਿਆਰ ਕਰਨਾ ਸੀ ਜਿਸ ਦਾ ਫ਼ਾਇਦਾ ਵਪਾਰੀ ਵਰਗ, ਕਾਰਪੋਰੇਟ ਘਰਾਣੇ ਤੇ ਉਦਯੋਗਪਤੀਆਂ ਨੂੰ ਹੋਇਆ। ਇਹ ਖੋਜ ਪ੍ਰਬੰਧ ਨਾਟਕ ਆਧਾਰਤ ਹਨ ਜਦ ਕਿ ਹਥਲਾ ਖੋਜਕਾਰਜ ਕਵਿਤਾ ਆਧਾਰਿਤ ਹੈ।

12. **ਜਸਵੀਰ ਸਿੰਘ, ਪੰਜਾਬੀ ਨਾਟਕ ਵਿੱਚ ਕਿਰਸਾਨੀ ਸਮੱਸਿਆਵਾਂ: ਤੁਲਨਾਤਮਕ ਅਧਿਐਨ (ਹਰਚਰਨ ਸਿੰਘ, ਚਰਨ ਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ ਦੇ ਸੰਦਰਭ ਵਿੱਚ), ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2014.** ਜਸਵੀਰ ਸਿੰਘ ਨੇ ਹਰਚਰਨ ਸਿੰਘ, ਚਰਨ

ਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ ਦੀਆਂ ਕਿਸਾਨੀ ਸਮੱਸਿਆਵਾਂ ਨਾਲ ਸੰਬੰਧਿਤ ਨਾਟ ਰਚਨਾਵਾਂ ਦਾ ਅਧਿਐਨ ਕਰਨ ਉਪਰੰਤ ਸਿੱਟੇ ਕੱਢੇ ਹਨ  ਕਿ ਪਿਛਲੇ ਕੁਝ ਸਮਿਆਂ ਵਿੱਚ ਸ਼ਹਿਰੀਕਰਨ ਤੇ ਉਦਯੋਗੀਕਰਨ ਨਾਲ ਵਾਹੀਯੋਗ ਜ਼ਮੀਨਾਂ ਘਟ ਰਹੀਆਂ ਹਨ। ਦਰੱਖਤਾਂ ਦੀ ਵੱਡੀ ਮਾਤਰਾ ਵਿੱਚ ਕਟਾਈ, ਝੋਨੇ ਦੀ ਫਸਲ ਵਾਸਤੇ ਧਰਤੀ ਚੋਂ ਕੱਢੇ ਗਏ ਵਧੇਰੇ ਮਾਤਰਾ ਚ ਪਾਣੀ ਆਦਿ ਕਾਰਨ ਪੰਜਾਬ ਨੂੰ ਰੇਗਿਸਤਾਨ ਬਣਨ ਦੇ ਰਾਹੇ ਪਾ ਦਿੱਤਾ ਹੈ। ਖੇਤੀ ਲਾਗਤਾਂ ਦਾ ਵਧਣਾ, ਫਸਲਾਂ ਦਾ ਉਚਿਤ ਮੁੱਲ ਨਾ ਮਿਲਣਾ,  ਨਸ਼ੇ, ਅਨਪੜ੍ਹਤਾ, ਲੜਾਈ ਝਗੜੇ ਤੇ ਕੋਰਟ ਕਚਹਿਰੀਆਂ ਆਦਿ ਹੋਰ ਬਹੁਤ ਸਾਰੇ ਕਾਰਨਾਂ ਨੇ ਕਿਸਾਨਾਂ ਦੀ ਆਰਥਿਕਤਾ ਨੂੰ ਕਮਜ਼ੋਰ ਕੀਤਾ ਹੈ। ਸਰਕਾਰ ਦੁਆਰਾ ਵਿਕਾਸ ਕਾਰਜਾਂ ਲਈ ਜ਼ਮੀਨ ਨੂੰ ਹੜੱਪ ਲੈਣਾ,  ਪੀੜ੍ਹੀ ਦਰ ਪੀੜ੍ਹੀ ਜ਼ਮੀਨ ਦਾ ਵੰਡੇ ਜਾਣਾ, ਸ਼ਾਹੂਕਾਰਾਂ, ਆੜ੍ਹਤੀਆਂ, ਪੂੰਜੀਪਤੀਆਂ ਵੱਲੋਂ ਕਿਰਸਾਨੀ ਦਾ ਨਿਰੰਤਰ ਸ਼ੋਸ਼ਣ ਕਰਨਾ ਆਦਿ ਕਿਸਾਨੀ ਨੂੰ ਵੱਡੀ ਢਾਹ ਲਾ ਰਹੀਆਂ ਹਨ। ਕਿਸਾਨ ਦੀ ਵਿਡੰਬਣਾ ਇਹ ਹੈ ਕਿ ਉਹ ਅਜਿਹਾ ਉਤਪਾਦਕ ਦੇ ਰੂਪ ਵਿਚ ਪ੍ਰਸਤੁਤ ਹੁੰਦਾ ਹੈ ਜੋ ਆਪਣੀ ਪੈਦਾ ਕੀਤੀ ਹੋਈ ਫ਼ਸਲ ਦਾ ਮੁੱਲ ਆਪ ਨਿਰਧਾਰਿਤ ਨਹੀਂ ਕਰ ਸਕਦਾ, ਜਿਸ ਕਾਰਨ ਉਸ ਦਾ ਸ਼ੋਸ਼ਣ ਹੁੰਦਾ ਹੈ।  ਚੁਣੇ ਹੋਏ ਨਾਟਕਾਂ ਉੱਪਰ ਆਧਾਰਿਤ ਇਹ ਖੋਜ ਪ੍ਰਬੰਧ ਹਥਲੇ ਸ਼ੋਧ ਕਾਰਜ ਨਾਲੋਂ ਕਾਫ਼ੀ ਭਿੰਨ ਹੈ।

**13. ਇਕਬਾਲ ਕੌਰ,  ਪੰਜਾਬੀ ਕਹਾਣੀ ਵਿੱਚ ਕਿਸਾਨੀ ਜੀਵਨ:  ਸਮਾਜ-ਸੱਭਿਆਚਾਰਕ ਅਧਿਐਨ (ਸੰਤ ਸਿੰਘ ਸੇਖੋਂ,  ਕੁਲਵੰਤ ਸਿੰਘ ਵਿਰਕ ਤੇ ਵਰਿਆਮ ਸੰਧੂ ਦੇ ਵਿਸ਼ੇਸ਼ ਹਵਾਲੇ ਨਾਲ),  ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ,  2015.**

ਇਸ ਖੋਜ ਕਾਰਜ ਦੇ ਮਾਧਿਅਮ ਰਾਹੀਂ ਡਾ.  ਇਕਬਾਲ ਕੌਰ ਦਾ ਅਧਿਐਨ ਦੋ ਮਸਲਿਆਂ ਉੱਪਰ ਕੇਂਦਰਿਤ ਹੈ। ਇਸ ਤੋਂ ਇੱਕ ਪਸਾਰ ਪੰਜਾਬੀ ਕਹਾਣੀ ਵਿੱਚ ਕਿਸਾਨੀ ਸਮਾਜ ਦੀ ਪੇਸ਼ਕਾਰੀ ਨਾਲ ਸਬੰਧਤ ਹੈ ਅਤੇ ਦੂਸਰਾ ਆਰਥਿਕ ਸਮਾਜਿਕ ਪ੍ਰਭਾਵਾਂ ਅਧੀਨ ਨਿਰੰਤਰ ਬਦਲ ਰਹੇ ਤੇ ਗੁੰਝਲਦਾਰ ਹੋ ਰਹੇ ਸਮਾਜਿਕ ਜੀਵਨ ਪ੍ਰਤੀ ਪੰਜਾਬੀ ਕਹਾਣੀ ਦੇ ਹੁੰਗਾਰੇ ਨੂੰ  ਵਿਸ਼ਾਗਤ ਤੇ ਵਿਧਾਗਤ

ਤਬਦੀਲੀਆਂ ਦੇ ਪ੍ਰਸੰਗ ਵਿੱਚ ਜਾਨਣ ਨਾਲ ਜੁੜਿਆ ਹੋਇਆ ਹੈ। ਤਿੰਨੋਂ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਅਧਿਐਨ ਉਪਰੰਤ ਉਨ੍ਹਾਂ ਨੇ ਦੱਸਿਆ ਹੈ ਕਿ ਤਿੰਨੋਂ ਕਥਾਕਾਰਾਂ ਵਿੱਚ ਬਹੁਤ ਪੱਖਾਂ ਤੋਂ ਸਾਂਝ ਅਤੇ ਵਖਰੇਵੇਂ ਮਿਲਦੇ ਹਨ। ਨਿਮਨ ਕਿਸਾਨੀ ਸੰਕਟ ਗ੍ਰਸਤ ਹੋ ਕੇ ਆਸ ਤੇ ਆਸਰਿਆਂ ਦੇ ਸਹਾਰੇ ਆਪਣੇ ਵਰਤਮਾਨ ਅਤੇ ਭਵਿੱਖ ਨੂੰ ਵਧੀਆ ਬਣਾਉਣ ਲਈ ਕੋਸ਼ਿਸ਼ਾਂ ਕਰਦਾ ਹੈ। ਕਈ ਥਾਈਂ ਸੰਕਟਾਂ ਦਾ ਸੰਤਾਪ ਭੋਗਦਾ ਹੋਇਆ ਨਿਮਨ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਜਾਂਦਾ ਹੈ। ਤਿੰਨਾਂ ਕਹਾਣੀਕਾਰਾਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਤਿੰਨੇ ਹੀ ਮਨੁੱਖ ਦੀ ਲੜਨ ਤੇ ਜਿਊਣ ਲਈ ਜੱਦੋ-ਜਹਿਦ ਕਰਦੇ ਰਹਿਣ ਵਾਲੇ ਹਿੰਮਤ ਦੇ ਪ੍ਰਸ਼ੰਸਕ ਹਨ। ਕਹਾਣੀਆਂ ਉਪਰ ਆਧਾਰਤ ਇਹ ਖੋਜ ਕਾਰਜ ਪ੍ਰਸਤੁਤ ਖੋਜ ਪ੍ਰਬੰਧ ਨਾਲੋਂ ਪੂਰਨ ਰੂਪ ਵਿੱਚ ਵੱਖਰਾ ਹੈ।

14. **ਗੁਰਪ੍ਰੀਤ ਸਿੰਘ, ਆਧੁਨਿਕ ਪੰਜਾਬੀ ਕਵਿਤਾ ਵਿੱਚ ਕਿਸਾਨੀ ਬਿੰਬ ਦੀ ਨਿਰਮਾਣਕਾਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016.** ਆਧੁਨਿਕ ਪੰਜਾਬੀ ਕਵਿਤਾ ਵਿਚ ਕਿਸਾਨੀ ਦਾ ਬਿੰਬ ਬਹੁਭਾਤੀ, ਬਹੁਕੋਣੀ, ਵਿਸਤ੍ਰਿਤ ਅਤੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਨਿਰਮਿਤ ਹੋਇਆ ਮਿਲਦਾ ਹੈ। ਉਹ ਅੱਗੇ ਇਸ ਨਤੀਜੇ ਤਕ ਪਹੁੰਚਦਾ ਹੈ ਕਿ ਕਵਿਤਾ ਦੀ ਰਚਨਾ ਵਿੱਚ ਕਵੀ ਦੇ ਵਿਅਕਤੀਗਤ ਆਪੇ, ਅਨੁਭਵ, ਜੀਵਨ ਦ੍ਰਿਸ਼ਟੀਕੋਣ, ਜਾਤੀ ਜਮਾਤੀ ਸਥਿਤੀ ਅਤੇ ਸਮਾਜਿਕ ਆਲੇ ਦੁਆਲੇ ਦਾ ਵੱਡਾ ਰੋਲ ਹੁੰਦਾ ਹੈ। ਇਸ ਲਈ ਇਹ ਧਿਆਨ ਰੱਖ ਲੈਣਾ ਜ਼ਰੂਰੀ ਹੋ ਜਾਂਦਾ ਹੈ ਕਿ ਕਿਸਾਨੀ ਬਾਰੇ ਕਵਿਤਾ ਕਿਸ ਵੱਲੋਂ ਅਤੇ ਕਿਸ ਆਸ਼ੇ ਅਧੀਨ ਲਿਖੀ ਜਾ ਰਹੀ ਹੈ। ਗੁਰਪ੍ਰੀਤ ਸਿੰਘ ਨੇ ਆਪਣੇ ਇਸ ਖੋਜ ਪ੍ਰਬੰਧ ਵਿੱਚ ਆਜ਼ਾਦੀ ਦੇ ਪਹਿਲਾਂ ਦੇ ਸਮੇਂ ਤੋਂ ਲੈ ਕੇ 2010 ਈ ਦੇ ਸਮੇਂ ਨੂੰ ਵੱਖ ਵੱਖ ਭਾਗਾਂ ਵਿੱਚ ਵੰਡ ਕੇ ਇਸ ਸਮੇਂ ਦੌਰਾਨ ਰਚੀ ਗਈ ਕਵਿਤਾ ਵਿੱਚ ਕਿਸਾਨੀ ਬਿੰਬਾਂ ਦੀ ਗੱਲ ਕੀਤੀ ਹੈ। ਆਧੁਨਿਕ ਕਾਲ ਵਿੱਚ ਪੰਜਾਬੀ ਕਵੀਆਂ ਨੇ ਕਿਸਾਨੀ ਦੀ ਚੇਤਨਾ ਵਿਚਾਰਧਾਰਾ ਜੀਵਨ ਚਰਿੱਤਰ ਅਤੇ ਸਮੱਸਿਆਵਾਂ ਨੂੰ ਸਮਾਜਿਕ ਸੱਭਿਆਚਾਰਕ ਤੇ ਆਰਥਿਕ ਪਰਿਪੇਖ ਵਿੱਚ ਸਮਝਣ ਦਾ ਨਿੱਗਰ ਯਤਨ ਕੀਤਾ ਹੈ। ਆਧੁਨਿਕ ਪੰਜਾਬੀ ਕਵਿਤਾ ਕਿਸਾਨੀ ਦੇ ਸਮੁੱਚੇ ਜੀਵਨ ਵਿਵਹਾਰ, ਆਰਥਿਕਤਾ, ਰਾਜਸੀ ਚੇਤਨਾ ਅਤੇ ਮਾਨਸਿਕਤਾ ਨੂੰ ਪ੍ਰਮਾਣਿਕਤਾ ਅਤੇ ਕਲਾਤਮਿਕਤਾ ਰਾਹੀਂ ਪੇਸ਼ ਕਰਨ ਦੇ

ਆਹਰ ਵਿੱਚ ਹੈ। ਭਾਵੇਂ ਇਸ ਖੋਜ ਕਾਰਜ ਵਿੱਚ ਗੁਰਪ੍ਰੀਤ ਸਿੰਘ ਨੇ ਕਵਿਤਾ ਵਿੱਚੋਂ ਕਿਸਾਨੀ ਬਿੰਬਾਂ ਨੂੰ ਲੱਭਣ ਦਾ ਯਤਨ ਕੀਤਾ ਹੈ, ਪ੍ਰੰਤੂ ਇਸ ਆਸ਼ੇ ਨੂੰ ਧਿਆਨ ਵਿੱਚ ਰੱਖਦੇ ਹੋਏ ਵੀ ਉਸ ਨੇ 2010 ਤੱਕ ਦੀ ਕਵਿਤਾ ਨੂੰ ਵਿਚਾਰ ਅਧੀਨ ਰੱਖਿਆ ਹੈ ਜਦਕਿ ਹਥਲੇ ਖੋਜ ਪ੍ਰਬੰਧ ਵਿੱਚ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਰਚੀ ਗਈ ਕਵਿਤਾ ਨੂੰ ਵਿਚਾਰਿਆ ਜਾਵੇਗਾ।

**15. ਹਰਦੀਪ ਸਿੰਘ, ਪੰਜਾਬੀ ਕਵਿਤਾ ਵਿੱਚ ਦਲਿਤ ਅਤੇ ਦਮਿਤ ਸਰੋਕਾਰ ਹਰੇ ਇਨਕਲਾਬ ਦੇ ਪ੍ਰਸੰਗ ਵਿੱਚ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2017.**

ਹਰਦੀਪ ਸਿੰਘ ਨੇ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਮਕਾਲੀ ਕਵਿਤਾ ਜਿੱਥੇ ਮਿੱਥ ਭੰਜਕ ਹੈ ਉੱਥੇ ਵੱਖ ਵੱਖ ਮਿੱਥਾਂ ਨੂੰ ਅੱਜ ਦੇ ਸੰਦਰਭ ਵਿੱਚ ਪੁਨਰ ਪ੍ਰਭਾਸ਼ਿਤ ਵੀ ਕਰਦੀ ਹੈ।ਇਹ ਕਵਿਤਾ ਦਲਿਤ ਸਰੋਕਾਰਾਂ ਦੇ ਨਾਲ ਨਾਲ ਛੋਟੇ ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਹੋਰ ਦਮਿਤ ਹਾਸ਼ੀਆਕ੍ਰਿਤ ਵਰਗਾਂ ਦੇ ਸਰੋਕਾਰਾਂ ਨੂੰ ਵੀ ਬਾਖ਼ੂਬੀ ਚਿਤਰਦੀ ਹੈ। ਖੋਜਾਰਥੀ ਅਨੁਸਾਰ ਪੰਜਾਬ ਵਿੱਚ ਖੇਤ ਮਜ਼ਦੂਰਾਂ ਦੇ ਮਸਲਿਆਂ ਨੂੰ ਮੁਖ਼ਾਤਿਬ ਹੁੰਦੀ ਪੰਜਾਬੀ ਕਵਿਤਾ ਦੀ ਵਿਸ਼ੇਸ਼ ਧਾਰਾ ਕਿਤੇ ਵੀ ਮੌਜੂਦ ਨਹੀਂ ਹੈ। ਇਹ ਜਾਂ ਤਾਂ ਖ਼ਤਮ ਹੋ ਰਹੀ ਨਿਮਨ ਕਿਸਾਨੀ ਦੇ ਦ੍ਰਿਸ਼ਟੀਕੋਣ ਤੋਂ ਸਿਰਜਿਤ ਹੁੰਦੀ ਹੈ ਜਾਂ ਦਲਿਤ ਦ੍ਰਿਸ਼ਟੀਕੋਣ ਤੋਂ।

ਹਰਦੀਪ ਸਿੰਘ ਅਨੁਸਾਰ ਹਰੇ ਇਨਕਲਾਬ ਦੇ ਵੱਖ-ਵੱਖ ਖੇਤਰੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਰਨ ਸਨ। ਹਰੇ ਇਨਕਲਾਬ ਨੇ ਪੰਜਾਬੀ ਸਮਾਜ ਦੇ ਨਾਲ ਨਾਲ ਪੰਜਾਬੀ ਸਾਹਿਤ ਉੱਤੇ ਵੀ ਆਪਣਾ ਪ੍ਰਭਾਵ ਪਾਇਆ ਹੈ। ਪੰਜਾਬ ਦੇ ਦਲਿਤ ਅਤੇ ਦਮਿਤ ਵਰਗਾਂ ਦੀ ਸਥਿਤੀ ਨੂੰ ਹਰੇ ਇਨਕਲਾਬ ਦੇ ਸੰਦਰਭ ਵਿੱਚ ਰੱਖ ਕੇ ਵੇਖਿਆ ਪਤਾ ਲੱਗਦਾ ਹੈ ਕਿ ਜੁਝਾਰਵਾਦੀ ਪੰਜਾਬੀ ਕਵਿਤਾ, ਪੰਜਾਬ ਸੰਕਟ ਦੀ ਕਵਿਤਾ ਅਤੇ ਸਮਕਾਲੀ ਪੰਜਾਬੀ ਕਵਿਤਾ ਵਿੱਚ ਇਨ੍ਹਾਂ ਵਰਗਾਂ ਦੇ ਸਰੋਕਾਰਾਂ ਦੀ ਭਰਮਾਰ ਹੈ। ਪੰਜਾਬੀ ਕਵਿਤਾ ਵਿਚ ਇਹ ਸਰੋਕਾਰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਅੰਬੇਦਕਰਵਾਦੀ ਅਤੇ ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਪੇਸ਼ ਹੋਏ ਹਨ। ਹਰੇ ਇਨਕਲਾਬ ਦੇ ਪ੍ਰਸੰਗ ਵਿਚ ਕੀਤੇ ਗਏ ਇਸ ਖੋਜ ਕਾਰਜ ਵਿੱਚ ਕਿਸਾਨੀ ਸੰਕਟ ਦੀ ਕਵਿਤਾ ਨੂੰ ਵਿਚਾਰਿਆ ਹੈ ਪ੍ਰੰਤੂ

ਪ੍ਰਸਤੁਤ ਖੋਜ ਪ੍ਰਬੰਧ ਇੱਕੀਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ ਹੋਏ ਖੇਤੀ ਅੰਦੋਲਨ ਤੇ ਉਸ ਦੇ ਰੋਹ ਵਜੋਂ ਉਪਜੀ ਕਵਿਤਾ ਕਾਰਨ ਵੱਖਰਾ ਰੂਪ ਅਖਤਿਆਰ ਕਰਦਾ ਹੈ।

16. **ਮੱਖਣ ਸਿੰਘ, ਕਿਸਾਨੀ ਸੰਕਟ ਐਵੇਂ ਕਿਵੇਂ ਖੋਲ੍ਹੋਗੇ ਜ਼ਮੀਨਾਂ ਸਾਡੀਆਂ ਨਾਟਕ ਦੇ ਵਿਸ਼ੇਸ਼ ਸੰਦਰਭ ਵਿੱਚ, ਗੁਰੂ ਕਾਸ਼ੀ ਯੂਨੀਵਰਸਿਟੀ, 2017.** ਕਿਸਾਨੀ ਜੀਵਨ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਦੀ ਗੱਲ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣ ਲਈ ਜ਼ਬਰਦਸਤੀ ਐਕਵਾਇਰ ਕੀਤੀਆਂ ਜਾਣ ਵਾਲੀਆਂ ਜ਼ਮੀਨਾਂ, ਮੁਆਵਜ਼ੇ ਦੇ ਤੌਰ ਤੇ ਗ਼ਰੀਬ ਕਿਸਾਨਾਂ ਨੂੰ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਆਫਰ ਆਦਿ ਦਾ ਜ਼ਿਕਰ ਮਿਲਦਾ ਹੈ। ਮੱਖਣ ਸਿੰਘ ਇਕ ਥਾਈਂ ਆਪ ਲਿਖਦਾ ਹੈ ਕਿ ਇਸ ਖੋਜ ਪ੍ਰਬੰਧ ਪਿੱਛੇ ਮੇਰਾ ਮਕਸਦ ਕਿਸਾਨਾਂ ਦੀ ਕਮਜ਼ੋਰ ਆਰਥਿਕ ਹਾਲਤ ਨੂੰ ਕੇਂਦਰ ਵਿਚ ਰੱਖ ਕੇ ਇਸ ਪਿੱਛੇ ਕਾਰਨਾਂ ਨੂੰ ਲੱਭਣਾ ਸੀ। ਖੋਜਾਰਥੀ ਅਨੁਸਾਰ ਖੇਤ ਸੰਕਟ ਇੱਕ ਸਰਬ ਵਿਆਪੀ ਸ਼ਬਦ ਹੈ ਇਹ ਖੇਤੀ ਨਾਲ ਸਬੰਧਤ ਹਰੇਕ ਔਰਤ-ਮਰਦ, ਜ਼ਮੀਨੇ-ਬੇਜ਼ਮੀਨੇ, ਖੇਤ-ਮਜ਼ਦੂਰ ਹਰ ਵਰਗ ਦੇ ਸੰਕਟ ਦੀ ਪ੍ਰਤੀਨਿਧਤਾ ਕਰਦਾ ਹੈ, ਹਰੀ ਕ੍ਰਾਂਤੀ ਦੁਆਰਾ ਕੁਝ ਸਮੇਂ ਕਿਸਾਨਾਂ ਨੂੰ ਦਿੱਤੀ ਖੁਸ਼ੀ ਅਤੇ ਕਾਰਪੋਰੇਟ ਤੇ ਉਦਯੋਗਪਤੀਆਂ ਨੂੰ ਦਿੱਤੇ ਵੱਡੇ ਮੁਨਾਫ਼ੇ ਉਪਰ ਸਵਾਲੀਆ ਚਿੰਨ੍ਹ ਖੜ੍ਹਾ ਕਰਦਾ ਹੈ। ਅਜਮੇਰ ਸਿੰਘ ਔਲਖ ਦੇ ਇਸ ਨਾਟਕ ਨੂੰ ਪਿੱਠ ਭੂਮੀ ਵਿਚ ਰੱਖਦਿਆਂ ਖੋਜਾਰਥੀ ਨੇ ਸਮੁੱਚੇ ਕਿਸਾਨ ਵਰਗ ਵਿਸ਼ੇਸ਼ਕਰ ਨਿਮਨ ਕਿਸਾਨੀ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਕ ਵਿਸ਼ੇਸ਼ ਨਾਟਕ ਨੂੰ ਆਧਾਰ ਬਣਾ ਕੇ ਕੀਤੇ ਗਏ ਖੋਜ ਕਾਰਜ ਹਥਲੇ ਖੋਜ ਪ੍ਰਬੰਧ ਨਾਲੋਂ ਕਾਫੀ ਵੱਖਰਾ ਹੈ।

17. **ਰਮਨਦੀਪ ਕੌਰ, ਬਲਬੀਰ ਪਰਵਾਨਾ ਦੇ ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਸੰਕਟ ਦਾ ਕਿਸਾਨੀ ਸਮਾਜ ਤੇ ਪ੍ਰਭਾਵ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, 2019** ਇਸ ਖੋਜ ਕਾਰਜ ਵਿੱਚ ਸਰਕਾਰੀ ਨੀਤੀਆਂ ਅਤੇ ਭ੍ਰਿਸ਼ਟਾਚਾਰੀ ਦੇ ਪੰਜਾਬੀ ਕਿਸਾਨੀ ਤੇ ਪ੍ਰਭਾਵ, ਨਾਵਲਾਂ ਵਿਚ ਪ੍ਰਸਤੁਤ ਕਿਸਾਨੀ ਜੀਵਨ ਉੱਪਰ ਪਏ ਹਰੀ ਕ੍ਰਾਂਤੀ ਦੇ ਪ੍ਰਭਾਵਾਂ ਦਾ ਮੁਲਾਂਕਣ ਤੇ ਨਾਵਲਾਂ ਵਿੱਚ ਪ੍ਰਸਤੁਤ ਕਿਸਾਨੀ ਜੀਵਨ ਵਿੱਚ ਆਰਥਿਕ, ਮਾਨਸਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਸ਼ੋਸ਼ਣ ਦੇ ਪ੍ਰਭਾਵਾਂ ਨੂੰ ਪ੍ਰਸਤੁਤ

ਕੀਤਾ। ਇਸ ਖੋਜ ਕਾਰਜ ਵਿਚ ਡਾ. ਰਮਨਦੀਪ ਕੌਰ ਦੱਸਦੇ ਹਨ ਕਿ ਕਿਵੇਂ ਨਿਮਨ ਕਿਸਾਨੀ ਨੇ ਸੰਕਟਮਈ ਪਰਸਥਿਤੀਆਂ ਵਿਚ ਗ੍ਰਸਤ ਹੋਣ ਕਾਰਨ ਆਤਮਹੱਤਿਆਵਾਂ ਦਾ ਰਾਹ ਅਖਤਿਆਰ ਕੀਤਾ। ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਕਾਰਨ ਆਰਥਿਕ, ਰਾਜਸੀ, ਸਮਾਜਿਕ, ਮਾਨਸਿਕ ਅਤੇ ਸਭਿਆਚਾਰਕ ਕਿਸਮ ਦੇ ਪ੍ਰਭਾਵ ਉਨ੍ਹਾਂ ਦੇ ਪਰਿਵਾਰਾਂ ਉੱਪਰ ਪਏ।

ਇਹ ਖੋਜ ਕਾਰਜ ਅਜਿਹੇ ਹੀ ਕਿਸਾਨੀ ਜੀਵਨ ਉੱਪਰ ਪਏ ਸੰਕਟ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸਮੁੱਚੇ ਤੌਰ ਤੇ ਨਾਵਲ ਵਿੱਚ ਪੂੰਜੀਵਾਦੀ ਕਾਰਪੋਰੇਟ ਮਾਡਲਾਂ ਦੇ ਪ੍ਰਭਾਵ ਕਾਰਨ ਡਾਵਾਂਡੋਲ ਹੋਈ ਕਿਸਾਨੀ, ਸੱਭਿਆਚਾਰਕ ਜੀਵਨ ਜਾਂਚ ਵਿੱਚ ਆਇਆ ਪਰਿਵਰਤਨ, ਰਿਸ਼ਤੇ ਨਾਤਿਆਂ ਦਾ ਤਿੜਕਣਾ, ਨੌਜਵਾਨ ਪੀੜ੍ਹੀ ਦੀ ਦਿਸ਼ਾਹੀਣਤਾ, ਪੈਸਾ ਕੇਂਦਰਿਤ ਤੇ ਸਵੈ ਕੇਂਦਰਿਤ ਰੁਚੀਆਂ, ਜਾਇਜ਼ ਨਾਜਾਇਜ਼ ਢੰਗ ਦੀ ਵਰਤੋਂ ਆਦਿ ਮਸਲਿਆਂ ਨੂੰ ਨਵੇਂ ਯਥਾਰਥ ਰਾਹੀਂ ਪਾਠਕਾਂ ਸਾਹਮਣੇ ਖੋਲ੍ਹਿਆ ਹੈ। ਇਸ ਖੋਜ ਕਾਰਜ ਰਾਹੀਂ ਕਿਸਾਨੀ ਜੀਵਨ ਉੱਪਰ ਪੈਂਦੇ ਸੰਕਟ ਦੇ ਪ੍ਰਭਾਵਾਂ ਇਨ੍ਹਾਂ ਦੇ ਹੱਲ ਤੇ ਸੁਝਾਅ ਨੂੰ ਲੱਭਣ ਦਾ ਯਤਨ ਕੀਤਾ ਗਿਆ ਹੈ। ਵਿਸ਼ੇਸ਼ ਨਾਵਲਕਾਰ ਦੁਆਰਾ ਲਿਖੇ ਗਏ ਨਾਵਲਾਂ ਨੂੰ ਆਧਾਰ ਬਣਾ ਕੇ ਕੀਤੇ ਗਏ ਅਧਿਐਨ ਦਾ ਇਸ ਹੱਥਲੇ ਕਾਰਜ ਪ੍ਰਬੰਧ ਨਾਲੋਂ ਕਾਫ਼ੀ ਵਖਰੇਵਾਂ ਹੈ।

18. **ਜਿੱਤਪਾਲ ਸਿੰਘ, ਸਮਕਾਲੀ ਪੰਜਾਬੀ ਨਾਵਲ ਵਿਚ ਕਿਸਾਨੀ ਦਾ ਆਰਥਿਕ ਅਤੇ ਸੱਭਿਆਚਾਰਕ ਸੰਕਟ 2000ਈ ਤੋਂ ਬਾਅਦ ਦੇ ਪੰਜਾਬੀ ਨਾਵਲਾਂ ਦੇ ਸੰਦਰਭ ਵਿੱਚ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2019.** ਇੱਕੀਵੀਂ ਸਦੀ ਦੇ ਮੁੱਖ ਨਾਵਲਕਾਰ ਅਵਤਾਰ ਸਿੰਘ ਬਿਲਿੰਗ, ਬਲਦੇਵ ਸਿੰਘ, ਗੁਰਦਿਆਲ ਸਿੰਘ ਉੱਥੇ ਪਰਗਟ ਸਿੰਘ ਸਿੱਧੂ ਦੇ ਨਾਵਲਾਂ ਨੂੰ ਆਧਾਰ ਬਣਾ ਕੇ ਇਨ੍ਹਾਂ ਵਿੱਚ ਪੇਸ਼ ਕਿਸਾਨੀ ਜੀਵਨ ਦੀਆਂ ਆਰਥਿਕ ਸਮੱਸਿਆਵਾਂ ਤੇ ਉਨ੍ਹਾਂ ਸਮੱਸਿਆਵਾਂ ਪਿੱਛੇ ਕਾਰਜਸ਼ੀਲ ਸਮਾਜਿਕ ਇਤਿਹਾਸਕ ਵਰਤਾਰੇ ਨੂੰ ਫਰੋਲਿਆ ਹੈ। ਇਨ੍ਹਾਂ ਨਾਵਲਾਂ ਆਧਾਰਿਤ ਖੋਜ ਰਾਹੀਂ ਖੋਜਾਰਥੀ ਸਪਸ਼ਟ ਕਰਦਾ ਹੈ ਕਿ ਕਿਸਾਨੀ ਦੀ ਨਵੀਂ ਪੀੜ੍ਹੀ ਸੰਘਰਸ਼ ਦੇ ਰਾਹ ਤੋਂ ਖੁੰਝ

ਉਪਭੋਗਤਾਵਾਦ ਦੇ ਵਹਿਣ ਵਿੱਚ ਵਹਿੰਦੀ ਹੋਈ ਸਮੂਹ ਨਾਲੋਂ ਟੁੱਟਣ ਲੱਗਦੀ ਹੈ। ਜ਼ਮੀਨ ਦੀ ਮਾਲਕੀ ਨੂੰ ਬਚਾਉਣ ਅਤੇ ਹਥਿਆਉਣ ਲਈ ਹਰ ਪ੍ਰਕਾਰ ਦੇ ਨੈਤਿਕ-ਅਨੈਤਿਕ ਢੰਗ-ਤਰੀਕੇ ਜਾਇਜ਼ ਮੰਨੇ ਜਾਂਦੇ ਹਨ।

ਪੰਜਾਬੀ ਨਾਵਲ ਜ਼ਮੀਨ ਅਤੇ ਔਰਤ ਦੀ ਅਣਹੋਂਦ ਕਾਰਨ ਪੈਦਾ ਹੋਏ ਸਮਾਜ-ਸਭਿਆਚਾਰਕ ਅਤੇ ਭਾਵਨਾਤਮਕ ਸੰਕਟ ਦਾ ਚਿਤਰਣ ਵੀ ਕਰਦਾ ਹੈ। ਹਰੀ ਕ੍ਰਾਂਤੀ ਦੇ ਦੌਰ ਵਿੱਚ ਹੋਈ ਸਮਾਜਿਕ-ਆਰਥਿਕ ਟੁੱਟ-ਭੱਜ ਸਦਕਾ ਪੰਜਾਬ ਦੇ ਸਮਾਜ ਸਭਿਆਚਾਰਕ ਅਰਥਚਾਰੇ ਅਤੇ ਰਾਜਨੀਤੀ ਵਿੱਚ ਭਾਰੂ ਹੋ ਰਹੀ ਜਮਾਤ ਦੀ ਪੇਸ਼ਕਾਰੀ ਪੰਜਾਬੀ ਨਾਵਲ ਵਿਚ ਬਾਖ਼ੂਬੀ ਹੋਈ ਹੈ। ਇਹ ਦੌਰ ਵਿੱਚ ਧਨੀ ਕਿਸਾਨੀ ਬਹੁਤ ਤੇਜ਼ੀ ਨਾਲ ਪ੍ਰਫੁੱਲਤ ਹੁੰਦੀ ਹੈ ਅਤੇ ਨਿਮਨ ਕਿਸਾਨੀ ਦੇ ਸੰਕਟਾਂ ਵਿਚ ਵਾਧਾ ਹੁੰਦਾ ਹੈ। ਹਥਲੇ ਖੋਜ ਪ੍ਰਬੰਧ ਦਾ ਇਸ ਖੋਜ ਕਾਰਜ ਨਾਲੋਂ ਵਿਧਾ ਪੱਖ ਤੋਂ ਅੰਤਰ ਹੈ।

19. **ਹਰਪ੍ਰੀਤ ਸਿੰਘ, ਸਮਕਾਲੀ ਪੰਜਾਬੀ ਕਵਿਤਾ ਦਾ ਵਿਚਾਰਧਾਰਕ ਅਧਿਐਨ ਜਸਵੰਤ ਦੀਦ, ਬਲਬੀਰ ਮਾਧੋਪੁਰੀ, ਦਵਨੀਤ ਸੁਖਪਾਲ ਅਤੇ ਪਾਲ ਕੌਰ ਦੇ ਵਿਸ਼ੇਸ਼ ਸੰਦਰਭ ਵਿੱਚ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2019.** ਇਸ ਖੋਜ ਕਾਰਜ ਵਿਚ ਸਮਕਾਲੀ ਪੰਜਾਬੀ ਕਵਿਤਾ ਦਾ ਵਿਚਾਰਧਾਰਕ ਵਿਸ਼ਲੇਸ਼ਣ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਵਿਤਾ ਦਾ ਵਿਚਾਰਧਾਰਕ ਪਰਿਪੇਖ ਸਿਰਜਦਿਆਂ ਉਨ੍ਹਾਂ ਪਹਿਲਾਂ ਸਮਕਾਲ, ਨਵੀਨ ਅਤੇ ਆਧੁਨਿਕ ਦਾ ਸੰਕਲਪੀ ਨਿਖੇੜ ਕੀਤਾ ਹੈ ਅਤੇ ਇਸ ਦੇ ਮਹੱਤਵਪੂਰਨ ਪਦਾਂ ਦਾ ਵਿਸ਼ਲੇਸ਼ਣ ਕਰਕੇ ਪੰਜਾਬੀ ਕਵਿਤਾ ਦੇ ਵਿਚਾਰਧਾਰਕ ਮਸਲੇ ਸਮਝੇ ਗਏ ਹਨ। ਉਨ੍ਹਾਂ ਨੇ ਇਸ ਨੂੰ ਵਿਸ਼ੇਸ਼, ਮਾਨਸਿਕ, ਵਿਚਾਰਧਾਰਕ, ਬੌਧਿਕ, ਭਾਵੁਕ, ਤਾਰਕਿਕ, ਵਿਗਿਆਨਕ, ਦ੍ਰਿਸ਼ਟੀਕੋਣ ਵਜੋਂ ਸਮਝਿਆ ਹੈ। ਉਨ੍ਹਾਂ ਅਨੁਸਾਰ ਸਮਕਾਲੀ ਪੰਜਾਬੀ ਕਵਿਤਾ ਦੀ ਸੂਝ ਵਿਸ਼ਲੇਸ਼ਣੀ ਹੋ ਰਹੀ ਹੈ। ਇਹ ਨਵੀਂ ਕਵਿਤਾ ਨਵ ਪੂੰਜੀਵਾਦੀ

ਪ੍ਰਵਚਨਾ, ਧਰਮ ਦੇ ਮੰਡੀਕਰਨ, ਸਮਾਜਿਕ, ਸਭਿਆਚਾਰਕ ਤੇ ਆਰਥਿਕ ਅਸਮਾਨਤਾ ਅਤੇ ਰਾਜਨੀਤਿਕ ਸੰਕਟਾਂ ਨੂੰ ਸਮਕਾਲ ਤੇ ਭਵਿੱਖਮਈ ਸੰਦਰਭਾਂ 'ਚ ਵਾਚ ਰਹੀ ਹੈ।

ਇਸ ਖੋਜ ਕਾਰਜ ਵਿੱਚ ਭਾਵੇਂ ਸਮਾਜਿਕ, ਸਭਿਆਚਾਰਕ, ਆਰਥਿਕ, ਧਾਰਮਿਕ ਆਦਿ ਕਈ ਮਸਲਿਆਂ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਵਾਚਣ ਦਾ ਯਤਨ ਕੀਤਾ ਗਿਆ ਹੈ ਪ੍ਰੰਤੂ ਇਸ ਸਭ ਵਿੱਚ ਕਿਰਸਾਨੀ ਅਤੇ ਇਸ ਨਾਲ ਸਬੰਧਿਤ ਹੋਰ ਮੂਲ ਮਸਲਿਆਂ ਨੂੰ ਅੱਖੋਂ ਓਹਲੇ ਕੀਤਾ ਗਿਆ ਹੈ।

20. **ਨਾਇਬ ਸਿੰਘ, ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿੱਚ ਨਿਮਨ ਕਿਸਾਨੀ ਸੰਕਟ,ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, 2019.** ਇਸ ਖੋਜ ਕਾਰਜ ਵਿੱਚ ਨਾਇਬ ਸਿੰਘ ਨੇ ਵਿਸ਼ਵੀਕਰਨ ਦੇ ਦੌਰ ਦੇ ਨਾਵਲ ਵਿੱਚ ਨਿਮਨ ਕਿਸਾਨੀ ਦਾ ਆਰਥਿਕ ਸੰਕਟ, ਰਾਜਨੀਤਕ ਸੰਕਟ, ਸਭਿਆਚਾਰਕ ਸੰਕਟ ਅਤੇ ਨਿਮਨ ਕਿਸਾਨ ਪਰਿਵਾਰ ਦੀ ਔਰਤ ਦੀ ਤ੍ਰਾਸਦਿਕ ਪੇਸ਼ਕਾਰੀ ਕੀਤੀ ਹੈ। ਵਿਸ਼ਵੀਕਰਨ ਦੇ ਅਰਥ ਸਰੂਪ ਅਤੇ ਹੋਰ ਭਿੰਨ ਭਿੰਨ ਪੱਖਾਂ ਨੂੰ ਵਿਚਾਰਦਿਆਂ ਹੋਇਆਂ ਖੋਜਾਰਥੀ ਨੇ ਨਾਵਲਾਂ ਨੂੰ ਪਿੱਠਭੂਮੀ ਵਿੱਚ ਰੱਖ ਕੇ ਆਰਥਿਕ ਸੰਕਟ ਦਾ ਵੱਡਾ ਕਾਰਨ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਠਹਿਰਾਇਆ ਹੈ। ਖੋਜਾਰਥੀਆਂ ਅਨੁਸਾਰ ਇਹ ਆਰਥਿਕ ਨੀਤੀਆਂ ਸਿੱਧੇ ਤੌਰ ਤੇ ਰਾਜਨੀਤਿਕ ਹੁੰਦੀਆਂ ਹਨ ਜਿਸ ਕਾਰਨ ਨਿਮਨ ਕਿਸਾਨੀ ਰਾਜਨੀਤਕ ਸੰਕਟ ਦਾ ਵੀ ਸ਼ਿਕਾਰ ਹੁੰਦੀ ਹੈ।

ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਨਤੀਜੇ ਵਜੋਂ ਇਕ ਸਭਿਆਚਾਰਕ ਸੰਕਟ ਵੀ ਪੈਦਾ ਹੋਇਆ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਹੋਇਆ ਹੈ, ਔਰਤ ਨੂੰ ਵੀ ਮੰਡੀ ਸਭਿਆਚਾਰ ਵਿੱਚ ਮੰਡੀ ਦੀ ਵਸਤੂ ਸਮਝ ਵੇਚਿਆ/ਖ਼ਰੀਦਿਆ ਜਾਂਦਾ ਹੈ। ਇਸ ਵਰਤਾਰੇ ਕਾਰਨ ਜਿੱਥੇ ਖ਼ੁਦਕੁਸ਼ੀਆਂ ਦੇ ਰੁਝਾਨ ਵਧੇ ਹਨ ਉੱਥੇ ਹੀ ਨਿਮਨ ਕਿਸਾਨੀ ਵਰਤਮਾਨ ਅਤੇ ਭਵਿੱਖ ਨੂੰ ਸੁਧਾਰਨ ਲਈ ਯਤਨ ਤਾਂ ਕਰਦੀ ਹੈ ਪ੍ਰੰਤੂ ਇਸ ਸੰਕਟ ਵਿੱਚੋਂ ਨਿਕਲਣ ਦੀ ਥਾਂ ਸੰਕਟ ਵਿੱਚ ਹੋਰ ਡੂੰਘਾ ਫਸਦੀ ਨਜ਼ਰ ਆਉਂਦੀ ਹੈ। ਨਿਸ਼ਕਰਸ਼ ਦੇ ਰੂਪ ਵਿੱਚ ਨਾਇਬ ਸਿੰਘ ਨੇ ਲਿਖਿਆ ਹੈ ਕਿ ਵਿਸ਼ਵੀਕਰਨ

ਨੇ ਸਮਾਜ ਦੇ ਹਰੇਕ ਪੱਖ ਨੂੰ ਪ੍ਰਭਾਵਿਤ ਕੀਤਾ ਹੈ ਪ੍ਰੰਤੂ ਨਿਮਨ ਕਿਸਾਨ ਨੂੰ ਸੰਕਟ ਗ੍ਰਸਤ ਕੀਤਾ ਹੈ ਜਿਸ ਕਾਰਨ ਨਿਮਨ ਕਿਸਾਨ ਹਾਸ਼ੀਆ ਗ੍ਰਸਤ ਖੇਤਰ ਵਿੱਚ ਚਲਾ ਗਿਆ ਹੈ। ਸੰਕਟਗ੍ਰਸਤ ਕਿਸਾਨ ਆਪਣਾ ਅਸਤਿੱਤਵ ਗੁਆ ਰਿਹਾ ਹੈ, ਅਜਿਹੀ ਸਥਿਤੀ ਵਿੱਚ ਨਿਮਨ ਕਿਸਾਨਾਂ ਅਤੇ ਉਨ੍ਹਾਂ ਦੀਆਂ ਫ਼ਸਲਾਂ ਦੀ ਮੁਕੰਮਲ ਸੁਰੱਖਿਆ ਜ਼ਰੂਰੀ ਹੈ। ਜਿੱਥੇ ਖੋਜ ਕਾਰਜ ਨਿਰੋਲ ਨਾਵਲਾਂ ਉੱਪਰ ਆਧਾਰਿਤ ਹੈ ਉਥੇ ਹੀ ਇਹ ਕਾਰਜ 2019 ਵਿੱਚ ਸੰਪੂਰਨ ਹੋ ਗਿਆ ਜਦੋਂ ਕਿ ਕਿਸਾਨੀ ਨਾਲ ਜੁੜਿਆ ਇੱਕ ਵੱਡਾ ਘੋਲ ਇਸ ਤੋਂ ਬਾਅਦ ਵਿੱਚ ਸ਼ੁਰੂ ਹੁੰਦਾ ਹੈ।

ਉਪਰੋਕਤ ਖੋਜ-ਕਾਰਜਾਂ ਦੇ ਅਧਿਐਨ ਤੋਂ ਬਾਅਦ ਇਹ ਗੱਲ ਭਲੀ ਭਾਂਤ ਹੀ ਸਪਸ਼ਟ ਹੋ ਜਾਂਦੀ ਹੈ ਕਿ ਪ੍ਰਸਤਾਵਿਤ ਖੋਜ-ਕਾਰਜ ਬਿਲਕੁਲ ਨਿਵੇਕਲਾ ਅਤੇ ਮੌਲਿਕ ਹੈ। ਇਸ ਖੋਜ-ਕਾਰਜ ਨਾਲ ਸੰਬੰਧਿਤ ਅਜੇ ਕੋਈ ਵੀ ਖੋਜ-ਕਾਰਜ ਸਿੱਧੇ ਰੂਪ ਵਿਚ ਨਹੀਂ ਹੋਇਆ ਹੈ। ਪਹਿਲਾਂ ਹੋ ਚੁੱਕੇ ਖੋਜ-ਕਾਰਜਾਂ ਦੀ ਦਿਸ਼ਾ, ਸਰੂਪ ਬਿਲਕੁਲ ਇਸ ਖੋਜ-ਕਾਰਜ ਨਾਲੋਂ ਵਿਲੱਖਣ ਹੈ। ਪਹਿਲਾਂ ਹੋ ਚੁੱਕੇ ਖੋਜ-ਕਾਰਜਾਂ ਵਿਚ ਕਿਸਾਨੀ ਸੰਕਟ ਜਾਂ ਤਾਂ ਵਧੇਰੇ ਸਾਹਿਤ ਦੇ ਨਾਵਲ ਰੂਪ ਨਾਲ ਸੰਬੰਧਿਤ ਹੈ ਜਾਂ ਸਾਹਿਤ ਦੀ ਕਿਸੇ ਹੋਰ ਵਿਧਾ ਨਾਲ। ਜਿਹੜੇ ਕੁੱਝ ਖੋਜ ਪ੍ਰਬੰਧ ਕਵਿਤਾ ਦੇ ਨਾਲ ਸੰਬੰਧਿਤ ਮਿਲਦੇ ਵੀ ਹਨ ਉਨ੍ਹਾਂ ਵਿਚ ਕਿਸਾਨੀ ਸੰਕਟ ਦੀ ਗੱਲ ਨਹੀਂ ਕੀਤੀ ਗਈ ਹੈ ਤੇ ਉਹ ਹੋਰਨਾਂ ਪੱਖਾਂ ਨਾਲ ਸੰਬੰਧਿਤ ਹਨ। ਵਿਸ਼ੇਸ਼ਕਰ ਇੱਕੀਵੀਂ ਸਦੀ ਦੌਰਾਨ ਆਈਆਂ ਤਬਦੀਲੀਆਂ ਕਾਰਨ ਪ੍ਰਸਥਿਤੀਆਂ ਵਿਚ ਆਏ ਬਦਲਾਵਾਂ ਨੂੰ ਸਮਝਣ ਲਈ ਪ੍ਰਸਤੁਤ ਖੋਜ ਕਾਰਜ ਪੂਰਵ ਖੋਜ-ਕਾਰਜਾਂ ਨਾਲੋਂ ਵੱਖਰੇ ਸਰੂਪ ਦਾ ਹੈ। ਪੂਰਵ ਖੋਜ-ਕਾਰਜਾਂ ਵਿਚ ਕੋਈ ਵੀ ਸਪੱਸ਼ਟ ਅਜਿਹਾ ਖੋਜ-ਕਾਰਜ ਨਹੀਂ ਮਿਲਦਾ ਹੈ ਜੋ ਇਸ ਵਿਸ਼ੇ ਨਾਲ ਮਿਲਦਾ-ਜੁਲਦਾ ਹੋਵੇ। ਕਿਸਾਨੀ ਸੰਘਰਸ਼ ਕਾਰਨ ਆਈਆਂ ਸਮਾਜਿਕ ਤਬਦੀਲੀਆਂ ਅਤੇ ਇਸ ਦੇ ਸਾਹਿਤ ਦੇ ਕਾਵਿ ਰੂਪ ਨਾਲ ਸੰਬੰਧਾਂ ਨੂੰ ਪ੍ਰਸਤਾਵਿਤ ਖੋਜ-ਕਾਰਜ ਵਿੱਚ ਵਿਚਾਰਿਆ ਜਾਵੇਗਾ। ਸਮਕਾਲੀ ਪੰਜਾਬੀ ਕਵਿਤਾ ਵਿਚ ਪੇਸ਼ ਕਿਸਾਨ ਸੰਕਟ ਸਮਾਜ ਵਿੱਚ ਉੱਭਰੀ ਜਾਗ੍ਰਿਤੀ ਦਾ ਪ੍ਰਤੀਕ ਹੈ।

## 1.2 ਪ੍ਰਸਤਾਵਿਤ ਖੋਜ-ਕਾਰਜ ਦੀ ਸਾਰਥਕਤਾ

ਆਰੰਭਕ ਸਮੇਂ ਤੋਂ ਮਨੁੱਖ ਦੁਆਰਾ ਅਪਣਾਏ ਗਏ ਕਿੱਤਿਆਂ ਵਿਚੋਂ ਖੇਤੀ ਮੁੱਢਲਾ ਕਿੱਤਾ ਹੈ ਤੇ ਵਰਤਮਾਨ ਸਮੇਂ ਤੱਕ ਇਸ ਕਿੱਤੇ ਉੱਪਰ ਮਨੁੱਖੀ ਨਿਰਭਰਤਾ ਜਿਉਂ ਦੀ ਤਿਉਂ ਬਣੀ ਹੋਈ ਹੈ। ਅਜੋਕੇ ਸਮੇਂ ਭਾਰਤ ਵਿਚ ਕਿਸਾਨੀ ਸੰਕਟ ਇਕ ਅਤਿ ਪ੍ਰਭਾਵੀ ਮਸਲੇ ਦੇ ਰੂਪ ਵਿਚ ਸਾਡੇ ਸਾਹਮਣੇ ਆਇਆ ਹੈ। ਪ੍ਰਸਤਾਵਿਤ ਖੋਜ-ਕਾਰਜ ਦੀ ਸਾਰਥਿਕਤਾ ਦਾ ਸਭ ਤੋਂ ਮਹੱਤਵਪੂਰਨ ਪੱਖ ਸਮਕਾਲੀ ਪੰਜਾਬੀ ਕਵਿਤਾ ਵਿੱਚ ਪੇਸ਼ ਹੋਏ ਕਿਸਾਨੀ ਸੰਕਟ ਦੀ ਪ੍ਰਸਤੁਤੀ ਰਾਹੀਂ ਕਿਸਾਨੀ ਸੰਕਟ ਅਤੇ ਇਸ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਸਮਝਣਾ ਹੈ। ਅਜੋਕੇ ਸਮੇਂ ਵਿਚ ਬਹੁਤ ਸਾਰੇ ਕਵੀਆਂ ਨੇ ਇਸ ਨਿਵੇਕਲੇ ਵਿਸ਼ੇ ਨੂੰ ਕਾਵਿ ਰਚਨਾਵਾਂ ਰਾਹੀਂ ਛੂਹਿਆ ਹੈ। ਇਸ ਲਈ ਸਮਾਜ ਵਿਚ ਇਸ ਅਤਿ ਮਹੱਤਵਪੂਰਣ ਵਿਸ਼ੇ ਬਾਰੇ ਪੜਚੋਲ ਕਰ ਕੇ ਇਸ ਦਾ ਵਿਸ਼ਲੇਸ਼ਣ ਕਰਨਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਤਾਂ ਕਿ ਸਮਾਜ ਇਸ ਪਿਛਲੇ ਕਾਰਨਾਂ ਨੂੰ ਜਾਣ ਕੇ ਇਸ ਸੰਕਟ ਤੋਂ ਬਚਣ ਲਈ ਸੰਭਾਵੀ ਹੱਲ ਤਲਾਸ਼ਣ ਦਾ ਯਤਨ ਕਰੇ। ਨਿਰੰਤਰ ਬਦਲਦੇ ਸਮਾਜ ਅਤੇ ਸਮਾਜਿਕ ਪ੍ਰਸਥਿਤੀਆਂ ਵਿੱਚ ਉਪਜੀ ਕਿਸਾਨ ਕਾਵਿ ਚੇਤਨਾ, ਇਸ ਪਿਛਲੀਆਂ ਸਥਿਤੀਆਂ, ਇਸ ਦੇ ਉਦੇਸ਼ਾਂ ਦਾ ਮੁਲਾਂਕਣ ਕਰਨਾ ਹਥਲੇ ਖੋਜ-ਪ੍ਰਬੰਧ ਦੇ ਵਿਵੇਚਣ ਦਾ ਕੇਂਦਰ ਬਿੰਦੂ ਰਹੇਗਾ। ਪ੍ਰਸਤੁਤ ਖੋਜ ਕਾਰਜ ਦੀ ਸਾਰਥਕਤਾ ਇਹ ਹੈ ਕਿ ਸਮਾਜ ਵਿਚ ਚੁਣੌਤੀ ਬਣੇ ਕਿਸਾਨੀ ਸੰਕਟ ਦੀ ਪਰਤਾਂ ਖੋਲਦਾ ਹੈ।

## 1.3 ਉਦੇਸ਼:

ਹਰੇਕ ਸਾਹਿਤਕ ਕਾਰਜ ਕਿਸੇ ਨਾ ਕਿਸੇ ਉਦੇਸ਼ ਜਾਂ ਮੰਤਵ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ। ਇਸ ਮੰਤਵ ਪਿੱਛੇ ਸਮਾਜ ਦੀ ਭਲਾਈ ਲੁਕੀ ਹੁੰਦੀ ਹੈ। ਪ੍ਰਸਤਾਵਿਤ ਖੋਜ-ਕਾਰਜ ਦੇ ਉਦੇਸ਼ਾਂ ਨੂੰ ਨਿਮਨਲਿਖਤ ਨੁਕਤਿਆਂ ਅਧੀਨ ਵਿਚਾਰਿਆ ਜਾ ਸਕਦਾ ਹੈ :-

1. ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ, ਵਿਕਾਸ ਅਤੇ ਇਸ ਦੇ ਵਿਭਿੰਨ ਪਸਾਰਾਂ ਨੂੰ ਸਮਝਦਿਆਂ ਹੋਇਆ ਜੀਵਨ ਵਿਕਾਸ ਦੀ ਇਤਿਹਾਸਿਕ ਪ੍ਰਸੰਗਕਤਾ ਵਿੱਚ ਕਿਸਾਨ ਦੀ ਭੂਮਿਕਾ ਨੂੰ ਸਮਝਣ ਦਾ ਯਤਨ ਕਰਨਾ।
2. ਸਮਕਾਲੀ ਪੰਜਾਬੀ ਕਵਿਤਾ ਵਿਚ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ।
3. ਕਿਸਾਨੀ ਸੰਕਟ ਨਾਲ ਪੈਦਾ ਹੋਈਆਂ ਸਮਾਜ–ਸਭਿਆਚਾਰਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਸਥਿਤੀਆਂ ਦਾ ਅਧਿਐਨ ਕਰਨਾ।
4. ਕਿਸਾਨੀ ਸੰਕਟ ਨਾਲ ਪੈਦਾ ਹੋਈਆਂ ਪ੍ਰਸਥਿਤੀਆਂ ਦੇ ਪਿਛੋਕੜ ਵਿਚ ਕਾਰਜਸ਼ੀਲ ਤੱਤਾਂ ਦੀ ਪਛਾਣ ਕਰਨੀ।
5. ਕਿਸਾਨੀ ਸੰਕਟ ਨਾਲ ਪੈਦਾ ਹੋਈ ਕਾਵਿ ਚੇਤਨਾ ਦਾ ਪਰਵਿਰਤੀ ਮੂਲਕ ਅਧਿਐਨ ਕਰਨਾ।

## 1.4 ਖੋਜ ਡਿਜ਼ਾਇਨ ਅਤੇ ਵਿਧੀ

ਖੋਜ ਡਿਜ਼ਾਇਨ, ਖੋਜ ਵਿਧੀ ਅਤੇ ਖੋਜ ਪਹੁੰਚ ਵਿਧੀ ਆਪਣੇ ਆਪ ਵਿਚ ਇਕ ਦੂਜੇ ਦੇ ਪੂਰਕ ਹਨ। ਇਸ ਲਈ ਖੋਜ ਕਾਰਜ ਵਿਚ ਇਨ੍ਹਾਂ ਦੀ ਭੂਮਿਕਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਖੋਜ ਕਾਰਜ ਨੂੰ ਪੂਰਾ ਕਰਨ ਲਈ ਉਸ ਦਾ ਇਕ ਖਾਕਾ ਅਖਤਿਆਰ ਕੀਤਾ ਜਾਂਦਾ ਹੈ। ਇਹ ਖਾਕਾ ਇਕ ਪ੍ਰਕਾਰ ਦੀ ਖੋਜ ਦੀ ਰੂਪ ਰੇਖਾ ਹੁੰਦੀ ਹੈ। ਆਮਤੌਰ ਤੇ ਕਿਸੇ ਖੋਜ ਕਾਰਜ ਦੇ ਖਾਕੇ ਜਾਂ ਡਿਜ਼ਾਇਨ ਵਿਚ ਦੋ ਨੁਕਤੇ ਮੁੱਖ ਹੁੰਦੇ ਹਨ ਜਿਨ੍ਹਾਂ ਦੇ ਆਧਾਰ ਤੇ ਖੋਜ ਪ੍ਰਬੰਧ ਦੀ ਰੂਪ ਰੇਖਾ ਉਲੀਕੀ ਜਾਂਦੀ ਹੈ। ਪਹਿਲੇ ਕਿਸਮ ਦੇ ਡਿਜ਼ਾਇਨ ਅਨੁਸਾਰ ਖੋਜ ਗੁਣਾਤਮਕ ਬਿਰਤੀ ਦੀ ਹੋ ਸਕਦੀ ਹੈ ਤੇ ਦੂਜੇ ਅਨੁਸਾਰ ਇਹ ਗਿਣਾਤਮਕ ਹੋ ਸਕਦੀ ਹੈ। ਸਾਹਿਤਕ ਖੇਤਰ ਵਿਚਲੀ ਖੋਜ ਗਿਣਾਤਮਕ ਬਿਰਤੀ ਦੀ ਬਜਾਇ ਗੁਣਾਤਮਕ ਬਿਰਤੀ ਦੇ ਜਿਆਦਾ ਨੇੜੇ ਹੁੰਦੀ ਹੈ। ਪ੍ਰਸਤਾਵਿਤ ਖੋਜ-ਕਾਰਜ '**ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ)** ਵਿਚ ਵੀ ਖੋਜ ਦਾ

ਸਰੂਪ ਗੁਣਾਤਮਕ ਹੈ। ਪਰੰਤੂ ਇਸ ਗੱਲ ਨੂੰ ਵੀ ਨਹੀਂ ਨਕਾਰਿਆ ਜਾਂਦਾ ਕਿ ਵਿਸ਼ੇ ਵਿੱਚ ਡੂੰਘੀ ਪਕੜ ਹਾਸਲ ਕਰਨ ਦੇ ਮਨੋਰਥ ਨਾਲ ਕਈ ਥਾਈਂ ਅੰਕੜਿਆਂ ਦਾ ਇਸਤੇਮਾਲ ਵੀ ਕੀਤਾ ਗਿਆ ਹੈ, ਇਸ ਲਈ ਇਸ ਦੇ ਗਿਣਾਤਮਕ ਪਹਿਲੂਆਂ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਹੀ ਤਰ੍ਹਾਂ ਖੋਜ ਪ੍ਰਬੰਧ ਦੀ ਵਿਧੀ ਦੇ ਵੀ ਅਨੇਕਾਂ ਸਰੂਪ ਹਨ ਜਿਨ੍ਹਾਂ ਵਿਚ ਆਗਮਨ-ਨਿਗਮਨ ਵਿਧੀ, ਤਰਕਵਾਦੀ ਵਿਧੀ, ਵਰਣਨਾਤਮਕ ਵਿਧੀ, ਸਰਵੇ, ਪ੍ਰਸ਼ਨਾਵਲੀ, ਇੰਟਰਵਿਊ ਵਿਧੀ, ਪਾਠਗਤ ਵਿਸ਼ਲੇਸ਼ਣ ਵਿਧੀ ਆਦਿ ਮੁੱਖ ਹਨ। ਇਸ ਖੋਜ ਕਾਰਜ ਦੀ ਖੋਜ ਵਿਧੀ ਦਾ ਸਰੂਪ ਵਰਣਨਾਤਮਕ ਅਤੇ ਪਾਠਗਤ ਵਿਸ਼ਲੇਸ਼ਣ ਹੈ। ਕਿਸਾਨੀ ਜੀਵਨ ਨਾਲ ਜੁੜੇ ਸਰੋਕਾਰਾਂ ਨੂੰ ਪੇਸ਼ ਕਰਦਿਆਂ, ਕਿਸਾਨੀ ਜੀਵਨ ਦੀਆਂ ਹਾਲਤਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਤੱਤਾਂ ਦਾ ਵਰਣਨ ਅਤੇ ਹੋਰਨਾਂ ਪੁਸਤਕਾਂ ਵਿਚ ਹੋਏ ਵਿਸ਼ਲੇਸ਼ਣ ਦਾ ਮੁਲਾਂਕਣ ਇਸ ਖੋਜ ਕਾਰਜ ਵਿਚ ਕੀਤਾ ਗਿਆ ਹੈ।

## 1.5 ਖੋਜ-ਕਾਰਜ ਦੀ ਪਹੁੰਚ ਵਿਧੀ:

ਖੋਜ ਕਾਰਜ ਦੀ ਸਾਰਥਿਕਤਾ ਲਈ ਖੋਜਾਰਥੀ ਕੋਲ ਲਾਜ਼ਮੀ ਤੌਰ ਤੇ ਸੰਤੁਲਿਤ ਪਹੁੰਚ ਵਿਧੀ ਹੋਣੀ ਚਾਹੀਦੀ ਹੈ। ਖੋਜਾਰਥੀ ਦੁਆਰਾ ਪ੍ਰਾਪਤ ਸਮੱਗਰੀ ਨੂੰ ਆਧਾਰ ਬਣਾ ਕੇ ਹੀ ਖੋਜ-ਕਾਰਜ ਦੇ ਪਰਿਣਾਮਾਂ ਨੂੰ ਉਜਾਗਰ ਕਰਨਾ ਚਾਹੀਦਾ ਹੈ। ਇਸ ਵਿੱਚ ਨਿੱਜਤਾ ਦਾ ਰਲੇਵਾਂ ਅਤੇ ਬੇਲੋੜੇ ਵਰਨਣਾਂ ਤੋਂ ਪਰਹੇਜ਼ ਰੱਖਣਾ ਚਾਹੀਦਾ ਹੈ। ਇਸ ਲਈ ਕਿਸੇ ਨਿਸ਼ਚਿਤ ਖੋਜ ਵਿਧੀ ਜਾਂ ਇੱਕ ਤੋਂ ਵਧੇਰੇ ਵਿਧੀਆਂ ਨੂੰ ਲਾਗੂ ਕਰਨਾ ਲੋੜੀਂਦਾ ਹੁੰਦਾ ਹੈ, ਤਾਂ ਜੋ ਖੋਜ ਨੂੰ ਵਿਗਿਆਨਕ ਤੇ ਤਾਰਕਿਕ ਬਣਾਇਆ ਜਾ ਸਕੇ। ਹਥਲਾ ਖੋਜ ਵਿਸ਼ਾ **ਸਮਕਾਲੀ ਪੰਜਾਬੀ ਕਵਿਤਾ ਵਿੱਚ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਅਧਿਐਨ (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿੱਚ**) ਦੀ ਗੱਲ ਕਰੀਏ ਤਾਂ ਇਹ ਇੱਕ ਪ੍ਰਕਾਰ ਦੀ ਵਰਣਨਾਤਮਕ ਅਤੇ ਮੁੱਢਲੀ ਖੋਜ ਹੋਵੇਗੀ। ਮਨੁੱਖੀ ਵਿਵਹਾਰ, ਸਮਾਜਿਕ ਤੇ ਸਾਹਿਤਕ ਖੇਤਰ ਨਾਲ ਸਬੰਧਤ ਖੋਜ ਹੋਣ ਕਾਰਨ ਇਹ ਗੁਣਾਤਮਕ ਪ੍ਰਕਿਰਤੀ ਦੀ ਧਾਰਨੀ ਹੋਵੇਗੀ।

ਕਿਸਾਨੀ ਸਮਾਜ ਨਾਲ ਸਬੰਧਤ ਵਿਸ਼ਾ ਹੈ, ਇਸ ਲਈ ਕਿਸਾਨੀ ਅਤੇ ਕਿਸਾਨ ਦੀ ਮਨੋਦਸ਼ਾ ਨੂੰ ਸਮਝਣ ਅਤੇ ਕਿਸਾਨੀ ਨੂੰ ਪੇਸ਼ ਆ ਰਹੀਆਂ ਚੁਣੌਤੀਆਂ ਦੇ ਮੂਲ ਤੱਤਾਂ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੋ ਜਾਂਦਾ ਹੈ। ਸਮਾਜਿਕ ਸੰਦਰਭ ਵਿੱਚ ਇਸ ਨੂੰ ਵਿਚਾਰਦਿਆਂ ਪ੍ਰਸਤਾਵਿਤ ਖੋਜ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਲਈ **ਸਮਾਜ ਸ਼ਾਸਤਰੀ ਪਹੁੰਚ ਵਿਧੀ** ਦੀ ਵਰਤੋਂ ਕੀਤੀ ਜਾਵੇਗੀ। ਇਸੇ ਹੀ ਤਰਾਂ ਕਿਸਾਨੀ ਦੀ ਮਨੋਦਸ਼ਾ ਜਾਂ ਮਨ ਦੀ ਅਵਸਥਾ ਨੂੰ ਸਮਝਣ ਲਈ **ਮਨੋਵਿਗਿਆਨਕ ਪਹੁੰਚ ਵਿਧੀ** ਦਾ ਪ੍ਰਯੋਗ ਕੀਤਾ ਜਾਵੇਗਾ। ਖੋਜ-ਕਾਰਜ ਦੌਰਾਨ ਕਿਸੇ ਨਤੀਜੇ ਤੇ ਪਹੁੰਚਣ ਲਈ ਅੰਤਰ ਅਨੁਸ਼ਾਸਨੀ ਵਿਧੀ ਅਪਣਾਈ ਗਈ ਹੈ। ਕਿਸਾਨੀ ਜੀਵਨ ਦੇ ਵਿਭਿੰਨ ਸਰੋਕਾਰਾਂ ਦੀ ਨਿਸ਼ਾਨਦੇਹੀ ਲਈ ਪ੍ਰਾਪਤ ਸਥਿਤੀਆਂ, ਆਲੋਚਨਾਤਮਕ ਪੁਸਤਕਾਂ ਤੇ ਕਾਵਿ ਟੈਕਸਾਂ ਨੂੰ ਵਿਚਾਰਿਆ ਜਾਵੇਗਾ। ਵੱਖ ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਉਪਲੱਬਧ ਕਿਸਾਨੀ ਸੰਕਟ ਨਾਲ ਸਬੰਧਤ ਸਾਹਿਤ ਨੂੰ ਇਕੱਤਰ ਕਰਕੇ ਪੜਤਾਲਿਆ ਗਿਆ ਹੈ। ਵੱਖ ਵੱਖ ਲਾਇਬ੍ਰੇਰੀਆਂ ਵਿੱਚ ਜਾ ਕੇ ਸਬੰਧਤ ਸਾਹਿਤ ਸਮੱਗਰੀ ਨੂੰ ਇਕੱਠਾ ਕਰਕੇ ਵਿਚਾਰਿਆ ਜਾਵੇਗਾ। ਇਸ ਕਾਰਜ ਲਈ ਸਮਕਾਲੀ ਕਵਿਤਾ ਅਤੇ ਕਿਸਾਨੀ ਸੰਕਟ ਸਮੱਸਿਆਵਾਂ ਦੇ ਸੁਭਾਅ ਨੂੰ ਸਮਝਣ ਲਈ ਸਾਹਿਤ ਦੇ ਅਨੁਸ਼ਾਸਨਾਂ ਦਾ ਅਧਿਐਨ ਵੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲੋੜ ਅਨੁਸਾਰ ਕਿਸੇ ਹੋਰ ਪਹੁੰਚ ਵਿਧੀ ਤੋਂ ਸਹਾਇਤਾ ਲੈਣ ਦਾ ਵੀ ਹਰ ਸੰਭਵ ਯਤਨ ਕੀਤਾ ਜਾਵੇਗਾ।

## 1.6 ਸਮਕਾਲੀ ਪੰਜਾਬੀ ਕਵਿਤਾ: ਸਰੂਪ, ਪ੍ਰਕਿਰਤੀ ਤੇ ਨਵੇਂ ਰੁਝਾਨ

ਪ੍ਰਸਤੁਤ ਖੋਜਕਾਰਜ '**ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰ ਪਰਿਪੇਖ**', ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਨਾਲ ਜੁੜੇ ਹੋਏ ਮਸਲਿਆਂ ਦਾ ਵਿਸ਼ਲੇਸ਼ਣ ਹੈ। ਸਮਕਾਲੀ ਪੰਜਾਬੀ ਕਵਿਤਾ ਨੇ ਵਰਤਮਾਨ ਸਮੇਂ ਦੀਆਂ ਮੌਜੂਦਾ ਪ੍ਰਸਥਿਤੀਆਂ ਨਾਲ ਜੋ ਸੰਵਾਦ ਰਚਾਇਆ ਹੈ, ਇਸ ਸੰਵਾਦ ਵਿਚੋਂ ਬਹੁਤ ਸਾਰੇ ਮਸਲੇ ਸਾਡੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ ਕਿਸਾਨੀ ਇਸ ਦੌਰ ਦਾ ਇੱਕ ਮਹੱਤਵਪੂਰਨ ਅਤੇ ਪ੍ਰਮੁੱਖ ਮਸਲਾ ਹੈ। ਕਿਸਾਨ ਸਾਡੇ ਸਮਾਜ ਦਾ ਬਹੁਤ ਹੀ ਅਟੁੱਟ ਅਤੇ ਅਭਿੰਨ ਹਿੱਸਾ ਹਨ।

ਕਵਿਤਾ ਅਤੇ ਕਵੀਆਂ ਨੇ ਇਸ ਸਬੰਧੀ ਕੀ ਪਹੁੰਚ ਰੱਖੀ ਹੈ, ਉਨ੍ਹਾਂ ਦਾ ਕਿਸਾਨ ਅਤੇ ਕਿਸਾਨੀ ਬਾਰੇ ਕੀ ਦ੍ਰਿਸ਼ਟੀਕੋਣ ਹੈ ਅਤੇ ਇਸ ਦੌਰ ਦੀ ਕਵਿਤਾ ਜਾਂ ਕਵੀਆਂ ਨੇ ਕਿਵੇਂ ਲੋਕਾਂ ਜਾਂ ਕਿਸਾਨਾਂ ਅੰਦਰ ਚੇਤੰਨਤਾ ਪੈਦਾ ਕੀਤੀ ਹੈ, ਇਸ ਨਜ਼ਰੀਏ ਤੋਂ ਅਸੀਂ ਇਸ ਖੋਜਕਾਰਜ ਨੂੰ ਉਲੀਕਣ ਦਾ ਯਤਨ ਕਰਾਂਗੇ।

ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ ਨੂੰ ਸਮਝਣ ਤੋਂ ਪਹਿਲਾਂ ਇਹ ਸਮਝਣਾ ਬਹੁਤ ਜਰੂਰੀ ਹੋ ਜਾਂਦਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਅਤੇ ਸਮਕਾਲੀ ਪੰਜਾਬੀ ਸਾਹਿਤ ਕੀ ਹੈ? ਇਹ ਸਾਹਿਤ ਕਿਸ ਆਸ਼ੇ ਅਧੀਨ ਲਿਖਿਆ ਜਾ ਰਿਹਾ ਹੈ। ਸਮਕਾਲੀ ਪੰਜਾਬੀ ਕਵਿਤਾ ਦੀਆਂ ਕੀ ਵਿਸ਼ੇਸ਼ਤਾਵਾਂ ਹਨ? ਇਸ ਸਾਰੇ ਵਿਧਾਨ ਨੂੰ ਸਮਝਣ ਤੋਂ ਪਹਿਲਾਂ ਇਹ ਜਾਣ ਲੈਣਾ ਵੀ ਉਨ੍ਹਾਂ ਹੀ ਜਰੂਰੀ ਹੈ ਕਿ ਸਮਕਾਲ ਦੀ ਗੱਲ ਕਰਦਿਆਂ ਅਸੀਂ ਕਿਸ ਕਾਲ ਖੰਡ ਨੂੰ ਨਿਸ਼ਚਿਤ ਕਰਦੇ ਹਾਂ। ਸਮਕਾਲੀ ਪੰਜਾਬੀ ਕਵਿਤਾ ਵਿਚ ਕੀ ਪਰਿਵਰਤਨ ਆ ਰਹੇ ਹਨ ਤੇ ਕਿਹੜੇ ਨਵੇਂ ਰੁਝਾਨ ਪੈਦਾ ਹੋ ਰਹੇ ਹਨ। ਸਮਕਾਲੀ ਪੰਜਾਬੀ ਕਵਿਤਾ ਦਾ ਅਧਿਐਨ ਕਰਨ ਲਈ ਸਭ ਤੋਂ ਪਹਿਲਾਂ ਅਸੀਂ ਦੇਖਦੇ ਹਾਂ ਕਿ ਸਮਕਾਲ ਕੀ ਹੈ, ਇਸ ਦੇ ਅਰਥ ਕੀ ਹਨ ਤੇ ਪੰਜਾਬੀ ਸਾਹਿਤ ਨਾਲ ਜੁੜ ਕੇ ਇਸ ਦੇ ਕਿਹੜੇ ਅਰਥ ਤੇ ਸਰੂਪ ਸਾਡੇ ਸਾਹਮਣੇ ਨ਼ਿਕਲ ਕੇ ਆਉਂਦੇ ਹਨ। ਇਸ ਲਈ ਸਭ ਤੋਂ ਪਹਿਲਾਂ ਸਮਕਾਲ ਬਾਰੇ ਜਾਣਦੇ ਹਾਂ।

ਸਮਕਾਲ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ 'ਸਮ' ਅਤੇ 'ਕਾਲ'। ਸਮ ਤੋਂ ਭਾਵ ਹੈ 'ਸਮਾਨ' ਜਾਂ 'ਤੁਲ' ਅਤੇ ਕਾਲ ਸ਼ਬਦ ਦਾ ਅਰਥ ਹੈ 'ਸਮਾਂ' ਇਸ ਤਰ੍ਹਾਂ ਸਮਕਾਲ ਤੋਂ ਭਾਵ ਸਮਾਨ ਸਮਾਂ ਜਾਂ ਇਕ ਸਮਾਨ ਕਾਲ ਹੈ। ਅੰਗਰੇਜ਼ੀ ਭਾਸ਼ਾ ਵਿੱਚ ਸਮਕਾਲੀ ਸ਼ਬਦ ਦਾ ਸਮਾਨਅਰਥੀ ਸ਼ਬਦ 'contemporary' ਹੈ। ਇਹ ਅੰਗਰੇਜ਼ੀ ਵਿੱਚ ਲੈਟਿਨ ਭਾਸ਼ਾ ਦੇ ਸ਼ਬਦ contemporosus ਦਾ ਵਿਕਸਿਤ ਰੂਪ ਹੈ। ਬਹੁਤ ਸਾਰੇ ਵਿਦਵਾਨਾਂ ਸਾਹਿਤ ਸ਼ਾਸਤਰੀਆਂ ਅਤੇ ਬੁੱਧੀਜੀਵੀਆਂ ਨੇ ਇਸ ਨੂੰ ਵੱਖ ਵੱਖ ਅਰਥਾਂ ਵਿੱਚ ਪ੍ਰਭਾਸ਼ਿਤ ਕੀਤਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ "ਸਮਕਾਲ: ਉਹੀ ਸਮਾਂ, ਉਹੀ ਵੇਲਾ, ਇੱਕੋ ਸਮਾਂ" (ਮਹਾਨ ਕੋਸ਼ 551)। ਸਮਕਾਲੀ, ਸਮਕਾਲੀਨ: ਉਸੇ ਸਮੇਂ ਹੋਣ ਵਾਲਾ। 551

***ਨਿਊ ਆਕਸਫੋਰਡ ਡਿਕਸ਼ਨਰੀ*** ਵਿੱਚੋਂ ਮਿਲੇ ਵੇਰਵਿਆਂ ਅਨੁਸਾਰ:

ਸਮਕਾਲ ਤੋਂ ਭਾਵ ਇੱਕੋ ਸਮੇਂ ਵਿਚਰਨ ਵਾਲਾ ਜਾਂ ਸਮਾਨ ਉਮਰ ਦਾ ਇਕ ਜਾਂ ਇਕ ਵੇਲੇ ਦੀ ਸ਼ੈਲੀ ਜਾਂ ਵਿਚਾਰਧਾਰਾ ਜਿਹੜੀ ਇਕੱਠਿਆਂ ਵਿਚਰਦੀ ਹੈ।

ਸਮਕਾਲ ਨੂੰ ਕਈ ਦ੍ਰਿਸ਼ਟੀਆਂ ਤੋਂ ਸਮਝਣ ਅਤੇ ਪ੍ਰਭਾਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਨੇੜਲੇ-ਭੂਤ, ਨੇੜਲੇ-ਭਵਿੱਖ ਅਤੇ ਵਰਤਮਾਨ ਦਾ ਅਜਿਹਾ ਕਾਲਿਕ ਦੌਰ ਹੈ ਜੋ ਬੜਾ ਜਟਿਲ, ਬਹੁ-ਪਸਾਰੀ ਅਤੇ ਬਹੁ-ਪਰਤੀ ਸਰੋਕਾਰਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਡਾ. ਅਤਰ ਸਿੰਘ ਆਪਣੀ ਕਿਤਾਬ ***'ਕਾਵਿ ਅਧਿਐਨ'*** ਵਿਚ ਸਮਕਾਲ ਨੂੰ ਸਮਝਦਿਆਂ ਲਿਖਦੇ ਹਨ:

> ਨਵੀਨ ਅਤੇ 'ਸਮਕਾਲ' ਪਦ, ਇਹ ਦੋਵੇਂ ਕਾਲਵਾਚੀ ਹਨ ਤੇ ਇੱਕ ਵਿਸ਼ੇਸ਼ਣ ਵਜੋਂ ਉਨ੍ਹਾਂ ਹਾਲਾਤਾਂ ਵੱਲ ਸੰਕੇਤ ਕਰਦੇ ਹਨ ਜਿਹੜੀਆਂ ਸਮੇਂ ਵਿੱਚ ਸਾਡੇ ਸਭ ਤੋਂ ਨੇੜੇ ਹਨ। ... ਜੋ ਕੁਝ ਸਮਕਾਲੀ ਜਾਂ ਸਾਡੇ ਲਈ ਨਵੀਨ ਹੈ ਉਹ ਕੁਝ ਸਾਡੇ ਹੀ ਸਮੇਂ ਵਿੱਚ ਹੋਰ ਥਾਵਾਂ ਤੇ ਰਹਿ ਰਹੇ ਲੋਕਾਂ ਲਈ ਵੀ ਸਮਕਾਲੀ ਤੇ ਸਾਡੇ ਪ੍ਰਸੰਗ ਵਿੱਚ ਨਵੀਨ ਹੈ। (***ਕਾਵਿ ਅਧਿਐਨ*** 17,18)

ਉਨ੍ਹਾਂ ਅਨੁਸਾਰ ਸਮਕਾਲ ਕਾਲ ਵਾਚੀ ਪਦ ਹੈ ਜਿਸਦਾ ਸਬੰਧ ਸਮਾਂ ਅਤੇ ਸਥਾਨ ਦੇ ਨਾਲ ਹੈ ਜੋ ਸਾਡੇ ਸਮਿਆਂ ਚ ਸਾਡੇ ਸਭ ਤੋਂ ਵੱਧ ਨਜ਼ਦੀਕ ਚੱਲ ਰਿਹਾ ਹੁੰਦਾ ਹੈ। ਕਾਲ-ਵਾਚੀ ਅਰਥਾਂ ਕਰਕੇ ਸਮਕਾਲ ਸਾਡੇ ਲਈ ਜਿਸ ਤਰ੍ਹਾਂ ਦੇ ਅਰਥ ਪ੍ਰਗਟ ਕਰੇਗਾ ਉਸੇ ਤਰ੍ਹਾਂ ਦੇ ਅਰਥ ਦੂਜੇ ਭੂਖੰਡ ਅੰਦਰ ਵੀ ਪ੍ਰਗਟ ਕਰੇਗਾ। ਜਿਸ ਤਰ੍ਹਾਂ ਭਾਰਤ ਦਾ ਸਮਕਾਲ ਕਾਲਗਤ ਅਰਥਾਂ ਵਿੱਚ ਹੋਰਨਾਂ ਮੁਲਕਾਂ ਦੇ ਸਮਕਾਲ ਨਾਲ ਸਾਂਝੇ ਅਰਥਾਂ ਵਿਚ ਜੁੜਿਆ ਹੈ। ਡਾ. ਇੰਦੂਮਤੀ ਸਿੰਘ ਅਨੁਸਾਰ ਸਮਕਾਲ ਅੰਗਰੇਜ਼ੀ ਸ਼ਬਦ Contemporary ਦਾ ਸਮਾਨ ਅਰਥੀ ਹੈ ਜਿਸ ਦਾ ਭਾਵ ਹੈ ਸਮ-ਕਾਲ ਅਰਥਾਤ ਜੋ ਕਾਲ ਜਾਂ ਸਮੇਂ ਦੇ ਨਾਲ-ਨਾਲ ਹੋਵੇ। ਇਸ ਤਰ੍ਹਾਂ (ਸਮਕਾਲ) ਦਾ ਅਰਥ ਪੇਸ਼ ਕੀਤਾ ਜਾ ਸਕਦਾ ਹੈ (ਸਮੇਂ ਦੇ ਨਾਲ) ਸਮਕਾਲ ਸ਼ਬਦ ਦੇ ਹਿੰਦੀ ਆਲੋਚਨਾ ਜਗਤ ਵਿੱਚ ਬਹੁਤ ਅਰਥ ਪ੍ਰਯੋਗ ਹੋਏ ਹਨ-'ਨਵਾਂ", 'ਆਧੁਨਿਕ" ਸਮਸਾਮਿਇਕ', ਆਤਮਿਕ ਅਤੇ 'ਵਰਤਮਾਨ' ਆਦਿ। ... ਅੱਜ ਤੋਂ ਕਈ ਸਾਲ ਪਹਿਲਾਂ ਲਿਖੀ ਗਈ ਕਹਾਣੀ ਉਸ ਸਮੇਂ ਦੀ ਸਮਕਾਲੀ ਸੀ ਅੱਜ ਲਿਖੀ ਜਾਣ ਵਾਲੀ ਕਹਾਣੀ ਵੀ ਸਮਕਾਲੀ ਹੈ ਹਰ ਯੁੱਗ ਦਾ ਆਪਣਾ ਸਮਕਾਲ ਹੁੰਦਾ ਹੈ ਅਤੇ ਸਮਕਾਲ ਦਾ

ਆਪਣਾ ਪੂਰਾ ਯੁੱਗ। ਸਮਕਾਲ ਦਾ ਸਰੂਪ ਇਤਿਹਾਸਕ ਪਰਿਵਰਤਨਾਂ ਕਰਕੇ ਨਿਖਰਦਾ ਹੈ। ਇਹ ਪਰਿਵਰਤਨ ਸਮਕਾਲ ਦੇ ਇਤਿਹਾਸ ਦੀ ਰੂਪ ਰੇਖਾ ਤਿਆਰ ਕਰਦੇ ਹਨ ਅਤੇ ਸਮਕਾਲ ਦੇ ਸੁਭਾਅ ਨੂੰ ਨਿਸ਼ਚਿਤ ਕਰਦੇ ਹਨ। ਜਿੱਥੇ ਡਾ. ਸਤਿੰਦਰ ਸਿੰਘ ਨੂਰ ਨੇ ਸਮਕਾਲ ਦਾ ਸਬੰਧ ਵਿਕਾਸ ਅਤੇ ਚੇਤਨਾ ਨਾਲ ਜੋੜਿਆ ਹੈ ਉੱਥੇ ਹੀ ਡਾ ਅਤਰ ਸਿੰਘ ਸਮਕਾਲ ਨੂੰ ਕਾਲ ਦੇ ਅਰਥਾਂ ਵਿੱਚ ਪ੍ਰਭਾਸ਼ਿਤ ਕਰਦੇ ਹਨ।

ਕੁਲਵੀਰ ਗੋਜਰਾ ਨੇ ਆਪਣੀ ਪੁਸਤਕ ***'ਸਮਕਾਲੀ ਪੰਜਾਬੀ ਕਵਿਤਾ ਦਾ ਉੱਤਰ ਆਧੁਨਿਕ ਪਰਿਪੇਖ'*** ਵਿਚ ਲਿਖਿਆ ਹੈ ਕਿ "ਸਮਕਾਲੀ ਪੰਜਾਬੀ ਕਵਿਤਾ ਨੂੰ ਪੂਰਬਲੀ ਆਧੁਨਿਕ ਪੰਜਾਬੀ ਕਵਿਤਾ ਤੋਂ ਨਿਖੇੜਨ ਲਈ 1980ਵਿਆਂ ਨੂੰ ਨਿਖੇੜ ਬਿੰਦੂ ਵਜੋਂ ਲਿਆ ਹੈ।" 73

ਉਪਰੋਕਤ ਕਥਨਾਂ ਦੇ ਆਧਾਰ ਤੇ ਆਖਿਆ ਜਾ ਸਕਦਾ ਹੈ ਕਿ 'ਸਮਕਾਲ' ਦਾ ਅਰਥ ਸਮਾਨ ਅੰਤਰ ਸਮਾਂ ਜਾਂ ਉਹੀ ਸਮਾਂ ਹੈ। ਸਮਕਾਲਿਕ ਬਦਲਦਾ ਵਰਤਾਰਾ ਹੈ ਜਿਸਦਾ ਸਬੰਧ ਪੂਰੇ ਵਿਸ਼ਵ ਦੇ ਜੀਵਨ ਯਥਾਰਥ ਨਾਲ ਹੈ। ਸਮੁੱਚੇ ਵਿਸ਼ਵ ਵਿੱਚ ਵਾਪਰਦੀਆਂ ਇਤਿਹਾਸਕ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਤਬਦੀਲੀਆਂ ਦਾ ਪ੍ਰਭਾਵ ਹਰ ਮਨੁੱਖ ਦੇ ਸਮਕਾਲੀ ਜੀਵਨ-ਯਥਾਰਥ ਉੱਤੇ ਪੈਂਦਾ ਹੈ।

ਸਮਕਾਲ ਦੀ ਗੱਲ ਕਰਦਿਆਂ ਜਦੋਂ ਅਸੀਂ ਪੰਜਾਬੀ ਸਾਹਿਤ ਬਾਰੇ ਵਿਚਾਰ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਸਮਕਾਲੀ ਸਮੇਂ ਜਿਹੜੀਆਂ ਸਾਹਿਤਕ ਰਚਨਾਵਾਂ ਹੋਂਦ ਵਿਚ ਆਈਆਂ ਹਨ, ਉਨ੍ਹਾਂ ਦਾ ਅਧਿਐਨ ਜਾਂ ਵਿਸ਼ਲੇਸ਼ਣ ਸਮਕਾਲੀ ਸਮੇਂ ਵਿਚ ਪੈਦਾ ਹੋਈ ਚੇਤਨਾ ਨੂੰ ਆਧਾਰ ਬਣਾ ਕੇ ਕੀਤਾ ਜਾਂਦਾ ਹੈ। ਸਮਕਾਲੀ ਚਿੰਤਨ ਚੇਤਨਾ ਨੇ ਸਾਹਿਤ ਅਧਿਐਨ ਪ੍ਰਣਾਲੀਆਂ ਨੂੰ ਅੰਤਰ ਅਨੁਸ਼ਾਸਨੀ ਬਣਾਇਆ ਹੈ। ਸਮਕਾਲੀ ਚੇਤਨਾ ਪਰੰਪਰਾਵਾਦੀ, ਮੱਧਕਾਲੀ ਅਤੇ ਆਧੁਨਿਕ ਸਾਹਿਤ ਨੂੰ ਸਮਝਣ ਦੇ ਨਵੇਂ ਦ੍ਰਿਸ਼ਟੀਕੋਣ ਪੈਦਾ ਕਰਦੀ ਹੈ। ਸਮਕਾਲ, ਆਧੁਨਿਕਤਾ ਅਤੇ ਨਵੀਨਤਾ ਵਿਸਤ੍ਰਿਤ ਅਰਥਾਂ ਨੂੰ ਆਪਣੇ ਘੇਰੇ ਵਿਚ ਲੈਂਦੇ ਹਨ। ਬਾਬਾ ਫ਼ਰੀਦ ਜੀ ਦਾ ਆਪਣਾ ਸਮਕਾਲ ਹੈ, ਬੁੱਲੇ ਸ਼ਾਹ ਦਾ ਆਪਣਾ ਤੇ ਸ਼ਿਵ ਕੁਮਾਰ ਦਾ ਆਪਣਾ। ਆਧੁਨਿਕ ਯੁੱਗ ਗਿਆਨ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ। ਇਸ ਸਮਕਾਲੀ ਦੌਰ ਵਿੱਚ ਨਵੀਂ ਚੇਤਨਾ ਗਿਆਨ ਤੇ ਵਿਗਿਆਨ

ਦੇ ਖੇਤਰ ਵਿੱਚ ਪੈਦਾ ਹੋ ਰਹੇ ਨਵੇਂ ਸੱਚ, ਨਵੀਆਂ ਚੁਣੌਤੀਆ, ਪਰਸਪਰ ਮਨੁੱਖੀ ਸੰਬੰਧਾਂ ਵਿਚ ਆ ਰਹੇ ਪਰਿਵਰਤਨ ਤੇ ਹੋਰ ਨਵੇਂ ਰੁਝਾਨਾਂ ਨੇ ਸਾਹਿਤ ਤੇ ਸਮਾਜ ਨੂੰ ਨਵਾਂ ਰੂਪ ਤੇ ਨਵੇਂ ਅਰਥ ਪ੍ਰਦਾਨ ਕੀਤੇ ਹਨ। ਇੱਥੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਮਕਾਲ ਦਾ ਸਰੂਪ ਨਿਰੰਤਰ ਪਰਿਵਰਤਨਸ਼ੀਲ ਹੈ, ਇਸ ਦਾ ਸਬੰਧ ਪੂਰੇ ਵਿਸ਼ਵ ਦੇ ਜੀਵਨ ਯਥਾਰਥ ਨਾਲ ਹੈ। ਸਮਕਾਲ ਨੂੰ ਘੜਨ ਵਿੱਚ ਵਿਸ਼ਵ ਵਿੱਚ ਵਾਪਰੀਆਂ ਘਟਨਾਵਾਂ ਦੀ ਅਹਿਮ ਭੂਮਿਕਾ ਹੈ।

ਸਮਕਾਲ ਮਨੁੱਖੀ ਜੀਵਨ-ਯਥਾਰਥ ਦੀ ਵਿਵੇਕਸ਼ੀਲ ਝਲਕ ਹੈ। ਇਤਿਹਾਸਕ ਪਰਿਪੇਖ ਵਿੱਚ ਪੰਜਾਬੀ ਸਾਹਿਤ ਦੇ ਸਮਕਾਲੀ ਯਥਾਰਥ ਬਾਰੇ ਜਾਣਨ ਲਈ ਪੰਜਾਬ ਦੀਆਂ ਸਥਾਨਕ ਸਥਿਤੀਆਂ ਅਤੇ ਵਿਸ਼ਵ ਪੱਧਰ ਤੇ ਵਾਪਰ ਰਹੀਆਂ ਤਬਦੀਲੀਆਂ ਦਾ ਅਧਿਐਨ ਕੀਤਾ ਜਾਂਦਾ ਹੈ। ਪੰਜਾਬ ਦੇ ਸਮਕਾਲੀ ਯਥਾਰਥ ਦਾ ਮੁਲਾਂਕਣ ਕਰਨ ਸਮੇਂ ਦੇਸ਼ ਵੰਡ ਅਤੇ ਪੰਜਾਬ ਸੰਕਟ ਪਿੱਛੋਂ ਪਏ ਪ੍ਰਭਾਵ ਅਤੇ ਪੰਜਾਬ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਤਬਦੀਲੀਆਂ ਸਾਡਾ ਧਿਆਨ ਖਿੱਚਦੀਆਂ ਹਨ। ਇਸ ਸੰਦਰਭ ਵਿੱਚ ਪੰਜਾਬ ਦਾ ਨਕਸਲੀ ਦੌਰ, ਹਰਾ ਇਨਕਲਾਬ, ਖੇਤੀ ਸੰਕਟ, ਕਿਸਾਨੀ ਸੰਕਟ ਅਜਿਹੇ ਦੁਖਾਂਤਕ ਵਰਤਾਰੇ ਹਨ ਜਿਨ੍ਹਾਂ ਦਾ ਵਿਸ਼ਲੇਸ਼ਣ ਕਰੇ ਤੋਂ ਬਿਨਾਂ ਪੰਜਾਬ ਦੇ ਸਮਕਾਲੀ ਯਥਾਰਥ ਨੂੰ ਸਮਝਣਾ ਅਸੰਭਵ ਹੈ।

ਅਜੋਕੇ ਦੌਰ ਵਿੱਚ ਉਦਾਰੀਕਰਨ, ਵਿਸ਼ਵੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਪੰਜਾਬ ਦੀ ਵਿਲੱਖਣ ਪਹਿਚਾਣ ਨੂੰ ਬਦਲਿਆ ਹੈ। ਇਸੇ ਕੜੀ ਵਿੱਚ ਗਲੋਬਲੀ ਪਰਿਪੇਖ ਨੇ ਪੰਜਾਬ ਦੇ ਸਮਕਾਲੀ ਯਥਾਰਥ ਨੂੰ ਬਹੁਤ ਵੱਡੀ ਢਾਹ ਲਾਈ ਹੈ। ਇਸੇ ਹੀ ਤਰ੍ਹਾਂ ਵਿਸ਼ਵ ਦੀ ਸਮਾਜਿਕ-ਆਰਥਿਕ ਸੰਰਚਨਾਵਾਂ ਦੀਆਂ ਨਿਰੰਤਰ ਤਬਦੀਲੀਆਂ ਨੇ ਪੰਜਾਬੀ ਮਾਨਸਿਕਤਾ, ਸਮਾਜ, ਸੱਭਿਆਚਾਰ, ਆਰਥਿਕਤਾ ਅਤੇ ਨੈਤਿਕ ਮੁੱਲ ਵਿਧਾਨ ਵਿੱਚ ਬਦਲਾਅ ਲਿਆਂਦੇ ਹਨ ਜਿਸ ਕਰਕੇ ਪੰਜਾਬੀ ਸਮਾਜ ਅਤੇ ਪੰਜਾਬੀ ਸਾਹਿਤ ਨਾਲ ਸਬੰਧਤ ਯਥਾਰਥ ਬਹੁਦਿਸ਼ਾਵੀ ਅਤੇ ਪੇਚੀਦਾ ਹੋ ਗਿਆ ਹੈ। ਸੋ ਇਸ ਲਈ ਪੰਜਾਬੀ ਸਾਹਿਤ ਰੂਪ ਦੀਆਂ ਜਟਿਲ ਸਥਿਤੀਆਂ ਬਾਰੇ ਚੇਤੰਨ ਹੋਣ ਦੀ ਲੋੜ ਹੈ। ਇਸੇ ਲਈ ਸਮਕਾਲੀ ਸਾਹਿਤਕ ਵਿਧਾਵਾਂ ਦੇ ਵਸਤੂ-ਵਿਵੇਕ ਨੂੰ ਸਮਝਣ-ਸਮਝਾਉਣ ਲਈ ਅਨੇਕ ਸਮੀਖਿਆ ਪੱਧਤੀਆਂ, ਵਿਚਾਰਧਾਰਾਵਾਂ ਅਤੇ ਪ੍ਰਵਿਰਤੀਆਂ ਆਦਿ ਹੋਂਦ ਵਿੱਚ ਆਈਆਂ ਹਨ ਜੋ

ਪਰੰਪਰਾ, ਆਧੁਨਿਕਤਾ, ਉੱਤਰ ਆਧੁਨਿਕਤਾ ਅਤੇ ਵਿਭਿੰਨ ਅੰਤਰ ਦ੍ਰਿਸ਼ਟੀਆਂ ਨੂੰ ਅਧਾਰ ਬਣਾਉਂਦੀਆਂ ਹਨ। ਮਨੁੱਖੀ ਜੀਵਨ ਦਾ ਅਸਲ ਸੱਚ ਸਮਕਾਲੀ ਯਥਾਰਥ ਨੇ ਹੀਂ ਪੇਸ਼ ਕੀਤਾ ਹੈ। ਸਮਕਾਲੀ ਸਾਹਿਤ ਵਿਸ਼ਵੀ ਪ੍ਰਭਾਵਾਂ, ਵਿਗਿਆਨਕ ਉਪਲੱਬਧੀਆਂ ਅਤੇ ਸੰਚਾਰ ਸਹੂਲਤਾਂ ਦੇ ਪ੍ਰਭਾਵ ਅਧੀਨ ਬੜੀ ਤੇਜ਼ੀ ਨਾਲ ਬਦਲ ਕੇ ਗੁੰਝਲਦਾਰ ਹੋ ਰਿਹਾ ਹੈ ਜਿਸ ਦੀ ਪਛਾਣ ਇਸ ਦੇ ਵੱਖ ਵੱਖ ਰੂਪਾਂ ਜਾਂ ਵਿਧਾਵਾਂ ਵਿਚੋਂ ਬਾਖ਼ੂਬੀ ਹੁੰਦੀ ਹੈ।

ਸਮਕਾਲ ਦੇ ਅਰਥਾਂ ਬਾਰੇ ਗੱਲ ਕਰਨ ਤੋਂ ਬਾਅਦ ਅਸੀਂ ਸੰਖੇਪ ਵਿਚ ਕਵਿਤਾ ਬਾਰੇ ਗੱਲ ਕਰਦੇ ਹਾਂ। ਕਵਿਤਾ ਕਿਸੇ ਵੀ ਸਾਹਿਤ ਦਾ ਸਭ ਤੋਂ ਪੁਰਾਣਾ ਤੇ ਮੁੱਢਲਾ ਰੂਪ ਹੈ। ਇਹ ਲੈਅਾਤਮਿਕ ਰੂਪ ਵਿਚ ਮਨੁੱਖੀ ਜਜ਼ਬਿਆਂ ਦੀ ਬਾਤ ਪਾਉਂਦੀ ਹੈ। ਕਵਿਤਾ ਇੱਕ ਅਜਿਹੀ ਕਲਾ ਹੈ ਜੋ ਦਿਲ ਦੇ ਜਜ਼ਬਾਤਾਂ ਦੀ ਤਰਜਮਾਨੀ ਕਰਦੀ ਹੈ। ਵੱਖ-ਵੱਖ ਵਿਦਵਾਨਾਂ ਨੇ ਕਵਿਤਾ ਅਤੇ ਇਸ ਦੇ ਸਰੂਪ ਬਾਰੇ ਵੱਖਰੇ-ਵੱਖਰੇ ਵਿਚਾਰ ਦਿੱਤੇ ਹਨ:

ਸਤਿੰਦਰ ਸਿੰਘ ਨੇ ਆਪਣੀ ਪੁਸਤਕ ***'ਵਿਵਹਾਰਿਕ ਸਮੀਖਿਆ'***ਕਵਿਤਾ ਅਤੇ ਵਾਰਤਕ ਭਾਗ 2 ਵਿਚ ਮਿਲਟਨ ਦੁਆਰਾ ਕਵਿਤਾ ਬਾਰੇ ਦਿੱਤੇ ਵਿਚਾਰਾਂ ਨੂੰ ਪੇਸ਼ ਕਰਦਿਆਂ ਲਿਖਿਆ ਹੈ: "Peotry is simple, sensuous and passionate." 2

ਆਧੁਨਿਕ ਪੰਜਾਬੀ ਕਵੀ ਪ੍ਰੋ ਪੂਰਨ ਸਿੰਘ ਨੇ ਕਵਿਤਾ ਨੂੰ ਰੂਹਾਂ ਦੀ ਬੋਲੀ ਕਿਹਾ ਹੈ। ਜੀ. ਐੱਲ. ਸ਼ਰਮਾ ਨੇ ਆਪਣੀ ਕਿਤਾਬ ***'ਕਵਿਤਾ ਤੱਤ ਅਤੇ ਰੂਪ'***ਵਿਚ ਅਰਸਤੂ ਦੇ ਵਿਚਾਰਾਂ ਨੂੰ ਲਿਖਿਆ ਹੈ: "ਕਵਿਤਾ ਭਾਵਾਤਮਕ ਅਤੇ ਲੈਅ ਭਰਪੂਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਕਿਰਤੀ ਦੀ ਨਕਲ ਹੈ।" 09 ਇਸੇ ਪੁਸਤਕ ਵਿਚੋਂ ਭਾਰਤੀ ਵਿਦਵਾਨ ਅਚਾਰੀਆ ਮੰਮਟ ਅਨੁਸਾਰ: ਅਜਿਹੇ ਸ਼ਬਦ ਕਾਵਿ ਹਨ ਜੋ ਦੋਸ਼ ਰਹਿਤ ਅਤੇ ਗੁਣ ਸਹਿਤ ਹੋਣ। 10

ਸੋ ਇਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਕਵਿਤਾ ਇਕ ਅਜਿਹੀ ਰਚਨਾ ਜਾਂ ਅਜਿਹੀ ਸਾਹਿਤਕ ਕਿਰਤ ਹੈ ਜਿਸ ਵਿੱਚ ਭਾਵਾਂ, ਵਿਚਾਰਾਂ, ਕਲਪਨਾ, ਰਸ, ਛੰਦ, ਅਲੰਕਾਰ, ਬਿੰਬ, ਪ੍ਰਤੀਕ, ਲੈਅ ਆਦਿ ਜਿਹੇ ਤੱਤਾਂ ਦੀ ਕਿਤੇ ਨਾ ਕਿਤੇ ਮੌਜੂਦਗੀ ਜਰੂਰ ਹੁੰਦੀ ਹੈ। ਇਨ੍ਹਾਂ ਗੁਣਾਂ ਦੇ ਨਾਲ-ਨਾਲ

ਇਹ ਜਜ਼ਬਿਆਂ ਨਾਲ ਭਰੀ ਹੋਈ ਅਜਿਹੀ ਕਿਰਤ ਹੋ ਨਿੜਦੀ ਹੈ, ਜੋ ਕਵੀ ਦੇ ਦਿਲ ਦੇ ਭਾਵਾਂ ਰਾਹੀਂ ਪਾਠਕਾਂ ਦੇ ਦਿਲਾਂ ਨੂੰ ਟੁੰਬਣ ਦਾ ਯਤਨ ਕਰਦੀ ਹੈ।

**ਪੰਜਾਬੀ ਕਵਿਤਾ ਦੇ ਇਤਿਹਾਸ ਤੇ ਵਿਕਾਸ ਪੜਾਅ**: ਸਮਕਾਲੀ ਪੰਜਾਬੀ ਕਵਿਤਾ ਨੂੰ ਸਮਝਣ ਲਈ ਪੰਜਾਬੀ ਕਵਿਤਾ ਦੇ ਆਰੰਭ ਅਤੇ ਇਸ ਦੇ ਨਿਕਾਸ, ਵਿਕਾਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਆਰੰਭ ਵਿੱਚ ਕਵਿਤਾ ਅਤੇ ਸਾਹਿਤ ਨੂੰ ਇੱਕ ਦੂਸਰੇ ਦੇ ਸਮਾਨਾਰਥੀ ਰੂਪ ਵਿਚ ਸਮਝਿਆ ਜਾਂਦਾ ਸੀ। ਪੰਜਾਬੀ ਸਾਹਿਤ ਵਿੱਚ ਵੀ ਇਹੀ ਪਰੰਪਰਾ ਰਹੀ ਹੈ। ਨਾਥਾਂ ਜੋਗੀਆਂ ਦੇ ਸਮੇਂ ਤੋਂ ਪੈਦਾ ਹੋਈ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਦਾ ਇਤਿਹਾਸ ਅਸਲ ਵਿਚ ਪੰਜਾਬੀ ਕਵਿਤਾ ਦਾ ਹੀ ਇਤਿਹਾਸ ਹੈ। ਕਿਉਂਕਿ ਇਸ ਦੌਰ ਵਿੱਚ ਮਿਲਿਆ ਸਮੁੱਚਾ ਸਾਹਿਤ ਕਾਵਿ ਰੂਪ ਹੈ। ਰਾਜਨੀਤਕ ਅਸਥਿਰਤਾ, ਧਾਰਮਿਕ ਕੱਟੜਤਾ ਅਤੇ ਹੋਰ ਵਿਦੇਸ਼ੀ ਹਮਲਿਆਂ ਕਾਰਨ ਭਾਵੇਂ ਵਧੇਰੇ ਮਾਤਰਾ ਵਿਚ ਇਸ ਕਾਲ ਦੇ ਸਾਹਿਤ ਦੀ ਅਣਹੋਂਦ ਹੈ ਪ੍ਰੰਤੂ ਇਹ ਵੀ ਮੰਨ ਲੈਣਾ ਠੀਕ ਨਹੀਂ ਹੋਵੇਗਾ ਕਿ ਗਿਆਰ੍ਹਵੀਂ ਬਾਰ੍ਹਵੀਂ ਸਦੀ ਵਿੱਚ ਅਚਾਨਕ ਪੰਜਾਬੀ ਭਾਸ਼ਾ ਦਾ ਜਨਮ ਹੋ ਗਿਆ ਹੋਵੇ ਕਿਉਂਕਿ ਇਸ ਦੌਰ ਵਿਚ ਮਿਲਦੀ ਬਾਬਾ ਫਰੀਦ ਜੀ ਦੀ ਬਾਣੀ ਦਾ ਭਾਸ਼ਾਈ ਪੱਧਰ ਕਾਫ਼ੀ ਉੱਤਮ ਹੈ ਤੇ ਇਸ ਪੱਧਰ ਦੀ ਭਾਸ਼ਾ ਇਕ ਲੰਮੇਰੇ ਵਿਕਾਸ ਤੋਂ ਨਿਕਲਦੀ ਹੈ ਨਾ ਕੇ ਅਚਾਨਕ ਪੈਦਾ ਹੋਈ ਹੁੰਦੀ ਹੈ। ਬਹੁਤ ਸਾਰੇ ਵਿਦਵਾਨ ਅਤੇ ਭਾਸ਼ਾਈ ਇਤਿਹਾਸਕਾਰ ਇਸ ਖੋਜਬੀਨ ਵਿੱਚ ਲੱਗੇ ਹੋਏ ਹਨ ਤੇ ਉਨ੍ਹਾਂ ਦੁਆਰਾ ਜੋਗੀਆਂ ਤੇ ਸਿੱਧਾਂ ਦੀ ਬਾਣੀ ਪੇਸ਼ ਵੀ ਕੀਤੀ ਗਈ ਹੈ। ਇਸ ਬਾਰੇ ਡਾ. ਮੋਹਨ ਸਿੰਘ ਟਿੱਪਣੀ ਕਰਦੇ ਹਨ: ਪੰਜਾਬੀ ਸਾਹਿਤ ਅੱਠਵੀਂ ਨੌਵੀਂ ਸਦੀ ਵਿੱਚ ਲਿਖਿਆ ਜਾਣ ਲੱਗ ਪਿਆ ਸੀ ਅਤੇ ਪਹਿਲੇ ਸਾਹਿਤਕਾਰ ਨਾਥ ਜੋਗੀ ਸਨ। ਇਸ ਦੌਰ ਵਿਚ ਗੋਰਖ ਨਾਥ,ਚਰਪਟ ਨਾਥ, ਰਤਨ ਨਾਥ, ਚੌਰੰਗੀ ਨਾਥ, ਗੋਪੀ ਚੰਦ ਆਦਿ ਵਰਗੇ ਪ੍ਰਸਿੱਧ ਨਾਥ ਜੋਗੀ ਹੋਏ ਹਨ। ਨਾਥਾਂ ਜੋਗੀਆਂ ਦੀ ਭਾਸ਼ਾ ਸ਼ੁੱਧ ਰੂਪ ਵਿੱਚ ਪੰਜਾਬੀ ਨਹੀਂ ਸੀ ਸਗੋਂ ਹਿੰਦੀ, ਸੰਸਕ੍ਰਿਤ, ਪਾਲੀ ਅਤੇ ਅਪਭ੍ਰੰਸ਼ਾਂ ਦੀ ਰਲਗੱਡ ਸੀ। ਇਸ ਲਈ ਬਹੁਤ ਸਾਰੇ ਵਿਦਵਾਨ ਇਸ ਨੂੰ ਪੰਜਾਬੀ ਭਾਸ਼ਾ ਮੰਨਣ ਤੋਂ ਇਨਕਾਰੀ ਹਨ। ਇਸ ਲਈ ਇਤਿਹਾਸਕ ਪਰਿਪੇਖ ਤੋਂ ਪੰਜਾਬੀ ਕਵਿਤਾ ਦਾ ਮੁੱਢ ਬਾਬਾ ਫਰੀਦ ਜੀ ਦੀਆਂ ਰਚਨਾਵਾਂ ਨਾਲ ਬੱਝਦਾ ਹੈ।

ਪ੍ਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ ਨੇ ਪੁਸਤਕ ***'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ'*** ਵਿੱਚ ਲਿਖਿਆ ਹੈ ਕਿ ਬਾਬਾ ਫ਼ਰੀਦ ਜੀ ਦੀ ਰਚਨਾ ਬਹੁਤ ਪੁਰਾਣੀ ਅਤੇ ਪੰਜਾਬੀ ਸਾਹਿਤ ਦੀਆਂ ਪਹਿਲੀਆਂ ਰਚਨਾਵਾਂ ਵਿੱਚੋਂ ਹੋਣ ਕਰਕੇ ਖ਼ਾਸ ਮਹਾਨਤਾ ਰੱਖਦੀ ਹੈ। ਠੇਠ ਪੰਜਾਬੀ ਵਿੱਚ ਇਹ ਪਹਿਲੀ ਲਿਖਤੀ ਰਚਨਾ ਹੈ। ਸ਼ੇਖ ਫ਼ਰੀਦ ਜੀ ਨੂੰ ਸੂਫ਼ੀ ਕਾਵਿ ਧਾਰਾ ਦਾ ਮੋਢੀ ਤੇ ਪੰਜਾਬੀ ਦਾ ਪਲੇਠਾ ਸਾਹਿਤਕਾਰ ਹੋਣ ਦਾ ਮਾਣ ਹਾਸਲ ਹੈ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹੈ ਜੋ ਕਿ 112 ਸਲੋਕ ਅਤੇ 4 ਸ਼ਬਦਾਂ ਦੇ ਰੂਪ ਵਿਚ ਹੈ।

ਸ਼ੇਖ ਫਰੀਦ ਜੀ ਤੋਂ ਬਾਅਦ 13ਵੀਂ-14ਵੀਂ ਸਦੀ ਵਿਚ ਪੰਜਾਬੀ ਭਾਸ਼ਾ ਉੱਪਰ ਭਾਰਤ ਵਿਚ ਚੱਲ ਰਹੀ ਭਗਤੀ ਲਹਿਰ ਦਾ ਪ੍ਰਭਾਵ ਪਿਆ। ਭਾਰਤ ਵਿੱਚ ਭਗਤੀ ਲਹਿਰ ਦੇ ਜਨਮਦਾਤਾ ਰਾਮਾਨੰਦ ਜੀ ਸਨ ਤੇ ਇਹ ਲਹਿਰ ਦੱਖਣੀ ਭਾਰਤ ਵਿਚ ਸ਼ੁਰੂ ਹੋਕੇ ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿਚ ਫੈਲੀ। ਇਸ ਭਗਤੀ ਲਹਿਰ ਵਿਚ ਪੰਜਾਬੀ ਕਵਿਤਾ ਦਾ ਵੀ ਵਿਕਾਸ ਹੋਇਆ ਜਿਸ ਵਿਚ ਜੈ-ਦੇਵ, ਭਗਤ ਧੰਨਾ, ਭਗਤ ਨਾਮਦੇਵ, ਭਗਤ ਰਵੀਦਾਸ ਅਤੇ ਭਗਤ ਕਬੀਰ ਜੀ ਆਦਿ ਨੇ ਅਹਿਮ ਯੋਗਦਾਨ ਪਾਇਆ। ਜਿੱਥੇ ਇਨ੍ਹਾਂ ਕਵੀਆਂ ਨੇ ਮੁੱਢਲੇ ਦੌਰ ਦੀ ਪੰਜਾਬੀ ਕਵਿਤਾ ਦਾ ਸਰੂਪ ਸਿਰਜਣ ਵਿੱਚ ਯੋਗਦਾਨ ਦਿੱਤਾ ਉਥੇ ਹੀ ਗੁਰਮਤਿ ਕਾਵਿ ਲਈ ਇਕ ਚੰਗੀ ਜ਼ਮੀਨ ਤਿਆਰ ਕੀਤੀ।

ਅਗਲੇ ਪੜਾਅ ਵਿਚ ਪੰਜਾਬੀ ਕਵਿਤਾ ਆਪਣਾ ਵਿਸ਼ਾਲ ਰੂਪ ਅਖਤਿਆਰ ਕਰਦੀ ਹੈ , ਇਸ ਦੌਰ ਵਿੱਚ ਸਿੱਖ ਗੁਰੂ ਸਾਹਿਬਾਨ ਨੇ ਬਾਣੀ ਰਚ ਕੇ ਇਸ ਭਾਸ਼ਾ ਨੂੰ ਸਦਾ ਲਈ ਅਮਰ ਬਣਾ ਦਿੱਤਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਗੁਰੂ ਤੱਕ ਪਹੁੰਚਦੇ-ਪਹੁੰਚਦੇ ਪੰਜਾਬੀ ਕਵਿਤਾ ਨੇ ਸਿਖਰਾਂ ਨੂੰ ਛੋਹਿਆ। ਗੁਰੂ ਨਾਨਕ ਦੇਵ ਜੀ (1469-1539) ਨੇ ***ਜਪੁਜੀ, ਆਸਾ ਦੀ ਵਾਰ, ਮਾਝ ਦੀ ਵਾਰ, ਸ਼ਬਦਾਂ, ਅਸ਼ਟਪਦੀਆਂ, ਛੰਦ ਸਲੋਕਾਂ*** ਆਦਿ ਦੀ ਰਚਨਾ ਕੀਤੀ। ਗੁਰੂ ਅੰਗਦ ਦੇਵ ਜੀ (1504-1552), ਗੁਰੂ ਅਮਰਦਾਸ ਜੀ (1479-1574), ਗੁਰੂ ਰਾਮਦਾਸ ਜੀ (1534-1581), ਗੁਰੂ ਅਰਜਨ ਦੇਵ ਜੀ (1563-1606), ਗੁਰੂ ਤੇਗ ਬਹਾਦਰ ਜੀ (1621-1675) ਨੇ ਪੰਜਾਬੀ ਕਵਿਤਾ ਨੂੰ ਧਾਰਮਿਕ ਰੰਗਤ ਦੇਣ ਦੇ ਨਾਲ-ਨਾਲ ਸਾਹਿਤਕ ਪੱਖੋਂ ਅਮੀਰੀ

ਬਖ਼ਸ਼ੀ। 1604ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਆਦਿ ਗ੍ਰੰਥ) ਦੀ ਰਚਨਾ ਨਾਲ ਪੰਜਾਬੀ ਕਾਵਿ ਰੂਪੀ ਬਾਣੀ ਸਦਾ ਲਈ ਅਮਰ ਹੋ ਗਈ।

***ਸ੍ਰੀ ਗੁਰੂ ਗ੍ਰੰਥ ਸਾਹਿਬ*** ਪੰਜਾਬੀ ਭਾਸ਼ਾ ਅਤੇ ਪੰਜਾਬੀ ਕਾਵਿ ਸਾਹਿਤ ਲਈ ਇਕ ਵਰਦਾਨ ਸਾਬਿਤ ਹੋਇਆ ਜਿਸ ਵਿੱਚ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸੰਕਲਨ ਕਰ ਕੇ ਇਸ ਨੂੰ ਸੰਪੂਰਨ ਗੁਰੂ ਦਾ ਦਰਜਾ ਪ੍ਰਦਾਨ ਕੀਤਾ। ਇਸੇ ਹੀ ਕਾਲ ਵਿਚ ਪੰਜਾਬੀ ਕਵਿਤਾ ਤੇ ਗੁਰਮਤਿ ਕਾਵਿ ਦੇ ਇਕ ਅਹਿਮ ਕਵੀ ਭਾਈ ਗੁਰਦਾਸ ਜੀ ਹੋਏ, ਜਿਨ੍ਹਾਂ ਦੀਆਂ ਵਾਰਾਂ ਨੇ ਪੰਜਾਬੀ ਕਾਵਿ ਜਗਤ ਵਿਚ ਆਪਣਾ ਵੱਡਾ ਨਾਂ ਦਰਜ ਕਰਵਾਇਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਹਿਲੀਆਂ ਛੇ ਵਾਰਾਂ ਪੂਰਬ ਨਾਨਕ ਕਾਲ ਤੋਂ ਮਿਲਦੀਆਂ ਹਨ ਤੇ 3 ਵਾਰਾਂ ਉੱਤਰ ਨਾਨਕ ਕਾਲ ਤੋਂ ਮਿਲਦੀਆਂ ਹਨ, ਜਿਨ੍ਹਾਂ ਦੇ ਆਧਾਰ ਤੇ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਈ ਵਾਰਾਂ ਵਿਚੋਂ ਨੌਂ ਵਾਰਾਂ ਨੂੰ ਪੁਰਾਤਨ ਨੌਂ ਵਾਰਾਂ ਦੀਆਂ ਧੁਨੀਆਂ ਤੇ ਗਾਉਣ ਦਾ ਆਦੇਸ਼ ਹੈ। ਪੰਜਾਬੀ ਵਿੱਚ ਵਾਰ ਕਾਵਿ ਦਾ ਆਪਣਾ ਇੱਕ ਵਿਸ਼ੇਸ਼ ਸਥਾਨ ਹੈ ਕਿਉਂਕਿ ਪੰਜਾਬ ਦੇ ਲੋਕਾਂ ਨੂੰ ਨਿਰੰਤਰ ਵਿਦੇਸ਼ੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਇਸ ਲਈ ਇਹ ਵਾਰਾਂ ਬੀਰ ਰਸੀ ਸਾਹਿਤ ਦੇ ਰੂਪ ਵਿੱਚ ਹੋਂਦ ਵਿੱਚ ਆਈਆਂ।

ਇਸ ਹੀ ਕਾਲ ਵਿੱਚ ਸਮਾਨੰਤਰ ਸੂਫ਼ੀ ਕਾਵਿ ਵੀ ਸਿਖਰਾਂ ਵੱਲ ਵਧ ਰਿਹਾ ਸੀ। ਬਾਬਾ ਫ਼ਰੀਦ ਜੀ ਤੋਂ ਬਾਅਦ ਸ਼ਾਹ ਹੁਸੈਨ (1539-1600), ਸ਼ਾਹ ਸ਼ਰਫ਼ ਬਟਾਲਵੀ (1640-1724), ਸੁਲਤਾਨ ਬਾਹੂ (1629-1691), ਬੁੱਲ੍ਹੇ ਸ਼ਾਹ (1680-1759), ਹੈਦਰ ਅਲੀ (1690-1785) ਆਦਿ ਹੋਰ ਪੰਜਾਬੀ ਸੂਫ਼ੀ ਕਵੀ ਹੋਏ ਸਨ, ਜਿਨ੍ਹਾਂ ਪੰਜਾਬੀ ਕਵਿਤਾ ਨੂੰ ਇਕ ਵੱਖਰੀ ਦਿਸ਼ਾ ਪ੍ਰਦਾਨ ਕੀਤੀ। ਗੁਰਮਤਿ ਸਾਹਿਤ, ਸੂਫ਼ੀ ਸਾਹਿਤ ਅਤੇ ਬੀਰ ਰਸੀ ਸਾਹਿਤ ਦੇ ਨਾਲ-ਨਾਲ ਪੰਜਾਬੀ ਕਵਿਤਾ ਵਿੱਚ ਕਿੱਸਾ ਸਾਹਿਤ ਦਾ ਵੀ ਆਪਣਾ ਵਿਸ਼ੇਸ਼ ਸਥਾਨ ਹੈ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਕਥਾ, ਕਹਾਣੀ, ਗਾਥਾ ਆਦਿ। ਕਿੱਸਾ ਕਾਵਿ ਦੇ ਆਗਮਨ ਨਾਲ ਕਵਿਤਾ ਅਧਿਆਤਮਕਤਾ ਵਿੱਚੋਂ ਨਿਕਲ ਕੇ ਜੀਵ ਆਤਮਾ ਨੂੰ ਮੁਰਸ਼ਦ ਮਿਲਾਪ ਲਈ ਇਕ ਨਵੇਂ ਮਾਰਗ ਵੱਲ ਪ੍ਰੇਰਿਤ ਕਰਦੀ ਹੈ, ਜੋ ਪ੍ਰੇਮ ਪਿਆਰ ਦਾ ਰਾਹ ਸੀ। ਪੰਜਾਬੀ ਸਾਹਿਤ ਵਿੱਚ ***ਹੀਰ-ਰਾਂਝਾ, ਲੈਲਾ-ਮਜਨੂੰ, ਸੱਸੀ-ਪੁੰਨੂ, ਸੋਹਣੀ-ਮਹੀਂਵਾਲ, ਯੂਸਫ-ਜੁਲੇਖਾ ਨਾਮੀ*** ਮੁੱਖ ਕਿੱਸੇ ਲਿਖੇ ਗਏ ਹਨ ਜਿਨ੍ਹਾਂ ਨੂੰ ਵੱਖ-ਵੱਖ ਕਿੱਸਾਕਾਰਾਂ ਨੇ ਕਲਮਬੱਧ ਕੀਤਾ। ਪੰਜਾਬੀ ਸਾਹਿਤ ਵਿੱਚ ਸਭ ਤੋਂ ਪਹਿਲਾ ***ਕਿੱਸਾ ਹੀਰ-ਰਾਂਝੇ*** ਦਾ ਸੀ, ਜਿਸਨੂੰ ਦਮੋਦਰ ਦੁਆਰਾ ਲਿਖਿਆ ਗਿਆ। ਇਸ ਤੋਂ ਇਲਾਵਾ ਪੀਲੂ ਸ਼ਾਇਰ ਦਾ ਕਿੱਸਾ ***ਮਿਰਜ਼ਾ-ਸਾਹਿਬਾਂ*** ਹਾਸ਼ਮ ਸ਼ਾਹ ਦਾ ਕਿੱਸਾ ***'ਸੱਸੀ-ਪੁੰਨੂ'*** ਤੇ ਵਾਰਿਸ ਸ਼ਾਹ ਦੁਆਰਾ ਲਿਖਿਆ ਗਿਆ ਕਿੱਸਾ '***ਹੀਰ'*** ਕਿੱਸਾ ਕਾਵਿ ਦੀਆਂ ਪ੍ਰਮੁੱਖ ਰਚਨਾਵਾਂ ਹਨ। ਵਾਰਿਸ ਸ਼ਾਹ ਦੀ ਰਚਨਾ '***ਹੀਰ'*** ਨੂੰ ਕਿੱਸਾ ਕਾਵਿ ਧਾਰਾ ਅਤੇ ਪੰਜਾਬੀ ਸਾਹਿਤ ਦੀ ਸ਼ਾਹਕਾਰ ਰਚਨਾ ਮੰਨਿਆ ਜਾਂਦਾ ਹੈ।

ਸੋ ਇਸ ਤਰ੍ਹਾਂ ਮੁੱਢਲੇ ਦੌਰ ਵਿੱਚ ਨਾਥਾਂ ਜੋਗੀਆਂ ਤੋਂ ਸ਼ੁਰੂ ਹੋਈ ਪੰਜਾਬੀ ਕਵਿਤਾ ਸੂਫ਼ੀ ਸਾਹਿਤ, ਭਗਤੀ ਕਾਵਿ, ਗੁਰਮਤਿ ਕਾਵਿ, ਕਿੱਸਾ ਕਾਵਿ ਤੇ ਬੀਰ ਕਾਵਿ ਰਾਹੀਂ ਪ੍ਰਫੁੱਲਤ ਹੋਈ। ਜਿੱਥੇ ਆਰੰਭਕ ਕਵਿਤਾ ਅਧਿਆਤਮਕ ਬਿਰਤੀ ਤੇ ਵਧੇਰੇ ਨੈਤਿਕ ਗੁਣਾਂ ਦੀ ਧਾਰਨੀ ਸੀ ਉੱਥੇ ਹੀ ਸਮੇਂ ਦੇ ਨਾਲ ਨਾਲ ਇਹ ਕਵਿਤਾ ਸਮੇਂ ਅਨੁਸਾਰ ਵੱਖ ਵੱਖ ਪ੍ਰਸਥਿਤੀਆਂ ਵਿੱਚੋਂ ਗੁਜ਼ਰਦੀ ਹੋਈ ਆਪਣੇ ਅੰਦਰ ਹਰ ਉਸ ਵਿਸ਼ੇ ਨੂੰ ਸਮਾਉਣ ਲੱਗ ਗਈ ਜੋ ਉਸ ਸਮੇਂ ਦੀਆਂ ਆਰਥਿਕ, ਰਾਜਨੀਤਕ, ਧਾਰਮਿਕ, ਸਮਾਜਿਕ ਹਾਲਤਾਂ ਕਾਰਨ ਪੈਦਾ ਹੋਏ ਸਨ। ਮਨੁੱਖੀ ਸੱਭਿਅਤਾ ਦੇ ਨਿਰੰਤਰ ਵਿਕਾਸ ਨੇ ਮਨੁੱਖ ਦੇ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕੀਤਾ। ਵਿਕਾਸ ਦੀ ਇਸ ਪ੍ਰਕਿਰਿਆ ਸਦਕਾ ਹੀ ਆਧੁਨਿਕਤਾ ਦੇ ਦੌਰ ਦਾ ਆਰੰਭ ਹੋਇਆ। ਸੁਭਾਵਿਕ ਹੀ ਪੰਜਾਬੀ ਕਵਿਤਾ ਵਿਚ ਵੀ ਆਧੁਨਿਕ ਦੌਰ ਦਾ ਆਰੰਭ ਹੋਇਆ।

**ਪੰਜਾਬੀ ਕਵਿਤਾ ਦੇ ਨਵੇਂ ਰੁਝਾਨ:** ਅੰਗਰੇਜ਼ੀ ਭਾਸ਼ਾ ਦਾ ਸ਼ਬਦ MODERN ਪੰਜਾਬੀ ਭਾਸ਼ਾ ਦੇ ਸ਼ਬਦ ਆਧੁਨਿਕ ਦਾ ਸਮਾਨਅਰਥੀ ਹੈ। 'MODERN' ਸ਼ਬਦ ਦੀ ਉਤਪਤੀ 'MODER' ਸ਼ਬਦ ਤੋਂ ਹੋਈ ਜਿਸ ਦਾ ਅਰਥ ਹੈ 'ਹੁਣੇ'। ਸੋ ਇਹ ਸ਼ਬਦ ਵਰਤਮਾਨ ਜਾਂ ਨਿਵੇਕਲੇ ਲਈ ਵਰਤਿਆ ਜਾਂਦਾ ਹੈ। ਪੰਜਾਬੀ

ਕਵਿਤਾ ਦੇ ਖੇਤਰ ਵਿਚ ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਭਾਈ ਵੀਰ ਸਿੰਘ ਜੀ ਨਾਲ ਮੰਨਿਆ ਜਾਂਦਾ ਹੈ। ਰੂਪ ਦੇ ਪੱਖ ਤੋਂ ਆਧੁਨਿਕ ਪੰਜਾਬੀ ਕਵਿਤਾ ਪੁਰਾਤਨ ਕਵਿਤਾ ਨਾਲੋਂ ਆਕਾਰ ਵਿੱਚ ਛੋਟੀ ਤੇ ਪ੍ਰਕਿਰਤੀ ਦੇ ਨੇੜੇ ਜਾਪਦੀ ਹੈ। ਵਧੇਰੇ ਵਿਦਵਾਨ ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਪੱਛਮੀ ਪ੍ਰਭਾਵ ਕਾਰਨ ਹੋਇਆ ਮੰਨਦੇ ਹਨ। ਆਰੰਭ ਵਿੱਚ ਆਧੁਨਿਕ ਪੰਜਾਬੀ ਕਵਿਤਾ ਧਾਰਮਿਕ ਅਤੇ ਪ੍ਰਕਿਰਤੀਵਾਦੀ ਸੀ ਪ੍ਰੰਤੂ ਹੌਲੀ ਹੌਲੀ ਇਸ ਦੇ ਵਿਸ਼ੇ ਯਥਾਰਥਕ ਅਤੇ ਮਾਨਵ ਕੇਂਦਰਿਤ ਹੋ ਗਏ । ਇਸ ਦੌਰ ਤੱਕ ਆਉਂਦੇ-ਆਉਂਦੇ ਵਿਗਿਆਨ, ਤਕਨੀਕ, ਨਵੀਂ ਦ੍ਰਿਸ਼ਟੀ, ਨਵੇਂ ਦ੍ਰਿਸ਼ਟੀਕੋਣ ਪੁਰਾਤਨ ਮਾਨਸਿਕਤਾ ਤੇ ਅੰਧ ਵਿਸਵਾਸ਼ਾਂ ਤੋਂ ਮੁਕਤੀ, ਤਰਕ, ਨਿਆਂ ਆਦਿ ਕਈ ਤਰ੍ਹਾਂ ਦੇ ਵਿਚਾਰ ਸਮਾਜ ਵਿਚ ਬਹੁਤ ਤੇਜੀ ਨਾਲ ਫੈਲ ਰਹੇ ਸਨ। ਜਿਸ ਦੇ ਫਲਸਰੂਪ ਪੰਜਾਬੀ ਕਵਿਤਾ ਦੇ ਖੇਤਰ ਵਿਚ ਵੀ ਵਿਆਪਕ ਬਦਲਾਅ ਆਏ।

19ਵੀਂ ਸਦੀ ਦੇ ਦੂਜੇ ਅੱਧ ਤੋਂ ਪੰਜਾਬ ਉੱਪਰ ਅੰਗਰੇਜ਼ੀ ਸਾਮਰਾਜ ਕਾਇਮ ਹੋ ਗਿਆ ਸੀ। ਰਾਜਨੀਤਕ ਉਥਲ ਪੁਥਲ ਦੇ ਬਾਵਜੂਦ 19ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਭਾਈ ਵੀਰ ਸਿੰਘ (1872-1995), ਧਨੀ ਰਾਮ ਚਾਤ੍ਰਿਕ (1876-1954), ਪ੍ਰੋ ਪੂਰਨ ਸਿੰਘ (1905-1974), ਚਰਨ ਸਿੰਘ ਸ਼ਹੀਦ (1891-1935), ਬਾਵਾ ਬਲਵੰਤ (1924-1972), ਅੰਮ੍ਰਿਤਾ ਪ੍ਰੀਤਮ (1919-2005), ਪ੍ਰੋ ਮੋਹਨ ਸਿੰਘ (1905-1974), ਸ਼ਿਵ ਕੁਮਾਰ ਬਟਾਲਵੀ (1937-1973) ਅਤੇ ਕਈ ਹੋਰ ਕਵੀਆਂ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਬਲਵਾਨ ਕੀਤਾ।

ਜੇਕਰ ਇਸ ਆਧੁਨਿਕ ਪੰਜਾਬੀ ਕਵਿਤਾ ਨੂੰ ਵੀ ਕਾਲ ਖੰਡ ਤੋਂ ਵੰਡ ਕੇ ਦੇਖੀਏ ਤਾਂ ਇਸ ਦੇ ਆਰੰਭ ਭਾਈ ਵੀਰ ਸਿੰਘ ਦੀ ਪ੍ਰਕਿਰਤੀਵਾਦੀ ਰਹੱਸਮਈ ਸੁਰ ਤੋਂ ਹੁੰਦਾ ਹੈ। ਇਸ ਹੀ ਕਾਲ ਵਿਚ ਧਨੀ ਰਾਮ ਚਾਤ੍ਰਿਕ ਕਿਸਾਨੀ ਬਿੰਬਾਂ ਦੀ ਉਸਾਰੀ ਕਰਦਾ ਤੇ ਆਮ ਜੀਵਨ ਨੂੰ ਕਾਵਿਕ ਰੂਪ ਵਿਚ ਬਿਆਨਦਾ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਇਸ ਪਹਿਲੇ ਕਾਲ ਖੰਡ ਵਿੱਚ ਹੀ ਪ੍ਰੋ ਪੂਰਨ ਸਿੰਘ ਵੀ ਨਵੀਆਂ ਪੈੜਾਂ ਪੁੱਟਦਾ ਹੈ। ਇਸ ਤੋਂ ਇਲਾਵਾ ਲਾਲਾ ਕਿਰਪਾ ਸਾਗਰ, ਚਰਨ ਸਿੰਘ ਸ਼ਹੀਦ, ਮੋਹਨ ਸਿੰਘ ਦੀਵਾਨਾ, ਡਾ. ਦੀਵਾਨ ਸਿੰਘ ਕਾਲੇਪਾਣੀ ਆਦਿ ਪ੍ਰਮੁੱਖ ਕਵੀ ਹੋਏ ਜਿਨ੍ਹਾਂ ਨੇ ਆਧੁਨਿਕ ਪੰਜਾਬੀ ਕਵਿਤਾ ਦਾ ਮਜ਼ਬੂਤ ਆਧਾਰ ਬੰਨ੍ਹਿਆ।

ਆਧੁਨਿਕ ਪੰਜਾਬੀ ਕਵਿਤਾ ਦੇ ਦੂਜੇ ਦੌਰ ਦੇ ਕਵੀ ਪ੍ਰਗਤੀਵਾਦੀ ਵਿਚਾਰਧਾਰਾ ਵੱਲ ਨੂੰ ਚੁੱਕਣ ਲੱਗੇ। 1935 ਈ: ਆਰੰਭ ਹੋਣ ਵਾਲੇ ਇਸ ਦੌਰ ਵਿਚ ਪ੍ਰੋ ਮੋਹਨ ਸਿੰਘ, ਪ੍ਰੀਤਮ ਸਿੰਘ ਸਫੀਰ, ਬਾਵਾ ਬਲਵੰਤ, ਹਰਭਜਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਵਰਗੇ ਪ੍ਰਮੁੱਖ ਕਵੀ/ਕਵਿਤਰੀ ਹੋਈਆਂ, ਜਿਨ੍ਹਾਂ ਦੁਆਰਾ ਸਾਮਰਾਜੀ ਲੁੱਟ, ਪੂੰਜੀਵਾਦੀ ਅਰਥਵਿਵਸਥਾ ਦੇ ਵਿਰੋਧ ਅਤੇ ਗ਼ਰੀਬ ਸ਼੍ਰੇਣੀ ਤੇ ਹੋ ਰਹੀ ਲੁੱਟ ਦਾ ਤਿੱਖਾ ਵਿਰੋਧ ਕਰਦੇ ਹੋਏ ਇਨਕਲਾਬ ਰੂਪੀ ਕਵਿਤਾ ਰਚੀ। ਵਿਸ਼ਵ ਰਾਜਨੀਤੀ ਵਿੱਚ ਇਹ ਅਜਿਹਾ ਸਮਾਂ ਸੀ ਜਦੋਂ ਪਹਿਲੀ ਸੰਸਾਰ ਜੰਗ ਖ਼ਤਮ ਹੋ ਚੁੱਕੀ ਸੀ, ਭਾਰਤ ਪੂੰਜੀਵਾਦੀ ਸਿਸਟਮ ਦਾ ਗੁਲਾਮ ਸੀ ਤੇ 1917 ਵਿੱਚ ਰੂਸ ਵਿੱਚ ਇਨਕਲਾਬੀ ਵਿਚਾਰਾਂ ਨਾਲ ਕ੍ਰਾਂਤੀ ਆ ਚੁੱਕੀ ਸੀ। ਆਧੁਨਿਕ ਪੰਜਾਬੀ ਕਵਿਤਾ ਦਾ ਇਹ ਦੂਜਾ ਪੜਾਅ ਦੂਜੀ ਸੰਸਾਰ ਯੁੱਧ ਤੋਂ ਬਾਅਦ ਭਾਰਤ ਦੀ ਆਜ਼ਾਦੀ ਦੇ ਸਮੇਂ ਅਤੇ ਉਸ ਤੋਂ ਬਾਅਦ ਆਜ਼ਾਦ ਭਾਰਤ ਦੇ ਪਹਿਲੇ ਦਹਾਕੇ ਤੱਕ ਦਾ ਮੰਨਿਆ ਜਾਂਦਾ ਹੈ। ਉਪਰੋਕਤ ਕਵੀਆਂ ਤੋਂ ਇਲਾਵਾ ਪਿਆਰਾ ਸਿੰਘ, ਪ੍ਰਭਜੋਤ ਕੌਰ, ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਨੇਕੀ ਆਦਿ ਵੀ ਇਸ ਦੌਰ ਦੇ ਪ੍ਰਮੁੱਖ ਕਵੀ ਸਨ।

1960 ਈ: ਤੋਂ ਬਾਅਦ ਆਧੁਨਿਕ ਪੰਜਾਬੀ ਕਵਿਤਾ ਤੀਜੇ ਦੌਰ ਵੱਲ ਵੱਧਦੀ ਹੈ ਜਿੱਥੇ ਸ਼ਿਵ ਕੁਮਾਰ ਬਟਾਲਵੀ (1937-1973), ਜਸਬੀਰ ਸਿੰਘ ਆਹਲੂਵਾਲੀਆ, ਅਵਤਾਰ ਸਿੰਘ ਸੰਧੂ (ਪਾਸ਼), ਰਚਨਾਕਾਲ (1950-1988), ਸੰਤ ਰਾਮ ਉਦਾਸੀ ਮਨਜੀਤ ਟਿਵਾਣਾ ਅਮਰਜੀਤ ਚੰਦਨ ਆਦਿ ਹੋਰ ਬਹੁਤ ਸਾਰੇ ਨਾਮੀ ਕਵੀ ਹੋਏ ਜਿਨ੍ਹਾਂ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਆਪਣਾ ਅਹਿਮ ਸਥਾਨ ਬਣਾਇਆ। ਜਿੱਥੇ ਇਹ ਕਾਲ ਸ਼ਿਵ ਕੁਮਾਰ ਦੀਆਂ ਬਿਰਹਾ ਭਰਪੂਰ ਰਚਨਾਵਾਂ ਕਾਰਨ ਮਕਬੂਲ ਹੋਇਆ, ਉਥੇ ਹੀ ਇਸੇ ਕਾਲ ਦੌਰਾਨ ਅਵਤਾਰ ਸਿੰਘ ਪਾਸ਼ ਦੁਆਰਾ ਰਚੀ ਗਈ ਇਨਕਲਾਬੀ ਕਵਿਤਾ, ਸੰਤਰਾਮ ਉਦਾਸੀ ਦੁਆਰਾ ਦਲਿਤ ਵਰਗ ਲਈ ਲਿਖੀ ਗਈ ਕਵਿਤਾ, ਪਰਵਾਸੀ ਕਵੀ ਰਵੀ ਰਵਿੰਦਰ ਦੁਆਰਾ ਲਿਖੀ ਗਈ ਪਰਵਾਸੀ ਕਵਿਤਾ ਲਈ ਵੀ ਪ੍ਰਸਿੱਧ ਹੈ।

ਚੌਥੇ ਦੌਰ ਵਿੱਚ ਪ੍ਰਵੇਸ਼ ਕਰਦੀ ਆਧੁਨਿਕ ਪੰਜਾਬੀ ਕਵਿਤਾ ਦਾ ਕਾਲ 1990 ਤੋਂ ਬਾਅਦ ਦਾ ਮੰਨਿਆ ਜਾਂਦਾ ਹੈ। ਇਸ ਕਾਲ ਵਿਚ ਪੂੰਜੀਵਾਦ ਦਾ ਇੱਕ ਨਵਾਂ ਰੂਪ ਸਾਡੇ ਸਾਹਮਣੇ ਆਉਂਦਾ ਹੈ, ਜਿਸ ਨੂੰ

ਗਲੋਬਲਾਈਜੇਸ਼ਨ ਜਾਂ ਵਿਸ਼ਵੀਕਰਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦੋ ਧਰੁਵੀ ਸੰਸਾਰ ਦੇ ਖ਼ਾਤਮੇ ਤੋਂ ਬਾਅਦ ਵਿਸ਼ਵ ਵਿੱਚ ਇੱਕੋ ਆਰਥਿਕ ਸ਼ਕਤੀ ਦੀ ਮੌਜੂਦਗੀ ਨਾਲ ਸਮੁੱਚਾ ਸੰਸਾਰ ਇੱਕ ਵਿਸ਼ਵ ਪਿੰਡ ਦੇ ਰੂਪ ਵਿਚ ਸਥਾਪਿਤ ਹੋਣ ਲੱਗਾ। ਤਕਨਾਲੋਜੀ ਦੀ ਤੇਜ਼ ਰਫ਼ਤਾਰ ਤੇ ਵਿਕਾਸ ਦਾ ਪ੍ਰਭਾਵ ਜਿੱਥੇ ਸਾਡੇ ਨਿੱਜੀ ਜੀਵਨ ਤੇ ਸਮਾਜ ਉੱਪਰ ਪਿਆ ਉਥੇ ਹੀ ਇਸ ਨੇ ਸਾਹਿਤ ਨੂੰ ਵੀ ਵਿਆਪਕ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਇਸ ਦੌਰ ਨੇ ਪੰਜਾਬੀ ਕਵਿਤਾ ਨੂੰ ਨਵੇਂ ਵਿਸ਼ੇ ਪ੍ਰਦਾਨ ਕੀਤੇ ਹਨ। ਸੁਰਜੀਤ ਪਾਤਰ, ਜਸਵੰਤ ਦੀਦ, ਅਮਰਜੀਤ ਕੱਕੋਂ, ਸਵਰਨਜੀਤ ਸਵੀ, ਸੁਖਵਿੰਦਰ ਕੰਬੋਜ, ਵਨੀਤਾ, ਗੁਰਭਜਨ ਗਿੱਲ, ਗੁਰਦੇਵ ਚੌਹਾਨ, ਸਵਰਾਜ ਬੀਰ, ਸੁਖਵਿੰਦਰ ਅੰਮ੍ਰਿਤ, ਪਰਮਿੰਦਰ ਸੋਢੀ, ਸੁਖਵਿੰਦਰ, ਪਰਮਜੀਤ ਆਦਿ ਇਸ ਦੌਰ ਦੇ ਨਾਮਵਰ ਕਵੀ ਹਨ।

ਸਮਕਾਲ ਨੂੰ ਜਿੱਥੇ ਇਤਿਹਾਸਕ ਨਿਰੰਤਰਤਾ ਨਾਲ ਜਾਂ ਵਿਸ਼ੇਸ਼ ਸਮੇਂ ਨਾਲ ਜੋੜ ਕੇ ਵੇਖਿਆ ਜਾਂਦਾ ਸੀ, ਉੱਥੇ ਹੀ ਇਸ ਨੂੰ ਹੁਣ ਇੱਕ ਵੱਖਰੀ ਹੋਂਦ ਵਜੋਂ ਵੀ ਵੇਖਿਆ ਜਾਣ ਲੱਗ ਪਿਆ ਹੈ। ਵੱਖ-ਵੱਖ ਸਾਹਿਤਕਾਰਾਂ, ਆਲੋਚਕਾਂ, ਸਾਹਿਤ ਦੇ ਇਤਿਹਾਸਕਾਰਾਂ ਨੇ ਆਪੋ-ਆਪਣੇ ਵਿਚਾਰਾਂ ਨਾਲ ਇਸਨੂੰ ਕਾਲਬੱਧ ਕਰਨ ਦੇ ਨਾਲ-ਨਾਲ ਇਸ ਨੂੰ ਸੁਤੰਤਰ ਪ੍ਰਵਿਰਤੀ ਦੇ ਰੂਪ ਵਿੱਚ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਸਮਕਾਲੀ ਪੰਜਾਬੀ ਕਵਿਤਾ ਉਹ ਕਵਿਤਾ ਹੈ ਜੋ ਪਿਛਲੀ ਸਦੀ ਦੇ ਅੰਤਮ ਦਹਾਕੇ ਵਿਚ ਉਤਰ ਆਧੁਨਿਕ ਪ੍ਰਭਾਵਾਂ ਅਧੀਨ ਰਚੀ ਗਈ ਹੈ। ਨਵੀਂ ਜਾਂ ਸਮਕਾਲੀ ਪੰਜਾਬੀ ਕਵਿਤਾ ਦਾ ਪੁਰਾਤਨ ਪੰਜਾਬੀ ਕਵਿਤਾ ਨਾਲੋਂ ਵਖਰੇਵਾਂ ਮਹਿਜ਼ ਪੀੜ੍ਹੀ ਦਾ ਅੰਤਰ ਦਾ ਹੀ ਨਹੀਂ ਸਗੋਂ ਪੰਜਾਬੀ ਕਵਿਤਾ ਪਿਛਲੇ ਦੋ ਦਹਾਕਿਆਂ ਦੌਰਾਨ ਆਪਣੇ ਬੁਨਿਆਦੀ ਥੀਮਗਤ, ਸੰਚਾਰਗਤ ਅਤੇ ਦ੍ਰਿਸ਼ਟੀਮੂਲਕ ਬਦਲਾਵਾਂ ਨਾਲ ਸਬੰਧਤ ਹੈ। "ਇਸ ਨਵੀਂ ਪੰਜਾਬੀ ਕਵਿਤਾ ਦਾ ਕਾਵਿਕ ਪ੍ਰਵਚਨ ਆਪਣੀ ਸਿਰਜਣਾਤਮਕ ਨਿਰੰਤਰਤਾ ਦੇ ਨਾਲ-ਨਾਲ ਬੁਨਿਆਦੀ, ਮੌਲਿਕ ਅਤੇ ਯੁੱਗ ਪਲਟਾਊ ਸੰਦਰਭਾਂ ਅਨੁਕੂਲ ਨਿਵੇਕਲਾ ਮੁਹਾਂਦਰਾ ਘੜ ਰਿਹਾ ਹੈ।"

***ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ*** ਪੁਸਤਕ ਵਿਚ ਸਮਕਾਲੀ ਪੰਜਾਬੀ ਕਵਿਤਾ ਦੀ ਗੱਲ ਕਰਦਿਆਂ ਰਾਜਿੰਦਰਪਾਲ ਸਿੰਘ ਬਰਾੜ ਨੇ ਉਤਰ-ਆਧੁਨਿਕ ਕਾਲ ਉੱਤਰ-ਆਧੁਨਿਕਤਾ ਅਤੇ ਉੱਤਰ-ਆਧੁਨਿਕਵਾਦ ਦੇ ਹੋ ਰਹੇ ਰਲੇਵੇਂ ਨੂੰ ਨਿਖੇੜਿਆ ਹੈ। ਉਨ੍ਹਾਂ ਅਨੁਸਾਰ "ਉੱਤਰ-ਆਧੁਨਿਕ ਕਾਲ ਅੱਜ ਸਮਕਾਲੀਨ ਸਮਾਂ ਸਾਪੇਖ

ਹੈ, ਉੱਤਰ-ਆਧੁਨਿਕਤਾ ਸਥਿਤੀ ਹੈ ਜਦੋਂ ਕਿ ਇਸ ਸਥਿਤੀ ਵਿੱਚ ਪੈਦਾ ਹੋਏ ਵਿਚਾਰਾਂ ਨੂੰ ਉੱਤਰ-ਆਧੁਨਿਕਵਾਦ ਕਿਹਾ ਜਾਂਦਾ ਹੈ।"

ਸਮਕਾਲੀ ਪੰਜਾਬੀ ਕਵਿਤਾ ਨੂੰ ਉਹ ਉੱਤਰ-ਆਧੁਨਿਕ ਦੌਰ ਜਾਂ ਨਵ-ਬਸਤੀਵਾਦੀ ਦੌਰ ਜਾਂ ਵਿਸ਼ਵੀਕਰਨ ਦੇ ਦੌਰ ਨਾਲ ਜੋੜਦੇ ਹੋਏ ਇਸਦਾ ਆਰੰਭ 1990 ਈ. ਤੋਂ ਬਾਅਦ ਮੰਨਦੇ ਹਨ। ਉਨ੍ਹਾਂ ਅਨੁਸਾਰ ਪੰਜਾਬ ਸੰਕਟ ਤੇ ਰਾਜਨੀਤਿਕ ਦਬਾਅ ਦੇ ਘਟ ਜਾਣ ਨਾਲ ਪੰਜਾਬੀ ਕਵਿਤਾ ਨਵੇਂ ਵਿਸ਼ਿਆਂ ਵੱਲ ਮੁੜਦੀ ਹੈ। ਉਹ ਇਸ ਦਾ ਕਾਰਨ ਵਿਸ਼ਵ ਪੱਧਰ ਉੱਤੇ ਅਤੇ ਸਥਾਨਕ ਪੱਧਰ ਉੱਤੇ ਵਾਪਰ ਰਹੀਆਂ ਤਬਦੀਲੀਆਂ ਨੂੰ ਮੰਨਦੇ ਹਨ। ਵਿਸ਼ਵ ਪੱਧਰ ਉੱਤੇ ਸੋਵੀਅਤ ਰੂਸ ਦੇ ਟੁੱਟ ਜਾਣ ਦਾ ਪ੍ਰਭਾਵ ਸਮਕਾਲੀ ਪੰਜਾਬੀ ਕਵਿਤਾ ਉਪਰ ਪਿਆ। ਪੰਜਾਬੀ ਕਵਿਤਾ ਵਿੱਚ ਆਧੁਨਿਕ ਪ੍ਰਗਤੀਵਾਦੀ ਅਤੇ ਨਕਸਲਵਾਦੀ ਕਵਿਤਾ ਦਾ ਆਧਾਰ ਹੀ ਮਾਰਕਸਵਾਦ ਸੀ। ਇਸ ਦੇ ਫਲਸਰੂਪ ਕਵਿਤਾ ਵਿੱਚ ਨਿੱਜੀ ਪ੍ਰਗਟਾਅ ਦਾ ਰੁਝਾਨ ਵਧਿਆ।

ਪੁਸਤਕ '***ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ***' ਵਿਚ ਸਮਕਾਲ ਬਾਰੇ ਵਿਚਾਰ ਪੇਸ਼ ਕਰਦਿਆਂ ਨੀਤੂ ਅਰੋੜਾ ਮੰਨਦੇ ਹਨ ਕਿ ਸਮਕਾਲੀ ਪੰਜਾਬੀ ਕਵਿਤਾ ਦਾ ਸਬੰਧ ਸਮਾਜਿਕ ਵਿਕਾਸ ਦੇ ਉਸ ਪੜਾਅ ਨਾਲ ਬਣਦਾ ਹੈ ਜੋ ਲਗਪਗ ਵੀਹਵੀਂ ਸਦੀ ਦੇ ਅੰਤਿਮ ਦਹਾਕੇ ਨਾਲ ਆਰੰਭ ਹੁੰਦਾ ਹੈ। ਉਹ ਵੀ ਇਸ ਸਮੇਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉੱਤੇ ਆਏ ਵੱਡੇ ਆਰਥਿਕ, ਰਾਜਸੀ ਤੇ ਸਮਾਜਿਕ ਫੇਰਬਦਲ ਨੂੰ ਇਸ ਦਾ ਕਾਰਨ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਸਮੁੱਚੇ ਤਾਣੇ ਬਾਣੇ ਪਿੱਛੇ ਵਿਸ਼ਵ ਵਿਚ ਇਕ ਧਿਰ ਦੀ ਆਰਥਿਕ, ਰਾਜਸੀ ਤੇ ਸਮਾਜਿਕ ਸਰਦਾਰੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਦੇ ਫਲਸਰੂਪ ਸਾਮਰਾਜਵਾਦ ਦਾ ਇੱਕ ਨਵਾਂ ਰੂਪ ਵਿਸ਼ਵੀਕਰਨ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਪੂੰਜੀਪਤੀਆਂ ਰਾਹੀਂ ਮੰਡੀ ਅਤੇ ਮੀਡੀਆ ਦੀ ਵਰਤੋਂ ਰਾਹੀਂ ਮਨੁੱਖੀ ਮਾਨਸਿਕਤਾ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਮਕਾਲੀ ਸਥਿਤੀਆਂ ਅਤੇ ਕਾਵਿ-ਪ੍ਰਵਿਰਤੀਆਂ ਪ੍ਰਤੀ ਪੂਰਾ ਸੁਚੇਤ ਹੋਣਾ, ਸਮਰੱਥ ਕਵਿਤਾ ਲਈ ਜ਼ਰੂਰੀ ਹੁੰਦਾ ਹੈ। ਡਾ. ਆਤਮ ਸਿੰਘ ਰੰਧਾਵਾ ਨੇ ਆਪਣੀ ਪੁਸਤਕ '***ਉੱਤਰ ਆਧੁਨਿਕਤਾ ਅਤੇ ਸਮਕਾਲੀ ਪੰਜਾਬੀ***

***ਕਵਿਤਾ'*** ਵਿੱਚ ਸਮਕਾਲ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਿਆ ਹੈ ਕਿ "ਸਮਕਾਲੀ ਪੰਜਾਬੀ ਕਵਿਤਾ ਤੋਂ ਸਾਡਾ ਭਾਵ ਉਸ ਕਵਿਤਾ ਤੋਂ ਹੈ, ਜੋ ਸਾਡੇ ਅਤੇ ਉਸ ਤਤਕਾਲ ਸਾਹਿਤਕ ਜਗਤ ਦੇ ਸਮਾਨ ਅੰਤਰ ਰਚੀ ਗਈ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ।"

ਸੋ ਉਕਤ ਵਿਦਵਾਨਾਂ ਦੁਆਰਾ ਸਮਕਾਲ ਅਤੇ ਸਮਕਾਲੀ ਪੰਜਾਬੀ ਕਵਿਤਾ ਬਾਰੇ ਦਿੱਤੇ ਵਿਚਾਰਾਂ ਨੂੰ ਅਧਾਰ ਮੰਨ ਕਿ ਇਹ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਦਾ ਕਾਲ ਖੰਡ ਨਿਸ਼ਚਿਤ ਕਰਨਾ ਕਠਿਨ ਕਾਰਜ ਹੈ, ਕਿਉਂਕਿ ਸਮਕਾਲ ਕੋਈ ਸਥਿਰ ਵਰਤਾਰਾ ਨਹੀਂ ਹੈ। ਹਰੇਕ ਸਮੇਂ ਤੇ ਸਥਿਤੀ ਅਨੁਸਾਰ ਸਮਕਾਲ ਆਪਣਾ ਨਵਾਂ ਰੂਪ ਅਖਤਿਆਰ ਕਰਦਾ ਹੈ। ਪ੍ਰੰਤੂ ਅਸੀਂ ਸਮਕਾਲ ਨੂੰ ਇਕ ਸੁਤੰਤਰ ਇਕਾਈ ਦੇ ਰੂਪ ਵਿੱਚ ਦੇਖਦੇ ਹਾਂ ਤਾਂ ਸਮਕਾਲ ਆਪਣੇ ਆਪ ਇਕ ਕਾਲ ਕ੍ਰਮ ਵਿਚ ਬੱਝ ਜਾਂਦਾ ਹੈ ਤੇ ਉਹ ਨਿਸ਼ਚਿਤ ਕਾਲ 20ਵੀਂ ਸਦੀ ਦੇ ਆਖਰੀ ਦਹਾਕੇ ਤੋਂ ਸ਼ੁਰੂ ਹੋ ਕਿ ਅੱਜ ਦੇ ਦੌਰ ਭਾਵ ਇੱਕੀਵੀਂ ਸਦੀ ਦੇ ਤੀਜੇ ਦਹਾਕੇ ਦੀ ਸ਼ੁਰੂਆਤ ਤੱਕ ਦੇ ਸਮੇਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ।

ਅਜੋਕੇ ਸਮੇਂ ਵਿਚ ਵੱਡੀ ਗਿਣਤੀ ਵਿਚ ਸਮਕਾਲੀ ਪੰਜਾਬੀ ਕਵਿਤਾ ਲਿਖੀ ਜਾ ਰਹੀ ਹੈ। ਸਮਕਾਲੀ ਪੰਜਾਬੀ ਕਵਿਤਾ ਨਜ਼ਮ, ਗ਼ਜ਼ਲ ਅਤੇ ਹਾਇਕੂ ਆਦਿ ਕਾਵਿ ਰੂਪਾਕਾਰ ਵਿਚ ਵਧੇਰੇ ਰਚੀ ਜਾ ਰਹੀ ਹੈ। ਸਮਕਾਲੀ ਕਵਿਤਾ ਵਿਚ ਸਭ ਤੋਂ ਵੱਧ ਪ੍ਰਵਾਨਿਤ ਰੂਪਾਕਾਰ ਖੁੱਲ੍ਹੀ ਕਵਿਤਾ ਹੈ। ਪ੍ਰੰਤੂ ਇਸ ਦਾ ਇਹ ਵੀ ਭਾਵ ਨਹੀਂ ਹੈ ਕਿ ਸਮਕਾਲ ਵਿੱਚ ਛੰਦਬੱਧ ਕਵਿਤਾ ਜਾਂ ਪਿੰਗਲ ਅਰੂਜ਼ ਦਾ ਦੌਰ ਖ਼ਤਮ ਹੋ ਗਿਆ ਹੈ। ਡਾ ਜਸਵਿੰਦਰ ਸਿੰਘ ਨੇ ਆਪਣੀ ਪੁਸਤਕ'***ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ'*** ਵਿੱਚ ਲਿਖਿਆ ਹੈ ਕਿ ਸਮਕਾਲੀ ਪੰਜਾਬੀ ਦੌਰ ਵਿਚ ਅੰਦਾਜ਼ਨ ਤਿੰਨ ਸੌ ਤੋਂ ਵੀ ਵਧੀਕ ਸ਼ਾਇਰ ਨਿਰੰਤਰ ਆਪਣੀ ਕਾਵਿ-ਸਾਧਨਾ ਵਿੱਚ ਮਸ਼ਰੂਫ਼ ਹਨ। ਸਮਕਾਲੀ ਪੰਜਾਬੀ ਕਵਿਤਾ ਵੀ ਪਹਿਲਾਂ ਰਚੀ ਜਾ ਰਹੀ ਕਵਿਤਾ ਵਾਂਗ ਕਿਸੇ ਇਕ ਪ੍ਰਵਿਰਤੀ ਨਾਲ ਜੁੜੀ ਹੋਈ ਜਾਂ ਬੱਝਕੇ ਨਹੀਂ ਰਹਿ ਰਹੀ ਹੈ। ਇਸ ਨੇ ਆਦਰਸ਼ਵਾਦੀ, ਰੁਮਾਂਸਵਾਦੀ, ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰਵਾਦੀ ਤੇ ਆਧੁਨਿਕਤਾਵਾਦੀ ਆਦਿ ਕਿੰਨੀਆਂ ਹੀ ਪ੍ਰਵਿਰਤੀਆਂ ਨੂੰ ਅਪਣਾਇਆ ਅਤੇ ਛੱਡਿਆ ਹੈ। ਇਸ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਕਵਿਤਾ ਕਿਸੇ ਵੀ ਮਾਡਲ ਜਾਂ ਇੱਕ ਵਿਚਾਰਧਾਰਾ ਨੂੰ ਆਧਾਰ ਬਣਾ

ਕੇ ਨਹੀਂ ਲਿਖੀ ਜਾ ਰਹੀ, ਸਗੋਂ ਅਨੇਕਾਂ ਸਮਾਨੰਤਰ ਰੁਝਾਨਾਂ ਨੂੰ ਨਾਲ ਲੈ ਕੇ ਚੱਲ ਰਹੀ ਹੈ। ਇਹ ਕਵਿਤਾ ਵਿਸ਼ਵ ਵਿਚ ਵਾਪਰ ਰਹੀਆਂ ਘਟਨਾਵਾਂ, ਹੋ ਰਹੇ ਪਰਿਵਰਤਨ ਅਤੇ ਚੁਣੌਤੀਆਂ ਤੋਂ ਸੁਚੇਤ ਹੋ ਕੇ ਵਿਭਿੰਨ ਸਰੋਕਾਰਾਂ ਨੂੰ ਪੇਸ਼ ਕਰਦੀ ਹੈ। ਸਮਕਾਲੀ ਪੰਜਾਬੀ ਕਵਿਤਾ ਦਾ ਜਨਮ ਭਾਂਵੇ ਪੂੰਜੀਵਾਦੀ ਵਿਵਸਥਾ ਵਿਚ ਹੋਇਆ ਪ੍ਰੰਤੂ ਇਸ ਕਵਿਤਾ ਵਿਚੋਂ ਮਾਰਕਸਵਾਦ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਸਮਕਾਲੀ ਪੰਜਾਬੀ ਕਵਿਤਾ ਵਿੱਚ ਮਾਰਕਸਵਾਦੀ ਪ੍ਰਭਾਵ ਅਧੀਨ ਲਿਖਣ ਵਾਲੇ ਕਵੀਆਂ ਵਿੱਚ ਬਲਬੀਰ ਪਰਵਾਨਾ, ਡਾ. ਲਖਵਿੰਦਰ ਜੌਹਲ, ਸੁਰਜੀਤ ਜੱਜ, ਸਵਰਾਜਬੀਰ, ਸਵਰਨਜੀਤ ਸਵੀ ਆਦਿ ਮੁੱਖ ਨਾਂ ਹਨ।

ਇਸੇ ਹੀ ਤਰ੍ਹਾਂ ਪੰਜਾਬ ਸੰਕਟ ਜਾਂ ਨਕਸਲਬਾੜੀ ਲਹਿਰ ਦਾ ਪ੍ਰਭਾਵ ਵੀ ਆਮ ਹੀ ਸਮਕਾਲੀ ਪੰਜਾਬੀ ਕਵਿਤਾ ਵਿਚ ਮਿਲ ਜਾਂਦਾ ਹੈ। ਇੱਥੇ ਇਹ ਗੱਲ ਜਿਕਰਯੋਗ ਹੈ ਕਿ ਬਹੁਤ ਸਾਰੇ ਅਜਿਹੇ ਪੰਜਾਬੀ ਕਵੀ ਹਨ ਜਿਨ੍ਹਾਂ ਨੇ ਆਰੰਭ ਵਿਚ ਕਵਿਤਾ ਦੇ ਇਸ ਸਰੂਪ ਨੂੰ ਅਪਣਾਇਆ ਪ੍ਰੰਤੂ ਬਾਅਦ ਵਿਚ ਆਪਣਾ ਰਾਹ ਬਦਲਿਆ। ਸਵਰਾਜਬੀਰ, ਸਵਰਨਜੀਤ ਸਵੀ, ਬਲਵੀਰ ਪਰਵਾਨਾ ਆਦਿ ਕਵੀਆਂ ਦੀਆਂ ਰਚਨਾਵਾਂ ਵਿਚ ਨਕਸਲਬਾੜੀ ਲਹਿਰ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ।

ਸਮਕਾਲੀ ਪੰਜਾਬੀ ਕਵਿਤਾ ਵਿਚ ਜੇਕਰ ਦਲਿਤ ਸਹਿਤ ਦਾ ਸਥਾਨ ਦੇਖੀਏ ਤਾਂ ਇਸ ਦੌਰ ਵਿਚ ਦਲਿਤ ਸਾਹਿਤ ਪਹਿਲਾਂ ਨਾਲੋਂ ਵੱਧ ਮਾਤਰਾ ਵਿਚ ਅਤੇ ਵਧੇਰੇ ਸੁਚੇਤ ਰੂਪ ਵਿਚ ਉਭਰਦਾ ਹੈ। ਜਿਥੇ ਆਧੁਨਿਕ ਪੰਜਾਬੀ ਕਵਿਤਾ ਦੇ ਅੰਤਿਮ ਪੜਾਅ ਵਿਚ ਲਿਖੀ ਗਈ ਪੰਜਾਬੀ ਕਵਿਤਾ ਦਲਿਤ ਦੀ ਸਥਿਤੀ ਤੇ ਉਨ੍ਹਾਂ ਨਾਲ ਹੋ ਰਹੀਆਂ ਵਧੀਕੀਆਂ ਦੀ ਵਿਥਿਆ ਦੱਸਦੀ ਹੈ, ਉੱਥੇ ਹੀ ਸਮਕਾਲੀ ਪੰਜਾਬੀ ਕਵਿਤਾ ਵਿਚ ਦਲਿਤ ਕਾਵਿ ਇਨਕਲਾਬ ਦਾ ਰੂਪ ਧਾਰਨ ਕਰਦਾ ਹੋਇਆ ਲੋਕਾਂ ਨੂੰ ਇਕਮੁੱਠ ਕਰਦਾ ਹੋਇਆ ਜਾਤੀਵਾਦ ਦੀਆਂ ਜੜ੍ਹਾਂ ਪੁੱਟਣ ਤੇ ਕਿਸੇ ਵਿਸ਼ੇਸ਼ ਵਰਗ ਦੇ ਏਕਾਧਿਕਾਰ ਨੂੰ ਖਤਮ ਕਰਕੇ ਸਮਾਜਿਕ ਬਰਾਬਰੀ ਦੀ ਗੱਲ ਕਰਦਾ ਹੈ। ਗੁਰਮੀਤ ਕੱਲਰਮਾਜਰੀ, ਬਲਬੀਰ ਮਾਧੋਪੁਰੀ, ਮਦਨ ਵੀਰਾ, ਭਗਵਾਨ ਢਿੱਲੋਂ, ਡਾ ਮਨਮੋਹਣ, ਬਲਵੀਰ ਪਰਵਾਨਾ, ਮਨਜੀਤ ਕਾਦਰ, ਧਰਮ ਕੰਮੇਆਣਾ, ਮੋਹਨ ਤਿਆਗੀ, ਜੈ ਪਾਲ ਅਤੇ ਹਰਨੇਕ ਕਲੇਰ ਦਲਿਤ ਮੁਕਤੀ ਦਾ ਪ੍ਰਵਚਨ ਸਿਰਜਦੇ ਕਵੀ ਹਨ।

ਦਲਿਤ ਚੇਤਨਾ ਵਾਂਗ ਹੀ ਨਾਰੀ ਚੇਤਨਾ ਦਾ ਪ੍ਰਵਚਨ ਵੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਕਾਫ਼ੀ ਮਾਤਰਾ ਵਿੱਚ ਪ੍ਰਸਤੁੱਤ ਹੁੰਦਾ ਹੈ। ਸਮਕਾਲੀ ਨਾਰੀ ਚੇਤਨਾ ਦੀ ਕਵਿਤਾ ਪੁਰਾਣੇ ਮਾਡਲਾਂ ਨੂੰ ਖਾਰਿਜ ਕਰਦੀ ਤੇ ਕਈ ਥਾਈਂ ਮਰਦਾਵੇਂ ਪ੍ਰਵਚਨ ਦੇ ਵਿਰੋਧ ਵਿਚ ਖੜ੍ਹੀ ਨਜ਼ਰ ਆਉਂਦੀ ਹੈ। ਭਾਵੇਂ 20ਵੀਂ ਸਦੀ ਤੋਂ ਬਾਅਦ ਨਾਰੀ ਕਾਵਿ ਹੋਂਦ ਵਿੱਚ ਆ ਜਾਂਦਾ ਹੈ ਲੇਕਿਨ ਸਮਕਾਲੀ ਦੌਰ ਤਕ ਪਹੁੰਚਦੇ-ਪਹੁੰਚਦੇ ਪੰਜਾਬੀ ਨਾਰੀ ਕਵਿਤਾ ਵੱਡੇ ਬਦਲਾਵਾਂ ਦੀ ਹਾਮੀ ਭਰਦੀ ਹੈ। ਕੁਝ ਕਵਿੱਤਰੀਆਂ ਨੇ ਨਾਰੀ-ਮਰਦ ਸੰਵਾਦ ਦੀ ਕਵਿਤਾ ਵੀ ਰਚੀ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਮਰਦ ਦੁਆਰਾ ਔਰਤ ਦੀ ਸਥਿਤੀ ਨੂੰ ਬਿਆਨਣਾ ਅਤੇ ਔਰਤ ਦੁਆਰਾ ਔਰਤ ਨੂੰ ਬਿਆਨਣਾ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ। ਮਨਜੀਤ ਇੰਦਰਾ, ਪਾਲ ਕੌਰ, ਡਾ ਵਨੀਤਾ, ਸੁਖਵਿੰਦਰ ਅੰਮ੍ਰਿਤ, ਸ਼ਸ਼ੀ ਸਮੁੰਦਰਾ, ਸਿਮਰਤ ਗਗਨ, ਨੀਤੂ ਅਰੋੜਾ ਆਦਿ ਦੀ ਕਵਿਤਾ ਇਸ ਪ੍ਰਸੰਗ ਵਿੱਚ ਰੱਖੀ ਜਾ ਸਕਦੀ ਹੈ। ਸਮੁੱਚੇ ਸਮਕਾਲੀ ਪੰਜਾਬੀ ਨਾਰੀ ਕਾਵਿ ਦੀ ਪ੍ਰਮੁੱਖ ਸੁਰ ਸਮਕਾਲੀ ਸਥਿਤੀਆਂ ਵਿਚ ਨਾਰੀ ਹੋਂਦ ਨੂੰ ਨਾਰੀ ਦੇ ਤੌਰ ਤੇ ਸਵੀਕਾਰੇ ਜਾਣ ਦੀ ਹੈ।

ਸਮਕਾਲੀ ਪੰਜਾਬੀ ਕਵਿਤਾ ਦਾ ਇੱਕ ਬਹੁਤ ਵੱਡਾ ਪੱਖ ਪਰਵਾਸੀ ਪੰਜਾਬੀ ਕਵਿਤਾ ਵੀ ਹੈ। ਵਿਦੇਸ਼ ਵਿੱਚ ਜਾ ਕੇ ਵਸ ਗਏ ਪੰਜਾਬੀ ਜਿੱਥੇ ਆਪਣੀਆਂ ਪਰੰਪਰਾਵਾਂ ਤੇ ਰੀਤੀ ਰਿਵਾਜ ਉੱਥੇ ਲੈ ਕੇ ਗਏ ਉੱਥੇ ਹੀ ਉਨ੍ਹਾਂ ਵਲੋਂ ਸਾਹਿਤ ਸਿਰਜਣਕਾਰੀ ਵੀ ਨਾਲ ਚੱਲੀ। ਪਰਵਾਸੀ ਪੰਜਾਬੀ ਕਵਿਤਾ ਹੁਣ ਸਿਰਫ਼ ਨਸਲੀ ਵਿਤਕਰੇ, ਮਿੱਟੀ ਮੋਹ ਜਾਂ ਪੀੜ੍ਹੀ ਦੇ ਵਖਰੇਵੇਂ ਤਕ ਸੀਮਤ ਨਹੀਂ ਸਗੋਂ ਇਹ ਕਵਿਤਾ ਅਤਿ ਆਧੁਨਿਕ ਸਹੂਲਤਾਂ ਮਾਣ ਰਹੇ ਬੰਦੇ ਦੀ ਸੰਵੇਦਨਸ਼ੀਲਤਾ ਤੇ ਖੁਰ ਰਹੀ ਮਾਨਵੀ ਹੋਂਦ ਨਾਲ ਜੁੜੇ ਸਵਾਲਾਂ ਨਾਲ ਖਹਿ ਰਹੀ ਹੈ। ਸੁਖਵਿੰਦਰ, ਨਵਤੇਜ ਭਾਰਤੀ, ਜਗਤਾਰ ਢਾਅ, ਸੁਖਵਿੰਦਰ ਕੰਬੋਜ, ਰਵਿੰਦਰ ਰਵੀ, ਰਵਿੰਦਰ ਸਹਿਰਾਅ, ਇਕਵਿੰਦਰ ਢੱਟ, ਅਜਾਇਬ ਕਮਲ, ਬਲਦੇਵ ਬਾਵਾ,ਅਜਮੇਰ ਰੋਡੇ, ਸੁਖਵਿੰਦਰ ਬੋਦਲਾਂਵਾਲ ਆਦਿ ਪਰਵਾਸੀ ਪੰਜਾਬੀ ਕਵੀ ਹਨ ਜੋ ਸਮਕਾਲੀ ਦੌਰ ਵਿੱਚ ਪੰਜਾਬੀ ਕਵਿਤਾ ਰਚ ਰਹੇ ਹਨ।

ਸਮਕਾਲੀ ਪੰਜਾਬੀ ਕਵਿਤਾ ਵਿੱਚ ਲੋਕਧਾਰਾਈ, ਧਾਰਮਿਕ, ਇਤਿਹਾਸਕ ਅਤੇ ਮਿਥਿਹਾਸਕ ਮੁਹਾਵਰੇ ਨੂੰ ਅਪਨਾਉਣ ਦਾ ਰੁਝਾਨ ਵੀ ਰਿਹਾ ਹੈ ਜਸਵੰਤ ਦੀਦ ਦਾ ਕਾਵਿ ਸੰਗ੍ਰਹਿ '***ਕਮੰਡਲ***' ਮਨਜੀਤ ਇੰਦਰਾ ਦਾ

ਕਾਵਿ ਸੰਗ੍ਰਹਿ ***'ਅਲਖ'*** ਸਵਰਨਜੀਤ ਸਵੀ ਦਾ ਕਾਵਿ ਸੰਗ੍ਰਹਿ '***ਕਾਮੇਸ਼ਵਰੀ*** ਅਮਰਜੀਤ ਦਾ ਕਾਵਿ ਸੰਗ੍ਰਹਿ ***'ਨਿਮਖ'*** ਤੇ ਮਨਮੋਹਨ ਦਾ ਕਾਵਿ ਸੰਗ੍ਰਹਿ ***'ਨੀਲਕੰਠ'*** ਆਦਿ ਕਵਿਤਾ ਇਸ ਪ੍ਰਸੰਗ ਵਿੱਚ ਵੇਖੀ ਜਾ ਸਕਦੀ ਹੈ ਇਹ ਕਵੀ ਸਮਕਾਲੀ ਯਥਾਰਥ ਦੀਆਂ ਜਟਿਲ ਸਥਿਤੀਆਂ ਨੂੰ ਇਤਿਹਾਸਕ ਮਿਥਿਹਾਸਕ ਹਵਾਲਿਆਂ ਨਾਲ ਦਾਰਸ਼ਨਿਕਤਾ ਵੱਲ ਲੈ ਜਾਂਦੇ ਹਨ। ਇਸ ਤੋਂ ਇਲਾਵਾ ਸਮਕਾਲੀ ਪੰਜਾਬੀ ਕਵਿਤਾ ਵਿਚ ਨਿੱਕੇ-ਨਿੱਕੇ ਤੌਖ਼ਲੇ, ਨਿੱਕੀਆਂ-ਨਿੱਕੀਆਂ ਘਾਟਾਂ, ਨਿੱਕੇ- ਨਿੱਕੇ ਸਰੋਕਾਰਾਂ ਨੂੰ ਪ੍ਰਾਥਮਿਕਤਾ ਮਿਲੀ ਹੈ। ਬਹੁਤੀ ਸਮਕਾਲੀ ਕਵਿਤਾ ਮੱਧਵਰਗੀ ਬੰਦੇ ਦੇ ਫ਼ਿਕਰ ਦੀ ਕਵਿਤਾ ਹੈ, ਜੋ ਕਿਸੇ ਪ੍ਰਵਿਰਤੀ ਤੋਂ ਉੱਪਰ ਉੱਠ ਕੇ ਸਮਕਾਲੀ ਸਥਿਤੀਆਂ ਵਿਚ ਸੰਵੇਦਨਾਹੀਣ ਬੰਦੇ ਅੰਦਰੋਂ ਖੁਰ ਰਹੀ ਮਾਨਵੀ ਹੋਂਦ ਨਾਲ ਸੰਵਾਦ ਰਚਾਉਂਦੀ ਹੈ ਤੇ ਉਸ ਅੱਗੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ।

ਸਮਕਾਲੀ ਪੰਜਾਬੀ ਕਵਿਤਾ ਵਿੱਚ 21ਵੀਂ ਸਦੀ ਦੇ ਤੀਜੇ ਦਹਾਕੇ ਤਕ ਪਹੁੰਚਦੇ-ਪਹੁੰਚਦੇ ਕਈ ਹੋਰ ਨਵੇਂ ਰੁਝਾਨ ਆਏ ਹਨ ਜਿਨ੍ਹਾਂ ਵਿਚੋਂ ਇਕ ਵੱਡਾ ਰੁਝਾਨ ਪੰਜਾਬੀ ਕਿਸਾਨੀ ਕਵਿਤਾ ਹੈ। ਪੰਜਾਬ ਅਤੇ ਪੰਜਾਬੀਅਤ ਨੂੰ ਕਿਸਾਨੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਮੁੱਢ ਤੋਂ ਹੀ ਸਾਹਿਤ ਰਚਨਾ ਵਿੱਚ ਵੀ ਕਿਸਾਨੀ ਦਾ ਆਪਣਾ ਇੱਕ ਵਿਸ਼ੇਸ਼ ਸਥਾਨ ਰਿਹਾ ਹੈ। ਜਿੱਥ ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਵਿੱਚ ਇਸ ਦੀ ਮਹੱਤਤਾ ਨੂੰ ਪ੍ਰਗਟਾਇਆ ਹੈ ਉੱਥੇ ਹੀ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਪੰਜਾਬੀ ਕਵਿਤਾ ਵਿਚ ਕਿਸਾਨ ਜਾਂ ਕਿਸਾਨੀ ਦਾ ਨਿਰੰਤਰ ਜ਼ਿਕਰ ਮਿਲਦਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਕਿਸਾਨੀ ਸੰਕਟ ਨੂੰ ਵੱਡੇ ਪੱਧਰ ਤੇ ਚਿਤਰਿਆ ਗਿਆ ਹੈ ਵਿਸ਼ੇਸ਼ ਤੌਰ ਤੇ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵਿੱਚ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਦੇ ਪ੍ਰਤੀਰੋਧ ਵਿਚ ਇੱਕ ਵੱਡਾ ਜਨ ਅੰਦੋਲਨ ਉੱਭਰਿਆ ਜਿਸ ਦੇ ਤਹਿਤ ਪੰਜਾਬੀ ਵਿੱਚ ਬਹੁਤ ਸਾਰਾ ਸਾਹਿਤ ਰਚਿਆ ਗਿਆ। ਸਮਕਾਲੀ ਪੰਜਾਬੀ ਕਵਿਤਾ ਵੀ ਇਸ ਪ੍ਰਭਾਵ ਤੋਂ ਵਾਂਝੀ ਨਹੀਂ ਰਹੀ। ਜਿਸ ਦੇ ਫਲਸਰੂਪ ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਜੀਵਨ ਤੇ ਇਸ ਨਾਲ ਸੰਬੰਧਿਤ ਸੰਕਟ ਇਕ ਵੱਡੇ ਰੁਝਾਨ ਦੇ ਰੂਪ ਵਿਚ ਉਭਰਿਆ।

## 1.7 ਕਿਸਾਨੀ ਸੰਕਟ: ਇਤਿਹਾਸਕ ਪਰਿਪੇਖ

ਕਿਸਾਨੀ ਦਾ ਆਰੰਭ ਮਨੁੱਖੀ ਸੱਭਿਅਤਾ ਦੀ ਵਿਕਾਸ ਪ੍ਰਕਿਰਿਆ ਦੇ ਮੁਢਲੇ ਦੌਰ ਵਿਚ ਹੋਇਆ। ਮਨੁੱਖ ਦੇ ਵਿਕਾਸ ਦੀ ਪ੍ਰਕਿਰਿਆ ਵੱਲ ਜੇਕਰ ਝਾਤੀ ਮਾਰੀਏ ਤਾਂ ਆਰੰਭਿਕ ਦੌਰ ਵਿਚ ਮਨੁੱਖ ਆਪਣਾ ਢਿੱਡ ਭਰਨ ਲਈ ਕੱਚਾ ਮਾਸ ਖਾਂਦਾ ਸੀ। ਪ੍ਰੰਤੂ ਹੌਲੀ-ਹੌਲੀ ਅੱਗ ਦੀ ਕਾਢ, ਫਿਰ ਜੰਗਲਾਂ ਵਿਚ ਫਲ, ਫੁੱਲ, ਪੱਤੇ ਆਦਿ ਖਾਣ ਲੱਗ ਪਿਆ। ਸਮਾਂ ਪਾ ਕੇ ਉਸ ਦੁਆਰਾ ਪਾਣੀ ਦੇ ਸਰੋਤਾਂ ਕੋਲ ਰਹਿਣਾ ਸ਼ੁਰੂ ਕਰ ਦਿੱਤਾ ਗਿਆ ਤੇ ਇੱਥੇ ਹੀ ਜਦੋਂ ਮਨੁੱਖ ਦੁਆਰਾ ਸਥਾਈ ਰੂਪ ਵਿਚ ਰਹਿਣਾ ਸ਼ੁਰੂ ਕੀਤਾ ਗਿਆ ਤਾਂ ਉਸ ਦੁਆਰਾ ਖੇਤੀ ਦੀ ਵੀ ਅਚੇਤ ਰੂਪ ਵਿਚ ਸ਼ੁਰੂਆਤ ਕਰ ਦਿੱਤੀ ਗਈ। ਮਨੁੱਖ ਆਪਣੀਆਂ ਲੋੜਾਂ ਅਨੁਸਾਰ ਪ੍ਰਕਿਰਤੀ ਨੂੰ ਢਾਲ ਕੇ ਪੈਦਾਵਾਰ ਕਰਨ ਦੀ ਸਮਰੱਥਾ ਰੱਖਣ ਵਾਲਾ ਇੱਕੋ ਇੱਕ ਜੀਵ ਹੈ। ਪੁਰਾਤਨ ਇਤਿਹਾਸਕ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮਨੁੱਖ ਦੁਆਰਾ ਅਪਣਾਏ ਗਏ ਮੁੱਢਲੇ ਕਿੱਤਿਆਂ ਵਿਚੋਂ ਪਹਿਲਾਂ ਸਥਾਨ ਕਿਸਾਨੀ ਦਾ ਆਉਂਦਾ ਹੈ। ਕਿਸਾਨੀ ਬਾਰੇ ਗੱਲ ਕਰਨ ਤੋਂ ਪਹਿਲਾਂ ਜਾਂ ਭਾਰਤੀ ਵਿਚ ਕਿਸਾਨੀ ਦਾ ਇਤਿਹਾਸ ਜਾਣਨ ਤੋਂ ਪਹਿਲਾਂ ਕਿਸਾਨ ਸ਼ਬਦ ਤੇ ਇਸ ਦੇ ਅਰਥਾਂ ਤੋਂ ਵਾਕਿਫ਼ ਹੋਣਾ ਬਹੁਤ ਜਰੂਰੀ ਹੈ।

***ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼*** ਅਨੁਸਾਰ ਕਿਸਾਨ ਉਹ ਹੈ "ਜੋ ਕ੍ਰਿਸ਼ ਕਰੇ, ਜੋ ਜ਼ਮੀਨ ਵਾਹੇ, ਹਲਵਾਹ, ਕਾਸ਼ਤਕਾਰ।" 329 ਸੰਸਕ੍ਰਿਤ ਭਾਸ਼ਾ ਚ ਵੀ ਕਿਸਾਨੀ ਲਈ ਕ੍ਰਿਸ਼ੀ ਸ਼ਬਦ ਦੀ ਵਰਤੋਂ ਕੀਤੀ ਗਈ ਜਿਸ ਦਾ ਅਰਥ ਹੈ ਖੇਤੀ ਕਰਨ ਵਾਲਾ ਜਾਂ ਹੱਲ ਚਲਾਉਣ ਵਾਲਾ।

***ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸਿਜ਼*** ਵਿੱਚ ਕਿਸਾਨੀ ਦੀ ਸਮਾਜਿਕ ਸਥਿਤੀ ਨਿਰਧਾਰਿਤ ਕਰਨ ਦਾ ਯਤਨ ਕੀਤਾ ਗਿਆ ਹੈ, "ਕਿਸਾਨ ਆਮ ਤੌਰ ਤੇ ਸੰਗਠਿਤ ਸਮਾਜ ਦਾ ਉਹ ਹਿੱਸਾ ਹੁੰਦੇ ਹਨ ਜੋ ਭੂਮੀਪਤੀਆਂ ਅਤੇ ਭੂਮੀਹੀਣਾਂ ਵਿਚਕਾਰ ਆਉਂਦੇ ਹਨ।" 504

ਭਾਰਤੀ ਇਤਿਹਾਸਕਾਰ ਇਰਫ਼ਾਨ ਹਬੀਬ ਨੇ ਆਪਣੀ ਪੁਸਤਕ ***ਭਾਰਤੀਯ ਇਤਿਹਾਸ ਮੇਂ ਮੱਧਕਾਲ*** ਵਿਚ ਕਿਸਾਨ ਬਾਰੇ ਵਿਚਾਰ ਦਿੱਤੇ ਹਨ: "ਇਕ ਅਜਿਹਾ ਵਿਅਕਤੀ ਜਿਹੜਾ ਸਵੈ ਇੱਛਾ ਨਾਲ ਖੇਤੀ ਨੂੰ ਜੀਵਿਕਾ ਦੇ ਸਾਧਨ ਦੇ ਰੂਪ ਵਿੱਚ ਅਪਨਾਉਣਾ ਹੋਵੇ ਅਤੇ ਖੇਤੀ ਕਾਰਜ ਵਿਚ ਆਪਣੇ ਸੰਦਾਂ ਨਾਲ ਆਪਣੇ ਪਰਿਵਾਰ ਦੀ

ਮਿਹਨਤ ਦਾ ਇਸਤੇਮਾਲ ਕਰਦਾ ਹੋਵੇ"।(ਪੰਨਾ 69)। ਡਾ.ਸਾਕ ਮੁਹੰਮਦ ***ਜਸਵੰਤ ਕੰਵਲ ਦੇ ਨਾਵਲਾਂ ਵਿਚ ਕਿਸਾਨੀ ਸਰੋਕਾਰ*** ਵਿਚ ਲਿਖਦੇ ਹਨ "ਕਿਸਾਨ ਸਾਂਝੇ ਪੈਦਾਵਾਰੀ ਰਿਸ਼ਤਿਆਂ ਜਾਂ ਪਰਿਵਾਰਕ ਮੈਂਬਰਾਂ ਨਾਲ ਉਪਜੀਵਕਾ ਲਈ ਹਲਵਾਈ ਦਾ ਕਾਰਜ ਕਰਨ ਵਾਲੀ ਅਜਿਹੀ ਸ਼੍ਰੇਣੀ ਹੈ ਜਿਸ ਕੋਲ ਜ਼ਰਖੇਜ ਭੋਇੰ ਲੋੜੀਂਦੇ ਜ਼ਰਾਇਤੀ ਸੰਦ ਅਤੇ ਖੇਤੀ ਲਈ ਸੂਝ-ਬੂਝ ਜ਼ਰੂਰੀ ਹੁੰਦੀ ਹੈ" 15। ਇਸੇ ਹੀ ਤਰ੍ਹਾਂ ਟੀ.ਆਰ. ਵਿਨੋਦ ਨੇ ***ਨਾਵਲ ਅਲੋਚਨਾ ਸ਼ਬਦਾਵਲੀ ਕੋਸ਼*** ਵਿਚ ਕਿਸਾਨੀ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕਰਦੇ ਹਨ ਕਿ

> ਕਿਸਾਨੀ ਜ਼ਰਾਇਤੀ ਮਿਹਨਤਕਸ਼ਾਂ ਦੀ ਉਹ ਜਮਾਤ ਹੈ ਜੋ ਆਪਣੇ ਕਬਜ਼ੇ/ਮਾਲਕੀ ਹੇਠਲੀ ਜ਼ਮੀਨ ਉੱਤੇ ਆਪਣੀ ਮਾਲਕੀ ਦੇ ਸੰਦਾਂ ਨਾਲ, ਬਹੁਤ ਕਰਕੇ, ਆਪਣੀ ਅਤੇ ਆਪਣੇ ਪਰਿਵਾਰ ਦੀ ਮਿਹਨਤ ਨਾਲ ਪੈਦਾਵਾਰ ਕਰਦੀ ਹੈ।...ਜਗੀਰਦਾਰੀ ਕਾਨੂੰਨ ਅਨੁਸਾਰ ਜ਼ਮੀਨ ਦੀ ਮਾਲਕ ਤਾਂ ਰਾਜਿਆਂ-ਰਜਵਾੜਿਆਂ ਜਾਗੀਰਦਾਰਾਂ- ਜ਼ਿਮੀਂਦਾਰਾਂ ਦੀ ਜਮਾਤ ਹੁੰਦੀ ਹੈ। ਪਰ ਕਬਜ਼ਾ ਇਸ ਉੱਤੇ ਕਿਸਾਨ ਬਿਰਾਦਰੀ ਜਾਂ ਕਿਸਾਨਾਂ ਦੇ ਵੱਖਰੇ-ਵੱਖਰੇ ਪਰਿਵਾਰਾਂ ਦਾ ਹੁੰਦਾ ਹੈ। ਆਮ ਹਾਲਤਾਂ ਵਿਚ ਇਹ ਪਰਿਵਾਰ ਜ਼ਮੀਨ ਨਾਲ ਕਾਨੂੰਨੀ ਤੌਰ ਤੇ ਬੱਝੇ ਹੁੰਦੇ ਹਨ।..... ਵਾਹੀ ਕਰਨ ਦੇ ਇਵਜ਼ਾਨੇ ਵਜੋਂ ਉਨ੍ਹਾਂ ਨੂੰ ਮਾਲਕ ਦੀ ਵਗਾਰ ਕਰਨੀ ਪੈਂਦੀ ਹੈ ਅਤੇ ਵਟਾਈ ਅੱਜ ਦੀ ਸ਼ਕਲ ਵਿਚ ਲਗਾਨ ਦੇਣਾ ਪੈਂਦਾ ਹੈ।(***ਨਾਵਲ ਆਲੋਚਨਾ ਸ਼ਬਦਾਵਲੀ ਕੋਸ਼*** 65,66)

ਸੋ ਇਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਕਿਸਾਨੀ ਦਾ ਸਬੰਧ ਕਿਸੇ ਧਰਮ ਜਾਂ ਜਾਤ ਨਾਲ ਨਹੀਂ ਸਗੋਂ ਇਹ ਇਕ ਅਜਿਹਾ ਵਿਸ਼ੇਸ਼ ਵਰਗ ਹੈ ਜਿਹੜਾ ਆਪਣੀ ਰੋਜ਼ੀ-ਰੋਟੀ ਲਈ ਆਪਣੇ ਪਰਿਵਾਰ ਦੀ ਮਿਹਨਤ ਨਾਲ ਜ਼ਮੀਨ ਤੋਂ ਉਤਪਾਦਨ ਕਰਦਾ ਹੈ। ਖੇਤੀਬਾੜੀ ਦੇ ਸ਼ੁਰੂ ਹੋਣ ਨਾਲ ਹੀ ਸਮਾਜ ਦਾ ਮੁੱਢ ਬੱਝਿਆ। ਇਸ ਦੇ ਆਲੇ ਦੁਆਲੇ ਜਾਤਾਂ-ਜਮਾਤਾਂ ਦਾ ਢਾਂਚਾ ਉਸਰਿਆ, ਸੱਭਿਅਤਾ ਦਾ ਵਿਕਾਸ ਹੋਇਆ ਅਤੇ ਨਿਰੰਤਰ ਵਿਕਾਸ ਦੇ ਇਸ ਪੜਾਅ ਵਿਚ ਨਿੱਜੀ ਮਾਲਕੀ ਦਾ ਸੰਕਲਪ ਹੋਂਦ ਵਿੱਚ ਆਇਆ। ਬਹੁਤ ਸਾਰੇ ਇਤਿਹਾਸਕਾਰ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਖੇਤੀਬਾੜੀ ਦਾ ਆਰੰਭ ਈਰਾਨ ਮਿਸਰ ਤੁਰਕੀ ਚੀਨ ਆਦਿ ਵਿੱਚ ਹੋਇਆ ਹੈ। ਪ੍ਰੰਤੂ ਇਨ੍ਹਾਂ ਵਿਦਵਾਨਾਂ ਦੁਆਰਾ ਪੇਸ਼ ਕੀਤੇ ਤੱਥਾਂ ਜਾਂ ਖੋਜਾਂ ਨੂੰ ਜਦੋਂ ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਜੋੜਿਆ ਜਾਂਦਾ ਹੈ ਤਾਂ ਇਨ੍ਹਾਂ ਵਿਚਕਾਰ ਸਬੰਧ ਸਥਾਪਿਤ ਕਰਨਾ ਔਖਾ

ਪ੍ਰਤੀਤ ਹੁੰਦਾ ਹੈ। ਇਸੇ ਹੀ ਤਰ੍ਹਾਂ ਕਿਸਾਨ ਸ਼ਬਦ ਲਈ ਜੱਟ, ਜ਼ਿਮੀਂਦਾਰ ਅਤੇ ਮੁਜ਼ਾਹਰਾ ਸ਼ਬਦਾਂ ਦੀ ਵਰਤੋਂ ਵੀ ਕਈ ਥਾਈਂ ਕੀਤੀ ਜਾਂਦੀ ਹੈ ਪ੍ਰੰਤੂ ਇਹ ਵਧੇਰੇ ਤਰਕਸੰਗਤ ਨਹੀਂ ਹੈ, ਇਨ੍ਹਾਂ ਸ਼ਬਦਾਂ ਦੇ ਮੁਕਾਬਲੇ ਕਿਸਾਨ ਸ਼ਬਦ ਵਧੇਰੇ ਢੁੱਕਵਾਂ ਹੈ। ਕਿਸਾਨਾਂ ਨੂੰ ਕਈ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ ਨਿੱਜੀ ਮਲਕੀਅਤ ਦੇ ਆਧਾਰ ਤੇ ਕਿਸਾਨਾਂ ਦੀਆਂ ਮੁੱਖ ਚਾਰ ਸ਼੍ਰੇਣੀਆਂ ਹਨ: ਪੂੰਜੀਪਤੀ ਕਿਸਾਨ, ਮੱਧਵਰਗੀ ਕਿਸਾਨ, ਛੋਟੇ ਕਿਸਾਨ ਤੇ ਭੂਮੀਹੀਣ ਜਾਂ ਮਜ਼ਦੂਰ ਕਿਸਾਨ।

ਭੂਮੀਪਤੀ ਜਾਂ ਪੂੰਜੀਪਤੀ ਕਿਸਾਨਾਂ ਵਿਚ ਉਨ੍ਹਾਂ ਕਿਸਾਨਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਕਿਸਾਨਾਂ ਕੋਲ 15 ਏਕੜ ਜਾਂ ਇਸ ਤੋਂ ਵੱਧ ਭੂਮੀ ਹੈ। ਇਨ੍ਹਾਂ ਵਿਚੋਂ ਵਧੇਰੇ ਕਿਸਾਨਾਂ ਨੂੰ ਜ਼ਮੀਨ ਵਿਰਾਸਤ ਵਿੱਚ ਮਿਲੀ ਹੁੰਦੀ ਹੈ। ਇਹ ਕਿਸਾਨ ਅੱਗੇ ਛੋਟੇ ਕਿਸਾਨਾਂ ਜਾਂ ਮਜ਼ਦੂਰ ਕਿਸਾਨਾਂ ਕੋਲੋਂ ਆਪਣੀ ਜ਼ਮੀਨ ਉੱਪਰ ਕੰਮ ਕਰਵਾਉਂਦੇ ਹਨ ਤੇ ਮੋਟਾ ਮੁਨਾਫਾ ਖੱਟਦੇ ਹਨ। ਮੱਧ ਵਰਗੀ ਕਿਸਾਨਾਂ ਵਿਚ ਉਨ੍ਹਾਂ ਕਿਸਾਨਾਂ ਨੂੰ ਗਿਣਿਆ ਜਾ ਸਕਦਾ ਹੈ ਜਿਨ੍ਹਾਂ ਕੋਲ 7-8 ਏਕੜ ਤੋਂ ਲੈ ਕੇ 15 ਏਕੜ ਤੱਕ ਭੂਮੀ ਦੀ ਮਾਲਕੀ ਹੁੰਦੀ ਹੈ। ਛੋਟੇ ਕਿਸਾਨਾਂ ਵਿੱਚ ਉਨ੍ਹਾਂ ਕਿਸਾਨਾਂ ਦੀ ਗਿਣਤੀ ਕੀਤੀ ਜਾਂਦੀ ਹੈ ਜਿਨ੍ਹਾਂ ਕੋਲ 2 ਏਕੜ ਤੋਂ ਲੈ ਕੇ ਲਗਪਗ 7 ਏਕੜ ਤੱਕ ਜ਼ਮੀਨ ਹੁੰਦੀ ਹੈ। ਇਹ ਕਿਸਾਨ ਆਪਣੀ ਭੂਮੀ ਉੱਪਰ ਖੇਤੀ ਕਰਨ ਦੇ ਨਾਲ ਨਾਲ ਵੱਡੇ ਕਿਸਾਨ ਜਾਂ ਮੱਧਵਰਗੀ ਕਿਸਾਨਾਂ ਦੀ ਜ਼ਮੀਨ ਨੂੰ ਠੇਕੇ ਉੱਪਰ ਜਾਂ ਹਿੱਸੇ ਉੱਪਰ ਲੈ ਲਗਾਉਂਦੇ ਹਨ। ਭੂਮੀਹੀਣ ਜਾਂ ਮਜ਼ਦੂਰ ਕਿਸਾਨ ਉਹ ਕਿਸਾਨ ਹਨ ਜਿਨ੍ਹਾਂ ਕੋਲ ਜਾਂ ਤਾਂ ਬਿਲਕੁਲ ਜ਼ਮੀਨ ਨਹੀਂ ਹੈ ਜਾਂ ਇਨ੍ਹਾਂ ਕੋਲ ਮਾਲਕੀ ਜ਼ਮੀਨ ਦਾ ਖੇਤਰ ਬਹੁਤ ਘੱਟ ਮਾਤਰਾ ਵਿੱਚ ਹੁੰਦਾ ਹੈ। ਇਹ ਵੱਡੇ ਜ਼ਿਮੀਂਦਾਰਾਂ ਉੱਪਰ ਜਾਂ ਫਿਰ ਹੋਰ ਖੇਤੀ ਆਧਾਰਿਤ ਧੰਦਿਆਂ ਨੂੰ ਅਪਣਾ ਕੇ ਆਪਣੇ ਪਰਿਵਾਰ ਦਾ ਗੁਜਰ ਬਸਰ ਕਰਦੇ ਹਨ।

**ਸੰਕਟ:-** ਆਮ ਭਾਸ਼ਾ ਵਿਚ ਸੰਕਟ ਤੋਂ ਭਾਵ ਜੋਖਮ ਭਰਪੂਰ ਸਥਿਤੀ ਜਾਂ ਅਸਾਧਾਰਨ ਸਥਿਤੀ ਤੋਂ ਹੈ। ਸਮਾਜ ਵਿਚ ਜਦੋਂ ਕੋਈ ਮੁਸੀਬਤ ਭਿਆਨਕ ਜਾਂ ਵਿਕਰਾਲ ਰੂਪ ਧਾਰਣ ਕਰ ਲੈਂਦੀ ਹੈ, ਤਾਂ ਉਸ ਨੂੰ ਸੰਕਟ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਸੰਕਟ ਲਈ ਆਮ ਤੌਰ ਤੇ 'Crisis' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ Agony, Calamity, Adversity

ਆਦਿ ਸ਼ਬਦਾਂ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ। ਪਰੰਤੂ ਇਨ੍ਹਾਂ ਵਿਚੋਂ ਵਧੇਰੇ ਸ਼ਬਦ ਕੁਦਰਤੀ ਆਫਤਾਂ ਨਾਲ ਹੀ ਸੰਬੰਧਿਤ ਸਮਝੇ ਜਾਂਦੇ ਹਨ। ਆਰੰਭ ਵਿਚ ਸੰਕਟ ਸ਼ਬਦ ਦੀ ਵਰਤੋਂ ਬਿਮਾਰੀਆਂ ਲਈ ਜਾਂ ਬਿਮਾਰੀਆਂ ਦੇ ਉਪਚਾਰ (ਮੈਡੀਕਲ) ਫੀਲਡ ਵਿਚ ਕੀਤੀ ਜਾਂਦੀ ਸੀ। 18ਵੀਂ ਸਦੀ ਤੱਕ ਸੰਕਟ ਸ਼ਬਦ ਕੇਵਲ ਰੋਗ ਵਿਗਿਆਨ ਤੱਕ ਹੀ ਸੀਮਿਤ ਰਿਹਾ। ਸੰਕਟ ਸ਼ਬਦ ਦੇ ਘੇਰੇ ਨੂੰ ਵਿਸ਼ਾਲ ਕਰਨ ਦਾ ਸਿਹਰਾ ਕਾਰਲ ਮਾਰਕਸ ਅਤੇ ਉਸ ਦੇ ਦੋਸਤ ਏਂਜਲਸ ਨੂੰ ਦਿੱਤਾ ਜਾਂਦਾ ਹੈ। ਇਨ੍ਹਾਂ ਵਿਦਵਾਨਾਂ ਨੇ ਪੂੰਜੀਵਾਦੀ ਸਰਮਾਏਦਾਰਾਂ ਵੱਲੋਂ ਕਿਰਤੀ ਵਰਗ ਤੇ ਹੋ ਰਹੇ ਅੱਤਿਆਚਾਰਾਂ ਕਾਰਨ ਉਪਜੀ ਸਥਿਤੀ ਨੂੰ ਸੰਕਟ ਦਾ ਨਾਂ ਦਿੱਤਾ।

"**Crisia** ਲਾਤੀਨੀ ਭਾਸ਼ਾ ਦੇ ਸ਼ਬਦ **Cerner** ਨਾਲ ਵੀ ਸੰਬੰਧਿਤ ਹੈ, ਜਿਸ ਦਾ ਅਰਥ ਹੈ ਤਬਦੀਲ ਹੋ ਜਾਣਾ, ਬਦਲ ਜਾਣਾ" (***An Etymological Dictionary of English Language*** 144) ਹੌਲੀ-ਹੌਲੀ ਸਮਾਜਿਕ, ਰਾਜਨੀਤਿਕ, ਆਰਥਿਕ, ਸਭਿਆਚਾਰਕ ਆਦਿ ਖੇਤਰਾਂ ਵਿਚ ਪੈਦਾ ਹੋਏ ਖਲਾਅ ਲਈ ਇਹ ਸ਼ਬਦ ਵਰਤਿਆ ਜਾਣ ਲੱਗਾ। ਇਨ੍ਹਾਂ ਪਰਸਥਿਤੀਆਂ ਵਿਚੋਂ ਹੀ ਇਕ ਕਿਸਾਨੀ ਹੈ, ਜਿਸ ਨੂੰ ਕਈ ਤਰ੍ਹਾਂ ਦੇ ਅਣਚਾਹੇ ਬਦਲਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਦੇ ਫਲਸਰੂਪ ਕਿਸਾਨੀ ਦੀ ਹਾਲਾਤ ਸੰਕਟਗ੍ਰਸਤ ਹੋਈ ਹੈ।

ਭਾਰਤ ਵਿਚ ਜੇਕਰ ਖੇਤੀ ਜਾਂ ਕਿਸਾਨੀ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਪੁਰਾਤਨ ਸਰੋਤਾਂ ਤੋਂ ਪਤਾ ਲੱਗਦਾ ਹੈ ਕਿ ਹੜੱਪਾ ਸੱਭਿਅਤਾ ਦੇ ਸਮੇਂ ਤੋਂ ਹੀ ਭਾਰਤ ਅਤੇ ਪੰਜਾਬ ਵਿਚ ਭਰਪੂਰ ਖੇਤੀ ਹੁੰਦੀ ਆ ਰਹੀ ਹੈ। ਖੁਦਾਈ ਦੌਰਾਨ ਮਿਲੇ ਵੱਡੇ ਵੱਡੇ ਭੜੋਲਿਆਂ ਬਾਰੇ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਅਨਾਜ ਦੀ ਸਾਂਭ ਸੰਭਾਲ ਲਈ ਵਰਤੇ ਜਾਂਦੇ ਸਨ, ਪਸ਼ੂਆਂ ਦੀ ਸਹਾਇਤਾ ਨਾਲ ਖੇਤੀ ਕਰਨ ਦੇ ਪ੍ਰਮਾਣ ਵੀ ਇਸ ਦੌਰ 'ਚ ਮਿਲਦੇ ਹਨ, ਕਣਕ, ਜੌਂ, ਨੀਲ ਦੀ ਖੇਤੀ ਤੇ ਹੋਰ ਅਨਾਜ ਦੀ ਪੈਦਾਵਾਰ ਦੇ ਸਬੂਤ ਵੀ ਮਿਲਦੇ ਹਨ ਜੋ ਸਿੱਧ ਕਰਦੇ ਹਨ ਕਿ ਇਸ ਕਾਲ ਵਿਚ ਸੁਚੇਤ ਰੂਪ ਤੇ ਵਪਾਰਕ ਆਸ਼ੇ ਅਧੀਨ ਖੇਤੀ ਕਾਰਜ ਕੀਤਾ ਜਾ ਰਿਹਾ ਸੀ। ਇਸ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੀ ਸਮੱਗਰੀ ਖੁਦਾਈ ਦੇ ਦੌਰਾਨ ਮਿਲੀ ਜੋ ਇਸ ਗੱਲ ਦੀ

ਹਾਮੀ ਭਰਦੀ ਹੈ ਕਿ ਖੇਤੀ ਦੇ ਨਾਲ ਨਾਲ ਹੋਰ ਖੇਤੀ ਸਹਾਇਕ ਕਿੱਤੇ ਜਿਵੇਂ ਤਰਖਾਣ, ਲੁਹਾਰ, ਜੁਲਾਹਾ ਆਦਿ ਦੀ ਹੋਂਦ ਵੀ ਇਸ ਸਮੇਂ ਮੌਜੂਦ ਸੀ।

ਇਸ ਪਿੱਛੋਂ ਆਰੀਆਈ ਲੋਕਾਂ ਦਾ ਸਮਾਂ 1800 ਈ. ਪੂਰਵ ਤੋਂ 1000 ਈ. ਪੂਰਵ ਮੰਨਿਆ ਜਾਂਦਾ ਹੈ। ਆਰੀਆ ਲੋਕ ਕਿੱਤੇ ਵਜੋਂ ਮੂਲ ਰੂਪ ਵਿੱਚ ਕਿਸਾਨਾਂ ਅਤੇ ਪਸ਼ੂ-ਪਾਲਕ ਸਨ। ਇਤਿਹਾਸਕਾਰਾਂ ਦਾ ਮੱਤ ਹੈ ਕਿ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਇੱਥੇ ਦਰਾਵਿੜ (ਭਾਰਤੀ ਮੂਲ) ਦੇ ਲੋਕ ਰਹਿੰਦੇ ਸਨ ਭਾਵੇਂ ਆਰੀਆ ਲੋਕਾਂ ਦੁਆਰਾ ਕੀਤੀ ਜਾਂਦੀ ਖੇਤੀ ਦਾ ਪੱਧਰ ਸਿੰਧੂ ਸੱਭਿਅਤਾ ਦੇ ਮੁਕਾਬਲੇ ਘੱਟ ਸੀ। ਸਿੰਧੂ ਸੱਭਿਅਤਾ ਦੇ ਮੁਕਾਬਲੇ ਮੰਡੀ ਵਿਵਸਥਾ ਵੀ ਇੰਨੀ ਵਿਕਸਤ ਨਹੀਂ ਸੀ। ਫਿਰ ਵੀ ਆਰੀਆ ਲੋਕ ਮੁੱਖ ਰੂਪ ਵਿੱਚ ਪਿੰਡਾਂ ਵਿੱਚ ਰਹਿੰਦੇ ਸਨ ਤੇ ਉਨ੍ਹਾਂ ਦਾ ਮੁੱਖ ਪੇਸ਼ਾ ਖੇਤੀ ਹੀ ਸੀ, ਆਰੀਆਈ ਲੋਕ ਆਪਣੇ ਖੇਤਾਂ ਵਿਚ ਗੋਬਰ ਖਾਦ ਦੀ ਵਰਤੋਂ ਵੀ ਕਰਦੇ ਸਨ। ਭਾਵੇਂ ਇਹ ਲੋਕ ਖੇਤੀ ਚਰਾਂਦਾ ਦੇ ਰੂਪ ਵਿਚ ਪਸ਼ੂ-ਪਾਲਣ ਲਈ ਕਰਦੇ ਸਨ ਪਰ ਇੱਥੋਂ ਹੀ ਅਸਲੀ ਅਰਥਾਂ ਵਿੱਚ ਖੇਤੀਬਾੜੀ ਦਾ ਆਰੰਭ ਹੋਇਆ। ਆਰਿਆਈ ਕਾਲ ਵਿੱਚ ਹੀ ਗੁਲਾਮ ਪ੍ਰਥਾ ਦਾ ਆਰੰਭ ਹੋਇਆ। ਇਸ ਕਾਲ ਵਿਚ ਰਚੇ ਗਏ ਧਾਰਮਿਕ ਗ੍ਰੰਥ ਰਿਗਵੇਦ ਵਿਚ ਕਣਕ ਵਰਗੀ ਮਹੱਤਵਪੂਰਣ ਫਸਲ ਦਾ ਜਿਕਰ ਨਹੀਂ ਮਿਲਦਾ। ਜ਼ਮੀਨਾਂ ਦੇ ਮਾਲਕ ਖੇਤੀਬਾੜੀ ਅਤੇ ਹੋਰ ਕੰਮਾਂ ਲਈ ਗ਼ੁਲਾਮਾਂ ਜਾਂ ਦਾਸਾਂ ਨੂੰ ਵਰਤਦੇ ਸਨ। ਇਸ ਸਮਾਜ ਵਿੱਚ ਕਿਸਾਨੀ ਗੁਲਾਮ ਸ਼੍ਰੇਣੀ ਦੇ ਰੂਪ ਵਿੱਚ ਉੱਭਰੀ। ਗੁਲਾਮਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਬਹੁਤ ਘੱਟ ਹਿੱਸਾ ਦਿੱਤਾ ਜਾਂਦਾ ਸੀ। ਇਸ ਕਾਲ ਵਿਚ ਲੋਕ ਮੁੜ ਸਮਾਜਿਕ ਤੇ ਆਰਥਿਕ ਰੂਪ ਚ ਸੰਗਠਿਤ ਤਰੀਕੇ ਨਾਲ ਰਹਿਣ ਲੱਗ ਪਏ। ਆਰੀਆ ਲੋਕ ਪੰਜਾਬ ਦੀ ਧਰਤੀ ਉੱਤੇ ਪੱਕੇ ਤੌਰ ਤੇ ਵਸ ਗਏ। ਆਰਿਆਈ ਕਾਲ ਦੇ ਮੁੱਢਲੇ ਸਮੇਂ ਵਿੱਚ ਲੋਹੇ ਦੀ ਖੋਜ ਨਹੀਂ ਹੋਈ ਸੀ ਜਿਸ ਕਾਰਨ ਖੇਤੀ ਨਾਲ ਸਬੰਧਤ ਵਧੇਰੇ ਔਜ਼ਾਰ ਲੱਕੜ ਦੇ ਬਣਾਏ ਜਾਂਦੇ ਸਨ। ਪਿੱਛੋਂ ਲੋਹੇ ਦੀ ਖੋਜ ਹੋ ਜਾਣ ਤੋਂ ਬਾਅਦ ਹੱਲਾਂ ਵਿੱਚ ਲੱਗਣ ਵਾਲੇ ਫਾਲ਼ੇ ਲੋਹੇ ਦੇ ਅਤੇ ਹੋਰ ਕਈ ਖੇਤੀ ਨਾਲ ਸਬੰਧਤ ਸਾਜ਼ੋ ਸਾਮਾਨ ਲੋਹੇ ਦਾ ਬਣਾਇਆ ਜਾਣ ਲੱਗ ਪਿਆ ਇੱਥੋਂ ਹੀ ਮਸ਼ੀਨੀ ਯੁੱਗ ਦਾ ਮੁੱਢ ਬੱਝਣਾ ਸ਼ੁਰੂ ਹੋਇਆ।

ਇਸ ਪਿੱਛੋਂ ਚੰਦਰਗੁਪਤ ਮੌਰੀਆ ਤੋਂ ਲੈ ਕੇ ਗੁਪਤ ਰਾਜਿਆਂ ਦੇ ਸਮੇਂ ਤਕ ਖੇਤੀ ਸੈਕਟਰ ਵਿਚ ਕਾਫੀ ਪਰਿਵਰਤਨ ਆਏ। ਇਸੇ ਹੀ ਕਾਲ ਵਿਚ ਜਗੀਰਦਾਰੀ ਪ੍ਰਥਾ ਦਾ ਵੀ ਵਾਧਾ ਹੋਇਆ ਜਗੀਰਦਾਰ ਸਰਕਾਰ ਅਤੇ ਕਿਸਾਨਾਂ ਵਿਚਕਾਰ ਇੱਕ ਕੜੀ ਦਾ ਕੰਮ ਕਰਦੇ ਸਨ। ਇਸ ਕਾਲ ਦੇ ਮਹੱਤਵਪੂਰਣ ਗ੍ਰੰਥ ਅਰਥਸ਼ਾਸਤਰ ਵਿਚ ਉਸ ਸਮੇਂ ਦੀ ਖੇਤੀ ਵਿਵਸਥਾ, ਕਰ ਪ੍ਰਣਾਲੀ ਤੇ ਫਸਲਾਂ ਦੀ ਵਪਾਰਕ ਸਥਿਤੀ ਬਾਰੇ ਜਾਣਕਾਰੀ ਮਿਲਦੀ ਹੈ। ਇਤਿਹਾਸਕਾਰ ਆਰ. ਸੀ. ਮਜਮੂਦਾਰ ਅਤੇ ਹੋਰ ਦੀ ਪੁਸਤਕ ***ਭਾਰਤ ਦਾ ਇਤਿਹਾਸ*** ਦਾ ਅਨੁਵਾਦ ਕਰਦਿਆਂ ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ "ਸ਼ਹਿਰਾਂ ਤੋਂ ਦੂਰ ਕਿਸਾਨ ਪਿੰਡਾਂ ਵਿੱਚ ਰਹਿੰਦੇ ਸਨ। ਜ਼ਮੀਨ ਦਾ ਇੱਕ ਭਾਗ ਸਰਕਾਰੀ ਖਜ਼ਾਨੇ ਵਿਚ ਦੇਣ ਤੋਂ ਛੁੱਟ ਉਹ ਭੂਮੀ ਕਰ ਵੀ ਦਿੰਦੇ ਸਨ, ਜਿਸ ਨੂੰ ਸ਼ਿਲਾਲੇਖ ਜਾਂ ਬਲੀ ਕਿਹਾ ਜਾਂਦਾ ਸੀ" 131,132। ਇਸ ਕਾਲ ਤੱਕ ਭਾਰਤ ਉੱਪਰ ਹਿੰਦੂ ਭਾਰਤੀ ਰਾਜਿਆਂ ਦਾ ਸ਼ਾਸਨ ਰਿਹਾ। ਕੁਸ਼ਾਨ ਤੇ ਗੁਪਤ ਰਾਜਿਆਂ ਦੇ ਸਮੇਂ ਦੌਰਾਨ ਜਗੀਰਦਾਰੀ ਢਾਂਚਾ ਹੋਰ ਵਿਕਸਿਤ ਹੋਇਆ ਅਤੇ ਜਗੀਰਦਾਰਾਂ ਵਿਚ ਵੱਧ ਤੋਂ ਵੱਧ ਸੰਪਤੀ ਬਣਾਉਣ ਦੀ ਹੋੜ ਲੱਗ ਗਈ, ਇਸ ਦੇ ਫਲਸਰੂਪ ਜੰਗਲਾਂ ਨੂੰ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਕੋਲੋਂ ਸਾਫ ਕਰਵਾ ਕੇ ਉਨ੍ਹਾਂ ਨੂੰ ਖੇਤੀਯੋਗ ਭੂਮੀ ਬਣਾਇਆ ਗਿਆ। ਜਗੀਰਦਾਰ ਕਿਸਾਨਾਂ ਕੋਲੋਂ ਸਰਕਾਰ ਵੱਲੋਂ ਨਿਸਚਿਤ ਕਰ ਨਾਲੋਂ ਵੱਧ ਕਰ ਲੈਂਦੇ ਸਨ। ਕਿਸਾਨਾਂ ਵੱਲੋਂ ਵਿਰੋਧ ਕਰਨ ਦੀ ਸੂਰਤ ਵਿੱਚ ਉਨ੍ਹਾਂ ਉੱਪਰ ਜਬਰ ਜ਼ੁਲਮ ਹੁੰਦਾ ਸਿੱਟੇ ਵਜੋਂ ਕਿਸਾਨੀ ਦੀ ਹਾਲਤ ਮਾੜੀ ਹੁੰਦੀ ਗਈ।

ਇਸ ਤੋਂ ਪਿਛੋਂ ਉਹ ਕਾਲ ਸੀ ਜਿਸ ਸਮੇਂ ਭਾਰਤ ਵਿਸ਼ੇਸ਼ਕਰ ਪੰਜਾਬ ਦੇ ਖਿੱਤੇ ਉੱਪਰ ਵਿਦੇਸ਼ੀ ਹਮਲਿਆਂ ਦਾ ਆਰੰਭ ਹੋ ਗਿਆ ਸੀ। ਮੁਹੰਮਦ ਬਿਨ ਕਾਸਿਮ ਦੇ ਹਮਲੇ ਤੋਂ ਲੈ ਕੇ ਤੇ ਬਾਰ੍ਹਵੀਂ ਸਦੀ ਦੇ ਅਖੀਰ ਤੱਕ ਮੁਹੰਮਦ ਗੌਰੀ ਦੇ ਹਮਲਿਆਂ ਕਾਰਨ ਰਾਜਸੀ ਅਸਥਿਰਤਾ ਰਹੀ ਤੇ ਭਾਰਤ ਉਪਰ ਲਗਾਤਾਰ ਹਮਲੇ ਹੁੰਦੇ ਰਹੇ। ਗਜਨੀ ਦੇ ਹਮਲਿਆਂ ਦੇ ਸਮੇਂ ਦੌਰਾਨ ਵੀ ਖੇਤੀ ਲਈ ਚੰਗਾ ਮਹੌਲ ਨਾ ਬਣ ਸਕਿਆ। ਇਸ ਅਸਥਿਰ ਮਾਹੌਲ ਵਿਚ ਕਿਸਾਨੀ ਦੀ ਹਾਲਤ ਵੀ ਮਾੜੀ ਰਹੀ। ਅਗਲੇ ਪੜਾਅ ਤਕ ਪਹੁੰਚਦਿਆਂ ਭਾਰਤ ਉੱਪਰ 1206 ਈ ਵਿੱਚ ਮੁਹੰਮਦ ਗੌਰੀ ਦੇ ਪ੍ਰਤੀਨਿਧ ਕੁਤਬੁਦੀਨ ਐਬਕ ਦੁਆਰਾ ਗੁਲਾਮ ਵੰਸ਼ ਦੀ ਸਥਾਪਨਾ ਕਰ ਦਿੱਤੀ ਗਈ ਇਸ ਕਾਲ ਤੋਂ ਖੇਤੀ ਜਾਂ ਕਿਸਾਨੀ ਦੇ ਮਹੱਤਵ ਤੋਂ ਸ਼ਾਸਕ ਵਰਗ ਪੂਰੀ ਤਰਾਂ ਜਾਣੂ ਹੋ ਚੁੱਕਾ ਸੀ।

ਅਲਾਉਦੀਨ ਖਿਲਜੀ ਨੇ ਪਹਿਲੀ ਵਾਰ ਖੇਤੀ ਖੇਤਰ ਵਿਚ ਵੱਡੇ ਬਦਲਾਅ ਲੈ ਕੇ ਆਉਂਦੇ ਤੇ ਕਰ ਪ੍ਰਣਾਲੀ ਵਿਚ ਬਦਲਾਅ ਕੀਤਾ ਤੇ ਭੂਮੀ ਨੂੰ ਖੇਤੀਯੋਗ ਬਣਵਾਉਣ ਲਈ ਨਹਿਰੀ ਵਿਵਸਥਾ ਤੇ ਸਿੰਜਾਈ ਆਦਿ ਲਈ ਕਈ ਯੋਗ ਕਦਮ ਚੁੱਕੇ। ਅਲਾਉਦੀਨ ਖਿਲਜੀ ਦੇ ਆਰਥਿਕ ਅਤੇ ਖੇਤੀ ਸੁਧਾਰਾਂ ਵਿੱਚੋਂ ਇੱਕ ਕੰਮ ਰਾਜ ਵਿੱਚੋਂ ਮਾਲੀਆ ਉਗਰਾਉਣ ਦੇ ਕੰਮ ਵਿੱਚ ਇਕਸਾਰਤਾ ਲਿਆਉਣੀ ਸੀ। ਇਸ ਤੋਂ ਇਲਾਵਾ ਖਿਲਜੀ ਨੇ ਜਗੀਰਦਾਰਾਂ ਜਾਂ ਹੋਰ ਵਿਅਕਤੀਆਂ ਦੀਆਂ ਨਿੱਜੀ ਜ਼ਮੀਨਾਂ ਵਿਚ ਕਮੀ ਲਿਆ ਕੇ ਹਕੂਮਤ ਦੀ ਜ਼ਮੀਨ ਵਿੱਚ ਵਾਧਾ ਕੀਤਾ। ਖਿਲਜੀ ਤੋਂ ਬਾਅਦ ਤੁਗਲਕ ਵੰਸ਼ ਵਿੱਚ ਫ਼ਿਰੋਜ਼ਸ਼ਾਹ ਤੁਗਲਕ ਤੇ ਮੁਹੰਮਦ ਬਿਨ ਤੁਗ਼ਲਕ ਨੇ ਚੇਤ ਅਚੇਤ ਰੂਪ ਵਿੱਚ ਕਈ ਆਰਥਿਕ ਸੁਧਾਰ ਕੀਤੇ ਜਿਨ੍ਹਾਂ ਦਾ ਸਿੱਧਾ ਸਬੰਧ ਕਿਸਾਨੀ ਨਾਲ ਸੀ। ਨਹਿਰਾਂ ਦੀ ਖੁਦਾਈ ਬੰਜਰ ਜ਼ਮੀਨ ਨੂੰ ਭੂਮੀ ਯੋਗ ਜਾਂ ਉਪਜਾਊ ਜ਼ਮੀਨ ਬਣਾਉਣ ਵਿੱਚ ਤੁਗਲਕ ਸ਼ਾਸਕਾਂ ਦਾ ਵੱਡਾ ਹੱਥ ਰਿਹਾ। ਕਿਉਂਕਿ ਇਹ ਸਾਰੇ ਦੇ ਸਾਰੇ ਸ਼ਾਸਕ ਜਾਣਦੇ ਸਨ ਕਿ ਸਰਕਾਰੀ ਖਜ਼ਾਨੇ ਨੂੰ ਜੇਕਰ ਭਰਨਾ ਹੈ ਤਾਂ ਖੇਤੀ ਸੈਕਟਰ ਵਿੱਚ ਸੁਧਾਰ ਲਿਆਉਣਾ ਬਹੁਤ ਜ਼ਰੂਰੀ ਹੈ। ਪ੍ਰੰਤੂ ਭਾਰੀ ਮਾਤਰਾ ਵਿਚ ਮਾਲੀਆ ਉਗਰਾਹੁਣ ਕਾਰਨ ਕਿਸਾਨਾਂ ਦੀ ਹਾਲਤ ਮੁੱਢ ਤੋਂ ਹੀ ਤਰਸਯੋਗ ਬਣੀ ਰਹੀ ਜੋ ਇਨ੍ਹਾਂ ਸਮਿਆਂ ਵਿੱਚ ਹੋਰ ਵੀ ਵਧੇਰੇ ਸੰਕਟਗ੍ਰਸਤ ਹੋ ਗਈ।

ਅਗਲੇ ਪੜਾਅ ਵਿਚ ਬਾਬਰ ਦੁਆਰਾ ਭਾਰਤ ਉੱਪਰ ਮੁਗਲ ਸ਼ਾਸਨ ਕਾਇਮ ਕੀਤਾ ਗਿਆ ਪ੍ਰੰਤੂ ਉਸ ਦੁਆਰਾ ਵੀ ਕਿਸਾਨੀ ਸੁਧਾਰ ਅਤੇ ਕਰ ਪ੍ਰਣਾਲੀ ਵਿੱਚ ਕੋਈ ਬਦਲਾਅ ਨਹੀਂ ਕੀਤੇ ਗਏ। ਸ਼ੇਰ ਸ਼ਾਹ ਸੂਰੀ ਨੇ ਜ਼ਮੀਨ ਦੀ ਪੈਮਾਇਸ਼ ਤੇ ਮਾਲੀਆ ਪ੍ਰਬੰਧ ਦੇ ਨਿਯਮ ਨਿਰਧਾਰਿਤ ਕੀਤੇ ਜਿਸ ਤੋਂ ਪ੍ਰੇਰਨਾ ਲੈ ਕੇ ਬਾਅਦ ਵਿੱਚ ਅਕਬਰ ਨੇ ਵੀ ਇਹ ਕਾਰਜ ਕੀਤਾ। ਅਕਬਰ ਨੇ ਜ਼ਮੀਨ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਮਾਲੀਆ ਨਿਰਧਾਰਿਤ ਕੀਤਾ। ਕਈ ਪ੍ਰਕਾਰ ਦੇ ਸੁਧਾਰਾਂ ਦੇ ਬਾਵਜੂਦ ਕੁਦਰਤੀ ਕਰੋਪੀਆਂ ਕਾਰਨ ਕਿਸਾਨਾਂ ਦੀ ਹਾਲਤ ਵਿੱਚ ਕੋਈ ਵਧੇਰੇ ਸੁਧਾਰ ਨਹੀਂ ਆਇਆ। ਵਿਸ਼ਾਲ ਸੈਨਿਕ ਸ਼ਕਤੀ ਤੇ ਆਧਾਰਿਤ ਮੁਗਲ ਸਾਮਰਾਜ ਸਮੇਂ ਸਮੇਂ ਤੇ ਉੱਠਦੇ ਹਰ ਵਿਦਰੋਹ ਨੂੰ ਦਬਾ ਦਿੰਦਾ ਸੀ। ਕਿਸਾਨਾਂ ਦੁਆਰਾ ਵੀ ਸਮੇਂ ਸਮੇਂ ਤੇ ਅਜਿਹੇ ਵਿਦਰੋਹ ਕੀਤੇ ਗਏ ਪ੍ਰੰਤੂ ਉਨ੍ਹਾਂ ਵਿਚਕਾਰ ਚੇਤਨਾ ਦੀ ਘਾਟ ਤੇ ਇਕਜੁੱਟਤਾ ਨਾ ਹੋਣ ਕਾਰਨ ਇਹ ਵਧੇਰੇ ਸਫਲ ਨਾ ਹੋ ਸਕੇ। ਇਰਫਾਨ ਹਬੀਬ ਨੇ ਆਪਣੀ ਪੁਸਤਕ ***ਭਾਰਤੀਯ ਇਤਿਹਾਸ ਮੇਂ ਮੱਧਕਾਲ*** ਵਿਚ ਲਿਖਿਆ ਹੈ ਕਿ:

> 17ਵੀਂ ਸਦੀ ਦੇ ਪਿਛਲੇ ਅੱਧ ਵਿਚ ਮਥੁਰਾ ਦੇ ਇਲਾਕੇ ਵਿਚ ਜ਼ਿਮੀਂਦਾਰ ਗੋਕੁਲ ਜਾਟ ਨੇ ਜਾਟਾਂ ਅਤੇ ਪਿੰਡ ਵਾਸੀਆਂ ਨੂੰ ਇਕੱਠੇ ਕਰਕੇ ਇੱਕ ਭਾਰੀ ਵਿਦਰੋਹ ਕੀਤਾ। ਇਹ ਜਾਤੀਗਤ ਆਧਾਰ ਉੱਤੇ ਉੱਠਿਆ ਕਿਸਾਨੀ ਵਿਦਰੋਹ ਸੀ। ਇਸੇ ਤਰ੍ਹਾਂ ਹੀ 1672 ਈ. ਵਿਚ ਨਾਰਵੈਲ ਅਤੇ ਮੇਵਾਤ ਦੇ ਇਲਾਕੇ ਵਿੱਚ ਬੈਰਾਗੀ ਸੰਪਰਦਾਇ ਦਾ ਸਤਨਾਮੀ ਵਿਦਰੋਹ ਸੀ ਜਿਸ ਵਿਚ ਕਬੀਰ ਪ੍ਰਤੀ ਭਗਤੀ ਭਾਵਨਾ ਰੱਖਣ ਵਾਲੇ ਕਿਸਾਨ ਅਤੇ ਪਿਛੜੀਆਂ ਸ਼੍ਰੇਣੀਆਂ ਦੇ ਵਿਸ਼ਾਲ ਜਨ-ਸਮੂਹ ਨੇ ਭਾਗ ਲਿਆ। (***ਭਾਰਤੀਯ ਇਤਿਹਾਸ ਮੇਂ ਮੱਧਕਾਲ*** 99)

ਅਜਿਹੇ ਹੀ ਛੋਟੇ-ਛੋਟੇ ਕਿਸਾਨ ਵਿਦਰੋਹਾਂ ਤੇ ਅੰਤ ਵਿੱਚ ਮਰਾਠਿਆਂ ਅਤੇ ਸਿੱਖਾਂ ਦੁਆਰਾ ਕੀਤੇ ਗਏ ਵੱਡੇ ਵਿਦਰੋਹਾਂ ਨੇ ਮਜ਼ਬੂਤ ਮੁਗਲ ਸਲਤਨਤ ਦੀਆਂ ਜੜ੍ਹਾਂ ਪੁੱਟ ਦਿੱਤੀਆਂ। ਇਸ ਮਗਰੋਂ ਅੰਗਰੇਜ਼ਾਂ ਦੀ ਭਾਰਤ ਵਿੱਚ ਵਪਾਰੀਆਂ ਦੇ ਰੂਪ ਵਿੱਚ ਆਮਦ ਹੋਈ। ਬਰਤਾਨਵੀ ਬਸਤੀਵਾਦ ਦਾ ਆਰੰਭ ਪਹਿਲਾਂ ਈਸਟ ਇੰਡੀਆ ਕੰਪਨੀ ਦੇ ਰੂਪ ਵਿੱਚ ਬੰਗਾਲ ਤੋਂ ਸ਼ੁਰੂ ਹੋਇਆ ਤੇ ਮਗਰੋਂ ਬਰਤਾਨਵੀ ਸਰਕਾਰ ਦਾ ਰਾਜ ਸਮੁੱਚੇ ਭਾਰਤ ਉਪਰ ਹੋ ਗਿਆ। ਪਹਿਲੇ ਪੜਾਅ ਵਿਚ ਬਰਤਾਨਵੀ ਈਸਟ ਇੰਡੀਆ ਕੰਪਨੀ ਨੇ ਕੇਵਲ ਭਾਰਤੀ ਸਾਧਨਾਂ ਦੀ ਸਿੱਧੀ ਲੁੱਟ ਕੀਤੀ ਤੇ ਭਾਰਤ ਤੋਂ ਕੇਵਲ ਕੱਚੇ ਮਾਲ ਦੇ ਰੂਪ ਵਿੱਚ ਸਮਾਨ ਲਿਆ ਗਿਆ ਪ੍ਰੰਤੂ ਇੰਗਲੈਂਡ ਦੀ ਵਿਸਤਾਰਵਾਦੀ ਨੀਤੀ ਨੇ ਹੌਲੀ ਹੌਲੀ ਇੱਥੋਂ ਦੀ ਰਾਜ ਸੱਤਾ ਹਾਸਲ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ। 1793 ਈ. ਵਿਚ ਸਥਾਈ ਬੰਦੋਬਸਤ ਪ੍ਰਬੰਧ ਲਿਆ ਕੇ ਜ਼ਿਮੀਂਦਾਰਾਂ ਨੂੰ ਭੂਮੀ ਦੇ ਮਾਲਕ ਬਣਾ ਦਿੱਤਾ ਗਿਆ। ਇਸ ਦੇ ਅੰਤਰਗਤ ਸਰਕਾਰ, ਜ਼ਿਮੀਂਦਾਰ ਅਤੇ ਕਿਸਾਨ ਖੇਤੀ ਉਪਜ ਦੇ ਤਿੰਨ ਹਿੱਸੇਦਾਰ ਬਣ ਗਏ। ਜ਼ਿਮੀਂਦਾਰਾਂ ਕੋਲ ਕਿਸਾਨਾਂ ਨੂੰ ਬੇਦਖ਼ਲ ਕਰਨ ਦਾ ਅਤੇ ਕਰ ਵਿਚ ਵਾਧਾ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ। ਪ੍ਰੰਤੂ ਇਹ ਕਾਨੂੰਨ ਕਿਸਾਨਾਂ ਲਈ ਬੜਾ ਘਾਤਕ ਸਿੱਧ ਹੋਇਆ ਅਤੇ ਉਨ੍ਹਾਂ ਦੇ ਅਧਿਕਾਰ ਇਕ ਤਰ੍ਹਾਂ ਨਾਲ ਖੋਹ ਲਏ ਗਏ ਤੇ ਕਿਸਾਨਾਂ ਦਾ ਸ਼ੋਸ਼ਣ ਨਿਰੰਤਰ ਵਧਦਾ ਹੀ ਗਿਆ। ਇਸ ਸਭ ਦੇ ਸਿੱਟੇ ਵਜੋਂ ਕਿਸਾਨਾਂ ਦੀ ਹਾਲਤ ਦਿਨੋਂ ਦਿਨ ਖ਼ਰਾਬ ਹੋਈ ਜਿਸ ਤੇ ਕੰਪਨੀ ਵੱਲੋਂ ਸਥਾਈ ਬੰਦੋਬਸਤ ਨੂੰ ਆਪਣੇ ਆਰਥਿਕ ਹਿੱਤਾਂ ਲਈ ਰੁਕਾਵਟ ਬਣਦਾ ਦੇਖ ਕੇ ਨਵੇਂ ਬੰਦੋਬਸਤ ਜਾਂ ਨਵੇਂ ਪ੍ਰਬੰਧ ਬਾਰੇ ਸੋਚਣ ਲੱਗੇ।

ਇਸ ਹੀ ਸਮੇਂ ਬਰਤਾਨਵੀ ਉਦਯੋਗਿਕ ਕ੍ਰਾਂਤੀ ਆਈ ਜਿਸ ਦੇ ਕਾਰਨ ਉਨ੍ਹਾਂ ਵਲੋਂ ਭਾਰਤੀ ਵਿਵਸਥਾ ਵਿੱਚ ਵੀ ਕੁਝ ਬਦਲਾਅ ਕੀਤੇ ਗਏ। 1820 ਈ. ਵਿਚ ਅੰਗਰੇਜ਼ ਸਰਕਾਰ ਵੱਲੋਂ ਇਸ ਸਾਮੰਤਵਾਦੀ ਵਿਵਸਥਾ ਜਾਂ ਜ਼ਿਮੀਂਦਾਰੀ ਵਿਵਸਥਾ ਤੋਂ ਹਟਕੇ ਹੁਣ 'ਰਾਇਤਵਾੜੀ ਬੰਦੋਬਸਤ' ਲਾਗੂ ਕੀਤਾ ਗਿਆ। ਏ.ਆਰ. ਦੇਸਾਈ ਨੇ ਆਪਣੀ ਪੁਸਤਕ ***'ਭਾਰਤੀ ਰਾਸ਼ਟਰਵਾਦ ਦਾ ਸਮਾਜਿਕ ਪਿਛੋਕੜ'*** ਵਿਚ ਰਾਇਤਵਾੜੀ ਪ੍ਰਬੰਧ ਬਾਰੇ ਲਿਖਿਆ ਹੈ "ਜੋ ਧਰਤੀ ਕੋਈ ਵਿਅਕਤੀ ਵਾਹੁੰਦਾ ਸੀ, ਉਸ ਦਾ ਮਾਲਕ ਬਣਾ ਦਿੱਤਾ ਗਿਆ।" 31 ਇਸ ਵਿਵਸਥਾ ਅਨੁਸਾਰ ਕਿਸਾਨ ਪੂਰੀ ਤਰ੍ਹਾਂ ਨਾਲ ਜ਼ਮੀਨ ਦੇ ਮਾਲਕ ਬਣ ਗਏ ਤੇ ਉਨ੍ਹਾਂ ਨੂੰ ਜ਼ਮੀਨ ਖ਼ਰੀਦਣ, ਵੇਚਣ ਅਤੇ ਗਹਿਣੇ ਪਾਉਣ ਆਦਿ ਦੇ ਅਧਿਕਾਰ ਮਿਲ ਗਏ।

ਮੁਗਲ ਕਾਲ ਦੇ ਖਾਤਮੇ ਤੋਂ ਬਾਅਦ ਇਸੇ ਹੀ ਸਮੇਂ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਆਉਂਦਾ ਹੈ। ਇਸ ਕਾਲ ਦੌਰਾਨ ਪੰਜਾਬ ਵਿੱਚ ਮਾਲਕ ਕਾਸ਼ਤਕਾਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ। ਜ਼ਮੀਨਾਂ ਦੇ ਮਾਲਕ ਕਿਸਾਨ ਆਪਣੇ ਪਰਿਵਾਰ ਸਮੇਤ ਆਪਣੀਆਂ ਜ਼ਮੀਨਾਂ ਤੇ ਖੇਤੀ ਕਰਦੇ ਸਨ ਪ੍ਰੰਤੂ ਵੱਡੇ ਜ਼ਿਮੀਂਦਾਰ ਮੁਜ਼ਾਹਰਿਆਂ ਨੂੰ ਖੇਤੀ ਕਰਨ ਵਾਸਤੇ ਜ਼ਮੀਨ ਦਿੰਦੇ ਸਨ। ਇਨ੍ਹਾਂ ਮੁਜ਼ਾਹਰਿਆਂ ਦੀ ਹਾਲਤ ਕਿਸਾਨਾਂ ਨਾਲੋਂ ਜ਼ਿਆਦਾ ਦੁੱਖ ਭਰੀ ਸੀ ਕਿਉਂਕਿ ਇੱਕ ਪਾਸੇ ਇਨ੍ਹਾਂ ਨੂੰ ਮਾਲਕ ਕਾਸ਼ਤਕਾਰਾਂ ਨੂੰ ਹਿੱਸਾ ਦੇਣਾ ਪੈਂਦਾ ਸੀ ਤੇ ਦੂਜੇ ਪਾਸੇ ਸਰਕਾਰ ਵੱਲੋਂ ਲਗਾਏ ਗਏ ਲਗਾਨ ਜਾਂ ਕਰ ਦੇ ਰੂਪ ਵਿਚ ਇਕ ਵੱਡਾ ਹਿੱਸਾ ਦੇਣਾ ਪੈਂਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਥੋੜ੍ਹੇ ਬਹੁਤ ਫ਼ਰਕ ਦੇ ਨਾਲ ਮੁਗ਼ਲ ਕਰ ਪ੍ਰਣਾਲੀ ਨੂੰ ਅਪਣਾ ਲਿਆ ਸੀ।

ਮਗਰੋਂ 1849 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਯੋਗ ਉਤਰਾਧਿਕਾਰੀਆਂ ਤੇ ਸਿੱਖਾਂ ਦੀ ਆਪਸੀ ਫੁੱਟ ਕਾਰਨ ਦੋ ਐਂਗਲੋ-ਸਿੱਖ ਯੁੱਧਾਂ ਵਿਚ ਸਿੱਖਾਂ ਦੀ ਹਾਰ ਹੋਈ ਤੇ ਅੰਗਰੇਜ਼ਾਂ ਨੇ ਪੰਜਾਬ ਉੱਪਰ ਵੀ ਏਕਾਧਿਕਾਰ ਜਮਾ ਲਿਆ। ਅੰਗਰੇਜ਼ਾਂ ਨੇ ਪੰਜਾਬ ਦੀ ਜ਼ਮੀਨ ਦੀ ਪੈਮਾਇਸ਼ ਦਾ ਕੰਮ ਆਰੰਭਿਆ ਤੇ ਇਸ ਦਾ ਰਿਕਾਰਡ ਤਿਆਰ ਕੀਤਾ ਉਨ੍ਹਾਂ ਖਸਰੇ ਦੇ ਸਰਵੇਖਣ ਵਿੱਚ ਹਰ ਖੇਤਰ ਦਾ ਨਾਮ ਮਾਲਕ ਅਤੇ ਕਾਸ਼ਤਕਾਰ ਦਾ ਨਾਂ ਭੋਂ ਦੀ ਕਿਸਮ ਅਤੇ ਫ਼ਸਲਾਂ ਦਾ ਵੇਰਵਾ ਦਿੱਤਾ। ਇਹ ਸਭ ਤੋਂ ਬਾਅਦ ਕਿਸਾਨਾਂ ਨੂੰ ਜ਼ਮੀਨ ਦੀ ਰਜਿਸਟਰੀ ਦਿੱਤੀ ਜਾਂਦੀ ਸੀ ਜਿਸ ਘਰ ਨੂੰ ਜ਼ਮੀਨਾਂ ਦੇ ਮਾਲਕ ਤੇ ਕਰਦਾਤਾ ਬਣ ਜਾਂਦੇ ਸਨ। ਇਸ ਦਾ ਇੱਕ ਦੂਰ ਪ੍ਰਭਾਵ ਇਹ ਨਿਕਲਿਆ ਕਿ ਕਿਸਾਨਾਂ ਨੂੰ ਆਪਣਾ ਘਰ ਚੁਕਾਉਣ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਲੈਣਾ

ਪੈਂਦਾ ਸੀ, ਜਿਸ ਕਾਰਨ ਸ਼ਾਹੂਕਾਰਾਂ ਅੱਗੇ ਉਨ੍ਹਾਂ ਨੂੰ ਆਪਣੇ ਘਰ, ਗਹਿਣੇ, ਪਸ਼ੂਆਂ ਆਦਿ ਤੱਕ ਨੂੰ ਵੇਚਣਾ ਪਿਆ। ਮੰਡੀਆਂ ਦੀ ਉਚਿਤ ਵਿਵਸਥਾ ਨਾ ਹੋਣ ਕਾਰਨ ਕਿਸਾਨਾਂ ਨੂੰ ਸ਼ਾਹੂਕਾਰਾਂ ਕੋਲ ਆਪਣੀ ਫ਼ਸਲ ਵੇਚਣੀ ਪੈਂਦੀ ਸੀ ਤੇ ਸ਼ਾਹੂਕਾਰ ਆਪਣੀ ਮਰਜ਼ੀ ਦਾ ਰੇਟ ਲਗਾਉਂਦੇ ਸਨ। ਆਪਣੀਆਂ ਲੋੜਾਂ ਦੀ ਪੂਰਤੀ ਲਈ ਕਿਸਾਨ ਸ਼ਾਹੂਕਾਰਾਂ ਅੱਗੇ ਵਾਰ-ਵਾਰ ਮੰਗਦੇ ਸਨ ਤੇ ਸ਼ਾਹੂਕਾਰਾਂ ਦੀ ਅਧੀਨਗੀ ਸਵੀਕਾਰ ਕਰਨ ਲਈ ਮਜਬੂਰ ਹੁੰਦੇ ਸਨ। ਸ਼ਾਹੂਕਾਰਾਂ ਦੇ ਚੱਕਰਵਿਊ ਵਿੱਚ ਫਸੇ ਕਿਸਾਨਾਂ ਦੀ ਹਾਲਤ ਉਨ੍ਹੀਵੀਂ ਸਦੀ ਦੇ ਆਖ਼ਰੀ ਦਹਾਕਿਆਂ ਤਕ ਬਹੁਤ ਬੁਰੀ ਹੋ ਚੁੱਕੀ ਸੀ। ਸ਼ਾਹੂਕਾਰਾਂ ਦੁਆਰਾ ਕਿਸਾਨਾਂ ਦੀਆਂ ਜ਼ਮੀਨਾਂ ਉੱਪਰ ਕਬਜ਼ੇ ਕੀਤੇ ਜਾ ਰਹੇ ਸਨ। ਰਣਜੀਤ ਸਿੰਘ ਨੇ ਆਪਣੀ ਪੁਸਤਕ ***ਪੰਜਾਬੀ ਕਿਸਾਨ*** ਵਿਚ ਲਿਖਿਆ ਹੈ ਕਿ "ਇਕ ਅੰਕੜੇ ਅਨੁਸਾਰ ਸ਼ਾਹੂਕਾਰਾਂ ਦੀ ਗਿਣਤੀ 1868 ਵਿੱਚ 53264 ਸੀ ਜੋ ਕਿ 1911 ਵਿੱਚ ਵਧ ਕੇ 193890 ਹੋ ਗਈ ਸੀ।" 15

ਉਨੀਵੀਂ ਸਦੀ ਦੇ ਆਖ਼ਰੀ ਤਿੰਨ ਦਹਾਕਿਆਂ ਵਿੱਚ ਕਿਸਾਨੀ ਦੀ ਹਾਲਤ ਇੰਨੀ ਮਾੜੀ ਹੋ ਗਈ ਸੀ ਕਿ ਬਹੁਤ ਸਾਰੇ ਕਿਸਾਨਾਂ ਨੂੰ ਆਪਣੀ ਜ਼ਮੀਨ ਵੇਚਣੀ ਪੈ ਗਈ ਸੀ। 1901 ਈ. ਵਿਚ ਲੈਂਡ ਐਲਈਨੇਸ਼ਨ ਐਕਟ ਪਾਸ ਕੀਤਾ ਗਿਆ ਜਿਸ ਅਨੁਸਾਰ ਗੈਰ ਕਾਸ਼ਤਕਾਰ ਜਾਤਾਂ ਕਿਸਾਨਾਂ ਦੀ ਜ਼ਮੀਨ ਆਪਣੇ ਨਾਂ ਰਜਿਸਟਰ ਨਹੀਂ ਕਰਵਾ ਸਕਦੀਆਂ ਸਨ। ਇਸ ਐਕਟ ਵਿੱਚ ਇਹ ਵੀ ਲਾਜ਼ਮੀ ਕੀਤਾ ਗਿਆ ਕਿ ਕਿਸਾਨ ਵੱਲੋਂ ਕਰਜ਼ੇ ਦੀ ਅਦਾਇਗੀ ਨਾ ਹੋਣ ਦੀ ਸੂਰਤ ਵਿੱਚ ਨਾ ਤਾਂ ਉਸ ਨੂੰ ਕੈਦ ਕੀਤਾ ਜਾਵੇਗਾ ਅਤੇ ਨਾ ਹੀ ਉਸ ਕੋਲੋਂ ਜ਼ਮੀਨ ਖੋਹੀ ਜਾਵੇਗੀ। ਪ੍ਰੰਤੂ ਇਹ ਕਾਰਜ ਵੀ ਇੰਨਾਂ ਸੌਖਾ ਨਹੀਂ ਸੀ। ਸੁਦਰਸ਼ਨ ਸਿੰਘ ਆਪਣੀ ਪੁਸਤਕ '***ਪੰਜਾਬ ਦਾ ਇਤਿਹਾਸ*** ਵਿਚ ਲਿਖਦੇ ਹਨ:

> ਇਹ ਐਕਟ ਕਿਸਾਨਾਂ ਨੂੰ ਜ਼ਮੀਨਾਂ ਵੇਚਣ ਜਾਂ ਗਹਿਣੇ ਰੱਖਣ ਤੋਂ ਰੋਕ ਨਾ ਸਕਿਆ। ਜਦੋਂਕਿ 1902 ਤੋਂ 1906 ਦੇ ਸਮੇਂ ਵਿਚਕਾਰ ਜ਼ਮੀਨਾਂ ਦੀ ਵਿਕਰੀ ਤੇ ਗਹਿਣੇ ਜ਼ਮੀਨ ਦਾ ਰਕਬਾ 1,50,000 ਏਕੜ ਤੋਂ 1,90,000 ਏਕੜ ਸੀ ਜੋ ਵਧ ਕੇ 1919-20 ਵਿਚ 1,66,000 ਏਕੜ ਤੋਂ 2,84,500 ਏਕੜ ਹੋ ਗਿਆ। (***ਪੰਜਾਬ ਦਾ ਇਤਿਹਾਸ*** 86)

1907 ਈ. ਵਿਚ ਆਬਾਦਕਾਰੀ ਬਿੱਲ ਜਾਂ ਨੌ-ਆਬਾਦੀ ਬਿੱਲ ਦੇ ਵਿਰੋਧ ਵਿੱਚ ਸ. ਅਜੀਤ ਸਿੰਘ ਅਤੇ ਹੋਰ ਆਗੂਆਂ ਨੇ ਲੋਕਾਂ ਨੂੰ ਜਥੇਬੰਦ ਕਰਨ ਦਾ ਕੰਮ ਸ਼ੁਰੂ ਕੀਤਾ। ਇਸ ਨੌਂ-ਆਬਾਦੀਆਂ ਬਿੱਲ ਕਾਰਨ ਨੌ-ਆਬਾਦੀਆਂ ਦੀ ਸਾਰੀ ਜ਼ਮੀਨ ਉੱਪਰ ਸਰਕਾਰ ਦਾ ਕਬਜ਼ਾ ਹੋ ਗਿਆ ਅਤੇ ਸਾਰੇ ਕਿਸਾਨ ਮੁਜ਼ਾਹਰੇ ਬਣ ਗਏ। ਇਸ ਸੰਬੰਧੀ ਲਾਇਲਪੁਰ ਵਿਚ ਹੋਈ ਕਾਨਫਰੰਸ ਵਿਚ ਬਾਂਕੇ ਦਿਆਲ ਵੱਲੋਂ ਕਿਸਾਨਾਂ ਵਿਚ ਜੋਸ਼ ਭਰਨ ਲਈ 'ਪੱਗੜੀ ਸੰਭਾਲ ਜੱਟਾ' ਨਾਮਕ ਕਵਿਤਾ ਪੜ੍ਹੀ ਗਈ। ਮਗਰੋਂ ਇਸ ਲਹਿਰ ਦਾ ਨਾਮ 'ਪੱਗੜੀ ਸੰਭਾਲ ਜੱਟਾ ਲਹਿਰ' ਵਜੋਂ ਮਕਬੂਲ ਹੋ ਗਿਆ। ਸਰਦਾਰ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੇ ਯਤਨਾ ਸਦਕਾ ਚੱਲੀ ਪੱਗੜੀ ਸੰਭਾਲ ਜੱਟਾ ਲਹਿਰ ਦੇ ਦਬਾਓ ਕਾਰਨ ਕੋਲੋਨਾਈਜੇਸ਼ਨ ਬਿੱਲ ਨੂੰ ਲਾਰਡ ਮਿੰਟੋ ਨੇ ਵੀਟੋ ਕਰ ਕੇ ਕਾਨੂੰਨ ਬਣਨ ਤੋਂ ਰੋਕ ਦਿੱਤਾ।ਅੰਗਰੇਜ਼ ਸਰਕਾਰ ਪੰਜਾਬੀ ਕਿਸਾਨਾਂ ਦੇ ਇਨ੍ਹਾਂ ਵਿਦਰੋਹਾਂ ਤੋਂ ਬਚਣ ਲਈ ਇਕ ਨਵਾਂ ਪੈਂਤੜਾ ਲੈ ਕੇ ਆਈ ਤੇ ਉਨ੍ਹਾਂ ਦੁਆਰਾ ਇਨ੍ਹਾਂ ਪੰਜਾਬੀਆਂ ਨੂੰ ਵੱਧ ਤੋਂ ਵੱਧ ਫੌਜ ਵਿੱਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਲੋਕਾਂ ਦੁਆਰਾ ਇਸ ਵਿਕਲਪ ਨੂੰ ਸੁਰੱਖਿਅਤ ਆਮਦਨੀ ਦੇ ਸਾਧਨ ਦੇ ਰੂਪ ਵਿੱਚ ਅਪਣਾ ਲਿਆ ਗਿਆ। ਅੰਗਰੇਜ਼ ਇਸ ਨਾਲ ਦੋਹਰਾ ਫਾਇਦਾ ਲੈ ਗਏ, ਜਿੱਥੇ ਇੱਕ ਪਾਸੇ ਉਹ ਆਰਥਿਕ ਰੂਪ ਵਿੱਚ ਪਿਛੜੀ ਕਿਸਾਨੀ ਦੇ ਰੋਹ ਤੋਂ ਬਚੇ ਉੱਥੇ ਹੀ ਭਾਰਤ ਦੇ ਬਾਕੀ ਹਿੱਸੇ ਵਿਚ ਜਿਥੇ ਆਜ਼ਾਦੀ ਲਈ ਸੰਘਰਸ਼ ਸ਼ੁਰੂ ਸੀ, ਕਿਸਾਨੀ ਆਰਥਿਕ ਤੰਗੀਆਂ ਦਾ ਸ਼ਿਕਾਰ ਹੋਣ ਕਰਕੇ ਅੰਗਰੇਜ਼ਾਂ ਦਾ ਸਾਥ ਦੇ ਰਹੀ ਸੀ।

1928-29 ਦੇ ਆਰਥਿਕ ਮੰਦਵਾੜੇ ਸਮੇਂ ਕਿਸਾਨੀ ਦੀ ਹਾਲਤ ਬਹੁਤ ਮੰਦੀ ਹੋ ਚੁੱਕੀ ਸੀ। ਕਿਸਾਨਾਂ ਦੀਆਂ ਜਿਣਸਾਂ ਦੇ ਭਾਅ ਬਹੁਤ ਘੱਟ ਚੁੱਕੇ ਸਨ ਅਤੇ ਮੰਗ ਵੀ ਨਾਂਹ ਦੇ ਬਰਾਬਰ ਹੀ ਰਹਿ ਗਈ ਸੀ। ਇਸ ਸਮੇਂ ਕਿਸਾਨਾਂ ਨੂੰ ਮਾਮਲਾ ਤੇ ਆਗਿਆ ਨਾ ਦੇਣ ਲਈ ਸ਼ਾਹੂਕਾਰਾਂ ਅਤੇ ਹੋਰ ਮੁਦਰਿਕ ਸੰਸਥਾਵਾਂ ਤੋਂ ਕਰਜ਼ਾ ਲੈਣਾ ਪਿਆ। ਰਿਆਸਤੀ ਰਾਜਾਂ ਵਿਚ ਹਾਲਾਤ ਅੰਗਰੇਜ਼ੀ ਹਕੂਮਤ ਨਾਲੋਂ ਵੀ ਮਾੜੇ ਸਨ। ਪ੍ਰੰਤੂ ਇਨ੍ਹਾਂ ਸਮਿਆਂ ਦੌਰਾਨ ਵੱਖ ਵੱਖ ਸਮੇਂ ਤੇ ਉੱਭਰੇ ਕਿਸਾਨ ਅੰਦੋਲਨ ਅਤੇ ਹੋਰ ਕਾਰਨਾਂ ਕਰਕੇ ਭਾਰਤੀ ਇਕਮੁੱਠ ਹੋਏ ਤੇ ਅੰਤ ਭਾਰਤ ਦੇ ਗਲੋਂ ਗ਼ੁਲਾਮੀ ਦੀਆਂ ਜ਼ੰਜੀਰਾਂ 15 ਅਗਸਤ 1947 ਨੂੰ ਲਹਿ ਗਈਆਂ। ਆਜ਼ਾਦੀ ਤੋਂ ਪਹਿਲਾਂ ਭਾਰਤ ਦੀ ਖੇਤੀਬਾੜੀ ਦੇ ਪਿੱਛੜੇਪਣ ਦਾ ਇੱਕ ਮੁੱਖ ਕਾਰਨ ਇਹ ਵੀ ਸੀ ਕਿ ਸਿਰਫ਼ 2-3 ਪ੍ਰਤੀਸ਼ਤ ਜਗੀਰਦਾਰ

ਲਗਪਗ 70 ਪ੍ਰਤੀਸ਼ਤ ਵਾਹੀਯੋਗ ਜ਼ਮੀਨ ਤੇ ਮਾਲਕੀ ਰੱਖਦੇ ਸਨ। ਆਜ਼ਾਦੀ ਤੋਂ ਬਾਅਦ ਪੈਪਸੂ ਵਿਚਾਲੇ ਮੁਜ਼ਾਰੇ ਕਿਸਾਨਾਂ ਨੇ ਰਿਆਸਤੀ ਰਾਜਾਂ ਅਤੇ ਜ਼ਿਮੀਂਦਾਰਾਂ ਦੇ ਵਿਰੁੱਧ ਇਕੱਠੇ ਹੋ ਕੇ ਸੰਘਰਸ਼ ਕੀਤਾ। ਵੱਡੇ ਸੰਘਰਸ਼ ਤੋਂ ਬਾਅਦ ਬਿਸਵੇਦਾਰੀ ਨੂੰ ਸਮਾਪਤ ਕਰਨ ਲਈ 20 ਅਗਸਤ 1949 ਈ ਨੂੰ ਆਰਡੀਨੈਂਸ ਜਾਰੀ ਕੀਤਾ ਗਿਆ ਜਿਸ ਦਾ ਮੁਜ਼ਾਹਰਿਆਂ ਨੇ ਭਰਵਾਂ ਸੁਆਗਤ ਕੀਤਾ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਵੀ ਭਾਰਤ ਨੂੰ ਇਕ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਿਆ ਜੋ ਸੀ ਅੰਨ ਸੰਕਟ ਤੇ ਭੁੱਖਮਰੀ ਵਰਗਾ ਮਾਹੌਲ। ਆਜ਼ਾਦੀ ਤੋਂ ਲੈ ਕੇ ਹੁਣ ਤੱਕ ਭਾਰਤ ਵਰਗੇ ਖੇਤੀ ਪ੍ਰਧਾਨ ਸੂਬੇ ਵਿਚ ਖੇਤੀ ਪ੍ਰਤੀ ਅਨੇਕਾਂ ਨੀਤੀਆਂ ਬਣਾਈਆਂ ਗਈਆਂ ਪ੍ਰਤੀ ਇੰਨੇ ਵਿਸ਼ਾਲ ਤੇ ਵਿਭਿੰਨਤਾਵਾਂ ਭਰੇ ਦੇਸ਼ ਵਿਚ ਇਕਸਾਰ ਨੀਤੀਆਂ ਨੂੰ ਲਿਆਉਣਾਂ ਤੇ ਲਾਗੂ ਕਰਨਾ ਇਕ ਅਤਿਅੰਤ ਕਠਿਨ ਕਾਰਜ ਹੈ, ਜਿਸ ਕਾਰਨ ਸਮੇਂ-ਸਮੇਂ ਤੇ ਇਨ੍ਹਾਂ ਨੀਤੀਆਂ ਦਾ ਵਿਰੋਧ ਵੀ ਹੁੰਦਾ ਆਇਆ ਹੈ ਤੇ ਇਹ ਵਿਰੋਧ ਅਨੇਕਾਂ ਵਾਰ ਵਿਸ਼ਾਲ ਅੰਦੋਲਨਾਂ ਦੇ ਰੂਪ ਵਿਚ ਸਾਹਮਣੇ ਆਇਆ ਹੈ।

ਭਾਰਤ ਵਿਚ ਕਿਸਾਨੀ ਸੰਕਟ ਤੇ ਇਨ੍ਹਾਂ ਸੰਕਟਾਂ ਕਾਰਨ ਪੈਦਾ ਹੋਏ ਅੰਦੋਲਨਾਂ ਦੀ ਗੱਲ ਕੋਈ ਨਵੀਂ ਨਹੀ ਹੈ। ਰਾਜਾਸ਼ਾਹੀ ਦੇ ਸਮੇਂ ਤੋਂ ਹੁਣ ਤੱਕ ਝਾਤੀ ਮਾਰੀਏ ਤਾਂ ਹਾਲਾਤਾਂ ਵਿਚ ਕੋਈ ਵਿਆਪਕ ਅੰਤਰ ਨਹੀਂ ਆਏ ਹਨ। ਕੇਵਲ ਹੁਕਮਰਾਨਾਂ ਦੇ ਚਿਹਰੇ ਮਾਤਰ ਹੀ ਤਬਦੀਲ ਹੋਏ ਹਨ। ਫ਼ਰਕ ਕੇਵਲ ਇਨ੍ਹਾਂ ਹੈ ਕਿ ਅਜੋਕੇ ਦੌਰ ਵਿਚ ਕੀਤੀ ਜਾ ਰਹੀ ਲੁੱਟ-ਖਸੁੱਟ ਕੁੱਝ ਸਿਧਾਂਤਾਂ ਅਨੁਸਾਰ ਨਿਯਮਬੱਧ ਹੋ ਗਈ ਹੈ। ਪਰੰਤੂ ਸਮੇਂ-ਸਮੇਂ ਤੇ ਪੰਜਾਬ ਵਿਚ ਕਿਰਤੀ ਸ਼੍ਰੇਣੀ ਜਿਨ੍ਹਾਂ ਵਿਚ ਕਿਸਾਨ ਮੁੱਖ ਹਨ ਨੇ ਇਨ੍ਹਾਂ ਸੰਕਟਮਈ ਪ੍ਰਸਥਿਤੀਆਂ ਵਿਚ ਹੁਕਮਰਾਨਾਂ ਨੂੰ ਵੰਗਾਰਿਆ ਹੈ।

ਉੱਨੀਂਵੀ ਸਦੀ ਦੇ ਅੰਤਿਮ ਦਹਾਕਿਆਂ ਵਿਚ ਮਾਝੇ ਦੇ ਬਾਰ ਦੇ ਇਲਾਕੇ ਵਿਚ ਨਹਿਰਾਂ ਕੱਢੀਆਂ ਗਈਆਂ। ਸਰਕਾਰ ਨੇ ਬਾਰੀ ਦੁਆਬ ਨਹਿਰ ਦੇ ਪਾਣੀ ਨਾਲ ਸਿੰਜੀਆਂ ਜਾਣ ਵਾਲੀਆਂ ਜ਼ਮੀਨਾਂ ਦਾ ਮਾਲੀਆ ਕਈ ਗੁਣਾ ਵਧਾ ਦਿੱਤਾ। ਕਿਸਾਨਾਂ ਨੇ ਅੰਗਰੇਜ਼ੀ ਹਕੂਮਤ ਖਿਲਾਫ਼ ਸਿਰ ਛੁਕਿਆ। ਬਾਰ ਦੇ ਇਲਾਕੇ ਲਈ ਬਣਾਈ ਅਬਾਦਕਾਰੀ ਨੀਤੀ ਵਿਰੁੱਧ ਹੋਏ ਇਸ ਘੋਲ ਵਿਚ ਨੌਜਵਾਨ ਸ. ਅਜੀਤ ਸਿੰਘ ਅੱਗੇ ਆਇਆ। ਅੰਗਰੇਜੀ

ਸਰਕਾਰ ਵੱਲੋਂ ਕਿਸਾਨੀ ਨਾਲ ਸੰਬੰਧਿਤ ਹੋਰ ਬਹੁਰ ਸਾਰੇ ਕਾਨੂੰਨ ਬਣਾਏ ਗਏ, ਜਿਨ੍ਹਾਂ ਵਿਚ 'ਜਾਇਦਾਦ ਦਾ ਤਬਾਦਲਾ ਕਾਨੂੰਨ 1905' (Property transfer act 1905), 'ਪੰਜਾਬ ਪ੍ਰੀ ਪੇਸ਼ਬੰਦੀ ਕਾਨੂੰਨ 1905 (Punjab pre emption act 1905) ਅਤੇ 'ਭੂਮੀ ਅਲਗਾਵ ਕਾਨੂੰਨ 1906' (Land aleination act 1906) ਹਨ। ਪਰੰਤੂ ਜ਼ਿੰਮੀਦਾਰਾਂ ਵੱਲੋਂ ਇਨ੍ਹਾਂ ਕਾਨੂੰਨਾਂ ਦਾ ਕੋਈ ਵੱਡੇ ਪੱਧਰ ਤੇ ਵਿਰੋਧ ਨਹੀਂ ਕੀਤਾ ਗਿਆ। ਅੰਗਰੇਜ਼ ਸਰਕਾਰ ਵੱਲੋਂ 'ਪੰਜਾਬ ਭੂਮੀ ਬਸਤੀਕਰਣ ਕਾਨੂੰਨ 1906' ਪੰਜਾਬ ਵਿਧਾਨ ਪਰਿਸ਼ਦ ਵਿਚ 25 ਅਕਤੂਬਰ 1906 ਨੂੰ ਪੇਸ਼ ਕੀਤਾ ਗਿਆ। ਇਹ ਕਾਨੂੰਨ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਦੇ ਮਾਲਕਾਨਾ ਹੱਕ ਤੋਂ ਵਾਂਝੇ ਕਰ ਦੇਣ ਵਾਲਾ ਸੀ। ਇਸ ਐਕਟ ਦੇ ਖਿਲਾਫ਼ ਕਿਸਾਨ ਉੱਠ ਖੜੋਏ। ਸ਼ਹੀਦ ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਨੇ ਇਸ ਸੰਘਰਸ਼ ਦੀ ਰਹਿਨੁਮਾਈ ਕੀਤੀ। 'ਪੱਗੜੀ ਸੰਭਾਲ ਜੱਟਾ' ਗੀਤ ਇਸ ਸੰਘਰਸ਼ ਵਿਚ ਇਕ ਨਾਅਰੇ ਦੀ ਤਰਾਂ ਨਿਕਲਿਆ। ਸੰਘਰਸ਼ ਨੂੰ ਹੋਰ ਗਰਮ ਹੁੰਦਿਆਂ ਦੇਖ 26 ਮਈ 1907 ਨੂੰ ਸਰਕਾਰ ਨੇ ਝੁਕਦਿਆਂ ਇਸ ਐਕਟ ਨੂੰ ਖਾਰਿਜ ਕਰ ਦਿੱਤਾ।

ਇਸ ਤੋਂ ਮਗਰੋਂ ਅੰਮ੍ਰਿਤਸਰ ਵਿਚ 1938 ਈ. ਵਿਚ ਅੰਮ੍ਰਿਤਸਰ ਬੰਦੋਬਸਤ ਖਿਲਾਫ਼ ਲੱਗਿਆ ਕਿਸਾਨਾਂ ਦਾ ਮੋਰਚਾ ਵੀ ਜਿੱਤ ਨਾਲ ਸਮਾਪਤ ਹੋਇਆ। ਇਸ ਪਿੱਛੋ ਅਜ਼ਾਦੀ ਤੱਕ ਹੋਰ ਕਈ ਛੋਟੇ-ਵੱਡੇ ਕਿਸਾਨ ਅੰਦੋਲਨ ਹੋਏ ਜਿਨ੍ਹਾਂ ਰਾਹੀਂ ਕਿਸਾਨ ਆਪਣੀ ਹੋਂਦ ਦੀ ਲੜਾਈ ਲੜਦੇ ਰਹੇ। ਇਨ੍ਹਾਂ ਵਿਚ ਨੀਲੀਬਾਰ ਦਾ ਮੁਜ਼ਾਹਰਾ ਘੋਲ, ਪੈਪਸੂ ਦੀ ਮੁਜ਼ਾਰਾ ਲਹਿਰ ਆਦਿ ਮੁੱਖ ਸਨ। ਅਜ਼ਾਦੀ ਤੋਂ ਬਾਅਦ ਪੰਜਾਬ ਵਿਚ 'ਬਿਹਤਰੀ ਟੈਕਸ' ਵਿਰੁੱਧ ਅੰਦੋਲਨ ਹੋਇਆ। ਇਸ ਅੰਦੋਲਨ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਕਿਸਾਨ ਵਿੰਗ 'ਪੰਜਾਬ ਕਿਸਾਨ ਸਭਾ' ਦੁਆਰਾ ਚਲਾਇਆ ਗਿਆ। ਭਾਖੜਾ ਨਹਿਰ ਦੀ ਉਸਾਰੀ ਲਈ ਆਏ ਖਰਚ ਦੀ ਪੂਰਤੀ ਲਈ ਲਗਾਏ ਇਸ ਟੈਕਸ ਦਾ ਵਿਰੋਧ ਸਭ ਤੋਂ ਪਹਿਲਾਂ ਇਸ ਟੈਕਸ ਤੋਂ ਪ੍ਰਭਾਵਿਤ ਕਿਸਾਨਾਂ ਨੇ ਅਦਾਲਤਾਂ ਦਾ ਰੁੱਖ ਕਰ ਕੇ ਕੀਤਾ। ਲਗਭਗ ਡੇਢ ਸਾਲ ਚੱਲੇ ਇਸ ਸੰਘਰਸ਼ ਵਿਚ ਪੰਜਾਬ ਦੀਆਂ ਭਿੰਨ-ਭਿੰਨ ਜਾਤਾਂ, ਸ਼੍ਰੇਣੀਆਂ, ਹਰ ਉਮਰ ਦੇ ਔਰਤਾਂ-ਮਰਦਾਂ, ਧਾਰਮਿਕ

ਤੇ ਰਾਜਨੀਤਿਕ ਜਥੇਬੰਦੀਆਂ ਆਦਿ ਨੇ ਮਿਲ ਕੇ ਕੀਤਾ। ਅੰਤ ਪੰਜਾਬ ਦੀ ਕੈਰੋਂ ਸਰਕਾਰ ਇਨ੍ਹਾਂ ਸੰਘਰਸ਼ਸ਼ੀਲ ਕਿਸਾਨਾਂ ਦੀ ਅਵਾਜ਼ ਅੱਗੇ ਝੁਕੀ ਤੇ ਮਜਬੂਰਨ 'ਬਿਹਤਰੀ ਟੈਕਸ ਵਾਪਿਸ ਲੈਣਾ ਪਿਆ। ਪ੍ਰੋ. ਰੌਣਕੀ ਰਾਮ ਦੀ ਲਿਖੀ ਪੁਸਤਕ ਦਾ ਪੰਜਾਬੀ ਤਰਜਮਾ ਕਰਦਿਆਂ ਪੀ.ਐਸ. ਭੋਗਲ '***ਪੱਗੜੀ ਸੰਭਾਲ ਲਹਿਰ ਤੋਂ ਸੰਯੁਕਤ ਮੋਰਚੇ ਤੱਕ'*** ਵਿਚ ਪੰਜਾਬ ਦੇ ਕਿਸਾਨ ਸੰਘਰਸ਼ ਦਾ ਕਾਲ ਕ੍ਰਮ ਇਸ ਤਰ੍ਹਾਂ ਪੇਸ਼ ਕਰਦੇ ਹਨ:

**ਪੰਜਾਬ ਦੇ ਕਿਸਾਨ ਸੰਘਰਸ਼ ਦਾ ਕਾਲ ਕ੍ਰਮ**

(1907 ਤੋਂ 2021 ਤੱਕ)

- 1907 ਸਰਦਾਰ ਅਜੀਤ ਸਿੰਘ ਦੀ ਅਗਵਾਈ ਵਿਚ ਪਗੜੀ ਸੰਭਾਲ ਜੱਟਾ ਲਹਿਰ।
- 1928 ਸੇਵਾ ਸਿੰਘ ਠੀਕਰੀਵਾਲਾ ਦੀ ਅਗਵਾਈ ਵਿੱਚ, ਪਟਿਆਲਾ ਰਿਆਸਤ ਵਿੱਚ ਪਰਜਾ ਮੰਡਲ ਲਹਿਰ।
- 1937 (23 ਮਾਰਚ) ਲਾਹੌਰ ਵਿਚ ਪੰਜਾਬ ਕਿਸਾਨ ਸਭਾ ਦਾ ਆਰੰਭ।
- 1938 (20 ਜੁਲਾਈ -09 ਅਗਸਤ) ਅੰਮ੍ਰਿਤਸਰ ਵਿਚ 'ਬੰਦੋਬਸਤ' ਵਿਰੋਧ ਅੰਦੋਲਨ।
- 1938 ਨੀਲੀ-ਬਾਰ ਮੋਰਚਾ।
- 1938-39 (29 ਜੁਲਾਈ ਤੋਂ 14 ਜਨਵਰੀ ) ਚੜ੍ਹਿੱਕ ਮੋਰਚਾ।
- 1939 ਮੁਜ਼ਾਰਾ ਸੰਘਰਸ਼, ਗੁਰਦਾਸਪੁਰ।
- 1941 ਕੋਰਤਾਨਾ ਕਾਨਫਰੰਸ ਸੰਘਰਸ਼।
- 1946-47 (ਜੁਲਾਈ ਤੋਂ ਜੁਲਾਈ) ਹਰਸਾ-ਛੀਨਾ ਦਾ ਮੋਘਾ ਮੋਰਚਾ।
- 1947 (ਫਰਵਰੀ-ਜੂਨ) ਟਾਂਡਾ ਉੜਮੁੜ ਦਾ ਮੁਜ਼ਾਰਾ ਮੋਰਚਾ।
- 1948-51 ਪੈਪਸੂ ਮੁਜ਼ਾਰਾ ਅੰਦੋਲਨ।

- 1948-49 ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿੱਚ ਲਾਲ ਕਮਿਊਨਿਸਟ ਪਾਰਟੀ ਅਤੇ ਪੈਪਸੂ ਮੁਜ਼ਾਰਾ ਅੰਦੋਲਨ।
- 1959 (21 ਜਨਵਰੀ- 22 ਮਾਰਚ) ਖੁਸ਼ ਹੈਸੀਅਤੀ ਟੈਕਸ ਮੋਰਚਾ।
- 1968-69 ਮਹਿਤਪੁਰ ਬੇਟ ਮੁਜ਼ਾਹਰਾ ਮੋਰਚਾ।
- 1972-76 ਮੱਤੇਵਾੜਾ ਅਤੇ ਹੇਡੋਂ ਆਬਾਦਕਾਰ ਅੰਦੋਲਨ।
- 1984 ਚੰਡੀਗੜ੍ਹ ਮੋਰਚਾ।
- 2020-21 (26 ਦਿਸੰਬਰ, 2020- 11, ਦਿਸੰਬਰ 2021) ਦਿੱਲੀ ਦੀਆਂ ਸੂਬਾਈ ਸਰਹੱਦਾਂ 'ਤੇ ਸੰਯੁਕਤ ਕਿਸਾਨ ਮੋਰਚਾ (ਪੰਜਾਬ ਵਿੱਚ ਇਹ 5 ਜੂਨ 2020 ਤੋਂ ਹੀ ਸ਼ੁਰੂ ਹੋ ਗਿਆ ਸੀ)।

ਤਤਕਾਲੀਨ ਕਿਸਾਨ ਅੰਦੋਲਨ 2020 ਈ. ਵਿਚ ਭਾਰਤੀ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਆਰਡੀਨੈਂਸਾ ਦੇ ਪ੍ਰਤੀਰੋਧ ਵਿਚ ਪੰਜਾਬ ਤੇ ਹਰਿਆਣੇ ਤੋਂ ਸ਼ੁਰੂ ਹੋ ਕੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਫੈਲ ਗਿਆ। 5 ਜੂਨ 2020 ਨੂੰ ਜਦੋਂ ਤਿੰਨ ਖੇਤੀ ਕਾਨੂੰਨ ਆਰਡੀਨੈਂਸਾ ਰਾਹੀਂ ਲਾਗੂ ਕੀਤੇ ਗਏ ਤਾਂ ਅਗਲੇ ਹੀ ਦਿਨ 6 ਜੂਨ 2020 ਤੋਂ ਕਿਸਾਨਾਂ ਵੱਲੋਂ ਕੋਵਿਡ ਮਹਾਂਮਾਰੀ ਦੇ ਬਾਵਜੂਦ ਇਨ੍ਹਾਂ ਕਾਨੂੰਨਾਂ ਖਿਲਾਫ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ ਗਈ। 14 ਤੋਂ 20 ਜੂਨ ਤੱਕ ਆਪਣੇ-ਆਪਣੇ ਘਰਾਂ ਦੀਆਂ ਛੱਤਾਂ ਤੇ ਕਿਸਾਨਾਂ ਨੇ ਪਰਿਵਾਰ ਸਮੇਤ ਰੋਸ ਪ੍ਰਗਟ ਕੀਤਾ। ਫਿਰ 20 ਜੁਲਾਈ ਤੋਂ ਖੁੱਲੇ ਤੌਰ ਤੇ ਸਰਕਾਰਾਂ ਦੇ ਖਿਲਾਫ਼ ਪੁਤਲੇ ਫੂਕਣ ਨਾਲ ਇਹ ਸੰਘਰਸ਼ ਹੋਰ ਤੇਜ਼ ਹੋ ਗਿਆ। ਜੁਲਾਈ ਦੇ ਮਹੀਨੇ ਵਿਚ ਕਿਸਾਨਾਂ ਵੱਲੋਂ ਆਪੋ-ਆਪਣੇ ਜਿਲ੍ਹਿਆਂ ਵਿਚ ਮੁਜ਼ਾਹਰਾ ਕਰਦੇ ਹੋਏ ਟਰੈਕਟਰ ਰੈਲੀਆਂ ਕੱਢੀਆ ਗਈਆਂ ਤੇ ਆਪਣੇ ਸੰਸਦ ਮੈਂਬਰਾਂ ਨੂੰ ਰੋਸ ਪੱਤਰ ਦਿੱਤੇ ਗਏ। ਪੰਜਾਬ ਵਿਚ ਵਾਪਰ ਰਹੀਆਂ ਇਹਨਾਂ ਘਟਨਾਵਾਂ ਨੂੰ ਦੇਖ ਹਰਿਆਣੇ ਵਿਚ ਵੀ ਇਹ ਅੰਦੋਲਨ ਤੇਜ਼ ਹੋਣ ਲੱਗਾ। ਪ੍ਰੋ. ਡਾ. ਰੌਣਕੀ ਰਾਮ ਦੁਆਰਾ

ਲਿਖਿਤ ਤੇ ਪੀ.ਐੱਸ. ਭੋਗਲ ਦੁਆਰਾ ਅਨੁਵਾਦਿਤ ਪੁਸਤਕ ***'ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ'*** ਅਨੁਸਾਰ:

> ਅਗਸਤ 2020 ਦੇ ਮੱਧ ਵਿਚ ਪੰਜਾਬ ਦੀਆਂ ਸਾਰੀਆਂ 31 ਜੱਥੇਬੰਦੀਆਂ, ਜਿਨ੍ਹਾਂ ਨਾਲ ਖੇਤ ਮਜ਼ਦੂਰ (ਦਲਿਤ ਖੇਤ ਮਜ਼ਦੂਰ) ਜੱਥੇਬੰਦੀਆਂ ਵੀ ਆਣ ਖੜੀਆਂ ਸਨ, ਨੇ ਸਰਬ ਭਾਰਤੀ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਨਾਲ ਮਿਲ ਕੇ ਇਸ ਅੰਦੋਲਨ ਨੂੰ ਹੋਰ ਮਜ਼ਬੂਤ ਤੇ ਸਟੀਕ ਕਰ ਦਿੱਤਾ ਸੀ ਜਿਸ ਨਾਲ ਇਸ ਦਾ ਪ੍ਰਭਾਵ ਹੋਰ ਵਧਿਆ ਅਤੇ ਇਸ ਤਰ੍ਹਾਂ ਇਹ ਸੰਘਰਸ਼ ਆਪਣੇ ਮਕਸਦ ਪ੍ਰਤੀ ਹੋਰ ਕੇਂਦਰਿਤ ਹੋ ਗਿਆ। 21

**ਤਿੰਨ ਖੇਤੀ ਕਾਨੂੰਨ:** 5 ਜੂਨ 2020 ਨੂੰ ਕਰੋਨਾ ਕਾਲ ਦੌਰਾਨ ਭਾਰਤ ਦੀ ਕੇਂਦਰ ਸਰਕਾਰ ਨੇ ਖੇਤੀ ਨਾਲ ਸੰਬੰਧਿਤ ਤਿੰਨ ਬਿੱਲਾਂ ਦਾ ਆਰਡੀਨੈਂਸ ਜਾਰੀ ਕੀਤਾ। ਪਹਿਲਾ ਕਾਨੂੰਨ ਕਿਸਾਨੀ ਉਪਜ ਵਪਾਰ ਅਤੇ ਵਣਜ ਕਾਨੂੰਨ 2020 ਹੈ, ਜੋ ਕਿਸਾਨਾਂ ਦੇ ਉਤਪਾਦਾਂ ਦੇ ਇਲੈਕਟ੍ਰੋਨਿਕ ਵਪਾਰ ਦੀ ਆਗਿਆ ਦਿੰਦਾ ਹੈ ਭਾਵ ਕੇ ਆਨਲਾਈਨ ਖ਼ਰੀਦ ਅਤੇ ਵੇਚ ਦੀ ਸਹੂਲਤ ਦਿੰਦਾ ਹੈ। ਇਸ ਕਾਨੂੰਨ ਤਹਿਤ ਕਿਸਾਨ ਜਾਂ ਵਪਾਰੀ ਮੰਡੀਆਂ ਦੀ ਭੌਤਿਕ ਚਾਰ-ਦਿਵਾਰੀ ਤੋਂ ਬਾਹਰ ਕੁਸ਼ਲ, ਪਾਰਦਰਸ਼ੀ ਅਤੇ ਰੋਕ ਰਹਿਤ ਅੰਤਰ ਰਾਜਾਂ ਅਤੇ ਰਾਜਾਂ ਦੇ ਅੰਦਰ ਵਪਾਰ ਅਤੇ ਵਣਜ ਨੂੰ ਬਿਜਲਈ ਉਪਕਰਨਾਂ ਅਤੇ ਇੰਟਰਨੈੱਟ ਸਾਧਨਾ ਰਾਹੀਂ ਕਰਨ ਲਈ ਅਜ਼ਾਦ ਹੋਵੇਗਾ। ਹੁਣ ਕਿਸਾਨ ਐਗਰੀਕਲਚਰ ਪ੍ਰੋਡਿਊਸ ਮਾਰਕੀਟਿੰਗ ਕਮੇਟੀ (ਏ.ਪੀ.ਐੱਮ.ਸੀ.) ਮੰਡੀਆਂ ਦੇ ਅਨੁਸਾਰ ਆਪਣੀ ਉਪਜ ਵੇਚਦਾ ਹੈ। ਪੰਜਾਬ ਮੰਡੀ ਬੋਰਡ ਇਸੇ ਐਕਟ ਤਹਿਤ ਮੰਡੀਆਂ ਚਲਾਉਂਦਾ ਹੈ। ਇਹ ਮੰਡੀਆਂ ਪੂਰੇ ਦੇਸ਼ ਵਿੱਚ ਖੇਤੀ ਨੂੰ ਵੱਡਾ ਹੁਲਾਰਾ ਦਿੰਦੀਆਂ ਹਨ ਤੇ ਤੈਅ ਕਰਦੀਆਂ ਹਨ ਕਿ ਕਿਸਾਨਾਂ ਦਾ ਵਪਾਰੀ ਸੋਸ਼ਣ ਨਾ ਕਰਨ। ਅਜਿਹੀਆਂ ਮੰਡੀਆਂ ਚ ਖਰੀਦਦਾਰ ਨੂੰ ਇਕ ਤੈਅ ਟੈਕਸ ਦੇਣਾ ਪੈਂਦਾ ਹੈ ਜੋ ਕਿ ਸਰਕਾਰ ਕੋਲ ਜਾਂਦਾ ਹੈ ਅਤੇ ਏ.ਪੀ.ਐੱਮ.ਸੀ. ਤਹਿਤ ਆਉਂਦੀਆਂ ਮੰਡੀਆਂ ਵਿੱਚ ਕਿਸਾਨਾਂ ਨੂੰ ਤੈਅ ਫਸਲਾਂ ਤੇ ਘੱਟੋ ਘੱਟ ਸਮਰਥਨ ਭਾਵ ਐੱਮ. ਐੱਸ. ਪੀ. ਜ਼ਰੂਰ ਮਿਲਦਾ ਹੈ। ਹੁਣ ਨਵੇਂ ਕਾਨੂੰਨ ਅਨੁਸਾਰ ਇੱਕ ਅਜਿਹਾ ਸਿਸਟਮ ਬਣਾਉਣ ਦੀ ਵਿਵਸਥਾ ਹੈ ਜਿੱਥੇ ਕਿਸਾਨਾਂ ਅਤੇ ਵਪਾਰੀਆਂ ਨੂੰ ਸੂਬੇ ਦੀਆਂ ਏ.ਪੀ.ਐਮ.ਸੀ.

ਦੀਆਂ ਰਜਿਸਟਰ ਮੰਡੀਆਂ ਤੋਂ ਬਾਹਰ ਫ਼ਸਲ ਵੇਚਣ ਦੀ ਆਜ਼ਾਦੀ ਹੋਵੇਗੀ। ਦੂਜੀ ਗੱਲ ਕਿਸਾਨ ਆਪਣੀ ਫਸਲ ਨੂੰ ਆਪਣੇ ਸੂਬੇ ਤੋਂ ਬਾਹਰ ਦੂਜੇ ਸੂਬੇ ਵਿੱਚ ਵੀ ਬਿਨਾਂ ਕਿਸੇ ਰੋਕ-ਟੋਕ ਦੇ ਵੇਚ ਸਕਦਾ ਹੈ।

ਹੁਣ ਸਮੱਸਿਆ ਇਹ ਹੈ ਕਿ ਜੇਕਰ ਫ਼ਸਲਾਂ ਏ.ਪੀ.ਐੱਮ.ਸੀ. ਮੰਡੀਆਂ ਦੇ ਬਾਹਰ ਵਿਕਣਗੀਆਂ ਤਾਂ ਮੰਡੀ ਫੀਸ ਨਹੀਂ ਵਸੂਲੀ ਜਾ ਸਕਦੀ ਜਿਸ ਕਾਰਨ ਪੰਜਾਬ ਮੰਡੀ ਬੋਰਡ ਕੋਲ ਪੈਸਾ ਨਹੀਂ ਜਾਵੇਗਾ। ਜੇਕਰ ਮੰਡੀ ਬੋਰਡ ਕੋਲ ਪੈਸਾ ਨਹੀਂ ਜਾਵੇਗਾ ਤਾਂ ਵਿਕਾਸ ਕਾਰਜ ਰੁਕਣ ਦੇ ਨਾਲ ਨਾਲ ਮੰਡੀਆਂ ਤੋਂ ਬਾਹਰ ਫ਼ਸਲਾਂ ਦੀ ਵਿਕਰੀ ਹੋਣ ਲੱਗ ਜਾਵੇਗੀ ਤਾਂ ਆੜ੍ਹਤੀਆ ਵਰਗ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗਾ। ਇਹੀ ਵਰਗ ਫ਼ਸਲ ਦੀ ਖਰੀਦ ਵੇਲੇ ਪੰਜਾਬ ਮੰਡੀ ਬੋਰਡ ਨੂੰ ਪੈਸੇ ਅਦਾ ਕਰਦਾ ਹੈ। ਸਪਸ਼ਟ ਹੈ ਕਿ ਫ਼ਸਲਾਂ ਜੇਕਰ ਮੰਡੀਆਂ ਤੋਂ ਬਾਹਰ ਵਿਕਣਗੀਆਂ ਤਾਂ ਹੌਲੀ ਹੌਲੀ ਸਰਕਾਰ ਐੱਮ.ਐੱਸ.ਪੀ ਸਮਰਥਨ ਮੁੱਲ ਦੇਣ ਤੋਂ ਵੀ ਪੈਰ ਪਿਛਾਂਹ ਖਿੱਚ ਲਵੇਗੀ। ਮੰਡੀਆਂ ਵਿਚ ਵਪਾਰ ਬੰਦ ਹੋਣ ਤੋਂ ਬਾਅਦ ਮੰਡੀਕਰਨ ਦੇ ਢਾਂਚੇ ਵਾਂਗ ਬਣਿਆ ਇਹ ਨੇਮ ਵਰਗੀਆਂ ਇਲੈਕਟ੍ਰੌਨਿਕ ਵਪਾਰ ਪ੍ਰਣਾਲੀਆਂ ਵੀ ਤਹਿਸ ਨਹਿਸ ਹੋ ਜਾਣਗੀਆਂ।

ਦੂਜਾ ਕਾਨੂੰਨ ਕਿਸਾਨ ਮੁੱਲ ਭਰੋਸਗੀ ਅਤੇ ਖੇਤੀ ਸੇਵਾਵਾਂ ਸਮਝੌਤਾ ਕਾਨੂੰਨ 2020 ਹੈ ਜੋ ਉਪਜ ਦੇ ਉਤਪਾਦਨ ਜਾਂ ਉਤਪਾਦਨ ਤੋਂ ਪਹਿਲਾਂ ਇਕ ਕਿਸਾਨ ਅਤੇ ਖ਼ਰੀਦਦਾਰ ਦਰਮਿਆਨ ਇਕਰਾਰਨਾਮੇ ਰਾਹੀਂ ਇਕਰਾਰਨਾਮੇ ਦੀ ਖੇਤੀ ਲਈ ਸਮਝੌਤਾ ਕਰਨ ਵਿਚ ਨਿਯਮ ਤੈਅ ਕਰਦਾ ਹੈ। ਇਸ ਕਾਨੂੰਨ ਅਨੁਸਾਰ ਕਿਸਾਨ ਖੇਤੀ ਵਪਾਰ ਕਰਨ ਵਾਲੀਆਂ ਫਰਮਾਂ, ਪ੍ਰੋਸੈਸਰਸ, ਥੋਕ ਵਪਾਰੀ, ਐਕਸਪੋਰਟਰ ਜਾਂ ਵੱਡੇ ਖੁਦਰਾ ਵਿਕਰੇਤਾਵਾਂ ਨਾਲ ਸਮਝੌਤੇ ਕਰ ਸਕਦਾ ਹੈ ਅਤੇ ਤੈਅ ਮੁੱਲ 'ਤੇ ਭਵਿੱਖ ਵਿੱਚ ਫ਼ਸਲ ਵੇਚ ਸਕਦਾ ਹੈ। ਸਮਝੌਤੇ ਤਹਿਤ ਕਿਸਾਨਾਂ ਨੂੰ ਵਧੀਆ ਬੀਜ ,ਤਕਨੀਕੀ ਸਹਾਇਤਾ, ਫ਼ਸਲਾਂ ਦੀ ਨਿਗਰਾਨੀ, ਕਰਜ਼ ਦੀ ਸਹੂਲਤ,ਫ਼ਸਲ ਬੀਮਾ ਆਦਿ ਸਮਝੌਤੇ ਕੀਤੇ ਫ਼ਰਮਾਂ, ਪ੍ਰੋਸੈਸਰਸ, ਥੋਕ ਵਪਾਰੀਆਂ, ਐਕਸਪੋਰਟਰ ਜਾਂ ਵੱਡੇ ਖੁਦਰਾ ਵਿਕਰੇਤਾਵਾਂ ਵੱਲੋਂ ਮੁਹੱਈਆ ਕਰਵਾਏ ਜਾਣਗੇ। ਕਾਨੂੰਨ ਅਨੁਸਾਰ ਛੋਟੀ ਖੇਤੀ ਕਰਨ ਵਾਲੇ ਕਿਸਾਨਾਂ ਲਈ ਇਹ ਸਭ ਤੋਂ ਵੱਧ ਲਾਹੇਵੰਦ ਹੋਵੇਗਾ। ਫ਼ਸਲ ਬੀਜਣ ਸਮੇਂ ਅਤੇ ਪੱਕਣ ਸਮੇਂ ਤੱਕ ਬਾਜ਼ਾਰ 'ਚ ਫ਼ਸਲਾਂ ਦੀਆਂ ਕੀਮਤਾਂ 'ਚ ਉਤਰਾਅ ਚੜ੍ਹਾਅ ਆ ਸਕਦਾ ਹੈ। ਇਸ ਖ਼ਤਰੇ ਕਾਰਨ ਕਿਸਾਨ ਫ਼ਸਲ ਬੀਜਣ ਸਮੇਂ ਹੀ ਨਿਸਚਿੰਤ

ਹੋ ਸਕਦਾ ਹੈ ਕਿ ਹੁਣ ਚਾਹੇ ਬਾਜ਼ਾਰ 'ਚ ਕੀਮਤਾਂ ਵਧਣ ਜਾਂ ਘਟਣ, ਉਸ ਨੂੰ ਸਮਝੌਤੇ ਤਹਿਤ ਪੈਸੇ ਮਿਲ ਜਾਣਗੇ। ਕਿਸੇ ਵਿਵਾਦ ਮੌਕੇ ਤਹਿਸ਼ੁਦਾ ਵਿਅਕਤੀ ਕੋਲ ਮਸਲੇ ਦੇ ਹੱਲ ਲਈ ਵੀ ਜਾਇਆ ਜਾ ਸਕਦਾ ਹੈ। ਇਸ ਕਾਨੂੰਨ ਵਿੱਚ ਸਹਿਮਤੀ ਬੋਰਡ, ਸਬ ਡਿਵੀਜ਼ਨਲ ਮੈਜਿਸਟ੍ਰੇਟ ਅਤੇ ਅਪੀਲ ਅਥਾਰਟੀ ਦੁਆਰਾ ਤਿੰਨ ਪੱਧਰੀ ਵਿਵਾਦ ਨਿਪਟਾਰੇ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਦਾ ਵਿਰੋਧ ਇਸ ਕਰਕੇ ਹੁੰਦਾ ਰਿਹਾ ਕਿ ਸਮਝੌਤੇ ਅਨੁਸਾਰ ਕੀਤੀ ਖੇਤੀ (ਕਾਨਟ੍ਰੈਕਟ ਫਾਰਮਿੰਗ) ਦੌਰਾਨ ਕਿਸਾਨ ਸਮਝੌਤੇ ਵਾਲੀਆਂ ਵੱਡੀਆਂ-ਵੱਡੀਆਂ ਫਰਮਾਂ, ਪ੍ਰੋਸੈਸਰਸ, ਥੋਕ ਵਪਾਰੀ, ਐਕਸਪੋਰਟਰ ਜਾਂ ਵੱਡੇ ਖੁਦਰਾ ਵਿਕਰੇਤਾਵਾਂ ਨਾਲ ਆਪਣੇ ਹੱਕ ਲਈ ਸਮਝੋਤੇ ਕਰਨ ਜਾਂ ਖ਼ਰੀਦ-ਫਰੋਖ਼ਤ 'ਤੇ ਚਰਚਾ ਕਰਨ ਦੇ ਮਾਮਲੇ ਵਿੱਚ ਕਮਜ਼ੋਰ ਹੋਵੇਗਾ। ਦੂਜੀ ਗੱਲ ਕਿ ਛੋਟੇ ਕਿਸਾਨਾਂ ਦੀ ਬਹੁਗਿਣਤੀ ਹੋਣ ਕਾਰਨ ਇਹ ਫਰਮਾਂ ਉਨ੍ਹਾਂ ਨਾਲ ਸੌਦਾ ਕਰਨ ਵਿੱਚ ਦਿਲਚਸਪੀ ਨਹੀਂ ਲੈਣਗੀਆਂ। ਤੀਜੀ ਗੱਲ ਕਿਸੇ ਵੀ ਵਿਵਾਦ ਦੇ ਹਾਲਤ ਵਿੱਚ ਇਕ ਵੱਡੀ ਨਿੱਜੀ ਕੰਪਨੀ, ਐਕਸਪੋਰਟ, ਥੋਕ ਵਪਾਰੀ ਜਾਂ ਪ੍ਰੋਸੈਸਰ ਜੋ ਸਪੌਂਸਰ ਹੋਵੇਗਾ, ਉਸ ਨੂੰ ਸਭ ਕਾਨੂੰਨੀ ਰਾਹ ਤੇ ਦਾਅ ਪੇਚ ਪਤਾ ਹੋਣਗੇ ਤੇ ਆਪਣੀ ਪਹੁੰਚ ਸਦਕਾ ਉਹ ਕਿਸਾਨ ਨੂੰ ਅਸਾਨੀ ਨਾਲ ਦਬਾਅ ਸਕਦਾ ਹੈ।

ਤੀਜਾ ਕਾਨੂੰਨ ਜ਼ਰੂਰੀ ਵਸਤਾਂ ਕਾਨੂੰਨ ਦੀ ਸੋਧ ਐਕਟ 2020 ਹੈ ਜੋ ਜ਼ਰੂਰੀ ਚੀਜ਼ਾਂ ਦਾ ਜ਼ਿਆਦਾ ਸਟਾਕ ਕਰਨ ਦੀ ਖੁੱਲ੍ਹ ਦਿੰਦਾ ਹੈ, ਜਿਸ ਨਾਲ ਜਮ੍ਹਾਂਖ਼ੋਰੀ ਵਧਣ ਦਾ ਖਦਸ਼ਾ ਹੈ। ਵਰਤਮਾਨ ਸਮੇਂ 'ਚ ਬਹੁਤ ਸਾਰੀਆਂ ਫ਼ਸਲਾਂ ਜ਼ਰੂਰੀ ਵਸਤੂਆਂ ਦੀ ਸੂਚੀ ਵਿੱਚ ਦਰਜ ਹਨ। ਇਸਦਾ ਅਰਥ ਇਹ ਹੈ ਕਿ ਇਨ੍ਹਾਂ ਵਸਤੂਆਂ ਦਾ ਮਨਮਰਜ਼ੀ ਅਨੁਸਾਰ ਭੰਡਾਰ ਨਹੀਂ ਕੀਤਾ ਜਾ ਸਕਦਾ। ਨਵੇਂ ਕਾਨੂੰਨ ਅਨੁਸਾਰ ਅਨਾਜ, ਦਾਲਾਂ, ਗੰਢੇ, ਆਲੂ, ਆਦਿ ਜ਼ਰੂਰੀ ਵਸਤੂਆਂ ਦੀ ਸੂਚੀ ਤੋਂ ਹਟਾ ਦਿੱਤੇ ਜਾਣਗੇ। ਇਸ ਦਾ ਅਰਥ ਇਹ ਹੋਇਆ ਕਿ ਸਿਰਫ਼ ਜੰਗ ਵਰਗੇ 'ਅਸਾਧਾਰਨ ਹਾਲਾਤ' ਨੂੰ ਛੱਡ ਕੇ ਹੁਣ ਜਿੰਨਾ ਚਾਹੇ ਇਸ ਦਾ ਭੰਡਾਰਨ ਕੀਤਾ ਜਾ ਸਕਦਾ ਹੈ। ਇਸ ਵਿਵਸਥਾ ਨਾਲ ਖੇਤੀ ਢਾਂਚੇ ਵਿੱਚ ਨਿਵੇਸ਼ ਵਧੇਗਾ ਅਤੇ ਕੋਲਡ ਸਟੋਰੇਜ ਅਤੇ ਫ਼ੂਡ ਸਪਲਾਈ ਮਸ਼ੀਨਰੀ ਦਾ ਆਧੁਨਿਕੀਕਰਨ ਹੋਵੇਗਾ। ਇਸ ਕਾਨੂੰਨ ਦਾ ਵਿਰੋਧ ਇਸ ਕਰਕੇ ਹੋ ਰਿਹਾ ਹੈ ਕਿ 'ਆਸਾਧਾਰਨ ਹਾਲਾਤ' ਵਿੱਚ ਇਨ੍ਹਾਂ ਵਸਤੂਆਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਵੱਧ ਜਾਣਗੀਆਂ। ਨਿਵੇਸ਼ਕ ਆਪਣੀ ਮਰਜ਼ੀ ਅਨੁਸਾਰ ਇਨ੍ਹਾਂ ਫ਼ਸਲਾਂ ਦਾ ਭੰਡਾਰ ਕਰਨਗੇ ਅਤੇ ਜਦੋਂ ਕੀਮਤਾਂ ਬਹੁਤ ਜ਼ਿਆਦਾ ਵੱਧ ਜਾਣਗੀਆਂ ਉਦੋਂ ਬਾਜ਼ਾਰ 'ਚ

ਇਨ੍ਹਾਂ ਫ਼ਸਲਾਂ ਨੂੰ ਵੇਚਿਆ ਜਾਵੇਗਾ। ਇਸ ਤਰ੍ਹਾਂ ਲੋਕ ਵੀ ਵਧੀਆਂ ਕੀਮਤਾਂ 'ਤੇ ਖ਼ਰੀਦਣ ਲਈ ਮਜ਼ਬੂਰ ਹੋਣਗੇ। ਫ਼ਿਰ ਇਨ੍ਹਾਂ ਕੀਮਤਾਂ ਨੂੰ ਕਾਬੂ ਕਰਨਾ ਵੀ ਮੁਸ਼ਕਿਲ ਹੋਵੇਗਾ। ਵੱਡੀਆਂ ਕੰਪਨੀਆਂ ਅਤੇ ਫ਼ਰਮਾਂ ਕੋਲ ਫ਼ਸਲ ਨੂੰ ਵਧੇਰੇ ਭੰਡਾਰ ਕਰਨ ਦੀ ਸਮਰਥਾ ਹੋਵੇਗੀ ਅਤੇ ਲੋਕਾਂ ਨੂੰ ਵੱਧ ਭਾਅ ਦੇਣ ਲਈ ਮਜ਼ਬੂਰ ਕੀਤਾ ਜਾਵੇਗਾ।

ਇਨ੍ਹਾਂ ਕਾਨੂੰਨਾਂ ਸਬੰਧੀ ਕਿਸਾਨਾਂ ਦੀ ਰਾਇ ਇਹ ਹੈ ਕਿ ਇਸ ਨਾਲ ਹੌਲੀ ਹੌਲੀ ਮੰਡੀ ਸਿਸਟਮ ਖਤਮ ਹੋ ਜਾਏਗਾ ਤੇ ਕਿਸਾਨਾਂ ਨੂੰ ਕਾਰਪੋਰੇਟਾ ਦੇ ਰਹਿਮ ਤੇ ਛੱਡ ਦਿੱਤਾ ਜਾਏਗਾ। ਇਸ ਤੋਂ ਇਲਾਵਾ ਕਿਸਾਨਾਂ ਦਾ ਮੰਨਣਾ ਹੈ ਕਿ ਮੰਡੀਆਂ ਨੂੰ ਖਤਮ ਕਰਨਾ, ਘੱਟੋ ਘੱਟ ਸਮਰਥਨ ਮੁੱਲ ਤੇ ਉਨ੍ਹਾਂ ਦੀਆਂ ਫ਼ਸਲਾਂ ਦੀ ਖ਼ਰੀਦ ਨੂੰ ਖਤਮ ਕਰਨ ਲਈ ਉਤਸ਼ਾਹਿਤ ਕਰੇਗਾ। ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ ਕਾਰਪੋਰੇਟ ਘਰਾਣਿਆਂ ਨੂੰ ਤਾਂ ਮੁਨਾਫ਼ਾ ਪਹੁੰਚਾਏਗੀ ਪ੍ਰੰਤੂ ਸਧਾਰਨ ਕਿਸਾਨ ਤੇ ਆਮ ਲੋਕ ਇਸ ਨਾਲ ਵਧਦੀ ਮਹਿੰਗਾਈ ਤੋਂ ਖਾਸੇ ਪੀੜਤ ਹੋਣਗੇ।

ਸ਼ੁਰੂਆਤ ਵਿਚ ਇਨ੍ਹਾਂ ਕਾਨੂੰਨਾਂ ਵਿਰੁੱਧ ਕੁੱਝ ਕੁ ਕਿਸਾਨਾਂ ਤੇ ਕਿਸਾਨ ਜੱਥੇਬੰਦੀਆਂ ਨੇ ਹੋਰਨਾਂ ਕਿਸਾਨਾਂ ਨੂੰ ਜਾਗਰੂਕ ਕਰਨ ਦਾ ਕੰਮ ਕੀਤਾ। ਪ੍ਰੰਤੂ ਕੇਂਦਰ ਸਰਕਾਰ ਨੇ ਆਉਣ ਵਾਲੇ ਪਾਰਲੀਮੈਂਟ ਦੇ ਇਜਲਾਸ ਵਿੱਚ ਇਨ੍ਹਾਂ ਬਿੱਲਾਂ ਨੂੰ ਕਾਨੂੰਨੀ ਰੂਪ ਦੇਣਾ ਸੀ। 9 ਅਗਸਤ 2020 ਨੂੰ ਖੁੱਲੇ ਰੂਪ ਵਿਚ ਕਿਸਾਨਾਂ ਦੁਆਰਾ ਸਰਕਾਰ ਦੇ ਸਥਾਨਕ ਦਫਤਰਾਂ, ਹਾਈਵੇ, ਟੋਲ ਪਲਾਜਿਆ ਤੇ ਮਗਰੋਂ ਰੇਲ ਮਾਰਗਾਂ ਤੇ ਧਰਨੇ ਦੇ ਰੂਪ ਵਿਚ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਕਿਸਾਨ ਜੱਥੇਬੰਦੀਆਂ ਨੇ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦਾ ਨਾਂ ਦਿੱਤਾ। ਨਿਰੰਤਰ ਹੁੰਦੇ ਵਿਰੋਧ ਨੂੰ ਨਜ਼ਰਅੰਦਾਜ ਕਰ ਕੇ ਭਾਰਤ ਦੀ ਕੇਂਦਰ ਸਰਕਾਰ ਵੱਲੋਂ 15 ਅਤੇ 18 ਸਤੰਬਰ ਨੂੰ ਲੋਕ ਸਭਾ ਵਿਚ ਅਤੇ 20 ਤੇ 22 ਸਤੰਬਰ ਨੂੰ ਰਾਜ ਸਭਾ ਵਿਚ ਇਹ ਬਿੱਲ ਪਾਸ ਕੀਤੇ। ਭਾਰਤ ਦੇ ਰਾਸ਼ਟਰਪਤੀ ਵੱਲੋ 28 ਸਤੰਬਰ 2020 ਨੂੰ ਬਿੱਲਾਂ ਤੇ ਦਸਤਖਤ ਕਰਕੇ ਇਨਾਂ ਨੂੰ ਕਾਨੂੰਨ ਦਾ ਰੂਪ ਦੇ ਦਿੱਤਾ। ਇਨ੍ਹਾਂ ਕਾਨੂੰਨਾਂ ਦੇ ਵਿਰੋਧ ਵਿੱਚ ਵੱਖ-ਵੱਖ ਜੱਥੇਬੰਦੀਆਂ ਇਕ ਮੰਚ ਤੇ ਇਕੱਠੀਆਂ ਹੋਈਆਂ ਤੇ ਉਹਨਾਂ ਵੱਲੋਂ ਸੰਯੁਕਤ ਰੂਪ ਵਿਚ ਸੰਘਰਸ਼ ਕੀਤੇ ਜਾਣ ਦਾ ਐਲਾਨ ਕੀਤਾ ਗਿਆ। ਲਗਭਗ ਦੋ ਮਹੀਨਿਆਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ 25 ਨਵੰਬਰ ਨੂੰ ਇਨ੍ਹਾਂ ਜੱਥੇਬੰਦੀਆਂ ਦੁਆਰਾ ਦਿੱਲੀ ਚੱਲਣ ਦਾ ਸੱਦਾ ਦਿੱਤਾ ਗਿਆ।

26 ਨਵੰਬਰ 2020 ਨੂੰ ਦੇਸ਼-ਵਿਆਪੀ ਆਮ ਹੜਤਾਲ ਹੋਈ ਜਿਸ ਵਿੱਚ ਟਰੇਡ ਯੂਨੀਅਨਾਂ ਦਾ ਦਾਅਵਾ ਸੀ ਕਿ ਲਗਭਗ 250 ਮਿਲੀਅਨ ਲੋਕ ਕਿਸਾਨ ਯੂਨੀਅਨਾਂ ਦੇ ਸਮਰਥਨ ਵਿੱਚ ਸ਼ਾਮਿਲ ਹੋਏ ਸਨ। 30 ਨਵੰਬਰ 2020 ਨੂੰ, ਇਹ ਅਨੁਮਾਨ ਸੀ ਕਿ ਦਿੱਲੀ ਜਾਣ ਵਾਲੇ ਰਸਤੇ ਵਿਚ 200,000 ਤੋਂ 300,000 ਦੇ ਵਿਚਕਾਰ ਵੱਖ-ਵੱਖ ਸਰਹੱਦੀ ਥਾਵਾਂ 'ਤੇ ਕਿਸਾਨ ਇਕੱਠੇ ਹੋ ਰਹੇ ਸਨ। ਕਿਸਾਨਾਂ ਵੱਲੋਂ ਸ਼ੰਭੂ ਬਾਰਡਰ, ਟਿਕਰੀ ਬਾਰਡਰ, ਗਾਜੀਪੁਰ ਬਾਰਡਰ ਤੇ ਹੋਰ ਕਈ ਥਾਈਂ ਇੱਕਠੇ ਹੋ ਕੇ ਧਰਨੇ ਲਈ ਬੈਠ ਗਏ। ਦੇਸ਼ ਦੇ 500 ਤੋਂ ਵੱਧ ਕਿਸਾਨ ਸੰਗਠਨ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਕੇਂਦਰ ਸਰਕਾਰ ਅਤੇ ਕਿਸਾਨੀ ਯੂਨੀਅਨਾਂ ਦੁਆਰਾ ਨੁਮਾਇੰਦਗੀ ਕਰਨ ਵਾਲੇ ਕਿਸਾਨਾਂ ਵਿਚ 14 ਅਕਤੂਬਰ 2020 ਅਤੇ 15 ਜਨਵਰੀ 2021 ਦੇ ਵਿਚਕਾਰ ਨੌਂ ਪੜਾਅ ਦੀ ਗੱਲਬਾਤ ਹੋਈ ਪਰ ਬੇਸਿੱਟਾ ਰਹੀ। 4 ਦਸੰਬਰ 2020 ਨੂੰ ਗੱਲਬਾਤ ਦੌਰਾਨ ਸਰਕਾਰ ਵੱਲੋਂ ਕਿਸਾਨ ਯੂਨੀਅਨਾਂ ਦੀਆਂ ਮੰਗਾਂ ਨੂੰ ਪ੍ਰਵਾਨ ਨਾ ਕਰਨ ਤੋਂ ਬਾਅਦ, ਕਿਸਾਨ ਯੂਨੀਅਨਾਂ ਨੇ 8 ਦਸੰਬਰ 2020 ਨੂੰ ਇਕ ਹੋਰ ਭਾਰਤ ਪੱਧਰੀ ਹੜਤਾਲ ‘ਤੇ ਕਾਰਵਾਈ ਵਧਾਉਣ ਦੀ ਯੋਜਨਾ ਬਣਾਈ। ਸਰਕਾਰ ਨੇ ਕਾਨੂੰਨਾਂ ਵਿਚ ਕੁਝ ਸੋਧਾਂ ਦੀ ਪੇਸ਼ਕਸ਼ ਕੀਤੀ, ਪਰ ਯੂਨੀਅਨਾਂ ਕਾਨੂੰਨਾਂ ਨੂੰ ਰੱਦ ਕਰਨ ਲਈ ਕਹਿ ਰਹੀਆਂ ਹਨ। 12 ਦਸੰਬਰ 2020 ਤੋਂ, ਕਿਸਾਨ ਯੂਨੀਅਨਾਂ ਨੇ ਹਰਿਆਣਾ ਵਿਚ ਹਾਈਵੇ ਟੋਲ ਪਲਾਜ਼ਾ 'ਤੇ ਕਬਜ਼ਾ ਕਰ ਲਿਆ ਅਤੇ ਵਾਹਨਾਂ ਦੀ ਮੁਫਤ ਆਵਾਜਾਈ ਦੀ ਆਗਿਆ ਦਿੱਤੀ ਸੀ। 30 ਦਸੰਬਰ 2020 ਨੂੰ, ਭਾਰਤ ਸਰਕਾਰ ਨੇ ਕਿਸਾਨਾਂ ਦੀਆਂ ਦੋ ਮੰਗਾਂ ਤੇ ਸਹਿਮਤੀ ਜਤਾਈ; ਕਿਸਾਨਾਂ ਨੂੰ ਨਵੇਂ ਪ੍ਰਦੂਸ਼ਣ ਕਾਨੂੰਨਾਂ ਤੋਂ ਬਾਹਰ ਰੱਖਣਾ ਅਤੇ ਨਵੇਂ ਬਿਜਲੀ ਆਰਡੀਨੈਂਸ ਵਿਚ ਸੋਧਾਂ ਛੱਡਣੀਆਂ।

26 ਜਨਵਰੀ 2021 ਨੂੰ, ਇਹਨਾਂ ਕਾਨੂੰਨਾਂ ਦਾ ਵਿਰੋਧ ਕਰ ਰਹੇ ਲੱਖਾਂ ਕਿਸਾਨਾਂ ਨੇ ਟਰੈਕਟਰਾਂ ਦੇ ਵੱਡੇ ਕਾਫਲੇ ਨਾਲ ਇੱਕ ਕਿਸਾਨ ਪਰੇਡ ਕੀਤੀ ਅਤੇ ਦਿੱਲੀ ਆ ਗਏ। ਪ੍ਰਦਰਸ਼ਨਕਾਰੀ ਦਿੱਲੀ ਪੁਲਿਸ ਦੁਆਰਾ ਮਨਜ਼ੂਰਸ਼ੁਦਾ ਰਸਤੇ ਤੋਂ ਭਟਕ ਗਏ। ਕਈ ਜਗ੍ਹਾ ਟਰੈਕਟਰ ਰੈਲੀ ਹਿੰਸਕ ਵਿਰੋਧ ਵਿੱਚ ਬਦਲ ਗਈ ਜਦੋਂ ਪ੍ਰਦਰਸ਼ਨਕਾਰੀ ਕਿਸਾਨ ਬੈਰੀਕੇਡਾਂ ਵਿੱਚੋਂ ਲੰਘੇ ਅਤੇ ਪੁਲਿਸ ਨਾਲ ਝੜਪ ਹੋ ਗਈ। ਬਾਅਦ ਵਿਚ ਕੁਝ ਮੁਜ਼ਾਹਰਾਕਾਰੀਆਂ ਨੇ ਲਾਲ ਕਿਲ੍ਹੇ ਵਿਖੇ ਪਹੁੰਚ ਕੇ ਆਪਣੇ ਧਾਰਮਿਕ ਝੰਡੇ ਅਤੇ ਕਿਸਾਨ ਯੂਨੀਅਨ ਦੇ ਝੰਡੇ ਫਹਿਰਾ ਦਿੱਤੇ। 19 ਨਵੰਬਰ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਰਕਾਰ ਤਿੰਨ ਵਿਵਾਦਗ੍ਰਸਤ

ਖੇਤੀ ਕਾਨੂੰਨਾਂ ਬਾਰੇ ਆਪਣੀ ਸਰਕਾਰ ਦੇ ਪੈਰ ਪਿੱਛੇ ਖਿੱਚ ਲਏ। ਉਨ੍ਹਾਂ ਦੇਸ਼ ਤੋਂ 'ਮੁਆਫੀ' ਮੰਗਦਿਆਂ ਕਾਨੂੰਨਾਂ ਨੂੰ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਨਾਲ ਸਬੰਧਤ ਮੁੱਦਿਆਂ ਦੀ ਘੋਖ ਕਰਨ ਲਈ ਕਮੇਟੀ ਬਣਾਉਣ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੌਮ ਦੇ ਨਾਂ ਸੰਦੇਸ਼ ਵਿੱਚ ਕਿਹਾ ਕਿ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਸੰਵਿਧਾਨਕ ਪ੍ਰਕਿਰਿਆ ਸੰਸਦ ਦੇ ਆਉਣ ਵਾਲੇ ਸਰਦ ਰੁੱਤ ਸੈਸ਼ਨ ਦੌਰਾਨ ਪੂਰੀ ਕਰ ਲਈ ਜਾਵੇਗੀ। 24 ਨਵੰਬਰ ਨੂੰ ਕੇਂਦਰੀ ਮੰਤਰੀ ਮੰਡਲ ਨੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਸਬੰਧੀ 'ਖੇਤੀ ਕਾਨੂੰਨ ਵਾਪਸੀ ਬਿੱਲ, 2021' ਨੂੰ ਪ੍ਰਵਾਨਗੀ ਦੇ ਦਿੱਤੀ। 29 ਨਵੰਬਰ 2021 ਨੂੰ ਸੰਸਦ ਨੇ ਤਿੰਨੋਂ ਖੇਤੀ ਕਾਨੂੰਨਾਂ ਦੀ ਵਾਪਸੀ ਬਾਰੇ ਬਿੱਲ ਬਿਨਾਂ ਬਹਿਸ ਕਰਵਾਏ ਤੋਂ ਹੀ ਪਾਸ ਕਰ ਦਿੱਤਾ। 1 ਦਸੰਬਰ 2021 ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਲਈ ਆਪਣੀ ਸਹਿਮਤੀ ਦੇ ਦਿੱਤੀ। ਇਸ ਅੰਦੋਲਨ ਵਿਚ ਇਕ ਵੱਖਰੀ ਤਰ੍ਹਾਂ ਦੀ ਸਾਂਝ ਉਪਜੀ ਜਾਤ, ਧਰਮ, ਕਿੱਤਾ ਹਰ ਵਖਰੇਵੇਂ ਨੂੰ ਛੱਡ ਕੇ ਜਿਸ ਤਰ੍ਹਾਂ ਕਿਸਾਨਾਂ ਨੇ ਏਕਤਾ ਦਾ ਪ੍ਰਦਰਸ਼ਨ ਕੀਤਾ, ਉਹ ਕਈਆਂ ਲਈ ਮਿਸਾਲ ਬਣ ਗਿਆ। ਜਵਾਨ, ਬੱਚੇ, ਬੁੱਢਿਆ ਤੋਂ ਇਲਾਵਾ ਇਸ ਅੰਦੋਲਨ ਵਿਚ ਔਰਤਾਂ ਦੀ ਵੱਡੀ ਭੂਮਿਕਾ ਰਹੀ। ਇਕ ਸਾਲ ਤੋਂ ਵੱਧ ਚੱਲੇ ਇਸ ਸੰਘਰਸ਼ ਵਿਚ ਕਈ ਉਤਾਰ-ਚੜ੍ਹਾਅ ਆਏ, ਸੰਯੁਕਤ ਕਿਸਾਨ ਮੋਰਚੇ ਮੁਤਾਬਿਕ ਇਸ ਸੰਘਰਸ਼ ਦੌਰਾਨ 670 ਲੋਕਾਂ ਦੀ ਮੌਤ ਹੋ ਗਈ। ਪਰ 11 ਦਸੰਬਰ 2021 ਨੂੰ ਕਿਸਾਨ ਮੋਰਚਾ ਫਤਹਿ ਕਰਕੇ ਜਸ਼ਨ ਮਨਾਉਂਦੇ ਘਰਾਂ ਨੂੰ ਪਰਤਣੇ ਸ਼ੁਰੂ ਹੋਏ।

17 ਮਈ 2022 ਨੂੰ ਪੰਜਾਬ ਦੇ ਕਿਸਾਨਾਂ ਵੱਲੋਂ ਕਣਕ ਦੀ ਖ਼ਰੀਦ ਉੱਤੇ ਬੋਨਸ ਅਤੇ 10 ਜੂਨ ਤੋਂ ਝੋਨੇ ਦੀ ਲਵਾਈ ਸ਼ੁਰੂ ਕਰਨ ਸਹਿਤ ਕਈ ਹੋਰ ਮੰਗਾਂ ਨੂੰ ਲੈ ਕੇ ਪੰਜਾਬ ਦੀ ਰਾਜਧਾਨੀ ਵੱਲ ਨੂੰ ਕੂਚ ਕੀਤਾ ਜਾ ਰਿਹਾ ਸੀ ਜਿਸ ਨੂੰ ਸਰਕਾਰ ਵੱਲੋਂ ਚੰਡੀਗੜ੍ਹ-ਮੋਹਾਲੀ ਨੇੜੇ ਰੋਕ ਲਿਆ ਗਿਆ। 23 ਕਿਸਾਨ ਜੱਥੇਬੰਦੀਆਂ ਉੱਥੇ ਹੀ ਧਰਨਾ ਲਾ ਕੇ ਬੈਠ ਗਈਆਂ। ਪ੍ਰੰਤੂ ਸੂਬਾ ਸਰਕਾਰ ਪਿਛਲੇ ਅੰਦੋਲਨ ਤੋਂ ਭਲੀਭਾਂਤ ਜਾਣੂ ਸੀ ਇਸ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕਿਸਾਨ ਨੇਤਾਵਾਂ ਵਿਚ ਅਗਲੇ ਹੀ ਦਿਨ ਮੀਟਿੰਗ ਹੋਈ ਜਿਸ ਵਿਚ ਕਿਸਾਨਾਂ ਦੀਆਂ 12 ਵਿਚੋਂ 11 ਮੰਗਾਂ ਨੂੰ ਮੰਨ ਲਿਆ ਗਿਆ ਤੇ ਪੰਚਾਇਤ ਮੰਤਰੀ ਵੱਲੋਂ ਧਰਨੇ ਵਾਲੇ ਸਥਾਨ ਤੇ

ਪੁੱਜ ਕੇ ਇਸ ਧਰਨੇ ਨੂੰ ਖਤਮ ਕਰਾਇਆ ਗਿਆ। ਇਸੇ ਹੀ ਤਰ੍ਹਾਂ ਮਾਰਚ 2024 ਵਿਚ ਐੱਮ.ਐੱਸ.ਪੀ. ਦੇ ਮੁੱਦੇ ਨੂੰ ਲੈ ਕੇ ਫਿਰ ਤੋਂ ਕੇਂਦਰ ਸਰਕਾਰ ਦੇ ਖਿਲਾਫ਼ ਕਿਸਾਨਾਂ ਵੱਲੋਂ ਸੰਘਰਸ਼ ਵਿੱਢ ਦਿੱਤਾ ਗਿਆ। ਹੋਰਨਾਂ ਮੁਲਕਾਂ ਵਿਚ ਕਿਸਾਨੀ ਜਾਂ ਖੇਤੀਬਾੜੀ ਦੀ ਗੱਲ ਕਰੀਏ ਤਾਂ ਹਰੇਕ ਮੁਲਕ ਦੀਆਂ ਆਪਣੀਆਂ ਪ੍ਰਸਥਿਤੀਆਂ, ਜਲਵਾਯੂ, ਲੋੜਾਂ ਅਨੁਸਾਰ ਵੱਖ-ਵੱਖ ਹਾਲਤਾਂ ਹਨ। ਸੰਸਾਰ ਦੀ ਖੇਤੀਬਾੜੀ ਨੂੰ ਮੁੱਖ ਤੌਰ ਤੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ- ਇਕ ਪਾਸੇ ਵਿਕਸਿਤ ਦੇਸ਼ ਜਿਨ੍ਹਾਂ ਵਿਚ ਕੁਸ਼ਲ ਖੇਤੀਬਾੜੀ ਪ੍ਰਬੰਧ ਹੈ ਤੇ ਦੂਜੇ ਪਾਸੇ ਵਿਕਾਸਸ਼ੀਲ ਦੇਸ਼ ਜਿੱਥੇ ਘੱਟ ਉਤਪਾਦਨ ਅਤੇ ਅਕੁਸ਼ਲ ਖੇਤੀਬਾੜੀ ਹੈ। ਅੰਨ ਅਤੇ ਖੇਤੀਬਾੜੀ ਸੰਗਠਨ (F.A.O.) ਅਨੁਸਾਰ ਲੇਟਿਨ ਅਮਰੀਕਾ ਵਿਚ 1.3% ਮਾਲਕਾਂ ਕੋਲ 71.6% ਵਾਹੀਯੋਗ ਜ਼ਮੀਨ ਹੈ। ਲੇਟਿਨ ਅਮਰੀਕਾ ਵਿਚ ਕੁਝ ਵੱਡੇ ਭੂ-ਸਵਾਮੀਆਂ ਕੋਲ ਭੂਮੀ ਕੇਂਦਰਿਤ ਹੋਣ ਦਾ ਆਰਥਿਕ ਅਤੇ ਸਮਾਜਿਕ ਸਿੱਟਾ ਇਹ ਨਿਕਲਿਆ ਕਿ ਬਹੁਤ ਸਾਰੇ ਕਿਸਾਨ ਅਕੁਸ਼ਲ ਹੋ ਗਏ।

ਜੇਕਰ ਕੈਨੇਡਾ ਦੀ ਗੱਲ ਕਰੀਏ ਤਾਂ ਸੰਨ 2018 ਵਿਚ ਕਨੇਡਾ ਵਿਚ 2 ਲੱਖ 69 ਹਜ਼ਾਰ ਲੋਕ ਖੇਤੀ ਜਾਂ ਖੇਤੀ ਆਧਾਰਿਤ ਧੰਦਿਆਂ ਵਿੱਚ ਕੰਮ ਕਰਦੇ ਹਨ। ਕੈਨੇਡਾ ਦੀ ਕੁੱਲ ਭੂਮੀ ਦਾ 7% ਹਿੱਸਾ ਖੇਤੀ ਲਈ ਵਰਤੋਂ ਯੋਗ ਹੈ। ਇਸ ਲਈ ਕੈਨੇਡਾ ਦੇ ਕਿਸਾਨਾਂ ਉੱਪਰ ਵਧੇਰੇ ਪੈਦਾਵਾਰ ਉਗਾਉਣ ਦਾ ਦਬਾਅ ਹੈ। ਪ੍ਰੰਤੂ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਕੈਨੇਡਾ ਵਿਚ 1980 ਤੋਂ ਬਾਅਦ ਲਗਾਤਾਰ ਖੇਤੀਬਾੜੀ ਸੈਕਟਰ ਨੂੰ ਦਿੱਤੀ ਜਾ ਰਹੀ ਮਦਦ ਵਿੱਚ ਕਮੀ ਆਈ ਹੈ। ਇਸ ਲਈ ਕਿਸਾਨ ਅਤੇ ਖੇਤੀਬਾੜੀ ਸੈਕਟਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਕਈ ਅਜਿਹੇ ਖੇਤਰ ਹਨ ਜਿੱਥੇ ਫ਼ਸਲਾਂ ਦੀ ਸਾਂਭ ਸੰਭਾਲ ਮਜ਼ਦੂਰਾਂ ਦੀ ਅਣਹੋਂਦ ਤੇ ਜਲਵਾਯੂ ਪਰਿਵਰਤਨਾਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਬਾਵਜੂਦ ਕੈਨੇਡਾ ਵਿੱਚ ਖੇਤੀ ਸੈਕਟਰ ਕੈਨੇਡਾ ਦੀ ਆਰਥਿਕਤਾ ਦਾ ਇੱਕ ਵੱਡਾ ਹਿੱਸਾ ਨਿਭਾਉਂਦਾ ਹੈ।

ਉੱਥੇ ਹੀ ਖੇਤੀਬਾੜੀ ਅਮਰੀਕੀ ਅਰਥਵਿਵਸਥਾ ਦਾ ਇੱਕ ਵੱਡਾ ਹਿੱਸਾ ਹੈ। 2017 ਦੀ ਜਨਗਣਨਾ ਮੁਤਾਬਕ 2.04 ਮਿਲੀਅਨ ਕਿਸਾਨ 900 ਮਿਲੀਅਨ ਏਕੜ ਭੂਮੀ ਤੇ ਖੇਤੀ ਕਰਦੇ ਹਨ। 27 ਨਵੰਬਰ

2019 ਨੂੰ 'ਟਾਈਮਸ' ਵਿੱਚ ਛਪੇ ਲੇਖ ਮੁਤਾਬਕ ਦੁਨੀਆ ਦੀ ਵੱਡੀ ਆਰਥਿਕ ਤਾਕਤ ਅਮਰੀਕਾ ਵਿੱਚ ਕਿਸਾਨਾਂ ਦੀ ਹਾਲਤ ਕੋਈ ਵਧੇਰੇ ਚੰਗੀ ਨਹੀਂ ਰਹੀ। ਕਿਸਾਨਾਂ ਉੱਪਰ ਲਗਪਗ 416 ਬਿਲੀਅਨ ਅਮਰੀਕੀ ਡਾਲਰ ਦਾ ਕਰਜ਼ਾ ਹੈ। ਅਮਰੀਕੀ ਕਿਸਾਨਾਂ ਵਿਚ ਵੀ ਆਤਮ ਹੱਤਿਆਵਾਂ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਜੇਕਰ ਆਸਟ੍ਰੇਲੀਆ ਦੀ ਗੱਲ ਕਰੀਏ ਤਾਂ ਆਸਟ੍ਰੇਲੀਆ ਵਿਚ 7.7 ਮਿਲੀਅਨ ਹੈਕਟੇਅਰ ਭੂਮੀ ਤੇ ਖੇਤੀ ਕੀਤੀ ਜਾਂਦੀ ਹੈ। ਖੇਤੀ ਸੰਬੰਧੀ ਪੈਦਾਵਾਰ ਦਾ ਵੱਡਾ ਹਿੱਸਾ ਨਿਰਯਾਤ ਦੇ ਰੂਪ ਵਿੱਚ ਜਾਂਦਾ ਹੈ ਜਿਸ ਕਾਰਨ ਅਰਥਵਿਵਸਥਾ ਨੂੰ ਭਾਰੀ ਮੁਨਾਫ਼ਾ ਹੁੰਦਾ ਹੈ। ਪ੍ਰੰਤੂ ਜਲਵਾਯੂ ਹਾਲਤਾਂ ਕਾਰਨ ਇੱਥੇ ਸੋਕਾ ਇੱਕ ਵੱਡੀ ਸਮੱਸਿਆ ਹੈ ਜਿਸ ਦੇ ਕਾਰਨ ਕਿਸਾਨਾਂ ਨੂੰ ਨੁਕਸਾਨ ਝੱਲਣਾ ਪੈਂਦਾ ਹੈ। ਉੱਥੇ ਹੀ ਅਫਰੀਕਨ ਖੇਤੀਬਾੜੀ ਪ੍ਰਣਾਲੀ ਦਾ ਢਾਂਚਾ ਅਤੇ ਸੰਗਠਨ ਏਸ਼ੀਆ ਜਾਂ ਲੇਟਿਨ ਅਮਰੀਕਾ ਤੋਂ ਵੱਖ ਹੈ। ਭੂਤਪੂਰਵ ਬਸਤੀ ਇਲਾਕਿਆਂ ਜਿਵੇਂ ਕਿ ਕੀਨੀਆ ਦੇ ਵਾਈਟ ਹਾਈਲੈਂਡ ਅਤੇ ਪੂਰਵੀ ਅਤੇ ਪੱਛਮੀ ਅਫ਼ਰੀਕਾ ਦੇ ਵੱਡੇ ਗੰਨੇ, ਕੋਕੋ ਅਤੇ ਕਾਫੀ ਦੇ ਬਾਗਾਂ ਤੋਂ ਇਲਾਵਾ ਤਪਤ-ਖੰਡੀ ਅਫਰੀਕਾ ਵਿੱਚ ਹਾਲੇ ਵੀ ਉਤਪਾਦਨ ਮੁੱਖ ਤੌਰ ਤੇ ਆਪਣੀ ਉਪਜੀਵਕਾ ਲਈ ਹੀ ਕੀਤਾ ਜਾਂਦਾ ਹੈ।

ਨਿਰਸੰਦੇਹ ਕਿਸਾਨੀ ਮਨੁੱਖੀ ਜੀਵਨ ਦੀ ਬੁਨਿਆਦ ਹੈ। ਇਹ ਕਹਿਣਾ ਬਿਲਕੁਲ ਉਚਿਤ ਹੋਵੇਗਾ ਕਿ ਖੇਤੀ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਪ੍ਰੰਤੂ ਮਨੁੱਖੀ ਹੋਂਦ ਲਈ ਜ਼ਰੂਰੀ ਇਸ ਬੁਨਿਆਦੀ ਲੋੜ ਨੂੰ ਮੁੱਢ ਤੋਂ ਲੈ ਕੇ ਹੁਣ ਤਕ ਨਿਰੰਤਰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਜਿਥੇ ਆਰੰਭਕ ਦੌਰ ਦੀ ਕਿਸਾਨੀ ਕੁਦਰਤੀ ਹਾਲਤਾਂ ਉਪਰ ਨਿਰਭਰ ਸੀ ਇਸ ਲਈ ਕੁਦਰਤੀ ਆਫ਼ਤਾਂ ਤੇ ਹੋਰ ਸੰਕਟਾਂ ਕਾਰਨ ਕਿਸਾਨੀ ਮੁਸ਼ਕਲਾਂ ਵਿੱਚ ਰਹੀ। ਉੱਥੇ ਹੀ ਸਮੇਂ ਦੇ ਪ੍ਰਵਾਹ ਨਾਲ ਖੇਤੀ ਖੇਤਰ ਨਿਰੰਤਰ ਵਿਕਾਸ ਹੋਇਆ ਤੇ ਇਸੇ ਵਿਕਾਸ ਦੌਰਾਨ ਕਈ ਨਵੀਆਂ ਸਮੱਸਿਆਵਾਂ ਵੀ ਸਾਹਮਣੇ ਆਈਆਂ। ਪ੍ਰਾਚੀਨ ਸਮੇਂ ਤੋਂ ਮੱਧ ਕਾਲ ਤੇ ਮੱਧਕਾਲ ਤੋਂ ਆਧੁਨਿਕ ਕਾਲ ਤਕ ਆਉਂਦਿਆਂ ਫਸਲਾਂ ਤੇ ਖੇਤੀਬਾੜੀ ਖੇਤਰ ਵਿਚ ਤਕਨੀਕ ਤੇ ਹੋਰ ਕਈ ਪੱਖੋਂ ਵੱਡੇ ਬਦਲਾਅ ਆਏ ਹਨ ਪ੍ਰੰਤੂ ਕਿਸਾਨਾਂ ਦੀ ਹਾਲਾਤ ਵਿਚ ਕੋਈ ਸੁਧਾਰ ਨਹੀਂ ਆਇਆ। ਰਾਜੇ-ਮਹਾਰਾਜਿਆਂ ਦੇ ਕਾਲ

ਵਿਚ ਭਾਰੀ ਕਰ (ਟੈਕਸ) ਦਾ ਸਾਹਮਣਾ, ਸਾਮਰਾਜੀ ਅੰਗਰੇਜ਼ਾਂ ਦੀ ਕਿਸਾਨੀ ਵਿਰੋਧੀ ਤੇ ਦਮਨਕਾਰੀ ਨੀਤੀਆਂ, ਆਜ਼ਾਦੀ ਤੋਂ ਬਾਅਦ ਵੱਧਦੀ ਵਸੋਂ ਤੇ ਅਨਾਜ ਦੀ ਮੰਗ ਆਦਿ ਨੇ ਕਿਰਸਾਣੀ ਨੂੰ ਸੁੱਖ ਦਾ ਸਾਹ ਨਾ ਲੈਣ ਦਿੱਤਾ।

ਹਰੇ ਇਨਕਲਾਬ ਨੇ ਆਰੰਭ ਵਿਚ ਕੁੱਝ ਰਾਹਤ ਜਰੂਰ ਦਿੱਤੀ ਪ੍ਰੰਤੂ ਪਿੱਛੋਂ ਇਸ ਦੇ ਮਾਰੂ ਅਸਰਾਂ ਨੇ ਸਥਿਤੀ ਨੂੰ ਹੋਰ ਗੰਭੀਰ ਤੇ ਚਿੰਤਾਜਨਕ ਬਣਾ ਦਿੱਤਾ। ਵਧੇਰੇ ਰਸਾਇਣਾਂ ਦੇ ਪ੍ਰਯੋਗ ਨੇ ਭੂਮੀ ਦੀ ਉਪਜਾਊ ਸ਼ਕਤੀ ਘਟਾ ਦਿੱਤੀ। ਝੋਨੇ ਦੀ ਬਿਜਾਈ ਕਾਰਨ ਪਾਣੀ ਦਾ ਡਿੱਗਦਾ ਪੱਧਰ ਕਿਸਾਨੀ ਲਈ ਘਾਤਕ ਸਿੱਧ ਹੋ ਰਿਹਾ ਹੈ। ਨਵੀਂ ਆਰਥਿਕ ਨੀਤੀ ਦੇ ਪ੍ਰਭਾਵ ਅਧੀਨ ਖੇਤੀ ਵਪਾਰ ਦੇ ਆਸ਼ੇ ਅਧੀਨ ਹੋਣ ਲੱਗੀ। ਇਸ ਨਾਲ ਸਥਿਤੀ ਹੋਰ ਵੀ ਬਦ ਤੋਂ ਬਦਤਰ ਹੋ ਰਹੀ ਹੈ ਵਿਸ਼ੇਸ਼ਕਰ ਛੋਟੇ ਤੇ ਮੱਧਵਰਗੀ ਕਿਸਾਨਾਂ ਉੱਪਰ ਕਰਜ਼ ਵੱਧ ਰਿਹਾ ਹੈ। ਅਮੀਰ ਤੇ ਗਰੀਬ ਵਿਚ ਵੱਧ ਰਹੇ ਪਾੜੇ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 'ਫੋਰਬਸ' ਦੁਆਰਾ ਜਾਰੀ ਸੂਚੀ ਅਨੁਸਾਰ 2009 ਵਿਚ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ 9 ਸੀ ਜੋ ਕਿ 2017 ਵਿੱਚ ਵਧ ਕੇ 101 ਹੋ ਗਈ। ਇਹ ਆਰਥਿਕ ਨੀਤੀ ਦਾ ਪ੍ਰਭਾਵ ਕੇਵਲ ਕੁੱਝ ਕੁ ਦੇਸ਼ਾਂ ਵਿਚ ਨਹੀਂ ਸਗੋਂ ਵਿਸ਼ਵ ਦੇ ਬਹੁਤੇ ਦੇਸ਼ ਇਸ ਤੋਂ ਪ੍ਰਭਾਵਿਤ ਹੋਏ ਤੇ ਲਗਭਗ ਸਾਰੇ ਦੇਸ਼ਾਂ ਵਿਚ ਥੋੜ੍ਹੇ-ਬਹੁਤ ਫਰਕ ਨਾਲ ਕਿਸਾਨਾਂ ਨੂੰ ਵੱਡਾ ਘਾਟਾ ਝੱਲਣਾ ਪਿਆ ਹੈ।

## 1.8 ਸਮਾਜ-ਸੱਭਿਆਚਾਰਕ: ਸਿਧਾਂਤਕ ਪਰਿਪੇਖ

**ਸਮਾਜ** - ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ, ਜਿਸ ਦਾ ਕਲਿਆਣ ਤੇ ਤਰੱਕੀ ਪੂਰੀ ਤਰ੍ਹਾਂ ਨਾਲ ਸਮਾਜ ਉੱਪਰ ਨਿਰਭਰ ਕਰਦੀ ਹੈ। ਮਨੁੱਖ ਅਤੇ ਸਮਾਜ ਇਕ ਦੂਜੇ ਤੋਂ ਬਿਨਾਂ ਸੰਭਵ ਨਹੀਂ ਹਨ ਜਿੱਥੇ ਮਨੁੱਖ ਨੇ ਸਮਾਜ ਸਿਰਜਿਆ ਹੈ ਉੱਥੇ ਹੀ ਸਮਾਜ ਨੇ ਮਾਨਵੀ ਕਦਰਾਂ ਕੀਮਤਾਂ ਸਿਖਾ ਕੇ ਵਿਅਕਤੀ ਨੂੰ ਮਨੁੱਖ ਦਾ ਦਰਜਾ

ਦਿੱਤਾ ਹੈ। ਕਿਸਾਨੀ ਸਮਾਜ ਦੀ ਮੁਢਲੀ ਜਰੂਰਤ ਰਹੀ ਹੈ। ਵਿਸ਼ੇਸ਼ਕਰ ਭਾਰਤ ਵਰਗੇ ਮੁਲਕ ਜਿੱਥੇ ਅੱਧੀ ਨਾਲੋਂ ਵੱਧ ਵਸੋਂ ਕਿਸਾਨੀ ਉੱਪਰ ਨਿਰਭਰ ਕਰਦੀ ਹੋਵੇ, ਉੱਥੇ ਕਿਸਾਨੀ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਸਾਧਾਰਨ ਰੂਪ ਵਿੱਚ 'ਸਮਾਜ' ਸ਼ਬਦ ਦਾ ਪ੍ਰਯੋਗ ਜਨ ਸਮੂਹ ਲਈ ਕੀਤਾ ਜਾਂਦਾ ਹੈ ਜਿਵੇਂ 'ਹਿੰਦੂ ਸਮਾਜ', 'ਇਸਤਰੀ ਸਮਾਜ', 'ਕਿਸਾਨੀ ਸਮਾਜ' ਆਦਿ।

ਆਰੰਭਕ ਮਨੁੱਖ ਬਿਨਾਂ ਕਿਸੇ ਨਿਯਮਾਂ ਤੋਂ ਕੁਦਰਤੀ ਅਵਸਥਾ ਵਿੱਚ ਆਪਣਾ ਜੀਵਨ ਬਤੀਤ ਕਰਦਾ ਸੀ। ਇਸ ਕੁਦਰਤੀ ਅਵਸਥਾ ਵਿੱਚ ਉਸ ਨੂੰ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਨ੍ਹਾਂ ਔਕੜਾਂ ਨਾਲ ਨਜਿੱਠਣ ਲਈ ਮਨੁੱਖ ਅੰਦਰ ਚੇਤਨਾ ਉਤਪੰਨ ਹੋਣ ਲੱਗੀ ਤੇ ਉਹ ਝੁੰਡ ਦੇ ਰੂਪ ਵਿੱਚ ਰਹਿਣ ਲੱਗੇ। ਸੋ ਇਸ ਤਰ੍ਹਾਂ ਸਮਾਜ ਦਾ ਆਧਾਰ ਲੋਕ ਸਮੂਹਾਂ ਨੂੰ ਮੰਨਿਆ ਗਿਆ ਹੈ। ਪ੍ਰੰਤੂ ਸਮਾਜ ਸ਼ਾਸਤਰ ਵਿੱਚ ਇਸ ਦੇ ਅਰਥ ਬਹੁਤ ਵਿਸਤ੍ਰਿਤ ਹਨ ਤੇ ਸਮਾਜ ਦਾ ਸਰੂਪ ਅਮੂਰਤ ਸਵੀਕਾਰ ਕੀਤਾ ਗਿਆ ਹੈ। ਆਰ.ਐੱਨ. ਦੁੱਗਲ ਨੇ ਆਪਣੀ ਪੁਸਤਕ ***ਰਾਜਨੀਤਕ ਸਿਧਾਂਤ*** ਵਿਚ ਅਰਸਤੂ ਦੇ ਹਵਾਲੇ ਨਾਲ ਸਮਾਜ ਬਾਰੇ ਵਿਚਾਰਾਂ ਨੂੰ ਇੰਜ ਲਿਖਿਆ ਹੈ "ਉਸ ਵਿਅਕਤੀ ਨੂੰ ਦੇਵਤਾ ਜਾਂ ਪਸ਼ੂ ਮੰਨਦਾ ਹੈ ਜੋ ਸਮਾਜ ਵਿੱਚ ਨਹੀਂ ਰਹਿ ਸਕਦਾ।" "ਜੋ ਵਿਅਕਤੀ ਸਮਾਜ ਵਿੱਚ ਰਹਿਣ ਦੇ ਸਮਰੱਥ ਨਹੀਂ ਉਹ ਪਸ਼ੂ ਬਰਾਬਰ ਹੈ ਇਸ ਲਈ ਸਮਾਜੀ ਵਿਅਕਤੀ ਦਾ ਸਜੀਵ ਚੌਗਿਰਦਾ ਹੈ" 48

ਸ਼ਾਬਦਿਕ ਅਰਥਾਂ ਨੂੰ ਦੇਖੀਏ ਤਾਂ ਸਮਾਜ ਅੰਗਰੇਜ਼ੀ ਭਾਸ਼ਾ ਦੇ ਸ਼ਬਦ **'socio'** ਦਾ ਪੰਜਾਬੀ ਅਨੁਵਾਦ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ **'socio'** ਲਾਤੀਨੀ ਸ਼ਬਦ **'socias'** ਤੋਂ ਬਣਿਆ ਹੈ ਜਿਸਦਾ ਅਰਥ ਹੈ ਸੰਗ-ਸਾਥੀ। ਇਸੇ ਹੀ ਤਰ੍ਹਾਂ ਸਮਾਜ ਵਿਗਿਆਨੀ ਵੀ ਸਮਾਜ ਦਾ ਅਰਥ ਸੰਬੰਧਾਂ ਦੇ ਤਾਣੇ ਬਾਣੇ ਤੋਂ ਹੀ ਲੈਂਦੇ ਹਨ। ਉਨ੍ਹਾਂ ਅਨੁਸਾਰ ਇੱਕ ਵਿਅਕਤੀ ਇੱਕੋ ਸਮੇਂ ਕਈ ਤਰ੍ਹਾਂ ਦੇ ਰਿਸ਼ਤਿਆਂ ਨਾਲ ਜੁੜਿਆ ਹੁੰਦਾ ਹੈ ਉਹ ਕਿਸੇ ਦਾ ਪੁੱਤਰ, ਕਿਸੇ ਦਾ ਭਰਾ, ਕਿਸੇ ਦਾ ਚਾਚਾ, ਮਾਮਾ ਆਦਿ ਕਈ ਤਰ੍ਹਾਂ ਦੇ ਰਿਸ਼ਤੇ ਬੰਧਨਾਂ ਵਿੱਚ ਬੱਝਾ ਹੁੰਦਾ ਹੈ। ਵਿਅਕਤੀ ਜਾਂ ਮਨੁੱਖ ਦੇ ਅਣਗਿਣਤ ਸੰਬੰਧ ਹਨ ਜਿਨ੍ਹਾਂ ਸਬੰਧਾਂ ਰਾਹੀਂ ਉਹ ਸਮੂਹ ਦੇ ਹੋਰਨਾਂ ਵਿਅਕਤੀਆਂ ਨਾਲ ਸਬੰਧਤ ਹੁੰਦਾ ਹੈ। ਇਸ ਲਈ ਸਮਾਜ ਸ਼ਾਸਤਰੀ ਮਨੁੱਖ ਨੂੰ ਨਹੀਂ ਬਲਕਿ ਸੰਬੰਧਾਂ ਨੂੰ ਸਮਾਜਿਕ

ਵਿਗਿਆਨ ਦੀ ਵਿਆਖਿਆ ਵਿੱਚ ਸ਼ਾਮਲ ਕਰਦੇ ਹਨ। ਅਜਿਹੇ ਸੰਬੰਧਾਂ ਨੂੰ ਅਸੀਂ ਦੇਖ ਨਹੀਂ ਸਕਦੇ ਕੇਵਲ ਮਹਿਸੂਸ ਕਰ ਸਕਦੇ ਹਾਂ। ਸਮਾਜ ਸ਼ਾਸਤਰੀ ਆਰ. ਐੱਸ. ਮਕਾਈਵਰ ਅਤੇ ਚਾਰਲਸ ਜੇ. ਪੇਜ ਨੇ ***'ਸੁਸਾਇਟੀ'*** ਨਾਮੀ ਪੁਸਤਕ ਵਿਚ ਸਮਾਜ ਦੇ ਸੰਦਰਭ ਵਿਚ ਲਿਖਿਆ ਹੈ:-

> ਸਮਾਜ ਅਧਿਕਾਰ ਅਤੇ ਪਰਸਪਰ ਸਹਿਯੋਗ ਦੇ ਅਣਗਿਣਤ ਸਮੂਹਾਂ ਅਤੇ ਖੰਡਾਂ ਦੇ ਮਨੁੱਖੀ ਵਤੀਰਿਆਂ ਦੇ ਨਿਯੰਤਰਣਾਂ ਅਤੇ ਸਵਾਧੀਨਤਾਵਾਂ ਦੀਆਂ ਪ੍ਰਥਾਵਾਂ ਅਤੇ ਕਾਰਜ ਵਿਧੀਆਂ ਦੀ ਪ੍ਰਣਾਲੀ ਹੈ। ਇੱਕ ਗਤੀਸ਼ੀਲਤਾ ਪੂਰਨ ਜਟਿਲ ਪੱਧਤੀ ਸਮਾਜ ਕਹਾਉਂਦੀ ਹੈ। ਇਹ ਸਮਾਜਿਕ-ਸਬੰਧਾਂ ਦਾ ਤਾਣਾ-ਬਾਣਾ ਹੈ ਅਤੇ ਸਦੈਵ ਪਰਿਵਰਤਨਸ਼ੀਲ ਹੈ। (***ਸੁਸਾਇਟੀ*** 5)

ਇਸ ਤਰ੍ਹਾਂ ਸਮਾਜ ਗਤੀਸ਼ੀਲ ਹੈ ਜਿਸਦਾ ਸਰੂਪ ਸਥਾਨ ਅਤੇ ਸਮੇਂ ਮੁਤਾਬਕ ਨਿਰੰਤਰ ਬਦਲਦਾ ਰਹਿੰਦਾ ਹੈ। ਜੋ ਸਮਾਜ ਅੱਜ ਹੈ ਭੂਤ ਵਿੱਚ ਉਹ ਅਜਿਹਾ ਨਹੀਂ ਸੀ ਤੇ ਨਾ ਹੀ ਭਲਕੇ ਅਜਿਹਾ ਹੋਵੇਗਾ। ਤਬਦੀਲੀ ਇਸ ਦਾ ਨਿਯਮ ਹੈ। ਮਨੁੱਖੀ ਸਮਾਜ ਮਨੁੱਖਾਂ ਦੇ ਆਪਸੀ ਮੇਲ-ਜੋਲ ਨਾਲ ਹੋਂਦ ਵਿਚ ਆਉਂਦਾ ਹੈ, ਮਨੁੱਖ ਪਸ਼ੂਆਂ ਨਾਲ ਮਿਲ ਕੇ ਸਮਾਜ ਦੀ ਸਥਾਪਨਾ ਨਹੀਂ ਕਰ ਸਕਦਾ, ਕਿਉਂਕਿ ਸਮਾਜ ਦੀ ਸਥਾਪਨਾ ਲਈ ਸਰੀਰਕ ਤੇ ਮਾਨਸਿਕ ਸਮਰੂਪਤਾ ਦੀ ਜਰੂਰਤ ਪੈਂਦੀ ਹੈ ਤੇ ਮਾਨਵੀ ਉਦੇਸ਼ਾਂ ਦੀ ਸਾਂਝ ਵੀ ਸਮਾਜ ਨਿਰਮਾਣ ਵਿਚ ਅਹਿਮ ਰੋਲ ਨਿਭਾਉਂਦੇ ਹਨ। ਆਪਣੀ ਪੁਸਤਕ '***ਦ ਸੋਸ਼ਲ ਸਿਸਟਮ'*** ਵਿੱਚ ਟੇਲਕਾਟ ਪਾਰਸਨਸ ਸਮਾਜ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ ਕਿ "ਸਮਾਜ ਇਕ ਐਸੀ ਸਮਾਜਿਕ ਸੰਸਥਾ ਨੂੰ ਕਹਿੰਦੇ ਹਨ ਜੋ ਦੀਰਘਕਾਲ ਤੱਕ ਨਿਰੰਤਰਤਾ ਦੀਆਂ ਸਾਰੀਆਂ ਜ਼ਰੂਰੀ ਕੰਮਕਾਜੀ ਪੂਰਵ ਸ਼ਰਤਾਂ ਨੂੰ ਆਪਣੇ ਹੀ ਸਾਧਨਾਂ ਨਾਲ ਪੂਰੀਆਂ ਕਰਨ ਦੀ ਸਮਰੱਥਾ ਰੱਖਦਾ ਹੋਵੇ।" 19

ਸਮਾਜਿਕ ਬਣਤਰ ਨੂੰ ਸਮਝਣ ਲਈ ਸਮਾਜਿਕ ਸਮਝੌਤਿਆਂ ਦੇ ਸਿਧਾਂਤ ਦੀ ਗੱਲ ਕਰਨੀ ਬਹੁਤ ਜ਼ਰੂਰੀ ਹੈ। ਹਾਬਸ,ਲਾਕ ਅਤੇ ਰੂਸੋ ਨਾਮੀ ਵਿਦਵਾਨਾਂ ਨੇ ਸਮਾਜਿਕ ਸਮਝੌਤਿਆਂ ਦੇ ਸਿਧਾਂਤ ਦੀ ਗੱਲ ਕੀਤੀ ਹੈ। ਥਾਮਸ ਹਾਬਸ ਦਾ ਮੰਨਣਾ ਹੈ ਕਿ ਮਨੁੱਖਾਂ ਨੇ ਸਵੈ ਰੱਖਿਆ ਲਈ ਸਮਾਜ ਦਾ ਨਿਰਮਾਣ ਕੀਤਾ। ਲਾਕ ਅਨੁਸਾਰ ਪ੍ਰਾਕ੍ਰਿਤਕ ਸਥਿਤੀ ਵਿੱਚ ਸੁਖੀ ਵਸਦੇ ਮਨੁੱਖ ਨੇ ਪ੍ਰਾਕ੍ਰਿਤਕ ਨਿਯਮਾਂ ਦੀ ਵਿਆਖਿਆ ਅਤੇ ਮੱਤਭੇਦ

ਦੂਰ ਕਰਨ ਲਈ ਸੱਤਾ ਦੇ ਤੌਰ ਤੇ ਸਮਾਜ ਦਾ ਨਿਰਮਾਣ ਕੀਤਾ। ਇਸੇ ਤਰਾਂ ਜੇ. ਰੂਸੋ ਦੇ ਮੱਤ ਅਨੁਸਾਰ ਵਸੋਂ ਦੇ ਵਧਣ ਕਾਰਨ ਕੁਦਰਤੀ ਅਵਸਥਾ ਵਿੱਚ ਰਹਿ ਰਹੇ ਲੋਕਾਂ ਦੇ ਝਗੜੇ ਵਧਣ ਲੱਗੇ ਤੇ ਉਨ੍ਹਾਂ ਵਿਚ ਇਕ ਸਮਝੌਤੇ ਤਹਿਤ ਸਮਾਜ ਦੀ ਸਥਾਪਨਾ ਕੀਤੀ ਗਈ। 1837ਈ. ਫਰਾਂਸੀਸੀ ਦਾਰਸ਼ਨਿਕ ਤੇ ਸਮਾਜ ਸ਼ਾਸਤਰੀ ਆਗਸਤ ਕਾਮਤੇ ਨੇ ਸਮਾਜ ਸ਼ਾਸਤਰ ਨੂੰ ਇੱਕ ਵੱਖਰੇ ਸੁਤੰਤਰ ਵਿਸ਼ੇ ਦੇ ਰੂਪ ਵਿੱਚ ਨਿਰਧਾਰਿਤ ਕੀਤਾ। ਜਿਸ ਨਾਲ ਸਮਾਜ ਵਿਸ਼ੇ ਬਾਰੇ ਬੜੀ ਖੁੱਲ ਕੇ ਗੱਲਬਾਤ ਹੋਈ ਹੈ। ਇਸ ਲਈ ਕਾਮਤੇ ਨੂੰ ਸਮਾਜ ਸ਼ਾਸਤਰ ਦਾ ਜਨਮਦਾਤਾ ਵੀ ਮੰਨਿਆ ਜਾਂਦਾ ਹੈ। ਭਾਵੇਂ ਇੱਕ ਸੁਤੰਤਰ ਵਿਸ਼ੇ ਦੇ ਰੂਪ ਵਿੱਚ ਇੱਕ ਨਵਾਂ ਵਿਸ਼ਾ ਹੈ ਪ੍ਰੰਤੂ ਇਸ ਵਿਸ਼ੇ ਦੀਆਂ ਜੜਾਂ ਯੂਨਾਨੀ ਵਿਦਵਾਨਾਂ ਪਲੈਟੋ, ਅਰਸਤੂ ਦੀਆਂ ਰਚਨਾਵਾਂ ਵਿੱਚ ਵੀ ਮਿਲਦੀਆਂ ਹਨ।

ਸਮਾਜ ਇਕ ਵਿਸ਼ੇਸ਼ ਕਿਸਮ ਦੀ ਕੌਮ ਜਾਂ ਲੋਕਾਂ ਦਾ ਅਜਿਹਾ ਵੱਡਾ ਸਮੂਹ ਹੈ ਜਿਸ ਵਿਚ ਉਨ੍ਹਾਂ ਲੋਕਾਂ ਦੀਆਂ ਪਰੰਪਰਾਵਾਂ, ਰੀਤੀ ਰਿਵਾਜਾਂ, ਕਦਰਾਂ ਕੀਮਤਾਂ ਆਦਿ ਵਿੱਚ ਸਾਂਝ ਪਾਈ ਜਾਂਦੀ ਹੈ ਤੇ ਲੋਕ ਅਜਿਹੇ ਸਮੂਹ ਵਿੱਚ ਆਪਣੀ ਇੱਛਾ ਅਨੁਸਾਰ ਰਹਿਣਾ ਪਸੰਦ ਕਰਦੇ ਹਨ। ਭਾਵੇਂ ਸਮਾਜ ਵਿੱਚ ਵੱਖ-ਵੱਖ ਪ੍ਰਜਾਤੀਆਂ ਦੇ ਲੋਕ ਰਹਿੰਦੇ ਹਨ ਪ੍ਰੰਤੂ ਇਨ੍ਹਾਂ ਦੀ ਆਪਸੀ ਸਾਂਝ, ਰਹਿਣ-ਸਹਿਣ, ਪਰਿਵਾਰ ਅਤੇ ਆਪਸੀ ਨਿਰਭਰਤਾ ਸਮਾਜ ਦਾ ਪ੍ਰਮੁੱਖ ਆਧਾਰ ਹੈ। ਇਸੇ ਤਰਾਂ ਸਮਾਜ ਵਿਚ ਖੇਤੀ ਕਰਦੇ ਲੋਕਾਂ ਦੇ ਆਪਸੀ ਸਮੂਹ ਬਣ ਗਏ ਜਿਨ੍ਹਾਂ ਦੇ ਹਿੱਤ, ਜਰੂਰਤਾਂ, ਇਕੋ ਜਿਹੇ ਹੋਣ ਕਰਕੇ ਉਹਨਾਂ ਵਿਚ ਆਪਸੀ ਮੇਲ-ਜੋਲ ਤੇ ਰੀਤੀ-ਰਿਵਾਜਾਂ ਵਿਚ ਸਾਂਝ ਉਪਜੀ। ਸਹਿਯੋਗ ਸਮਾਜ ਨਿਰਮਾਣ ਦਾ ਇੱਕ ਅਹਿਮ ਤੱਤ ਹੈ, ਇਹ ਉਹ ਪ੍ਰਕਿਰਿਆ ਹੈ ਜਿਸ ਦੇ ਰਾਹੀਂ ਵਿਅਕਤੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਦੂਸਰਿਆਂ ਤੋਂ ਸਾਥ ਪ੍ਰਾਪਤ ਕਰਦਾ ਹੈ। ਮਨੁੱਖ ਦੀ ਜ਼ਿੰਦਗੀ ਦੇ ਬਹੁਤ ਸਾਰੇ ਪੱਖ ਹਨ ਜਿਵੇਂ ਆਰਥਿਕ, ਸਮਾਜਿਕ, ਧਾਰਮਿਕ, ਸੱਭਿਆਚਾਰਕ, ਰਾਜਨੀਤਕ ਅਤੇ ਕਾਨੂੰਨੀ। ਸਮਾਜ ਵਿੱਚ ਰਹਿੰਦਿਆਂ ਮਨੁੱਖ ਇਨ੍ਹਾਂ ਪੱਖਾਂ ਰਾਹੀਂ ਇੱਕ ਦੂਜੇ ਨਾਲ ਜੁੜਿਆ ਰਹਿੰਦਾ ਹੈ, ਇੱਕ ਦੂਜੇ ਤੋਂ ਸਹਿਯੋਗ ਪ੍ਰਾਪਤ ਕਰਦਾ ਹੈ, ਇਸ ਨਿਰੰਤਰ ਪ੍ਰਕਿਰਿਆ ਰਾਹੀਂ ਉਹ ਇਨ੍ਹਾਂ ਸੰਬੰਧਾਂ ਵਿਚ ਪੱਕੇ ਤੌਰ ਤੇ ਬੱਝ ਜਾਂਦਾ ਹੈ। ਸਹਿਯੋਗ, ਸਾਂਝ ਅਤੇ ਸਮਾਨਤਾ ਜਿੱਥੇ ਸਮਾਜ ਦੇ ਨਿਰਮਾਣ ਵਿੱਚ ਅਹਿਮ ਰੋਲ ਅਦਾ ਕਰਦੀ ਹੈ ਉੱਥੇ ਭਿੰਨਤਾ ਦਾ ਰੋਲ ਵੀ ਉਨ੍ਹਾਂ ਹੀ ਵੱਡਾ ਹੈ। ਸਮਾਜ ਵਿੱਚ ਕਈ ਤਰ੍ਹਾਂ ਦੀਆਂ ਭਿੰਨਤਾਵਾਂ ਪਾਈਆਂ

ਜਾਂਦੀਆਂ ਹਨ ਜਿਵੇਂ ਕੰਮਾਂਕਾਰਾਂ ਵਿੱਚ ਭਿੰਨਤਾ, ਲਿੰਗ ਭਿੰਨਤਾ, ਯੋਗਤਾ ਆਦਿ। ਜਾਰਜ ਸਿਮਲ ਨੇ ਦ ਸੋਸ਼ੋਲਜੀ ਆੱਫ ਕਨਫਲਿਕਟ ਨਾਮੀ ਪਰਚਾ ਜੋ ***ਅਮਰੀਕਨ ਜਰਨਲ ਆੱਫ ਸੋਸ਼ੋਲਜੀ*** ਵਿਚ ਪ੍ਰਸਿੱਧ ਸਮਾਜ ਚਿੰਤਕ ਮਿਸਲ ਦੇ ਸ਼ਬਦਾਂ ਨੂੰ ਲਿਖਿਆ ਹੈ "ਸਮਾਜ ਵਿਚ ਦੋਵੇਂ ਪ੍ਰਕਾਰ ਦੀਆਂ ਸ਼ਕਤੀਆਂ ਹੁੰਦੀਆਂ ਹਨ ਇਕ ਤਾਂ ਉਹ ਜਿਹੜੀ ਮਨੁੱਖ ਨੂੰ ਇੱਕ ਕੜੀ ਵਿੱਚ ਬੰਨਦੀਆਂ ਹਨ ਅਤੇ ਦੂਸਰੀਆਂ ਉਹ ਜਿਹੜੀਆਂ ਉਨ੍ਹਾਂ ਨੂੰ ਨਿਖੇੜ ਦਿੰਦੀਆਂ ਹਨ।" 15

ਸਮਾਜ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਪਾਈਆਂ ਜਾਂਦੀਆਂ ਹਨ। ਜਦੋਂ ਇਹ ਸਮੱਸਿਆਵਾਂ ਸਮਾਜ ਦੇ ਇੱਕ ਵੱਡੇ ਤਬਕੇ ਜਾਂ ਸਮਾਜ ਦੀ ਇੱਕ ਵੱਡੀ ਲੋੜ ਨਾਲ ਸਬੰਧਤ ਹੁੰਦੀਆਂ ਹਨ ਤਾਂ ਸੁਭਾਵਿਕ ਹੀ ਉਸ ਉੱਪਰ ਸਭ ਦਾ ਧਿਆਨ ਕੇਂਦਰਿਤ ਹੋ ਜਾਂਦਾ ਹੈ। ਸਾਹਿਤ ਅਜਿਹੇ ਪ੍ਰਭਾਵਾਂ ਨੂੰ ਬਹੁਤ ਜਲਦੀ ਕਬੂਲ ਲੈਂਦਾ ਹੈ। ਕਿਸਾਨੀ ਦੀ ਸਮੱਸਿਆ ਵੀ ਅਜਿਹੀ ਇਕ ਸਮੱਸਿਆ ਹੈ ਜਿਸ ਦਾ ਆਰੰਭ ਭਾਵੇਂ ਬਹੁਤ ਸਮਾਂ ਪਹਿਲਾਂ ਹੋ ਗਿਆ ਸੀ ਪ੍ਰੰਤੂ ਅਜੋਕੇ ਦੌਰ ਵਿੱਚ ਵੀ ਇਹ ਸਮੱਸਿਆ ਜਿਉਂ ਦੀ ਤਿਉਂ ਤੇ ਪਹਿਲਾਂ ਨਾਲੋਂ ਹੋਰ ਗੰਭੀਰ ਬਣੀ ਹੋਈ ਹੈ।

ਸੋ ਸਮਾਜ ਅਤੇ ਵਿਅਕਤੀ ਇੱਕ ਦੂਜੇ ਦੇ ਨਾਲ ਸਬੰਧਤ ਹਨ ਅਤੇ ਇੱਕ ਦੂਜੇ ਦੇ ਸਹਾਇਕ ਵੀ ਹਨ ਤੇ ਇਕ-ਦੂਜੇ ਦੇ ਪੂਰਕ ਵੀ ਹਨ। ਸਮਾਜ ਕਿਸੇ ਇਕ ਵਿਅਕਤੀ ਵਿਸ਼ੇਸ਼ ਨਾਲ ਸਬੰਧਤ ਜਾਂ ਕੇਂਦਰਤ ਨਹੀਂ ਸਗੋਂ ਸਮਾਜਿਕ ਤੱਥਾਂ, ਧਾਰਨਾਵਾਂ, ਸਿਧਾਂਤਾਂ, ਸੰਘਰਸ਼ਾਂ, ਮਾਨਤਾਵਾਂ, ਸੰਸਥਾਵਾਂ, ਵਿਚਾਰਾਂ, ਪ੍ਰਤੀਮਾਨਾਂ, ਆਦਰਸ਼ਾਂ, ਮੁੱਲਾਂ ਆਦਿ ਦਾ ਇੱਕ ਵਿਸਤ੍ਰਿਤ ਘੇਰਾ ਹੈ ਜੋ ਸਿੱਧੇ ਅਸਿੱਧੇ ਰੂਪ ਵਿੱਚ ਕਿਸੇ ਖ਼ਾਸ ਮਨੌਤਾਂ, ਬੰਦਿਸ਼ਾਂ ਜਾਂ ਨਿਯਮਾਂ ਵਿੱਚ ਬੱਝਿਆ ਹੁੰਦਾ ਹੈ। ਇਹ ਮਨੌਤਾਂ ਬੰਦਿਸ਼ ਜਾਂ ਨਿਯਮ ਜਦੋਂ ਸਥਾਈ ਰੂਪ ਅਖਤਿਆਰ ਕਰ ਲੈਂਦੇ ਹਨ ਤੇ ਪੀੜ੍ਹੀ ਦਰ ਪੀੜ੍ਹੀ ਅੱਗੇ ਵੱਧਦੇ ਹਨ ਤੇ ਇਹ ਸਭਿਆਚਾਰ ਦਾ ਰੂਪ ਧਾਰਨ ਕਰ ਲੈਂਦੇ ਹਨ।

**ਸਭਿਆਚਾਰ:** ਸਭਿਆਚਾਰ ਦਾ ਮੁੱਖ ਉਦੇਸ਼ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਬਿਹਤਰ ਬਣਾਉਣਾ ਹੁੰਦਾ ਹੈ। ਸੱਭਿਆਚਾਰਕ ਇਕ ਮਾਨਵੀ ਵਰਤਾਰਾ ਹੈ ਜਿੱਥੇ ਵੀ ਮਾਨਵ ਸਮਾਜ ਦੀ ਹੋਂਦ ਹੋਵੇਗੀ ਉਥੇ ਸਭਿਆਚਾਰ ਦਾ ਹੋਣਾ ਲਾਜ਼ਮੀ ਹੈ। ਸ਼ਾਬਦਿਕ ਅਰਥਾਂ ਨੂੰ ਦੇਖੀਏ ਤਾਂ ਸਭਿਆਚਾਰ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਦਾ ਹੈ :

ਸਭਿਆ+ਆਚਾਰ। ਸੱਭਿਆ ਸ਼ਬਦ ਦਾ ਅਰਥ ਸੱਭਿਅਕ ਅਤੇ ਆਚਾਰ ਤੋਂ ਭਾਵ ਆਚਾਰ ਵਿਹਾਰ ਜਾਂ ਤੌਰ ਤਰੀਕੇ ਤੋਂ ਹੈ। ਸੋ ਇਨ੍ਹਾਂ ਅਰਥਾਂ ਮੁਤਾਬਕ ਸਭਿਆਚਾਰ ਚੰਗੇ ਸਲੀਕੇ ਵਾਲਾ ਜਾਂ ਸੁਲਝੇ ਆਚਰਣ ਵੱਲ ਇਸ਼ਾਰਾ ਕਰਦਾ ਹੈ। ਸ਼ਾਬਦਿਕ ਅਰਥਾਂ ਤੋਂ ਸਭਿਆਚਾਰ ਜਿਨ੍ਹਾਂ ਸਰਲ ਤੇ ਸਪਸ਼ਟ ਲਗਦਾ ਹੈ ਅਸਲ ਵਿਚ ਇਹ ਉਨ੍ਹਾਂ ਹੀ ਗਹਿਰਾ, ਜਟਿਲ ਤੇ ਵਿਆਪਕ ਅਰਥਾਂ ਦਾ ਧਾਰਣੀ ਹੈ। ਵਿਵੇਕ ਸੰਭਾਲਣ ਦੇ ਨਾਲ ਹੀ ਮਨੁੱਖ ਸਭਿਆਚਾਰਕ ਗੁਣ ਗ੍ਰਹਿਣ ਕਰਨੇ ਸ਼ੁਰੂ ਕਰ ਦਿੰਦਾ ਹੈ। ਉਹ ਭਾਸ਼ਾ, ਰਿਸ਼ਤੇ-ਨਾਤੇ, ਰਸਮ-ਰਿਵਾਜਾਂ ਦੇ ਰੂਪ ਵਿਚ ਸਭਿਆਚਰਕ ਗੁਣਾਂ ਨੂੰ ਬਿਨਾਂ ਕਿਸੇ ਵਿਸ਼ੇਸ਼ ਯਤਨਾਂ ਦੇ ਸੁਭਾਵਿਕ ਰੂਪ ਵਿੱਚ ਸਿੱਖਣ ਲੱਗ ਜਾਂਦਾ ਹੈ। ਸਭਿਆਚਾਰ ਮਨੁੱਖ ਦੇ ਜੀਵਨ ਦਾ ਇਕ ਸਿੱਖਿਅਤ ਹਿੱਸਾ ਹੁੰਦਾ ਹੈ, ਇਜ ਕੋਈ ਜਨਮ-ਜਾਤ ਵਰਤਾਰਾ ਨਹੀਂ, ਜੋ ਜਨਮ ਲੈਣ ਤੇ ਵਿਅਕਤੀ ਅੰਦਰ ਸਮਾ ਜਾਵੇ ਸਗੋਂ ਜਿਸ ਸਭਿਆਚਾਰ ਵਿੱਚ ਮਨੁੱਖ ਪੈਦਾ ਹੋਇਆ ਤੇ ਪਲਿਆ ਹੁੰਦਾ ਹੈ, ਉਸ ਦਾ ਮਨੁੱਖ ਉੱਪਰ ਪੂਰੀ ਉਮਰ ਪ੍ਰਭਾਵ ਰਹਿੰਦਾ ਹੈ। ਉਹ ਦੁਨੀਆਂ ਦੇ ਕਿਸੇ ਵੀ ਕੋਨੇ ਤੇ ਚਲਾ ਜਾਵੇ ਉਸ ਉੱਪਰ ਉਸ ਦੇ ਸਭਿਆਚਾਰ ਦਾ ਅਸਰ ਘੱਟ ਨਹੀਂ ਕੀਤਾ ਜਾ ਸਕਦਾ। ਕਿਸੇ ਸਮਾਜ ਦਾ ਸਭਿਆਚਾਰ ਬਣਨ ਵਿਚ ਬਹੁਤ ਸਾਰੇ ਤੱਥ ਜਿੰਮੇਵਾਰ ਹੁੰਦੇ ਹਨ ਜਿਵੇਂ ਭੂਗੋਲਿਕ ਸਥਿਤੀ, ਮੌਸਮ, ਭਾਸ਼ਾ, ਕੰਮ-ਕਾਰ ਆਦਿ। ਪੀੜ੍ਹੀ ਦਰ ਪੀੜ੍ਹੀ ਸਭਿਆਚਾਰ ਅੱਗੇ ਵਧਦਾ ਜਾਂਦਾ ਹੈ। ਮਨੁੱਖੀ ਜੀਵਨ ਦੀ ਹਰ ਕਿਰਿਆ ਸਭਿਆਚਾਰ ਦੇ ਘੇਰੇ ਵਿਚ ਆਉਂਦੀ ਹੈ। ਇੱਥੇ ਇਹ ਗੱਲ ਵੀ ਮੰਨਣਯੋਗ ਹੈ ਕਿ ਸਭਿਆਚਾਰ ਬਦਲਣ ਵਾਲਾ ਵਰਤਾਰਾ ਹੈ ਤੇ ਸਮਾਜ ਵਿੱਚ ਆਏ ਬਦਲਾਅ ਸਭਿਆਚਾਰ ਵਿੱਚ ਵੀ ਬਦਲਾਅ ਲਿਆ ਦਿੰਦੇ ਹਨ। ਵੱਖ-ਵੱਖ ਵਿਦਵਾਨਾਂ ਨੇ ਸਭਿਆਚਾਰ ਬਾਰੇ ਆਪਣੇ ਵੱਖ-ਵੱਖ ਵਿਚਾਰ ਦਿੱਤੇ ਹਨ ***'ਸਭਿਆਚਾਰ ਦਾ ਫਲਸਫਾ'*** ਨਾਮੀ ਪੁਸਤਕ ਵਿੱਚ ਡਾ ਗੁਰਜੀਤ ਸਿੰਘ ਲਿਖਦੇ ਹਨ ਕਿ:

> ਸਭਿਆਚਾਰ ਇੱਕ ਯਥਾਰਥ ਤੱਤ ਹੈ। ਇਹ ਮਨੁੱਖ ਦੇ ਜੀਵਨ ਵਿੱਚ ਅਚੇਤਨ ਮਨ ਰਾਹੀਂ ਲਗਾਤਾਰ ਕੀਤਾ ਜਾ ਰਿਹਾ ਅਹਿਸਾਸ ਹੈ। ਕੋਈ ਵੀ ਮਨੁੱਖ ਇਸ ਦੀ ਹੋਂਦ ਤੋਂ ਇਨਕਾਰ ਨਹੀਂ ਕਰਦਾ ਭਾਵ ਕਿ ਮਨੁੱਖ ਸਮਾਜ ਤੋਂ ਬਿਨਾਂ ਨਹੀਂ ਰਹਿ ਸਕਦਾ ਸੋ ਸਪਸ਼ਟ ਹੈ ਕਿ ਜਦੋਂ ਮਨੁੱਖ ਸਮਾਜ ਵਿੱਚ ਸਮੂਹਿਕ ਰੂਪ ਵਿੱਚ ਰਹਿੰਦਾ ਹੈ ਤਾਂ ਸਭਿਆਚਾਰ ਦਾ ਵਿਕਾਸ ਹੁੰਦਾ ਹੈ। (***ਸਭਿਆਚਾਰ ਦਾ ਫਲਸਫਾ*** 09)

***The New Encyclopaedia Britannica*** ਅਨੁਸਾਰ: “ਸਭਿਆਚਾਰ ਨੂੰ ਮਨੁੱਖੀ ਗਿਆਨ, ਵਿਸ਼ਵਾਸ ਤੇ ਵਿਹਾਰ ਦੇ ਏਕੀਕ੍ਰਿਤ ਪੈਟਰਨ ਦੇ ਰੂਪ ਵਿੱਚ ਪ੍ਰਭਾਸ਼ਿਤ ਕਰਦਿਆਂ, ਇਸ ਵਿੱਚ ਭਾਸ਼ਾ, ਵਿਚਾਰ, ਟੈਬੂ, ਕਦਰਾਂ-ਕੀਮਤਾਂ, ਸੰਕੇਤਾਂ, ਅਦਾਰੇ, ਸੰਦਾਂ, ਤਕਨੀਕਾਂ, ਕਲਾ, ਰੀਤੀ-ਰਿਵਾਜਾਂ ਸਸਕਾਰ ਤੇ ਹੋਰ ਸਬੰਧਿਤ ਭਾਸ਼ਾ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।” 784 ਗੁਰਚਰਨ ਸਿੰਘ ਅਰਸ਼ੀ ਦੁਆਰਾ ਸੰਪਾਦਿਤ ਪੁਸਤਕ ***'ਪੰਜਾਬੀ ਸਭਿਆਚਾਰ ਤੇ ਰੰਗਮੰਚ'*** ਵਿਚ 'ਪੰਜਾਬੀ ਸਭਿਆਚਾਰ ਦਾ ਆਦਿ ਬਿੰਦੂ' ਸਿਰਲੇਖ ਅਧੀਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਲਿਖਦੇ ਹਨ ਕਿ "ਕੋਈ ਵੀ ਕੌਮ ਜਾਂ ਕੋਈ ਵੀ ਜਨ-ਸਮੂਹ ਜਿਹੜਾ ਸਮਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਸਭਿਆਚਾਰ ਤੋਂ ਸੱਖਣਾ ਨਹੀਂ ਹੁੰਦਾ ਭਾਂਵੇ ਉਹ ਵਿਕਾਸ ਦੇ ਕਿਸੇ ਪੜਾਅ ਤੇ ਕਿਉਂ ਨਾ ਹੋਵੇ।" 14

ਅੰਗਰੇਜੀ ਭਾਸ਼ਾ ਵਿਚ ਸਭਿਆਚਾਰ ਲਈ ‘**Culture**’ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ ‘**Culture**’ ਲਾਤੀਨੀ ਭਾਸ਼ਾ ਦੇ ਸ਼ਬਦ ‘**Cult**’ ਜਾਂ ‘**Cultus’** ਜਾਂ ‘**Cultura**’ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ‘ਜੋਤਨਾ’, ‘ਕਾਸ਼ਤ ਕਰਨੀ’, ਪੈਦਾ ਜਾਂ ਵਿਕਸਿਤ ਕਰਨਾ, ਸ਼ੁੱਧੀਕਰਨ ਜਾਂ ਪੂਜਾ ਕਰਨੀ ਆਦਿ। ਇਸੇ ਪ੍ਰਕਾਰ ਹਿੰਦੀ ਦੇ ਵਿਦਵਾਨ ਡਾ ਹਜ਼ਾਰੀ ਪ੍ਰਸਾਦ ਦਿਵੇਦੀ ਆਪਣੀ ਪੁਸਤਕ ‘***ਸਾਹਿਤਯ ਔਰ ਸੰਸਕ੍ਰਿਤੀ’*** ਵਿੱਚ ਲਿਖਦੇ ਹਨ ਕਿ “ਸਭਿਆਚਾਰ ਜਿਊਣ ਦਾ ਇੱਕ ਢੰਗ ਹੈ।” 103 ਪ੍ਰਸਿੱਧ ਸਮਾਜ-ਸ਼ਾਸਤਰੀ ਈ.ਬੀ. ਟਾਇਲਰ ਆਪਣੀ ਪੁਸਤਕ ***‘ਪ੍ਰੀਮਿਟਵ ਕਲਚਰ’*** ਵਿਚ ਉਹ ਲਿਖਦੇ ਹਨ ਕਿ “ਸਭਿਆਚਾਰ ਇੱਕ ਅਜਿਹੀ ਜਟਿਲ ਇਕਾਈ ਹੈ ਜਿਸ ਵਿਚ ਗਿਆਨ, ਕਲਾ, ਵਿਸ਼ਵਾਸ, ਨੈਤਿਕਤਾ, ਕਾਨੂੰਨ ਰੀਤੀ ਰਿਵਾਜ ਤੇ ਹੋਰ ਸਭ ਸਮਰੱਥਾਵਾਂ ਤੇ ਆਦਤਾਂ ਜੋ ਮਨੁੱਖ ਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕੀਤੀਆਂ ਹੋਣ, ਸ਼ਾਮਿਲ ਹਨ।” 01 ਇਸ ਤਰ੍ਹਾਂ ਸਭਿਆਚਾਰ ਮਨੁੱਖ ਅਤੇ ਮਨੁੱਖੀ ਜੀਵਨ ਦੀ ਪਹਿਚਾਣ ਬਣ ਜਾਂਦਾ ਹੈ। ਸਭਿਆਚਾਰਕ ਵਰਤਾਰੇ ਰਾਹੀਂ ਮਨੁੱਖ ਕੁਦਰਤੀ ਅਵਸਥਾ ਨੂੰ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ਹੈ।

ਪ੍ਰੋ: ਗੁਰਬਖ਼ਸ਼ ਸਿੰਘ ਫ਼ਰੈਂਕ ***'ਸਭਿਆਚਾਰ ਤੇ ਪੰਜਾਬੀ ਸੱਭਿਆਚਾਰ'*** ਪੁਸਤਕ ਵਿੱਚ ਲਿਖਦੇ ਹਨ "ਸਭਿਆਚਾਰ ਇਕਜੁੱਟ ਅਤੇ ਜਟਿਲ ਸਿਸਟਮ ਹੈ ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ।" ਪ੍ਰੋ ਗੁਰਬਖਸ਼ ਸਿੰਘ ਫਰੈਂਕ ਸਭਿਆਚਾਰ ਦੇ ਵੱਖ-ਵੱਖ ਅੰਗ ਮੰਨਦੇ ਹਨ ਜਿਨ੍ਹਾਂ ਵਿੱਚੋਂ ਪਦਾਰਥਕ ਸਭਿਆਚਾਰ, ਪ੍ਰਤੀਮਾਨਕ ਸਭਿਆਚਾਰ ਅਤੇ ਬੌਧਾਤਮਕ ਸਭਿਆਚਾਰ ਮੁੱਖ ਹਨ। ਪਦਾਰਥਕ ਸਭਿਆਚਾਰ ਵਿੱਚ ਉਹ ਪਦਾਰਥ ਜਾਂ ਵਸਤੂ ਨੂੰ ਮੁੱਖ ਸਥਾਨ ਦਿੰਦੇ ਹਨ ਜਿਵੇਂ ਲੋਕ ਕਿੱਤਿਆਂ ਵਿੱਚ ਵਰਤੇ ਜਾਂਦੇ ਪਦਾਰਥ, ਪਹਿਰਾਵਾ ਖਾਣ ਪੀਣ ਦੀਆਂ ਵਸਤਾਂ ਆਦਿ। ਇਹ ਪਦਾਰਥ ਕੁਦਰਤੀ ਅਤੇ ਗੈਰ ਕੁਦਰਤੀ ਦੋਵੇਂ ਤਰ੍ਹਾਂ ਦੇ ਹੋ ਸਕਦੇ ਹਨ। ਪ੍ਰਤੀਮਾਨਕ ਸਭਿਆਚਾਰ ਵਿੱਚ ਉਹ ਸਮਾਜ ਜਾਂ ਉਸ ਸਭਿਆਚਾਰ ਵਿੱਚ ਰਹਿੰਦੇ ਲੋਕਾਂ ਲਈ ਮਾਪਦੰਡ ਜਾਂ ਨਿਯਮਾਂ ਨੂੰ ਸਥਾਨ ਦਿੰਦੇ ਹਨ। ਸਾਧਾਰਨ ਸ਼ਬਦਾਂ ਵਿੱਚ ਕਿਸੇ ਸਭਿਆਚਾਰ ਵਿੱਚ ਕੀਤੇ ਜਾਣ ਵਾਲੇ ਜਾਂ ਨਾ ਕੀਤੇ ਜਾਣ ਵਾਲੇ ਕੰਮਾਂ ਨੂੰ ਨਿਸ਼ਚਿਤ ਕਰਦਿਆਂ ਉਨ੍ਹਾਂ ਨੂੰ ਸਭਿਆਚਾਰ ਦਾ ਅਹਿਮ ਹਿੱਸਾ ਮੰਨਦੇ ਹਨ। ਸਭਿਆਚਾਰ ਦੇ ਤੀਜੇ ਹਿੱਸੇ ਬੌਧਾਤਮਕ ਸਭਿਆਚਾਰ ਵਿੱਚ ਉਹ ਬੌਧਿਕ, ਭਾਵਨਾਤਮਕ ਤੇ ਸੁਹਜ ਕਲਾਵਾਂ ਨੂੰ ਸਥਾਨ ਦਿੰਦਾ ਹੈ। ਇਸ ਵਿੱਚ ਹੀ ਉਹ ਵਿਚਾਰ, ਧਰਮ, ਇਤਿਹਾਸ, ਸਾਹਿਤ ਕਲਾ ਆਦਿ ਦੀ ਗੱਲ ਕਰਦਾ ਹੈ ਇਸ ਲਈ ਸਾਹਿਤ ਨੂੰ ਵੀ ਸਭਿਆਚਾਰ ਦੇ ਪ੍ਰਗਟਾਅ ਦਾ ਅਹਿਮ ਹਿੱਸਾ ਮੰਨਿਆ ਜਾਂਦਾ ਹੈ। ਇੱਕ ਖਿੱਤੇ ਦੇ ਲੋਕਾਂ ਦੇ ਸਭਿਆਚਾਰ ਨਾਲੋਂ ਦੂਸਰੇ ਖਿੱਤੇ ਦੇ ਲੋਕਾਂ ਦਾ ਸਭਿਆਚਾਰ ਵੱਖਰਾ ਹੋਵੇਗਾ।

ਸਭਿਆਚਾਰ ਦਾ ਮੁੱਖ ਉਦੇਸ਼ ਮਨੁੱਖੀ ਜੀਵਨ ਨੂੰ ਹਰ ਪੱਖੋਂ ਬਿਹਤਰ ਬਣਾਉਣਾ ਹੁੰਦਾ ਹੈ। ਸਭਿਆਚਾਰ ਵਿਅਕਤੀ ਦੇ ਬਹੁਪੱਖੀ ਵਿਕਾਸ ਦਾ ਪ੍ਰਤੀਕ ਹੈ। ਸਭਿਆਚਾਰ ਦਾ ਵਿਅਕਤੀ ਦੀ ਸਖਸ਼ੀਅਤ ਦੇ ਨਿਰਮਾਣ ਵਿਚ ਵਡਮੁੱਲਾ ਯੋਗਦਾਨ ਹੈ। ਮਨੁੱਖ ਆਪਣੇ ਹਿੱਤਾਂ ਜਾਂ ਲੋੜਾਂ ਅਨੁਸਾਰ ਵੱਖ ਵੱਖ ਸਮੂਹਾਂ ਵਿੱਚ ਵੰਡਿਆ ਹੁੰਦਾ ਹੈ ਇਨ੍ਹਾਂ ਸਮੂਹਾਂ ਦਾ ਆਪੋ ਆਪਣਾ ਸਭਿਆਚਾਰ ਪ੍ਰਬੰਧ ਹੁੰਦਾ ਹੈ। ਸਭਿਆਚਾਰ ਦੀ ਹੋਂਦ ਵੀ ਸਮਾਜ ਤੇ ਨਿਰਭਰ ਕਰਦੀ ਹੈ। ਸਮਾਜ ਦੀ ਉਤਪਤੀ ਸਭਿਆਚਾਰ ਨਾਲੋਂ ਪਹਿਲਾਂ ਹੁੰਦੀ ਹੈ ਦਰਅਸਲ

ਸਭਿਆਚਾਰ ਸਮਾਜ ਵਿੱਚੋਂ ਹੀ ਉਤਪੰਨ ਹੁੰਦਾ ਹੈ। ਸਮਾਜ ਵਿੱਚ ਰਹਿੰਦੇ ਹਰੇਕ ਮਨੁੱਖ ਆਪਣੇ ਚੌਗਿਰਦੇ ਤੋਂ ਕੁਝ ਨਾ ਕੁਝ ਗ੍ਰਹਿਣ ਕਰਦਾ ਰਹਿੰਦਾ ਹੈ ਨਿਰੰਤਰ ਤੇ ਧੀਮੀ ਚੱਲਣ ਵਾਲੀ ਇਹ ਪ੍ਰਕਿਰਿਆ ਰਾਹੀਂ ਹੀ ਮਨੁੱਖ ਉਸ ਖਿੱਤੇ ਦਾ ਸਭਿਆਚਾਰ ਗ੍ਰਹਿਣ ਕਰਦਾ ਹੈ। ਭਾਰਤੀ ਜਾਂ ਪੰਜਾਬੀ ਸਭਿਆਚਾਰ ਵਿਚ ਖੇਤੀ ਦਾ ਅਹਿਮ ਸਥਾਨ ਹੈ। ਇਸ ਦੇ ਮਹੱਤਵ ਨੂੰ ਸਭਿਆਚਾਰ ਦੇ ਵੱਖ ਵੱਖ ਅੰਗਾਂ ਉੱਪਰ ਪਏ ਖੇਤੀ ਦੇ ਪ੍ਰਭਾਵਾਂ ਤੋਂ ਦੇਖਿਆ ਜਾ ਸਕਦਾ ਹੈ ਜਿਵੇਂ ਲੋਕ ਗੀਤਾਂ ਵਿਚ ਇਸ ਦਾ ਜ਼ਿਕਰ 'ਤੇਰੇ ਬਾਜਰੇ ਦੀ ਰਾਖੀ ਵੇ ਢੋਲਾ ਮੈਂ ਨਾ ਬਹਿੰਦੀ ਵੇ।' ਇਸੇ ਹੀ ਤਰ੍ਹਾਂ ਸਭਿਆਚਾਰ ਦੇ ਹਰੇਕ ਪੱਖ ਤੇ ਇਸ ਦੇ ਪਏ ਪ੍ਰਭਾਵਾਂ ਨੂੰ ਕਈ ਉਦਾਹਰਨਾਂ ਤੋਂ ਦੇਖਿਆ ਜਾ ਸਕਦਾ ਹੈ। ਸੋ ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਦਾ ਅਧਿਐਨ ਕਰਨ ਲਈ ਸਭਿਆਚਾਰਕ ਪੱਖ ਨੂੰ ਘੋਖਣਾ ਬਹੁਤ ਜਰੂਰੀ ਹੈ।

**ਸਮਾਜ-ਸਭਿਆਚਾਰਕ ਅਧਿਐਨ ਵਿਧੀ:** ਸਾਹਿਤ ਸਿਰਜਣ ਪ੍ਰਕਿਰਿਆ ਜਾਂ ਸਾਹਿਤ ਦੇ ਅਧਿਐਨ ਦੋਨਾਂ ਵਿੱਚੋਂ ਸਮਾਜ ਅਤੇ ਸਭਿਆਚਾਰ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਸਮਾਜ ਅਤੇ ਸਭਿਆਚਾਰ ਦੋਨੋਂ ਅਨਿਖੜਵੇਂ ਸਬੰਧਾਂ ਵਿੱਚ ਬੱਝੇ ਹੋਏ ਹਨ। ਸਭਿਆਚਾਰ ਇੱਕ ਅਜਿਹਾ ਵਰਤਾਰਾ ਹੈ ਜਿਸ ਨੂੰ ਸਮਾਜ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸਮਾਜ ਨੂੰ ਚੰਗੀ ਤਰ੍ਹਾਂ ਨਾਲ ਸਮਝਣ ਲਈ ਸਭਿਆਚਾਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅਨਿੱਖੜਵੇਂ ਸਬੰਧ ਹੋਣ ਕਰਕੇ ਹੀ ਸਮਾਜ-ਸਭਿਆਚਾਰ ਨਾਮੀ ਸੰਕਲਪ ਹੋਂਦ ਵਿੱਚ ਆਇਆ ਹੈ। ਸਮਾਜ-ਸਭਿਆਚਾਰਕ ਅਧਿਐਨ ਦਾ ਖੇਤਰ ਸਮਾਜ ਹੈ ਜਿਵੇਂ ਪ੍ਰੋ ਪਿਆਰਾ ਸਿੰਘ ਨੇ ਦੂਸਰੀ ਪੰਜਾਬੀ ਕਾਨਫ਼ਰੰਸ ਵਿਚ ਪੰਜਾਬੀ ਸਭਿਆਚਾਰ ਦੀਆਂ ਵਿਸ਼ੇਸ਼ਤਾਈਆਂ ਵਿਚ ਦੱਸਿਆ ਹੈ ਸਮਾਜ-ਸਭਿਆਚਾਰ ਇਕ ਤਰ੍ਹਾਂ ਦਾ ਸਮਾਜ ਅਤੇ ਉਸ ਵਿਚ ਵੱਸਦੇ ਲੋਕਾਂ ਦੇ ਮਨੁੱਖੀ ਵਿਹਾਰ ਦਾ ਅਧਿਐਨ ਹੈ। ਸਮਾਜ-ਸਭਿਆਚਾਰਕ ਅਧਿਐਨ ਵਿਧੀ ਸਮੁੱਚੇ ਸਭਿਆਚਾਰਕ ਤਾਣੇ-ਬਾਣੇ ਦੀ ਪੜਚੋਲ ਕਰਦੀ ਹੈ, ਇਹ ਕੇਵਲ ਕਿਸੇ ਸਾਹਿਤਿਕ ਕਿਰਤ ਵਿਚਲੇ ਪਾਤਰਾਂ ਜਾਂ ਉਹਨਾਂ ਦੇ ਰਿਸ਼ਤਿਆਂ ਜਾਂ ਕਦਰਾਂ-ਕੀਮਤਾਂ ਤੱਕ ਸੀਮਿਤ ਨਹੀਂ ਰਹਿੰਦੀ। ਇਸ ਸਮੁੱਚੇ ਤਾਣੇ-ਬਾਣੇ ਅੰਦਰ ਸਮਾਜਿਕ ਵਿਹਾਰਾਂ ਦਾ ਅਧਿਐਨ, ਰਾਜਸੀ, ਇਤਿਹਾਸ, ਮਿਥਿਹਾਸ, ਸੰਸਕ੍ਰਿਤੀ, ਸੰਸਕਾਰ, ਆਰਥਿਕਤਾ, ਮਹੱਤਵਪੂਰਨ ਸੰਸਥਾਵਾਂ, ਧਰਮ,

ਸਮਾਜਿਕ ਰੂੜੀਆਂ ਤੇ ਸਭਿਆਚਾਰਕ ਤੱਤ ਆਦਿ ਸਭ ਸ਼ਾਮਿਲ ਹੁੰਦੇ ਹਨ। ਸਾਹਿਤ ਦੇ ਪ੍ਰਯੋਜਨ ਨੂੰ ਸਹੀ ਰੂਪ ਵਿਚ ਪਛਾਣਨ ਲਈ ਉਸ ਸਾਹਿਤ ਨੂੰ ਉਸ ਦੇ ਸਮਾਜ ਅਤੇ ਸਭਿਆਚਾਰ ਨਾਲ ਜੋੜ ਕੇ ਦੇਖਣਾ ਬਹੁਤ ਜ਼ਰੂਰੀ ਹੈ। ***'ਸਭਿਆਚਾਰ ਦਾ ਫਲਸਫ਼ਾ'*** ਪੁਸਤਕ ਵਿਚ ਡਾ. ਗੁਰਜੀਤ ਸਿੰਘ ਅਨੁਸਾਰ:

> ਸਭਿਆਚਾਰ ਲਈ ਬਹੁਤ ਹੀ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਸਾਹਿਤ ਸਭਿਆਚਾਰ ਦਾ ਸ਼ੀਸ਼ਾ ਹੈ। ਸਾਹਿਤ ਰਾਹੀਂ ਸਾਹਿਤਕਾਰ ਸਮਾਜ ਦੀਆਂ ਸਮੱਸਿਆਵਾਂ ਦੀ ਮਹੱਤਤਾ ਪ੍ਰਗਟ ਕਰਦਾ ਹੈ ਤੇ ਨਾਲ ਹੀ ਨਾਲ ਉਸ ਦਾ ਹੱਲ ਵੀ ਦੱਸਦਾ ਹੈ। ਕਿਸੇ ਸਭਿਆਚਾਰ ਨੂੰ ਜਿੰਦਾ ਰੱਖਣ ਲਈ ਸਾਹਿਤ ਦਾ ਅਹਿਮ ਰੋਲ ਹੁੰਦਾ ਹੈ। ਪਿਛਲੇ ਸਮੇਂ ਦਾ ਸਭਿਆਚਾਰ ਕਿਤਾਬਾਂ ਦੇ ਰੂਪ ਵਿੱਚ ਸੁਰੱਖਿਅਤ ਹੈ। ਭਾਰਤ ਵਿੱਚ ਵੇਦ, ਉਪਨਿਸ਼ਦ, ਗੀਤਾ, ਮਹਾਂਭਾਰਤ, ਪੁਰਾਣ ਆਦਿ ਕਈ ਗ੍ਰੰਥ ਹਨ ਜੋ ਸਮੇਂ ਦੇ ਸਭਿਆਚਾਰ ਦੀ ਸਾਫ਼ ਤਸਵੀਰ ਪ੍ਰਗਟ ਕਰਦੇ ਹਨ। (***ਸਭਿਆਚਾਰ ਦਾ ਫਲਸਫਾ*** 21-22)

ਸਭਿਆਚਾਰ ਮਨੁੱਖ ਦੁਆਰਾ ਕੁਦਰਤੀ ਵਿਵਸਥਾ ਦੇ ਸਮਾਂਤਰ ਉਸਾਰਿਆ ਇਕ ਵਿਸ਼ਾਲ ਢਾਂਚਾ ਹੈ। ਸਮਾਜ-ਸਭਿਆਚਾਰਕ ਵਿਧੀ ਦਾ ਪ੍ਰਯੋਗ ਕਰਦਿਆਂ ਅਸੀਂ ਕਿਸੇ ਸਾਹਿਤਕ ਕਿਰਤ ਵਿਚਲੇ ਇੱਕ ਜਾਂ ਇੱਕ ਤੋਂ ਵਧੇਰੇ ਅਜਿਹੇ ਤੱਤਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਜੋ ਤੱਤ ਸਬੰਧਤ ਸਭਿਆਚਾਰ ਵਿੱਚ ਕਾਰਜਸ਼ੀਲ ਹੋਣ। ਇਹ ਤੱਤ ਮੂਰਤ ਜਾਂ ਅਮੂਰਤ ਕਿਸੇ ਵੀ ਰੂਪ ਵਿੱਚ ਹੋ ਸਕਦੇ ਹਨ। ਸਮਾਜ-ਸਭਿਆਚਾਰਕ ਵਿਧੀ ਇੱਕ ਤਰ੍ਹਾਂ ਨਾਲ ਤਾਂ ਤੱਤਵਾਦੀ ਸਰੂਪ ਦੀ ਧਾਰਨੀ ਹੈ। ਸਾਹਿਤ ਅਧਿਐਨ ਦੀ ਸਮਾਜ ਸਭਿਆਚਾਰਕ ਵਿਧੀ ਸਮਾਜ ਅਤੇ ਸਭਿਆਚਾਰ ਨੂੰ ਰਲਗੱਡ ਕਰਕੇ ਦੇਖਦੀ ਹੈ ਤੇ ਮਨੁੱਖ ਦੀ ਸੱਭਿਆਚਾਰਕ ਹੋਂਦ ਨੂੰ ਸਮਾਜ ਵਿੱਚ ਕਬੂਲਦੀ ਹੈ। ਸਮਾਜ-ਸੱਭਿਆਚਾਰਕ ਵਿਸ਼ਲੇਸ਼ਣ ਕਰਨ ਲਈ ਕਾਰਲ ਮਾਰਕਸ ਦਾ ਫਲਸਫਾ ਦਵੰਦਾਤਮਕ ਭੌਤਿਕਵਾਦ ਕਾਫੀ ਸਹਾਈ ਹੁੰਦਾ ਹੈ। ਇਹ ਫ਼ਲਸਫ਼ਾ ਸਭਿਆਚਾਰ ਦੇ ਪਦਾਰਥਕ ਅੰਗਾਂ ਜਿਵੇਂ ਕੰਮ-ਧੰਦੇ, ਸਾਜ਼ੋ-ਸਾਮਾਨ, ਪਹਿਰਾਵਾ, ਹਾਰ-ਸ਼ਿੰਗਾਰ, ਰਿਹਾਇਸ਼, ਖਾਣ-ਪੀਣ ਆਦਿ ਦੇ ਅਧਿਐਨ ਨੂੰ ਕੇਂਦਰ ਵਿਚ ਰੱਖਦੀ ਹੈ। ਸਮਾਜ-ਸਭਿਆਚਾਰ ਅਸਲ ਵਿੱਚ ਮਨੁੱਖ ਸਮਾਜ ਵਿੱਚ ਰਹਿ ਕੇ ਜੋ ਕੁਝ ਸਿੱਖਦਾ ਹੈ ਉਸ ਵਿੱਚੋਂ

ਹੀ ਸਭਿਆਚਾਰ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿਵੇਂ ਕਿਸੇ ਸਭਿਆਚਾਰ ਦੇ ਲੋਕ-ਧੰਦੇ, ਪਹਿਰਾਵੇ ਆਦਿ ਦੀ ਗੱਲ ਕਰਦਿਆਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਮੂਹ ਦੀ ਬਜਾਏ ਵਸਤੂਗਤ ਤੌਰ ਤੇ ਉਸ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਹੀ ਤਰ੍ਹਾਂ ਸਮਾਜ-ਸਭਿਆਚਾਰਕ ਵਿਧੀ ਰਾਹੀਂ ਸਮਾਜਿਕ ਅੰਗਾਂ ਜਿਵੇਂ ਸਮਾਜ ਪ੍ਰਬੰਧ, ਰਿਸ਼ਤੇ-ਨਾਤੇ ਪਰਿਵਾਰ ਵਿਆਹ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰੀਆਂ ਅਨੁਸਾਰ ਸਮਾਜ ਸੰਬੰਧਾਂ ਦਾ ਤਾਣਾ-ਬਾਣਾ ਹੈ ਤੇ ਇਸ ਸੰਬੰਧ ਸੰਚਾਰ ਦੇ ਵੱਖ ਵੱਖ ਅੰਗਾਂ ਰਾਹੀਂ ਬਣਦੇ ਹਨ। ਡਾ. ਭੁਪਿੰਦਰ ਸਿੰਘ ਖਹਿਰਾ ਆਪਣੀ ਪੁਸਤਕ ***'ਲੋਕਧਾਰਾ ਭਾਸ਼ਾ ਤੇ ਸਭਿਆਚਾਰ'*** ਵਿਚ ਸੰਚਾਰ ਦੇ ਅੰਗਾਂ ਵਿਚ ਭਾਸ਼ਾ ਲੋਕਧਾਰਾ ਅਤੇ ਸਾਹਿਤ ਨੂੰ ਸਥਾਨ ਦਿੰਦੇ ਹਨ। ਇਸੇ ਹੀ ਤਰ੍ਹਾਂ ਉਹ ਸਭਿਆਚਾਰ ਦੇ ਧਾਰਮਿਕ ਅੰਗਾਂ ਦੀ ਗੱਲ ਕਰਦਿਆਂ ਕਦਰਾਂ ਕੀਮਤਾਂ, ਜ਼ਾਬਤਾ ਅਤੇ ਵਤੀਰੇ ਨੂੰ ਸਥਾਨ ਦਿੰਦੇ ਹਨ। ਸਭਿਆਚਾਰ ਦੇ ਰਾਜਨੀਤਿਕ ਅੰਗਾਂ ਦੀ ਗੱਲ ਕਰਦਿਆਂ ਉਹ ਰਾਜ ਪ੍ਰਬੰਧ ਅਤੇ ਸਥਾਨਕ ਪ੍ਰਬੰਧ ਨੂੰ ਮੁੱਖ ਪਹਿਲੂ ਮੰਨਦੇ ਹਨ।

1917 ਈ. ਵਿਚ ਰੂਸੀ ਕ੍ਰਾਂਤੀ ਤੋਂ ਬਾਅਦ ਇਸ ਵਿਧੀ ਦੀ ਸਭ ਤੋਂ ਪਹਿਲਾਂ ਵਰਤੋਂ ਐੱਲ. ਐੱਮ. ਵਿਗੋਸਤਕੀ ਨੇ ਕੀਤੀ। ਇਹ ਅਧਿਐਨ ਪ੍ਰਣਾਲੀ ਮਾਨਵੀ ਜੀਵਨ ਨੂੰ ਕੇਂਦਰ ਵਿਚ ਰੱਖ ਕੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਅਧਿਐਨ ਇਸ ਨਜ਼ਰੀਏ ਤੋਂ ਕਰਦੀ ਹੈ ਕਿ ਸਮਾਜ ਦੇ ਵੱਖ ਵੱਖ ਸਰੋਕਾਰਾਂ ਤੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਨੂੰ ਜਾਂਚਿਆ ਜਾ ਸਕੇ। ਵਿਗੋਸਤਕੀ ਦੇ ਅਨੁਸਾਰ, ਵਿਅਕਤੀਗਤ ਵਿਕਾਸ ਨੂੰ ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗ ਦੇ ਬਗੈਰ ਸਮਝਿਆ ਨਹੀਂ ਜਾ ਸਕਦਾ। ਵਿਅਕਤੀ ਦੀਆਂ ਉੱਚ ਮਾਨਸਿਕ ਪ੍ਰਕਿਰਿਆਵਾਂ (ਆਲੋਚਨਾਤਮਕ ਸੋਚ, ਫੈਸਲਾ ਲੈਣ, ਤਰਕ) ਦੀ ਸ਼ੁਰੂਆਤ ਸਮਾਜਿਕ ਪ੍ਰਕਿਰਿਆਵਾਂ ਵਿੱਚੋ ਹੀ ਹੁੰਦੀ ਹੈ। ਸਮਾਜ-ਸੱਭਿਆਚਾਰਕ ਵਿਧੀ ਦੇ ਆਧਾਰ ਤੇ ਜੇਕਰ ਅਸੀਂ ਸਾਹਿਤ ਦਾ ਅਧਿਐਨ ਕਰਨਾ ਹੋਵੇ ਤਾਂ ਸਾਨੂੰ ਮਨੁੱਖੀ ਵਿਵਹਾਰ ਤੇ ਉਸ ਨਾਲ ਜੁੜੇ ਅਨੇਕਾਂ ਪੱਖਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਡਾ. ਜਸਵਿੰਦਰ ਸਿੰਘ ਆਪਣੀ ਪੁਸਤਕ ***'ਪੰਜਾਬੀ ਸਭਿਆਚਾਰ ਪਛਾਣ ਚਿੰਨ'*** ਵਿਚ ਲਿਖਦੇ ਹਨ "ਆਪਣੀ ਹੋਂਦ ਵਿਧੀ ਵਜੋਂ ਸਭਿਆਚਾਰ ਅਤੇ ਇਸੇ ਅਨੁਰੂਪ ਸੱਭਿਆਚਾਰਕ ਅਧਿਐਨ ਇਕ ਅੰਤਰ

ਅਨੁਸ਼ਾਸਨੀ ਖੇਤਰ ਹੈ। ਇਸ ਵਿੱਚ ਇਤਿਹਾਸ ਅਰਥ ਵਿਗਿਆਨ ਸਮਾਜ ਵਿਗਿਆਨ ਰਾਜਨੀਤੀ ਵਿਗਿਆਨ ਮਾਨਵ ਵਿਗਿਆਨ ਸਿੱਧੇ ਤੌਰ 'ਤੇ ਸਬੰਧਿਤ ਹਨ।" 16

ਕਿਸਾਨੀ ਕੇਵਲ ਭਾਰਤੀ ਨਹੀਂ ਬਲਕਿ ਵਿਸ਼ਵ ਵਿੱਚ ਹਰੇਕ ਸਮਾਜ ਦੀ ਇਕ ਬੁਨਿਆਦੀ ਜ਼ਰੂਰਤ ਹੈ। ਇਸ ਲਈ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਕਿਸਾਨੀ ਸੰਕਟ ਬਾਰੇ ਅਧਿਐਨ ਕਰਨ ਲਈ ਸਮਾਜ-ਸੱਭਿਆਚਾਰਕ ਅਧਿਐਨ ਵਿਧੀ ਦੀ ਵਰਤੋਂ ਕੀਤੀ ਜਾਵੇ। ਭਾਰਤ ਜਾਂ ਪੰਜਾਬ ਵਿੱਚ ਬਹੁਤ ਸਾਰੇ ਲੋਕਾਂ ਦਾ ਜੀਵਨ ਨਿਰਬਾਹ ਦਾ ਸਾਧਨ ਕਿਸਾਨੀ ਹੈ ਇਸ ਲਈ ਕਿਸਾਨੀ ਉਨ੍ਹਾਂ ਦੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਸਮਾਜ-ਸੱਭਿਆਚਾਰਕ ਅਧਿਐਨ ਵਿਧੀ ਮਨੁੱਖ ਨੂੰ ਉਸ ਦੀਆਂ ਸਮਾਜਿਕ ਕਦਰਾਂ ਕੀਮਤਾਂ ਨਾਲ ਜੋੜ ਕੇ ਰੱਖਦੀ ਹੈ ਤੇ ਇਹ ਮਨੁੱਖੀ ਜੀਵਨ ਨੂੰ ਕੇਂਦਰ ਵਿੱਚ ਰੱਖ ਕੇ ਸਾਹਿਤ ਅਧਿਐਨ ਤੇ ਜ਼ੋਰ ਦਿੰਦੀ ਹੈ। ਇਸ ਅਧਿਐਨ ਵਿਧੀ ਰਾਹੀਂ ਸਾਹਿਤਕ ਕਿਰਤਾਂ ਵਿਚੋਂ ਸਮਾਜ ਸੱਭਿਆਚਾਰਕ ਮੁੱਲਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਸੋ ਕਿਸਾਨੀ ਸੰਕਟ ਨੂੰ ਵਿਚਾਰਨ ਲਈ ਸਭ ਤੋਂ ਸਾਰਥਕ ਵਿਧੀ ਸਮਾਜ ਸੱਭਿਆਚਾਰਕ ਵਿਧੀ ਹੀ ਹੋ ਸਕਦੀ ਹੈ ਤਾਂ ਕਿ ਕਿਸਾਨੀ ਸੰਕਟ ਨਾਲ ਜੁੜੀਆਂ ਹੋਈਆਂ ਵੱਖ ਵੱਖ ਪਰਤਾਂ ਨੂੰ ਬਰੀਕੀ ਨਾਲ ਦੇਖਿਆ ਜਾ ਸਕੇ।

ਪੰਜਾਬ ਦੇ ਖੇਤੀ ਸੰਕਟ ਨੂੰ ਭਾਰਤ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਪੰਜਾਬ ਦਾ ਖੇਤੀਬਾੜੀ ਸੰਕਟ ਖੇਤੀ ਖੇਤਰ ਨਾਲ ਸਬੰਧਤ ਸਾਰੇ ਵਰਗਾਂ ਕਿਸਾਨਾਂ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਸੰਕਟ; ਧਰਤੀ ਹੇਠਲੇ ਪਾਣੀ ਦੀ ਸਤਹਿ ਦੇ ਲਗਾਤਾਰ ਥੱਲੇ ਜਾਣ ਅਤੇ ਪੀਣ ਵਾਲੇ ਪਾਣੀ ਦੀ ਘਾਟ ਅਤੇ ਡਿੱਗਦੇ ਮਿਆਰ ਤੇ ਵਾਤਾਵਰਨ ਵਿੱਚ ਪੈਦਾ ਹੋਏ ਸੰਕਟ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਇਨ੍ਹਾਂ ਸੰਕਟਾਂ ਦੇ ਪ੍ਰਭਾਵ ਅਧੀਨ ਕਰਜ਼ੇ ਥੱਲੇ ਆਏ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਆਤਮਹੱਤਿਆਵਾਂ ਇਸ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੰਦੀਆਂ ਹਨ। ਖੇਤੀਬਾੜੀ ਦੀ ਨਵੀਂ ਨੀਤੀ ਨਿਰੋਲ ਮੁਨਾਫ਼ੇ ਤੇ ਆਧਾਰਿਤ ਹੈ। ਮੁਨਾਫ਼ੇ ਨੇ ਸਮਾਜਿਕ ਸੱਭਿਆਚਾਰਕ ਸੰਬੰਧਾਂ ਵਿਚ ਵੱਡੀ ਗਿਰਾਵਟ ਲੈ ਆਉਂਦੀ ਹੈ। ਸਾਂਝ, ਸੀਰੀ, ਸੇਪੀ, ਭਿਆਲੀ ਆਦਿ ਜਿਹੇ ਮਿੱਠੇ ਸਮਾਜਿਕ ਸਬੰਧ ਬੀਤੇ ਸਮੇਂ ਦੀ ਹਕੀਕਤ ਹੋ ਗਏ ਹਨ। ਸੰਕਟ ਸਮੇਂ ਅਮੀਰ ਕਿਸਾਨਾਂ ਵੱਲੋਂ ਗ਼ਰੀਬ ਕਿਸਾਨਾਂ ਦੀ ਮਦਦ ਕਰਨ ਵਾਲੀ

ਗੱਲ ਅੱਜਕੱਲ੍ਹ ਘੱਟ ਹੀ ਸੁਣਨ ਨੂੰ ਮਿਲਦੀ ਹੈ। ਕਿਸਾਨੀ ਦੇ ਇਸ ਸੰਕਟਮਈ ਮੋੜ ਤਕ ਪਹੁੰਚਣ ਦੇ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਕਈ ਸਾਰੇ ਕਾਰਨ ਸਾਹਮਣੇ ਆਉਂਦੇ ਹਨ। ਕੁਦਰਤੀ ਸੰਕਟਾਂ ਨਾਲੋਂ ਮਨੁੱਖ ਦੁਆਰਾ ਪੈਦਾ ਕੀਤੀਆਂ ਸਮੱਸਿਆਵਾਂ ਜਿਆਦਾ ਤਕਲੀਫ਼ਦੇਹ ਹਨ। ਜਿਨ੍ਹਾਂ ਸਰਕਾਰਾਂ ਕੋਲੋਂ ਇਸ ਵਰਗ ਨੂੰ ਬਚਾਉਣ ਜਾਂ ਇਸ ਵਰਗ ਦੀ ਭਲਾਈ ਦੀ ਉਮੀਦ ਕੀਤੀ ਜਾਂਦੀ ਹੈ, ਉਹ ਨਿਰੰਤਰ ਇਸ ਦੇ ਉਲੱਟ ਭੁਗਤ ਕੇ ਦੋਹਰੀ ਸੱਟ ਮਾਰ ਰਿਹਾ ਹੈ, 1991 ਦੀ ਨਵੀਂ ਆਰਥਿਕ ਨੀਤੀ ਤੇ 2020 ਵਿਚ ਆਏ ਖੇਤੀ ਕਾਨੂੰਨ ਇਸ ਦੀ ਉਦਾਹਰਨ ਹਨ। ਹੱਥਲੇ ਖੋਜ ਪ੍ਰਬੰਧ ਵਿਚ ਅਸੀਂ ਸਮਕਾਲੀ ਪੰਜਾਬੀ ਕਵਿਤਾ ਤੇ ਕਿਸਾਨੀ ਸੰਕਟ ਦਾ ਅਧਿਐਨ ਸਮਾਜ-ਸਭਿਆਚਾਰਕ ਅਧਿਐਨ ਵਿਧੀ ਰਾਹੀਂ ਕਰਦਿਆਂ ਇਸ ਦੇ ਰਾਜਨੀਤਕ, ਆਰਥਿਕ, ਸਮਾਜਿਕ, ਧਾਰਮਿਕ ਆਦਿ ਪਹਿਲੂਆਂ ਨੂੰ ਵਿਚਾਰਾਂਗੇ।

ਸੋ ਖੋਜ ਕਾਰਜ ਦੇ ਇਸ ਪਹਿਲੇ ਅਧਿਆਇ ਸਿਧਾਂਤਕ ਪਰਿਪੇਖ ਵਿਚ ਸਭ ਤੋਂ ਪਹਿਲਾਂ ਪੂਰਵ ਹੋ ਚੁੱਕੇ ਖੋਜ ਕਾਰਜਾਂ ਨੂੰ ਘੋਖਿਆ-ਪੜਤਾਲਿਆ ਗਿਆ ਹੈ ਤੇ ਇਹ ਯਕੀਨੀ ਬਣਾਇਆ ਗਿਆ ਹੈ ਕਿ ਇਹ ਖੋਜ ਪ੍ਰਬੰਧ ਪੂਰੀ ਤਰਾਂ ਨਾਲ ਨਿਵੇਕਲਾ ਅਤੇ ਮੌਲਿਕ ਹੈ। ਚਲੰਤ ਸਮੇਂ ਦੀ ਇਕ ਵੱਡੀ ਚੁਣੌਤੀ ਦੇ ਰੂਪ ਵਿਚ ਉਭਰੇ ਕਿਸਾਨੀ ਸੰਕਟ ਦੀ ਗੱਲ ਕਰਦਾ ਇਹ ਖੋਜ ਪ੍ਰਬੰਧ ਸਮਕਾਲੀ ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਸਮਾਜ ਦੇ ਕਿਸਾਨੀ ਨਾਲ ਜੁੜੇ ਪੱਖਾਂ ਦਾ ਅਧਿਐਨ ਹੈ। ਖੋਜ ਕਾਰਜ ਦੀ ਸਾਰਥਕਤਾ ਇਸ ਤੱਥ ਉੱਪਰ ਟਿਕੀ ਹੈ ਕਿ ਕਿਸਾਨ ਜੋ ਪੰਜਾਬੀ ਸਮਾਜ ਦੀ ਬਣਤਰ ਦਾ ਕੇਂਦਰੀ ਧੁਰਾ ਹੈ, ਉਸ ਦੇ ਜੀਵਨ ਦੀ ਚੁਣੌਤੀਆਂ ਨੂੰ ਸਮਝਣ ਦਾ ਯਤਨ ਹੈ ਕਿ ਸਮਾਜ ਵਿਚ ਕਿਸਾਨੀ ਸੰਕਟ ਕਾਰਨ ਉਪਜੀਆਂ ਪਰਸਥਿਤੀਆਂ ਅਤੇ ਇਸ ਦੇ ਪਰਸਪਰ ਉਨ੍ਹਾਂ ਪਰਸਥਿਤੀਆਂ ਜਿਨ੍ਹਾਂ ਕਾਰਨ ਕਿਸਾਨੀ ਸੰਕਟ ਉਪਜਿਆ ਹੈ, ਦਾ ਜਾਇਜਾ ਲਿਆ ਜਾ ਸਕੇ। ਸਮੁੱਚਾ ਖੋਜ ਪ੍ਰਬੰਧ ਉਦੇਸ਼ਾਂ ਨੂੰ ਮੁੱਖ ਰੱਖ ਕੇ ਉਲੀਕਿਆ ਗਿਆ ਹੈ ਤੇ ਹਰ ਉਦੇਸ਼ ਦੀ ਪੂਰਤੀ ਸਮੁੱਚੇ ਖੋਜ ਪ੍ਰਬੰਧ ਦੇ ਵੱਖ-ਵੱਖ ਅਧਿਆਇ ਵਿਚ ਬਾਖ਼ੂਬੀ ਹੁੰਦੀ ਹੈ।

ਪ੍ਰਸਤੁਤ ਖੋਜ ਪ੍ਰਬੰਧ ਦੇ ਇਸ ਸਿਧਾਂਤਕ ਅਧਿਆਇ ਵਿਚ ਪੰਜਾਬੀ ਕਵਿਤਾ ਤੋਂ ਸਮਕਾਲੀ ਪੰਜਾਬੀ ਕਵਿਤਾ ਤੱਕ ਦੇ ਇਤਿਹਾਸ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਪੰਜਾਬੀ ਕਵਿਤਾ ਦੇ ਆਰੰਭਿਕ ਕਾਲ ਤੋਂ ਇੱਕੀਵੀਂ ਸਦੀ ਤੱਕ ਦੇ ਸਫ਼ਰ ਦੌਰਾਨ ਆਏ ਵੱਖ-ਵੱਖ ਰੁਝਾਨਾਂ ਬਾਰੇ ਚਰਚਾ ਕੀਤੀ ਗਈ ਹੈ। ਸਮਕਾਲ ਦੇ ਅਰਥ ਸਪੱਸ਼ਟ ਕਰਦਿਆਂ ਸਮਕਾਲੀ ਦੌਰ ਦਾ ਸਭ ਤੋਂ ਵੱਡੇ ਮਸਲੇ ਕਿਸਾਨੀ ਸੰਕਟ ਦੇ ਸਿਧਾਂਤਕ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਭਾਰਤ ਦੇ ਖੇਤੀ ਇਤਿਹਾਸ ਉੱਪਰ ਨਜ਼ਰ ਮਾਰਦਿਆਂ ਇਸ ਵਿਚਲੇ ਖੇਤੀ ਸੰਕਟ ਦੀਆਂ ਜੜ੍ਹਾਂ ਨੂੰ ਇਤਿਹਾਸ ਦੇ ਵੱਖ-ਵੱਖ ਕਾਲ ਖੰਡਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਪ੍ਰਸਤੁਤ ਖੋਜ ਕਾਰਜ ਨੂੰ ਯੋਗ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ। ਤਿੰਨ ਖੇਤੀ ਕਾਨੂੰਨਾਂ ਦੇ ਨਾਲ-ਨਾਲ ਕੁੱਝ ਵਿਦੇਸ਼ੀ ਖੇਤੀ ਵਿਵਸਥਾਵਾਂ ਦੀ ਵੀ ਸੰਖੇਪ ਚਰਚਾ ਕੀਤੀ ਗਈ ਹੈ ਤਾਂ ਜੋ ਵਿਸ਼ਵ ਪੱਧਰ ਤੇ ਖੇਤੀ ਸੰਕਟ ਦੀ ਸਥਿਤੀ ਨੂੰ ਜਾਣਿਆ ਜਾ ਸਕੇ। ਪ੍ਰਸਤੁਤ ਖੋਜ ਕਾਰਜ ਜਿੱਥੇ ਸਮਕਾਲੀ ਪੰਜਾਬੀ ਕਵਿਤਾ ਵਿਚਲੇ ਕਿਸਾਨੀ ਸੰਕਟ ਉੱਪਰ ਕੇਂਦਰਿਤ ਹੈ ਉੱਥੇ ਹੀ ਸਮਾਜ-ਸਭਿਆਚਾਰਕ ਅਧਿਐਨ ਵਿਧੀ ਨੂੰ ਮੁੱਖ ਰੱਖਦਿਆਂ ਹੋਇਆ ਇਹ ਸਮਾਜ ਦੇ ਉਹਨਾਂ ਸਾਰਿਆਂ ਪਹਿਲੂਆਂ ਉੱਤੇ ਝਾਤ ਪਾਉਂਦਾ ਹੈ ਜੋ ਕਿਸਾਨੀ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਇਸ ਸਿਧਾਂਤਕ ਅਧਿਐਨ ਦੌਰਾਨ ਸਮਾਜ-ਸਭਿਆਚਾਰਕ ਅਧਿਐਨ ਪ੍ਰਣਾਲੀ ਬਾਰੇ ਚਰਚਾ ਕਰਦਿਆਂ ਇਸ ਅਧਿਐਨ ਪ੍ਰਣਾਲੀ ਦੇ ਕਾਰਜ ਖੇਤਰ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਹ ਖੋਜ ਪ੍ਰਬੰਧ ਵਰਣਾਤਮਕ ਹੈ ਤੇ ਸਮਾਜਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਧਾਰਨੀ ਹੈ, ਇਸ ਲਈ ਇਹ ਖੋਜ ਪ੍ਰਬੰਧ ਸਮਾਜ-ਸ਼ਾਸਤਰੀ ਪਹੁੰਚ ਵਿਧੀ ਤੇ ਕਿਸਾਨਾਂ ਦੀ ਮਾਨਸਿਕ ਸਥਿਤੀਆਂ ਨੂੰ ਜਾਨਣ ਲਈ ਮਨੋਵਿਗਿਆਨਕ ਪਹੁੰਚ ਵਿਧੀ ਦੀ ਵਰਤੋਂ ਕੀਤੀ ਗਈ ਹੈ। ਸਮਾਜ-ਸਭਿਆਚਾਰਕ ਅਧਿਐਨ ਵਿਧੀ ਹੋਣ ਕਾਰਨ ਖੋਜ ਕਾਰਜ ਜੀਵਨ ਦੇ ਵੱਖ-ਵੱਖ ਪਹਿਲੂਆਂ ਦੇ ਕਿਸਾਨੀ ਨਾਲ ਜੁੜੇ ਦੁਵੱਲੇ ਸੰਬੰਧਾਂ ਦਾ ਅਧਿਐਨ ਹੈ। ਇਹ ਦੁਵੱਲੇ ਸੰਬੰਧ ਜਿੱਥੇ ਸਮਾਜ ਦੁਆਰਾ ਕਿਸਾਨੀ ਜੀਵਨ ਨੂੰ ਪ੍ਰਭਾਵਿਤ ਕਰਨ ਦਾ ਵਿਸ਼ਲੇਸ਼ਣ ਕਰਦੇ

ਹਨ, ਉੱਥੇ ਹੀ ਕਿਸਾਨੀ ਜੀਵਨ ਨਾਲ ਉਪਜੀ ਸਮਾਜ-ਸਭਿਆਚਾਰਕ ਵਿਵਸਥਾ ਨੂੰ ਵੀ ਅਧਿਐਨ ਦਾ ਬਿੰਦੂ ਬਣਾਉਂਦੀ ਹੈ। ਜਿਸ ਬਾਰੇ ਅਗਲੇ ਅਧਿਆਇਆਂ ਵਿਚ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।

## 2. ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ : ਸਭਿਆਚਾਰਕ ਪਰਿਪੇਖ

ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਅਸੀਂ ਖੋਜ ਕਾਰਜ ਦੇ ਸਿਧਾਂਤਕ ਪਰਿਪੇਖ ਨੂੰ ਵਿਚਾਰਦਿਆਂ ਸਮਕਾਲੀ ਪੰਜਾਬੀ ਕਵਿਤਾ ਨੂੰ ਸਮਝਣ ਦਾ ਯਤਨ ਕੀਤਾ ਹੈ। ਕਿਸਾਨੀ ਨੂੰ ਇਤਿਹਾਸਕ ਪਰਿਪੇਖ ਤੋਂ ਘੋਖਦਿਆਂ ਇਹ ਸਮਝਣ ਦਾ ਯਤਨ ਕੀਤਾ ਹੈ ਕਿ ਕਿਵੇਂ ਪੰਜਾਬ ਵਿਚ ਕਿਸਾਨੀ ਦਾ ਉਭਾਰ ਤੇ ਵਿਕਾਸ ਹੋਇਆ ਹੈ। ਪਹਿਲੇ ਅਧਿਆਇ ਵਿਚ ਇਹ ਵੀ ਵਿਚਾਰਿਆ ਤੇ ਸਮਝਿਆ ਗਿਆ ਹੈ ਕਿ ਕਿਵੇਂ ਅਜ਼ਾਦੀ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੀਆਂ ਮੁੱਢਲੀਆਂ ਲੋੜਾਂ ਦੀ ਪ੍ਰਾਪਤੀ ਲਈ ਆਪਣਾ ਯੋਗਦਾਨ ਦਿੱਤਾ ਹੈ ਤੇ ਇਸ ਦੇ ਬਾਵਜੂਦ ਸਰਕਾਰੀ ਨੀਤੀਆਂ ਵਿਚ ਕਿਸਾਨੀ ਨੂੰ ਕੇਂਦਰੀ ਬਿੰਦੂ ਮੰਨਣ ਦੀ ਬਜਾਇ ਹਾਸ਼ੀਏ ਉੱਪਰ ਰੱਖਿਆ ਗਿਆ ਹੈ, ਜਿਸ ਦੇ ਫਲਸਰੂਪ ਕਿਸਾਨੀ ਸੰਕਟ ਪੈਦਾ ਹੋਇਆ ਹੈ। ਉੱਥੇ ਹੀ ਖੋਜ ਕਾਰਜ ਦੇ ਇਸ ਦੂਜੇ ਅਧਿਆਇ ਵਿੱਚ ਅਸੀਂ ਖੋਜਕਾਰਜ ਦੇ ਸਭਿਆਚਾਰਕ ਪੱਖਾਂ ਨੂੰ ਪਛਾਨਣ ਦੀ ਕੋਸ਼ਿਸ਼ ਕੀਤੀ ਹੈ। ਖੋਜ ਕਾਰਜ ਦਾ ਇਹ ਅਧਿਆਇ ਕਿਸਾਨੀ ਜੀਵਨ ਦੇ ਸਭਿਆਚਾਰਕ ਸਰੋਕਾਰਾਂ ਨਾਲ ਸਬੰਧਿਤ ਹੈ। ਸਮਾਜ, ਸਭਿਆਚਾਰ ਅਤੇ ਕਿਸਾਨ ਇਹ ਆਪਸ ਵਿੱਚ ਡੂੰਘੇ ਰੂਪ ਨਾਲ ਜੁੜੇ ਹੋਏ ਹਨ। ਜਦੋਂ ਵੀ ਅਸੀਂ ਪੰਜਾਬ, ਪੰਜਾਬੀ ਸਭਿਆਚਾਰ ਤੇ ਪੰਜਾਬੀ ਸਮਾਜ ਦੀ ਗੱਲ ਕਰਦੇ ਹਾਂ ਤਾਂ ਸਾਡੀਆਂ ਅੱਖਾਂ ਸਾਹਮਣੇ ਪੰਜਾਬ ਦੇ ਕਿਸਾਨ ਦਾ ਚਿਹਰਾ ਆ ਜਾਂਦਾ ਹੈ। ਪੰਜਾਬੀ ਸਭਿਆਚਾਰ ਨੂੰ ਹੱਸਦੇ-ਖੇਡਦੇ ਜੱਟ ਜਾਂ ਕਿਸਾਨ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ।

ਸਭਿਆਚਾਰ ਨੂੰ ਮਨੁੱਖ ਦੁਆਰਾ ਘੜਿਆ ਹੋਇਆ ਇਕ ਵਿਵਸਥਿਤ ਢਾਂਚਾ ਕਿਹਾ ਜਾ ਸਕਦਾ ਹੈ। ਪਰੰਤੂ ਇਹ ਕਾਰਜ ਇਨ੍ਹਾਂ ਸਰਲ ਨਹੀਂ ਸਗੋਂ ਅਨੇਕਾਂ ਸਾਲ ਜਾਂ ਇੰਝ ਕਹਿ ਲਈਏ ਕਿ ਇਸ ਦੇ ਨਿਰਮਾਣ ਵਿਚ ਸਦੀਆਂ ਵੀ ਲੱਗ ਜਾਂਦੀਆਂ ਹਨ। ਇਸ ਲਈ ਇਹ ਢਾਂਚਾ ਬਹੁਤ ਗਹਿਰਾ, ਜਟਿਲ ਤੇ ਵਿਆਪਕ ਹੋ ਨਿੱਬੜਦਾ ਹੈ। ਇਸ ਦੀ ਵਿਆਪਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਭਿਆਚਾਰ ਕਿਸੇ ਖਿੱਤੇ ਜਾਂ ਕੌਮ ਦੀ ਸਮੁੱਚੀ ਜੀਵਨ-ਜਾਂਚ ਹੁੰਦੀ ਹੈ। ਜੇਕਰ ਪੰਜਾਬੀ ਸਭਿਆਚਾਰ ਦੀ ਗੱਲ ਕਰੀਏ ਤਾਂ ਖੇਤਰਫਲ ਪੱਖੋਂ ਭਾਵੇਂ ਇਹ ਬਹੁਤ ਛੋਟੇ ਖੇਤਰ ਵਿਚ ਮਿਲਦਾ ਹੈ ਪਰੰਤੂ ਆਪਣੀ ਵਿਲੱਖਣ ਪਹਿਚਾਣ ਕਰਕੇ ਪੂਰੇ ਵਿਸ਼ਵ ਵਿਚ ਇਸਦਾ ਵੱਖਰਾ ਸਥਾਨ ਹੈ। ਪੰਜਾਬ ਦੀ ਉਪਜਾਊ ਭੂਮੀ, ਪਾਣੀਆਂ ਦੀ ਨੇੜਤਾ ਤੇ

ਮਿਹਨਤਕਸ਼ ਲੋਕਾਂ ਦੇ ਬਲ ਤੇ ਇੱਥੇ ਦੀ ਖੇਤੀਬਾੜੀ ਨੇ ਦੇਸ਼ ਭਰ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਤੱਕ ਆਪਣੀ ਸਰਦਾਰੀ ਕਾਇਮ ਕੀਤੀ। ਇਸ ਲਈ ਇੱਥੇ ਦੇ ਸਭਿਆਚਾਰ ਵਿਚ ਕਿਸਾਨੀ ਇਸ ਪ੍ਰਕਾਰ ਇਕ-ਮਿਕ ਹੋਈ ਹੈ ਕਿ ਇਸ ਨੂੰ ਅੱਡ-ਅੱਡ ਨਹੀਂ ਕੀਤਾ ਜਾ ਸਕਦਾ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਜਿਸਦੇ 70% ਦੇ ਲਗਭਗ ਲੋਕ ਖੇਤੀ ਜਾਂ ਖੇਤੀ ਅਧਾਰਿਤ ਧੰਦਿਆਂ ਨਾਲ ਸਿੱਧੇ ਰੂਪ ਵਿਚ ਜੁੜੇ ਹੋਏ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਲੋਕ ਹਨ ਜਿਨ੍ਹਾਂ ਦਾ ਮੁੱਖ ਧੰਦਾ ਭਾਵੇਂ ਖੇਤੀ ਨਹੀਂ ਹੈ ਪ੍ਰੰਤੂ ਉਹ ਵੱਖ-ਵੱਖ ਨੌਕਰੀਆਂ ਜਾਂ ਹੋਰ ਧੰਦਿਆਂ ਦੇ ਨਾਲ-ਨਾਲ ਘਰੇਲੂ ਜ਼ਰੂਰਤਾਂ ਦੀ ਪੂਰਤੀ ਲਈ ਖੇਤੀ ਉੱਪਰ ਆਧਾਰਿਤ ਹਨ, ਸੋ ਖੇਤੀ ਕੰਮ ਜਾਂ ਕਿਸਾਨੀ ਕਿਤੇ ਨਾ ਕਿਤੇ ਪੰਜਾਬੀਆਂ ਦੇ ਖ਼ੂਨ ਵਿੱਚ ਸਮੋਈ ਹੋਈ ਹੈ। ਕਿਸਾਨੀ ਜੀਵਨ ਪੰਜਾਬੀ ਸਭਿਆਚਾਰ ਤੇ ਪੰਜਾਬੀ ਸਮਾਜ ਦਾ ਇਕ ਵੱਡਾ ਤੇ ਅਨਿੱਖੜਵਾਂ ਅੰਗ ਹੈ। ਇਸ ਲਈ ਪੰਜਾਬੀ ਲੇਖਕਾਂ-ਕਵੀਆਂ ਨੇ ਇਸ ਵਿਸ਼ੇ ਨੂੰ ਖੁੱਲ ਕੇ ਆਪਣੀ ਰਚਨਾਤਮਕਤਾ ਦਾ ਹਿੱਸਾ ਬਣਾਇਆ ਹੈ। ਅਧਿਆਇ ਦੂਜੇ ਵਿਚ ਅਸੀ ਕਿਸਾਨੀ ਨਾਲ ਸੰਬੰਧਿਤ ਸਭਿਆਚਾਰਕ ਜੀਵਨ ਦੇ ਮੁੱਖ ਪਹਿਲੂਆਂ ਨੂੰ ਘੋਖਦੇ ਹੋਏ ਕਿਸਾਨਾਂ ਦੇ ਜੀਵਨ, ਉਨ੍ਹਾਂ ਦੀ ਦਸ਼ਾ ਨੂੰ ਤੇ ਉਨ੍ਹਾਂ ਦੇ ਜੀਵਨ ਯਥਾਰਥ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ।

## 2.1 ਸਮਕਾਲੀ ਪੰਜਾਬੀ ਕਵਿਤਾ: ਕਿਸਾਨੀ ਦਸ਼ਾ ਤੇ ਦਿਸ਼ਾ ਦਾ ਸਭਿਆਚਾਰਕ ਪਿਛੋਕੜ

ਸਮਾਜ ਤੇ ਸਭਿਆਚਾਰ ਅੰਤਰੀਵੀ ਸੰਬੰਧਾਂ ਵਿਚ ਬੱਝੇ ਹੁੰਦੇ ਹਨ। ਸਭਿਆਚਾਰ ਕਿਸੇ ਵੀ ਸਮਾਜ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਵਿਚੋਂ ਇਕ ਹੈ। ਸਭਿਆਚਾਰ ਇੱਕ ਅਜਿਹਾ ਸਮਾਜਿਕ ਵਰਤਾਰਾ ਹੈ ਜਿਸਦੀਆਂ ਸ਼ਾਖਾਵਾਂ ਜੀਵਨ ਦੇ ਹਰ ਪਹਿਲੂ ਨਾਲ ਜੁੜੀਆਂ ਹੁੰਦੀਆਂ ਹਨ। ਸਮਾਜ ਵਿਚਲੇ ਰਾਜਸੀ, ਆਰਥਿਕ, ਧਾਰਮਿਕ ਅਤੇ ਹੋਰ ਪਹਿਲੂ ਮਿਲ ਕੇ ਇਸ ਦੇ ਨਿਰਮਾਣ ਵਿਚ ਯੋਗਦਾਨ ਦਿੰਦੇ ਹਨ। ਸਭਿਆਚਾਰ ਆਪਣੇ ਅੰਦਰ ਸਮਾਜ ਦੇ ਇਤਿਹਾਸ, ਵਰਤਮਾਨ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਸਮੋ ਕੇ ਰੱਖਦਾ ਹੈ। ਇਸ ਤਰ੍ਹਾਂ ਸਭਿਆਚਾਰ ਦਾ ਖੇਤਰ ਕਾਫ਼ੀ ਵਿਸ਼ਾਲ ਹੁੰਦਾ ਹੈ। ਪੰਜਾਬੀ ਸਮਾਜ ਪਿੰਡਾਂ ਤੇ ਖੇਤਾਂ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਕਿਸਾਨ

ਨੂੰ ਪੰਜਾਬੀ ਸਭਿਆਚਾਰ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਇਸ ਲਈ ਜੇਕਰ ਪੰਜਾਬੀ ਸਮਾਜ ਜਾਂ ਸਭਿਆਚਾਰ ਦੀ ਗੱਲ ਕਰਨੀ ਹੋਵੇ ਤਾਂ ਕਿਸਾਨ ਨੂੰ ਕੇਂਦਰ ਵਿਚ ਰੱਖਣਾ ਲਾਜ਼ਮੀ ਹੈ। ਸੁਭਾਵਿਕ ਹੀ ਪੰਜਾਬੀ ਸਾਹਿਤ ਰਚਨਾ ਵਿਚ ਕਿਸਾਨੀ ਕੇਂਦਰ ਬਿੰਦੂ ਰਹੀ ਹੈ। ਪੰਜਾਬੀ ਕਵਿਤਾ ਦੇ ਆਰੰਭਕ ਸਮੇਂ ਤੋਂ ਬਾਬਾ ਫਰੀਦ ਜੀ ਤੇ ਉਨ੍ਹਾਂ ਤੋਂ ਮਗਰੋਂ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਰਚਨਾਵਾਂ ਵਿਚ ਇਸ ਕਿੱਤੇ ਦੀ ਮਹੱਤਤਾ ਨੂੰ ਦੇਖਦੇ ਹੋਏ ਬਾਰ-ਬਾਰ ਕਿਸਾਨੀ ਬਿੰਬਾਂ ਦੀ ਵਰਤੋਂ ਕੀਤੀ ਹੈ। ਇਸ ਦੇ ਨਾਲ ਹੀ ਗੁਰੂ ਸਹਿਬਾਨ ਦੁਆਰਾ ਇਸ ਕਿੱਤੇ ਨੂੰ ਵਡਿਆਇਆ ਵੀ ਗਿਆ ਹੈ।

ਪੰਜਾਬੀ ਸਭਿਆਚਾਰ ਅਤੇ ਪੰਜਾਬੀ ਕਿਸਾਨੀ ਵਿਚ ਭੂਗੋਲਿਕ ਤੱਤਾਂ ਦੀ ਖਾਸ ਮਹੱਤਤਾ ਹੈ। ਜਿੱਥੇ ਭੂਗੋਲਿਕ ਸਥਿਤੀ ਨੇ ਪੰਜਾਬੀਆਂ ਦੇ ਸੁਭਾਅ ਵਿਚ ਬਹਾਦਰੀ, ਕੁਰਬਾਨੀ, ਜਜ਼ਬਾ, ਅਣਖ, ਅੱਥਰਾਪਣ, ਤੇ ਕਈ ਹੋਰ ਇਸ ਤਰਾਂ ਦੇ ਗੁਣ ਭਰੇ ਉੱਥੇ ਹੀ ਪੰਜਾਬ ਦੀ ਕਿਸਾਨੀ ਵੀ ਪ੍ਰਭਾਵਿਤ ਕੀਤੀ। ਹਿਮਾਲਿਆ ਦੀ ਨੇੜਤਾ, ਪਾਣੀਆਂ ਦੀ ਉਪਲਬਧਤਾ ਤੇ ਖੁੱਲੇ ਮੈਦਾਨੀ ਇਲਾਕੇ ਪੰਜਾਬ ਦੀ ਕਿਰਸਾਣੀ ਲਈ ਵਰਦਾਨ ਸਾਬਿਤ ਹੋਏ। ਪੰਜਾਬੀ ਕਿਸਾਨੀ ਸਭਿਆਚਾਰ ਬਿਰਤੀ ਵਿਚ ਵਿਦਰੋਹ, ਅਲਗਾਵ, ਪੁਨਰ ਸੁਰਜੀਤੀ ਆਦਿ ਮੁੱਖ ਗੁਣ ਹਨ ਜੋ ਮੁੱਢ ਤੋਂ ਹੁਣ ਤੱਕ ਮੌਜੂਦ ਰਹੀ ਹੈ। ਪੰਜਾਬੀ ਸਾਹਿਤ ਦੇ ਹਰੇਕ ਕਾਲ-ਖੰਡ ਵਿਚ ਕਿਸਾਨੀ ਦੀ ਗੱਲ ਹੋਈ ਹੈ। ਵਾਰਿਸ ਸ਼ਾਹ, ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ, ਸੰਤ ਰਾਮ ਉਦਾਸੀ ਆਦਿ ਪੰਜਾਬੀ ਕਵੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਕਿਸਾਨੀ ਦੀਆਂ ਬਾਤਾਂ ਪਾਈਆਂ ਹਨ। ਸਮਕਾਲੀ ਪੰਜਾਬੀ ਕਵਿਤਾ ਵੀ ਕਿਸਾਨੀ ਨੂੰ ਪੰਜਾਬ ਦੇ ਮੂਲ ਸਭਿਆਚਾਰ ਦੇ ਚਿੰਨ੍ਹ ਵਜੋਂ ਪਹਿਚਾਣਦੀ ਹੈ। ਪੰਜਾਬੀ ਸਭਿਆਚਾਰ ਵਿਚ ਇਹ ਕਿੱਤਾ ਇਸ ਤਰ੍ਹਾਂ ਸਮੋਇਆ ਹੋਇਆ ਹੈ ਕਿ ਇਸ ਨੂੰ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਸਗੋਂ ਇਹ ਕਿੱਤਾ ਪੰਜਾਬੀ ਸਭਿਆਚਾਰ ਦਾ ਪਹਿਚਾਣ ਚਿੰਨ੍ਹ ਬਣ ਗਿਆ ਹੈ। ਕਵੀ ਰਣਜੀਤ ਸਿੰਘ ਧੁਰੀ ਆਪਣੀ ਕਵਿਤਾ ਖੇਤੀਬਾੜੀ ਰਾਹੀਂ ਪੁਸਤਕ 'ਖੇਤਾਂ ਦੇ ਪੁੱਤ ਜਾਗ ਪਏ' ਜਿਸ ਦੇ ਸੰਪਾਦਕ ਰਜਿੰਦਰ ਸਿੰਘ ਰਾਜਨ ਹਨ ਵਿਚ ਲਿਖਦੇ ਹਨ:

ਕਿੱਤਾ ਹੀ ਨਹੀਂ ਖੇਤੀਬਾੜੀ, ਇਹ ਤਾਂ ਪੰਜਾਬ ਦਾ ਵਿਰਸਾ ਹੈ।

ਤੂੰ ਵੇਖ ਸਹੀ ਇਸ ਦੇ ਵਿੱਚੋਂ, ਦੁਨੀਆਂ ਦਾ ਭਵਿੱਖ ਵੀ ਦਿਸਦਾ ਹੈ।

ਇਹ ਤਾਂ ਪੰਜਾਬ ਦ ਵਿਰਸਾ ਹੈ।

ਵਿਰਸੇ ਵਿੱਚ ਸਾਡੇ ਪੁਰਖਿਆਂ ‘ਤੇ, ਗੁਰ-ਪੀਰਾਂ ਦੀਆਂ ਦੁਆਵਾਂ ਹਨ।

ਇਹ ਮਾਵਾਂ ਠੰਡੀਆਂ ਛਾਵਾਂ ਵਿੱਚ, ਜਿਊਣ ਦੀਆਂ ਸਭ ਰਾਹਵਾਂ ਹਨ।

ਇਹ ਕਿਰਤ ਹੈ ਬਾਬੇ ਨਾਨਕ ਦੀ, ਸੱਚ ਦੀ ਅਸਲ ਵਿਰਾਸਤ ਹੈ।

ਜੋ ਜ਼ਾਲਮ ਅੱਗੇ ਹਿੱਕ ਡਾਹਵੇ, ਇਹ ਐਸੀ ਲੋਕ ਬਗ਼ਾਵਤ ਹੈ।

ਭੁੱਖੇ ਰਹਿ ਕੇ ਦੂਜੇ ਦਾ ਢਿੱਡ ਭਰਨ ਦੀ ਇਹ ਇਬਾਦਤ ਹੈ।

ਮਨੁੱਖਤਾ ਦੀ ਧਿਰ ਖੇਤੀਬਾੜੀ, ਸੇਵਾ ਹੀ ਜਿਸ ਦੀ ਆਦਤ ਹੈ।

ਕਿੱਤਾ ਹੀ ਨਹੀਂ ਖੇਤੀਬਾੜੀ ਇਹ ਕੁਦਰਤ ਨਾਲ ਮੁੱਹਬਤ ਹੈ।

ਇਹ ਕੁਦਰਤ ਨਾਲ ਮੁੱਹਬਤ ਹੈ। (40)

ਕਵੀ ਨੇ ਇਨ੍ਹਾਂ ਸਤਰਾਂ ਵਿਚ ਪੰਜਾਬ ਦੇ ਇਤਿਹਾਸ ਨੂੰ ਰੂਪਮਾਨ ਕਰਦਿਆਂ ਹੋਇਆ ਪੰਜਾਬੀਆਂ ਦੁਆਰਾ ਅਪਣਾਏ ਜਾਣ ਵਾਲੇ ਮੁੱਖ ਕਿੱਤੇ ਖੇਤੀ ਪ੍ਰਤੀ ਆਪਣੇ ਸ਼ਰਧਾਵਾਦੀ ਭਾਵ ਪ੍ਰਗਟ ਕੀਤੇ ਹਨ। ਇਕ ਵਿਰਸੇ ਦੇ ਰੂਪ ਵਿਚ ਕਵੀ ਕਿਸਾਨੀ ਨੂੰ ਪ੍ਰਗਟਾਉਂਦਿਆਂ ਕਵੀ ਇਸ ਨੂੰ ਕੁਦਰਤ ਨਾਲ ਇਕਮਕਤਾ ਦਾ ਰਾਹ ਦੱਸਦਾ ਹੈ। ਸਮੇਂ ਦੇ ਬੀਤਣ ਨਾਲ ਇਸ ਕਿੱਤੇ ਦੀ ਕਾਰਜ-ਸ਼ੈਲੀ ਵਿਚ ਬਹੁਤ ਅੰਤਰ ਆ ਗਏ ਹਨ ਜਿਸ ਕਾਰਨ ਇਸ ਕਿੱਤੇ ਵਿਚ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਵੀ ਆ ਗਈਆਂ ਹਨ। ਸਮਕਾਲੀ ਪੰਜਾਬੀ ਕਵਿਤਾ ਵਿੱਚ ਕਿਸਾਨੀ ਦੇ ਸੰਕਟਗ੍ਰਸਤ ਹੋਣ ਦੇ ਅਨੇਕਾਂ ਕਾਰਨ ਮਿਲਦੇ ਹਨ। ਆਪਣੇ ਇਸ ਅਧਿਆਇ ਦੌਰਾਨ ਸਮਕਾਲੀ ਪੰਜਾਬੀ ਕਵਿਤਾ ਵਿਚੋਂ ਉਹਨਾਂ ਸਭਿਆਚਾਰਕ ਸਰੋਕਾਰਾਂ ਨੂੰ ਤਲਾਸ਼ਣ ਲਈ ਯਤਨਬੱਧ ਹਾਂ ਜਿਨ੍ਹਾਂ ਕਾਰਨ ਕਿਸਾਨੀ ਨਿਘਾਰ ਵੱਲ ਨੂੰ ਗਈ ਹੈ।

ਸਭਿਆਚਾਰ ਆਪਣੇ ਅੰਦਰ ਸਮਾਜ ਦੀਆਂ ਬਹੁਤ ਸਾਰੀਆਂ ਧਾਰਨਾਂਵਾਂ ਸਮੋਈਆਂ ਰੱਖਦਾ ਹੈ। ਵਿਸ਼ਵੀਕਰਨ ਦੇ ਅਸਰ ਨਾਲ ਪੰਜਾਬੀ-ਭਾਰਤੀ ਸਮਾਜ ਦੇ ਸਭਿਆਚਾਰਕ ਰੂਪਾਂਤਰਣ ਦਾ ਘੇਰਾ ਸਿਰਫ਼ ਸਰਮਾਏਦਾਰੀ ਕਿਸਾਨੀ ਤੇ ਦਰਮਿਆਨੀ ਕਿਸਾਨੀ ਅਤੇ ਸ਼ਹਿਰਾਂ ਵਿੱਚ ਵਸਦੇ ਜਨ-ਸਮੂਹ ਤੱਕ ਹੀ ਸੀਮਿਤ ਹੈ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਪੰਜਾਬ ਦੇ ਸਭਿਆਚਾਰ ਅਤੇ ਕਲਾ ਦਾ ਉਦਯੋਗੀਕਰਨ ਹੋਇਆ। ਖਾਣ-ਪੀਣ, ਰਿਸ਼ਤੇ-ਨਾਤੇ, ਪਹਿਰਾਵੇ ਆਦਿ ਵਿਚ ਵਿਆਪਕ ਅੰਤਰ ਆ ਗਿਆ ਹੈ। ਉਤਪਾਦਨ ਦੇ ਨਵੀਨ ਢੰਗ ਨਾਲ, ਆਵਾਜਾਈ ਦੇ ਆਧੁਨਿਕ ਸਾਧਨ, ਸੰਚਾਰ ਸਾਧਨਾਂ, ਬੁਹ-ਕੌਮੀ ਕੰਪਨੀਆਂ ਦਾ ਪਾਸਾਰ ਅਤੇ ਸੂਚਨਾ ਤਕਨਾਲੋਜੀ ਆਦਿ ਦਾ ਪੰਜਾਬੀ ਰਹਿਣ-ਸਹਿਣ ਉੱਪਰ ਪ੍ਰਭਾਵ ਪਿਆ ਹੈ। ਇਸੇ ਹੀ ਤਰ੍ਹਾਂ ਘਰੇਲੂ ਪਸ਼ੂ ਵੀ ਪੰਜਾਬ ਦੀ ਖੇਤੀ ਅਤੇ ਪੰਜਾਬ ਦੇ ਸਭਿਆਚਾਰ ਦਾ ਅਟੁੱਟ ਅੰਗ ਰਹੇ ਹਨ ਤੇ ਕਿਸੇ ਵੇਲੇ ਪੰਜਾਬ ਦੇ ਲਗਭਗ 95 ਫੀਸਦ ਪੇਂਡੂ ਘਰਾਂ ਵਿਚ ਪਸ਼ੂ ਪਾਲੇ ਜਾਂਦੇ ਸਨ। ਹਰੀ ਕ੍ਰਾਂਤੀ ਵਾਂਗ ਹੀ ਡਾ. ਵੀ ਕੁਰੀਅਨ ਦੇ ਯਤਨਾਂ ਸਦਕਾ ਭਾਰਤ ਵਿਚ ਚਿੱਟੀ ਕ੍ਰਾਂਤੀ ਆਈ। ਪੰਜਾਬੀ ਖੇਤੀਬਾੜੀ ਵਿੱਚ ਕਦੀ ਪਸ਼ੂਆਂ ਦੀ ਬਹੁਤ ਮਹੱਤਤਾ ਸੀ। ਪਸ਼ੂਆਂ ਦੇ ਨਾਲ ਹੀ ਜ਼ਮੀਨ ਦੀ ਵਾਹੀ ਕੀਤੀ ਜਾਂਦੀ ਸੀ ਤੇ ਫਸਲਾਂ ਨੂੰ ਬੀਜਿਆ ਜਾਂਦਾ ਸੀ ਪਰ ਹਰੀ ਕ੍ਰਾਂਤੀ ਦੇ ਆਉਣ ਤੋਂ ਬਾਅਦ ਪੰਜਾਬੀ ਖੇਤੀਬਾੜੀ ਦੇ ਸੰਦਾਂ ਵਿੱਚ ਕਾਫੀ ਪਰਿਵਰਤਨ ਆਉਣੇ ਸ਼ੁਰੂ ਹੋ ਗਏ। ਪਸ਼ੂਆਂ ਦੀ ਥਾਂ ਟਰੈਕਟਰਾਂ ਨੇ ਲੈ ਲਈ। ਗੱਡਿਆਂ ਦੀ ਥਾਂ ਟਰੈਕਟਰ ਟਰਾਲੀ ਨੇ ਮੱਲ ਲਈ। ਟਰੈਕਟਰ ਬਨਾਮ ਗਾਂ ਕਵਿਤਾ ਵਿਚ ਕਵੀ ਗੁਰਮਾਨ ਸੈਣੀ ਲਿਖਦੇ ਹਨ:

ਸੌ ਗਾਵਾਂ ਨੂੰ ਇਕ ਟਰੈਕਟਰ

ਦਿਨ ਚੜ੍ਹਦੇ ਹੀ ਖਾ ਜਾਂਦਾ

ਹਲ, ਗੱਡੇ ਦੀ ਚੁੱਕ ਪੰਜਾਲੀ

ਜੋ ਕਿਸਾਨ ਦਾ ਅੱਧ ਬਣਦਾ ਸੀ

ਗਾਂ ਦੇ ਨਾਲ ਹੀ ਗਿਆ ਬਛੇਰਾ

ਘਰ ਅੰਦਰ ਆ ਗਿਆ ਟਰੈਕਟਰ

ਛੁੱਟ ਗਿਆ ਸਭ ਡੰਗਰ ਡੇਰਾ (**worldpunjabitimes.com)**

ਕਣਕ ਦੀ ਗਹਾਈ ਲਈ ਹੁਣ ਫਲੇ ਨਹੀਂ ਚਲਦੇ, ਥਰੈਸਰ ਹਨ, ਹਾਰਵੈਸਟ ਕੰਬਾਇਨ੍ਹਾਂ ਹਨ। ਜੇਕਰ ਕਿਸਾਨਾਂ ਦੀ ਆਰਥਿਕ ਸਥਿਤੀ ਦੇ ਉੱਪਰ ਨਜ਼ਰ ਮਾਰੀਏ ਤਾਂ ਦੋ ਪਹਿਲੂ ਸਾਡੇ ਸਾਹਮਣੇ ਆਉਂਦੇ ਹਨ। ਪਹਿਲਾ ਇਹ ਕਿ ਜਿੱਥੇ ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਵਿੱਚ ਮਸ਼ੀਨੀਕਰਨ ਅਤੇ ਤਕਨੀਕੀ ਵਿਕਾਸ ਨਾਲ ਖੇਤੀਬਾੜੀ ਅਤੇ ਪਸ਼ੂ ਧਨ ਵਿੱਚ ਮੁਨਾਫੇ ਦੇ ਇਸ ਵਧਦੇ ਰੁਝਾਨ ਨੇ ਕਿਸਾਨਾਂ ਦੀ ਜੀਵਨ ਸ਼ੈਲੀ ਤੇ ਵੀ ਪ੍ਰਤੱਖ ਅਸਰ ਪਾਇਆ। ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋ ਗਿਆ। ਪੱਕੇ ਘਰ ਅਤੇ ਮਹਿਲਨੁਮਾ ਫਾਰਮ ਹਾਊਸ, ਵੱਡੀਆਂ ਅਤੇ ਮਹਿੰਗੀਆਂ ਕਾਰਾਂ ਏ.ਸੀ. ਵੱਡੇ-ਵੱਡੇ ਮੈਰਿਜ ਪੈਲਿਸ ਅਤੇ ਹੋਟਲ ਵੱਡੇ, ਸਟੋਰਾਂ ਵਾਲੇ ਮਾਲ, ਪੁਲਾਂ ਦੇ ਵਿਛੇ ਹੋਏ ਜਾਲ, ਵੱਡੀਆਂ ਅਤੇ ਚੌੜੀਆਂ ਸੜਕਾਂ ਆਦਿ ਇਸ ਆਰਥਿਕ ਪਸਾਰੇ ਦੀ ਗਵਾਹੀ ਭਰਦੇ ਨਜ਼ਰ ਆਉਂਦੇ ਹਨ।

ਖੇਤੀ ਅਰਥਚਾਰੇ ਦੀ ਤਸਵੀਰ ਦੇ ਦੂਜੇ ਪਾਸੇ ਝਾਤ ਮਾਰਿਆ ਸਾਨੂੰ ਇਸ ਦਾ ਧੁੰਦਲਾ ਚਿਹਰਾ ਨਜ਼ਰ ਆਉਂਦਾ ਹੈ। ਵਿਸ਼ਵੀਕਰਣ ਦੇ ਆਰਥਿਕ ਵਰਤਾਰੇ ਨਾਲ ਜਿੱਥੇ ਵੱਡੇ ਕਿਸਾਨਾਂ ਨੂੰ ਮੁਨਾਫਾ ਹੋ ਰਿਹਾ ਹੈ। ਉੱਥੇ ਇਸਦੀਆਂ ਉਦਾਰੀਕਰਣ ਅਤੇ ਨਿੱਜੀਕਰਣ ਦੀਆਂ ਨੀਤੀਆਂ ਦੇ ਸ਼ਿਕਾਰ ਖੇਤ ਮਜ਼ਦੂਰ ਅਤੇ ਨਿਮਨ ਵਰਗ ਦੇ ਕਿਸਾਨ ਕਰਜ਼ਿਆਂ ਦੇ ਬੋਝ ਥੱਲੇ ਦੱਬ ਕੇ ਖੁਦਕੁਸ਼ੀਆਂ ਦੇ ਰਾਹੇ ਪਏ ਹੋਏ ਹਨ। '***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ-ਖੇਤੀ ਸੰਕਟ ਤੇ ਖੇਤੀ ਕਾਨੂੰਨ'*** ਪੁਸਤਕ ਜਿਸ ਦੇ ਸੰਪਾਦਕ ਡਾ. ਸੁਰਜੀਤ ਬਰਾੜ ਹਨ ਵਿਚ ਡਾ. ਅਰਵਿੰਦਰ ਕੌਰ ਕਾਕੜਾ ਆਪਣੇ ਲੇਖ ਜ਼ੱਰਈ ਸੰਕਟ, ਕਰਜ਼ਦਾਰੀ ਤੇ ਖ਼ੁਦਕੁਸ਼ੀਆਂ ਵਿਚ ਮਸ਼ੀਨੀਕਰਨ ਤੇ ਤਕਨੀਕੀ ਵਿਕਾਸ ਦੇ ਖੋਖਲੇ ਦਾਅਵੇ ਉੱਪਰ ਚੋਟ ਕਰਦੇ ਹੋਏ ਲਿਖਦੇ ਹਨ:

> ਥੋੜੀ ਜ਼ਮੀਨ ਦੇ ਮਾਲਕ ਕਿਸਾਨਾਂ ਨੇ ਮਸ਼ੀਨੀਕਰਨ ਦਾ ਵੱਧ ਤੋਂ ਵੱਧ ਫਾਇਦਾ ਲੈਣ ਲਈ ਵੱਡੇ-ਵੱਡੇ ਟਰੈਕਟਰ, ਮੋਟਰਾਂ ਤੇ ਹੋਰ ਮਸ਼ੀਨਾਂ ਖਰੀਦੀਆਂ, ਜਿਸ ਨੇ ਉਨ੍ਹਾਂ ਉੱਪਰ ਵਿੱਤੀ ਬੋਝ ਵਧਾਇਆ। ਮਸ਼ੀਨੀਕਰਨ ਨੇ ਕਿਸਾਨਾਂ ਦੇ ਕੰਮ ਦਾ ਢੰਗ ਜਿੱਥੇ ਸੁਖਾਲਾ ਬਣਾਇਆ ਉੱਥੇ ਸਰੀਰਕ ਤੌਰ ਤੇ ਉਨ੍ਹਾਂ

ਨੂੰ ਨਕਾਰਾ ਵੀ ਬਣਾ ਦਿੱਤਾ। ਉਹ ਕਿਰਤ ਕਰਨ ਦੀ ਆਦਤ ਤੋਂ ਬੇਮੁੱਖ ਹੋ ਕੇ ਰਹਿਣ ਲੱਗੇ। ਜਿਸ ਕਰਕੇ ਵੀ ਉਨ੍ਹਾਂ ਉੱਪਰ ਲਾਗਤ ਦਾ ਬੋਝ ਤਿੱਖਾ ਹੋਇਆ। (***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ-ਖੇਤੀ ਸੰਕਟ ਤੇ ਖੇਤੀ ਕਾਨੂੰਨ*** **124)**

ਖਪਤਵਾਦੀ ਸਭਿਆਚਾਰ ਦੇ ਵਧਣ ਨਾਲ ਸਮਾਜਿਕ ਰਿਸ਼ਤਿਆਂ ਦੀਆਂ ਤੰਦਾਂ ਹੋਰ ਵੀ ਕੱਚੀਆਂ ਹੋ ਗਈਆਂ ਹਨ। ਸਵਰਾਜ ਸਿੰਘ ਆਪਣੇ ਲੇਖ '**ਖਪਤਵਾਦੀ ਸਭਿਆਚਾਰ ਨੇ ਕੀਤਾ ਮਨੁੱਖੀ ਰਿਸ਼ਤਿਆਂ ਦਾ ਮੰਡੀਕਰਨ**' ਵਿਚ ਲਿਖਦੇ ਹਨ: "ਸਾਡੇ ਰਵਾਇਤੀ ਰਿਸ਼ਤੇ ਬਹੁਪੱਖੀ ਸਨ, ਜਿਨ੍ਹਾਂ ਵਿਚ ਸਭਿਆਚਾਰ, ਵਿਰਾਸਤ, ਕਦਰਾਂ-ਕੀਮਤਾਂ ਅਤੇ ਆਰਥਿਕ ਸਾਂਝ ਆਦਿ ਸ਼ਾਮਿਲ ਸਨ। ਪਰ ਸਰਮਾਏਦਾਰੀ ਨੇ ਇਨ੍ਹਾਂ ਬਹੁਪੱਖੀ ਰਿਸ਼ਤਿਆਂ ਨੂੰ ਇਕ-ਲਕੀਰੀ ਬਣਾ ਦਿੱਤਾ ਹੈ। ਪੈਸਾ ਹੀ ਮਨੁੱਖੀ ਰਿਸ਼ਤਿਆਂ ਦਾ ਇਕੋ-ਇਕ ਅਧਾਰ ਰਹਿ ਗਿਆ ਹੈ।" ਸੋ ਇਸ ਖਪਤਵਾਦੀ ਸਭਿਆਚਾਰ ਦਾ ਅਸਰ ਵੀ ਖੇਤੀ ਸਭਿਆਚਾਰ ਲਈ ਘਾਤਕ ਸਿੱਧ ਹੋਇਆ। ਸਮੁੱਚੇ ਤੌਰ 'ਤੇ ਪੰਜਾਬ ਦਾ ਖੇਤੀ ਅਰਥਚਾਰਾ ਸੰਕਟ ਵਿੱਚ ਗ੍ਰਸਿਆ ਹੈ ਤੇ ਇਸ ਦਾ ਸਭਿਆਚਾਰ ਤੇ ਵੀ ਪ੍ਰਭਾਵ ਪੈ ਰਿਹਾ ਹੈ।

ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਦਸ਼ਾ ਦੀ ਪੇਸ਼ੀਨਗੋਈ ਸਭਿਆਚਾਰਕ ਇਤਿਹਾਸ ਦੀ ਪਿੱਠਭੂਮੀ ਵਿਚ ਰੱਖ ਕੇ ਕੀਤੀ ਜਾ ਸਕਦੀ ਹੈ। ਕੋਈ ਵੀ ਸੰਕਟ ਕਿਸੇ ਘਟਨਾ ਦੇ ਤੁਰੰਤ ਪ੍ਰਭਾਵ ਦੇ ਫਲਸਰੂਪ ਤਿਆਰ ਨਹੀਂ ਹੋ ਜਾਂਦਾ ਸਗੋਂ ਇਕ ਲੰਮਾ ਸਮਾਂ ਤੇ ਬਹੁਤ ਸਾਰੇ ਕਾਰਨ ਉਸ ਸੰਕਟ ਨੂੰ ਜਨਮ ਦਿੰਦੇ ਹਨ। ਅੱਜ ਦੀ ਕਿਸਾਨੀ ਦੀ ਦਸ਼ਾ ਅਤੇ ਦਿਸ਼ਾ ਵੇਖੀਏ ਤਾਂ ਕਿਸਾਨੀ ਦੇ ਨਿਘਾਰ ਵੱਲ ਨੂੰ ਜਾਣ ਦੇ ਕਈ ਕਾਰਨ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚੋਂ ਇਕ ਮਹੱਤਵਪੂਰਣ ਕਾਰਨ ਸਭਿਆਚਾਰ ਨਾਲ ਜੁੜੇ ਹੋਏ ਹਨ। ਦਰਅਸਲ ਸਭਿਆਚਾਰਕ ਕਾਰਨਾਂ ਵਿਚ ਉਹ ਕਾਰਨ ਹਨ ਜੋ ਮਨੁੱਖ ਨੇ ਆਪਣੇ ਹੱਥੀਂ ਸਹੇੜੇ ਹਨ। ਪੰਜਾਬੀ ਸਮਾਜ ਵਿਚ ਦਿਖਾਵੇ ਦੀ ਪ੍ਰਥਾ ਬਹੁਤ ਹਾਵੀ ਹੋਈ ਹੈ। ਸਭਿਆਚਾਰ ਦੇ ਵੱਖ-ਵੱਖ ਅੰਗਾਂ ਜਿਵੇਂ ਰੀਤੀ-ਰਿਵਾਜ਼, ਖਾਣ ਪੀਣ, ਪਹਿਰਾਵਾ, ਲੋਕ ਵਿਸ਼ਵਾਸਾਂ, ਲੋਕ-ਧੰਦੇ, ਲੋਕ-ਸੰਗੀਤ, ਲੋਕ-ਵਿਸ਼ਵਾਸ ਆਦਿ ਵਿਚ ਬਹੁਤ ਪਰਿਵਰਤਨ ਆ ਗਏ ਹਨ। ਸਭਿਆਚਾਰ ਦੇ ਇਹ ਅੰਗ ਪੱਛਮੀ ਸਭਿਅਤਾ ਦੇ ਦੁਸ਼ ਪ੍ਰਭਾਵਾਂ ਤੋਂ ਨਹੀਂ ਬਚ ਸਕੇ। ਸੋ ਪਰਿਵਰਤਨਾਂ ਦੇ ਨਾਲ-ਨਾਲ ਇਨ੍ਹਾਂ ਵਿਚ

ਬਹੁਤ ਸਾਰੀਆਂ ਕੁਰੀਤੀਆਂ ਵੀ ਆ ਗਈਆਂ ਹਨ ਜਿਸ ਦੇ ਫਲਸਰੂਪ ਆਮ ਜੀਵਨ ਤੇ ਵਿਸ਼ੇਸ਼ਕਰ ਪੰਜਾਬੀ ਕਿਸਾਨੀ ਦੀ ਸਥਿਤੀ ਨੂੰ ਬਹੁਤ ਢਾਅ ਲੱਗੀ ਹੈ। ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਤਕਨਾਲੋਜੀ ਦੇ ਹੋ ਰਹੇ ਵਿਕਾਸ ਨੇ ਕਿਸਾਨੀ ਨੂੰ ਨਵੀਂ ਗਤੀ ਤਾਂ ਪ੍ਰਦਾਨ ਕੀਤੀ ਹੈ ਪ੍ਰੰਤੂ ਇਸ ਦਾ ਨੁਕਸਾਨ ਪੇਂਡੂ ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਆਈ ਗਿਰਾਵਟ ਦੇ ਰੂਪ ਵਿਚ ਚੁਕਾਉਣਾ ਪਿਆ ਹੈ।

### 2.1.1 ਸਮਕਾਲੀ ਪੰਜਾਬੀ ਕਵਿਤਾ: ਵਿਸ਼ਵ ਸਭਿਆਚਾਰ ਅਤੇ ਕਿਸਾਨੀ ਸੰਕਟ

ਸਮਕਾਲੀ ਦੌਰ ਪੱਛਮੀਕਰਨ ਦਾ ਸਭ ਤੋਂ ਵੱਧ ਪ੍ਰਭਾਵ ਕਬੂਲਦਾ ਹੈ। ਇਸ ਪੱਛਮੀਕਰਨ ਦੇ ਅੰਤਰਗਤ ਅਤਿ ਆਧੁਨਿਕ ਸੰਚਾਰ ਮਾਧਿਅਮ, ਉਦਯੋਗਿਕ ਕ੍ਰਾਂਤੀਆਂ, ਸੋਸ਼ਲ ਮੀਡੀਆ, ਸ਼ਹਿਰੀਕਰਨ ਆਦਿ ਕੁੱਝ ਅਜਿਹੇ ਵਰਤਾਰੇ ਹਨ ਜਿਨ੍ਹਾਂ ਕਾਰਨ ਪੰਜਾਬੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ, ਵਿਸ਼ਵਾਸਾਂ, ਜੀਵਨ-ਮੁੱਲਾਂ ਅਤੇ ਦ੍ਰਿਸ਼ਟੀਕੋਣਾਂ ਵਿਚ ਵਿਆਪਕ ਤਬਦੀਲੀਆਂ ਆਈਆਂ ਹਨ। ਵਿਸ਼ਵੀਕਰਨ ਦੀ ਤੇਜ ਰਫ਼ਤਾਰ ਨੇ ਪੂਰੇ ਸੰਸਾਰ ਨੂੰ ਇਕ-ਦੂਜੇ ਦੇ ਬਹੁਤ ਨਜ਼ਦੀਕ ਲੈ ਆਉਂਦਾ ਹੈ। ਜਿਸ ਨਾਲ ਵੱਖ-ਵੱਖ ਮੁਲਕਾਂ ਦੇ ਸਭਿਆਚਾਰ ਆਪਸ ਵਿਚ ਘੁਲ-ਮਿਲ ਗਏ ਹਨ। ਪ੍ਰੰਤੂ ਅਸਲ ਵਿਚ ਇਹ ਸਭਿਆਚਾਰਕ ਰਲਾਅ ਨਹੀਂ ਸਗੋਂ ਪੱਛਮੀ ਮੁਲਕਾਂ ਦੀ ਸੋਚੀ ਸਮਝੀ ਨੀਤੀ ਹੈ, ਜਿਸ ਰਾਹੀਂ ਅਲਪ ਵਿਕਸਿਤ, ਵਿਕਾਸਸ਼ੀਲ, ਤੇ ਗਰੀਬ ਪੱਛੜੇ ਹੋਏ ਮੁਲਕਾਂ ਉੱਪਰ ਪੱਛਮੀ ਸਭਿਆਚਾਰ ਥੋਪਿਆ ਜਾ ਰਿਹਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਸਰਦਾਰੀ ਪੱਛਮੀ ਮੁਲਕਾਂ ਦੇ ਹੱਥ ਵਿਚ ਸੀ ਇਸ ਲਈ ਪੱਛਮੀ ਸਭਿਆਚਾਰ ਨੂੰ ਉੱਚ-ਕੋਟੀ ਦੇ ਵਿਸ਼ਵ-ਸਭਿਆਚਾਰ ਦੇ ਰੂਪ ਵਿਚ ਉਭਾਰਨ ਦਾ ਯਤਨ ਕੀਤਾ ਗਿਆ। ਇਸ ਦੀ ਇਕ ਮਿਸਾਲ ਪੰਜਾਬੀ ਸਭਿਆਚਾਰ ਉੱਪਰ ਪਏ ਪ੍ਰਭਾਵਾਂ ਤੋਂ ਦੇਖੀ ਜਾ ਸਕਦੀ ਹੈ। ਵਰਤਮਾਨ ਪੰਜਾਬੀ ਸਭਿਆਚਾਰ ਵਿਦੇਸ਼ੀ ਸਭਿਅਤਾ ਦੀ ਵਲਗਣ ਵਿਚੋਂ ਨਹੀਂ ਨਿਕਲ ਪਾ ਰਿਹਾ। ਖੇਤੀਬਾੜੀ ਖੇਤਰ ਵਿਚ ਆਏ ਸੰਕਟ ਦਾ ਇਕ ਵੱਡਾ ਪ੍ਰਭਾਵ ਸਮਾਜਿਕ-ਸਭਿਆਚਾਰਕ ਜੀਵਨ ਸ਼ੈਲੀ ਉੱਪਰ ਪੈਂਦਾ

ਹੈ। ਇਸ ਗੱਲ ਦੀ ਪੁਸ਼ਟੀ ਡਾ. ਸੁਰਜੀਤ ਬਰਾੜ ਦੁਆਰਾ ਸੰਪਾਦਿਤ ਪੁਸਤਕ ਵਿਚ ਡਾ. ਗਿਆਨ ਸਿੰਘ ਆਪਣੇ ਲੇਖ '**ਪੰਜਾਬ ਦਾ ਖੇਤੀਬਾੜੀ ਸੰਕਟ: ਸੁਭਾਅ, ਕਾਰਨ ਅਤੇ ਸੰਭਾਵੀ ਹੱਲ**' ਵਿਚ ਇਸ ਪ੍ਰਕਾਰ ਕਰਦੇ ਹਨ:

> ਖੇਤੀਬਾੜੀ ਦੀ ਨਵੀਂ ਜੁਗਤ ਦੀ ਰੂਹ ਮੁਨਾਫ਼ਾ ਹੈ। ਮੁਨਾਫ਼ੇ ਨੇ ਸਮਾਜਿਕ-ਸਭਿਆਚਾਰਕ ਸਬੰਧਾਂ ਉੱਪਰ ਵੱਡੀ ਸੱਟ ਮਾਰੀ ਹੈ। ਸਾਂਝੀ, ਸੀਰੀ, ਆਵਤ, ਵਿੜੀ, ਸੇਪੀ ਆਦਿ ਜੋ ਨਿੱਘੇ ਸਮਾਜਿਕ ਸਬੰਧਾਂ ਦੀ ਤਰਜ਼ਮਾਨੀ ਕਰਦੇ ਸਨ, ਉਹ ਬੀਤੇ ਸਮੇਂ ਦੀਆਂ ਹਕੀਕਤਾਂ ਹੋ ਗਏ ਹਨ। ਇਸ ਜੁਗਤ ਨੂੰ ਅਪਣਾਉਣ ਤੋਂ ਪਹਿਲਾਂ ਪਿੰਡ ਦੇ ਅਮੀਰ ਕਿਸਾਨ ਪਿੰਡ ਦੇ ਹੋਰ ਵਰਗਾਂ ਜਿਵੇਂ ਗਰੀਬ ਕਿਸਾਨਾਂ, ਖੇਤੀ ਮਜ਼ਦੂਰਾਂ, ਛੋਟੇ ਪੇਂਡੂ ਕਾਰੀਗਰਾਂ ਅਤੇ ਹੋਰ ਲੋੜਵੰਦ ਲੋਕਾਂ ਦੀ ਹਰ ਸੰਭਵ ਮਦਦ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਔਖੇ ਸਮਿਆਂ ਵਿਚ ਉਨ੍ਹਾਂ ਨੂੰ ਧਰਵਾਸ ਵੀ ਦਿੰਦੇ ਸਨ। ਸਭਿਆਚਾਰਕ ਤੌਰ ਉੱਤੇ ਪੰਜਾਬ ਦੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ, ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਕਰਨ ਵਿਚ ਮਾਣ ਮਹਿਸੂਸ ਕਰਦੇ ਸਨ। (***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ-ਖੇਤੀ ਸੰਕਟ ਤੇ ਖੇਤੀ ਕਾਨੂੰਨ*** **149)**

ਸਮਕਾਲੀ ਦੌਰ ਵਿਚ ਪੀੜ੍ਹੀ-ਪਾੜਾ ਇਕ ਅਹਿਮ ਸਮੱਸਿਆ ਹੈ। ਅੱਜ ਦੀ ਪੀੜ੍ਹੀ ਆਪਣੇ-ਆਪ ਨੂੰ ਪੁਰਾਤਨ ਪੀੜ੍ਹੀ ਨਾਲੋਂ ਤੇਜ ਮੰਨਦੀ ਹੈ। ਇਹ ਤੇਜੀ ਅਸਲ ਵਿਚ ਉਨ੍ਹਾਂ ਦੇ ਜੀਵਨ ਦੀ ਚਾਲ ਵਿਚਲੀ ਤੇਜ ਰਫ਼ਤਾਰ ਹੈ। ਸੂਚਨਾ, ਵਿਗਿਆਨ ਤੇ ਤਕਨੀਕੀ ਵਿਕਾਸ ਨੇ ਆਧੁਨਿਕ ਪੀੜ੍ਹੀ ਨੂੰ ਤੇਜੀ ਪ੍ਰਦਾਨ ਕੀਤੀ ਹੈ, ਪ੍ਰੰਤੂ ਇਸ ਤੇਜੀ ਨੇ ਪੁਰਾਣੀ ਤੇ ਨਵੀਂ ਪੀੜ੍ਹੀ ਵਿਚ ਅਵਿਸ਼ਵਾਸ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਪੂੰਜੀਵਾਦ ਦੇ ਨਿਰੰਤਰ ਵਧਦੇ ਪ੍ਰਭਾਵ ਨਾਲ ਸਾਂਝੇ ਪਰਿਵਾਰਾਂ ਦੀ ਜਗ੍ਹਾ ਛੋਟੇ ਪਰਿਵਾਰਾਂ ਨੇ ਲੈ ਲਈ ਹੈ। ਰਣਜੀਤ ਸਿੰਘ ਘੁੰਮਣ ਪੁਸਤਕ '***ਪੰਜਾਬ ਦੀ ਆਰਥਿਕਤਾ***' ਵਿਚ ਰਾਇ ਦਿੰਦੇ ਹਨ ਕਿ "ਹਰੇ ਇਨਕਲਾਬ ਦੇ ਦੌਰ ਵਿਚ ਸਾਂਝੀ ਪਰਿਵਾਰਕ ਪ੍ਰਣਾਲੀ ਟੁੱਟੀ ਅਤੇ ਉਸ ਦੀ ਥਾਂ ਨਿਊਕਲੀਅਰ

ਪਰਿਵਾਰਕ ਪ੍ਰਣਾਲੀ ਨੇ ਲੈ ਲਈ। ਸਮਾਜਿਕ ਰਿਸ਼ਤੇ ਪਹਿਲਾਂ ਨਾਲੋਂ ਕਿਤੇ ਵੱਧ ਪਦਾਰਥਵਾਦੀ ਹੋ ਗਏ। ਫਲਸਰੂਪ ਪਹਿਲਾਂ ਵਾਲੀ ਅਪਣੱਤ, ਮੋਹ, ਪਿਆਰ, ਸ਼ਰਮ ਲਿਹਾਜ਼ ਨਹੀਂ ਰਹੀ।" 235

ਇੱਕੀਵੀਂ ਸਦੀ ਦੇ ਪਹਿਲੇ ਦੋ ਦਹਾਕੇ ਵਿਸ਼ਵੀਕਰਨ ਦੇ ਵੱਡੇ ਪ੍ਰਭਾਵ ਹੇਠਾਂ ਵਿਚਰੇ ਹਨ। ਇਸ ਪ੍ਰਭਾਵ ਅਧੀਨ ਸਮਾਜ, ਸਭਿਆਚਾਰ, ਸਾਹਿਤ ਅਤੇ ਮਨੁੱਖ ਆਪਣੀਆਂ ਪਰੰਪਰਾਵਾਂ ਤੋਂ ਨਿੱਖੜ ਕੇ ਨਵੇਂ ਰਾਹਾਂ ਤੇ ਤੁਰਦਾ ਹੈ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਕਵੀਆਂ ਨੇ ਵਿਸ਼ਵੀਕਰਨ ਦੇ ਵਿਰੋਧ ਵਿਚ ਆਪਣੇ ਸੁਰ ਬਹੁਤ ਉੱਚੇ ਨਹੀਂ ਕੀਤੇ ਪ੍ਰੰਤੂ ਦੂਜੇ ਦਹਾਕੇ ਵਿਚ ਖਾਸਕਰ ਕਿਸਾਨ ਅੰਦੋਲਨ ਦੇ ਬਹਾਨੇ ਰਾਸ਼ਟਰੀ ਪੱਧਰ ਤੇ ਵਿਸ਼ਵੀਕਰਨ ਦੇ ਪ੍ਰਤੀਰੋਧ ਵਿਚ ਹਾਜ਼ਰੀ ਲਗਵਾਈ। ਪਰੰਤੂ ਇਸ ਕਵਿਤਾ ਵਿਚ ਬਹੁਤੀ ਕਵਿਤਾ ਇਸ ਅੰਦੋਲਨ ਵਿਚ ਹਾਜਰੀ ਲਗਾਉਣ ਮਾਤਰ ਹੀ ਸੀ। ਕਿਸਾਨਾਂ, ਗੈਰ-ਕਿਸਾਨੀ ਧਿਰਾਂ ਤੇ ਸਿਰਜਕਾਂ ਨੇ ਮਣਾਂ-ਮੂੰਹੀ ਕਵਿਤਾ ਲਿਖੀ। ਅਜਿਹੀ ਕਵਿਤਾ ਵਿਚ ਕਈ ਥਾਈਂ ਕਾਵਾਤਮਿਕ ਅਨੁਭੂਤੀ ਦੀ ਅਣਹੋਂਦ ਹੈ। ਅਚਾਨਕ ਇਕ ਲੰਮਾ ਸਮਾਂ ਹਾਸ਼ੀਏ ਤੇ ਰਹੀ ਕਿਸਾਨੀ ਸਾਹਿਤਕ ਖੇਤਰ ਵਿਚ ਕੇਂਦਰੀ ਧੁਰਾ ਬਣ ਗਈ। ਫਿਰ ਵੀ ਬਹੁਤ ਸਾਰੇ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਕਿਸਾਨੀ ਦੇ ਦਰਦ ਤੇ ਕਿਸਾਨੀ ਸੰਕਟ ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਰੂਪਮਾਨ ਕਰਨ ਦਾ ਯਤਨ ਕੀਤਾ ਹੈ। ਇਸ ਅਧਿਆਇ ਵਿਚ ਅਸੀਂ ਅਜਿਹੀ ਸਮਕਾਲੀ ਕਵਿਤਾ ਦੀ ਪੜਚੋਲ ਕਰਾਂਗੇ। ਵਿਸ਼ਵ ਸਭਿਆਚਾਰ ਦੇ ਪ੍ਰਭਾਵ ਅਧੀਨ ਕਿਸਾਨਾਂ ਨੇ ਰਵਾਇਤੀ ਸਾਧਨਾ ਨੂੰ ਛੱਡ ਕੇ ਵਿਦੇਸ਼ੀ ਕੰਪਨੀਆਂ ਦੇ ਲੁਭਾਵੇ ਸਾਧਨਾਂ ਨੂੰ ਅਪਣਾਇਆ। ਵਿਸ਼ਵ ਮੰਡੀ ਨੇ ਲੋਕ ਮਨਾਂ ਵਿਚ ਅਜਿਹੀਆਂ ਲੁਭਾਵੀ ਚੀਜ਼ਾਂ ਪ੍ਰਤੀ ਆਕਰਸ਼ਣ ਪੈਦਾ ਕਰ ਦਿੱਤਾ ਹੈ। ਜਿਸ ਨੂੰ ਹੁਣ ਜੀਵਨ ਵਿਚੋਂ ਮਨਫ਼ੀ ਕਰਨਾ ਮੁਸ਼ਕਿਲ ਹੋ ਗਿਆ ਹੈ। ਆਪਣੀ ਰਚਨਾ '***ਹੰਭਲਾ ਮਾਰ ਕਿਸਾਨਾਂ***' ਵਿਚ 'ਵੇ ਤੈਨੂੰ ਪੱਟਿਆ ਰੀਸ ਨੇ' ਸਿਰਲੇਖ ਅਧੀਨ ਹਰਦਿਆਲ ਸਿੰਘ ਚੀਮਾ ਜ਼ਿਕਰ ਕਰਦੇ ਹਨ:

ਜਦੋਂ ਘਰ ਨਿਕਲੇ ਤਾਂ ਬਾਈਕ ਉੱਤੇ ਜਾਵੇਂ ਵੇ

ਦੁੱਧ ਪਾ ਕੇ ਡੇਅਰੀ ਤੇਲ ਉਹਦੇ 'ਚ ਪੁਆਵੇ ਵੇ

ਜਾਵੇ ਦਿਨੋ ਦਿਨ ਕਰਜ਼ੇ 'ਚ ਫਸਦਾ

ਵੇ ਤੈਨੂੰ ਪੱਟਿਆ ਰੀਸ ਨੇ-ਚੰਗਾ ਭਲਾ ਸੀ ਵਸਦਾ

ਵੇ ਤੈਨੂੰ ਪੱਟਿਆ ਰੀਸ ਨੇ

ਚਾਦਰੋਂ ਬੇਵਾਹਰਾ ਹੋ ਕੇ ਪੈਰ ਤੂੰ ਪਸਾਰ ਲੇ

ਘਰ ਦੇ ਹਾਲਾਤ ਪਹਿਲਾਂ ਨਾਲੋਂ ਵੀ ਵਿਗਾੜ ਲੇ

ਹੁਣ ਰਿਹਾ ਨਾ ਵੇ ਰੋਗ ਤੇਰੇ ਵੱਸ ਦਾ

ਵੇ ਤੈਨੂੰ ਪੱਟਿਆ ਰੀਸ ਨੇ-ਚੰਗਾ ਭਲਾ ਸੀ ਵਸਦਾ

ਵੇ ਤੈਨੂੰ ਪੱਟਿਆ ਰੀਸ ਨੇ 25

ਇਨ੍ਹਾਂ ਸਤਰਾਂ ਵਿਚ ਕਵੀ ਨੇ ਦੇਖਾ-ਦੇਖੀ ਜਾਂ ਰੀਸ ਨਾਲ ਜੀਵਨ ਸ਼ੈਲੀ ਵਿਚ ਆਏ ਬਦਲਾਅ ਨੂੰ ਮਿਸਾਲੀ ਤੌਰ ਤੇ ਮੁੱਢ ਵਿਚ ਰੱਖ ਕੇ ਮੱਧਵਰਗੀ ਪਰਿਵਾਰਾਂ ਦੀ ਤਰਸਯੋਗ ਹਾਲਤ ਨੂੰ ਬਿਆਨਣ ਦਾ ਯਤਨ ਕੀਤਾ ਹੈ। ਭਾਵੇਂ ਇਹ ਰਚਨਾਵਾਂ ਕਵਿਤਾ ਲਿਖਣ ਦੇ ਮਾਪਦੰਡਾਂ ਉੱਪਰ ਵਧੇਰੇ ਖਰਾ ਨਹੀਂ ਉਤਰਦੀਆਂ ਤੇ ਕਵਿਤਾ ਤੇ ਮੂਲ ਤੱਤਾਂ ਤੋ ਸੱਖਣੀਆਂ ਹਨ। ਪਰੰਤੂ ਕਵੀ ਦੁਆਰਾ ਵਿਸ਼ੇ ਨੂੰ ਪ੍ਰਧਾਨਤਾ ਦੇ ਕੇ ਉਪਜੀਆਂ ਪ੍ਰਸਥਿਤੀਆਂ ਦਾ ਯਥਾਰਥ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸੇ ਪੁਸਤਕ ਵਿਚ ਹਰਦਿਆਲ ਸਿੰਘ ਚੀਮਾ ਇਕ ਹੋਰ ਕਵਿਤਾ ਦੇ ਮਾਧਿਅਮ ਰਾਹੀਂ ਇਸ ਪ੍ਰਸਥਿਤੀ ਨੂੰ ਬਿਆਨਦੇ ਹਨ:

ਮਾਰੀ ਗਈ ਮੱਤ ਵੇਚ ਲਵੇਰੀ, ਤੂੰ ਬੰਦੂਕ ਲੈ ਆਇਓਂ ਵੇ

ਲਾਈ-ਲੱਗ ਫੂਕਾਂ ਦੇ-ਦੇ, ਤੂੰ ਪੁੱਠੇ ਰਾਹੇ ਪਾਇਓਂ ਵੇ

ਕੁੱਝ ਫੁਕਰੇ ਜੇਹੇ ਗਾਉਣ ਵਾਲਿਆਂ-

ਬਹੁਤਾ ਹੀ ਚਮਲਾਇਆ ਤੂੰ

ਕਰਜ਼ਾ ਲਿਆ ਟਰੈਕਟਰ ਲਈ ਪਰ-

ਜੀਪ ਲਿਆਇਆ ਤੂੰ 20

ਇਸ ਕਵਿਤਾ ਦੇ ਮਾਧਿਅਮ ਰਾਹੀਂ ਕਵੀ ਇਸ ਗੱਲ ਨੂੰ ਸਾਬਿਤ ਕਰਨ ਦਾ ਯਤਨ ਕਰਦਾ ਹੈ ਕਿ ਜਿੱਥੇ ਆਪਣੀਆਂ ਮੂਲ ਸਮੱਸਿਆਵਾਂ ਵਿਚ ਘਿਰਿਆ ਬੁਨਿਆਦੀ ਜ਼ਰੂਰਤਾ ਵੀ ਪੂਰੀਆਂ ਕਰਨ ਵਿਚ ਅਸਮਰਥ ਹੈ, ਉੱਥੇ ਹੀ ਲੋਕ-ਦਿਖਾਵੇ ਤੇ ਅਣਲੋੜੀਂਦੇ ਖਰਚ ਕਰਨ ਦੀ ਪ੍ਰਵਿਰਤੀ ਨੇ ਕਿਸਾਨੀ ਜੀਵਨ ਨੂੰ ਸੰਕਟਗ੍ਰਸਤ ਕੀਤਾ ਹੈ। ਬਹੁਤ ਸਾਰੇ ਗੀਤਕਾਰਾਂ ਤੇ ਗਾਇਕਾਂ ਨੇ ਵੀ ਇਸ ਸੰਕਟ ਨੂੰ ਆਪਣੇ ਗੀਤਾਂ ਰਾਹੀਂ ਦੁੱਗਣਾ ਕਰਨ ਵਿਚ ਵਿਸ਼ੇਸ਼ ਭੂਮਿਕਾ ਅਦਾ ਕੀਤੀ ਹੈ ਜੋ ਫ਼ੋਕੀ ਸ਼ਾਨੋ-ਸ਼ੋਕਤ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਹਨ।

ਡਾ. ਸੁਰਿੰਦਰ ਸਿੰਘ ਸਿੱਧੂ ਆਪਣੀ ਪੁਸਤਕ ***'ਕਿਸਾਨ ਖੁਦਕੁਸ਼ੀਆਂ '*** ਵਿੱਚ ਆਖਦੇ ਹਨ ਕਿ "ਇਹ ਛੋਟਾ ਕਿਸਾਨ, ਵੱਡਿਆਂ ਦੀ ਰੀਸ ਕਰਦਾ-ਕਰਦਾ ਆੜ੍ਹਤੀਏ ਤੇ ਬੈਂਕਾਂ ਦੇ ਚੱਕਰਵਿਊ ਵਿਚ ਐਸਾ ਫਸਿਆ ਕਿ ਇਸ ਵਿੱਚੋਂ ਨਿਕਲਣ ਦਾ ਖੁਦਕੁਸ਼ੀਆਂ ਦੇ ਸਿਵਾਏ ਹੋਰ ਕੋਈ ਰਾਹ ਹੀ ਨਾ ਰਿਹਾ"(55)। ਬਾਇਕ, ਮੋਟਰਸਾਇਕਲ ਵਿਸ਼ਵ ਮੰਡੀ ਦਾ ਇਕ ਉਪਕਰਨ ਹੈ ਜਿਸ ਦੀ ਖਪਤ ਵਿਕਾਸਸ਼ੀਲ ਮੁਲਕਾਂ ਵਿਚ ਵਧੇਰੇ ਹੈ। ਇਨ੍ਹਾਂ ਉਪਕਰਨਾਂ ਦੇ ਰੂਪ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਜਿੰਦਗੀ ਨੇ ਤੇਜ ਰਫਤਾਰ ਫੜੀ ਹੈ। ਇਸ ਰਫ਼ਤਾਰ ਵਿਚ ਕਈ ਸਭਿਆਚਾਰਕ ਕਦਰਾਂ-ਕੀਮਤਾਂ ਪਿੱਛੇ ਛੁੱਟ ਗਈਆਂ। ਚੰਗੇ ਬਦਲਾਅ ਤੇ ਚੰਗੀਆਂ ਪਰੰਪਰਾਵਾਂ ਨੂੰ ਜੀ ਆਇਆ ਨੂੰ ਕਹਿਣਾ ਬਣਦਾ ਹੈ, ਪ੍ਰੰਤੂ ਇਸ ਬਦਲਾਅ ਦੇ ਨਾਮ ਤੇ ਆ ਰਹੀਆਂ ਸਭਿਆਚਾਰਕ ਗਿਰਾਵਟਾਂ ਚਿੰਤਨ ਦਾ ਵਿਸ਼ਾ ਹਨ। ਜਿਵੇਂ ਉਪਰੋਕਤ ਕਵਿਤਾ ਵਿਚ ਕਵੀ ਨੇ ਰੀਸ ਜਾਂ ਦੂਜਿਆਂ ਦੀ ਨਕਲ ਕਾਰਨ ਹੋਈ ਸੰਕਟ ਗ੍ਰਸਤ ਸਥਿਤੀ ਦਾ ਚਿਤਰਣ ਕੀਤਾ ਹੈ। ਇਹ ਕਹਾਣੀ ਹਰ ਮੱਧਵਰਗੀ ਕਿਸਾਨ ਦੀ ਹੈ ਜੋ ਆਪਣੀ ਸਮਰੱਥਾ ਤੋਂ ਬਾਹਰਾ ਹੋ ਕੇ ਅਜਿਹੇ ਖਰਚ ਸਹੇੜ ਲੈਂਦਾ ਹੈ ਜਿਨ੍ਹਾਂ ਨੂੰ ਭੁਗਤਦਿਆਂ ਉਸ ਦਾ ਜੀਵਨ ਨਿਰੰਤਰ ਤੰਗੀਆਂ ਤੁਰਸ਼ੀਆਂ ਵੱਲ ਨੂੰ ਵੱਧਦਾ ਹੈ। ਇਸੇ ਹੀ ਤਰ੍ਹਾਂ ਮੋਹਨ ਗਿੱਲ ਪੁਰਾਣੇ ਪੰਜਾਬ ਦੀ ਤੁਲਨਾ ਅਜੋਕੇ ਸਮੇਂ ਨਾਲ ਕਰਦਾ ਹੋਇਆ ਸਾਡੇ ਸਭਿਆਚਾਰਕ ਵਿਰਸੇ ਵਿੱਚ ਆਏ ਬਦਲਾਵਾਂ ਤੇ ਸਾਡੇ ਖੇਤੀ ਕਰਨ ਦੇ ਤੌਰ

ਤਰੀਕਿਆਂ ਵਿਚ ਆਏ ਬਦਲਾਵਾਂ ਨੂੰ ਆਪਣੀ ਪੁਸਤਕ '***ਇਕ ਹੋਰ ਮਹਾਂਭਾਰਤ***' ਵਿਚ ਇਸ ਤਰ੍ਹਾਂ ਪੇਸ਼ ਕਰਦੇ ਹਨ:

ਹਲ ਤੇ ਪੰਜਾਲੀ ਟਰੈਕਟਰ ਵਿਚ ਬਦਲ ਗਈ

ਤੰਗਲੀ ਦਾਤਰੀ ਕੰਬਾਇਨਾਂ 'ਚ ਬਦਲ ਗਈ। 45

ਇਨ੍ਹਾਂ ਸਤਰਾਂ ਦੇ ਮਾਧਿਅਮ ਰਾਹੀਂ ਕਵੀ ਪੁਰਾਣੇ ਸਮੇਂ ਵਿਚ ਖੇਤੀ ਦੇ ਸਾਧਨ ਹਲ, ਤੰਗਲੀ, ਦਾਤਰੀ ਆਦਿ ਦੀ ਘੱਟਦੀ ਵਰਤੋਂ ਅਤੇ ਇਨ੍ਹਾਂ ਦੀ ਜਗ੍ਹਾ ਆਏ ਮਹਿੰਗੇ ਵੱਡੇ ਉਪਕਰਨਾਂ ਬਾਰੇ ਦੱਸਦੇ ਹਨ। ਹਲ, ਪੰਜਾਲੀ ਕੇਵਲ ਪੁਰਾਤਨ ਖੇਤੀ ਦੇ ਔਜ਼ਾਰ ਹੀ ਨਹੀਂ ਸਗੋਂ ਸਹਿਣਸ਼ੀਲਤਾ ਤੇ ਸਬਰ ਸੰਤੋਖ ਦਾ ਪ੍ਰਗਟਾਵਾ ਵੀ ਕਰਦੇ ਹਨ। ਤੰਗਲੀ, ਦਾਤਰੀ ਹੱਥੀਂ ਕੀਤੀ ਜਾਣ ਵਾਲੀ ਕਿਰਤ ਦਾ ਪ੍ਰਤੀਕ ਹਨ। ਹਲ, ਪੰਜਾਲੀ, ਤੰਗਲੀ ਤੇ ਦਾਤਰੀ ਦੀ ਵਰਤੋਂ ਨਾਲ ਸਾਰਾ ਪਰਿਵਾਰ ਖੇਤੀ ਕਾਰਜ ਵਿਚ ਯੋਗਦਾਨ ਦਿੰਦਾ ਤੇ ਇੰਞ ਇਹ ਸਭਿਆਚਾਰਕ ਸਾਂਝ ਦਾ ਬਿੰਬ ਉਘਾੜਦਾ ਪਰੰਤੂ ਇਸ ਦੇ ਉਲਟ ਟਰੈਕਟਰ, ਕੰਬਾਈਨਾਂ ਮਸ਼ੀਨੀਕਰਣ ਦੇ ਯੁੱਗ ਨੂੰ ਦਰਸਾਉਂਦੇ ਹਨ ਜਿਸ ਵਿਚ ਸਭਿਆਚਾਰਕ ਸਾਂਝ ਦੀ ਜਗਾਹ ਵੱਧ ਤੋਂ ਵੱਧ ਮੁਨਾਫਾ ਪ੍ਰਾਪਤ ਕਰਨ ਦੀ ਹੋੜ ਨੇ ਲੈ ਲਈ ਹੈ। ਇਕ ਹੋਰ ਪਹਿਲੂ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਜਰੂਰਤ ਤੋਂ ਜਿਆਦਾ ਮਸ਼ੀਨਰੀ ਦੀ ਖਰੀਦਦਾਰੀ ਨੇ ਵੀ ਕਿਸਾਨੀ ਨੂੰ ਪ੍ਰਭਾਵਿਤ ਕੀਤਾ ਹੈ। ਇਸ ਪ੍ਰਸੰਗ ਵਿਚ ਪਰਵਾਸੀ ਕਵੀ ਨਛੱਤਰ ਸਿੰਘ ਭੋਗਲ ਆਪਣੀ ਰਚਨਾ ਸਿਰਲੇਖ 'ਕਰਜ਼ਾ' ਹੇਠ ਲਿਖਦੇ ਹਨ:

ਕਰਜ਼ੇ ਉੱਤੇ ਲਿਆ ਟਰੈਕਟਰ

ਫਰਦਾਂ ਬੈਂਕ 'ਚ ਗਹਿਣੇ,

ਅਣਸੱਦੇ ਮਹਿਮਾਨਾਂ ਵਾਂਗ

ਕਿਸ਼ਤਾਂ ਰਹਿੰਦੀਆਂ ਆਕੇ।

ਕਮਾਈ ਥੋੜ੍ਹੀ, ਖਰਚੇ ਵਾਧੂ

ਅੜ੍ਹੰਭਦਾ ਖੀਸਾ ਖਾਲੀ,

ਪਾਂਧਾ ਹੌਲ਼ਾ, ਪੱਤਰੀ ਭਾਰੀ

ਰਹੂ ਕੋਈ ਚੰਦ ਚੜ੍ਹਾ ਕੇ। **(5abi.com)**

ਮਸ਼ੀਨੀਕਰਨ ਦੇ ਵਧਦੇ ਰੁਝਾਨ ਨੂੰ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਵਿਸ਼ਵੀਕਰਨ ਤੋਂ ਪਹਿਲਾਂ ਭਾਰਤ ਵਿਚ 1980 ਤੱਕ ਟਰੈਕਟਰਾਂ ਦੀ ਗਿਣਤੀ ਇਕ ਸਾਲ ਵਿਚ ਲਗਭਗ 1,40,000 ਟਰੈਕਟਰ ਸਨ, ਜੋ ਔਸਤਨ 1000 ਕਿਸਾਨਾਂ ਦੇ ਹਿੱਸੇ ਕੇਵਲ 2 ਟਰੈਕਟਰ ਆਉਂਦੇ ਸਨ ਪ੍ਰੰਤੂ ਵਿਸ਼ਵੀਕਰਨ ਦੇ ਸਮੇਂ ਤੋਂ ਇਹ ਰਫ਼ਤਾਰ ਤੇਜ਼ ਹੋ ਗਈ ਤੇ 1990 ਤੋਂ ਬਾਅਦ ਭਾਰਤ ਵਿਚ ਪ੍ਰਤੀ ਸਾਲ ਟਰੈਕਟਰਾਂ ਦੀ ਗਿਣਤੀ 2,70,000 ਹੋ ਗਈ। ਇਨ੍ਹਾਂ ਹੀ ਨਹੀਂ ਇਹ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ ਜੋ 2013 ਵਿਚ ਪ੍ਰਤੀ ਸਾਲ ਟਰੈਕਟਰ ਬਣਾਉਣ ਦੀ ਗਿਣਤੀ 6,19,000 ਹੋ ਗਈ ਜੋ ਵਿਸ਼ਵ ਦੇ ਕੁੱਲ ਟਰੈਕਟਰ ਉਤਪਾਦਨ ਦਾ 29% ਸੀ। 2023 ਤੱਕ ਪਹੁੰਚਦਿਆਂ ਭਾਰਤ ਵਿਚ ਪ੍ਰਤੀ ਸਾਲ ਟਰੈਕਟਰਾਂ ਨਿਰਮਾਣ ਦੀ ਗਿਣਤੀ ਲਗਭਗ 9 ਲੱਖ ਤੱਕ ਪਹੁੰਚ ਗਈ ਹੈ। ਹੁਣ ਸਵਾਲ ਇਹ ਵੀ ਉੱਠਦਾ ਹੈ ਕਿ ਕੀ ਸਚਮੁੱਚ ਇੰਨੇ ਜਿਆਦਾ ਟਰੈਕਟਰਾਂ ਦੀ ਜਰੂਰਤ ਹੈ ਜਾਂ ਕੇਵਲ ਝੂਠੇ ਦਿਖਾਵੇ ਜਾਂ ਇਕ-ਦੂਜੇ ਨੂੰ ਉੱਚਾ ਨੀਵਾਂ ਦਿਖਾਉਣ ਲਈ ਟਰੈਕਟਰਾਂ ਦੀ ਖਰੀਦ ਫਰੋਖਤ ਹੋ ਰਹੀ ਹੈ ਜਾਂ ਸਭਿਆਚਾਰਕ ਤੰਦਾਂ ਇੰਨੀਆਂ ਕੱਚੀਆਂ ਹੋ ਗਈਆਂ ਹਨ ਕਿ ਇਕ ਦੂਜੇ ਤੋਂ ਟਰੈਕਟਰ ਮੰਗਣ ਜਾਂ ਕਿਰਾਏ ਤੇ ਵਾਹੀ ਕਰਵਾਉਣ ਨੂੰ ਅਸੀਂ ਆਪਣੀ ਹੇਠੀ ਸਮਝ ਲੈਂਦੇ ਹਾਂ। ਕਾਰਨ ਭਾਵੇਂ ਕੋਈ ਵੀ ਹੋਵੇ ਪ੍ਰੰਤੂ ਇਸ ਦਾ ਨਤੀਜਾ ਕੇਵਲ ਇਕ ਨੂੰ ਹੀ ਭੁਗਤਣਾ ਪੈਂਦਾ ਹੈ ਤੇ ਉਹ ਹੈ ਕਿਸਾਨ ਨੂੰ। '***ਕਿਸਾਨੀ ਸੰਕਟ ਪਰਤ ਦਰ ਪਰਤ*** ' ਪੁਸਤਕ ਜਿਸ ਦੇ ਸੰਪਾਦਕ ਸਟਾਲਿਨਜੀਤ ਸਿੰਘ ਬਰਾੜ ਹਨ ਵਿਚ

ਜਗਵਿੰਦਰ ਜੋਧਾ ਆਪਣੇ ਲੇਖ ਕਿਸਾਨ ਅੰਦੋਲਨ: ਪੰਜਾਬ ਦਾ ਬਦਲਦਾ ਸਭਿਆਚਾਰਕ ਮੁਹਾਂਦਰਾ ਵਿਚ ਲਿਖਦੇ ਹਨ:

> ਵਿਸ਼ਵੀ ਪੂੰਜੀ ਨੇ ਪਿਛਲੇ ਤਿੰਨ ਦਹਾਕਿਆਂ ਤੋਂ ਸੰਸਾਰ ਦੇ ਵਿਕਾਸਸ਼ੀਲ ਖਿੱਤਿਆਂ ਦੇ ਸਭਿਆਚਾਰ ਨੂੰ ਖਪਤ ਤੇ ਬਾਜ਼ਾਰ ਦੀ ਵਿਆਕਰਨ ਅਨੁਸਾਰ ਢਾਲਣ ਦੀ ਕਵਾਇਦ ਜਾਰੀ ਰੱਖੀ ਹੈ। ਜੇ ਵਿਸ਼ਵੀਕਰਨ ਦਾ ਸਭਿਆਚਾਰਕ ਮੁਹਾਵਰਾ ਇਕ ਪਾਸੇ 'ਵਰਤੋ ਤੇ ਸੁੱਟੋ' ਦੇ ਖਪਤਕਾਰੀ ਉਦੇਸ਼ ਨਾਲ ਜੁੜਿਆ ਰਿਹਾ ਤਾਂ ਇਸਾ ਦਾ ਇਕ ਸਿਰਾ ਉਨ੍ਹਾਂ ਪਛਾਣਾਂ ਨੂੰ ਉਭਾਰਨ ਵੱਲ ਵੀ ਸੇਧਿਤ ਰਿਹਾ ਜੋ ਸਮਾਜ ਵਿਚ ਐਥਨਿਕ, ਸੰਪਰਦਾਇਕ, ਰਾਜਸੀ ਤੇ ਧਾਰਮਿਕ ਭੇਦਾਂ ਵੱਜੋਂ ਸਦਾ ਰਹਿੰਦੀਆਂ ਹਨ ਤੇ ਆਧੁਨਿਕਤਾ ਇਨ੍ਹਾਂ ਪਛਾਣਾ ਨੂੰ ਮਿਟਾ ਕੇ ਸਮਾਨ ਮਨੁੱਖੀ ਸਮਾਜ ਸਿਰਜਣ ਦਾ ਸੰਦ ਹੈ। (***ਕਿਸਾਨੀ ਸੰਕਟ ਪਰਤ ਦਰ ਪਰਤ*** 201)

ਸਾਦੇ ਘਰਾਂ ਵਿਚ ਰਹਿਣ ਵਾਲੇ ਕਿਸਾਨਾਂ ਨੇ ਅਚਾਨਕ ਹੀ ਵੱਡੀਆਂ-ਵੱਡੀਆਂ ਕੋਠੀਆਂ ਪਾ ਲਈਆਂ। ਇਕ ਦੂਜੇ ਦੀ ਰੀਸ ਵਿਚ ਮਹਿੰਗੇ ਸਾਜੋ ਸਮਾਨ ਨਾਲ ਇਨ੍ਹਾਂ ਘਰਾਂ ਨੂੰ ਭਰਿਆ ਗਿਆ, ਬਹੁਮੰਜਲੀ ਇਮਾਰਤਾਂ ਬਣਾਈਆਂ ਗਈਆਂ। ਪਰੰਤੂ ਇਹਨਾਂ ਘਰਾਂ ਦੀਆਂ ਇਮਾਰਤਾਂ ਜਿੰਨੀਆਂ ਵੱਡੀਆਂ ਹਨ ਉਨ੍ਹਾਂ ਹੀ ਵੱਡਾ ਕਰਜ਼ ਵੀ ਕਿਸਾਨ ਨੇ ਆਪਣੇ ਉੱਪਰ ਚੜ੍ਹਾ ਲਿਆ। ਵੱਡੇ ਘਰਾਂ ਦੇ ਬਾਵਜੂਦ ਪਰਿਵਾਰਾਂ ਦਾ ਆਕਾਰ ਪਹਿਲਾਂ ਵਾਂਗ ਵੱਡਾ ਨਹੀਂ ਰਿਹਾ। ਡਾ. ਧਰਮ ਸਿੰਘ ਆਪਣੇ ਇਕ ਲੇਖ 'ਕੰਮ ਸਭਿਆਚਾਰ ਤੋਂ ਟੁੱਟਦਾ ਜਾ ਰਿਹਾ ਜ਼ਿਮੀਂਦਾਰ ਭਾਈਚਾਰਾ' ਵਿਚ ਲਿਖਦੇ ਹਨ: "ਪਹਿਲਾਂ ਪ੍ਰਵਿਰਤੀ ਚਾਰ ਸਿਆੜ ਪਹਿਲੀ ਜ਼ਮੀਨ ਨਾਲ ਰਲਾਉਣ ਦੀ ਸੀ, ਹੁਣ ਉਨ੍ਹਾਂ ਚਾਰ ਸਿਆੜਾਂ ਨੂੰ ਵੇਚ ਕੇ ਵੱਡੀਆਂ ਕੋਠੀਆਂ ਪਾਉਣ ਨਵੀਆਂ ਤੇ ਵੱਡੀਆਂ ਕਾਰਾਂ ਖਰੀਦਣ, ਮਹਿੰਗੇ ਫ਼ਰਨੀਚਰ ਨਾਲ ਘਰ ਸਜਾਉਣ ਅਤੇ ਹੋਰ ਵਿਲਾਸੀ ਵਸਤੂਆਂ ਇਕੱਠੀਆਂ ਕਰਨ ਦੀ ਹੈ।" (ਪੰਨਾ 92) ਇਸੇ ਤਰਾਂ ਵਿਸ਼ਵ ਸਭਿਆਚਾਰ ਦਾ ਇਕ ਹੋਰ ਵੱਡਾ ਪ੍ਰਭਾਵ ਕਾਰਾਂ ਦੇ ਵੱਧਦੇ ਰੁਝਾਨ ਦੇ ਰੂਪ ਵਿਚ ਕਿਸਾਨੀ ਸਮਾਜ ਤੇ ਪਿਆ। ਮਹਿੰਗੀਆਂ ਵੱਡੀਆਂ ਕਾਰਾਂ ਰੱਖ ਕੇ ਆਪਣੇ ਆਪ ਨੂੰ ਇਕ-ਦੂਜੇ ਤੋਂ ਵੱਡਾ ਦਿਖਾਉਣ ਦੀ ਕੋਸ਼ਿਸ਼ਾਂ ਨੇ ਕਿਸਾਨਾਂ ਨੂੰ

ਕਰਜ਼ ਦੀ ਦਲਦਲ ਵਿਚ ਹੋਰ ਧੱਸ ਦਿੱਤਾ ਹੈ ਇਸੇ ਗੱਲ ਨੂੰ ਉਸੇ ਰਚਨਾ ਵਿਚ ਨਛੱਤਰ ਸਿੰਘ ਭੋਗਲ ਇਸ ਤਰਾਂ ਬਿਆਨਦਾ ਹੈ:

ਲੋਕਾਂ ਵੱਲੀ ਵੇਖੋ-ਵੇਖੀ

ਮਹਿਲ ਜਿਹੀ ਕੋਠੀ ਛੱਤੀ,

ਕਿਸ਼ਤਾਂ ਉੱਤੇ ਕਾਰ ਖਰੀਦੀ

ਖਾਨਿਉ ਅਕਲ ਗਵਾ ਕੇ। (**5abi.com**)

ਕਰਜ਼ਿਆਂ ਦੀ ਸਹਾਇਤਾ ਨਾਲ ਭਾਵੇਂ ਕੋਠੀਆਂ ਜਾਂ ਇਕ ਤਰ੍ਹਾਂ ਨਾਲ ਮਹਿਲ ਉਸਾਰ ਲਏ ਹਨ ਪਰੰਤੂ ਸਾਂਝੇ ਟੱਬਰ ਤੇ ਸਾਂਝੀਆਂ ਗੱਲਾਂ ਹੁਣ ਨਹੀਂ ਰਹੀਆਂ। ਭਾਈਚਾਰਕ ਸਾਂਝ ਦੀਆਂ ਤੰਦਾਂ ਟੁੱਟ ਗਈਆਂ ਹਨ ਜਾਂ ਕਿਧਰੇ ਬਹੁਤ ਵਿਰਲੀਆਂ ਰਹਿ ਗਈਆਂ ਹਨ। ਇਸ ਸਭਿਆਚਾਰਕ ਗਿਰਾਵਟ ਨੇ ਜਿੱਥੇ ਪਰਿਵਾਰਕ ਸੰਬੰਧਾਂ ਨੂੰ ਖੇਰੂ-ਖੇਰੂ ਕੀਤਾ ਹੈ, ਉੱਥੇ ਹੀ ਜਮੀਨ ਦੀਆਂ ਜੋਤਾਂ ਦਾ ਆਕਾਰ ਘਟਾ ਕੇ ਆਰਥਿਕ ਪੱਖ ਤੋਂ ਕਿਸਾਨੀ ਦਾ ਲੱਕ ਤੋੜਿਆ ਹੈ। ਸਭਿਆਚਾਰਕ ਸਾਂਝ ਤੇ ਭਾਈਚਾਰੇ ਦੇ ਘੱਟ ਹੋ ਜਾਣ ਦਾ ਇਕ ਨੁਕਸਾਨ ਇਹ ਵੀ ਹੋਇਆ ਹੈ ਕਿ ਨਿੱਕੇ-ਮੋਟੇ ਲੜ੍ਹਾਈ ਝਗੜੇ ਜੋ ਪਿੰਡਾਂ ਵਿਚ ਮੋਹਤਬਰ ਜਾਂ ਪੰਚਾਇਤਾਂ ਦੁਆਰਾ ਨਿਬੇੜ ਦਿੱਤੇ ਜਾਂਦੇ ਸਨ ਉਹ ਅੱਜਕੱਲ੍ਹ ਕਚਿਹਰੀਆਂ ਤੇ ਅਦਾਲਤਾਂ ਤੱਕ ਪੁੱਜਦੇ ਹਨ ਜਿੱਥੇ ਵਕੀਲਾਂ ਦੀਆਂ ਮਣਾ-ਮੂੰਹੀ ਫੀਸਾਂ ਭਰੀਆਂ ਜਾਂਦੀਆਂ ਹਨ ਤੇ ਕਿਸਾਨੀ ਜੋ ਪਹਿਲਾਂ ਤੋਂ ਹੀ ਮੰਦੇ ਹਾਲਤਾਂ ਵਿਚ ਗੁਜ਼ਰ ਰਹੀ ਹੈ ਨੂੰ ਹੋਰ ਭਿਆਨਕ ਹਾਲਤਾਂ ਦੇ ਰੂ ਬਰ ਰੂ ਕਰਵਾਇਆ ਹੈ। ਇਸ ਵਿਸ਼ਵ ਸਭਿਆਚਾਰਕ ਦੇ ਪ੍ਰਭਾਵ ਅਧੀਨ ਆਈਆਂ ਅਥਾਹ ਤਬਦੀਲੀਆਂ ਨੂੰ ਆਪਣੀ ਇਕ ਕਵਿਤਾ (ਬੋਲੀਆਂ) ਦੇ ਰੂਪ ਵਿਚ ਕਵੀ ਰਾਮ ਸਿੰਘ ਹਠੂਰ ਆਪਣੇ ਕਾਵਿ ਸੰਗ੍ਰਹਿ ***'ਹੈ ਅਜੇ ਹਨੇਰਾ '*** ਵਿਚ ਇੰਞ ਬਿਆਨਦੇ ਹਨ:

ਰਾਇਆ! ਰਾਇਆ! ਰਾਇਆ!

ਦਸ ਕਿੱਲੇ ਠੇਕੇ 'ਤੇ ਝੋਨਾ ਡੁੱਬ ਗਿਆ ਦੁਬਾਰਾ ਲਾਇਆ

ਪਹਿਲਾਂ ਪੈਸੇ ਲੈ ਕੇ ਸਾਲ ਦੇ ਭਈਆ ਭੱਜ ਗਿਆ ਅਜੇ ਨਾ ਆਇਆ

ਦੋ ਕਿੱਲੇ ਗਹਿਣੇ ਧਰ ਕੇ ਮੁੰਡਾ ਪੈਲਿਸ ਵਿਚ ਵਿਆਹਿਆ

ਕਰਜ਼ਾ ਸਿਰ ਹੋ ਗਿਆ ਠੇਕਾ ਮੰਗਦਾ ਨਗਦ ਅਜੇ ਤਾਇਆ

ਲੋਨ ਲਿਆ ਫੋਰਡ 'ਤੇ ਘਰ ਬੈਂਕ ਦਾ ਮੈਨੇਜਰ ਆਇਆ

ਸੋਚਾਂ ਵਿੱਚ ਰਹੇ ਡੁੱਬਿਆ ਚਿਹਰਾ ਜੱਟ ਦਾ ਰਹੇ ਕੁਮਲਾਇਆ

ਹਾਰਟ-'ਟੈਕ ਹੋ ਕੇ ਮਰਿਆ, ਬਿਸ਼ਨੋ ਜੱਟ ਦਾ ਜਾਇਆ

ਹਾਰਟ-'ਟੈਕ ਹੋ ਕੇ ਮਰਿਆ............ 20

ਇਸ ਕਾਵਿ ਬੋਲੀ ਵਿਚ ਸਮੁੱਚੇ ਕਿਸਾਨੀ ਦਰਦ ਨੂੰ ਅਜੋਕੀ ਰੰਗਤ ਵਿਚ ਪੇਸ਼ ਕਰਕੇ ਅਜੋਕੇ ਜੱਟ (ਕਿਸਾਨ) ਦੀ ਦੁੱਖ ਭਰੀ ਵਿਥਿਆ ਦਾ ਕਰੁਣਾ ਮਈ ਚਿਤਰਣ ਕਵੀ ਰਾਮ ਸਿੰਘ ਹਠੂਰ ਨੇ ਕੀਤਾ ਹੈ। ਜਿੱਥੇ ਇਹ ਰਚਨਾ ਕਿਸਾਨੀ ਉੱਪਰ ਪੈ ਰਹੀ ਕੁਦਰਤ ਦੀ ਮਾਰ, ਵਿਸ਼ਵ ਸਭਿਆਚਾਰ ਦੇ ਪ੍ਰਭਾਵ ਅਧੀਨ ਧਨ-ਪ੍ਰਧਾਨ ਸਮਾਜ ਵਿਚ ਮਨੁੱਖੀ ਆਚਰਣ ਤੇ ਰਿਸ਼ਤਿਆਂ ਵਿਚ ਆਈ ਗਿਰਾਵਟ ਦੀ ਗੱਲ ਕਰਦੀ ਹੈ ਉੱਥੇ ਹੀ ਆਪ ਮੁਹਾਰੇ ਸਹੇੜੇ ਦੁੱਖ ਜਿੰਨਾ ਵਿਚ ਫੋਕੀ ਸ਼ਾਨੋ-ਸ਼ੋਕਤ ਆਦਿ ਦਾ ਜ਼ਿਕਰ ਵੀ ਕਰਦੀ ਹੈ।

ਮੋਟਰ-ਕਾਰਾਂ ਦੇ ਵਧੇ ਰੁਝਾਨ ਨੇ ਜਿੰਦਗੀ ਦੀ ਰਫਤਾਰ ਤਾਂ ਤੇਜ਼ ਕਰ ਦਿੱਤੀ ਹੈ ਪਰੰਤੂ ਸਹਿਣਸ਼ੀਲਤਾ ਵਿਚ ਕਮੀ ਲੈ ਆਉਂਦੀ ਹੈ। ਪਹਿਲਾਂ-ਪਹਿਲ ਕਿਸਾਨ ਘਰਾਂ ਵਿਚ ਕਿਤੇ ਵਿਰਲੇ ਕੋਲ ਹੀ ਕਾਰ ਦੀ ਸਹੂਲਤ ਹੁੰਦੀ ਸੀ, ਉਸ ਕਾਰ ਦੀ ਵਰਤੋਂ ਆਂਢ-ਗੁਆਂਢ ਵੀ ਕਰ ਲੈਂਦਾ ਸੀ। ਫਿਰ ਜਦੋਂ

ਕਾਰ ਰੱਖਣਾ ਆਮ ਜਿਹੀ ਗੱਲ ਹੋਣ ਲੱਗੀ ਤਾਂ ਸਾਰੇ ਪਰਿਵਾਰ ਕੋਲ ਇਕ ਹੀ ਕਾਰ ਹੁੰਦੀ ਸੀ ਜਿਸ ਵਿਚ ਸਾਰੇ ਪਰਿਵਾਰ ਨੇ ਇਕੱਠਿਆ ਜਾਣਾ ਹੁੰਦਾ ਸੀ। ਪਰੰਤੂ ਅਜੋਕੇ ਦੌਰ ਵਿਚ ਇਕ-ਇਕ ਘਰ ਵਿਚ 2 ਜਾਂ ਇਸ ਤੋਂ ਵੀ ਵੱਧ ਕਾਰਾਂ ਜਾਂ ਗੱਡੀਆਂ ਹਨ ਜਿਸ ਦੇ ਫਲਸਰੂਪ ਆਪਸੀ ਪਿਆਰ ਤੇ ਸਭਿਆਚਾਰਕ ਸਾਂਝ ਪਹਿਲਾਂ ਨਾਲੋਂ ਘੱਟ ਹੋ ਰਹੀ ਹੈ। ਪੰਜਾਬੀ ਗੀਤਾਂ ਵਿਚ ਜੱਟ (ਕਿਸਾਨ) ਦਾ ਅਕਸ ਕੋਈ ਬਹੁਤ ਚੰਗਾ ਨਹੀਂ ਦਿਖਾਇਆ ਜਾਂਦਾ। ਫੋਕੀ ਸ਼ਾਨੋ-ਸ਼ੋਕਤ ਦਿਖਾਉਣ ਦਾ ਕੋਈ ਮੌਕਾ ਖੁੰਜਣ ਨਹੀਂ ਦਿੱਤਾ ਜਾਂਦਾ। ਆਤਮਾ ਸਿੰਘ ਚਿੱਟੀ ਆਪਣੀ ਪੁਸਤਕ '***ਖੇਤਾਂ ਦਾ ਰਾਜਾ*** ' ਵਿਚ ਦਰਜ ਕਵਿਤਾ ਹਿੰਮਤ ਰੱਖ ਕਿਸਾਨਾਂ ਵਿਚ ਲਿਖਦੇ ਹਨ:

> ਗੀਤਾਂ ਦੇ ਵਿਚ ਗਾਉਣ ਵਾਲਿਆਂ, ਅਮੀਰ ਬਣਾਇਆ ਹੈ।
>
> ਕੋਠੀਆਂ ਕਾਰਾਂ ਹੈਣ ਵੱਡੀਆਂ, ਅਰਸ਼ ਚੜ੍ਹਾਇਆ ਹੈ।
>
> ਕੁੱਝ ਨਾ ਪੱਲੇ ਪੈਂਦਾ ਜੱਟਾ, ਹਰ ਪਾਸੇ ਨੁਕਸਾਨ ਦਿਸੇ।
>
> ਦਵਾਈਆਂ, ਖਾਦਾਂ ਮਹਿੰਗੀਆਂ ਹੋਈਆਂ, ਟੱਬਰ ਵੀ ਪਰੇਸ਼ਾਨ ਦਿਸੇ। 66

ਲੰਮੇ ਸਮੇਂ ਤੋਂ ਪੰਜਾਬੀ ਕਲਾਕਾਰਾਂ ਦੁਆਰਾ ਆਪਣੇ ਗੀਤਾਂ ਵਿਚ ਇਸ ਬਾਜ਼ਾਰਵਾਦੀ ਸਭਿਆਚਾਰ ਨੂੰ ਫਜ਼ੂਲ ਤਵੱਜੋ ਦਿੱਤੀ ਗਈ ਹੈ ਜਿਸ ਕਾਰਨ ਇਸ ਝੂਠੀ ਸ਼ਾਨੋ-ਸ਼ੋਕਤ ਵੱਲ ਨੌਜਵਾਨ ਪੀੜ੍ਹੀ ਦਾ ਰੁਝਾਨ ਵਧਿਆ ਹੈ। ਤੇ ਨੌਜਵਾਨ ਕਿਰਤ ਦੇ ਮਹੱਤਵ ਤੋਂ ਸੱਖਣੇ ਹੋ ਕੇ ਇਸ ਛਿਨ-ਪੰਗਰੀ ਸਭਿਆਚਾਰ ਵੱਲ ਧੱਸ ਰਹੇ ਹਨ। ਇਸੇ ਦਰਦ ਨੂੰ ਕਵੀ ਸੁੱਖਵਿੰਦਰ ਸਿੰਘ ਬੋਦਲਾਂਵਾਲਾ ਆਪਣੇ ਕਾਵਿ ਸੰਗ੍ਰਹਿ '***ਹੂਕ ਪੰਜਾਬ ਦੀ*** ' ਵਿਚ ਕਵਿਤਾ ਕੀ ਗਾਈ ਜਾਂਦੇ ਹੋ ਸਿਰਲੇਖ ਅਧੀਨ ਇਸ ਤਰ੍ਹਾਂ ਬਿਆਨਦੇ ਹਨ:

> ਅਸੀਂ ਜ਼ਿਮੀਂਦਾਰਾਂ ਦੇ ਮੁੰਡੇ, ਨਾ ਮੁਸ਼ਟੰਡੇ ਤੇ ਨਾ ਅਸੀਂ ਗੁੰਡੇ
>
> ਕਾਹਤੋਂ ਗੀਤਾਂ ਦੇ ਵਿੱਚ, ਸਾਡੇ ਹੱਥ ਹਥਿਆਰ ਫੜਾਈ ਜਾਂਦੇ ਹੋ।

ਅਸੀਂ ਵਾਰਿਸ ਭਗਤ ਸਰਾਭਿਆਂ ਦੇ ਤੁਸੀਂ ਕੀ ਗਾਈ ਜਾਂਦੇ ਹੋ।। 34

ਇੱਥੇ ਇਹ ਗੱਲ ਵੀ ਵਿਚਾਰਣਯੋਗ ਹੈ ਕਿ ਕੀ ਇਹ ਗੀਤਕਾਰ ਜਾਂ ਗਾਇਕ ਕਿਸਾਨ ਜਾਂ ਜੱਟ ਦੀ ਅਸਲ ਤਸਵੀਰ ਸਾਹਮਣੇ ਰੱਖਦੇ ਹਨ? ਸਮਾਜ ਵਿਚ ਵਿਚਰਦਿਆਂ ਇਸ ਗੱਲ ਦਾ ਜਵਾਬ ਵਧੇਰੇ ਨਾ-ਪੱਖੀ ਹੀ ਦੇਖਣ ਨੂੰ ਮਿਲਦਾ ਹੈ। ਇਸ ਗੱਲ ਦੀ ਪੁਸ਼ਟੀ ਆਪਣੀ ਰਚਨਾ 'ਸਹੀ ਤਸਵੀਰ' ਵਿਚ ਹਰਵਿੰਦਰ ਕੌਰ ਹਰਿਆਓ' ਪੁਸਤਕ '***ਖੇਤਾਂ ਦੇ ਪੁੱਤ ਜਾਗ ਪਏ***' ਵਿਚ ਇਸ ਪ੍ਰਕਾਰ ਕਰਦੇ ਹਨ:

ਜੱਟ ਨੂੰ ਬਣਾਈ ਜਾਂਦੇ ਸਿਰੇ ਦਾ ਵੈਲੀ,

ਕਿਉਂ ਹਰ ਕੁੜੀ ਥੋਨੂੰ ਹੀਰ ਦਿਸਦੀ।

ਨਵੇਂ ਸਮਾਜ ਦੇ ਨਵੇਂ ਗੀਤਕਾਰੋ,

ਕਾਹਤੋਂ ਨਹੀਂਓਂ ਥੋਨੂੰ ਸਹੀ ਤਸਵੀਰ ਦਿਸਦੀ। 98

ਇਨ੍ਹਾਂ ਹੀ ਨਹੀਂ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਸਾਡੇ ਖਾਣ-ਪੀਣ ਵਿਚ ਵੀ ਤਬਦੀਲੀਆਂ ਆ ਗਈਆਂ ਹਨ ਤੇ ਇਨ੍ਹਾਂ ਤਬਦੀਲੀਆਂ ਦਾ ਸਿੱਧਾ ਅਸਰ ਕਿਸਾਨੀ ਉੱਪਰ ਪਿਆ ਹੈ। ਸਾਦੀ ਪਰ ਤਕੜੀ ਖ਼ੁਰਾਕ ਖਾਣ ਵਾਲੇ ਕਿਸਾਨ 'ਦੱਬ ਕੇ ਵਾਹੀਏ ਰੱਜ ਕੇ ਖਾਈਏ' ਦੇ ਸਿਧਾਂਤ ਤੇ ਚਲਦੇ ਸਨ। ਪ੍ਰੰਤੂ ਗਲੋਬਲਾਈਜੇਸ਼ਨ ਨੇ ਕਿਸਾਨਾਂ ਦੀ ਇਸ ਪੀੜ੍ਹੀ ਨੂੰ ਇਸ ਸਿਧਾਂਤ ਨਾਲੋਂ ਤੋੜ ਕੇ ਤੇ ਮੰਡੀ ਸਮਾਜ ਦਾ ਅੰਗ ਬਣਾ ਦਿੱਤਾ ਹੈ। ਕਵੀ ਕੁਲਦੀਪ ਸਿਰਸਾ ਆਪਣੀ ਕਾਵਿਕ ਅਭਿਵਿਅਕਤੀ ਕਰਦਿਆਂ ਲਿਖਦੇ ਹਨ:

ਅੱਜ ਕਵਿਤਾ ਵੀ

ਗੁੰਝਲਦਾਰ ਹੋ ਗਈ ਹੈ

ਪੀਜ਼ੇ-ਬਰਗਰਾਂ ਵਾਂਗ,

ਹੁਣ ਇਹ ਰੋਟੀ ਵਰਗੀ ਨਹੀਂ ਰਹੀ

ਹੁਣ ਇਸ ਵਿੱਚੋਂ

ਮਿੱਟੀ ਦੀ ਨਹੀਂ

ਜੰਕ-ਫੂਡ ਦੀ ਬੋ ਆਉਂਦੀ ਹੈ

ਕਵੀਆ!

ਕਵਿਤਾ ਵੀ ਉਲਝ ਗਈ ਹੈ (**punjabi-kavita.com**)

ਇੱਥੇ ਕਵੀ ਕਵਿਤਾ ਦੀ ਤੁਲਨਾ ਰੋਟੀ ਅਤੇ ਆਧੁਨਿਕ ਜੰਕ ਫੂਡ ਨਾਲ ਕਰਦਾ ਹੈ। ਉੱਤਮ ਰਚਨਾਵਾਂ ਦੀ ਨਿਸ਼ਾਨਦੇਹੀ ਕਰਦਿਆਂ ਉਸ ਦੀ ਤੁਲਨਾ ਰੋਟੀ ਨਾਲ ਕਰਦਾ ਤੇ ਅਜੋਕੇ ਸਮੇਂ ਵਿਚ ਰਚੀਆਂ ਗਈਆਂ ਕੁੱਝ ਗ਼ੈਰ-ਮਿਆਰੀ ਰਚਨਾਵਾਂ ਤੇ ਸਵਾਲੀਆ ਚਿੰਨ੍ਹ ਖੜੇ ਕਰਨ ਦੀ ਕੋਸ਼ਿਸ਼ ਕਰਦਿਆਂ ਉਸ ਦੀ ਤੁਲਨਾ ਪੀਜ਼ੇ-ਬਰਗਰਾਂ ਨਾਲ ਕਰਦਾ ਹੈ। ਅਜਿਹੀਆਂ ਨਿਰਾਰਥਕ ਤੇ ਗੁੰਝਲਦਾਰ ਰਚਨਾਵਾਂ ਅਕਸਰ ਸਭਿਆਚਾਰਕ ਘਾਣ ਕਰਦੀਆਂ ਹਨ। ਜਦੋਂ ਖਾਣ-ਪੀਣ ਦੀਆਂ ਵਸਤਾਂ ਕੁਦਰਤੀ ਸਰੂਪ ਵਿਚ ਸਨ ਜਾਂ ਉਹ ਵਿਸ਼ਵ ਕਾਰਪੋਰੇਟਾਂ ਦੇ ਹੱਥਾਂ ਵਿਚ ਨਹੀਂ ਸਨ ਤਾਂ ਇਹਨਾਂ ਵਸਤਾਂ ਦੀਆਂ ਕੀਮਤਾਂ ਵੀ ਵਧੇਰੇ ਨਹੀਂ ਸਨ ਤੇ ਇਹਨਾਂ ਦੀ ਗੁਣਵੱਤਾ ਵੀ ਚੰਗੀ ਸੀ ਪਰੰਤੂ ਬਾਜ਼ਾਰੀਕਰਨ ਦੇ ਰੁਝਾਨ ਨੇ ਇਨ੍ਹਾਂ ਵਸਤਾਂ ਦੇ ਪੇਸ਼ਕਾਰੀ ਦੇ ਢੰਗ ਤਰੀਕੇ ਬਦਲ ਕੇ ਇਨ੍ਹਾਂ ਦੇ ਰੇਟ ਵਧਾ ਦਿੱਤੇ ਹਨ ਤੇ ਇਨ੍ਹਾਂ ਵਧੇ ਰੇਟਾਂ ਦਾ ਮੁਨਾਫ਼ਾ ਕਿਸਾਨ ਨੂੰ ਮਿਲਣ ਦੀ ਬਜਾਏ ਕਾਰਪੋਰੇਟਾਂ ਦੀ ਜੇਬ ਵਿਚ ਪੈ ਰਿਹਾ ਹੈ। ਇਸ ਸਭ ਨੇ ਕਿਸਾਨ ਸੰਕਟ ਵਧਾਉਣ ਵਿਚ ਚੋਖਾ ਹਿੱਸਾ ਪਾਇਆ ਹੈ। ਵਿਸ਼ਵੀਕਰਨ ਦੀ ਰਫਤਾਰ ਜਿਉਂ-ਜਿਉਂ ਤੇਜ਼ ਹੋਈ ਤਿਉਂ-ਤਿਉਂ ਹਾਕਮ ਧਿਰਾਂ ਨੇ ਇਸ ਨੂੰ ਤਰੱਕੀ ਦਾ ਨਾਂ ਦੇ ਕੇ ਇਸ ਨੂੰ ਖ਼ੂਬ ਵਡਿਆਇਆ ਤਾਂ ਜੋ ਲੋਕ ਮਨਾਂ ਉੱਪਰ ਇਸ ਨੂੰ ਅਪਣਾਉਣ ਦਾ ਦਬਾਅ ਬਣਿਆ ਰਹੇ। ਮਿਤੀ 12 ਅਪ੍ਰੈਲ 2017 ਨੂੰ

ਡਾ. ਭੀਮ ਇੰਦਰ ਸਿੰਘ ਦੁਆਰਾ ਲਿਖੇ ਆਰਟੀਕਲ 'ਸਭਿਆਚਾਰਕ ਵਾਵਰੋਲਿਆਂ ਵਿਚ ਘਿਰਿਆ ਪੰਜਾਬ' ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ:

> ਹਰੇ ਇਨਕਲਾਬ ਤੋਂ ਬਾਅਦ ਪੰਜਾਬ ਲਗਾਤਾਰ ਸਭਿਆਚਾਰਕ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਸੰਕਟ ਨੇ ਪੰਜਾਬੀਆਂ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਸਾਡੀ ਜੀਵਨ ਸ਼ੈਲੀ ਭੋਜਨ, ਪਾਣੀ, ਲੋੜਾਂ, ਖੇਤੀ, ਵਪਾਰ, ਸੰਗੀਤ, ਆਦਤਾਂ ਬੁਰੀ ਤਰ੍ਹਾਂ ਸੁਚੇਤ-ਅਚੇਤ ਰੂਪ ਵਿਚ ਇਸ ਸੰਕਟ ਤੋਂ ਪ੍ਰਭਾਵਿਤ ਹੋ ਰਹੀਆਂ ਹਨ। ਸਿੱਟੇ ਵਜੋਂ ਪੰਜਾਬ ਦੀ ਜ਼ਰਖੇਜ਼ ਧਰਤੀ ਜਿੱਥੇ ਰਾਜਸਥਾਨ ਬਣਦੀ ਜਾ ਰਹੀ ਹੈ ਉੱਥੇ ਹੀ ਪੰਜਾਬੀ ਬੌਧਿਕਤਾ ਵੀ ਬੰਜਰ ਬਣਨ ਵੱਲ ਵਧ ਰਹੀ ਹੈ। (***ਰੋਜ਼ਾਨਾ ਪੰਜਾਬੀ ਟ੍ਰਿਬਿਊਨ*** 12-04-2017)

ਇਸ ਵਿਸ਼ਵੀਕਰਨ ਦੀ ਇਕ ਹੋਰ ਮਾਰ ਕਿਸਾਨੀ ਉੱਪਰ ਇਹ ਪਈ ਕਿ ਇਸ ਨਾਲ ਬਹੁਮਾਰਗੀ ਰਾਹਾਂ ਦੇ ਨਿਰਮਾਣ ਨਾਲ ਖੇਤੀਯੋਗ ਜ਼ਮੀਨਾਂ ਨੂੰ ਨਸ਼ਟ ਕੀਤਾ ਗਿਆ ਤੇ ਨਿਗੂਣੇ ਮੁੱਲਾਂ ਉੱਤੇ ਸਰਕਾਰਾਂ ਨੇ ਕਿਸਾਨਾਂ ਤੋਂ ਇਹ ਜ਼ਮੀਨਾਂ ਖਰੀਦ ਕੇ ਕਿਸਾਨਾਂ ਦੀ ਹਾਲਤ ਨੂੰ ਢਾਅ ਲਗਾਈ ਹੈ। ਕਵੀ ਕਵਿੰਦਰ ਚਾਂਦ ਆਪਣੀ ਰਚਨਾ ਵਿਚ ਇਸ ਵਰਤਾਰੇ ਬਾਰੇ ਲਿਖਦੇ ਹਨ:

> ਜੰਗ ਖੇਤਾਂ ਦੇ ਘੁੱਟਦੇ ਸਾਹਾਂ
>
> ਤੇ ਬਹੁ-ਮਾਰਗੀ ਰਾਹਾਂ ਦੀ ਹੈ
>
> ਜੰਗ ਬਾਜ਼ਾਰ ਦੀ ਤੇ ਸਭਿਆਚਾਰ ਦੀ ਹੈ (***ਮਿੱਟੀ ਦੇ ਵਣਜਾਰੇ*** 70)

ਖੇਤਾਂ ਦੇ ਘੁੱਟਦੇ ਸਾਹਾਂ ਦੀ ਗੱਲ ਨਿਰੰਤਰ ਛੋਟੀਆਂ ਹੋ ਰਹੀਆਂ ਖੇਤੀ ਜੋਤਾਂ ਦੇ ਸੰਬੰਧ ਵਿਚ ਕਰਦਿਆਂ ਕਵੀ ਸਰਕਾਰ ਦੀਆਂ ਸਾਜਿਸ਼ ਰੂਪੀ ਨੀਤੀਆਂ (ਜਿਨ੍ਹਾਂ ਵਿਚ ਕਿਸਾਨਾਂ ਤੋਂ ਬਹੁਮਾਰਗੀ ਰਾਹਾਂ ਲਈ ਐਕਵਾਇਰ ਕੀਤੀ ਜਾ ਰਹੀ ਜ਼ਮੀਨ), ਉੱਪਰ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਸਭਿਆਚਾਰ ਅਤੇ ਬਾਜ਼ਾਰ ਦੀ ਜੰਗ ਦੀ

ਗੱਲ ਕਰਦਿਆਂ ਕਵੀ ਸਰਕਾਰ ਦੇ ਕਾਰਪੋਰੇਟੀ ਸਾਂਝਾਂ ਕਾਰਨ ਉਸ ਨੂੰ ਬਾਜ਼ਾਰ ਪੱਖੀ ਤੇ ਕਿਸਾਨਾਂ ਨੂੰ ਸਭਿਆਚਾਰ ਪੱਖੀ ਧਿਰ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ।

ਸੋ ਵਿਸ਼ਵ ਸਭਿਆਚਾਰ ਦੇ ਪ੍ਰਭਾਵ ਹੇਠਾਂ ਆ ਕੇ ਵਿਕਾਸਸ਼ੀਲ ਤੇ ਪੱਛੜੇ ਦੇਸ਼ਾਂ ਦੇ ਬਸ਼ਿੰਦਿਆ ਨੂੰ ਕਈ ਤਰਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਆਰਟੀਫ਼ੀਸ਼ਅਲ ਜੀਵਨ ਵਿਚ ਫਸ ਕੇ ਲੋਕ ਸਮੂਹ ਨੇ ਕੁੱਝ ਅਜਿਹੀਆਂ ਜਰੂਰਤਾਂ ਪਾਲ ਲਈਆਂ ਹਨ ਜਿਨ੍ਹਾਂ ਦਾ ਜੀਵਨ ਦੀਆਂ ਬੁਨਿਆਦੀ ਲੋੜਾਂ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਪਰੰਤੂ ਫਿਰ ਵੀ ਇਨ੍ਹਾਂ ਜਰੂਰਤਾਂ ਦੀ ਪੂਰਤੀ ਲਈ ਇਕ ਵੱਡੀ ਰਕਮ ਖਰਚੀ ਜਾਂਦੀ ਹੈ। ਕਿਸਾਨੀ ਜੀਵਨ ਵਿਚ ਵੀ ਅਜਿਹੀਆਂ ਸਥਿਤੀਆਂ ਉਤਪੰਨ ਹੋ ਗਈਆਂ ਹਨ ਜਿਸ ਕਾਰਨ ਕਿਸਾਨੀ ਸੰਕਟ ਪੈਦਾ ਹੋ ਰਹੇ ਹਨ। ਇਨ੍ਹਾਂ ਗੈਰ-ਜ਼ਰੂਰੀ ਵਸਤਾਂ ਨੂੰ ਘਰਾਂ ਵਿਚ ਲਾਜ਼ਮੀ ਤੌਰ ਤੇ ਰੱਖਣ ਦੇ ਪ੍ਰਚਲਣ ਨੇ ਕਿਸਾਨੀ ਸਮਾਜ ਵਿਚ ਆਰਥਿਕ ਪੱਧਰ ਤੇ ਨਵੇਂ ਬੋਝ ਪੈਦਾ ਕੀਤੇ ਹਨ ਜਿਸ ਹੇਠ ਆ ਕਿ ਕਿਸਾਨ ਦੀ ਹਾਲਤ ਲਗਾਤਾਰ ਬਦ ਤੋਂ ਬਦਤਰ ਹੋਈ ਜਾ ਰਹੀ ਹੈ। ਘਰਾਂ ਵਿਚ ਵੱਧ ਰਿਹਾ ਮੋਟਰ ਕਾਰਾਂ ਦਾ ਪ੍ਰਚਲਨ ਆਮ ਹੈ, ਇਸੇ ਹੀ ਤਰ੍ਹਾਂ ਆਪਸੀ ਸਾਂਝ ਤੋਂ ਸੱਖਣੀ ਹੋ ਰਹੀ ਕਿਸਾਨੀ ਮਿਲ-ਜੁੱਲ ਕੇ ਖੇਤੀ ਦੇ ਸੰਧਾਂ ਦੀ ਵਰਤੋਂ ਕਰਨ ਦੀ ਬਜਾਇ ਘਰੋਂ-ਘਰੀਂ ਆਪੋ-ਆਪਣੇ ਟਰੈਕਟਰ, ਤੇ ਇਸ ਨਾਲ ਸੰਬੰਧਿਤ ਔਜਾਰ ਰੱਖਣ ਲੱਗ ਪਏ ਹਨ ਜਿਸ ਨਾਲ ਸਭਿਆਚਾਰਕ ਸੰਕਟ ਖੜ੍ਹਾ ਹੋ ਗਿਆ ਹੈ। ਇਸੇ ਹੀ ਤਰ੍ਹਾਂ ਪੰਜਾਬ ਵਿਚ 'ਗੰਨ ਕਲਚਰ' ਨੇ ਸਭਿਆਚਾਰ ਨੂੰ ਢਾਅ ਲਾਉਣ ਵਿਚ ਕੋਈ ਕਸਰ ਨਹੀਂ ਛੱਡੀ। ਕਿਸਾਨ, ਜਿਸ ਦਾ ਜ਼ਮੀਨ ਤੇ ਵੱਟ ਬੰਨ੍ਹਿਆ ਦਾ ਰੌਲਾ ਸਦੀਆਂ ਤੋਂ ਹੀ ਚੱਲਿਆ ਆ ਰਿਹਾ ਹੈ ਇਸ ਗੰਨ ਕਲਚਰ ਨੇ ਇਨ੍ਹਾਂ ਛੋਟੇ ਤੇ ਮਾਮੂਲੀ ਜਿਹੇ ਝਗੜਿਆਂ ਨੂੰ ਬਹੁਤ ਭਿਆਨਕ ਰੂਪ ਦੇ ਦਿੱਤਾ ਜਿਸ ਦੇ ਫਲਸਰੂਪ ਸਭਿਆਚਾਰਕ ਖਲਾਅ ਦੀ ਸਥਿਤੀ ਪੈਦਾ ਹੋ ਗਈ ਹੈ। ਰਹਿੰਦੀ ਕਸਰ ਵਿਸ਼ਵ ਸਭਿਆਚਾਰ ਦੇ ਪ੍ਰਭਾਵ ਅਧੀਨ ਖਾਣ-ਪੀਣ ਤੇ ਪਹਿਰਾਵੇ ਵਿਚ ਆਈਆਂ ਤਬਦੀਲੀਆਂ ਦੇ ਰੂਪ ਵਿਚ ਸਾਹਮਣੇ ਆਈ ਹੈ, ਜਿਸ ਨੇ ਕਿਸਾਨਾਂ ਵਿਚ ਬਾਜ਼ਾਰ ਜੀਵਨ ਦੀਆਂ ਰੁਚੀਆਂ ਨੂੰ ਵਧਾ ਦਿੱਤਾ ਹੈ। ਸਾਧਾਰਨ ਖਾਣ-ਪਾਣ ਨੂੰ ਛੱਡ ਕੇ ਵਿਸ਼ਵ ਪ੍ਰਸਿੱਧ 'ਬਰਾਂਡ' ਦੀ ਦੌੜ ਵਿਚ ਸ਼ਾਮਿਲ ਹੋਣ ਨਾਲ ਕਿਸਾਨੀ

ਪਰਿਵਾਰਾਂ ਦੀ ਜੀਵਨ-ਸ਼ੈਲੀ ਵਿਚ ਜੋ ਬਦਲਾਅ ਆਏ ਹਨ ਉਸ ਨਾਲ ਸਭਿਆਚਾਰ ਸੰਕਟ ਹੋਰ ਵੀ ਗਹਿਰੇ ਹੋ ਗਏ ਹਨ।

### 2.1.2 ਸਮਕਾਲੀ ਪੰਜਾਬੀ ਕਵਿਤਾ: ਸਭਿਆਚਾਰਕ ਰਹੁ-ਰੀਤਾਂ ਅਤੇ ਕਿਸਾਨੀ ਸੰਕਟ

ਜੇਕਰ ਰੀਤੀ-ਰਿਵਾਜਾਂ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਵੱਡਾ ਬਦਲਾਅ ਕਿਸਾਨੀ ਜੀਵਨ ਵਿਚਲੇ ਰੀਤੀ-ਰਿਵਾਜਾਂ ਵਿਚ ਆਇਆ ਹੈ। ਮਨੁੱਖ ਦਾ ਸਾਰਾ ਜੀਵਨ ਇਨ੍ਹਾਂ ਰੀਤੀ-ਰਿਵਾਜਾਂ ਦੇ ਇਰਦ-ਗਿਰਦ ਘੁੰਮਦਾ ਹੈ। ਜਨਮ, ਵਿਆਹ ਤੇ ਮੌਤ ਤਿੰਨ ਅਜਿਹੇ ਸਮੇਂ ਹਨ ਜਿੱਥੇ ਰੀਤੀ-ਰਿਵਾਜਾਂ ਦੇ ਮਾਧਿਅਮ ਰਾਹੀਂ ਸਾਰੀ ਜੀਵਨ-ਸ਼ੈਲੀ ਦਾ ਪ੍ਰਗਟਾਵਾ ਹੁੰਦਾ ਹੈ। ਅਜੋਕੇ ਸਮੇਂ ਤੱਕ ਪਹੁੰਚਦੇ-ਪਹੁੰਚਦੇ ਇਹ ਰੀਤੀ-ਰਿਵਾਜ ਬਹੁਤ ਖਰਚੀਲੇ ਹੋ ਚੁੱਕੇ ਹਨ। ਕਦੇ 'ਕਿਸਾਨ' ਜਾਂ 'ਜੱਟ' ਨੂੰ ਸਾਦਗੀ ਦੇ ਪ੍ਰਤੀਕ ਵਜੋਂ ਪਹਿਚਾਣਿਆਂ ਜਾਂਦਾ ਸੀ, ਪਰੰਤੂ ਅੱਜ ਦੇ ਸਮੇਂ ਸਾਦਗੀ ਦੀ ਬਜਾਇ ਇਕ-ਦੂਜੇ ਦੀ ਦੇਖਾ-ਦੇਖੀ ਵੱਧ ਤੋਂ ਵੱਧ ਖਰਚ ਕਰਨ ਦਾ ਕੋਝਾ ਰਿਵਾਜ ਚੱਲ ਰਿਹਾ ਹੈ। ਜਨਮ ਸਮੇਂ ਜਾਂ ਜਨਮਦਿਨ ਦੀਆਂ ਪਾਰਟੀਆਂ ਉੱਪਰ ਵੱਡੀਆਂ ਰਕਮਾਂ ਖਰਚ ਕੀਤੀਆਂ ਜਾ ਰਹੀਆਂ ਹਨ। ਵਿਸ਼ੇਸ਼ ਤੌਰ ਤੇ ਵਿਆਹ ਸਮਾਗਮਾਂ ਵਿਚ ਕੀਤਾ ਜਾਣ ਵਾਲਾ ਖਰਚ ਇਸ ਸੰਕਟ ਨੂੰ ਹੋਰ ਵੀ ਗੰਭੀਰ ਕਰਦਾ ਹੈ। ਜਿੱਥੇ ਅੱਜ ਕੱਲ ਵਿਆਹ ਸਮਾਗਮਾਂ ਵਿਚ ਵੱਡੇ ਤੇ ਮਹਿੰਗੇ ਮੈਰਿਜ ਪੈਲਸਾਂ ਦਾ ਰਿਵਾਜ ਆਮ ਹੈ, ਉੱਥੇ ਹੀ ਇਨ੍ਹਾਂ ਮੈਰਿਜ ਪੈਲਸਾਂ ਵਿਚ ਅਣਗਿਣਤ ਪ੍ਰਕਾਰ ਦੇ ਖਾਣ-ਪੀਣ ਦੇ ਪਦਾਰਥ, ਸ਼ਰਾਬਾਂ, ਨੱਚਣ ਵਾਲੇ ਗਰੁੱਪ, ਸਜਾਵਟਾਂ ਅਤੇ ਹੋਰ ਕਈ ਅਜਿਹੇ ਕਾਰਜਾਂ ਉੱਪਰ ਕੀਤੇ ਜਾ ਰਹੇ ਲੱਖਾਂ ਰੁਪਏ ਦੇ ਖਰਚ ਨੇ ਵਿਆਹ ਰਸਮਾਂ ਨੂੰ ਹੋਰ ਵੀ ਖਰਚੀਲਾ ਬਣਾ ਦਿੱਤਾ ਹੈ, ਜਿਸ ਕਾਰਨ ਪੰਜਾਬੀ ਸਮਾਜ ਨੂੰ ਸਭਿਆਚਾਰਕ ਰੂਪ ਵਿਚ ਤੇ ਖਾਸ ਕਰ ਕਿਸਾਨੀ ਸਮਾਜ ਨੂੰ ਆਰਥਿਕ ਰੂਪ ਵਿਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਨਮ-ਦਿਨ ਵਿਆਹਾਂ-ਸ਼ਾਦੀਆਂ ਦੇ ਦਿਨ ਜਾਂ ਕੋਈ ਵੀ ਹੋਰ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਤੇ ਇੱਥੋਂ ਤੱਕ ਕੇ ਸੋਗ ਦਿਨ ਵੀ। ਇਹ ਸਾਡੇ ਸਮਾਜ ਦੇ ਨਵੇਂ ਪੁੰਗਰੇ ਉਪਜੇ ਫੈਸ਼ਨ ਵਿਖਾਵੇ ਤੇ ਮਾਇਆ ਖਰਚਣ, ਵਿਖਾਣ ਦੀ ਪਰੰਪਰਾ ਪੈਦਾ ਕਰ ਰਹੇ ਹਨ।

ਇੱਥੇ ਪ੍ਰਸ਼ਨ ਇਹ ਉੱਠਦਾ ਹੈ ਕਿ ਕੀ ਜਿੰਦਗੀ ਦੇ ਮਹੱਤਵਪੂਰਣ ਮੌਕੇ ਬਿਨਾਂ ਪੈਸੇ ਦੀ ਬਰਬਾਦੀ ਦੇ ਸਾਦਗੀ ਨਾਲ ਨਹੀਂ ਨਿਭਾਏ ਜਾ ਸਕਦੇ? ਇਕ-ਦੂਜੇ ਦੀ ਦੇਖਾ-ਦੇਖ ਵਿਆਹਾਂ-ਸ਼ਾਦੀਆਂ ਦੌਰਾਨ ਮਹਿੰਗੀਆਂ ਵੱਡੀਆਂ ਗੱਡੀਆਂ, ਸੋਨਾ-ਚਾਂਦੀ ਤੇ ਹੋਰ ਰੂਪਾਂ ਵਿਚ ਦਹੇਜ ਦੀ ਪ੍ਰਥਾ ਆਦਿ ਨੇ ਕਿਸਾਨ ਦੇ ਸਾਦਗੀ ਦੇ ਬਿੰਬ ਨੂੰ ਢਾਅ ਲਾਈ ਹੈ। ਇੰਨਾ ਹੀ ਨਹੀਂ ਇਨ੍ਹਾਂ ਵਿਆਹ ਸਮਾਗਮਾਂ ਦੇ ਇਕ-ਇਕ ਦਿਨ ਵਿਚ ਕਈ-ਕਈ ਲੱਖ ਰੁਪਏ ਖਰਚ ਕੀਤੇ ਜਾਂਦੇ ਹਨ। ਵਿਆਹ ਵਿਚਲੀਆਂ ਕਈ ਪੁਰਾਤਨ ਰੀਤਾਂ ਨੂੰ ਨਵੀਂ ਦਿੱਖ ਦੇ ਕੇ ਉਨ੍ਹਾਂ ਰੀਤਾਂ ਉੱਪਰ ਕੀਤੇ ਜਾ ਰਹੇ ਖਰਚਿਆਂ ਨੂੰ ਹੋਰ ਵਧਾਇਆ ਹੈ, ਜਿਸ ਦੇ ਸਿੱਟੇ ਵਜੋਂ ਸਮਾਜ ਦਾ ਹਰੇਕ ਵਰਗ ਬਹੁਤ ਜਿਆਦਾ ਪ੍ਰਭਾਵਿਤ ਹੋਇਆ ਹੈ। ਸਰਮਾਏਦਾਰਾਂ ਜਾਂ ਅਮੀਰਾਂ ਵੱਲੋਂ ਇਹ ਖਰਚ ਆਪਣੇ ਸ਼ੌਕ ਤੇ ਸਮਰੱਥਾ ਅਨੁਸਾਰ ਕਰ ਲਏ ਜਾਂਦੇ ਹਨ ਪ੍ਰੰਤੂ ਸਥਿਤੀ ਉਸ ਵੇਲੇ  ਗੰਭੀਰ ਰੂਪ ਅਖਤਿਆਰ ਕਰਦੀ ਜਦੋਂ ਉਹਨਾਂ ਵੱਲ ਦੇਖ ਕੇ ਆਮ ਮੱਧਵਰਗੀ ਤੇ ਗਰੀਬ ਵਰਗ ਕਰਜ਼ ਲੈ ਕੇ ਅਜਿਹਾ ਕਰਦੇ ਹਨ। ਇੰਝ ਉਹ ਆਪਣੇ ਹੱਥੀਂ ਆਪ ਮੁਸੀਬਤਾਂ ਸਹੇੜ ਲੈਂਦੇ ਹਨ। ਡਾ ਸਵਰਾਜ ਸਿੰਘ ਅਨੁਸਾਰ:

> ਬਹੁਤ ਸਾਰੇ ਪੰਜਾਬੀ ਕਿਸਾਨ ਕਰਜ਼ੇ ਵਿਚ ਡੁੱਬੇ ਹੋਏ ਹਨ ਅਤੇ ਉਹ ਆਪਣੀ ਜ਼ਮੀਨ ´ਤੇ ਕਰਜ਼ਾ ਚੁੱਕ ਕੇ ਹੀ ਕਾਰਾਂ ਜਾਂ ਖਪਤ ਦੀਆਂ ਹੋਰ ਵਸਤੂਆਂ ਖਰੀਦਦੇ ਹਨ ਅਤੇ ਮੈਰਿਜ ਪੈਲਸਾਂ ਵਿਚ ਖਰਚੀਲੇ ਵਿਆਹਾਂ ਦਾ ਖ਼ਰਚ ਕਰਦੇ ਹਨ। ਇਹ ਕਰਜ਼ਾ ਮੋੜਨ ਦਾ ਬਹੁਤ ਵਾਰੀ ਉਨ੍ਹਾਂ ਕੋਲ ਕੋਈ ਸਾਧਨ ਨਹੀਂ ਹੁੰਦਾ ਸਿਵਾਏ ਆਪਣੀ ਜ਼ਮੀਨ ਵੇਚਣ ਤੋਂ। ਨਤੀਜਾ ਇਹ ਨਿਕਲ ਰਿਹਾ ਹੈ ਕਿ ਪੰਜਾਬ ਦੀ ਕਿਸਾਨੀ ਦੀ ਬਹੁਤ ਵੱਡੀ ਗਿਣਤੀ ਅਮਲੀ ਤੌਰ ਤੇ ਬੇਜ਼ਮੀਨੀ ਕਿਸਾਨੀ ਬਣ ਚੁੱਕੀ ਹੈ। (***ਸਾਦੇ ਵਿਆਹ, ਸਾਦੇ ਭੋਗ, ਨਾ ਕਰਜ਼ਾ, ਨਾ ਚਿੰਤਾ ਰੋਗ*** 21-22)

ਆਰਥਿਕ ਪੱਖੋਂ ਮੈਰਿਜ ਪੈਲੇਸਾਂ ਦਾ ਵੱਡਾ ਨੁਕਸਾਨ ਇਹ ਹੈ ਕਿ ਚਾਹੁੰਦੇ ਜਾਂ ਨਾ ਚਾਹੁੰਦੇ ਹੋਏ ਵੀ ਇਸ ਉੱਪਰ ਖਰਚਾ ਲੋੜ ਤੋਂ ਵੱਧ ਕੀਤਾ ਜਾ ਰਿਹਾ ਹੈ। ਔਸਤਨ ਇਕ ਦਰਮਿਆਨੇ ਪੈਲੇਸ ਜਾਂ

ਹੋਟਲ ਵਿਚ ਵਿਆਹ ਸਮਾਗਮ ਵਿਚ ਇਕ ਦਿਨ ਇਕ ਵਿਅਕਤੀ ਲਈ 800 ਤੋਂ 2000 ਰੁਪਏ ਪ੍ਰਤੀ ਵਿਅਕਤੀ ਜਾਂ ਪ੍ਰਤੀ ਪਲੇਟ ਖ਼ਰਚ ਹੁੰਦਾ ਹੈ ਤੇ ਇਕ ਚੰਗੇ ਨਾਮੀ ਪੈਲੇਸ ਜਾਂ ਹੋਟਲ ਵਿਚ ਇਹ 1500 ਤੋਂ 4000 ਰੁਪਏ ਤੱਕ ਪ੍ਰਤੀ ਵਿਅਕਤੀ ਖ਼ਰਚ ਹੈ। ਵੱਡੇ-ਵੱਡੇ ਮੈਰਿਜ ਪੈਲੇਸ ਜਾਂ ਹੋਟਲਾਂ ਦਾ ਇਕ ਦਿਨ ਦਾ ਕਿਰਾਇਆ ਜਾਂ ਸਾਜੋ-ਸਜਾਵਟਾਂ ਵਿਚ ਲੱਖਾਂ ਰੁਪਏ ਫੂਕ ਦਿੱਤੇ ਜਾਂਦੇ ਹਨ। ਅਸਲ ਵਿਚ ਇਨ੍ਹਾਂ ਵੱਡੇ ਪੈਲੇਸਾਂ ਜਾਂ ਹੋਟਲਾਂ ਵਿਚ ਵਿਆਹ ਜਾਂ ਹੋਰ ਪਾਰਟੀਆਂ ਕਰਨ ਦੀ ਭੇਡ ਚਾਲ ਬਹੁਤ ਵੱਧ ਗਈ ਹੈ। ਕਿਸਾਨ ਵੀ ਇਸੇ ਹੀ ਭੇਡ ਚਾਲ ਦਾ ਸ਼ਿਕਾਰ ਹੋ ਰਹੇ ਹਨ। ਹੇਠਾਂ ਪੰਜਾਬ ਦੇ ਕੁੱਝ ਮਹਿੰਗੇ ਪੈਲੇਸ ਜਾਂ ਹੋਟਲਾਂ ਦੀ ਸੂਚੀ ਹੈ ਜਿਨ੍ਹਾਂ ਵਿਚ ਵਿਆਹ ਪ੍ਰੋਗਰਾਮ ਜਾਂ ਪਾਰਟੀਆਂ ਕਰਨ ਨੂੰ 'ਸਟੇਟਸ ਸਿੰਬਲ' ਸਮਝਿਆ ਜਾ ਰਿਹਾ ਹੈ, ਗੰਭੀਰ ਹੋ ਰਹੇ ਕਿਸਾਨੀ ਸੰਕਟ ਨੂੰ ਸਮਝਣ ਲਈ ਇਨ੍ਹਾਂ ਹੋਟਲਾਂ/ਪੈਲੇਸਾਂ ਦੇ ਮਾਲਿਕਾਂ/ਮੈਨੇਜਰਾਂ ਨਾਲ ਗੱਲ ਕਰ ਕੇ ਸਥਿਤੀ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ ਗਈ ਹੈ, ਹਾਲਾਂਕਿ ਇਹ ਖੋਜ ਪ੍ਰਬੰਧ ਨਾਲ ਇਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ। ਇੱਥੇ ਇਕ ਗੱਲ ਵਿਸ਼ੇਸ਼ ਧਿਆਨਦੇਣ ਯੋਗ ਹੈ ਕਿ ਇਨਾਂ ਪੈਲੇਸਾਂ ਜਾਂ ਹੋਟਲਾਂ ਦਾ ਇਕ ਦਿਨ ਦਾ ਕਿਰਾਇਆ ਲਗਭਗ 10 ਲੱਖ ਰੁਪਏ ਜਾਂ ਇਸ ਤੋਂ ਵੀ ਵੱਧ ਹੈ:

- Stallone Manor, Ludhiana Pakhowal road Ludhiana.
- Grand wedding villa Ludhiana Pakhowal road Ludhiana.
- Bath castle Ludhiana and Bath castle Jalandhar.
- Hyatt Regency, Chandigarh.
- JW Marriott Chandigarh.
- The cabana Resort and spa, Jalandhar.
- Vivanta by Taj, Chandigarh.
- Kingsville Resort, Ludhiana.
- Radisson Blu hotel Ludhaina and Radisson Jalandhar.

- Nirvana hotel Ludhiana.
- The Bella Vista Chandigarh.
- Marrie villa resorts Ludhiana.
- Hyatt Amritsar.
- Haveli heritage Jalandhar.
- BR Resorts, Amritsar.

ਇਸ ਤੋਂ ਵੱਡੀ ਤ੍ਰਾਸਦੀ ਦੀ ਗੱਲ ਇਹ ਹੈ ਕਿ ਆਮ ਹੀ ਇਨ੍ਹਾਂ ਮੈਰਿਜ ਪੈਲਸਾਂ ਵਿਚ ਵਿਆਹ ਕਰਨ ਵਾਲੇ ਲੋਕਾਂ ਵਿਚ ਕਿਸਾਨ ਪਰਿਵਾਰ ਦੀ ਬਹੁਤਾਤ ਹੈ। ਖਪਤ ਮੰਡੀ ਦਾ ਇਕ ਹੋਰ ਬਹੁਤ ਵੱਡਾ ਪਹਿਲੂ ਸੁੰਦਰ ਦਿਸਣ ਦੀ ਚਾਹ ਵਿਚ ਕੀਤਾ ਜਾਣ ਵਾਲਾ ਖਰਚ ਵੀ ਹੈ। ਪਿੰਡਾਂ ਸ਼ਹਿਰਾਂ ਵਿਚ ਜਗ੍ਹਾ-ਜਗ੍ਹਾ ਖੁਲੀਆਂ ਬਿਊਟੀ ਪਾਰਲਰ ਦੀਆਂ ਦੁਕਾਨਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ। ਵਿਆਹ ਦੇ ਦਿਨਾਂ ਵਿਚ ਬਿਊਟੀ ਪਾਰਲਰਾਂ ਤੇ ਭੀੜ-ਭੜੱਕੇ, ਉਡੀਕਾਂ, ਸੜਕਾਂ ਤੇ ਜਾਮ, ਕੁੜੀ-ਮੁੰਡੇ ਦੇ ਘਰਦਿਆਂ ਦਾ ਉਹਨਾਂ ਦੇ ਰਿਸ਼ਤੇਦਾਰਾਂ ਦੀ ਉਡੀਕ ਵਿਚ ਪ੍ਰੇਸ਼ਾਨ ਹੋਣਾ ਆਦਿ ਇਕ ਦਿਨ ਦੇ ਸੁਹੱਪਣ ਦੀ ਮਾਨਸਿਕਤਾ ਵਿਚੋਂ ਹੀ ਉਪਜਿਆ ਹੈ। ਵਿਆਹਾਂ ਤੇ ਹੋ ਰਹੇ ਖਰਚਿਆਂ ਦਾ ਇਕ ਵੱਡਾ ਹਿੱਸਾ ਸੋਹਣਾ ਦਿਖਣ ਦੀ ਕੋਸ਼ਿਸ਼ ਤੇ ਖ਼ਰਚ ਹੋ ਰਿਹਾ ਹੈ। ਇਕ ਅੰਦਾਜ਼ੇ ਮੁਤਾਬਿਕ ਇਕ ਲੜਕੀ ਦੇ ਵਿਆਹ ਦੌਰਾਨ ਉਸ ਦੇ ਪ੍ਰੀ ਬਰਾਇਡਲ ਤੋਂ ਲੈ ਕੇ ਵਿਆਹ ਤੱਕ ਲਗਭਗ 30000 ਰੁਪਏ ਤੋਂ ਲੈ ਕੇ 60000 ਰੁਪਏ ਅਤੇ ਇਕ ਲੜਕੇ ਦੇ ਵਿਆਹ ਤੇ ਉਸ ਦੇ ਸੁਹੱਪਣ ਉੱਪਰ ਲਗਭਗ 10000 ਰੁਪਏ ਤੋਂ ਲੈ ਕੇ 30000 ਰੁਪਏ ਤੱਕ ਔਸਤਨ ਖ਼ਰਚ ਕੀਤੇ ਜਾ ਰਹੇ ਹਨ। ਅੱਜ ਵਿਆਹਾਂ ਲਈ ਵਿਸ਼ੇਸ਼ ਥਾਵਾਂ ਤੇ ਵਿਸ਼ੇਸ਼ ਥੀਮ ਉਲੀਕੇ ਜਾਂਦੇ ਹਨ। ਅਜੋਕੇ ਦੌਰ ਵਿਚ ਵਿਆਹਾਂ ਵਿਚ ਕੀਤੇ ਜਾਣ ਵਾਲੇ ਕੁੱਝ ਅਜਿਹੇ ਖਰਚਾਂ ਦਾ ਵੇਰਵਾ ਹੇਠਾਂ ਦਿੱਤਾ ਹੈ ਜੋ ਥੋੜ੍ਹੇ ਬਹੁਤੇ ਫ਼ਰਕ ਨਾਲ ਆਮ ਹੀ ਪੰਜਾਬੀ ਕਿਸਾਨਾਂ ਦੇ ਘਰਾਂ ਵਿਚ ਹੋਣ ਵਾਲੇ ਵਿਆਹਾਂ ਵਿਚ ਕੀਤੇ ਜਾਂਦੇ ਹਨ ਹਾਲਾਂਕਿ ਇਹ ਅੰਕੜੇ ਕਿਸੇ ਸਰਵੇ ਦੇ ਨਹੀਂ ਸਗੋਂ ਆਮ

ਸਾਧਾਰਣ ਗੱਲਬਾਤ ਦੌਰਾਨ ਮਿਲੀ ਜਾਣਕਾਰੀ ਤੇ ਆਧਾਰਿਤ ਹਨ ਜਿਨ੍ਹਾਂ ਰਾਹੀਂ ਚੁਣੌਤੀ ਬਣਦੇ ਜਾ ਰਹੇ ਕਿਸਾਨੀ ਸੰਕਟ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ:

| | ਉੱਚ ਵਰਗ | ਮੱਧ ਵਰਗ | ਨਿਮਨ ਵਰਗ |
|---|---|---|---|
| ਕੱਪੜੇ | 5 ਤੋਂ 7 ਲੱਖ | 3 ਤੋਂ 4 ਲੱਖ | 2 ਲੱਖ ਤੱਕ |
| ਖਾਣ-ਪੀਣ | 8 ਤੋਂ 12 ਲੱਖ | 4 ਤੋਂ 8 ਲੱਖ | 2 ਤੋਂ 4 ਲੱਖ |
| ਗਹਿਣੇ | 7 ਤੋਂ 8 ਲੱਖ | 3 ਤੋਂ 5 ਲੱਖ | 1 ਤੋਂ 3 ਲੱਖ |
| ਮੈਰਿਜ ਪੈਲੇਸ ਤੇ ਸਜਾਵਟ | 6 ਤੋਂ 8 ਲੱਖ | 2 ਤੋਂ 4 ਲੱਖ | 1 ਤੋਂ 2 ਲੱਖ |
| ਬਿਊਟੀ ਪਾਰਲਰ | 1 ਤੋਂ 2 ਲੱਖ | 50000 ਤੋਂ 1 ਲੱਖ | 50000 ਤੱਕ |
| ਡੀ.ਜੇ./ਆਰਕੈਸਟਰਾ | 8 ਤੋਂ 10 ਲੱਖ | 2 ਤੋਂ 4 ਲੱਖ | 1 ਲੱਖ ਤੱਕ |
| ਫੋਟੋ/ਵੀਡੀਓ | 2 ਤੋਂ 4 ਲੱਖ | 1 ਤੋਂ 2 ਲੱਖ | 50000 ਤੱਕ |
| ਸ਼ਰਾਬ | 2 ਤੋਂ 4 ਲੱਖ | 1 ਲੱਖ ਲੱਖ | 50000 ਤੱਕ |
| ਤੋਹਫੇ | 5 ਤੋਂ 7 ਲੱਖ | 2 ਤੋਂ 4 ਲੱਖ | 1 ਤੋਂ 2 ਲੱਖ |
| ਦਾਜ-ਦਹੇਜ/ ਨਕਦੀ | 4 ਤੋਂ 6 ਲੱਖ | 2 ਤੋਂ 3 ਲੱਖ | 1 ਤੋਂ 2 ਲੱਖ |
| ਹੋਰ ਫੁਟਕਲ | 2 ਤੋਂ 3 ਲੱਖ | 1 ਤੋਂ 2 ਲੱਖ | 50000 ਤੱਕ |

ਸੋ ਇਸ ਤਰ੍ਹਾਂ ਔਸਤਨ ਇਕ ਚੰਗੇ ਰੱਜੇ-ਪੁੱਜੇ ਕਿਸਾਨ ਪਰਿਵਾਰ ਦੇ ਵਿਆਹ ਵਿਚ 50 ਲੱਖ ਰੁਪਏ ਤੱਕ ਖਰਚ ਕਰ ਦਿੱਤਾ ਜਾਂਦਾ ਹੈ। ਇਸੇ ਹੀ ਤਰ੍ਹਾਂ ਮੱਧਵਰਗੀ ਕਿਸਾਨ ਦੇ ਘਰ ਵਿਚ ਵਿਆਹ ਦੇ ਰੂਪ ਵਿਚ ਔਸਤਨ 20 ਤੋਂ 25 ਲੱਖ ਰੁਪਏ ਖਰਚ ਦਿੱਤੇ ਜਾਂਦੇ ਹਨ ਤੇ ਇਕ ਨਿਮਨ ਕਿਸਾਨੀ ਪਰਿਵਾਰ ਦੇ ਵਿਆਹ ਦੌਰਾਨ 10 ਤੋਂ 15 ਲੱਖ ਰੁਪਏ ਖਰਚ ਦਿੱਤੇ ਜਾਂਦੇ ਹਨ। ਸੁਭਾਵਿਕ ਹੀ ਇਹ

ਖਰਚ ਕਿਸਾਨੀ ਸਮਰੱਥਾ ਤੋਂ ਬਾਹਰ ਪ੍ਰਤੀਤ ਹੁੰਦਾ ਹੈ ਤੇ ਕਿਸਾਨ ਕਰਜ਼ਿਆਂ ਦੀ ਮਾਰ ਹੇਠ ਚਲਾ ਜਾਂਦਾ ਹੈ। ਉੱਘੇ ਸਾਹਿਤਕਾਰ ਅਤੇ ਪੰਜਾਬ ਪੁਲਿਸ ਵਿਚ ਵੱਡੇ ਅਹੁਦੇ ਤੇ ਕੰਮ ਕਰ ਚੁੱਕੇ ਅਫਸਰ ਗੁਰਪ੍ਰੀਤ ਸਿੰਘ ਤੂਰ ਨੇ ਇਸ ਦੁਖਾਂਤ ਨੂੰ ਆਪਣੀ ਪੁਸਤਕ ਵਿਚਲੇ ਲੇਖ ਕਿਰਤ ਦਾ ਝੜਦਾ ਬੂਰ ਵਿਚ ਆਪਣੇ ਇਕ ਨਿਜੀ ਤਜ਼ਰਬੇ ਨੂੰ ਇਸ ਪ੍ਰਕਾਰ ਪ੍ਰਗਟਾਉਂਦੇ ਹਨ:

> ਪਿਛਲੇ ਵਰ੍ਹੇ ਇਕ ਅਮੀਰ ਪਰਿਵਾਰ ਦੇ ਵਿਆਹ ਸਮੇਂ ਦੋ ਦਿਨਾਂ 'ਚ ਹੋਣ ਵਾਲੇ ਤਿੰਨ ਸਮਾਗਮਾਂ ਤੇ ਪੈਲੇਸ ਦਾ ਕਿਰਾਇਆ ਅਤੇ ਸਜਾਵਟੀ ਫੁੱਲਾਂ ਤੇ ਰੰਗੀਨ ਰੋਸ਼ਨੀਆਂ ਦਾ ਖ਼ਰਚਾ ਹੀ ਚੌਵੀ ਲੱਖ ਰੁਪਏ ਸੀ। ਅਜਿਹੇ ਵਿਆਹਾਂ ਦੇ ਕੁੱਲ ਖ਼ਰਚੇ ਦਾ ਅੰਦਾਜ਼ਾ ਲਾਉਣਾ ਆਮ ਆਦਮੀ ਦੀਆਂ ਗਿਣਤੀਆਂ-ਮਿਣਤੀਆਂ ਤੋਂ ਉੱਪਰ ਦੀ ਗੱਲ ਹੈ। (***ਅੱਲੜ ਉਮਰਾਂ ਤਲਖ ਸੁਨੇਹੇ*** 31)

ਇਸੇ ਹੀ ਤਰ੍ਹਾਂ ਇਸ ਵਧਦੀ ਦਿਖਾਵੇ ਦੀ ਭਾਵਨਾ ਨੂੰ ਠੱਲ ਪਾਉਣ ਲਈ ਸਮਝਾਉਣ ਦਾ ਯਤਨ ਕਰਦਿਆਂ ਨਛੱਤਰ ਸਿੰਘ ਭੋਗਲ ਆਪਣੀ ਕਵਿਤਾ 'ਨਸੀਹਤ' ਵਿਚ ਇਸ ਸਥਿਤੀ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ:

> ਚਾਦਰ ਦੇਖ ਕੇ ਪੈਰ ਪਸਾਰੋ
>
> ਸੱਚ ਸਿਆਣਿਆਂ ਦਾ ਹੈ ਆਖਾ,
>
> ਰਈਸਜ਼ਾਦੇ ਦੀ ਰੀਸ 'ਚ ਆਕੇ
>
> ਝੁੱਗਾ ਚੌੜ ਕਰਾ ਨਾ ਬੈਠੀ। **(5abi.com)**

ਛੋਟੀਆਂ ਜੋਤਾਂ ਦਾ ਮਾਲਕ ਕਿਸਾਨ ਜਾਂ ਠੇਕੇ ਉੱਪਰ ਜਮੀਨ ਲੈ ਕੇ ਵਾਹੀ ਕਰਨ ਵਾਲਾ ਨਿਮਨਵਰਗ ਜਾਂ ਮੱਧਵਰਗੀ ਕਿਸਾਨ ਦੂਜਿਆਂ ਵੱਲ ਦੇਖ ਕਿ ਜਦੋਂ ਅਜਿਹੇ ਖਰਚ ਵਧਾਉਂਦਾ ਹੈ ਤਾਂ ਅਜਿਹੀਆਂ ਜਰੂਰਤਾਂ ਦੀ ਪੂਰਤੀ ਲਈ ਸੁਭਾਵਿਕ ਹੀ ਕਰਜ਼ਿਆਂ ਵੱਲ ਨੂੰ ਵੱਧਦਾ ਹੈ। ਸੀਤਲ ਆਪਣੇ ਕਾਵਿ ਸੰਗ੍ਰਹਿ '***ਕਿਰਸਾਨਾਂ ਦੇ ਦੁੱਖੜੇ ਤੇ ਹੋਰ ਕਵਿਤਾਵਾਂ'*** ਅਧੀਨ ਕਵਿਤਾ "ਕਿਰਸਾਨਾਂ ਦਾ ਦੁੱਖੜਾ" ਵਿਚ ਕਿਸਾਨਾਂ

ਦੀ ਕਰਜ਼ਮਈ ਹਾਲਤ ਬਾਰੇ ਲਿਖਦਿਆਂ ਕਰਜ਼ ਦੀਆਂ ਜੜ੍ਹਾਂ ਲੱਬਦਾ ਹੋਇਆ ਬਿਆਨਦਾ ਹੈ ਕਿ ਕਿਵੇਂ ਪੀੜ੍ਹੀ ਦਰ ਪੀੜ੍ਹੀ ਇਹ ਕਰਜ਼ ਅੱਗੇ ਚਲਦਾ ਤੇ ਮੁੱਕਣ ਦਾ ਨਾਮ ਨਹੀਂ ਲੈਂਦਾ ਹੈ। ਕਵੀ ਇਸ ਗੱਲ ਵੱਲ ਧਿਆਨ ਇਸ਼ਾਰਾ ਕਰਦਾ ਹੈ ਕਿ ਅਸਲ ਵਿਚ ਇਹ ਕਰਜ਼ ਵਿਆਹ-ਸ਼ਾਦੀ ਵਿਚ ਕੀਤੇ ਲੋੜ ਤੋਂ ਵਧੇਰੇ ਖਰਚ ਕਾਰਨ ਚੜਿਆ ਹੈ। ਕਵੀ ਸੀਤਲ ਲਿਖਦਾ ਹੈ:

ਸ਼ਾਹਾਂ ਵਾਲਾ ਤਾਣਾ ਬਾਣਾ ਕਦੇ ਨਾ ਟੁਟਿਆ।

ਬਾਪੂ ਵਾਲਾ ਕਰਜਾ ਨਾ ਹਾਲੇ ਵੀ ਮੁੱਕਿਆ।

ਭੂਆ ਦੇ ਵਿਆਹ ਲਈ ਲਿਆ ਸੀ ਚੜਾ।

ਆਸਾਂ ਨੂੰ ਕਦੇ ਬੂਰ ਨਾ ਪਿਆ। 16

ਇਸੇ ਤਰ੍ਹਾਂ ਧਰਤਿ ਵੰਗਾਰੇ ਤਖ਼ਤ ਨੂੰ ਆਨ-ਲਾਇਨ ਕਾਵਿ ਸੰਗ੍ਰਹਿ ਵਿਚ ਕਵੀ ਰਾਜਪਾਲ ਬੋਪਾਰਾਏ ਕਿਸਾਨੀ ਸਮਾਜ ਵਿਚ ਸਭਿਆਚਾਰਕ ਰਸਮਾਂ ਤੇ ਕਰਜ਼ਿਆਂ ਦੇ ਮਾਇਆ ਜਾਲ ਵਿਚ ਫਸੇ ਕਿਸਾਨ ਅੰਤਰੀਵ ਭਾਵ ਤੇ ਉਸ ਜੀਵਨ ਦੇ ਦੁਖਾਂਤ ਭਰੇ ਯਥਾਰਥ ਨੂੰ ਆਪਣੀ ਰਚਨਾ ਕਵਿਤਾ 'ਰੋਟੀ' ਦੇ ਮਾਧਿਅਮ ਰਾਹੀਂ ਇਸ ਪ੍ਰਕਾਰ ਪ੍ਰਗਟ ਕਰਦਾ ਹੈ:

ਰੋਟੀ 'ਚੋਂ ਮੈਨੂੰ

ਭੈਣ ਦੇ ਵਿਆਹ 'ਤੇ ਲਏ

ਕਰਜ਼ੇ ਦਾ ਪ੍ਰਨੋਟ ਦਿੱਸਦਾ

ਟਰੈਕਟਰ ਦੀਆਂ ਕਿਸ਼ਤਾਂ

ਛੋਟੇ ਦੀ ਪੜ੍ਹਾਈ ਦਾ ਖਰਚਾ

ਤੇਰੀਆਂ ਅਧੂਰੀਆਂ ਰੀਝਾਂ

ਤੇ ਬਾਪੂ ਦੇ ਅੱਟਣ ਦਿੱਸਦੇ ਨੇ

ਜੋ ਤੇਰੇ ਨਿੱਕੇ ਨਿੱਕੇ ਚਾਅ ਵੀ

ਪੂਰੇ ਨਹੀਂ ਕਰ ਸਕੇ। (**punjabikavita.com**)

ਕਰਜ਼ਿਆਂ ਦੀ ਪੰਡ ਨੂੰ ਭਾਰਾ ਕਰਨ ਵਿਚ ਵੱਡੇ-ਵੱਡੇ ਸਮਾਗਮਾਂ ਤੇ ਇਨ੍ਹਾਂ ਵਿਚ ਅਖੌਤੀ ਸ਼ਾਨੋ-ਸ਼ੋਕਤ ਤੇ ਅੰਨ-ਧਨ ਦੀ ਬਰਬਾਦੀ ਦਾ ਅਹਿਮ ਰੋਲ ਹੈ ਤੇ ਇਸ ਪੰਡ ਹੇਠਾਂ ਦੱਬਿਆ ਕਿਸਾਨ ਕਦੋਂ ਤੇ ਕਿਵੇਂ ਉੱਭਰ ਸਕੇਗਾ, ਇਹ ਵੱਡੀ ਚਿੰਤਾ ਦਾ ਵਿਸ਼ਾ ਹੈ। ਦੁਨੀਆਂ ਨੂੰ ਸੰਗਤ ਤੇ ਪੰਗਤ ਦਾ ਸੰਕਲਪ ਦੇਣ ਵਾਲੇ ਪੰਜਾਬੀ ਆਪ ਹੀ ਇਸ ਗੱਲ ਨੂੰ ਭੁੱਲ ਗਏ ਹਨ। ਅੱਜ-ਕੱਲ ਸੋਗ ਵਾਲਾ ਲੰਗਰ ਛਕਣ ਸਮੇਂ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਮ੍ਰਿਤਕ ਦੇ ਭੋਗ ਵਿਚ ਨਹੀਂ ਸਗੋਂ ਕਿਸੇ ਵਿਆਹ ਵਿਚ ਸ਼ਾਮਿਲ ਹੋਣ ਲਈ ਆਏ ਹਾਂ। ਅਸੀਂ ਵਿਖਾਵੇ ਦੇ ਇੰਨੇ ਸ਼ਿਕਾਰ ਹੋ ਚੁੱਕੇ ਹਾਂ ਕਿ ਆਪਣੇ ਬਾਪ ਦੇ ਭੋਗ ਨੂੰ ਵੀ ਵਿਖਾਵੇ ਅਤੇ ਆਪਣੀ ਸਾਕ ਨੂੰ ਉੱਚਾ ਸਾਬਿਤ ਕਰਨ ਦਾ ਸਾਧਨ ਸਮਝਦੇ ਹਾਂ। ਇਨ੍ਹਾਂ ਪਾਠ-ਭੋਗ ਸਮਾਗਮਾਂ ਤੇ ਲੀਡਰਾਂ ਨੂੰ ਬਲਾਉਣ ਤੇ ਅੰਤਾਂ ਦਾ ਇਕੱਠ ਕਰਨ ਨਾਲ ਅਸੀਂ ਆਪਣੀ ਆਰਥਿਕ, ਸਮਾਜਿਕ ਤੇ ਰਾਜਸੀ ਪਹੁੰਚ ਨੂੰ ਲੋਕਾਂ ਸਾਹਮਣੇ ਦਿਖਾਉਣ ਲਈ ਵੱਡੇ ਪ੍ਰਬੰਧ ਕਰਦੇ ਹਾਂ ਫਿਰ ਭਾਵੇਂ ਮਗਰੋਂ ਕਰਜ਼ ਦੀ ਪੰਡ ਹੋਰ ਜਿਆਦਾ ਭਾਰੀ ਹੋ ਜਾਵੇ।

ਤੱਤਕਾਲੀਨ ਸਮਾਜ ਵਿਚ ਪੱਛਮੀਕਰਨ ਦੇ ਪ੍ਰਭਾਵ ਅਧੀਨ ਇਕ ਹੋਰ ਨਵਾਂ ਰੁਝਾਨ ਅੰਤਰ-ਨਸਲੀ ਤੇ ਅੰਤਰ-ਦੇਸੀ ਵਿਆਹ ਸੰਬੰਧ ਕਾਇਮ ਹੋ ਰਹੇ ਹਨ। ਜਿਸ ਨਾਲ ਸਭਿਆਚਾਰਕ ਰਲਾਅ ਪੈਦਾ ਹੋ ਰਿਹਾ। ਇਸ ਦੇ ਸਿੱਟੇ ਵਜੋਂ ਪੇਂਡੂ ਕਿਸਾਨੀ ਸਭਿਆਚਾਰਕ ਜੀਵਨ ਵਿਚ ਕਮੀ ਆ ਰਹੀ ਹੈ। ਵਿਆਹ ਸਮਾਗਮਾਂ ਤੋਂ ਇਲਾਵਾ ਹੋਰ ਕਈ ਖੁਸ਼ੀ ਦੇ ਸਮਾਗਮ ਜਿਵੇਂ ਜਨਮ ਵੇਲੇ ਜਾਂ ਜਨਮ-ਦਿਨ ਦੀਆਂ ਪਾਰਟੀਆਂ ਆਦਿ ਵਿਚ ਵੀ ਵੱਧ ਤੋਂ ਵੱਧ ਪੈਸੇ ਖਰਚ ਕਰਨ ਦੀ ਹੋੜ ਅੱਜ ਕੱਲ ਆਮ ਹੈ। ਇਨ੍ਹਾਂ ਖੁਸ਼ੀਆਂ ਦੇ ਮੌਕਿਆਂ ਤੇ ਵੱਡੇ-ਵੱਡੇ ਕਲਾਕਾਰਾਂ, ਗਾਇਕਾ ਨੂੰ ਬੁਲਾਇਆ ਜਾਂਦਾ ਹੈ ਤੇ ਲੱਖਾਂ ਰੁਪਏ ਉਡਾਏ ਜਾਂਦੇ ਹਨ। ਸੋ ਇਸ ਤਰ੍ਹਾਂ ਇਨ੍ਹਾਂ ਰਸਮਾਂ-ਰਿਵਾਜਾਂ ਨੇ ਕਿਸਾਨੀ ਸੰਕਟ ਪੈਦਾ ਕਰਨ ਵਿਚ ਅਹਿਮ ਰੋਲ ਨਿਭਾਇਆ ਹੈ। ਇਨ੍ਹਾਂ ਰਸਮਾਂ-ਰਿਵਾਜਾਂ ਨੂੰ ਨਿਭਾਉਣ ਲਈ

ਕਰਜ਼ ਦਾ ਸਹਾਰਾ ਲੈਣਾ ਕਿਸਾਨੀ ਸਮਾਜ ਵਿਚ ਸੁਭਾਵਿਕ ਵਰਤਾਰਾ ਬਣ ਗਿਆ ਹੈ। ਡਾ. ਸੁਰਿੰਦਰ ਸਿੰਘ ਸਿੱਧੂ ਆਪਣੀ ਪੁਸਤਕ ***'ਸਿਆੜ'*** ਵਿਚ 'ਕਰਜ਼ੇ ਦੀ ਕਿਸ਼ਤ' ਸਿਰਲੇਖ ਅਧੀਨ ਲਿਖਦੇ ਹਨ:

ਬੈਂਕ ਦੇ ਕਰਜ਼ੇ ਦੀ ਕਿਸ਼ਤ ਟੁਟਣ ਦਾ ਹੌਕਾ

ਗੰਨਾ ਮਿਲ ਵੱਲ ਖੜਾ ਬਕਾਇਆ

ਗੁਡੋ ਦੇ ਵਿਆਹ ਦੀ ਸਾਹੇ ਚਿੱਠੀ ਨਾਲ

ਨੱਥੀ ਲੰਮੀ ਲਿਸਟ ਦਾ ਫਿਕਰ

ਘਰ 'ਚ ਬੈਠੇ ਜਵਾਨ ਪੁੱਤ ਲਈ

ਰੁਜ਼ਗਾਰ ਦਾ ਫਿਕਰ,

ਬਾਪੂ ਨੂੰ ਵੱਡ ਵੱਡ ਖਾਈ ਜਾਂਦਾ ਹੈ। 48

ਇੱਥੇ ਵੀ ਕਵੀ ਨੇ ਕਰਜ਼ ਦੀ ਸਮੱਸਿਆ ਦੇ ਕਾਰਨਾਂ ਨੂੰ ਪੜਚੋਲਦਿਆਂ ਕਿਸਾਨ ਦੀ ਦਰਦ ਭਰੀ ਸਥਿਤੀ ਦਾ ਚਿਤਰਣ ਕੀਤਾ ਹੈ। ਇਕ ਪਾਸੇ ਕਰਜ਼ ਮੋੜਣ ਦੀ ਚਿੰਤਾ ਦੂਜੇ ਪਾਸੇ ਇਕਸਾਰ ਆਮਦਨੀ ਦੀ ਕਮੀ ਤੇ ਤੀਜੇ ਪਾਸੇ ਦਾਜ ਦੇ ਰੂਪ ਵਿਚ ਸਭਿਆਚਾਰਕ ਕੋਹੜ ਆਪ ਮੁਹਾਰੇ ਕਿਸਾਨੀ ਦੇ ਸੰਕਟਗ੍ਰਸਤ ਹੋਣ ਦੀ ਹਾਮੀ ਭਰਦਾ ਹੈ। ਦਾਜ ਮੰਗਣ ਦੇ ਨਵੇਂ ਤਰੀਕੇ ਘੜ ਲਏ ਗਏ ਹਨ। 'ਸਾਨੂੰ ਹੋਰ ਕੁੱਝ ਨਹੀਂ ਚਾਹੀਦਾ ਬਸ ਵਿਆਹ ਵਧੀਆ, ਚੰਗੇ ਤਰੀਕੇ ਨਾਲ ਕਰ ਦੇਣਾ' ਅਜਿਹੀਆਂ ਗੱਲਾਂ ਵਿਚ ਕਈ ਵਾਰੀ ਬਹੁਤ ਵੱਡੇ ਲਾਲਚ ਛੁਪੇ ਹੁੰਦੇ ਹਨ। ਇੱਥੇ ਚੰਗੇ ਵਿਆਹ ਦਾ ਭਾਵ ਵੱਡਾ ਪੈਲੇਸ, ਵੱਡੇ ਪੱਧਰ ਦਾ ਖਾਣ-ਪੀਣ ਤੇ ਮਿਲਣੀ ਵਿਚ ਸੋਨੇ ਦੇ ਗਹਿਣਿਆਂ ਦੇ ਸੈੱਟ, ਲਿਫਾਫੇ/ਪੈਸੇ ਕੰਬਲ ਆਦਿ ਤੋਂ ਲਿਆ ਜਾਂਦਾ ਹੈ। ਅੰਤ ਵਿੱਚ ਇਕ ਹੋਰ ਪ੍ਰਚਲਿਤ ਗੱਲ ਕਹਿ ਦੇਣੀ ਕਿ ਮਾਪਿਆਂ ਨੇ ਆਪਣੀ ਧੀ ਨੂੰ ਦੇਣਾ ਹੀ ਹੈ, ਆਮ ਸੁਣਨ ਨੂੰ ਮਿਲ ਜਾਂਦੀ ਹੈ। ਦਹੇਜ ਦੀ ਸਮੱਸਿਆ ਕਾਰਨ ਕਈ ਘਰ ਤਬਾਹ ਹੋ ਚੁੱਕੇ ਹਨ ਤੇ ਇਹ ਵਰਤਾਰਾ ਰੁਕਿਆ ਨਹੀਂ ਸਗੋਂ ਅਖਬਾਰਾਂ ਵਿਚ ਨਿੱਤ ਦਾਜ ਦੀ ਭੇਟ ਚੜ੍ਹਦੀਆਂ

ਕੁੜੀਆਂ ਬਾਰੇ ਪੜ੍ਹਨ ਨੂੰ ਮਿਲ ਜਾਂਦਾ ਹੈ। ਕਿਸਾਨੀ ਕਰਜ਼, ਭਰੂਣ ਹੱਤਿਆ, ਕਿਸਾਨ ਆਤਮ ਹੱਤਿਆ ਤੇ ਹੋਰ ਕਈ ਸਮੱਸਿਆ ਇਸ ਗੱਲ ਨਾਲ ਜੁੜੀਆਂ ਹੋਈਆਂ ਹਨ। ਕਵੀ ਕੁਲਦੀਪ ਸਿਰਸਾ ਆਧੁਨਿਕ ਵਿਆਹਾਂ ਦੀਆਂ ਰਸਮਾਂ ਉੱਤੇ ਕਟਾਖਸ਼ ਕਰਦਿਆਂ ਰਚਨਾ 'ਸਾਜਨ ਆਏ' ਵਿਚ ਲਿਖਦੇ ਹਨ:

ਵਿਚੋਲਾ ਆਪਣੀ ਮੁੰਦਰੀ ਦੇਖੇ

ਲਾੜਾ ਕਾਰ ਦੀ ਚਾਬੀ

ਰਾਗੀ ਨੇ ਵੀ ਰਾਗ ਉਚਾਰਿਆ

ਪੂਰੇ ਮੇਲ਼ ਮਿਲਾਏ

ਆਰਕੈਸਟਰਾ ਨੱਚਦੀ ਫਿਰਦੀ

ਜਿਵੇਂ ਗਰੀਬੀ ਨਚਾਏ

ਹੱਥ ਫੜ ਫੜ ਕੇ ਨੱਚਦੇ ਉਸਦਾ

ਫੁੱਫੜ, ਮਾਮੇ, ਤਾਏ। (**punjabi-kavita.com**)

ਇਸ ਤੱਥ ਦੀ ਪੁਸ਼ਟੀ ਪੰਜਾਬ ਪੁਲਿਸ ਦੇ ਅਫਸਰ ਤੇ ਸਾਹਿਤਕਾਰ ਗੁਰਪ੍ਰੀਤ ਸਿੰਘ ਤੂਰ ਆਪਣੇ ਵਿਸ਼ਾਲ ਅਨੁਭਵ ਆਪਣੀ ਪੁਸਤਕ '***ਅੱਲੜ ਉਮਰਾਂ ਤਲਖ ਸੁਨੇਹੇ***' ਵਿਚ ਲੇਖ 'ਕਿਰਤ ਵਿਛੁੰਨੇ ਲੋਕ' ਵਿਚ ਇਸ ਪ੍ਰਕਾਰ ਕਰਦੇ ਹਨ:

> ਵਿਆਹਾਂ 'ਤੇ ਹੁੰਦੇ ਅਥਾਹ ਖ਼ਰਚੇ ਵੀ ਕਿਰਤ ਨਾਲੋਂ ਟੁੱਟੇ ਹੋਏ ਵਰਤਾਰੇ ਦਾ ਪ੍ਰਤੱਖ ਪ੍ਰਤੀਕ ਹਨ। ਸਾਡੇ ਆਮ ਵਿਆਹ ਵੀ ਦਸ ਲੱਖ ਤੋਂ ਵੱਧ ਜਾਂਦੇ ਹਨ, ਜਦੋਂ ਕਿ ਮੈਰਿਜ ਪੈਲੇਸਾਂ 'ਚ ਹੁੰਦੇ ਸਮਾਗਮ ਪੱਚੀ ਲੱਖ ਤੋਂ ਸ਼ੁਰੂ ਹੋ ਕੇ ਖ਼ਰਚਿਆਂ ਦੀਆਂ ਉੱਚੀਆਂ ਤੇ ਖ਼ੁਸ਼ਕ ਚੋਟੀਆਂ ਤੈਅ

ਕਰਦੇ ਹਨ। ਧੀ ਵਾਲਿਆਂ ਨੂੰ ਅਜਿਹੇ ਖ਼ਰਚਿਆਂ ਲਈ ਮਜਬੂਰ ਹੋਣਾ ਪੈਂਦਾ ਹੈ। (***ਅੱਲੜ੍ਹ ਉਮਰਾਂ ਤਲਖ ਸੁਨੇਹੇ 50)***

ਇੱਥੇ ਪੰਜਾਬ ਦੇ 70% ਵਿਆਹਾਂ ਵਿਚ ਕਿਤੇ ਨਾ ਕਿਤੇ ਇਨ੍ਹਾਂ ਦ੍ਰਿਸ਼ਾਂ ਨੂੰ ਦੇਖਿਆ ਜਾ ਸਕਦਾ ਹੈ। ਵਿਚੋਲਾ ਇਸ ਸਭ ਲੈਣ-ਦੇਣ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ। ਆਪਣੀ ਨਿੱਜੀ ਲਾਲਸਾ ਤੇ ਸੁਆਰਥ ਲਈ ਉਹ ਕਈ ਵਾਰ ਝੂਠ ਦਾ ਸਹਾਰਾ ਲੈ ਕੇ ਅਜਿਹੇ ਸਾਕ ਕਰਵਾ ਦਿੰਦੇ ਹਨ ਜੋ ਨਿਰੋਲ ਵਪਾਰਕ ਸੌਦੇਬਾਜੀ ਦੀ ਤਰ੍ਹਾਂ ਹੁੰਦੇ ਹਨ। ਸਭਿਆਚਾਰ ਦੇ ਨਾਂ ਤੇ ਵਿਆਹ-ਸ਼ਾਦੀਆਂ ਤੇ ਲੈ ਕੇ ਆਉਂਦੇ ਗੀਤ ਸੰਗੀਤ ਵਾਲਿਆਂ ਨਾਲ ਹੀ ਸਭ ਤੋਂ ਵੱਧ ਸਭਿਆਚਾਰਕ ਖਿਲਵਾੜ ਕੀਤਾ ਜਾਂਦਾ ਹੈ। ਮਿਹਨਤ ਦੇ ਬਦਲੇ ਆਪਣੇ ਹੱਕ ਲੈਣ ਲਈ ਵੀ ਕੰਪਨੀਆਂ-ਮਿੱਲਾਂ ਦੇ ਮਾਲਕਾ ਦੇ ਵੱਲ ਤੱਕਦਾ ਰਹਿੰਦਾ ਹੈ ਤੇ ਅਗਲੀ ਪੀੜ੍ਹੀ ਦੇ ਰੁਜ਼ਗਾਰ ਲਈ ਬੇਵਸ ਹੁੰਦਾ ਕਿਸਾਨ ਝੂਰਦਾ ਰਹਿੰਦਾ ਹੈ। ਪੰਜਾਬੀ ਸਭਿਆਚਾਰ ਰਿਵਾਇਤੀ ਰਹਿਣ-ਸਹਿਣ, ਰਵਾਇਤੀ ਪਹਿਰਾਵੇ ਤੇ ਰਵਾਇਤੀ ਜੀਵਨ-ਸ਼ੈਲੀ ਤੋਂ ਭਟਕ ਰਿਹਾ ਹੈ। ਪਰਵਾਸੀ ਸਾਹਿਤਕਾਰ ਮੋਹਨ ਗਿੱਲ ਨਾਲ ਡਾ. ਹਰਜੋਤ ਕੌਰ ਦੀ ਇਕ ਮੁਲਾਕਾਤ ਜੋ ਕਿ ਪੁਸਤਕ ‘ਮੋਹਨ ਗਿੱਲ ਦਾ ਕਾਵਿ-ਸੰਗ੍ਰਹਿ ***‘ਇਕ ਹੋਰ ਮਹਾਂਭਾਰਤ’: ਪਰਖ-ਪੜਚੋਲ*** ‘ਚ ਸ਼ਾਮਿਲ ਹੈ, ਵਿਚ ਮੋਹਣ ਗਿੱਲ ਦੱਸਦੇ ਹਨ:

> ਪਹਿਲਾਂ ਵਿਆਹਾਂ ਵਿਚ ਰਿਸ਼ਤੇਦਾਰ ਤੇ ਆਂਢੀ ਗੁਆਂਢੀ ਰਲ ਕੇ ਮੰਜੇ ਬਨਾਉਣ ਤੱਕ ਅਤੇ ਆਉ ਭਗਤ ਤੋਂ ਵਿਦਾਈ ਤੱਕ ਸਭ ਕੰਮ ਆਪ ਕਰਦੇ ਸਨ। ਹੁਣ ਪੂੰਜੀਵਾਦੀ ਨਿਜ਼ਾਮ ਨੇ ‘ਵੈਡਿੰਗ ਪਲੈਨਰ’ ਪੈਦਾ ਕਰ ਦਿੱਤੇ ਹਨ ਜੋ ਹਰ ਕੰਮ ਲਈ ਪੈਸਿਆ ਦੇ ਮੁੱਲ ਕੰਮ ਕਰਨ ਵਾਲੇ ਕਿਰਾਏ ‘ਤੇ ਲਿਆਉਂਦੇ ਹਨ।....... ਕੋਈ ਅਪਣੱਤ ਨਹੀਂ ਹੈ ਸਿਰਫ਼ ਬਾਜ਼ਾਰ ਹੀ ਭਾਰੂ ਹੋਇਆ ਹੁੰਦਾ ਹੈ। ਸ਼ਰਾਬ ਤੋਂ ਲੈ ਕੇ ਵੱਖ ਵੱਖ ਤਰ੍ਹਾਂ ਦੇ ਭੋਜਨਾਂ ਦੇ ਵੱਖ-ਵੱਖ ਸਟਾਲ ਲੱਗੇ ਹੁੰਦੇ ਹਨ। ਅਸਲ ਵਿਚ ਪੂੰਜੀਵਾਦੀ ਨਿਜ਼ਾਮ ਦਾ ਮੁੱਢ ਤਾਂ ਇਸ ਧਰਤੀ ਤੇ ਵੱਖਰੇ-ਵੱਖਰੇ ਦੇਸ਼

ਤੇ ਵੱਖਰੇ-ਵੱਖਰੇ ਰਾਜ ਬਣਾਉਣ ਤੋਂ ਹੀ ਹੋ ਗਿਆ ਸੀ। (***ਇਕ ਹੋਰ ਮਹਾਂਭਾਰਤ': ਪਰਖ-ਪੜਚੋਲ*** 35)

ਅੱਗੇ ਗੱਲ ਕਰਦੇ ਹਾਂ ਰਹਿਣ-ਸਹਿਣ ਦੀ। ਉਹ ਕਿਸਾਨ ਜੋ ਕਦੇ ਸਾਦੇ ਘਰਾਂ ਵਿਚ ਖੁੱਲੇ ਵਿਹੜਿਆ ਵਿਚ ਆਪਣਾ ਜੀਵਨ ਬਿਤਾਉਂਦਾ ਸੀ ਆਧੁਨਿਕੀਕਰਨ ਦੀ ਮਾਰ ਹੇਠ ਆ ਕੇ ਵੱਡੀਆਂ ਕੋਠੀਆਂ, ਮਹਿਲ, ਹਵੇਲੀਆਂ ਉਸਾਰਨ ਲੱਗ ਪਿਆ। ਪਿੰਡਾਂ ਤੋਂ ਨਿਕਲ ਕੇ ਸ਼ਹਿਰਾਂ ਵਿਚ ਕੋਠੀਆਂ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਸ਼ਹਿਰੀਕਰਨ ਵੱਲ ਵੱਧਦੀ ਪੇਂਡੂ ਸੱਭਿਅਤਾ ਨੇ ਮਿੱਟੀ ਦੇ ਮੋਹ ਵਿਚ ਕਮੀ ਲੈ ਆਉਂਦੀ ਹੈ। ਹੁਣ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਸ ਨਵੀਂ ਠਾਠ-ਬਾਠ ਵਾਲੀ ਜਿੰਦਗੀ ਵਿਚ ਕਿਸਾਨਾਂ ਦੀ ਆਮਦਨੀ ਤੇ ਆਮਦਨ ਦੇ ਸਰੋਤ ਤੇ ਓਹੀ ਸਨ ਜੋ ਪਹਿਲਾਂ ਸਨ। ਸਗੋਂ ਨਿਰੰਤਰ ਵਾਹੀਯੋਗ ਜਮੀਨ ਕਿਸੇ ਨਾ ਕਿਸੇ ਕਾਰਨ ਘੱਟ ਹੋ ਰਹੀ ਸੀ। ਇਸ ਸਭ ਦਾ ਸਿੱਧਾ ਪ੍ਰਭਾਵ ਕਿਸਾਨੀ ਜੀਵਨ ਤੇ ਪਿਆ ਤੇ ਕਿਸਾਨ ਕਰਜ਼ ਦੇ ਜਾਲ ਵਿਚ ਦਿਨੋ-ਦਿਨ ਧੱਸਦਾ ਗਿਆ। ਬਹੁਤੀ ਵਾਰ ਇਨ੍ਹਾਂ ਕੋਠੀਆਂ, ਹਵੇਲੀਆਂ ਨੂੰ ਬਨਾਉਣ ਲਈ ਬੈਂਕਾਂ, ਆੜਤੀਆਂ ਜਾਂ ਸ਼ਾਹੂਕਾਰਾਂ ਤੋਂ ਵਿਆਜ ਤੇ ਪੈਸੇ ਲੈਣੇ ਪੈਂਦੇ ਹਨ। ਇਸ ਤਰਾਂ ਦਿਨੋ-ਦਿਨ ਵੱਧਦੇ ਕਰਜ਼ ਨੇ ਕਿਸਾਨ ਸੰਕਟ ਵਿਚ ਨਿਰੰਤਰ ਵਾਧਾ ਕੀਤਾ ਹੈ। ਕਵੀ ਨਛੱਤਰ ਸਿੰਘ ਭੋਗਲ ਆਪਣੀ ਰਚਨਾ 'ਕਰਜ਼ਾ' ਵਿਚ ਲਿਖਦੇ ਹਨ:

ਲੋੜੋਂ ਵਾਧੂ ਖਰਚ ਵਧਾਏ

ਮੁੱਛਾ, ਦਾੜੀ ਨਾਲੋਂ ਲੰਮੀਆਂ

ਕਰਜ਼ਾ ਦੂਣਾ ਤੀਣਾ ਹੋਇਆ

ਸੂਦ ਤੇ ਸੂਦ ਲਗਾ ਕੇ

ਵਿਆਹ ਸ਼ਾਦੀ ਤੇ ਖਰਚ ਵਧਾਏ

ਚੁੱਕ ਅੱਡੀਆਂ ਫਾਹਾ ਲੈਂਦੇ

ਬਾਜੇ ਗਾਜੇ ਗਾਉਣ ਵਾਲੀਆਂ

ਕੋਲੋਂ ਘਰ ਲੁਟਵਾਕੇ। **(5abi.com)**

ਇੱਥੇ ਕਵੀ ਨਛੱਤਰ ਸਿੰਘ ਭੋਗਲ ਸਮਾਜ ਵਿਚਲੇ ਕੌੜੇ ਤਜਰਬਿਆਂ ਨੂੰ ਲਿਖਦਿਆਂ ਅਜੋਕੇ ਸਮਾਜ ਦਾ ਬਿੰਬ ਚਿਤਰਣ ਦਾ ਯਤਨ ਕਰਦਾ ਹੈ। ਉਹ ਪੰਜਾਬੀ ਪਰਿਵਾਰਾਂ ਵਿਚ ਉਪਜੇ ਇਸ ਲੋਕ-ਦਿਖਾਵੇ ਦੇ ਸਮਾਜਿਕ ਮਾਇਆ ਜਾਲ ਨੂੰ ਪੇਸ਼ ਕਰਦਾ ਹੈ। ਇੱਥੇ ਮੂਲ ਚੁਕਾਉਣ ਤੋਂ ਅਸਮਰਥ ਕਰਜ਼ਈ ਧਿਰ ਉੱਪਰ ਵਿਆਜ ਇਨ੍ਹਾਂ ਭਾਰੀ ਹੋ ਜਾਂਦਾ ਹੈ ਕਿ ਉਸ ਦੀ ਸਮਰੱਥਾ ਤੋਂ ਬਾਹਰ ਹੋ ਜਾਂਦਾ ਹੈ। ਪਰੰਤੂ ਇਸ ਸਭ ਦੇ ਬਾਵਜੂਦ ਉਸ ਦੁਆਰਾ ਖਰਚ ਕਰਨ ਵਿਚ ਕੋਈ ਕਮੀ-ਪੇਸ਼ੀ ਨਹੀਂ ਛੱਡੀ ਜਾਂਦੀ। ਸਮਾਜ ਵਿਗਿਆਨ ਦੇ ਪ੍ਰੋਫੈਸਰ ਡਾ. ਸੁਖਦੇਵ ਸਿੰਘ ਪੁਸਤਕ ਵਿਚ ਲਿਖਦੇ ਹਨ:

> ਪਦਾਰਥਵਾਦੀ ਰੁਚੀਆਂ ਦਾ ਵਾਧਾ, ਮੀਡੀਆ ਦੁਆਰਾ ਉਪਜਾਇਆ ਛਿਣ ਭੰਗੀ ਸਤਹੀ ਭਰਮ-ਜਾਲ, ਸ਼ਕਤੀਸ਼ਾਲੀ ਦੇਸ਼ਾਂ ਦੁਆਰਾ ਆਪਣੇ ਮਾਲ ਦੇ ਵੇਚ ਲਈ ਮੰਡੀ ਪੈਦਾ ਕਰਨਾ, ਸਮਾਜਿਕ ਵਿਖਾਵਾ, ਆਦਿ ਕਾਰਨਾਂ ਕਰਕੇ ਵਿਆਹ ਦੀ ਰਸਮ ਹੁਣ ਪਵਿੱਤਰ ਨਾ ਰਹਿ ਕੇ ਮੰਡੀ ਸ਼ਕਤੀ ਦਾ ਇਕ ਹਿੱਸਾ ਬਣਦੀ ਜਾ ਰਹੀ ਹੈ। ਇਸ ਦਾ ਹਿਸਾਬ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਮੈਰਿਜ ਪੈਲੇਸ ਵਿਚ ਕਿਸੇ ਨਾਲ ਖੁਸ਼ੀ ਸਾਂਝੀ ਕੀਤੀ ਜਾ ਸਕਦੀ ਹੈ ਜਾਂ ਸਿਰਫ ਕੁੱਝ ਘੰਟਿਆਂ ਵਿਚ ਪੇਟ ਨੂੰ ਠੂਸਿਆ ਜਾਂਦਾ ਹੈ। (***ਸਾਦੇ ਵਿਆਹ ਸਾਦੇ ਭੋਗ ਨਾ ਕਰਜ਼ਾ ਨਾ ਚਿੰਤਾ ਰੋਗ* 24**)

ਰਸਮਾਂ-ਰਿਵਾਜਾਂ ਤੇ ਰਹਿਣ-ਸਹਿਣ ਤੋਂ ਬਾਅਦ ਜੇਕਰ ਗੱਲ ਕੀਤੀ ਜਾਵੇ ਤਾਂ ਇਕ ਵੱਡਾ ਪਰਿਵਰਤਨ ਪਹਿਰਾਵੇ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ। ਕੱਪੜੇ ਮਨੁੱਖ ਦੀ ਸਰੀਰਕ ਲੋੜਾਂ ਦੀ ਪੂਰਤੀ ਕਰਦੇ ਹਨ। ਜਿਸਮ ਨੂੰ ਕੱਜਣਾ ਤੇ ਮੌਸਮ ਅਨੁਸਾਰ ਸਰੀਰ ਨੂੰ ਆਰਾਮਦਾਇਕ ਹਾਲਤ ਵਿਚ ਰੱਖਣਾ ਕੱਪੜਿਆਂ ਦਾ ਬੁਨਿਆਦੀ ਕਾਰਜ ਹੈ। ਵੱਖ-ਵੱਖ ਥਾਵਾਂ ਤੇ ਰਹਿੰਦੇ ਲੋਕਾਂ ਦੀਆਂ ਵੱਖੋ-

ਵੱਖਰੀਆਂ ਲੋੜਾਂ ਕਾਰਨ ਪਹਿਰਾਵੇ ਵਿਚ ਵੰਨ-ਸਵੰਨਤਾ ਹੋਣੀ ਸੁਭਾਵਿਕ ਹੈ। ਕਿਸਾਨਾਂ ਦੀ ਆਧੁਨਿਕ ਪੀੜ੍ਹੀ ਹੁਣ ਪਹਿਲੀਆਂ ਪੀੜ੍ਹੀਆਂ ਦੀ ਤਰਾਂ ਕੇਵਲ ਪਜਾਮੇ-ਕੁੜਤੇ, ਸਲਵਾਰ-ਕਮੀਜ਼, ਧੋਤੀ-ਕੁੜਤੇ ਜਾਂ ਪੈਂਟ-ਕਮੀਜ਼ ਤੱਕ ਸੀਮਿਤ ਨਹੀਂ ਹਨ। ਨੌਜਵਾਨ ਪੀੜ੍ਹੀ ਦਾ ਪਹਿਰਾਵਾ ਅੰਗਰੇਜ਼ੀ ਅਸਰ ਕਰਕੇ ਵੱਖਰੀ ਕਿਸਮ ਦਾ ਹੋ ਗਿਆ ਹੈ। ਨੌਜਵਾਨ ਪੀੜ੍ਹੀ, ਪੱਛਮੀ ਪਹਿਰਾਵਾ ਲੋਕ-ਦਿਖਾਵੇ ਤੇ ਦੂਜਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਲਈ ਪਾਉਂਦੇ ਹਨ। ਬੱਚੇ ਤੇ ਨੌਜਵਾਨ ਪਹਿਰਾਵੇ ਦੀ ਚੋਣ ਵਿਚ ਪੂਰੀ ਤਰ੍ਹਾਂ ਸੁਤੰਤਰ ਹਨ। ਅਜੋਕੇ ਸਮੇਂ ਕਿਸਾਨਾਂ ਦੀ ਸੰਕਟਮਈ ਹਾਲਤ ਵਿਚ ਪਹੁੰਚਣ ਵਿਚ ਇਕ ਵੱਡਾ ਯੋਗਦਾਨ ਕਿਸਾਨਾਂ ਦੀ ਇਹ ਆਧੁਨਿਕ ਪੀੜ੍ਹੀ ਦਾ 'ਬ੍ਰਾਂਡਡ' ਕੱਪੜਿਆਂ ਪ੍ਰਤੀ ਰੁਝਾਨ ਵੀ ਹੈ। ਕੇਵਲ ਕੱਪੜੇ ਹੀ ਨਹੀਂ ਮਹਿੰਗੀਆਂ ਜੁੱਤੀਆਂ, ਘੜੀਆਂ, ਮਹਿੰਗੇ ਬ੍ਰਾਂਡ ਦੇ ਮੋਬਾਇਲ ਫੋਨ ਤੇ ਹੋਰ ਇਸ ਤਰ੍ਹਾਂ ਦੇ ਕਲਚਰ ਨੇ ਕਿਸਾਨੀ ਜੀਵਨ ਵਿਚ ਸਭਿਆਚਾਰਕ ਤੌਰ ਤੇ ਸੰਕਟ ਖੜਾ ਕੀਤਾ ਹੈ। ਕਵੀ ਜਰਨੈਲ ਘੁਮਾਣ ਆਪਣੀ ਕਵਿਤਾ 'ਐ ਸਮੇਂ ਦੇ ਹਾਣੀਓ!' ਵਿਚ ਲਿਖਦੇ ਹਨ:

ਭਟਕ ਗਈ ਜਵਾਨੀ, ਭਟਕੀ ਰਾਹ ਨਸ਼ਿਆਂ ਦੇ ਪੈ ਗਈ।

ਕੀਤੀ ਕਰੀ ਪੜ੍ਹਾਈ ਸਾਰੀ, ਇਸ਼ਕ ਮੁਸ਼ਕ ਤੱਕ ਰਹਿ ਗਈ।

ਕੁੱਝ ਇੰਟਰਨੈੱਟ, ਮੋਬਾਇਲਾਂ ਨੇ,

ਕੁੱਝ ਚਿੰਬੜੇ ਨਵੇਂ ਹੀ ਵੈਲਾਂ ਨੇ,

ਕੁੱਝ ਰੀਸੋ ਰੀਸੀ ਵੇਖ਼ ਵੇਖ਼,

ਲਾ ਲਈਆਂ ਵਿਦੇਸ਼ੀ ਜੈੱਲਾਂ ਨੇ,

ਹਾਏ! ਲਿਆ ਡਕਾਰ ਜਵਾਨੀ ਨੂੰ, ਲਾ ਦਿੱਤਾ ਕੱਚਾ ਕੋਹੜ ਹੈ।

ਲੋੜ ਹੈ! ਮੇਰੇ ਲੋਕਾਂ ਨੂੰ, ਇਕ ਸੇਧ ਦੇਣ ਦੀ ਲੋੜ ਹੈ॥ (**5abi.com**)

ਪਹਿਲਾਂ-ਪਹਿਲ ਇਹ ਬਦਲਾਅ ਸ਼ਹਿਰੀ ਖੇਤਰ ਵਿਚ ਆਮ ਦੇਖਣ ਵਿਚ ਮਿਲਦੇ ਸਨ ਪ੍ਰੰਤੂ ਹੌਲੀ-ਹੌਲੀ ਇਹ ਪਿੰਡਾਂ ਤੱਕ ਫੈਲ ਗਿਆ। ਵੱਡੀਆਂ ਮਹਿੰਗੀਆਂ ਕਾਰਾਂ, ਗੱਡੀਆਂ ਦਾ ਪ੍ਰਚਲਨ ਕਿਸਾਨੀ ਸਮਾਜ ਵਿਚ ਵੀ ਆਮ ਹੋ ਗਿਆ ਹੈ। ਕਿਸਾਨਾਂ ਦੇ ਧੀਆਂ-ਪੁੱਤਾਂ ਦੇ ਹੱਥਾਂ ਵਿਚ ਕਹੀ, ਦਾਤਰੀ ਦੀ ਬਜਾਇ ਮਹਿੰਗੇ ਮੋਬਾਇਲ ਫੋਨ ਹਨ। ਇਕ ਹੋਰ ਨਵੇਂ ਫੈਸ਼ਨ ਦੇ ਰੂਪ ਵਿਚ 'ਟੈਟੂ' ਬਣਾਉਣ ਦਾ ਰਿਵਾਜ ਆਮ ਹੋ ਗਿਆ ਹੈ। ਸਥਿਤੀ ਇੱਥੋਂ ਤੱਕ ਖਰਾਬ ਹੋ ਚੁੱਕੀ ਹੈ ਕਿ ਮੌਤ ਨਾਲ ਸੰਬੰਧਿਤ ਰਸਮਾਂ ਵੀ ਬਹੁਤ ਖਰਚੀਲੀਆਂ ਹੋ ਚੁਕੀਆਂ ਹਨ।

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਅੱਜਕੇ ਦੌਰ ਵਿਚ ਮਾਨਵੀ ਰਿਸ਼ਤਿਆਂ ਵਿਚਲੇ ਨਿੱਘ, ਵਡੱਪਣ, ਪਿਆਰ, ਮਿਲਵਰਤਨ, ਸਹਿਯੋਗ ਆਦਿ ਮਾਨਵੀ ਮੁੱਲਾਂ ਨੂੰ ਦਰਕਿਨਾਰ ਹੋ ਗਏ ਹਨ। ਸਭਿਆਚਾਰਕ ਰਹੁ-ਰੀਤਾਂ ਕਿਸੇ ਵੀ ਸਮਾਜ ਵਿਚ ਬਹੁਤ ਅਹਿਮ ਸਥਾਨ ਰੱਖਦੀਆ ਹਨ। ਪਿੰਡ ਅਤੇ ਕਿਸਾਨ ਸਭਿਆਚਾਰਕ ਪਛਾਣ ਦਾ ਮਹੱਤਵਪੂਰਨ ਹਿੱਸਾ ਸਨ। ਪਿੰਡਾਂ ਵਿੱਚ ਰਹਿਣ ਵਾਲੇ ਲੋਕ ਆਪਣੇ ਕੰਮ ਧੰਦਿਆਂ ਰਾਹੀਂ ਆਪਣੀਆਂ ਜਰੂਰਤਾਂ ਦੀ ਪੂਰਤੀ ਕਰਦੇ ਹਨ। ਪਿੰਡਾਂ ਵਿੱਚ ਤਿਆਰ ਕੀਤੀਆਂ ਕਲਾ ਕ੍ਰਿਤਾਂ, ਦਸਾਤਕਾਰੀ ਅਤੇ ਤਰਖਾਣ, ਘੁਮਿਆਰਾ, ਲੁਹਾਰ, ਨਾਈ, ਦੁਰਾਹੇ ਆਦਿ ਵਰਗਾਂ ਦੇ ਕਿੱਤਿਆਂ ਦੀ ਥਾਂ ਮਸ਼ੀਨੀਕਰਨ ਨੇ ਲੈ ਲਈ ਸੀ। ਕਿਸਾਨ ਦੀ ਫਸਲ ਦਾ ਹੋਰਨਾਂ ਕਿਰਤਾਂ ਦੇ ਆਦਾਨ ਪ੍ਰਦਾਨ ਰਾਹੀਂ ਇਕ ਸਭਿਆਚਾਰਕ ਚੱਕਰ ਚੱਲਦਾ ਸੀ, ਜਿਸ ਨੂੰ ਬਿਨਾਂ ਕਿਸੇ ਕਾਨੂੰਨ ਦੇ ਆਪਸੀ ਸਹਿਮਤੀ ਨਾਲ ਸਭ ਸਵੀਕਾਰ ਕਰਦੇ ਸਨ, ਪ੍ਰੰਤੂ ਹੁਣ ਅਜਿਹਾ ਨਹੀਂ ਰਿਹਾ। ਸਾਦਗੀ ਭਰਪੂਰ ਕਿਸਾਨੀ ਜੀਵਨ ਦਾ ਫਲਸਫਾ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਇਸ ਬਦਲਾਅ ਦਾ ਵੱਡਾ ਕਾਰਨ ਸਭਿਆਚਾਰਕ ਰਹੁ-ਰੀਤਾਂ ਵਿਚ ਆਇਆ ਪਰਿਵਰਤਨ ਹੈ। ਸਭਿਆਚਾਰਕ ਰਹੁ-ਰੀਤਾਂ ਹੁਣ ਉਸ ਸਾਂਝਾਂ ਤੇ ਪ੍ਰੀਤਾਂ ਦੀ ਨਿਸ਼ਾਨੀ ਨਾ ਰਹਿ ਕੇ ਵਪਾਰ ਮੰਡੀ ਦਾ ਸਾਧਨ ਬਣ ਕੇ ਰਹਿ ਗਈਆਂ ਹਨ।

ਸਮਾਜਿਕ ਜੀਵਨ ਦੇ ਤਿੰਨ ਮਹੱਤਵਪੂਰਣ ਕਾਰਜ ਜੀਵਨ, ਵਿਆਹ ਅਤੇ ਮੌਤ ਸਮੇਂ ਨਿਭਾਈਆਂ ਜਾਣ ਵਾਲੀਆਂ ਰਸਮਾਂ ਦਾ ਸਰੂਪ ਪੂਰੀ ਤਰ੍ਹਾਂ ਬਦਲ ਚੁੱਕਾ ਹੈ। ਇਹ ਰਸਮਾਂ ਬੇਹੱਦ ਖਰਚੀਲੀਆਂ ਹੋ

ਗਈਆਂ ਹਨ। ਜਨਮ ਸਮੇਂ ਜਾਂ ਜਨਮਦਿਨ ਦੀਆਂ ਪਾਰਟੀਆਂ ਅਤੇ ਵਿਆਹਾਂ ਉੱਪਰ ਕੀਤਾ ਜਾਣ ਵਾਲਾ ਖਰਚ ਇਨ੍ਹਾਂ ਵੱਧ ਗਿਆ ਹੈ, ਤੇ ਇਹ ਆਮ ਪਰਿਵਾਰਾਂ ਦੇ ਵੱਸ ਤੋਂ ਬਾਹਰ ਹੋ ਗਿਆ ਹੈ। ਇਸੇ ਹੀ ਤਰ੍ਹਾਂ ਮੌਤ ਦੇ ਸਮਾਗਮਾਂ ਦੌਰਾਨ ਬਣ ਰਹੇ ਪਕਵਾਨਾਂ ਨੂੰ ਦੇਖ ਕੇ ਇਹ ਫਰਕ ਕਰਨਾ ਬਹੁਤ ਔਖਾ ਹੋ ਗਿਆ ਹੈ ਕਿ ਸਮਾਗਮ ਖੁਸ਼ੀ ਦਾ ਹੈ ਜਾਂ ਗਮੀ ਦਾ। ਕਿਸਾਨਾਂ ਵਿਚ ਵੀ ਅਜਿਹੀ ਘਰੋਗੀ ਜੀਵਨ ਦੇ ਨਿਰੰਤਰ ਵੱਧਣ ਨਾਲ ਉਨ੍ਹਾਂ ਦੇ ਜੀਵਨ ਵਿਚ ਅਨੇਕਾਂ ਪ੍ਰਕਾਰ ਦੀਆਂ ਮੁਸ਼ਕਿਲਾਂ ਵੱਧ ਗਈਆਂ ਹਨ। ਸਮੇਂ ਦਾ ਹਾਣੀ ਬਣਨ ਦੇ ਨਾਂ ਤੇ ਕੀਤੇ ਜਾ ਰਹੇ ਇਨ੍ਹਾਂ ਬੇਲੋੜੇ ਖਰਚਿਆਂ ਨੇ ਕਿਸਾਨੀ ਨੂੰ ਤਰਸਯੋਗ ਹਾਲਤਾਂ ਤੱਕ ਪਹੁੰਚਾਉਣ ਵਿਚ ਕੋਈ ਕਸਰ ਨਹੀਂ ਛੱਡੀ। ਕਰਜ਼ਿਆਂ ਦਾ ਭਾਰ ਨਾ ਝੱਲਦੀ ਪੰਜਾਬ ਦੀ ਕਿਸਾਨੀ ਸੰਘਰਸ਼ ਦੀ ਥਾਂ ਖੁਦਕੁਸ਼ੀਆਂ ਕਰਨ ਲੱਗ ਪਈ ਹੈ। ਬਹੁਕੌਮੀ ਕਾਰਪੋਰੇਸ਼ਨਾਂ ਦੁਆਰਾ ਮੁਕਤ ਬਾਜ਼ਾਰ ਦੇ ਨਾਂਅ ਹੇਠ ਨਵੇਂ ਉਤਪਾਦ, ਐਸ਼ੋ-ਆਰਾਮ ਦੀਆਂ ਵਸਤੂਆਂ ਖਾਣ-ਪੀਣ ਦੀਆਂ ਚੀਜ਼ਾਂ ਬਾਜ਼ਾਰ ਵਿੱਚ ਸੁੱਟੀਆਂ ਜਾ ਰਹੀਆਂ ਹਨ। ਇੰਨ੍ਹਾਂ ਦੀ ਚਕਾਚੌਂਧ ਮਨੁੱਖੀ ਮਨ ਵਿੱਚ ਉਪਭੋਗੀ ਰੁਚੀਆਂ ਨੂੰ ਪ੍ਰੋਤਸਾਹਨ ਕਰਦੀ ਹੈ। ਮਾਨਵੀ ਮੁੱਲਾਂ ਦੀ ਥਾਂ ਪੂੰਜੀ ਦੀ ਅਹਿਮੀਅਤ ਨੂੰ ਬੜ੍ਹਾਵਾ ਲਿਆ। ਸੋ ਇਸ ਤਰ੍ਹਾਂ ਕਿਸਾਨੀ ਦੇ ਸੰਕਟ ਭਰੀ ਸਥਿਤੀ ਵਿਚ ਪੁੱਜਣ ਵਿਚ ਇਸ ਨਵੇਂ ਉਪਜੇ ਸਭਿਆਚਾਰ ਦਾ ਵੀ ਅਹਿਮ ਰੋਲ ਹੈ।

## 2.2 ਸਮਕਾਲੀ ਪੰਜਾਬੀ ਕਵਿਤਾ: ਕਿਸਾਨ ਅੰਦੋਲਨ ਦਾ ਸਭਿਆਚਾਰਕ ਮੁਹਾਂਦਰਾ

ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਦੀ ਗੱਲ ਕਰਦਿਆਂ ਜਿੱਥੇ ਇਸ ਦੇ ਸਭਿਆਚਾਰਕ ਕਾਰਨਾਂ ਦੀ ਘੋਖ ਕੀਤੀ ਗਈ ਹੈ ਉੱਥੇ ਹੀ ਕਿਸਾਨੀ ਅੰਦੋਲਨ ਦੌਰਾਨ ਉੱਪਜੇ ਸਭਿਆਚਾਰ ਨੂੰ ਅੱਖੋਂ ਓਹਲੇ ਨਹੀਂ ਕੀਤੀ ਜਾ ਸਕਦਾ। ਕਿਸਾਨ ਅੰਦੋਲਨ ਦੀਆਂ ਪ੍ਰਾਪਤੀਆਂ ਵਿਚੋਂ ਬਹੁਤ ਵੱਡੀ ਪ੍ਰਾਪਤੀ ਕਿਸਾਨ ਅੰਦੋਲਨ ਦੌਰਾਨ ਉਪਜਿਆ ਸਭਿਆਚਾਰਕ ਪ੍ਰਬੰਧ ਹੈ। ਇਸ ਨਵੇਂ ਉਪਜੇ ਸਭਿਆਚਾਰਕ ਢਾਂਚੇ ਨੇ ਕਈ ਮਿੱਥਾਂ ਨੂੰ ਤੋੜਿਆ ਹੈ। ਅਰਤਿੰਦਰ ਸੰਧੂ ਅਤੇ ਮੋਹਣ ਤਿਆਗੀ ਦੁਆਰਾ ਸੰਪਾਦਿਤ ਪੁਸਤਕ '***ਮਿੱਟੀ ਦੇ ਵਣਜਾਰੇ***' ਵਿਚ ਸਮਾਕਲੀ ਪੰਜਾਬੀ ਕਵਿਤਾ ਦੇ ਨਾਮੀ ਹਸਤਾਖਰ ਗੁਰਭਜਨ ਗਿੱਲ ਆਪਣੀ ਰਚਨਾ 'ਪਹਿਲੀ ਵਾਰ' ਰਾਹੀਂ

ਪੰਜਾਬ ਦੇ ਕਿਸਾਨੀ ਅੰਦੋਲਨਾਂ ਦੇ ਇਤਿਹਾਸਕ ਪਰਿਪੇਖ ਨੂੰ ਉਜਾਗਰ ਕਰਦਿਆਂ ਇਸ ਨੂੰ 21ਵੀਂ ਸਦੀ ਦੇ ਕਿਸਾਨ ਅੰਦੋਲਨ ਨਾਲ ਜੋੜਦਿਆਂ ਇੰਞ ਬਿਆਨ ਕਰਦੇ ਹਨ:

ਨਹਿਰਾਂ 'ਚੋਂ ਡੱਕੇ ਮੋਘੇ ਖੋਲੇ ਨੇ ਬਾਬਿਆਂ ਨੇ

ਹਰਸਾ ਛੀਨਾ ਅੱਜ ਵੀ ਵੰਗਾਰਦਾ ਹੈ

ਮਾਲਵੇ 'ਚ ਬਿਸਵੇਦਾਰਾਂ ਨੂੰ

ਭਜਾਇਆ ਸੀ ਮੁਜਾਰਿਆਂ ਕਿਸ਼ਨਗੜੋਂ

ਦਬੱਲਿਆ ਪਿੰਡ ਪਿੰਡ ਮੰਡੀ ਮੰਡੀ ਮ

ਸਫ਼ੈਦਪੋਸ਼ਾਂ ਨੂੰ ਸੁਰਖਪੋਸ਼ਾਂ ਪਾਈਆਂ ਭਾਜੜਾਂ

ਇਤਿਹਾਸ ਨੇ ਦੇਖਿਆ।

ਕੈਰੋਂਸ਼ਾਹੀ ਦਾ ਟਾਕਰਾ ਕਰਦੇ

ਖ਼ੁਸ਼ਹੈਸੀਅਤ ਟੈਕਸ ਨੂੰ ਵੰਗਾਰਦੇ

ਅੱਜ ਵੀ ਚੇਤਿਆਂ 'ਚ ਜਾਗਦੇ 17

ਇਸ ਕਵਿਤਾ ਦੇ ਮਾਧਿਅਮ ਰਾਹੀਂ ਕਵੀ ਪੰਜਾਬੀ ਕਿਸਾਨਾਂ ਦੇ ਗੌਰਵਮਈ ਇਤਿਹਾਸ ਦਾ ਜਿਕਰ ਕਰਦਿਆਂ ਉਨਾਂ ਕਿਸਾਨਾਂ ਤੇ ਕਿਸਾਨ ਅੰਦੋਲਨਕਾਰੀਆਂ ਨੂੰ ਯਾਦ ਕਰਦਾ ਹੈ ਜਿਨ੍ਹਾਂ ਨੇ ਵੱਖ-ਵੱਖ ਸਮੇਂ ਤੇ ਕਿਸਾਨਾਂ ਤੇ ਪੈਂਦੀ ਪੀੜ ਨੂੰ ਨਜਿੱਠਣ ਲਈ ਉਸ ਸਮੇਂ ਦੇ ਹੁਕਮਰਾਨਾਂ ਨਾਲ ਸਿੱਧੀ ਟੱਕਰ ਲਈ ਤੇ ਸੰਘਰਸ਼ ਕਰ ਕੇ ਆਪਣੇ ਹੱਕ ਲੈਣ ਦੀ ਜਾਚ ਦੱਸੀ। ਪੰਜਾਬ ਤੋਂ ਸ਼ੁਰੂ ਹੋਇਆ ਇਹ ਅੰਦੋਲਨ ਜਦੋਂ ਦਿੱਲੀ ਦੀਆਂ ਬਰੂਹਾਂ ਤੇ ਪਹੁੰਚਿਆ ਤਾਂ ਕਿਸਾਨਾਂ ਦੇ ਨਾਲ-ਨਾਲ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਨੇ ਇਸ ਅੰਦੋਲਨ ਵਿਚ ਆਪਣਾ ਯੋਗਦਾਨ ਦਿੱਤਾ। ਸਾਹਿਤਕਾਰ ਨੇ ਆਪੋ-ਆਪਣੇ ਅੰਦਾਜ਼ ਵਿਚ ਇਸ ਅੰਦੋਲਨ ਨੂੰ ਚਿਤਰਿਆ। ਮਾਸਟਰ ਦੇਸ ਰਾਜ ਛਾਜਲੀ ਨੇ ਇਸ ਅੰਦੋਲਨ ਦੀ ਤੁਲਨਾ ਸ਼ਾਹ ਮੁਹੰਮਦ ਦੇ ਜੰਗਨਾਮੇ '***ਜੰਗਨਾਮਾ ਸਿੰਘਾਂ ਤੇ ਫਰੰਗੀਆਂ ਦਾ***

ਨਾਲ ਕਰ ਦਿੱਤੀ। ਦੇਸ ਰਾਜ ਛਾਜਲੀ ਨੇ ਇਸ ਜੰਗਨਾਮੇ ਦੀ ਇਕ ਧਿਰ ਦਿੱਲੀ ਦੀ ਕੇਂਦਰ ਸਰਕਾਰ ਤੇ ਦੂਸਰੀ ਧਿਰ ਕਿਸਾਨਾਂ-ਮਜ਼ਦੂਰਾਂ ਦੀ ਧਿਰ ਨੂੰ ਬਣਾਇਆ। ਮਾਸਟਰ ਦੇਸ ਰਾਜ ਛਾਜਲੀ ਨੇ ਆਪਣੀ ਪੁਸਤਕ '***ਭਾਰਤ ਅਤੇ ਦਿੱਲੀ*** ' (ਜੰਗਨਾਮਾ) ਵਿਚ ਅੰਦੋਲਨ ਨੂੰ ਇੰਝ ਬਿਆਨਿਆ ਹੈ:

ਪੰਜ ਜੂਨ ਨੂੰ ਕਾਲੇ ਕਾਨੂੰਨ ਲਿਆਂਦੇ, ਗੈਰ ਢੰਗ ਨਾਲ ਪਾਸ ਕਰਾ ਦਿੱਤੇ।

ਰਾਜੇਵਾਲ ਨੇ ਵਿਰੋਧ ਲਈ ਕਰੀ ਮੀਟਿੰਗ, ਰਾਜਨੀਤਕਾਂ ਧਿਆਨ ਨਾ ਜਰਾ ਦਿੱਤੇ।

ਚੁੱਪ ਚਪੀਤੇ ਕਰੋਨਾ ਕਹਿਰ ਅੰਦਰ, ਬਿਨਾ ਬਹਿਸ ਤੋਂ ਪਾਸ ਕਰਾ ਦਿੱਤੇ।

ਪੱਚੀ ਸਤੰਬਰ ਨੂੰ ਕਿਸਾਨ ਲੀਡਰਾਂ ਨੇ, ਭਾਰਤ ਬੰਦ ਦੇ ਸੱਦੇ ਸੁਣਾ ਦਿੱਤੇ। 9

ਮਾਸਟਰ ਦੇਸ ਰਾਜ ਛਾਜਲੀ ਇਸ ਜੰਗਨਾਮੇ ਦੇ ਆਰੰਭਕ ਹਿੱਸੇ ਵਿਚ ਅੰਦੋਲਨ ਦੇ ਪਹਿਲੇ ਤੀਹ ਦਿਨਾਂ ਨੂੰ ਕ੍ਰਮਬੱਧ ਕਰਕੇ ਇਹਨਾਂ ਦਿਨਾਂ ਵਿਚ ਵਾਪਰੀਆਂ ਘਟਨਾਵਾਂ ਦਾ ਉਲੇਖ ਕਰਦੇ ਹਨ ਤੇ ਇਸ ਦੇ ਪਿਛੋਂ ਉਹ ਮਹੱਤਵਪੂਰਣ ਘਟਨਾਵਾਂ ਨੂੰ ਮਿਤੀਆਂ ਦੇ ਅਨੁਸਾਰ ਕ੍ਰਮਬੱਧ ਕਰਕੇ ਬਿਆਨਦੇ ਹਨ। ਇਸ ਤਰ੍ਹਾਂ ਉਹਨਾਂ ਦੀ ਇਹ ਰਚਨਾ ਇਤਿਹਾਸਕ ਦਸਤਾਵੇਜ਼ ਵਾਂਗ ਕਾਫੀ ਮਹੱਤਵਪੂਰਣ ਹੈ ਜਿਵੇਂ ਸ਼ਾਹ ਮੁਹੰਮਦ ਦਾ ਜੰਗਨਾਮਾ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦਾ ਮਹੱਤਵਪੂਰਣ ਦਸਤਾਵੇਜ਼ ਹੈ। ਜੰਗਨਾਮੇ ਦੇ ਪਹਿਲੇ ਦਿਨ ਦਾ ਜਿਕਰ ਉਹ ਇਸ ਤਰ੍ਹਾਂ ਕਰਦੇ ਹਨ:

ਦਿਨ ਪਹਿਲਾ

ਟੱਕਰ 'ਦਿੱਲੀ' ਤੇ 'ਦੇਸ਼' ਦੀ ਹੋਣ ਲੱਗੀ, ਦੋਵੇਂ ਪਾਸੇ ਹੀ ਪੂਰੀਆਂ ਤਿਆਰੀਆਂ ਜੀ।

ਮੰਦੀ ਮੋਦੀ ਦੀ ਮੱਤ ਨੇ ਅੱਤ ਚੁੱਕੀ, ਜ਼ਬਦ ਜ਼ੁਲਮ ਦੇ ਨਾਲ ਮਕਾਰੀਆ ਜੀ।

ਲੱਕੜ-ਤਿੰਬੜ ਤ੍ਰਿਪਾਲਾਂ ਲੈ ਤੰਬੂਆਂ ਨੂੰ, ਆਏ ਖਿੱਚ ਕੇ ਖੂਬ ਤਿਆਰੀਆਂ ਜੀ।

ਵੱਖ-ਵੱਖ ਥਾਵਾਂ ਤੇ ਅੱਡਰੇ ਰਸਤਿਆਂ ਤੋਂ, ਜਾਣਾ ਦਿੱਲੀ ਨੂੰ ਮਨਾਂ ਵਿਚ ਧਾਰੀਆਂ ਜੀ 9

ਇਹ ਜੰਗਨਾਮਾ ਇਸ ਗੱਲ ਤੇ ਕੇਂਦਰਿਤ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਨੇ ਕੁੱਝ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਲਈ ਖੇਤੀ ਨਾਲ ਸੰਬੰਧਿਤ ਤਿੰਨ ਕਾਨੂੰਨ ਬਣਾਏ, ਜਿਨ੍ਹਾਂ ਨੂੰ ਰੱਦ ਕਰਵਾਉਣ ਲਈ ਭਾਰਤ (ਵਿਸ਼ੇਸਕਰ ਉੱਤਰੀ ਭਾਰਤ) ਦੇ ਲੋਕ, ਕਿਸਾਨ ਜੱਥੇਬੰਦੀਆਂ ਤੇ ਮਜ਼ਦੂਰਾਂ ਨੇ ਲੰਮਾ ਸੰਘਰਸ਼ ਲੜਿਆ। ਮਾਸਟਰ ਦੇਸ ਰਾਜ ਇਸ ਅੰਦੋਲਨ ਨੂੰ ਫੇਲ ਕਰਨ ਲਈ ਕੇਂਦਰੀ ਹਕੂਮਤ ਦੀਆਂ ਚਾਲਾਂ ਨੂੰ ਅਨੈਤਿਕ ਕਰਾਰ ਦਿੰਦਿਆਂ ਕੇਂਦਰ ਦੀ ਹਾਰ ਉੱਪਰ ਕਈ ਜਗ੍ਹਾ ਤੰਜ ਕੱਸਦਾ ਹੈ। ਇਸ ਜੰਗਨਾਮੇ ਵਿਚ ਸਰਕਾਰ, ਕਿਸਾਨਾਂ-ਮਜ਼ਦੂਰਾਂ ਅਤੇ ਆਗੂਆਂ ਦੀ ਮਾਨਸਿਕਤਾ ਨੂੰ ਸਮਝਣ ਦੇ ਨਾਲ-ਨਾਲ ਭੂਗੋਲਿਕ, ਇਤਿਹਾਸਕ, ਧਾਰਮਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਨੂੰ ਵੀ ਸਮਝਦਿਆਂ ਸਾਰਥਕ ਸਿੱਟੇ ਕੱਢੇ ਹਨ। ਕਈ ਥਾਈਂ ਜੰਗਨਾਮੇ ਦੀ ਟੱਕਰ, ਪਾਤਰ, ਸ਼ਬਦ ਚੋਣ, ਛੰਦ, ਵਹਾਅ, ਰਵਾਨਗੀ, ਬਿੰਬ, ਅਲੰਕਾਰ, ਦ੍ਰਿਸ਼, ਭਾਸ਼ਾ, ਪਾਠ ਰਸ ਆਦਿ ਕਾਫੀ ਸਲਾਹੁਣਯੋਗ ਹਨ।

ਕਿਸਾਨ ਅੰਦੋਲਨ ਨੇ ਕਿਸਾਨਾਂ ਦੇ ਸੰਕਟ ਨੂੰ ਇਕ ਪਲੇਟਫਾਰਮ ਦਿੱਤਾ ਜਿੱਥੇ ਵੱਖ ਵੱਖ ਸੂਬਿਆਂ ਦੇ ਕਿਸਾਨਾਂ ਨੇ ਕਿਸਾਨੀ ਦੀ ਸੰਕਟਮਈ ਸਥਿਤੀ ਨੂੰ ਸਰਕਾਰਾਂ ਤੇ ਹੋਰ ਲੋਕਾਂ ਸਾਹਮਣੇ ਰੱਖਿਆ। ਇਸ ਅੰਦੋਲਨ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਕਿਸਾਨਾਂ ਨੇ ਦੇਸ਼ ਦੀ ਰਾਜਧਾਨੀ ਦੇ ਬਾਰਡਰਾਂ ਤੇ ਆਪਣਾ ਵਿਰੋਧ ਦਰਜ ਕਰਵਾਇਆ। ਇਸ ਨੂੰ ਮਾਸਟਰ ਦੇਸ ਰਾਜ ਛਾਜਲੀ ਆਪਣੀ ਪੁਸਤਕ 'ਭਾਰਤ ਅਤੇ ਦਿੱਲੀ' (ਜੰਗਨਾਮਾ) ਵਿਚ ਇਸ ਪ੍ਰਕਾਰ ਪੇਸ਼ ਕਰਦੇ ਹਨ:

> ਓਧਰ ਹਰਿਆਣੇ ਦੇ ਪਿੰਡਾਂ ਦੇ ਲੋਕ ਆ ਗੇ, ਵੀਰੋ ਡੋਲਣਾ ਨਹੀਂ ਘਬਰਾਉਣਾ ਨਈਂ।
>
> ਦੁੱਧ, ਰੋਟੀਆਂ, ਸਬਜ਼ੀ ਦੇ ਢੇਰ ਲਾਏ, ਤੋੜਾ ਕਿਸੇ ਵੀ ਚੀਜ਼ ਦਾ ਆਉਣਾ ਨਈਂ। (ਓਹੀ ਪੁਸਤਕ 11)
>
> ਗਾਜ਼ੀਪੁਰ ਵੱਲ ਯੂ.ਪੀ. ਦੇ ਲੋਕ ਪੁੱਜੇ, ਰੋਕਾਂ ਪੁਲਿਸ ਦੀਆਂ ਸਾਰੀਆਂ ਤੋੜ ਕੇ ਜੀ
>
> ਓਧਰ ਖ਼ਾਪ ਪੰਚਾਇਤਾਂ ਨੇ ਮਤੇ ਪਾ ਕੇ, ਮੂੰਹ ਉਹਨਾਂ ਵੀ ਦਿੱਲੀ ਵੱਲ ਮੋੜ ਤੇ ਜੀ

_ _ _ _ _ _ _ _ _ _ _ _ _ _ _ _ _ _ _ _ _ _ _ _ _ _ _ _ _ _

ਰਾਜਸਥਾਨ ਤੋਂ ਆਈਆਂ ਔਰਤਾਂ ਨੇ, ਹਿੱਸਾ ਆਪਣਾ ਜੰਗ ਵਿੱਚ ਪਾਉਣ ਖਾਤਰ

ਝੰਡੇ ਹੱਥਾਂ ਵਿੱਚ ਮੱਥਿਓਂ ਜੋਸ਼ ਟਪਕੇ, ਸੁੱਤੇ ਮੋਦੀ ਨੂੰ ਨੀਂਦ ਜਗਾਉਣ ਖਾਤਰ। (ਓਹੀ ਪੁਸਤਕ 16)

ਭਾਰਤ ਵਿਸ਼ੇਸ਼ਕਰ ਪੰਜਾਬ ਵਿਚ ਕਿਸਾਨ ਅੰਦੋਲਨਾਂ ਦੀ ਗੱਲ ਕੋਈ ਨਵੀਂ ਨਹੀਂ ਸਗੋਂ ਬਹੁਤ ਪੁਰਾਣੀ ਹੈ। ਆਜ਼ਾਦੀ ਤੋਂ ਪਹਿਲਾਂ ਵਿਦੇਸ਼ੀ ਹਕੂਮਤ ਦੇ ਸਮੇਂ ਤੋਂ ਹੀ ਕਿਸਾਨਾਂ ਦੁਆਰਾ ਆਪਣੇ ਹੱਕਾਂ ਲਈ ਇਨ੍ਹਾਂ ਅੰਦੋਲਨ ਦਾ ਰਾਹ ਅਪਣਾਇਆ ਗਿਆ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਨੇਕਾਂ ਵਾਰ ਇਹ ਅੰਦੋਲਨ ਕੀਤੇ ਜਾ ਚੁੱਕੇ ਹਨ। ਹੁਣ ਸਵਾਲ ਇਹ ਵੀ ਉੱਠਦਾ ਹੈ ਕਿ ਅਜਿਹੇ ਅੰਦੋਲਨ ਪੈਦਾ ਹੋਣ ਦੇ ਕਾਰਨ ਕੀ ਹਨ? ਅਸਲ ਵਿੱਚ ਅੰਦੋਲਨ ਕਿਸੇ ਵੀ ਸਰਕਾਰ ਦੇ ਖਿਲਾਫ਼ ਰੋਹ ਦੇ ਰੂਪ ਵਿਚ ਪ੍ਰਗਟਾਇਆ ਜਾਣ ਵਾਲਾ ਪ੍ਰਤੀਕਰਮ ਹੈ। ਇਸ ਰੋਹ ਦੇ ਮੂਲ ਕਾਰਨਾਂ ਦੀ ਪੜਚੋਲ ਕਰੀਏ ਤਾਂ ਇਹ ਤੱਥ ਮੋਟੇ ਤੌਰ ਤੇ ਸਾਹਮਣੇ ਆਉਂਦਾ ਹੈ ਕਿ ਇਸ ਤਰ੍ਹਾਂ ਦੇ ਅੰਦੋਲਨ ਦਾ ਕਾਰਨ ਭਾਵੇਂ ਸਰਕਾਰ ਦੀ ਕੋਈ ਤਤਕਾਲ ਨੀਤੀ ਜਾਂ ਫੈਸਲਾ ਹੋਵੇ ਪਰੰਤੂ ਇਸ ਪਿੱਛੇ ਇਕ ਲੰਮਾ ਇਤਿਹਾਸ ਹੁੰਦਾ ਹੈ ਜਿਸ ਕਾਰਨ ਅਜਿਹੀਆਂ ਸਥਿਤੀਆਂ ਉਪਜਦੀਆਂ ਹਨ ਤੇ ਲੋਕ ਸਮੂਹ ਦੇ ਰੂਪ ਵਿਚ ਬਗਾਵਤਾਂ ਸਾਹਮਣੇ ਆਉਂਦੀਆਂ ਹਨ। ਤਤਕਾਲੀਨ ਮਸਲਾ ਤਿੰਨ ਖੇਤੀ ਬਿੱਲਾਂ ਦਾ ਹੈ ਜੋ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਹਨ। ਇਨ੍ਹਾਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ 21ਵੀਂ ਸਦੀ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਅੰਦੋਲਨ ਨੂੰ ਜਨਮ ਦਿੱਤਾ। ਇਸ ਅੰਦੋਲਨ ਇੰਙ ਭਾਂਤ-ਭਾਂਤ ਦੇ ਲੋਕਾਂ ਵੱਲੋਂ ਇਸ ਅੰਦੋਲਨ ਵਿਚ ਕੀਤੀ ਜਾ ਰਹੀ ਸ਼ਮੂਲੀਅਤ ਨੇ ਇਸ ਕਿਸਾਨ ਅੰਦੋਲਨ ਨੂੰ ਨਿਵੇਕਲੀ ਰੰਗਤ ਪ੍ਰਦਾਨ ਕੀਤੀ। ਕਿਸਾਨੀ ਸੰਕਟ ਦੇ ਪ੍ਰਤੀਕਰਮ ਵਜੋਂ ਉਪਜਿਆ ਇਹ ਕਿਸਾਨ ਅੰਦੋਲਨ 21ਵੀਂ ਸਦੀ ਦੇ ਦੂਜੇ ਦਹਾਕੇ ਦੀ ਅਜਿਹੀ ਘਟਨਾ ਬਣ ਗਈ ਜਿਸ ਨੇ ਸਮਾਜ ਦੇ ਵੱਖ ਵੱਖ ਸਰੋਕਾਰਾਂ ਜਿਵੇ ਧਾਰਮਿਕ, ਰਾਜਨੀਤਿਕ, ਸਮਾਜਿਕ,

ਆਰਥਿਕ, ਸਾਹਿਤਕ ਆਦਿ ਸਭਨਾਂ ਖੇਤਰਾਂ ਨੂੰ ਵਿਚਾਰਣ ਲਈ ਇਕ ਨਵਾਂ ਵਿਸ਼ਾ ਪ੍ਰਦਾਨ ਕੀਤਾ। ਇਸ ਕਿਸਾਨ ਅੰਦੋਲਨ ਨਾਲ ਆਏ ਸਭਿਆਚਾਰਕ ਇਨਕਲਾਬ ਬਾਰੇ ਅੱਗੇ ਗੱਲ ਕਰਾਂਗੇ।

### 2.2.1 ਸਮਕਾਲੀ ਪੰਜਾਬੀ ਕਵਿਤਾ: ਕਿਸਾਨ ਸੰਘਰਸ਼ ਅਤੇ ਸਭਿਆਚਾਰਕ ਜਾਗ੍ਰਿਤੀ

ਸਭਿਆਚਾਰਕ ਚੇਤਨਾ ਜਾਂ ਸਭਿਆਚਾਰਕ ਇਨਕਲਾਬ ਕਿਸੇ ਵੀ ਸਮਾਜ ਦਾ ਭਵਿੱਖ ਤੈਅ ਕਰਨ ਵਿਚ ਅਹਿਮ ਰੋਲ ਨਿਭਾਉਂਦਾ ਹੈ। ਕਿਸਾਨ ਅੰਦੋਲਨ ਦਾ ਇਕ ਵੱਡਾ ਮਾਅਰਕਾ ਕਿਸਾਨਾਂ ਵਿਚ ਪੈਦਾ ਹੋਇਆ ਸਭਿਆਚਾਰਕ ਇਨਕਲਾਬ ਸੀ। ਕਿਉਂਕਿ ਇਹ ਅੰਦੋਲਨ ਪਿੰਡਾਂ ਦੀਆਂ ਸੱਥਾਂ ਤੋਂ ਸ਼ੁਰੂ ਹੋ ਕੇ ਦਿੱਲੀ ਦੀਆਂ ਬਰੂਹਾਂ ਤੱਕ ਪਹੁੰਚਿਆ ਸੀ ਇਸ ਲਈ ਇਸ ਅੰਦੋਲਨ ਨੇ ਵਿਆਪਕ ਰੂਪ ਵਿਚ ਸਭਿਆਚਾਰ ਚੇਤਨਾ ਜਗਾਉਣ ਦਾ ਕੰਮ ਕੀਤਾ। ਇਹ ਸਭਿਆਚਾਰਕ ਇਨਕਲਾਬ ਵੱਖ-ਵੱਖ ਰੂਪਾਂ ਵਿਚ ਦੇਖਣ ਨੂੰ ਮਿਲਿਆ। ਕਿਤੇ ਇਹ ਅੰਦੋਲਨ ਸਭਿਆਚਾਰਕ ਹੋਂਦ ਦੀ ਰਾਖੀ ਕਰਦਾ ਦਿਖਾਈ ਦੇ ਰਿਹਾ ਸੀ ਤੇ ਕਿਤੇ ਸਭਿਆਚਾਰਕ ਰੂੜ੍ਹੀਆਂ ਨੂੰ ਤੋੜਦਾ। ਇਸ ਸਭਿਆਚਾਰ ਨੂੰ ਨਵਾਂ ਇਤਿਹਾਸ ਬਣਦਿਆਂ ਦੇਖ ਕਵਿਤਰੀ ਸੁਰਿੰਦਰ ਗੀਤ ਆਪਣੇ ਕਾਵਿ ਸੰਗ੍ਰਿਹ ***'ਖੇਤਾਂ ਦਾ ਸਫ਼ਰ'*** ਰਾਹੀਂ ਇਸ ਤਰ੍ਹਾਂ ਬਿਆਨ ਕਰਦੀ ਹੈ:

ਉਹ ਦਿੱਲੀ ਦੀਆਂ ਬਰੂਹਾਂ `ਚ ਬੈਠ

ਦਿੱਲੀ ਦੇ ਪੰਨਿਆਂ ਤੇ ਆਪਣੀ

ਹੋਂਦ

ਸਭਿਆਚਾਰ

ਤੇ ਭਾਈਚਾਰੇ ਦਾ

ਨਵਾਂ ਇਤਿਹਾਸ ਸਿਰਜ ਰਿਹਾ ਹੈ

ਤੇ ਮੈਂ ਉਸ ਦੀ ਜਿੱਤ ਲਈ

ਦਿਨ ਰਾਤ ਅਰਦਾਸ ਕਰਦੀ ਹਾਂ।   29

ਦਿੱਲੀ ਦੀਆਂ ਹੱਦਾਂ ਤੇ ਬੈਠੇ ਕਿਸਾਨਾਂ ਦੀ ਗੱਲ ਕਰਦਿਆਂ ਕਵਿਤਰੀ ਸੁਰਿੰਦਰ ਗੀਤ ਕਿਸਾਨੀ ਮੋਰਚੇ ਦੀਆਂ ਉਹਨਾਂ ਤਸਵੀਰਾਂ ਨੂੰ ਆਪਣੀ ਰਚਨਾ ਰਾਹੀਂ ਪੇਸ਼ ਕਰਦੀ ਹੈ ਜਿਸ ਦੀ ਚਰਚਾ ਵਿਸ਼ਵ ਭਰ ਵਿਚ ਹੋਈ। ਇਸ ਚਰਚਾ ਦਾ ਵਿਸ਼ਾ ਇਸ ਲੰਮੇ ਸੰਘਰਸ਼ ਦੌਰਾਨ ਪੈਦਾ ਹੋਇਆ ਸਭਿਆਚਾਰਕ ਇਨਕਲਾਬ ਸੀ। ਇਸ ਸਭਿਆਚਾਰਕ ਜਾਗ੍ਰਿਤੀ ਨੇ ਜਾਤਾਂ, ਮਜਹਬਾਂ ਤੋਂ ਉੱਪਰ ਕਿਸਾਨੀ ਏਕੇ ਦੀ ਤਾਕਤ ਨੂੰ ਪ੍ਰਗਟਾਇਆ, ਇਹ ਇਨਕਲਾਬ 'ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ' ਦੇ ਨਾਅਰੇ ਨਾਲ ਵਧਿਆ ਫੁੱਲਿਆ। ਇਸ ਇਨਕਲਾਬ ਨੂੰ ਬੱਚੇ, ਨੌਜਵਾਨ, ਬੁੱਢੇ, ਇਸਤਰੀ, ਮਰਦ ਆਦਿ ਸਭ ਨੇ ਮਿਲ ਕੇ ਅੱਗੇ ਤੋਰਿਆ। ਕੇਵਲ ਸੰਕਟਗ੍ਰਸਤ ਕਿਸਾਨ ਹੀ ਨਹੀਂ ਸਗੋਂ ਹੋਰਨਾਂ ਕਿੱਤਿਆਂ ਨਾਲ ਸੰਬੰਧਿਤ ਆਮ ਜਨ-ਮਾਣਸ ਦੀ ਹਿੱਸੇਦਾਰੀ ਨੇ ਕਿਸਾਨੀ ਅੰਦੋਲਨ ਵਿਚ ਸਭਿਆਚਾਰਕ ਜਾਗ੍ਰਿਤੀ ਲਿਆਉਣ ਵਿਚ ਅਹਿਮ ਰੋਲ ਨਿਭਾਇਆ। 'ਧਰਤਿ ਵੰਗਾਰੇ ਤਖ਼ਤ ਨੂੰ' ਆਨ ਲਾਇਨ ਕਾਵਿ ਸੰਗ੍ਰਹਿ (punkabi-kavita.com) ਵਿਚ ਡਾ. ਗੁਰਭਜਨ ਗਿੱਲ ਆਪਣੀ ਰਚਨਾ 'ਪਹਿਲੀ ਵਾਰ' ਵਿਚ ਇੰਝ ਲਿਖਦੇ ਹਨ:

ਪਹਿਲੀ ਵਾਰ

ਤੂੰਬੀਆਂ ਢੱਡਾਂ ਸਾਰੰਗੀਆਂ ਨੇ

ਪੀੜ੍ਹ ਪਰੁੱਚੀਆਂ ਤਰਜ਼ਾਂ ਕੱਢੀਆਂ ਨੇ

ਵਕਤ ਨੇ ਹੇਕਾਂ ਨੂੰ ਸ਼ੀਸ਼ਾ ਦਿਖਾਇਆ ਹੈ। (**punkabi-kavita.com**)

ਗੀਤ-ਸੰਗੀਤ ਕਿਸੇ ਵੀ ਸਭਿਆਚਾਰ ਦਾ ਅਟੁੱਟ ਹਿੱਸਾ ਹੁੰਦਾ ਹੈ। ਡਾ. ਗੁਰਭਜਨ ਸਿੰਘ ਗਿੱਲ ਦੀਆਂ ਇਹ ਸਤਰਾਂ ਗਵਾਹੀ ਭਰਦੀਆਂ ਹਨ ਕਿ ਇਸ ਕਿਸਾਨ ਸੰਘਰਸ਼ ਵਿਚ ਪੰਜਾਬੀ ਕਲਾਕਾਰ ਨੇ ਆਪਣੀ ਕਲਾਵਾਂ ਨਾਲ ਆਪੋ-ਆਪਣੀ ਕਾਵਿ ਵੰਨਗੀਆਂ ਰਾਹੀਂ ਕਿਸਾਨ ਸੰਘਰਸ਼ ਵਿਚ ਅਹਿਮ ਤੇ ਵਡਮੁੱਲਾ ਯੋਗਦਾਨ ਦਿੱਤਾ। ਕਲਾ ਦੇ

ਵੱਖ-ਵੱਖ ਰੂਪ ਜਿਵੇਂ ਗੀਤਾਂ, ਟੱਪਿਆਂ, ਭੰਡਾਂ, ਫਿਲਮਾਂ ਆਦਿ ਦੇ ਮਾਧਿਅਮ ਰਾਹੀਂ ਕਿਸਾਨ ਅੰਦੋਲਨ ਦੌਰਾਨ ਸਭਿਆਚਾਰ ਜਾਗ੍ਰਿਤੀ ਪੈਦਾ ਕੀਤੀ। ਕੁੱਝ ਗੀਤ ਦਾ ਲੋਕ ਗੀਤਾਂ ਵਾਂਗ ਲੋਕਾਂ ਦੇ ਮੂੰਹ ਚੜ ਗਏ ਜਿਵੇਂ :

ਤੈਨੂੰ ਦਿੱਲੀਏ ਇਕੱਠ ਪਰੇਸ਼ਾਨ ਕਰੂਗਾ

ਪਰ ਫਸਲਾਂ ਦੇ ਫੈਸਲੇ ਕਿਸਾਨ ਕਰੂਗਾ। (ਗਾਇਕ ਕੰਵਰ ਗਰੇਵਾਲ)

ਸਭਿਆਚਾਰਕ ਤੌਰ 'ਤੇ ਪੰਜਾਬੀ ਗੀਤਾਂ ਵਿਚ ਕਿਸਾਨ ਵਿਸ਼ੇਸ਼ਕਰ ਜੱਟ ਦਾ ਜੋ ਅਕਸ ਦਿਖਾਇਆ ਜਾਂਦਾ ਸੀ, ਇਸ ਅੰਦੋਲਨ ਦੌਰਾਨ ਉਸ ਅਕਸ ਨੂੰ ਬਦਲਣ ਦਾ ਇਕ ਸਫਲ ਉਪਰਾਲਾ ਹੋਇਆ ਤੇ ਪੰਜਾਬੀ ਗਾਇਕਾਂ ਤੇ ਗੀਤਕਾਰਾਂ ਨੇ ਕਿਸਾਨੀ ਦਾ ਨਵਾਂ, ਵਿਲੱਖਣ ਤੇ ਸੁਧਾਰਿਆ ਹੋਇਆ ਰੂਪ ਪੇਸ਼ ਕੀਤਾ ਹੈ। ਕਵੀ ਉਂਕਾਰ ਸਿੰਘ ਤੇਜੇ ਆਪਣੀ ਪੁਸਤਕ ***'ਜੱਦੋ-ਜਹਿਦ'*** ਵਿਚ ਕਿਸਾਨ ਅੰਦੋਲਨ ਦੌਰਾਨ ਪੰਜਾਬੀ ਕਲਾਕਾਰਾਂ ਦੇ ਯੋਗਦਾਨ ਨੂੰ ਅਹਿਮੀਅਤ ਦਿੰਦੇ ਹੋਏ ਲਿਖਦੇ ਹਨ:

ਸੈਂਟਰ ਦੇ ਨਾਲ ਪੰਗੇ ਵਾਲਾ ਗਾਣਾ ਗਾਇਆ ਸੀ,

ਯੂਥ ਕੰਵਰ ਨੇ ਸਾਰਾ ਵੇਖੋ ਪਿੱਛੇ ਲਾਇਆ ਸੀ,

ਕੰਮ ਆਇਆ ਨਹੀਂ ਗਾਣਾ ਓਥੇ ਕੋਈ ਹਥਿਆਰਾਂ ਦਾ,

ਭੁੱਲ ਨਹੀਂ ਹੋਣਾ ਯੋਗਦਾਨ ਪਾਇਆ ਕਲਾਕਾਰਾਂ ਦਾ ....... 89

ਡਾ. ਸਟਾਲਿਨਜੀਤ ਬਰਾੜ ਦੀ ਪੁਸਤਕ ***'ਕਿਸਾਨੀ ਸੰਕਟ ਪਰਤ ਦਰ ਪਰਤ'*** ਵਿਚ ਜਗਵਿੰਦਰ ਜੋਧਾ ਨੇ ਆਪਣੇ ਲੇਖ ਕਿਸਾਨ ਅੰਦੋਲਨ: ਪੰਜਾਬ ਦਾ ਬਦਲਦਾ ਸਭਿਆਚਾਰਕ ਮੁਹਾਂਦਰਾ ਵਿਚ ਲਿਖਦੇ ਹਨ:

ਕਿਸਾਨ ਅੰਦੋਲਨ ਨੇ ਦੋ ਕੰਮ ਕੀਤੇ। ਇਕ ਤਾਂ ਸਾਰੇ ਕਲਾਕਾਰ ਨੈਤਿਕ ਫਰਜ਼ ਵਾਂਗ ਧਰਨੇ ਵਿਚ ਸ਼ਾਮਿਲ ਹੋਏ, ਦੂਜਾ ਸਾਡੇ ਸੰਗੀਤ ਦੇ ਮੁਹਾਵਰੇ ਵਿਚ ਬਦਲਾਅ ਵੀ ਦੇਖਣ ਨੂੰ ਮਿਲਿਆ, ਚਾਹੇ ਉਹ ਵਕਤੀ ਹੀ ਹੋਵੇ। ਬਹੁਤ ਸਾਰਾ ਸੰਗੀਤ ਐਸਾ ਆਇਆ ਜਿਸ ਵਿਚ ਕਿਸਾਨੀ ਦੀ ਬੁਰੀ ਦਸ਼ਾ ਤੋਂ ਲੈ ਕੇ ਦਿੱਲੀ ਨਾਲ ਟੱਕਰ, ਹੱਕਾਂ ਨੂੰ ਖੋਹਣ ਦੀ ਲਲਕ ਤੇ ਜ਼ੁਲਮਾਂ ਦੇ ਟਾਕਰੇ ਦੀ ਸੁਰ ਭਾਰੂ ਸੀ। ਪਹਿਲਾਂ ਵਾਲਾ ਅਸਲੇ ਵਾਲਾ

ਵੈਲੀ ਜੱਟ ਇਕਦਮ ਹੱਕਾਂ ਲਈ ਲੜਾਕੂ ਕਿਸਾਨ ਬਣ ਕੇ ਸਾਹਮਣੇ ਆਇਆ। ਗੀਤ-ਸੰਗੀਤ ਵਿਚ ਇਹ ਬਦਲਾਅ ਇਸ ਅੰਦੋਲਨ ਦੀ ਸਭਿਆਚਾਰਕ ਦੇਣ ਮੰਨੀ ਜਾਵੇਗੀ। (***ਕਿਸਾਨੀ ਸੰਕਟ ਪਰਤ ਦਰ ਪਰਤ,*** 204)

ਇਸੇ ਤਰ੍ਹਾਂ ਆਨਲਾਇਨ ਕਾਵਿ ਸੰਗ੍ਰਹਿ ਧਰਤਿ ਵੰਗਾਰੇ ਤਖ਼ਤ ਨੂੰ ਵਿਚ 'ਸੱਤਵਾਂ ਦਰਿਆ' ਨਾਮੀ ਕਵਿਤਾ ਵਿਚ ਕਵੀ ਰਾਜਪਾਲ ਬੋਪਾਰਾਏ ਵੀ ਕਿਸਾਨ ਅੰਦੋਲਨ ਵਿਚ ਪੰਜਾਬੀ ਗਾਇਕੀ ਦੇ ਬਦਲਦੇ ਮੁਹਾਂਦਰੇ ਦੀ ਤਸਵੀਰ ਪੇਸ਼ ਕਰਦਿਆਂ ਇਸ ਨੂੰ ਹਥਿਆਰਾਂ ਤੇ ਨਸ਼ਿਆਂ ਦੀ ਵਲਗਣ ਵਿਚੋਂ ਕੱਢ ਕੇ ਦਿੱਲੀ ਦੀਆਂ ਬਰੂਹਾਂ ਤੱਕ ਲਿਜਾਣ ਦੀ ਦਾਸਤਾਨ ਇਸ ਪ੍ਰਕਾਰ ਲਿਖਦੇ ਹਨ:

ਗੀਤਾਂ ਵਾਲੇ ਜੱਟ

ਟੱਕੂਏ ਕਿਰਪਾਨਾਂ

ਬੰਦੂਕਾਂ ਪਸਤੌਲਾਂ

ਗੀਤਾਂ ਦੇ ਸੰਦੂਖਾਂ 'ਚ ਬੰਦ ਕਰਕੇ

ਨਸ਼ਿਆਂ ਦਾ ਛੇਵਾਂ ਦਰਿਆ ਤਰਕੇ

ਸਬਰ ਸੰਤੋਖ ਤੇ ਏਕੇ ਦਾ

ਸੱਤਵਾਂ ਦਰਿਆ ਬਣਕੇ

ਦਿੱਲੀ ਪੱਤਣ ਤੇ ਆਣ ਲੱਗੇ ਨੇ (**Punjabikavita.com)**

ਸਵਰਾਜਬੀਰ ਆਪਣੇ ਲੇਖ ਕਿਸਾਨ ਸੰਘਰਸ਼ ਅਤੇ ਪੰਜਾਬ ਦੇ ਗਾਇਕ ਵਿਚ ਇਤਿਹਾਸ ਦੇ ਕਿਸਾਨੀ ਸੰਘਰਸ਼ਾਂ ਵਿਚ ਕਲਾਕਾਰਾਂ, ਲੇਖਕਾਂ ਤੇ ਗਾਇਕਾਂ ਦੀ ਭੂਮਿਕਾ ਨੂੰ ਵਿਚਾਰਦੇ ਹੋਏ ਵੱਖ-ਵੱਖ ਕਲਾਕਾਰਾਂ ਤੇ ਲੇਖਕਾਂ-ਗਾਇਕਾਂ ਦੀ ਗੱਲ ਕਰਦੇ ਹਨ। ਉਹ ਆਪਣੇ ਲੇਖ ਵਿਚ ਫ਼ੈਜ਼ ਅਹਿਮਦ ਫ਼ੈਜ਼, ਫੀਰੋਜ਼ਦੀਨ ਸ਼ਰਫ, ਬਲਰਾਜ ਸਾਹਨੀ,

ਸਾਗਰ ਸਰਹੱਦੀ, ਸੁਰਿੰਦਰ ਕੌਰ, ਪੰਡਤ ਰਵੀ ਸ਼ੰਕਰ, ਸਾਹਿਰ ਲੁਧਿਆਣਵੀ, ਸੰਤ ਰਾਮ ਉਦਾਸੀ, ਸਾਗਰ ਗੋਰਖੇ ਆਦਿ ਦੇ ਨਾਂਵਾਂ ਦਾ ਜ਼ਿਕਰ ਕਰਦੇ ਹਨ। ਸਮਕਾਲੀ ਕਿਸਾਨੀ ਅੰਦੋਲਨ ਦੀ ਗੱਲ ਕਰਦਿਆਂ ਉਹ ਲਿਖਦੇ ਹਨ:

> ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਲੋਕ-ਸੰਘਰਸ਼ਾਂ ਨਾਲ ਡੂੰਘਾ ਨਾਤਾ ਹੁੰਦਾ ਹੈ। ਉਹ ਲੋਕ ਸੰਘਰਸ਼ਾਂ ਨੂੰ ਹਮਾਇਤ ਨਹੀਂ ਦਿੰਦੇ, ਉਨ੍ਹਾਂ ਦਾ ਹਿੱਸਾ ਹੁੰਦੇ ਹਨ। ਇਸ ਵੇਲੇ ਦੇ ਪੰਜਾਬ ਦੇ ਕਿਸਾਨ ਅੰਦੋਲਨ ਦੇ ਉਭਾਰ ਨੂੰ ਦੇਖ ਕੇ ਕੁੱਝ ਕਲਾਕਾਰ ਅਤੇ ਗਾਇਕ ਸੰਘਰਸ਼ ਨੂੰ ਹਮਾਇਤ ਦੇਣ ਲਈ ਸਾਹਮਣੇ ਆਏ ਹਨ। ਇਹ ਚੰਗਾ ਤੇ ਲੋਕ ਪੱਖੀ ਰੁਝਾਨ ਹੈ। ਇਨ੍ਹਾਂ ਕਲਾਕਾਰਾਂ ਤੇ ਗਾਇਕਾਂ ਦਾ ਸਵਾਗਤ ਹੈ ਪਰ ਕਈ ਗਾਇਕਾਂ ਅਤੇ ਕਲਾਕਾਰਾਂ ਦੀ ਨਜ਼ਰ ਲੋਕ-ਸੰਘਰਸ਼ ਦਾ ਹਿੱਸਾ ਬਣਨ ਅਤੇ ਹਮਾਇਤ ਕਰਨ ਵੱਲ ਨਹੀਂ ਸੀ ਸਗੋਂ ਲੋਕ-ਉਭਾਰ ਦੇ ਸਿਰ 'ਤੇ ਖ਼ੁਦ ਆਗੂ ਬਣਨ ਦੀ ਹੈ। ***(ਕਿਸਾਨੀ ਸੰਕਟ ਪਰਤ ਦਰ ਪਰਤ*** 71)

ਕੇਵਲ ਕਲਾਕਾਰਾਂ ਦੁਆਰਾ ਹੀ ਨਹੀਂ ਸਗੋਂ ਹੌਲੀ-ਹੌਲੀ ਹੋਰਨਾਂ ਖੇਤਰਾਂ ਦੇ ਲੋਕ ਜਿਨ੍ਹਾਂ ਵਿਚ ਵਕੀਲ, ਅਧਿਆਪਕ, ਟਰੱਕ ਯੂਨੀਅਨਾਂ, ਰਿਟਾਇਰ ਕਰਮਚਾਰੀਆਂ ਦੀਆਂ ਯੂਨੀਅਨਾਂ ਇੱਥੋਂ ਤੱਕ ਕਿ ਬਹੁਤ ਸਾਰੇ ਵੱਡੇ ਅਫਸਰਾਂ ਨੇ ਵੀ ਇਸ ਅੰਦੋਲਨ ਦਾ ਸਾਥ ਦਿੱਤਾ। ***ਭਾਰਤ ਅਤੇ ਦਿੱਲੀ ਜੰਗਨਾਮਾ*** ਕਾਵਿ ਸੰਗ੍ਰਹਿ ਵਿਚ ਮਾਸਟਰ ਦੇਸ ਰਾਜ ਛਾਜਲੀ ਇਸ ਨੂੰ ਇੰਝ ਬਿਆਨ ਕਰਦੇ ਹਨ:

> ਅੱਠ ਲੱਖ ਦਾ ਹੋ ਗਿਆ 'ਕੱਠ ਕਹਿੰਦੇ, ਲੋਕ ਹੋਰ ਵੀ ਦਿੱਲੀ ਵੱਲ ਆਈ ਜਾਂਦੇ।
>
> ਵੱਡੇ ਅਫ਼ਸਰ ਵੀ ਆ ਗੇ ਹਮਾਇਤ ਉਤੇ, ਨਾਲੇ ਟਰੱਕ ਸਮਾਨ ਦੇ ਆਈ ਜਾਂਦੇ।     47
>
> ਨਵੇਂ ਪੈਨਲ ਵਕੀਲਾਂ ਦੇ ਆਏ ਅੱਗੇ, ਕਈ ਘੁੰਡੀਆਂ ਕਿਸਾਨਾਂ ਦੇ ਤਾਈਂ ਆ ਸਮਝਾਉਣ ਲੱਗੇ।
>
> ਪੜ੍ਹੇ ਹੋਏ ਪਿੰਡਾਂ ਦੇ ਕਈ ਚੋਬਰ, ਸਰਕਾਰੀ ਮੋਹਰਿਆਂ ਨਾਲ ਆਡਾ ਲਾਉਣ ਲੱਗੇ।
>
> ਟਰਾਲੀ ਟਾਈਮਜ਼, ਵਰਗੇ ਕੱਢ ਪੱਤਰ, ਗੋਦੀ ਮੀਡੀਏ ਨੂੰ ਵਖਤ ਪਾਉਣ ਲੱਗੇ।     50

ਸਭਿਆਚਾਰ ਇਨਕਲਾਬ ਦਾ ਵੱਡੇ ਪੱਧਰ ਤੇ ਪ੍ਰਗਟਾਵਾ ਕਰਦਿਆਂ ਇਸ ਅੰਦੋਲਨ ਵਿਚ ਵੱਖ-ਵੱਖ ਧਰਮਾਂ ਦੇ ਬਹੁਤ ਸਾਰੇ ਰੀਤੀ-ਰਿਵਾਜ ਤੇ ਤਿਉਹਾਰ ਮਿਲ-ਜੁਲ ਕੇ ਮਨਾਏ ਗਏ। ਨਾ ਕੇਵਲ ਮਿਲ ਜੁਲ ਕੇ ਪਰਵਾਂ-ਤਿਉਹਾਰਾਂ

ਨੂੰ ਮਨਾਇਆ ਗਿਆ ਸਗੋਂ ਇਨ੍ਹਾਂ ਤਿਉਹਾਰਾਂ ਨੂੰ ਮਨਾਉਣ ਦੇ ਵੱਖੋ-ਵੱਖ ਢੰਗ ਤਰੀਕੇ ਵੀ ਅਪਣਾਏ ਗਏ ਤੇ ਇਸ ਸਭ ਦੌਰਾਨ ਕਿਸਾਨੀ ਦੀ ਸੰਕਟਮਈ ਹਾਲਤਾਂ ਨੂੰ ਵਿਸ਼ਵ ਭਰ ਦੇ ਸਾਹਮਣੇ ਲਿਆ ਕੇ ਲੋਕਾਂ ਵਿਚ ਇਸ ਪ੍ਰਤੀ ਚੇਤਨਾ ਪੈਦਾ ਕੀਤੀ ਗਈ। ਪ੍ਰੋ. ਗੁਰਭਜਨ ਗਿੱਲ ਆਪਣੀ ਰਚਨਾ 'ਅੰਦਰੀ ਲੋਕ ਤਾੜ 'ਤੇ' ਦੇ ਮਾਧਿਅਮ ਰਾਹੀਂ ਆਨਲਾਇਨ ਕਾਵਿ ਸੰਗ੍ਰਹਿ ਧਰਤਿ ਵੰਗਾਰੇ ਤਖ਼ਤ ਨੂੰ ਵਿਚ ਲਿਖਦੇ ਹਨ:

ਅੱਜ ਲੈ ਨਵੀਆਂ ਕਿਰਨਾਂ

ਵੱਖਰਾ ਸੂਰਜ ਚੜ੍ਹਿਆ ਹੈ

ਪੂਰੇ ਵਤਨ ਦੇ ਕਿਸਾਨ ਵੀ ਨਾਲ ਰਲਾ ਕੇ

ਜਿਹੜੇ ਰਹੇ ਫੂਕਦੀ

ਅੱਜ ਤੱਕ ਪੁਤਲੇ ਰਾਵਣ ਦੇ

ਉਨ੍ਹਾਂ ਪੁਤਲੇ ਸਾੜੇ ਹਾਕਮ ਦੇ ਬਣਾ ਕੇ। (**punjabi-kavita.com**)

ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਨਾਲ ਸੰਬੰਧਿਤ ਕਾਵਿ ਸਿਰਜਦਿਆਂ ਕਵੀਆਂ ਦੁਆਰਾ ਕਿਸਾਨੀ ਚੇਤਨਾ ਨੂੰ ਪ੍ਰਮੁੱਖ ਰੂਪ ਵਿਚ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਇਸ ਜਾਗ੍ਰਿਤੀ ਨੇ ਸਭਿਆਚਾਰਕ ਤੌਰ ਤੇ ਕਿਸਾਨ ਵਿਚ ਚੇਤਨ ਦਾ ਪ੍ਰਵਾਹ ਵਧਾਇਆ ਹੈ। ਸੰਕਟਗ੍ਰਸਤ ਹੋਈ ਕਿਸਾਨੀ ਦੁਆਰਾ ਆਪਣੀਆਂ ਮੰਗਾਂ ਨੂੰ ਪੂਰਾ ਕਰਨ ਲਈ ਇਸ ਕਿਸਾਨ ਅੰਦੋਲਨ ਨੇ ਅਜਿਹਾ ਸਭਿਆਚਾਰਕ ਇਨਕਲਾਬ ਜਗਾਇਆ ਕੇ ਅੰਦੋਲਨ ਦੇ ਦ੍ਰਿਸ਼, ਅੰਦੋਲਨ ਦੀਆਂ ਗੱਲਾਂ ਲੋਕ ਮਨਾਂ ਤੇ ਘਰ ਕਰ ਗਈਆਂ। ਭਾਈਚਾਰਕ ਸਾਂਝ ਕੁੱਝ ਇਸ ਤਰਾਂ ਉੱਭਰ ਕੇ ਸਾਹਮਣੇ ਆਈ ਕੇ ਕਈ ਮਿੱਥਾਂ ਟੁੱਟ ਗਈਆਂ। ਜਾਤ, ਧਰਮਾਂ ਵਿਚ ਵੰਡੀ ਲੋਕਾਈ ਅਚਾਨਕ ਇਕ-ਮੁੱਠ ਹੁੰਦੀ ਦਿਖਾਈ ਦਿੱਤੀ। ਗੀਤਾਂ ਵਿਚਲੇ 'ਜੱਟ' ਦੀ ਪਰਿਭਾਸ਼ਾ ਬਿੱਲਕੁਲ ਬਦਲ ਗਈ। ਗਾਇਕ, ਗੀਤਕਾਰ, ਸਾਹਿਤਕਾਰ ਤੇ ਹੋਰ ਕਲਾ ਪ੍ਰੇਮੀਆਂ ਨੇ ਇਸ ਇਨਕਲਾਬ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ।

### 2.2.2 ਸਮਕਾਲੀ ਪੰਜਾਬੀ ਕਵਿਤਾ: ਕਿਸਾਨੀ ਸਭਿਆਚਾਰਕ ਸਾਂਝ ਦਾ ਪ੍ਰਗਟਾਵਾ

ਕਿਸਾਨ ਅੰਦੋਲਨ ਦੌਰਾਨ ਵੱਖ-ਵੱਖ ਧਰਮਾਂ, ਜਾਤਾਂ, ਪ੍ਰਾਂਤਾਂ ਤੇ ਹੋਰ ਸਭਿਆਚਾਰਕ ਵਖਰੇਵਿਆਂ ਦੇ ਬਾਵਜੂਦ ਜੋ ਸਾਂਝ ਜਾਂ ਏਕਤਾ ਦੇਖਣ ਨੂੰ ਮਿਲੀ, ਇੱਕੀਂਵੀਂ ਸਦੀ ਅੰਦਰ ਅਜਿਹੀ ਕੋਈ ਹੋਰ ਉਦਾਹਰਣ ਦੇਖਣ ਨੂੰ ਨਹੀਂ ਮਿਲਦੀ। ਸਮਾਜ ਦਾ ਕੋਈ ਅਜਿਹਾ ਵਰਗ ਨਹੀਂ ਰਿਹਾ ਹੋਵੇਗਾ ਜਿਸ ਵਰਗ ਨੇ ਕਿਸਾਨ ਮੋਰਚੇ ਦੀ ਬਾਤ ਨਾ ਪਾਈ ਹੋਵੇ। ਕਿਸਾਨਾਂ ਦੇ ਨਾਲ ਮਜ਼ਦੂਰਾਂ ਦੀ ਹਮਾਇਤ ਨੇ 'ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ' ਦਾ ਨਾਅਰਾ ਵੀ ਦਿੱਤਾ। ਖੇਤ ਮਜ਼ਦੂਰਾਂ ਦੇ ਨਾਲ-ਨਾਲ ਕਾਰਖਾਨਿਆਂ, ਫੈਕਟਰੀਆਂ ਵਿਚ ਕੰਮ ਕਰਦੇ ਮਜ਼ਦੂਰ, ਵੱਖ-ਵੱਖ ਰਾਜਨੀਤਿਕ ਦਲਾਂ ਦੇ ਮੈਂਬਰ (ਖੱਬੇ-ਸੱਜੇ ਪੱਖੀ), ਸਕੂਲਾਂ-ਕਾਲਜਾਂ ਦੇ ਅਧਿਆਪਕ ਅਤੇ ਵਿਦਿਆਰਥੀ, ਡਾਕਟਰ, ਹੋਟਲਾਂ-ਢਾਬਿਆਂ ਦੇ ਮਾਲਕ ਤੇ ਕਰਮਚਾਰੀ, ਛੋਟੇ-ਵੱਡੇ ਦੁਕਾਨਦਾਰ, ਲੇਖਕ, ਸਮਾਜ-ਸੇਵੀ, ਵਿਦੇਸ਼ਾਂ ਵਿਚ ਰਹਿੰਦੇ ਕਿਸਾਨ ਅਤੇ ਗ਼ੈਰ-ਕਿਸਾਨੀ ਪੇਸ਼ਾ ਲੋਕ, ਆੜਤੀ ਵਰਗ ਆਦਿ ਸਭ ਨੇ ਇਸ ਅੰਦੋਲਨ ਵਿਚ ਆਪੋ-ਆਪਣਾ ਯੋਗਦਾਨ ਦਿੱਤਾ। ਦਰਅਸਲ ਕਿਸਾਨੀ ਨੂੰ ਕੇਵਲ ਇਕ ਕਿੱਤਾ ਕਹਿ ਕਿ ਸੀਮਿਤ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿਚ ਖੇਤੀ-ਬਾੜੀ ਨੂੰ ਜੀਵਨ ਜਿਉਣ ਦੇ ਇਕ ਢੰਗ ਦੇ ਰੂਪ ਵਿਚ ਦੇਖਿਆ ਜਾਂਦਾ ਹੈ, ਖੇਤੀ ਇਕ ਸਭਿਆਚਾਰ ਦਾ ਮੁਕੰਮਲ ਸਰੂਪ ਆਪਣੇ ਅੰਦਰ ਸਮੋਈ ਬੈਠੀ ਹੈ। ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਆਪਣੇ ਲੇਖ '**ਕਿਸਾਨ ਮੋਰਚਾ: ਦੰਗ ਹੋ ਕੇ ਦੇਖ ਰਹੀ ਹੈ ਦੂਰ-ਦੂਰ ਦੀ ਦੁਨੀਆਂ!'** ਵਿਚ ਪੰਜਾਬੀ ਕਿਸਾਨੀ ਅਤੇ ਇਸ ਦੇ ਸੁਭਾਅ ਨੂੰ ਇਕ ਰੀਤ ਦੇ ਰੂਪ ਵਿਚ ਇੰਞ ਬਿਆਨਦੇ ਹਨ:

> ਉਹ ਜਦੋਂ ਬੀ ਦੀ ਪਹਿਲੀ ਮੁੱਠ ਭੋਇੰ ਦੇ ਹਵਾਲੇ ਕਰਨ ਲਗਦਾ ਹੈ, ਨਾਲ ਹੀ ਸਪੱਸ਼ਟ ਕਰ ਦਿੰਦਾ ਹੈ ਕਿ ਉਹਦੀ ਉਪਜ ਵਿਚ ਕਿਸ ਕਿਸ ਦੇ ਭਾਗ ਸਾਂਝੀਵਾਲ ਹਨ, "ਹਾਲ਼ੀ-ਪਾਲ਼ੀ ਦੇ ਭਾਗੀਂ, ਆਪਣੇ-ਪਰਾਏ ਦੇ ਭਾਗੀਂ ਰਾਹੀ-ਪਾਂਧੀ ਦੇ ਭਾਗੀਂ, ਮੰਗਤੇ-ਫਕੀਰ ਦੇ ਭਾਗੀਂ, ਡੰਗਰ-ਵੱਛੇ ਦੇ ਭਾਗੀਂ, ਚਿੜੀ-ਜਨੌਰ ਦੇ ਭਾਗੀਂ,.....। 177

ਸੋ ਆਪਣੇ ਨਾਲ-ਨਾਲ ਆਪਣੇ ਤੇ ਪਰਾਇਆ, ਪੰਛੀਆਂ ਤੇ ਜਾਨਵਰਾਂ ਆਦਿ ਲਈ ਫਸਲ ਬੀਜਣ ਦੇ ਸਮੇਂ ਤੋਂ ਹੀ ਕਿਸਾਨ ਫਿਕਰਮੰਦ ਹੋ ਜਾਂਦਾ ਹੈ। ਸਭਿਆਚਾਰਕ ਵਿਰਸੇ ਦੇ ਰੂਪ ਵਿਚ ਇਹ ਗੁੜਤੀ ਪੰਜਾਬ ਦੇ ਕਿਸਾਨਾਂ ਨੂੰ ਮਿਲੀ ਹੋਈ ਹੈ। ਜਿਸਨੂੰ ਪਰੰਪਰਾ ਸਰੂਪ ਅੱਗੇ ਤੋਰਿਆ ਜਾ ਰਿਹਾ ਹੈ। ਅਜਿਹੀਆਂ ਪਰੰਪਰਾਵਾਂ ਇਸ ਕਿੱਤੇ ਨੂੰ ਨਿਰੋਲ ਮੁਨਾਫੇ ਦੇ ਕਿੱਤੇ ਤੋਂ ਅੱਡਰਾ ਕਰਦੀਆਂ ਹਨ। ਇਕ ਵਿਸ਼ਾਲ ਸਭਿਆਚਾਰ ਦੇ ਵਾਂਗ ਇਹ ਕਿੱਤਾ ਆਪਣੇ ਅੰਦਰ ਭਾਵਨਾਵਾਂ, ਸਾਂਝਾਂ, ਰੀਤੀ-ਰਿਵਾਜਾਂ, ਆਦਿ ਨੂੰ ਸਮੋ ਕੇ ਬੈਠਾ ਹੈ। ਅਜਿਹੀ ਹੀ ਸਾਂਝ ਦੇ ਅਨੇਕਾਂ ਦ੍ਰਿਸ਼ ਕਿਸਾਨ ਅੰਦੋਲਨ ਵਿਚ ਦੇਖਣ ਨੂੰ ਮਿਲੇ, ਜਿਨ੍ਹਾਂ ਨੂੰ ਵੱਖ-ਵੱਖ ਲੇਖਕਾਂ ਦੁਆਰਾ ਆਪੋ-ਆਪਣੇ ਦ੍ਰਿਸ਼ਟੀਕੋਣਾਂ ਰਾਹੀਂ ਪੇਸ਼ ਕੀਤਾ ਗਿਆ। ਕਿਸਾਨ ਅੰਦੋਲਨ ਵਿਚਲੀ ਸਭਿਆਚਾਰਕ ਸਾਂਝ ਨੂੰ ਪ੍ਰਗਟ ਕਰਦੇ ਹੋਏ ਸੁਰਜੀਤ ਪਾਤਰ ਕਿਸਾਨੀ ਅੰਦੋਲਨ ਦੌਰਾਨ ਹੋਂਦ ਵਿਚ ਆਈ ਪੁਸਤਕ '***ਮਿੱਟੀ ਦੇ ਵਣਜਾਰੇ***' (ਸੰਪਾਦਕ ਅਰਤਿੰਦਰ ਸੰਧੂ ਅਤੇ ਡਾ. ਮੋਹਣ ਤਿਆਗੀ) ਵਿਚ 'ਇਹ ਮੇਲਾ ਹੈ' ਕਵਿਤਾ ਅੰਦਰ ਇਸ ਅੰਦੋਲਨ ਨੂੰ ਭੀੜ ਨਹੀਂ ਸਗੋਂ ਰੂਹਦਾਰਾਂ ਦੀ ਸੰਗਤ ਕਹਿ ਕੇ ਸਤਿਕਾਰਦੇ ਹਨ:

> ਨਹੀਂ ਇਹ ਭੀੜ ਨਹੀਂ ਕੋਈ
>
> ਇਹ ਰੂਹਦਾਰਾਂ ਦੀ ਸੰਗਤ ਹੈ 14

ਇਸੇ ਕਵਿਤਾ ਵਿਚ ਉਹ ਲਿਖਦੇ ਹਨ:

> ਹੈ ਜਿਥੋਂ ਤਕ ਨਜ਼ਰ ਜਾਂਦੀ
>
> ਤੇ ਜਿਥੋਂ ਤਕ ਨਹੀਂ ਜਾਂਦੀ
>
> ਇਹਦੇ ਵਿਚ ਲੋਕ ਸ਼ਾਮਿਲ ਨੇ
>
> ਇਹਦੇ ਵਿਚ ਲੋਕ
>
> ਤੇ ਸੁਰਲੋਕ ਤੇ ਤ੍ਰੈਲੋਕ ਸ਼ਾਮਲ ਨੇ

## ਇਹ ਮੇਲਾ ਹੈ 13

ਸੁਰਜੀਤ ਪਾਤਰ ਇਨ੍ਹਾਂ ਸਤਰਾਂ ਰਾਹੀਂ ਇਸ ਕਿਸਾਨ ਅੰਦੋਲਨ ਨੂੰ ਇਕ ਮੇਲੇ ਦੇ ਰੂਪ ਵਿਚ ਦੇਖਦੇ ਹਨ। ਉਹ ਇਸ ਮੇਲੇ ਨੂੰ ਇਕ ਸਾਧਾਰਨ ਮੇਲਾ ਨਹੀਂ ਸਗੋਂ ਇਕ ਵਿਸ਼ੇਸ਼ ਤਰ੍ਹਾਂ ਦਾ ਮੇਲਾ ਆਖਦੇ ਹਨ। ਅਜਿਹਾ ਮੇਲਾ ਜਿਸ ਵਿਚ ਸੁਰਲੋਕ, ਲੋਕ-ਪਰਲੋਕ ਤੇ ਤਿੰਨੇ ਲੋਕ (ਹਿੰਦੂ ਧਾਰਮਿਕ ਪਰੰਪਰਾਵਾਂ ਅਨੁਸਾਰ ਸਵਰਗ ਲੋਕ, ਮ੍ਰਿਤੂ ਲੋਕ ਅਤੇ ਪਾਤਾਲ ਲੋਕ) ਸਾਰੇ ਲੋਕ ਸ਼ਾਮਿਲ ਹਨ। ਇਸ ਤਰ੍ਹਾਂ ਉਹ ਇਸ ਅੰਦੋਲਨ ਨੂੰ ਜਾਤੀ, ਜਮਾਤੀ, ਧਾਰਮਿਕ, ਪ੍ਰਾਂਤਿਕ ਤੇ ਹੋਰ ਵੱਖਵਾਦੀ ਰੰਗਤਾਂ ਤੋਂ ਉੱਪਰ ਉੱਠ ਕੇ ਵੱਡੇ ਅਰਥਾਂ ਵਿਚ ਦੇਖਦੇ ਹਨ। ਇਸ ਕਿਸਾਨ ਅੰਦੋਲਨ ਦੌਰਾਨ ਹੀ ਕਈ ਖਿਡਾਰੀ ਅਤੇ ਲੇਖਕਾਂ ਨੇ ਸਰਕਾਰ ਪਾਸੋਂ ਪ੍ਰਾਪਤ ਇਨਾਮ ਵਾਪਿਸ ਕੀਤੇ। **ਰੋਜ਼ਾਨਾ ਸਪੋਕਸਮੈਨ** ਅਖਬਾਰ ਵਿਚ ਮਿਤੀ 07 ਦਸੰਬਰ 2020 ਦੀ ਖਬਰ ਅਨੁਸਾਰ ਸਮਕਾਲੀ ਪੰਜਾਬੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਜੀ ਨੇ ਵੀ ਕਿਸਾਨਾਂ ਦੇ ਸਮਰਥਨ ਵਿਚ 'ਪਦਮ ਸ਼੍ਰੀ' ਪੁਰਸਕਾਰ ਵਾਪਿਸ ਦੇਣ ਦਾ ਐਲਾਨ ਕੀਤਾ। ਸੋ ਇਸੇ ਪੁਸਤਕ ਵਿੱਚ ਸ਼ਾਮਿਲ ਮਲਵਿੰਦਰ ਦੁਆਰਾ ਲਿਖੀ ਕਵਿਤਾ 'ਮੈਂ ਕਿਸਾਨ ਨਾਲ ਖੜ੍ਹਾ ਹਾਂ' ਕਿਸਾਨੀ ਸੰਕਟ ਨੂੰ ਸਮਾਜ ਦੇ ਸਾਂਝੇ ਸੰਕਟ ਵਜੋਂ ਰੂਪਮਾਨ ਕਰਦਾ ਹੈ ਤੇ ਸਮਾਜ ਦੀ ਸਭਿਆਚਾਰਕ ਸਾਂਝ ਨੂੰ ਪ੍ਰਗਟ ਕਰਦਾ ਹੈ :

ਖੇਤਾਂ ਕਾਰਨ

ਕਾਰਖਾਨਿਆਂ ਦੀਆਂ ਚਿਮਨੀਆਂ

ਭਖਦੀਆਂ ਹਨ

ਸੜਕਾਂ ਤੇ ਆਸ ਤੁਰਦੀ ਹੈ

ਹਸਪਤਾਲ ਜੀਵਨ ਬਖਸ਼ਦੇ ਹਨ

ਵਿਦਿਆਲੇ ਭਵਿੱਖ ਸਿਰਜਦੇ ਹਨ

ਮੈਂ ਕਿਸਾਨ ਨਹੀਂ ਹਾਂ

ਕਿਸਾਨਾਂ ਦੇ ਨਾਲ ਖੜ੍ਹਾ ਹਾਂ

ਇਹ ਮਾਣ-ਦਾਅਵਾ

ਮੇਰੇ 'ਕੱਲੇ ਦਾ ਨਹੀਂ

ਸੰਘਰਸ਼ ਕਰਦੇ

ਕਿਸਾਨਾਂ ਦੇ ਨਾਲ ਖੜ੍ਹੇ

ਹਜ਼ਾਰਾਂ ਲੱਖਾਂ ਦਾ ਹੈ 84-85

ਮਲਵਿੰਦਰ ਇਸ ਰਚਨਾ ਰਾਹੀਂ ਕਿਸਾਨ ਅਤੇ ਕਿਸਾਨੀ ਕਿੱਤੇ ਦੇ ਵੱਖ-ਵੱਖ ਹੋਰ ਕਿੱਤਿਆਂ ਨਾਲ ਸੰਬੰਧਾਂ ਨੂੰ ਪ੍ਰਗਟ ਕਰਦਿਆਂ ਹੋਇਆ ਇਨ੍ਹਾਂ ਦੀ ਆਪਸੀ ਅੰਤਰ-ਨਿਰਭਰਤਾ ਤੇ ਸਾਂਝ ਦੀ ਗੱਲ ਕਰਦਾ ਹੈ। ਉਹ ਕਿਸਾਨੀ ਨੂੰ ਜੀਵਨ ਦੇ ਮੂਲ ਨਾਲ ਜੋੜਦਾ ਹੈ ਤੇ ਹਰ ਮਨੁੱਖ ਨੂੰ ਕਿਸਾਨ ਦੇ ਨਾਲ ਖੜ੍ਹਾ ਦੇਖਦਾ ਹੈ। ਜਦੋਂ ਇਹ ਅੰਦੋਲਨ ਆਪਣੇ ਸ਼ੁਰੂਆਤੀ ਦੌਰ ਵਿਚ ਸੀ ਤਾਂ ਮੀਡੀਆ ਵੱਲੋਂ ਇਸ ਨੂੰ ਕੁੱਝ ਕੁ ਆੜ੍ਹਤੀਆਂ ਦਾ ਅੰਦੋਲਨ ਕਹਿ ਰਿਹਾ ਸੀ, ਸਮਾਂ ਪਾ ਕੇ ਇਸ ਨੂੰ ਕੁੱਝ ਰਾਜਨੀਤਿਕ ਪਾਰਟੀਆਂ ਦੇ ਕਿਸਾਨ ਵਿੰਗ ਦਾ ਅੰਦੋਲਨ ਕਿਹਾ ਜਾਣ ਲੱਗਾ, ਫਿਰ ਇਸ ਨੂੰ ਵਕੀਲਾਂ ਦੀ ਹਮਾਇਤ ਪ੍ਰਾਪਤ ਹੋਈ। ਹੌਲੀ-ਹੌਲੀ ਡਾਕਟਰਾਂ, ਕਲਾਕਾਰਾਂ, ਮਜ਼ਦੂਰਾਂ, ਕਾਰੋਬਾਰੀਆਂ, ਹੋਟਲਾਂ ਦੇ ਮਾਲਕਾਂ, ਤੇ ਅੰਦੋਲਨ ਦੇ ਸਿਖਰ ਤੱਕ ਪਹੁੰਚਦਿਆਂ ਇਸ ਨੂੰ ਸਮਾਜ ਦੇ ਅਨੇਕਾਂ ਵਰਗਾਂ ਦਾ ਸਾਥ ਮਿਲਿਆ। ਇਸੇ ਹੀ ਗੱਲ ਦੀ ਪ੍ਰੋੜਤਾ ਧਰਤਿ ਵੰਗਾਰੇ ਤਖਤਿ ਨੂੰ (ਭਾਗ ਪੰਜਵਾਂ) ਕਾਵਿ ਸੰਗ੍ਰਹਿ ਵਿਚ ਹਰਦਿਆਲ ਸਿੰਘ ਪਰਵਾਨਾ ਆਪਣੀ ਕਵਿਤਾ 'ਆ ਬੈਠ ਟਰਾਲੀ ਵਿੱਚ ਬਾਪੂ' ਵਿਚ ਕਰਦੇ ਹਨ:

ਦਿੱਲੀ 'ਚ ਇਕੱਠ ਹੈ ਯਾਰਾਂ ਦਾ

ਮਜ਼ਦੂਰਾਂ ਕਾਸ਼ਤਕਾਰਾਂ ਦਾ

ਗਾਇਕਾਂ ਤੇ ਸਾਹਿਤਕਾਰਾਂ ਦਾ

ਸਿਦਕੀ ਸਿਰੜੀ ਮੁਟਿਆਰਾਂ ਦਾ

ਚੱਲ ਹੱਠੀ ਹਾਕਮ ਨੂੰ ਦੱਸੀਏ

ਵਿੱਚ ਇਲਮ ਕਬੂਲ ਗਰੂਰ ਨਹੀਂ .... (**punjabikavita.com**)

ਹਰਦਿਆਲ ਸਿੰਘ ਪਰਵਾਨਾ ਇਸ ਕਿਸਾਨ ਅੰਦੋਲਨ ਵਿਚਲੇ ਇਕੱਠ ਨੂੰ ਕੇਵਲ ਕਿਸਾਨਾਂ ਦਾ ਇਕੱਠ ਨਹੀਂ ਸਗੋਂ ਮਜ਼ਦੂਰਾਂ, ਗਾਇਕਾਂ, ਲੇਖਕਾਂ, ਜਵਾਨੀ ਦਾ ਇਕੱਠ ਮੰਨਦਾ ਹੈ। ਨਾਲ ਹੀ ਲੇਖਕ ਸਰਕਾਰ ਦੇ ਹੱਠੀ ਰਵੱਈਏ ਪ੍ਰਤੀ ਪੜ੍ਹੀ-ਲਿਖੀ ਕੌਮ ਦੇ ਵਿਰੋਧੀ ਰਵੱਈਏ ਦੀ ਗੱਲ ਵੀ ਕਰਦਾ ਹੈ। ਮਨੁੱਖੀ ਅਧਿਕਾਰ ਪ੍ਰੈਕਟੀਸ਼ਨਰ ਡਾ. ਨਵਸ਼ਰਨ ਕੌਰ ਇਸ ਬਾਰੇ ਲਿਖਦੇ ਹਨ:

> ਅੱਜ ਭਾਂਵੇ ਛੋਟਾ ਦੁਕਾਨਦਾਰ ਹੈ ਜਾਂ ਆੜਤੀਆਂ ਵਰਗ, ਛੋਟਾ ਕਾਰੋਬਾਰੀ, ਅਧਿਆਪਕ, ਛੋਟਾ ਮੁਲਾਜ਼ਮ, ਵਕੀਲ, ਸਭ ਨੇ ਕਿਸਾਨੀ ਘੋਲ ਨਾਲ ਇਕਮੁੱਠਤਾ ਜ਼ਾਹਿਰ ਕੀਤੀ ਹੈ। ਕਲਾਕਾਰ ਅਤੇ ਗੀਤਕਾਰ ਵੀ ਆ ਰਲੇ ਹਨ। ਸਿਰਮੌਰ ਕਵੀਆਂ ਅਤੇ ਲੇਖਕਾਂ ਨੇ ਇਨਾਮ ਮੋੜ ਦਿੱਤੇ। (***ਕਿਸਾਨੀ ਸੰਕਟ ਪਰਤ ਦਰ ਪਰਤ*** 152)

ਪੰਜਾਬ ਵਿਚ ਗੁਰੂ ਨਾਨਕ ਦਾ ਕਿਰਤ ਦਾ ਸੰਕਲਪ ਖੇਤੀ ਦੇ ਮਾਧਿਅਮ ਰਾਹੀਂ ਪੂਰਾ ਹੁੰਦਾ ਹੈ ਤੇ ਇਸ ਤੋਂ ਬਾਅਦ ਨਾਮ ਸਿਮਰਨ ਤੇ ਫਿਰ ਵੰਡ ਛਕਣ ਦੀ ਗੱਲ ਹੁੰਦੀ ਹੈ। ਇਹ ਵੰਡ ਛਕਣ ਦਾ ਸਿਧਾਂਤ ਸਭਿਆਚਾਰਕ ਸਾਂਝ ਨੂੰ ਜਨਮ ਦਿੰਦਾ ਹੈ। ਇਸੇ ਧਾਰਮਿਕ ਸੰਕਲਪਾਂ ਨੂੰ ਆਧਾਰ ਬਣਾ ਕੇ ਅਰਤਿੰਦਰ ਸੰਧੂ ਅਤੇ ਮੋਹਨ ਤਿਆਗੀ ਦੁਆਰਾ ਸੰਪਾਦਿਤ ਪੁਸਤਕ '***ਮਿੱਟੀ ਦੇ ਵਣਜਾਰੇ*** ' ਵਿਚ ਵਰਿਆਮ ਸਿੰਘ ਸੰਧੂ ਆਪਣੀ ਰਚਨਾ 'ਬਾਬਾ! ਤੇਰੇ ਪੁੱਤ ਤੁਰੇ ਨੇ ਵਿਚ ਲਿਖਦੇ ਹਨ:

ਬਾਬਾ!

ਤੇਰੇ ਪੁੱਤ ਤੁਰੇ ਨੇ

ਲੰਮ ਵਾਟ ਉਦਾਸੀ ਵਾਲੀ

ਸਭ ਬਾਲੇ, ਮਰਦਾਨੇ, ਲਾਲੋ 'ਕੱਠੇ ਹੋ ਕੇ

ਸਭੇ ਤੇਰੇ ਧੀਆਂ ਪੁੱਤਰ

ਭਰ ਮਿੱਟੀ ਦੀਆਂ ਮੁੱਠਾਂ

ਤੇਰੇ ਖੇਤਾਂ ਵਿਚੋਂ

ਧਰ ਕੇ ਮੋਢੇ

ਤੇਰੇ ਹਲ਼ ਨੂੰ

ਜਿਸ ਦੇ ਫਾਲੇ ਉੱਤੇ ਬੈਠਾ

ਇਸ ਵੇਲੇ ਪੰਜਾਬ ਪਿਆਰਾ 71

ਧਾਰਮਿਕ ਪ੍ਰਤੀਕਾਂ ਦਾ ਆਸਰਾ ਲੈ ਕੇ ਆਪਣੀ ਗੱਲ ਨੂੰ ਅੱਗੇ ਰੱਖਦੇ ਹੋਏ ਵਰਿਆਮ ਸਿੰਘ ਸੰਧੂ ਸੰਘਰਸ਼ਸ਼ੀਲ ਕਿਸਾਨਾਂ ਨੂੰ ਬਾਬੇ ਨਾਨਕ ਦੇ ਪੁੱਤ ਕਹਿ ਕੇ ਵਡਿਆਉਂਦਾ ਹੈ। ਸਭਿਆਚਾਰਕ ਸਾਂਝ ਦਾ ਪ੍ਰਗਟਾਵਾ ਕਰਦਿਆਂ ਇਸ ਅੰਦੋਲਨ ਵਿਚਲੇ ਵੱਖ-ਵੱਖ ਧਰਮਾਂ ਜਾਤਾਂ ਦੇ ਕਿਸਾਨਾਂ ਨੂੰ ਉਹ ਬਾਬੇ ਨਾਨਕ ਦੇ ਬਾਲੇ, ਮਰਦਾਨੇ, ਭਾਈ ਲਾਲੋ ਤੇ ਹੋਰ ਸਾਥੀ ਕਹਿ ਕੇ ਏਕਤਾ ਦੇ ਸੂਤਰ ਵਿਚ ਪਰੋਣ ਦਾ ਯਤਨ ਕਰਦਾ ਹੈ। ਇਸ ਹੀ ਤਰ੍ਹਾਂ 'ਧਰਤਿ ਵੰਗਾਰੇ ਤਖਤਿ' ਨੂੰ ਭਾਗ ਤੀਜਾ ਕਾਵਿ ਸੰਗ੍ਰਹਿ ਵਿਚ ਕੇਵਲ ਸਿੰਘ ਨਿਰਦੋਸ਼ ਕੈਨੇਡਾ ਆਪਣੀ ਕਵਿਤਾ 'ਕਿਸਾਨ ਅੰਦੋਲਨ' ਵਿਚ ਲਿਖਦੇ ਹਨ:

ਕੁੜੀਆਂ ਮੁੰਡਿਆਂ ਬਿਰਧਾਂ ਨੌਜਵਾਨਾਂ ਨਾਲ,

ਚੱਲ ਰਿਹਾ ਕਿਸਾਨ ਅੰਦੋਲਨ ਸ਼ਾਨਾਂ ਨਾਲ।

ਦੇਂਦਾ ਹਰ ਇਕ ਨੂੰ ਸੰਦੇਸ਼ ਮੁਹੱਬਤ ਦਾ,

ਰਲ ਕੇ ਹਿੰਦੂਆਂ ਸਿੱਖਾਂ ਮੁਸਲਮਾਨਾਂ ਨਾਲ।

ਸਮਝੇ ਨਾ ਸਰਕਾਰ ਕਿਸਾਨ ਇਕੱਲੇ ਨੇ,

ਹਰ ਇਨਸਾਫ ਪਸੰਦ ਖੜ੍ਹਾ ਕਿਰਸਾਨਾਂ ਨਾਲ। (**punjabikavita.com)**

ਇਸ ਅੰਦੋਲਨ ਦੀ ਇਕ ਖਾਸ ਗੱਲ ਜਾਂ ਉਪਲਬਧੀ ਇਹ ਵੀ ਸੀ ਕਿ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਵਿਸ਼ਵ ਭਰ ਵਿਚ ਇਸ ਅੰਦੋਲਨ ਨੇ ਵੱਖਰਾ ਮੁਕਾਮ ਹਾਸਿਲ ਕੀਤਾ ਤੇ ਵਿਸ਼ਵ ਵਿਚ ਕਿਸਾਨੀ ਪ੍ਰਤੀ ਹਾਅ ਦਾ ਨਾਅਰਾ ਮਾਰਨ ਵਾਲੇ ਅਨੇਕਾਂ ਲੋਕਾਂ ਨੇ ਇਸ ਅੰਦੋਲਨ ਵਿਚ ਕਿਸੇ ਨਾ ਕਿਸੇ ਤਰੀਕੇ ਹਾਜ਼ਰੀ ਭਰੀ। ਇਨ੍ਹਾਂ ਹੀ ਨਹੀਂ ਵਿਦੇਸ਼ ਵਿਚ ਬੈਠੇ ਪੰਜਾਬੀ ਲੇਖਕਾਂ ਨੇ ਇਸ ਵਿਚ ਅਹਿਮ ਰੋਲ ਨਿਭਾਇਆ। ਇਸ ਹੀ ਪੁਸਤਕ ਵਿਚ ਸਮੁੰਦਰ ਪਾਰ ਦੀ ਅਦੀਬ ਦਵਿੰਦਰ ਕੌਰ ਯੂ.ਕੇ. ਕਵਿਤਾ 'ਇਨਸਾਨਾਂ ਦੀ ਨਗਰੀ ਵਿਚ' ਲਿਖਦੇ ਹਨ:

ਕੱਲ੍ਹ ਹਿੰਦੂ ਮੁਸਲਿਮ ਵੰਡਦਾ ਸੀ

ਅੱਜ ਹਿੰਦੂ ਸਿੱਖ ਵੰਡਣਾ ਚਾਹਵੇ

ਉਹ ਨਹੀਂ ਜਾਣਦਾ ਨਾ ਸੋਚੇ

ਕਿਸ ਆਫਤ ਓਸ ਬੁਲਾਇਆ ਹੈ ( ਓਹੀ ਪੁਸਤਕ 51)

ਦਵਿੰਦਰ ਕੌਰ ਯੂ.ਕੇ. ਅਨੁਸਾਰ ਇਸ ਸੰਘਰਸ਼ ਨੂੰ ਅਸਫਲ ਕਰਨ ਲਈ ਸਮੇਂ-ਸਮੇਂ ਤੇ ਸਰਕਾਰਾਂ ਦੁਆਰਾ ਕਈ ਅਨੈਤਿਕ ਚਾਲਾਂ ਚੱਲੀਆਂ ਗਈਆਂ। ਪਰੰਤੂ ਉਹਨਾਂ ਚਾਲਾਂ ਦਾ ਅਸਰ ਇਸ ਸ਼ਾਂਤਮਈ ਅੰਦੋਲਨ ਤੇ ਬਿਲਕੁੱਲ ਨਾ ਹੋਇਆ। ਹਿੰਦੂ-ਮੁਸਲਿਮ ਤੇ ਹਿੰਦੂ-ਸਿੱਖ ਵਿਚਕਾਰ ਪਾੜਾ ਖੜ੍ਹਾ ਕਰਨ ਲਈ ਕਈ ਵਾਰ ਇਸ ਅੰਦੋਲਨ ਨੂੰ ਵੱਖਵਾਦੀ, ਖਾਲਿਸਤਾਨੀ ਤੇ ਹੋਰ ਨਾਂ ਦਿੱਤੇ ਗਏ ਪਰੰਤੂ ਇਹ ਅੰਦੋਲਨ ਇਕ ਵੱਖਰੀ ਕਿਸਮ ਦੀ ਸਬਰ ਦੀ ਗੁੜਤੀ ਨਾਲ ਲਬਰੇਜ਼ ਰਿਹਾ ਤੇ ਆਪਣੀ ਮੰਜ਼ਿਲ ਤੋਂ ਨਾ ਭਟਕਿਆ। ਮਨੁੱਖੀ ਅਧਿਕਾਰ ਪ੍ਰੈਕਟੀਸ਼ਨਰ ਡਾ. ਨਵਸ਼ਰਨ ਕੌਰ ਇਸ ਬਾਰੇ ***'ਕਿਸਾਨੀ ਸੰਕਟ ਪਰਤ ਦਰ ਪਰਤ'*** ਪੁਸਤਕ ਵਿਚ ਲਿਖਦੇ ਹਨ "ਮੁਲਕ ਭਰ ਵਿੱਚੋਂ ਇਸ ਘੋਲ ਨੂੰ ਹੁੰਗਾਰਾ ਮਿਲ ਰਿਹਾ ਹੈ ਅਤੇ ਵਿਦੇਸ਼ਾਂ ਵਿਚ ਵਸਦੇ ਭਾਰਤੀ ਮੂਲ ਦੇ ਲੋਕਾਂ ਨੇ ਵੀ ਆਪਣੀ ਆਵਾਜ਼

ਜੋੜੀ ਹੈ।" ( 152) ਇਸੇ ਤਰ੍ਹਾਂ ਪੰਜਾਬੀ ਦੇ ਇਕ ਹੋਰ ਪਰਵਾਸੀ ਕਵੀ ਮੋਹਣ ਗਿੱਲ ਦਾ ਕਾਵਿ ਸੰਗ੍ਰਹਿ '***ਇਕ ਹੋਰ ਮਹਾਂਭਾਰਤ'*** ਵਿਚ ਵਿਚ ਸ਼ਾਮਿਲ ਕਵਿਤਾ ਬਿਸਤਰ ਵਿਚ ਉਹ ਲਿਖਦੇ ਹਨ:

> ਸੜਕਾਂ ਸਾਡਾ ਬਿਸਤਰ ਬਣੀਆਂ, ਅੰਬਰ ਬਣੀ ਰਜਾਈ।
>
> ਤੱਕ ਜਹੰਨਮ ਲੜਨੀ ਹੈ ਅਸੀਂ, ਹਾਕਮ ਨਾਲ ਲੜਾਈ।
>
> ਤੇਰੇ ਕਾਰਨ ਪੰਜਾਬ ਹਰਿਆਣਾ ਫਿਰ ਬਣੇ ਭਾਈ ਭਾਈ। 56

ਇਸੇ ਹੀ ਤਰ੍ਹਾਂ ਯੋਗ ਅਗਵਾਈ ਤੇ ਕਿਸਾਨ ਆਗੂਆਂ ਦੀ ਡੂੰਘੀ ਸੂਝ-ਬੂਝ ਨੇ ਇਸ ਕਿਸਾਨ ਅੰਦੋਲਨ ਨੂੰ ਏਕਤਾ ਦਾ ਸਬਕ ਪੜਾਇਆ। 30 ਤੋਂ ਵੱਧ ਜੱਥੇਬੰਦੀਆਂ ਦਾ ਇਕ ਫਰੰਟ ਤੇ ਇਕੱਠੇ ਹੋ ਜਾਣਾ ਤੇ ਇਸ ਇਕੱਠ ਵਿਚ ਇਕ ਸਾਂਝੀ ਨੁਮਾਇੰਦਗੀ ਨੂੰ ਚੁਣਨਾ ਇਕ ਵੱਡਾ ਕਾਰਜ ਸੀ। ਦਰਅਸਲ ਇਹ ਗੱਲ ਸੁਣਨ ਵਿਚ ਜਿੰਨੀ ਆਸਾਨ ਤੇ ਸਾਧਾਰਣ ਲੱਗ ਰਹੀ ਹੈ ਵਿਵਹਾਰ ਵਿਚ ਇਸ ਗੱਲ ਤੇ ਅਮਲ ਕਰਨਾ ਉੱਨਾ ਹੀ ਔਖਾ ਸੀ। ਤਸਕੀਨ ਆਪਣੇ ਲੇਖ ਸਭਿਆਚਾਰਕ ਇਨਕਲਾਬ ਬਣਦਾ ਕਿਸਾਨ ਅੰਦੋਲਨ ਵਿਚ ਲਿਖਦਾ ਹੈ:

> ਕਿਸਾਨ ਆਗੂਆਂ ਨੇ ਪੰਜਾਬੀਅਤ ਨੂੰ ਇਕ ਪੇਚ 'ਤੇ ਲੈ ਕੇ ਆਂਦਾ ਅਤੇ ਉਹ ਆਪਣੇ ਮਾਮੂਲੀ ਮੱਤਭੇਦਾਂ ਨੂੰ ਭੁਲਾਉਂਦੇ ਹੋਏ ਏਕਤਾ ਵਿਚ ਜਾਣ ਲਈ ਮਜਬੂਰ ਹੁੰਦੇ ਗਏ। ਇਨ੍ਹਾਂ ਕਿਸਾਨ ਜੱਥੇਬੰਦੀਆਂ ਦੀ ਹੋਂਦ ਵੀ ਕਿਸਾਨਾਂ ਦੇ ਖੇਤੀ ਕਰਦੇ ਰਹਿਣ ਉੱਤੇ ਟਿਕੀ ਹੋਈ ਹੈ। ਇਨ੍ਹਾਂ ਸਮੂਹ ਕਿਸਾਨ ਜੱਥੇਬੰਦੀਆਂ ਦੀ ਏਕੇ ਦੀ ਤਾਕਤ ਕਿਸਾਨ ਨੂੰ ਆਪਣੀਆਂ ਦਲੀਲਾਂ ਵੱਲ ਖਿੱਚ ਲਿਆ ਹੈ। (***ਕਿਸਾਨੀ ਸੰਕਟ ਪਰਤ ਦਰ ਪਰਤ ਵਿਚ,*** 184)

ਸਭਿਆਚਾਰਕ ਸਾਂਝ ਦਾ ਇਕ ਨਿਖਰਿਆ ਰੂਪ ਇਸ ਅੰਦੋਲਨ ਦੇ ਮਾਧਿਅਮ ਰਾਹੀਂ ਉਦੋਂ ਨਿਕਲ ਕੇ ਆਇਆ ਜਦੋਂ ਵੱਖ-ਵੱਖ ਸਿਆਸੀ ਮਸਲਿਆਂ ਉੱਤੇ ਅਕਸਰ ਇਕ ਦੂਜੇ ਦੇ ਵਿਰੁੱਧ ਖੜ੍ਹੇ ਦਿਖਣ ਵਾਲੇ ਸੂਬੇ ਤੇ ਉਨਾਂ ਸੂਬਿਆਂ ਦੇ ਬਾਸ਼ਿੰਦੇ ਇਕ ਦੂਜੇ ਦੇ ਮੋਢੇ ਨਾਲ ਮੋਢਾ ਲਾ ਕੇ ਤੁਰੇ। ਮੋਹਣ ਗਿੱਲ ਇਸ ਨੂੰ ਪੰਜਾਬ ਤੇ ਹਰਿਆਣੇ ਦੇ ਆਪਸੀ ਭਰਾਵਾਂ ਵਾਲੇ ਰਿਸ਼ਤੇ ਦੇ ਰੂਪ ਵਿਚ ਬਿਆਨਦਾ ਹੈ। ਇਸੇ ਹੀ ਤਰ੍ਹਾਂ ਕਵਿਤਰੀ ਸੁਰਿੰਦਰ ਗੀਤ ਨੂੰ ਵੱਖ ਵੱਖ ਲੱਗ ਰਹੇ ਯੂ.ਪੀ., ਪੰਜਾਬ, ਰਾਜਸਥਾਨ ਤੇ ਹਰਿਆਣੇ ਦੇ ਲੋਕ ਆਪਸ ਵਿਚ ਇਕੋ ਜਿਹੇ ਲੱਗ ਰਹੇ ਹਨ ਤੇ ਉਹ

ਸਭ ਨੂੰ ਇਕੋ ਇਨਸਾਨੀਅਤ ਦੀ ਜਾਤ ਦੇ ਰੂਪ ਵਿਚ ਦੇਖਦੀ ਹੈ। ਸੁਰਿੰਦਰ ਗੀਤ ਦੀ ਪੁਸਤਕ '***ਖੇਤਾਂ ਦਾ ਸਫ਼ਰ***' ਵਿਚ ਦਰਜ ਕਵਿਤਾ 'ਇਕੋ ਜਿਹੇ' ਵਿਚ ਕਵਿਤਰੀ ਲਿਖਦੀ ਹੈ:

ਕੱਲ੍ਹ ਤੱਕ

ਮੈਨੂੰ

ਲੱਗ ਰਹੇ ਸਨ

ਵੱਖਰੇ ਵੱਖਰੇ

ਯੂ.ਪੀ

ਰਾਜਸਥਾਨ

ਹਰਿਆਣੇ ਅਤੇ

ਪੰਜਾਬ ਦੇ ਲੋਕ

ਪਰ ਅੱਜ ਮੈਨੂੰ

ਇੱਕੋ ਦਿਸਦੇ

ਸਾਰੇ ਮੈਨੂੰ ਮੇਰੇ ਲੱਗਦੇ

ਸਭਨਾਂ ਦਾ ਹੈ ਧਰਮ

ਇਨਸਾਨ

ਤੇ ਸਭਨਾਂ ਦੀ ਹੈ ਜਾਤ

ਕਿਸਾਨ 18

‘***ਹੂਕ ਪੰਜਾਬ ਦੀ***’ ਕਾਵਿ ਸੰਗ੍ਰਹਿ ਵਿਚ ਕਵੀ ਸੁੱਖਵਿੰਦਰ ਸਿੰਘ ਬੋਦਲਾਂਵਾਲਾ ਇਸ ਸਭਿਆਚਾਰਕ ਸਾਂਝ ਨੂੰ ਆਪਣੀ ਕਵਿਤਾ ਡਟੇ ਦਿਨ ਰਾਤ ਨੇ ਰਾਹੀਂ ਇੰਞ ਬਿਆਨਦੇ ਹਨ:

ਰਾਜਸਥਾਨੀ ਬਾਬੇ ਵੀ ਨੇ, ਜਵਾਨ ਵੀ ਨੇ ਜੋਸ਼ ਵਿੱਚ,

ਹਾਕਮਾਂ ਤੂੰ ਖੋਲ੍ਹ ਅੱਖਾਂ, ਹਰਿਆਣਵੀ ਵੀ ਜਾਟ ਨੇ।

ਯੂ.ਪੀ. ਤੇ ਬਿਹਾਰੀ ਵੀ ਨੇ, ਮੱਧ ਪ੍ਰਦੇਸ਼ ਵਾਲੇ,

ਆੜ੍ਹਤੀਏ ਵੀ ਨਾਲ ਸਾਡੇ, ਸਾਂਝੀ ਪਾਉਂਦੇ ਬਾਤ ਨੇ। 25

ਇਸੇ ਸਾਂਝ ਦੀ ਗੱਲ ਨੂੰ ਪ੍ਰਗਟਾਉਂਦਿਆਂ ਹਰਪ੍ਰੀਤ ਕੌਰ ਦੁੱਗਰੀ ਦੁਆਰਾ ਸੰਪਾਦਿਤ ਪੁਸਤਕ ਵਿਚ ਬਲਦੇਵ ਸਿੰਘ ਸੜਕਨਾਮਾ ਆਪਣੇ ਲੇਖ ‘ਕਿਸਾਨ ਅੰਦੋਲਨ ਦਾ ਜਲੌਅ’ ਵਿਚ ਲਿਖਦੇ ਹਨ:

> ਇੱਥੇ ਆ ਕੇ ਵੇਖੋ ਕਿਵੇਂ ਹਿੰਦੂ, ਸਿੱਖ, ਮੁਸਲਮਾਨ, ਈਸਾਈ ਇਕੋ ਥਾਂ ਬੈਠ ਕੇ ਖਾ ਰਹੇ ਹਨ। ਕਿਵੇਂ ਹਰ ਸੂਬੇ ਦੇ ਕਿਸਾਨਾਂ ਦੇ ਸਾਂਝੇ ਦੁੱਖ ਹਨ... ਕਿਵੇਂ ਹੌਸਲੇ ਬੁਲੰਦ ਹਨ। ਖੇਤੀ ਕਿਸਾਨਾਂ ਦੀ ਜੀਵਨ ਜਾਚ ਹੈ, ਕਿਸਾਨਾਂ ਦੀ ਹੋਂਦ ਹੈ। ਕਿਸਾਨ ਨਹੀਂ ਰਹਿਣਗੇ ਤਾਂ ਲੋਕ ਵੀ ਨਹੀਂ ਰਹਿਣਗੇ। ( ***ਕਿਸਾਨ ਅੰਦੋਲਨ ਜੂਝਦੇ ਖੇਤਾਂ ਦੀ ਗਰਜ***, 132)

ਜਿੱਥੇ ਵੱਖ-ਵੱਖ ਧਰਮਾਂ ਅਤੇ ਪ੍ਰਾਂਤਿਕ ਮਸਲਿਆਂ ਨੂੰ ਕਿਨਾਰੇ ਕਰ ਕੇ ਇਸ ਅੰਦੋਲਨ ਨੇ ਇਕ ਵੱਖਰੀ ਛਾਪ ਛੱਡੀ। ਉੱਥੇ ਹੀ ਇਨ੍ਹਾਂ ਪ੍ਰਾਂਤਾਂ ਦੇ ਬਣਨ ਦਾ ਮੂਲ ਆਧਾਰ ਭਾਸ਼ਾਈ ਵਖਰੇਵਿਆਂ ਨੂੰ ਵੀ ਅਣਗੌਲਿਆ ਹੈ। ਧਰਤਿ ਵੰਗਾਰੇ ਤਖਤਿ ਨੂੰ (ਭਾਗ ਪੰਜਵਾਂ) ਕਾਵਿ ਸੰਗ੍ਰਹਿ ਵਿਚ ‘ਸੰਘਰਸ਼ ਦੀ ਪੈੜਾ’ ਕਵਿਤਾ ਵਿਚ ਮਲਵਿੰਦਰ ਲਿਖਦਾ ਹੈ:

ਤੁਸੀਂ ਭਾਸ਼ਾਵਾਂ ਵਿਚ ਵੰਡਿਆ ਸੀ

ਸਾਨੂੰ ਸਾਂਝੇ ਫਿਕਰਾਂ ਦੀ ਸਮਝ ਆਈ ਹੈ

ਪ੍ਰਾਂਤਾਂ ਦੀਆਂ ਸਰਹੱਦਾਂ ਉਲੰਘ

ਅਸੀਂ ਗੱਲਵਕੜੀ ਪਾਈ ਹੈ

ਮੁਹੱਬਤ ਦੀ ਬਾਤ ਚਲਾਈ ਹੈ

ਸਾਡੀ ਸਾਂਝ ਪਰਤ ਆਈ ਹੈ (**punjabikavita.com)**

ਮਲਵਿੰਦਰ ਆਪਣੀ ਰਚਨਾ ਵਿਚ ਜਿੱਥੇ ਭਾਸ਼ਾਈ ਵਖਰੇਵੇਂ ਦੇ ਆਧਾਰ ਤੇ ਸਰਕਾਰਾਂ ਦੇ ਪਾਏ ਪਾੜੇ ਦੀ ਗੱਲ ਕਰਦਾ ਹੈ ਉੱਥੇ ਹੀ ਉਹ ਕਿਸਾਨ ਅੰਦੋਲਨ ਦੌਰਾਨ ਇਨ੍ਹਾਂ ਵਖਰੇਵਿਆਂ ਨੂੰ ਭੁਲਾ ਕੇ ਪ੍ਰਾਂਤਿਕ ਸੀਮਾਵਾਂ ਲੰਘ ਕੇ ਸਾਂਝੇ ਫਿਕਰ, ਸਾਂਝੇ ਹਿੱਤਾਂ ਭਾਵ ਕਿਸਾਨੀ ਦੀ ਗੱਲ ਕਰਦਾ ਹੈ। ਲੋਕ ਮਨਾਂ ਵਿਚ ਉਪਜੀ ਅਜਿਹੀ ਸਾਂਝ ਪਹਿਲਾਂ ਕਦੇ ਨਾ ਦੇਖੀ ਗਈ, ਜੋ ਕਿਸਾਨ ਅੰਦੋਲਨ ਦੀ ਵੱਡੀ ਉਪਲੱਬਧ ਸੀ। ਉਹ ਨਾਲ ਹੀ ਅੰਦੋਲਨ ਦੀ ਇਕ ਵੱਡੀ ਪ੍ਰਾਪਤੀ ਦੇ ਰੂਪ ਵਿਚ ਲੋਕਾਂ ਵਿਚ ਵਾਪਿਸ ਆਈ ਸਭਿਆਚਾਰਕ ਸਾਂਝ ਉੱਪਰ ਵੀ ਝਾਤ ਪਾਉਂਦਾ ਹੈ। ਇਹ ਕਿਸਾਨ ਲਹਿਰ ਇਕ ਲੋਕ ਲਹਿਰ ਦਾ ਰੂਪ ਧਾਰਣ ਕਰ ਗਈ ਕਿਉਂਕਿ ਇਸ ਲੋਕ ਲਹਿਰ ਵਿਚ ਕਿਰਤੀਆਂ, ਕਿਸਾਨ-ਮਜ਼ਦੂਰਾਂ, ਸਨਅਤੀ ਮਜ਼ਦੂਰਾਂ, ਲੇਖਕਾਂ, ਬੁੱਧੀਜੀਵੀਆਂ ਤੇ ਹੋਰ ਗਰੀਬ ਤਬਕਿਆਂ ਦੀਆਂ ਲੋੜਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਸੀ। ***'ਖੇਤਾਂ ਦੇ ਪੁੱਤ ਜਾਗ ਪਏ'*** ਪੁਸਤਕ ਜਿਸ ਦੇ ਸੰਪਾਦਕ ਰਜਿੰਦਰ ਸਿੰਘ ਰਾਜਨ ਹਨ, ਵਿਚ ਦਰਜ ਕਰਮ ਸਿੰਘ ਜ਼ਖਮੀ ਦੀ ਕਵਿਤਾ 'ਸੰਘਰਸ਼ ਕਿਸਾਨਾਂ ਦਾ' ਵਿਚ ਉਹ ਬਿਆਨ ਕਰਦੇ ਹਨ:

ਲੇਖਕ, ਜੱਜ, ਵਕੀਲ, ਦੁਹਾਈ ਪਾਉਂਦੇ ਸਾਰੇ ਹੀ,

ਗੱਲ ਸੁਣੇ ਨਾ ਹਾਕਮ ਲਾਉਂਦਾ ਰਹਿੰਦੇ ਲਾਰੇ ਹੀ,

'ਜ਼ਖਮੀ' ਭਗਵਾਂ ਮੁੱਢੋਂ ਹੀ ਦੁਸ਼ਮਣ ਭਗਵਾਨਾਂ ਦਾ।

ਸੁਰਖ ਸਵੇਰ ਦਿਖਾਉਂਦਾ ਹੈ ਸੰਘਰਸ਼ ਕਿਸਾਨਾਂ ਦਾ। 44

ਇਸੇ ਤਰ੍ਹਾਂ ***'ਜਨ ਅੰਦੋਲਨ'*** ਪੁਸਤਕ ਵਿਚ ਜਗਜੀਤ ਸਿੰਘ ਲੱਡਾ ਇਸ ਸਾਂਝ ਨੂੰ ਇੰਝ ਪ੍ਰਗਟਾਉਂਦੇ ਹਨ:

ਜਾਤ-ਧਰਮ, ਉਚ-ਨੀਚ ਭੁਲਾ,

ਏਕੇ ਦਾ ਘਸੁੰਨ ਅਸਾਂ ਵੱਟ ਲਿਆ।

ਜਿੱਤ ਦਾ ਸੁਆਦ ਵੀ ਚੱਖਾਂਗੇ,

ਭਾਈਚਾਰਾ ਤਾਂ ਅਸੀਂ ਖੱਟ ਲਿਆ। 24

ਇਸੇ ਪੁਸਤਕ ਵਿਚ ਉਹ ਲਿਖਦੇ ਹਨ:

ਕਿਸਾਨ, ਮਜ਼ਦੂਰ ਏਕਤਾ ਜ਼ਿੰਦਾਬਾਦ।

ਦੋਵੇਂ ਹੀ ਭਰਾ ਸਦਾ ਰਹਿਣ ਆਬਾਦ। 29

ਇਸ ਅੰਦੋਲਨ ਦੌਰਾਨ ਆਪਸੀ ਸਾਂਝ ਤੇ ਭਾਈਚਾਰੇ ਦੀਆਂ ਅਨੇਕਾਂ ਉਦਾਹਰਨਾਂ ਦੇਖਣ ਨੂੰ ਮਿਲੀਆਂ। ਕਿਸਾਨ ਇਕ ਦੂਜੇ ਦੀ ਬਾਂਹ ਫੜ ਕੇ ਜਿਸ ਤਾਕਤ ਨਾਲ ਸਾਹਮਣੇ ਆਏ ਅਜਿਹੀ ਕਲਪਨਾ ਕਿਸੇ ਨੇ ਵੀ ਨਹੀਂ ਕੀਤੀ ਸੀ। ਆਪਸੀ ਸਾਂਝ ਨੂੰ ਪ੍ਰਗਟਾਉਂਦਿਆਂ ਅਨੇਕਾਂ ਵਾਰ ਇਹ ਕਿਸਾਨ ਇਕ ਦੂਜੇ ਦਾ ਸਹਾਰਾ ਬਣੇ ਜਿਵੇਂ ਇਕ ਕਿਸਾਨ ਦੀ ਲੜਕੀ ਦੇ ਵਿਆਹ ਵਿਚ ਉੱਥੇ ਜੁੜੇ ਕਿਸਾਨਾਂ ਦੁਆਰਾ ਮੱਦਦ ਕਰਨੀ ਜਾਂ ਵਿਆਹ ਵਿਚ ਸ਼ਾਮਿਲ ਹੋਣਾ। ਜਾਤਾਂ, ਧਰਮਾਂ, ਉਚ-ਨੀਚ ਦੇ ਵਖਰੇਵੇਂ ਮੁੱਕਦੇ ਦਿਸੇ। ਇਸ ਸੰਘਰਸ਼ ਦੀ ਇਕ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਭਾਵੇਂ ਇਹ ਅੰਦੋਲਨ ਕਿਸਾਨਾਂ ਦਾ ਸੀ ਤੇ ਕਿਸਾਨੀ ਹਿੱਤਾਂ ਦੀ ਰਾਖੀ ਲਈ ਉਲੀਕਿਆ ਗਿਆ ਸੀ ਪਰੰਤੂ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਦੁਆਰਾ ਇਸ ਵਿਚ ਕੀਤੀ ਸਹਿਭਾਗਤਾ ਨੇ ਇਸ ਦਾ ਘੇਰਾ ਹੋਰ ਵੀ ਵਿਸ਼ਾਲ ਕਰ ਦਿੱਤਾ ਤੇ ਇਸ ਨੂੰ ਇਕ ਲੋਕ ਲਹਿਰ ਦਾ ਰੂਪ ਪ੍ਰਧਾਨ ਕਰ ਦਿੱਤਾ, ਜਿਸ ਨਾਲ ਇਕ ਨਿਵੇਕਲਾ ਸਭਿਆਚਾਰ ਹੋਂਦ ਵਿਚ ਆਇਆ। ਸੰਘਰਸ਼ ਵਿਚ ਰੁੱਝੇ ਕਿਸਾਨਾਂ ਦੀ ਫਸਲਾਂ ਦੀ ਦੇਖ ਰੇਖ ਪਿੱਛੇ ਰਹਿ ਗਏ ਕਿਸਾਨਾਂ ਦੁਆਰਾ ਕੀਤੀ ਗਈ। ਆਪਸੀ ਭਾਈਚਾਰੇ ਤੇ ਇਤਫਾਕ ਨਾਲ ਸਮਾਂ ਨਿਸ਼ਚਿਤ ਕੀਤਾ ਗਿਆ ਕਿ ਕਿਵੇਂ ਵਾਰੋ-ਵਾਰੀ ਧਰਨੇ ਤੋਂ ਪਿੱਛੇ ਘਰਾਂ ਨੂੰ ਜਾਇਆ ਜਾਵੇ ਤਾਂ ਜੋ ਅੰਦੋਲਨ ਵਿਚ ਕਿਸਾਨਾਂ ਦੀ ਕਮੀ ਵੀ ਮਹਿਸੂਸ ਨਾ ਹੋਵੇ। ਇਸ ਅੰਦੋਲਨ ਰਾਹੀਂ ਪੰਜਾਬ ਨੂੰ ਉਸ ਦਾ

ਖੁਸਿਆ ਹੋਇਆ ਸਬਰ-ਸੰਤੋਖ ਵਾਪਿਸ ਮਿਲਿਆ ਹੈ। ਇਹ ਉਹ ਸਬਰ-ਸੰਤੋਖ ਸੀ ਜਿਸ ਨੂੰ ਸਮੇਂ, ਹਾਕਮ ਤੇ ਗੰਦੀ ਸਿਆਸਤ ਨੇ ਉਸ ਕੋਲੋਂ ਖੋਹ ਲਿਆ ਸੀ। ਸੋ ਇਹ ਕਿਸਾਨ ਅੰਦੋਲਨ ਚਰਚਾ ਤੇ ਦੋ-ਪੱਖੀ ਗੱਲਬਾਤ ਦਾ ਇਕ ਉੱਤਮ ਨਮੂਨਾ ਬਣਿਆ ਜਿਸ ਵਿਚ ਕਿਸਾਨ ਬੱਝਵੇਂ ਤੇ ਸੰਗਠਿਤ ਤਰੀਕੇ ਨਾਲ ਮੌਜੂਦਾ ਰਾਜਨੀਤੀ ਨਾਲ ਬਰਾਬਰ ਦੀ ਟੱਕਰ ਲੈਂਦੇ ਦਿਖਾਈ ਦਿੱਤੇ।

ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਨੂੰ ਸਭਿਆਚਾਰਕ ਪਰਿਪੇਖ ਤੋਂ ਉਲੀਕਦਿਆਂ ਸਭਿਆਚਾਰ ਨਾਲ ਜੁੜੇ ਅਨੇਕਾਂ ਪਹਿਲੂਆਂ ਨੂੰ ਘੋਖਿਆ ਗਿਆ ਹੈ। ਸਭਿਆਚਾਰਕ ਤੌਰ ਤੇ ਆਈਆਂ ਤਬਦੀਲੀਆਂ, ਇਨ੍ਹਾਂ ਤਬਦੀਲੀਆਂ ਦਾ ਪਿਛੋਕੜ, ਕਾਰਨ ਅਤੇ ਇਸ ਦਾ ਕਿਸਾਨੀ ਉੱਪਰ ਪੈ ਰਹੇ ਪ੍ਰਭਾਵ ਨੂੰ ਪੰਜਾਬੀ ਕਵਿਤਾ ਵਿਚ ਬਹੁਤ ਸੰਜੀਦਗੀ ਨਾਲ ਪੰਜਾਬੀ ਕਵੀਆਂ ਨੇ ਚਿਤਰਿਆ ਹੈ। ਕਿਸਾਨੀ ਦਸ਼ਾ ਦੇ ਪਿਛੋਕੜ ਦੀ ਗੱਲ ਕਰਦਿਆਂ ਪੰਜਾਬ ਦੀ ਕਿਸਾਨੀ ਨੂੰ ਇਕ ਜੀਵਨ ਸ਼ੈਲੀ ਤੇ ਸਭਿਆਚਾਰਕ ਚਿੰਨ੍ਹ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਤੇ ਨਾਲ ਹੀ ਆਧੁਨਿਕ ਸਮੇਂ ਵਿਚ ਇਸ ਜੀਵਨ ਸ਼ੈਲੀ ਤੇ ਸਭਿਆਚਾਰ ਵਿਚ ਆਈਆਂ ਤਬਦੀਲੀਆਂ ਕਾਰਨ ਇਸ ਦੀ ਹੋਂਦ ਦੇ ਖਤਰੇ ਨੂੰ ਕਿਸਾਨੀ ਸੰਕਟ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਵਿਤਾ ਦਾ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਸਹਿਜੇ ਹੀ ਸਾਹਮਣੇ ਆਉਂਦਾ ਹੈ ਕਿ ਵਿਸ਼ਵ ਸਭਿਆਚਾਰ ਦੇ ਪ੍ਰਭਾਵ ਅਧੀਨ ਵਿਕਾਸਸ਼ੀਲ ਤੇ ਪੱਛੜੇ ਦੇਸ਼ ਦੇ ਬਸ਼ਿੰਦਿਆਂ ਦੁਆਰਾ ਪਦਾਰਥਵਾਦੀ ਦੌੜ ਵਿਚ ਸ਼ਾਮਿਲ ਹੋਣ ਨਾਲ ਕਿਸਾਨੀ ਸੰਕਟ ਪੈਦਾ ਹੋਇਆ ਹੈ। ਇਸ ਪਦਾਰਥਵਾਦ ਦੀ ਦੌੜ ਨਾਲ ਜੋ ਦਿਖਾਵੇ ਦਾ ਜੀਵਨ, ਖਾਣ-ਪੀਣ ਵਿਚ ਆਏ ਬਦਲਾਅ, ਪਹਿਰਾਵੇ ਵਿਚ ਬਦਲਾਅ, ਰਸਮਾਂ-ਰਿਵਾਜਾਂ ਦੇ ਬਦਲਦੇ ਰੂਪ, ਰਸਮਾਂ-ਰਿਵਾਜਾਂ ਨੂੰ ਨਿਭਾਉਣ ਸਮੇਂ ਕੀਤੀ ਜਾਂਦੀ ਪੈਸੇ ਦੀ ਦੁਰਵਰਤੋਂ, ਫਜ਼ੂਲ ਖਰਚ, ਗੰਨ ਕਲਚਰ, ਗੀਤਾਂ ਵਿਚ ਕਿਸਾਨਾਂ (ਜੱਟ) ਦੇ ਗਲਤ ਅਕਸ ਦੀ ਪੇਸ਼ਕਾਰੀ ਆਦਿ ਨੇ ਸਭਿਆਚਾਰ ਨੂੰ ਵੀ ਖੋਰਾ ਲਾਇਆ ਹੈ ਤੇ ਪੰਜਾਬ ਦੇ ਕਿਸਾਨ ਨੂੰ ਵੀ ਮੁਸ਼ਕਿਲ ਹਾਲਾਤਾਂ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ।

ਆਧੁਨਿਕੀਕਰਨ ਦੇ ਨਾਂ ਤੇ ਜਰੂਰਤ ਤੋਂ ਵੱਧ ਮਸ਼ੀਨਰੀ ਦੀ ਵਰਤੋਂ, ਮਹਿੰਗੀਆਂ ਵੱਡੀਆਂ ਗੱਡੀਆਂ ਤੇ ਦੋ ਪਹੀਆ ਵਾਹਨਾਂ ਦੇ ਸ਼ੌਂਕ, ਨੇ ਜਿੱਥੇ ਕਿਸਾਨ ਨੂੰ ਕਰਜ਼ੇ ਦੇ ਭਾਰ ਹੇਠ ਦੇ ਦਿੱਤਾ ਜਿਸ ਨਾਲ ਪੰਜਾਬ ਦੇ ਸਭਿਆਚਾਰ ਨੂੰ ਤਾਂ ਢਾਅ ਲਾਈ ਹੀ ਹੈ ਸਗੋਂ ਆਰਥਿਕ ਪੱਖੋਂ ਪੰਜਾਬ ਦੀ ਅਰਥ ਵਿਵਸਥਾ ਨੂੰ ਵੀ ਖੋਖਲਾ ਕੀਤਾ ਹੈ। ਇਸ ਸਭ ਦੇ ਫਲਸਰੂਪ ਕਿਸਾਨੀ ਸੰਕਟ ਹੋਰ ਵੀ ਗਹਿਰਾਇਆ ਹੈ ਤੇ ਕਰਜਾਊ ਕਿਸਾਨ ਖੁਦਕੁਸ਼ੀਆਂ ਦੇ ਰਾਹ ਵੱਲ ਤੁਰ ਪੈਂਦਾ ਹੈ। ਸਮਕਾਲੀ ਪੰਜਾਬੀ ਕਵਿਤਾ ਇਸ ਸੰਕਟਮਈ ਸਥਿਤੀ ਦੀ ਪੁਸ਼ਟੀ ਬਾਖ਼ੂਬੀ ਕਰਦੀ ਹੈ। ਸਮੇਂ-ਸਮੇਂ ਤੇ ਅਜਿਹੀ ਸੰਕਟਕਾਲੀਨ ਸਥਿਤੀਆਂ ਵਿਚ ਪੰਜਾਬ ਦੇ ਕਿਸਾਨਾਂ ਦੁਆਰਾ ਇਨ੍ਹਾਂ ਕਿਸਾਨ ਸੰਕਟਾਂ ਦੇ ਪ੍ਰਤੀਕਰਮ ਵਿਚ ਅਨੇਕਾਂ ਵਾਰ ਆਵਾਜ਼ ਬੁਲੰਦ ਕੀਤੀ ਹੈ। ਕਿਸਾਨਾਂ ਦੇ ਇਨ੍ਹਾਂ ਪ੍ਰਤੀਕਰਮਾਂ ਨੂੰ ਕਿਸਾਨ ਅੰਦੋਲਨ ਦਾ ਨਾਮ ਦਿੱਤਾ ਜਾਂਦਾ ਹੈ।

ਆਜ਼ਾਦੀ ਤੋਂ ਪਹਿਲਾਂ ਤੋਂ ਲੈ ਕੇ ਹੁਣ ਤੱਕ ਅਨੇਕਾਂ ਵਾਰ ਕਿਸਾਨਾਂ ਵੱਲੋਂ ਅਜਿਹੇ ਅੰਦੋਲਨ ਕੀਤੇ ਗਏ ਹਨ ਜਿਸ ਕਾਰਨ ਇਹ ਪੰਜਾਬ ਤੇ ਪੰਜਾਬ ਦੀ ਕਿਸਾਨੀ ਵਿਚ ਇਕ ਸਭਿਆਚਾਰਕ ਚਿੰਨ੍ਹ ਦੇ ਰੂਪ ਵਿਚ ਮੌਜੂਦ ਹਨ। ਇਨ੍ਹਾਂ ਅੰਦੋਲਨਾਂ ਵਿਚ ਕਿਸਾਨ ਸਰਕਾਰ ਕੋਲੋਂ ਆਪਣੀਆਂ ਮੰਗਾਂ ਨੂੰ ਮਨਾਉਣ ਲਈ ਕਈ ਤਰ੍ਹਾਂ ਦੇ ਧਰਨੇ, ਪ੍ਰਦਰਸ਼ਨ ਕਰਦੇ ਹਨ। ਇਸ ਦੌਰਾਨ ਸਮੂਹਿਕ ਤੌਰ ਤੇ ਕਿਸਾਨਾਂ ਦੁਆਰਾ ਆਪਣੀਆਂ ਮੰਗਾਂ ਨੂੰ ਆਪਣੀਆਂ ਜੱਥੇਬੰਦੀਆਂ ਜਾ ਨੁਮਾਇੰਦਿਆ ਰਾਹੀਂ ਸਰਕਾਰ ਤੱਕ ਪਹੁੰਚਿਆ ਜਾਂਦਾ ਹੈ। ਪੰਜਾਬੀ ਕਵਿਤਾ ਵਿਚ ਸਮਕਾਲੀ ਕਿਸਾਨ ਅੰਦੋਲਨ ਨੂੰ ਚਿਤਰਦਿਆਂ ਪੰਜਾਬੀ ਕਵੀਆਂ ਨੇ ਇਨ੍ਹਾਂ ਅੰਦੋਲਨਾਂ ਨੂੰ ਪੰਜਾਬੀ ਸਭਿਆਚਾਰ ਦਾ ਅਟੁੱਟ ਅੰਗ ਮੰਨਿਆ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਜਿੱਥੇ ਸੰਕਟਗ੍ਰਸਤ ਕਿਸਾਨੀ ਤੇ ਸਭਿਆਚਾਰ ਦੀ ਗੱਲ ਕੀਤੀ ਗਈ ਹੈ ਉੱਥੇ ਹੀ ਇਨ੍ਹਾਂ ਕਿਸਾਨ ਅੰਦੋਲਨਾਂ ਦੌਰਾਨ ਉਪਜੀ ਸਭਿਆਚਾਰਕ ਚੇਤਨਾ ਨੂੰ ਵੀ ਵਡਿਆਇਆ ਗਿਆ ਹੈ। ਕਵੀਆਂ ਦੁਆਰਾ ਇਸ ਅੰਦੋਲਨ ਵਿਚਲਾ ਅਨੁਸ਼ਾਸਨ, ਸਰਕਾਰ ਦੀਆਂ ਚਾਲਾਂ ਦੇ ਕਿਸਾਨਾਂ ਦੁਆਰਾ ਦਿੱਤੇ ਜਵਾਬਾਂ ਨੂੰ ਬੜੀ ਸੂਖਮਤਾ ਤੇ ਭਾਵਪੂਰਤ ਤਰੀਕਿਆਂ ਨਾਲ ਪੇਸ਼ ਕੀਤਾ ਗਿਆ ਹੈ। ਕਿਸਾਨੀ ਸੰਕਟ ਦੇ ਸਭਿਆਚਾਰਕ ਪਹਿਲੂਆਂ ਦੀ ਨਿਸ਼ਾਨਦੇਹੀ ਕਰਦਾ ਹੋਇਆ, ਆਰਥਿਕ ਮੰਗਾਂ ਤੋਂ ਆਰੰਭ ਹੋਇਆ ਇਹ

ਅੰਦੋਲਨ ਨਵੀਆਂ ਪੈੜਾਂ ਪਾ ਗਿਆ ਤੇ ਸਭਿਆਚਾਰਕ ਜਾਗ੍ਰਿਤੀ, ਸਭਿਆਚਾਰਕ ਸਾਂਝ ਤੇ ਹੋਰ ਅਨੇਕਾਂ ਰਸਤਿਆਂ ਤੋਂ ਗੁਜ਼ਰਦਾ ਹੋਇਆ ਭਾਰਤੀ ਲੋਕਤੰਤਰ ਨੂੰ ਨਵੇਂ ਸਬਕ ਸਿਖਾ ਗਿਆ।

ਸੋ ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਵਿਚ ਸੰਕਟਗ੍ਰਸਤ ਹੋਈ ਕਿਸਾਨੀ ਦੇ ਮੂਲ ਕਾਰਨਾਂ ਵਿਚ ਸਮਾਜਿਕ ਕਾਰਨ ਬਹੁਤ ਅਹਿਮ ਹਨ। ਵਿਸ਼ਵੀਕਰਨ ਦੇ ਨਾਂ ਤੇ ਵੱਖ-ਵੱਖ ਰਾਸ਼ਟਰਾਂ ਦੇ ਘਰੇਲੂ ਸਭਿਆਚਾਰ, ਉਨਾਂ ਦੇ ਰਸਮ ਰਿਵਾਜਾਂ ਵਿਚ ਆ ਰਹੇ ਬਦਲਾਅ ਕੋਈ ਆਮ ਵਰਤਾਰਾ ਨਾ ਹੋ ਕਿ ਸਮੁੱਚੇ ਵਿਸ਼ਵ ਨੂੰ ਇਕ ਹੀ ਸਭਿਆਚਾਰ ਜਾਂ ਪੱਛਮੀ ਸਭਿਆਚਾਰ ਦੀ ਰੰਗਤ ਦੇਣ ਦੀ ਕੋਸ਼ਿਸ਼ ਹੈ। ਮਸ਼ੀਨੀਕਰਨ, ਤਕਨੀਕਾਂ ਆਦਿ ਦਾ ਵਿਕਾਸ ਇਸੇ ਦਾ ਹਿੱਸਾ ਹੈ ਜਿਸ ਦਾ ਮਕਸਦ ਕਿਤੇ ਨਾ ਕਿਤੇ ਪੂੰਜੀਵਾਦੀ ਦੇਸ਼ਾਂ ਜਾਂ ਵਿਸ਼ਵ ਦੀਆਂ ਪੂੰਜੀਵਾਦੀ ਤਾਕਤਾਂ ਨੂੰ ਮੁਨਾਫ਼ਾ ਦੇ ਕੇ ਹੋਰ ਮੁਲਕਾਂ ਨੂੰ ਇਕ ਮੰਡੀ ਦੇ ਰੂਪ ਵਿਚ ਉਨ੍ਹਾਂ ਤਾਕਤਾਂ ਅੱਗੇ ਪੇਸ਼ ਕਰਨਾ ਹੈ। ਇਸ ਤਕਨੀਕੀ ਦੇ ਵਿਕਾਸ ਨੇ ਸਮਾਂ ਤੇ ਕਾਰਜ ਕੁਸ਼ਲਤਾ ਨੂੰ ਤਾਂ ਵਧਾਇਆ ਹੈ ਪਰੰਤੂ ਸਭਿਆਚਾਰਕ ਸਾਂਝਾਂ ਨੂੰ ਖਤਮ ਕਰ ਦਿੱਤਾ ਹੈ। ਇੱਥੇ ਇਹ ਗੱਲ ਫਿਰ ਸਪੱਸ਼ਟ ਕੀਤੀ ਜਾਂਦੀ ਹੈ ਕਿ ਚੰਗੇ ਜੀਵਨ ਪੱਧਰ ਲਈ ਅਜਿਹੇ ਵਿਕਾਸ ਕਾਰਜਾਂ ਨੂੰ ਖ਼ੁਸ਼ਆਮਦੀਦ ਕਿਹਾ ਜਾਣਾ ਚਾਹੀਦਾ ਹੈ ਪਰੰਤੂ ਜ਼ਰੂਰਤ ਤੋਂ ਜਿਆਦਾ ਮਸ਼ੀਨਰੀ ਨੇ ਲੋਕਾਂ ਵਿਸ਼ੇਸ਼ਕਰ ਕਿਸਾਨਾਂ ਨੂੰ ਹੱਥੀਂ ਕਿਰਤ ਤੋਂ ਦੂਰ ਤਾਂ ਕੀਤਾ ਹੀ ਹੈ ਸਗੋਂ ਕਰਜ਼ਿਆਂ ਹੇਠ ਦੇ ਕੇ ਆਰਥਿਕ ਰੂਪ ਵਿਚ ਵੀ ਕਮਜ਼ੋਰ ਕੀਤਾ ਹੈ।

ਸਭਿਆਚਾਰਕ ਸਾਂਝ ਦੀ ਇਕ ਵੱਡੀ ਉਦਾਹਰਣ ਜੱਟ ਤੇ ਸੀਰੀ ਦੇ ਰਿਸ਼ਤੇ ਦੇ ਰੂਪ ਵਿਚ ਦੇਖੀ ਜਾਂਦੀ ਸੀ ਜਿਸ ਦੀ ਅੱਜ-ਕੱਲ੍ਹ ਕਮੀ ਹੀ ਦਿਖਾਈ ਦਿੰਦੀ ਹੈ। ਜਿਸ ਦਾ ਇਕ ਹੋਰ ਪੱਖ ਦਿਨ ਪ੍ਰਤੀ ਦਿਨ ਵੱਧ ਰਹੀ ਬੇਰੁਜ਼ਗਾਰੀ ਵੀ ਹੈ। ਕਰਜ਼ਿਆਂ ਉੱਪਰ ਲਈ ਗਈ ਮਸ਼ੀਨਰੀ ਦਾ ਕਰਜ਼ ਵਾਪਿਸ ਨਾ ਮੋੜ ਸਕਣ ਦੀ ਗੱਲ ਵੀ ਸਮਕਾਲੀ ਪੰਜਾਬੀ ਕਵੀਆਂ ਨੇ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਬਾਖੂਬੀ ਬਿਆਨ ਕੀਤਾ ਹੈ। ਬੈਂਕ ਦੀਆਂ ਰਿਕਵਰੀਆਂ ਤੇ ਹੋਰ ਅਜਿਹੇ ਝਮੇਲੇ ਤੇ ਕਿਸਾਨ ਖ਼ੁਦਕਸ਼ੀਆਂ ਪੂਰੀ ਤਰ੍ਹਾਂ ਨਾਲ ਇਕ ਦੂਜੇ ਨਾਲ ਜੁੜੀਆਂ ਹੋਈਆਂ ਗੱਲਾਂ ਹਨ। ਇਸੇ ਹੀ ਤਰ੍ਹਾਂ ਕਿਸਾਨਾਂ ਦੇ ਰਹਿਣ-

ਸਹਿਣ ਵਿਚ ਆਈਆਂ ਤਬਦੀਲੀਆਂ ਜਿਵੇਂ ਮਹਿੰਗੀਆਂ ਗੱਡੀਆਂ, ਮਹਿੰਗੇ ਮੋਬਾਇਲ, ਕੱਪੜੇ ਆਦਿ ਦੇ ਰੁਝਾਨਾਂ ਨੇ ਵੀ ਸਭਿਆਚਾਰਕ ਤੌਰ ਤੇ ਕਿਸਾਨੀ ਲਈ ਸੰਕਟ ਖੜ੍ਹਾ ਕੀਤਾ ਹੈ ਤੇ ਕਿਸਾਨ ਇਸ ਛਿਨ-ਪੰਗਰੀ ਸਭਿਆਚਾਰ ਦੇ ਜਾਲ ਵਿਚ ਫਸਦਾ ਜਾ ਰਿਹਾ ਹੈ। ਇਨ੍ਹਾਂ ਹੀ ਨਹੀਂ ਖੁਸ਼ੀ ਗਮੀ ਦੇ ਮੌਕਿਆਂ ਤੇ ਕੀਤੇ ਜਾਣ ਵਾਲੇ ਬੇਲੋੜੇ ਖਰਚਿਆਂ ਨੇ ਜੀਵਨ ਸੰਤੁਲਨ ਨੂੰ ਬੁਰੀ ਤਰ੍ਹਾਂ ਵਿਗਾੜ ਦਿੱਤਾ। ਵਿਸ਼ੇਸ਼ਕਰ ਵਿਆਹ ਸਮਾਗਮਾਂ ਉੱਪਰ ਕੀਤੇ ਜਾਣ ਵਾਲੇ ਖਰਚਿਆਂ ਨੇ ਕਿਸਾਨੀ ਸੰਕਟ ਨੂੰ ਹੋਰ ਵੀ ਗੰਭੀਰ ਕਰ ਦਿੱਤਾ। ਜੀਵਨ ਭਰ ਦੀ ਕਮਾਈ ਖਰਚ ਦੇਣਾ ਤਾਂ ਇਕ ਆਮ ਗੱਲ ਹੈ ਸਗੋਂ ਕਰਜ਼ਾ ਚੁੱਕ ਕੇ ਵਿਆਹਾਂ ਉੱਪਰ ਵੱਡੇ-ਵੱਡੇ ਕਲਾਕਾਰਾਂ ਨੂੰ ਮੰਗਵਾਉਣਾ ਤੇ ਭਾਂਤ-ਭਾਂਤ ਦੇ ਖਾਣਿਆਂ ਉੱਪਰ ਇਕ ਹੀ ਦਿਨ ਵਿਚ ਕਈ-ਕਈ ਲੱਖ ਰੁਪਏ ਉਡਾ ਦੇਣਾ ਹੁਣ ਆਮ ਗੱਲ ਹੋ ਗਈ ਹੈ। ਸੋ ਸਭਿਆਚਾਰਕ ਰਹੁ-ਰੀਤਾਂ ਦੇ ਅਤਿ ਖਰਚੀਲੇ ਹੋ ਜਾਣ ਨਾਲ ਵੱਡੇ ਪੱਧਰ ਤੇ ਕਿਸਾਨੀ ਸੰਕਟ ਖੜ੍ਹਾ ਹੋ ਗਿਆ ਹੈ।

## 3. ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜਿਕ ਸਰੋਕਾਰ

ਖੋਜ ਕਾਰਜ ਦੇ ਦੂਜੇ ਅਧਿਆਇ ਵਿਚ ਕਿਸਾਨੀ ਸੰਕਟ ਦੇ ਸਭਿਆਚਾਰਕ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਤੇ ਇਨ੍ਹਾਂ ਸਭਿਆਚਾਰਕ ਕਾਰਨਾਂ ਦੀ ਪੜਚੋਲ ਕਰਦਿਆਂ ਇਸ ਸਮੇਂ ਦੇ ਤਤਕਾਲੀਨ ਮਸਲੇ ਕਿਸਾਨ ਅੰਦੋਲਨ ਦੇ ਸਭਿਆਚਾਰਕ ਪਹਿਲੂਆਂ ਨੂੰ ਵੀ ਘੋਖਿਆ ਗਿਆ। ਖੋਜ ਪ੍ਰਬੰਧ ਦੇ ਇਸ ਤੀਜੇ ਅਧਿਆਇ ਵਿਚ ਕਿਸਾਨੀ ਸੰਕਟ ਦੇ ਸਮਾਜਿਕ ਸਰੋਕਾਰਾਂ ਨਾਲ ਸੰਬੰਧਿਤ ਅਧਿਐਨ ਕਰਾਂਗੇ। ਸਮਾਜਿਕ ਸਰੋਕਾਰਾਂ ਦੀ ਪ੍ਰਯੋਗਸ਼ਾਲਾ ਸਮਾਜ ਹੈ। ਇਸ ਲਈ ਇਸ ਅਧਿਐਨ ਦੌਰਾਨ ਸਮਾਜ ਨੂੰ ਕੇਂਦਰ ਵਿਚ ਰੱਖਿਆ ਜਾਵੇਗਾ। ਸਮਾਜ ਇਕ ਵਿਆਪਕ ਵਰਤਾਰਾ ਹੈ ਜਿਸ ਅੰਦਰ ਮਨੁੱਖੀ ਜੀਵਨ ਦੇ ਹੋਰ ਪੱਖ ਜਾਂ ਤਾਂ ਪੂਰੀ ਤਰਾਂ ਨਾਲ ਸਮਾ ਸਕਦੇ ਹਨ ਜਾਂ ਸਮਾਜ ਨਾਲ ਉਨ੍ਹਾਂ ਦੀ ਅੰਤਰ-ਨਿਰਭਰਤਾ ਬਹੁਤ ਜ਼ਰੂਰੀ ਹੁੰਦੀ ਹੈ। ਸਮਾਜ ਬਾਰੇ ਅਤੇ ਇਸ ਦੇ ਸ਼ਾਬਦਿਕ ਅਰਥਾਂ ਬਾਰੇ ਪਹਿਲੇ ਅਧਿਆਇ ਸਿਧਾਂਤਕ ਪਰਿਪੇਖ ਵਿਚ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਸਮਾਜ ਵਿਚ ਕਈ ਅਜਿਹੇ ਚਲੰਤ ਮਸਲੇ ਹਨ ਜਿਨ੍ਹਾਂ ਕਾਰਨ ਸਮਾਜ ਦੀ ਬਣਤਰ ਉੱਥੇ ਦੇ ਰੀਤੀ-ਰਿਵਾਜ, ਉੱਥੋਂ ਦੇ ਖਾਣ-ਪੀਣ, ਕਿੱਤਿਆ ਆਦਿ ਤੇ ਪ੍ਰਭਾਵ ਪੈਂਦਾ ਹੈ। ਪੰਜਾਬ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਪੰਜਾਬ ਦੀ ਬਹੁਗਿਣਤੀ ਕਿਸਾਨੀ ਨਾਲ ਸੰਬੰਧਿਤ ਹੈ। ਇਸ ਲਈ ਕਿਸਾਨੀ ਦਾ ਪੰਜਾਬੀ ਸਮਾਜ ਦੇ ਵੱਖ-ਵੱਖ ਸਰੋਕਾਰਾਂ ਨਾਲ ਸਿੱਧਾ ਸੰਬੰਧ ਹੈ।

ਸਮਾਜਿਕ ਜੀਵਨ ਦੇ ਭਿੰਨ-ਭਿੰਨ ਪੱਖਾਂ ਨੂੰ ਸਮਝਣ ਲਈ ਸਮਾਜ ਦੇ ਸਰੂਪ ਦਾ ਅਧਿਐਨ ਬਹੁਤ ਜ਼ਰੂਰੀ ਹੈ, ਸਮਾਜ ਅਤੇ ਮਨੁੱਖ ਇਕ ਦੂਜੇ ਨਾਲ ਦਵੱਲੇ ਸੰਬੰਧਾਂ ਵਿਚ ਬੱਝੇ ਹੋਏ ਹਨ। ਜਿਸ ਬਾਰੇ ਪਹਿਲੇ ਅਧਿਆਇ ਵਿਚ ਸਮਾਜ ਅਤੇ ਸਭਿਆਚਾਰ ਨੂੰ ਸਿਧਾਂਤਕ ਪੱਖਾਂ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਦੋਨਾਂ ਦੀ ਹੋਂਦ ਇਕ-ਦੂਜੇ ਉੱਪਰ ਨਿਰਭਰ ਕਰਦੀ ਹੈ। ਜਿੱਥੇ ਮਨੁੱਖਾਂ ਦੁਆਰਾ ਮਿਲ ਕੇ ਸਮਾਜ ਦਾ ਨਿਰਮਾਣ ਕੀਤਾ ਜਾਂਦਾ ਉੱਥੇ ਹੀ ਸਮਾਜ ਵਿਚ ਰਹਿ ਕਿ ਹੀ ਵਿਅਕਤੀ ਅੰਦਰ ਮਨੁੱਖਤਾ ਵਾਲੇ ਗੁਣ ਪੈਦਾ ਹੁੰਦੇ ਹਨ। ਅਸਲ ਵਿਚ ਸਮਾਜ ਮਨੁੱਖੀ ਰਿਸ਼ਤਿਆਂ ਦੀ ਪ੍ਰਯੋਗਸ਼ਾਲਾ ਹੈ। ਇਹ ਰਿਸ਼ਤੇ ਕੇਵਲ ਖ਼ੂਨ ਦੇ ਰਿਸ਼ਤਿਆਂ ਤੱਕ ਸੀਮਿਤ ਨਹੀਂ

ਸਗੋਂ ਸਮਾਜ ਵਿਚਲੀਆਂ ਉਨ੍ਹਾਂ ਸਾਰੀਆਂ ਸਾਂਝਾ ਦੇ ਰੂਪ ਵਿਚ ਸਾਹਮਣੇ ਹਨ ਜਿਨ੍ਹਾਂ ਕਾਰਨ ਸਮਾਜ ਵਿਚਲੇ ਲੋਕ ਇਕ ਦੂਜੇ ਉੱਪਰ ਨਿਰਭਰ ਕਰਦੇ ਹਨ।

ਪੁਰਾਤਨ ਭਾਰਤੀ ਸਮਾਜ ਆਤਮ ਨਿਰਭਰ ਸਮਾਜ ਸੀ ਜੋ ਆਪਣੀਆਂ ਲੋੜਾਂ ਦੀ ਪੂਰਤੀ ਵਸਤਾਂ ਦੇ ਰੂਪ ਵਿਚ ਕਰਦਾ ਸੀ। ਜੁਲਾਹਾ ਕੱਪੜਾ ਤਿਆਰ ਕਰਦਾ, ਦਰਜ਼ੀ ਸਾਰੇ ਪਿੰਡ ਲਈ ਕੱਪੜੇ ਸਿਉਂਦਾ, ਮੋਚੀ ਸਭ ਲਈ ਜੁੱਤੀਆਂ ਬਣਾਉਂਦਾ, ਕਿਸਾਨ ਸਭ ਲਈ ਅਨਾਜ ਪੈਦਾ ਕਰਦਾ, ਲੁਹਾਰ ਤੇ ਤਰਖਾਣ ਖੇਤੀ ਦੇ ਔਜਾਰ, ਮੰਝੇ, ਪੀੜੀਆਂ ਆਦਿ ਬਣਾਉਂਦੇ ਹਨ। ਇਸ ਤਰ੍ਹਾਂ ਇਕ-ਦੂਜੇ ਨਾਲ ਆਪਣੇ ਉਤਪਾਦਿਤ ਪਦਾਰਥਾਂ ਦਾ ਲੈਣ-ਦੇਣ ਕਰਦੇ ਜਾਂ ਆਪਣੀ ਕਿਰਤ ਦੇ ਬਦਲੇ ਇਕ ਦੂਜੇ ਦੀਆਂ ਜਰਕ ਕਿਸਾਨ, ਨਾਈ, ਲੁਹਾਰ, ਤਰਖਾਣ ਆਦਿ ਇਕ-ਦੂਜੇ ਨਾਲ ਭਾਵਨਾਤਮਕ ਰੂਪ ਵਿਚ ਬੱਝੇ ਹੋਏ ਸਨ। ਪੁਰਾਤਨ ਸਮੇਂ ਤੋਂ ਭਾਰਤੀ ਸਮਾਜ ਦੀ ਬਣਤਰ ਦਾ ਮੁੱਖ ਆਧਾਰ ਕਿੱਤਾ ਰਿਹਾ ਹੈ। ਕਿੱਤੇ ਦੇ ਆਧਾਰ ਤੇ ਹੀ ਇੱਥੋਂ ਦੇ ਸਮਾਜ ਵਿਚਲੀ ਜਾਤੀ-ਜਮਾਤੀ ਵੰਡ ਨਿਰਭਰ ਕਰਦੀ ਸੀ। ਸਮਕਾਲੀ ਪੰਜਾਬੀ ਕਵਿਤਾ ਵਿਚ ਜਿੱਥੇ ਕਿਸਾਨੀ ਨਾਲ ਸੰਬੰਧਿਤ ਮਸਲਿਆਂ ਦੀ ਗੱਲ ਹੋਈ ਹੈ ਉੱਥੇ ਹੀ ਕਿਸਾਨੀ ਸਮਾਜ ਵਿਚਲੀਆਂ ਕਈ ਸਮਾਜਿਕ ਸਮੱਸਿਆਵਾਂ ਤੇ ਸਮਾਜਿਕ ਸਰੋਕਾਰਾਂ ਨੂੰ ਵੀ ਪੜਚੋਲਿਆ ਗਿਆ ਹੈ। ਜੇਕਰ ਭਾਰਤੀ ਸਮਾਜ ਦੀ ਗੱਲ ਕਰੀਏ ਤਾਂ ਭਾਰਤੀ ਸਮਾਜ ਪੇਂਡੂ ਸੱਭਿਅਤਾ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਇਸੇ ਤਰਾਂ ਜੇਕਰ ਪੰਜਾਬੀ ਸਮਾਜ ਨੂੰ ਦੇਖਣਾ ਹੋਵੇ ਤਾ ਪਿੰਡਾਂ ਦੇ ਸਮਾਜ ਵਿਚੋਂ ਉਸ ਦੀ ਝਲਕ ਸਹਿਜੇ ਹੀ ਦੇਖੀ ਜਾ ਸਕਦੀ। ਭਾਰਤ ਦੀ ਵਧੇਰੇ ਵਸੋਂ ਪਿੰਡਾਂ ਵਿਚ ਨਿਵਾਸ ਕਰਦੀ ਹੈ ਤੇ ਉਨ੍ਹਾਂ ਦਾ ਮੁੱਖ ਧੰਦਾ ਖੇਤੀ ਹੈ। ਸੋ ਇਸ ਕਾਰਨ ਭਾਰਤੀ ਜਾਂ ਪੰਜਾਬੀ ਸਮਾਜ ਨੂੰ ਕਿਸਾਨੀ ਸਮਾਜ ਦੇ ਰੂਪ ਵਜੋਂ ਦੇਖਿਆ ਜਾਂਦਾ ਹੈ।

ਕਿਸੇ ਵੀ ਸਮਾਜ ਦਾ ਚਿੱਤਰ ਉਸ ਦੇ ਸਾਹਿਤ ਵਿਚੋਂ ਦੇਖਿਆ ਜਾ ਸਕਦਾ ਹੈ। ਪੰਜਾਬੀ ਸਮਾਜ ਖੇਤੀ ਪ੍ਰਧਾਨ ਸਮਾਜ ਹੈ ਸੁਭਾਵਿਕ ਹੀ ਇਸ ਦਾ ਅਸਰ ਸਾਹਿਤ ਸਿਰਜਣਾ ਉੱਪਰ ਵੀ ਪਿਆ ਹੈ ਤੇ ਪੰਜਾਬੀ ਸਾਹਿਤ ਦੀ ਹਰੇਕ ਵਿਧਾ ਉੱਪਰ ਕਿਸਾਨੀ ਨਾਲ ਸੰਬੰਧਿਤ ਬਿੰਬ ਸਹਿਜੇ ਹੀ ਨਜਰੀ ਆਉਂਦੇ ਹਨ। ਪੰਜਾਬੀ ਸਮਾਜ ਵਿਚ ਅੱਜ ਦੇ ਸਮੇਂ ਵਿਚ ਕਈ ਮਸਲੇ ਬਹੁਤ ਹਾਵੀ ਹਨ ਜਿਨ੍ਹਾਂ ਵਿਚੋਂ ਧਾਰਮਿਕ ਮੁੱਦੇ, ਨਸ਼ਿਆਂ ਦਾ ਰੁਝਾਨ,

ਇਸਤਰੀਆਂ ਵਿਚ ਆਈ ਸਮਾਜਿਕ ਚੇਤਨਾ, ਵਿਦੇਸ਼ ਜਾਣ ਦਾ ਰੁਝਾਨ ਆਦਿ। ਇਨ੍ਹਾਂ ਮਸਲਿਆਂ ਦਾ ਜ਼ਿਕਰ ਸਾਹਿਤ ਰੂਪ ਕਵਿਤਾ ਵਿਚ ਵੀ ਬਾਖ਼ੂਬੀ ਹੋਇਆ ਹੈ ਜਿਸ ਬਾਰੇ ਇਸ ਅਧਿਆਇ ਵਿਚ ਵਿਚਾਰ-ਚਰਚਾ ਕੀਤੀ ਜਾਵੇਗੀ, ਤੇ ਇਹ ਜਾਣਨ ਦਾ ਯਤਨ ਕੀਤਾ ਜਾਵੇਗਾ ਕਿ ਕਿਸਾਨੀ ਦੀ ਦਿਨ ਪ੍ਰਤੀ ਦਿਨ ਮਾੜੀ ਹੋ ਰਹੀ ਹਾਲਤ ਵਿਚ ਇਨ੍ਹਾਂ ਸਮਾਜਿਕ ਪਹਿਲੂਆਂ ਦਾ ਕਿੰਨਾ ਕੁ ਯੋਗਦਾਨ ਹੈ। ਇਸ ਦੇ ਨਾਲ ਹੀ ਇਹ ਵੀ ਜਾਣਨ ਤੇ ਸਮਝਣ ਦਾ ਯਤਨ ਕੀਤਾ ਜਾਵੇਗਾ ਕਿ ਕਿਸਾਨੀ ਸੰਕਟ ਨਾਲ ਅਜਿਹੀਆਂ ਕਿਹੜੀਆਂ ਪ੍ਰਸਥਿਤੀਆਂ ਉਪਜੀਆਂ ਹਨ, ਜਿਨ੍ਹਾਂ ਨਾਲ ਸਮਾਜ ਵੱਡੇ ਪੱਧਰ ਤੇ ਪ੍ਰਭਾਵਿਤ ਹੋਇਆ ਹੈ।

ਇਨ੍ਹਾਂ ਸਮਾਜਕ ਪਹਿਲੂਆਂ ਵਿਚੋਂ ਇਕ ਨਸ਼ਾ ਹੈ। ਨਸ਼ਾ ਅੱਜ ਦੇ ਸਮਾਜ ਨੂੰ ਕੋਹੜ ਵਾਂਗ ਲੱਗਾ ਹੋਇਆ ਹੈ। ਵਿਸ਼ੇਸ਼ਕਰ ਨੌਜਵਾਨ ਪੀੜ੍ਹੀ ਇਸ ਦੀ ਜਕੜ ਵਿਚ ਬਹੁਤ ਬੁਰੀ ਤਰ੍ਹਾਂ ਫਸ ਚੁੱਕੀ ਹੈ। ਸਮਾਜ ਵਿਚ ਫੈਲੀ ਇਸ ਕੁਰੀਤੀ ਦਾ ਕਿਸਾਨ ਸਮਾਜ ਉੱਪਰ ਵੀ ਬਹੁਤ ਬੁਰੀ ਤਰਾਂ ਨਾਲ ਪ੍ਰਭਾਵ ਪਿਆ ਹੈ ਜਿਸ ਨੂੰ ਇਸ ਅਧਿਆਇ ਵਿਚ ਸਮਝਣ ਦਾ ਯਤਨ ਕੀਤਾ ਜਾਵੇਗਾ। ਅਜੋਕੇ ਸਮਾਜਿਕ ਤਾਣੇ-ਬਾਣੇ ਵਿਸ਼ੇਸ਼ਕਰ ਪੰਜਾਬੀ ਸਮਾਜ ਵਿਚ ਸਭ ਤੋਂ ਵੱਧ ਗਰਮਾਇਆ ਹੋਇਆ ਰੁਝਾਨ ਪਰਵਾਸ ਦਾ ਰੁਝਾਨ ਹੈ। ਭਾਵੇਂ ਵਿਦੇਸ਼ੀ ਧਰਤੀ ਉੱਪਰ ਜਾਣ ਦਾ ਵਰਤਾਰਾ ਕਾਫ਼ੀ ਪੁਰਾਣਾ ਹੈ ਪ੍ਰੰਤੂ ਅਜੋਕੇ ਦੌਰ ਵਿਚ ਇਸ ਰੁਝਾਨ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਜੋ ਕਿਤੇ ਨਾ ਕਿਤੇ ਇਕ ਗੰਭੀਰ ਸਮੱਸਿਆ ਦਾ ਰੂਪ ਧਾਰਨ ਕਰ ਰਿਹਾ ਹੈ। ਇਸ ਗੰਭੀਰ ਮਸਲੇ ਨੇ ਪੰਜਾਬੀ ਕਿਸਾਨੀ ਉੱਪਰ ਆਪਣਾ ਡੂੰਘਾ ਅਸਰ ਪਾਇਆ ਹੈ। ਜਿਸ ਬਾਰੇ ਇਸ ਅਧਿਆਇ ਵਿਚ ਅੱਗੇ ਵਿਸਥਾਰ ਨਾਲ ਚਰਚਾ ਕਰਾਂਗੇ। ਇਸੇ ਹੀ ਤਰ੍ਹਾਂ ਇਸਤਰੀਆਂ ਦੀ ਭੂਮਿਕਾ ਵਿਚ ਆਈ ਤਬਦੀਲੀ ਦਾ ਸਮਾਜ ਨੇ ਵੱਡਾ ਅਸਰ ਕਬੂਲਿਆ ਹੈ। ਔਰਤਾਂ ਦੁਆਰਾ ਜੀਵਨ ਦੇ ਹਰੇਕ ਖੇਤਰ ਵਿਚ ਕੀਤੀ ਤਰੱਕੀ ਨੇ ਮੁੱਢ ਤੋਂ ਚਲੇ ਆ ਰਹੇ ਮਰਦ ਪ੍ਰਧਾਨ ਸਮਾਜ ਨੂੰ ਆਤਮ-ਚਿੰਤਨ ਕਰਨ ਲਈ ਇਕ ਵਿਸ਼ਾ ਪ੍ਰਦਾਨ ਕੀਤਾ ਹੈ। ਇਸੇ ਹੀ ਤਰ੍ਹਾਂ ਆਦਿ ਕਾਲ ਤੋਂ ਧਰਮ ਮਨੁੱਖ ਦੀ ਆਸਥਾ ਦਾ ਕੇਂਦਰ ਤੇ ਮਨੁੱਖ ਦੀ ਟੇਕ ਦੇ ਰੂਪ ਵਿਚ ਪੇਸ਼ ਹੋਇਆ ਹੈ ਪਰੰਤੂ ਸਮੇਂ-ਸਮੇਂ ਤੇ ਧਰਮ ਅੰਦਰ ਕਈ ਕੁਰੀਤੀਆਂ

ਆਈਆਂ ਹਨ ਜਿਨ੍ਹਾਂ ਨੇ ਸਮਾਜ ਦੀ ਦਸ਼ਾ ਤੇ ਅਸਰ ਪਾਉਂਦਿਆ ਸਮਾਜ ਦੀ ਦਿਸ਼ਾ ਤੈਅ ਕੀਤੀ ਹੈ। ਇਸ ਲਈ ਧਾਰਮਿਕ ਸਰੋਕਾਰਾਂ ਦੀ ਸਮਾਜਿਕ ਤਾਣੇ-ਬਾਣੇ ਉੱਪਰ ਡੂੰਘੀ ਛਾਪ ਰਹਿੰਦੀ ਹੈ।

ਇਨ੍ਹਾਂ ਸਾਰੇ ਸਮਾਜਕ ਪੱਖਾਂ ਨੇ ਪੰਜਾਬ ਦੀ ਆਰਥਿਕਤਾ ਦੇ ਕੇਂਦਰ ਬਿੰਦੂ ਖੇਤੀ ਉੱਪਰ ਵੀ ਬਹੁਤ ਡੂੰਘਾ ਅਸਰ ਪਾਇਆ ਹੈ। ਇਸ ਅਧਿਆਇ ਵਿਚ ਅਸੀਂ ਕਿਸਾਨੀ ਸੰਕਟ ਲਈ ਜ਼ਿੰਮੇਵਾਰ ਉਹਨਾਂ ਸਾਰੇ ਸਮਾਜਿਕ ਤੱਥਾਂ ਦਾ ਵਿਸ਼ਲੇਸ਼ਣ ਕਰਾਂਗੇ। ਸਮਕਾਲੀ ਪੰਜਾਬੀ ਕਵੀਆਂ ਦੁਆਰਾ ਕਿਸ ਪ੍ਰਕਾਰ ਇਨ੍ਹਾਂ ਸਮਾਜਿਕ ਕਾਰਨਾਂ ਨੂੰ ਪਛਾਣਿਆ ਤੇ ਪ੍ਰਗਟਾਇਆ ਗਿਆ ਹੈ ਤੇ ਧਰਾਤਲ ਉੱਪਰ ਇਸ ਦੀ ਕਿਹੋ ਜਿਹੀ ਸਥਿਤੀ ਹੈ, ਇਸ ਬਾਰੇ ਇਸ ਅਧਿਆਇ ਵਿਚ ਅੱਗੇ ਵਿਸਥਾਰ ਨਾਲ ਚਰਚਾ ਕਰਾਂਗੇ।

## 3.1 ਸਮਕਾਲੀ ਪੰਜਾਬੀ ਕਵਿਤਾ: ਨਸ਼ਾ ਅਤੇ ਕਿਸਾਨੀ ਸੰਕਟ

ਨਸ਼ਾ ਇਕ ਆਲਮੀ ਸਮੱਸਿਆ ਹੈ ਜਿਸ ਨਾਲ ਵਿਸ਼ਵ ਦੇ ਲਗਭਗ ਸਾਰੇ ਹੀ ਦੇਸ਼ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹਨ। ਨਸ਼ਾ ਸਰੀਰਕ ਅਤੇ ਮਾਨਸਿਕ ਰੋਗ ਹੈ। ਜਿਸ ਕਾਰਨ ਸੱਭਿਅਕ ਸਮਾਜ ਆਪਣੀ ਹੋਂਦ ਖਤਰੇ ਵਿਚ ਮਹਿਸੂਸ ਕਰਦੀ ਹੈ। ਨਸ਼ਾ ਮਨੁੱਖੀ ਚੇਤਨਤਾ ਨੂੰ ਖਤਮ ਕਰ ਕੇ ਸੇਵਨ ਕਰਨ ਵਾਲੇ ਦੀ ਸੁੱਧ-ਬੁੱਧ ਨੂੰ ਖਤਮ ਕਰ ਦਿੰਦਾ ਹੈ ਜਾਂ ਇੰਞ ਕਹਿ ਲਈਏ ਕਿ ਨਸ਼ਾ ਉਹ ਵਸਤੂ ਹੈ ਜਿਸ ਦੀ ਵਰਤੋਂ ਨਾਲ ਮਨੁੱਖ ਆਪੇ ਤੋਂ ਬੇਖਬਰ ਹੋ ਜਾਂਦਾ ਹੈ ਤੇ ਆਲੇ-ਦੁਆਲੇ ਨੂੰ ਭੁੱਲ ਕੇ ਮਾਨਸਿਕ ਸੰਤੁਲਨ ਗੁਆ ਬੈਠਦਾ ਹੈ। ਅੰਗਰੇਜ਼ੀ ਭਾਸ਼ਾ ਦੇ ਸ਼ਬਦ Drug ਤੋਂ ਕਈ ਅਰਥ ਲਏ ਜਾਂਦੇ ਹਨ ਸਿਹਤ ਵਿਗਿਆਨ ਦੀ ਦੁਨੀਆ ਵਿਚ ਇਸ ਲਈ ਦਵਾਈ, ਔਸ਼ਧੀ, ਜੜ੍ਹੀ-ਬੂਟੀ, ਦਵਾਈਆਂ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਅਜੋਕੇ ਸਮੇਂ ਵਿਚ 'drug' ਸ਼ਬਦ ਦਾ ਇਸਤੇਮਾਲ ਨਸ਼ੀਲੀਆਂ ਵਸਤੂਆਂ ਲਈ ਕੀਤਾ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ "ਨਸ਼ੇ ਦੇ ਅਰਥ ਹਨ ਅਮਲ, ਮਾਦਕ ਦ੍ਰਵ੍ਯ, ਦਿਮਾਗ਼ ਨੂੰ ਕੋਭ ਕਰਨ ਵਾਲਾ ਪਦਾਰਥ" (***ਮਹਾਨ ਕੋਸ਼*** 506)

ਨਸ਼ੇ ਬਾਰੇ ਪਰਿਭਾਸ਼ਾ ਦਿੰਦਿਆਂ ***ਸਿੱਖ ਪੰਥ ਵਿਸ਼ਵ-ਕੋਸ਼*** ਵਿਚ ਡਾ. ਰਤਨ ਸਿੰਘ ਜੱਗੀ ਆਖਦੇ ਹਨ "ਨਸ਼ਿਆਂ ਦਾ ਸੇਵਨ ਮਨੁੱਖ ਦੇ ਸਦਾਚਾਰੀ ਜੀਵਨ ਨੂੰ ਕਲੰਕਿਤ ਕਰਨ ਵਿਚ ਨਕਾਰਾਤਮਿਕ ਭੂਮਿਕਾ ਨਿਭਾਉਣ ਵਾਲੀ ਬਿਰਤੀ ਹੈ।" 1001 ਅੱਜ ਦੇ ਦੌਰ ਵਿਚ ਕੋਈ ਅਜਿਹਾ ਦਿਨ ਨਹੀਂ ਹੋਵੇਗਾ ਜਿਸ ਵਿਚ ਟੈਲੀਵਿਜ਼ਨ ਦੀਆਂ ਖਬਰਾਂ ਜਾਂ ਅਖਬਾਰਾਂ ਵਿਚ ਨਸ਼ੇ ਕਾਰਨ ਜਾਨੀ-ਮਾਲੀ ਨੁਕਸਾਨ ਦੀ ਗੱਲ ਨਾ ਹੋਈ ਹੋਵੇ। ਇਸ ਤੋਂ ਸਹਿਜੇ ਹੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਨਸ਼ਾ ਅੱਜ ਕਿੰਨੀ ਵੱਡੀ ਚੁਣੌਤੀ ਬਣ ਗਿਆ ਹੈ।

ਭਾਰਤ ਵਿਚ ਨਸ਼ਿਆਂ ਦੀ ਸਮੱਸਿਆ ਕੋਈ ਨਵੀਂ ਨਹੀਂ ਪਰੰਤੂ ਇਸ ਦੇ ਜਿਸ ਵਿਕਰਾਲ ਰੂਪ ਦਾ ਸਾਹਮਣਾ ਇਸ ਵੇਲੇ ਕੀਤਾ ਜਾ ਰਿਹਾ ਹੈ, ਉਹ ਬਹੁਤ ਖਤਰਨਾਕ ਹੈ। ਭਾਰਤ ਵਿਚ ਨਸ਼ਿਆਂ ਦੀ ਸਮੱਸਿਆ ਦਾ ਜਿਕਰ ਕਰੀਏ ਤੇ ਵਿਭਿੰਨਤਾ ਨਾਲ ਭਰੇ ਇਸ ਦੇਸ਼ ਵਿਚ ਵੱਖ-ਵੱਖ ਸੂਬਿਆਂ ਵਿਚ ਹੋ ਰਹੇ ਨਸ਼ਿਆਂ ਵਿਚ ਵੀ ਵਿਭਿੰਨਤਾ ਮਿਲਦੀ ਹੈ, ਭਾਵ ਵੱਖ-ਵੱਖ ਸੂਬਿਆਂ ਵਿਚ ਨਸ਼ਿਆਂ ਦੀ ਵੱਖੋ-ਵੱਖ ਵੰਨਗੀਆਂ ਹਨ ਜਿਵੇਂ ਯੂ.ਪੀ., ਬਿਹਾਰ, ਮੱਧਪ੍ਰਦੇਸ਼, ਛੱਤੀਸਗੜ੍ਹ ਅਤੇ ਝਾਰਖੰਡ ਵਿਚ ਸਿਗਰਟ, ਬੀੜੀ, ਪਾਨ ਮਸਾਲਾ, ਤੰਬਾਕੂ ਆਦਿ ਦੀ ਵਰਤੋਂ ਵਧੇਰੇ ਹੁੰਦੀ ਹੈ ਉੱਥੇ ਹੀ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚ ਇਨ੍ਹਾਂ ਦੀ ਵਰਤੋਂ ਘੱਟ ਹੁੰਦੀ ਹੈ। ਇਸੇ ਹੀ ਤਰ੍ਹਾਂ ਪੰਜਾਬ, ਹਰਿਆਣਾ, ਦਿੱਲੀ, ਮੁੰਬਈ ਆਦਿ ਇਲਾਕਿਆਂ ਵਿਚ ਸ਼ਰਾਬ, ਅਫੀਮ ਅਤੇ ਹੋਰ ਮਹਿੰਗੇ ਸਿੰਥੈਟਿਕ ਨਸ਼ਿਆਂ ਦੀ ਵਰਤੋਂ ਵਧੇਰੇ ਹੁੰਦੀ ਹੈ। ਰਾਜਸਥਾਨ ਵਿਚ ਅਫੀਮ, ਮਹਾਂਰਾਸ਼ਟਰ, ਪੱਛਮੀ ਬੰਗਾਲ ਤੇ ਹੋਰ ਰਾਜਾਂ ਦੇ ਵੱਡੇ ਮਹਾਂਨਗਰਾਂ ਵਿਚ ਕੋਕੀਨ, ਹੈਰੋਇਨ ਸਮੇਤ ਹੋਰ ਮਹਿੰਗੇ ਨਸ਼ਿਆਂ ਦਾ ਰੁਝਾਨ ਕਾਫ਼ੀ ਹੈ।

ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਹਰੀ ਕ੍ਰਾਂਤੀ ਤੋਂ ਬਾਅਦ ਕੀਟਨਾਸ਼ਕ, ਨਦੀਨਨਾਸ਼ਕ ਦਵਾਈਆਂ, ਰੇਹਾਂ, ਸਪਰੇਹਾਂ ਦੀ ਖਪਤ ਵਧੀ ਹੈ। ਇਨ੍ਹਾਂ ਦੀ ਵੱਧਦੀ ਖਪਤ ਨਾਲ ਪੰਜਾਬ ਵਿਚ ਇਨ੍ਹਾਂ ਜ਼ਹਿਰੀਲੀਆਂ ਦਵਾਈਆਂ ਦੇ ਨਾਲ-ਨਾਲ ਨਸ਼ੀਲੀਆਂ ਵਸਤੂਆਂ ਦੀ ਉਪਲਬਧਤਾ ਆਸਾਨ ਹੋਈ ਹੈ। ਇਸੇ ਦੌਰ ਨੇ ਪੰਜਾਬ ਵਿਚ ਸ਼ਰਾਬ, ਅਫੀਮ ਤੋਂ ਅੱਗੇ ਲੰਘਦਿਆਂ ਪੰਜਾਬ ਦੇ ਪਿੰਡ-ਪਿੰਡ ਤੇ ਸ਼ਹਿਰਾਂ ਦੇ ਮੁਹੱਲਿਆਂ ਤੱਕ ਸਿੰਥੈਟਿਕ ਨਸ਼ੇ ਦਾ ਇਕ ਰੂਪ ਜਿਸ ਨੂੰ ਸਥਾਨਕ ਭਾਸ਼ਾ ਵਿਚ 'ਚਿੱਟਾ' ਕਿਹਾ ਜਾਂਦਾ

ਆਮ ਪ੍ਰਚੱਲਿਤ ਕਰ ਦਿੱਤਾ। ਹੁਣ ਇਸ ਪਿਛਲੇ ਕਾਰਨਾਂ ਨੂੰ ਖੰਘਾਲੀਏ ਤਾਂ ਅਨੇਕਾਂ ਕਾਰਨ ਸਾਹਮਣੇ ਆਉਂਦੇ ਹਨ। ਹਰੀ ਕ੍ਰਾਂਤੀ ਦੇ ਆਉਣ ਨਾਲ ਪੰਜਾਬ ਭਾਰਤ ਦਾ ਇਕ ਖੁਸ਼ਹਾਲ ਸੂਬਾ ਬਣਿਆ ਤੇ ਆਰਥਿਕ ਪੱਖੋਂ ਲੋਕ ਨਰੋਏ ਹੋਏ। ਜਿਸ ਕਾਰਨ ਨਸ਼ੇ ਦੇ ਵਪਾਰੀਆਂ ਵਿਚ ਵੀ ਇਸ ਪ੍ਰਤੀ ਇਕ ਖਿੱਚ ਬਣੀ ਤੇ ਉਨ੍ਹਾਂ ਲਈ ਇਹ ਇਕ ਚੰਗੀ ਮੰਡੀ ਸਾਬਿਤ ਹੋਇਆ।

ਹਰੀ ਕ੍ਰਾਂਤੀ ਦੇ ਆਉਣ ਨਾਲ ਕਿਸਾਨ ਪਰਿਵਾਰਾਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਆਇਆ। ਇਸ ਸੁਧਾਰ ਨੇ ਜਿੱਥੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ, ਉੱਥੇ ਹੀ ਨਸ਼ੇ ਦੇ ਵਪਾਰੀਆਂ ਨੇ ਵੀ ਆਪਣਾ ਧਿਆਨ ਪੰਜਾਬ ਦੇ ਕਿਸਾਨਾਂ ਉੱਪਰ ਕੇਂਦਰਿਤ ਕੀਤਾ। ਨਸ਼ੇ ਦਾ ਆਰੰਭ ਭਾਵੇਂ ਸ਼ੌਂਕ ਦੇ ਤੌਰ ਤੇ ਹੋਇਆ ਹੋਵੇਗਾ ਪਰ ਹੌਲੀ-ਹੌਲੀ ਇਸ ਨੇ ਛੋਟੇ, ਵੱਡੇ ਤੇ ਦਰਮਿਆਨੇ ਹਰ ਤਰ੍ਹਾਂ ਦੇ ਕਿਸਾਨੀ ਪਰਿਵਾਰਾਂ ਨੂੰ ਆਪਣੇ ਪ੍ਰਭਾਵ ਹੇਠ ਲੈ ਕੇ ਕਿਸਾਨੀ ਦਾ ਲੱਕ ਤੋੜ ਦਿੱਤਾ। ਕਦੋਂ ਇਹ ਸ਼ੌਂਕ ਪੰਜਾਬ ਦੀ ਜਵਾਨੀ ਤੇ ਕਿਸਾਨੀ ਨੂੰ ਘੁਣ ਵਾਂਗ ਖਾ ਗਿਆ ਪਤਾ ਹੀ ਨਾ ਲੱਗਿਆ। ਨਸ਼ੇ ਦੀ ਇਸ ਅਲਾਮਤ ਨੇ ਕਿਸਾਨਾਂ ਤੋਂ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਕਿਰਤ ਨੂੰ ਖੋਹ ਲਿਆ। ਨਸ਼ੇ ਕਾਰਨ ਜ਼ਮੀਨਾਂ ਦੇ ਮਾਲਕ ਕਿਸਾਨ ਆਪਣੀਆਂ ਜ਼ਮੀਨਾਂ ਵੇਚਣ ਲੱਗੇ ਤੇ ਕਿਸਾਨੀ ਡੂੰਘੇ ਸੰਕਟ ਦਾ ਸ਼ਿਕਾਰ ਹੋ ਗਈ। ਇਸ ਦਸ਼ਾ ਨੂੰ ਸਮਕਾਲੀ ਪੰਜਾਬੀ ਕਵਿਤਾ ਵਿਚ ਕਵਿਤਾ 'ਚਿੱਟੇ ਨੂੰ ਖਿਲਾਰਿਆ' ਰਾਹੀਂ ਕਵੀ ਇਸ ਪ੍ਰਕਾਰ ਪੇਸ਼ ਕਰਦਾ ਹੈ:

ਹਰੀ ਹਰਿਆਲੀ ਖੋਹ ਕੇ, ਸਾਡੇ ਕੋਲੋਂ ਸਾਡੀ ਇਨ੍ਹਾਂ

ਪਿੰਡ-ਪਿੰਡ, ਘਰ-ਘਰ ਚਿੱਟੇ ਨੂੰ ਖਿਲਾਰਿਆ

ਨਸ਼ਿਆਂ 'ਚ ਲਾ 'ਤੇ ਇਨ੍ਹਾਂ ਪਾਪੀਆਂ, ਬਿਗਾਨੇ ਪੁੱਤ

ਬੇਵੱਸ ਹੋਏ ਮਾਪੇ-ਜਿਓਂਦਿਆਂ ਨੂੰ ਮਾਰਿਆ 41

ਕਵੀ ਵੱਲੋਂ ਇੱਥੇ ਮੌਜੂਦਾ ਵਿਵਸਥਾ ਉੱਪਰ ਵਿਅੰਗ ਕੱਸਦਿਆਂ ਬੇਵੱਸ ਹੋਏ ਮਾਂ-ਬਾਪ ਦੀ ਕਰੁਣਾਮਈ ਹਾਲਤ ਦਾ ਵਰਣਨ ਕਰਦਾ ਹੈ। ਨਸ਼ਿਆਂ ਵਿਚ ਗ੍ਰਸਤ ਹੋਏ ਪੰਜਾਬ ਦੇ ਕਿਰਤੀ ਲੋਕਾਂ ਨੇ ਖੇਤੀ ਅਤੇ ਖੇਤ ਦੋਨਾਂ ਵੱਲੋਂ ਮੂੰਹ ਮੋੜ ਲਿਆ। ਜਿੱਥੇ ਕਵੀ ਹਰੀ ਕ੍ਰਾਂਤੀ ਲਿਆਉਣ ਅਤੇ ਇਸ ਦੀ ਆੜ ਹੇਠ ਪੰਜਾਬ ਵਿਚ ਆਏ ਨਸ਼ੀਲੇ ਪਦਾਰਥ ਤੇ 'ਚਿੱਟੇ' ਵਰਗੇ ਨਸ਼ਿਆਂ ਲਈ ਸਰਕਾਰ ਨੂੰ ਸਿੱਧੇ ਰੂਪ ਵਿਚ ਦੋਸ਼ੀ ਠਹਿਰਾਉਂਦਾ ਹੈ। ਨਸ਼ਾ ਸਪਲਾਈ ਕਰਨ ਵਾਲੇ ਗਿਰੋਹਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਹੱਥ ਪਾਉਣ ਦਾ ਕੰਮ ਸਰਕਾਰ ਦਾ ਹੈ। ਪਰੰਤੂ ਇਸ ਖੇਤਰ ਦੇ ਮਾਹਿਰਾਂ ਅਨੁਸਾਰ ਨਸ਼ਿਆਂ ਦੀ ਏਨੀ ਵੱਡੀ ਪੱਧਰ 'ਤੇ ਸਪਲਾਈ ਨਸ਼ਾ ਤਸਕਰਾਂ, ਪੁਲਿਸ ਕਰਮਚਾਰੀਆਂ ਤੇ ਸਿਆਸਤਦਾਨਾਂ ਦੀ ਮਿਲੀ ਭੁਗਤ ਤੋਂ ਬਿਨਾਂ ਸੰਭਵ ਨਹੀਂ। ਪਰੰਤੂ ਰਾਜਨੀਤਿਕ ਦਲਾਂ ਦੀ ਇਸ ਵਿਸ਼ੇ ਪ੍ਰਤੀ ਨੀਰਸਤਾ ਨੇ ਉਨ੍ਹਾਂ ਉੱਪਰ ਨਸ਼ੇ ਨੂੰ ਬੜਾਵਾ ਦੇਣ ਦੇ ਇਲਜ਼ਾਮ ਉੱਪਰ ਆਮ ਲੋਕਾਂ ਦੇ ਸ਼ੱਕ ਨੂੰ ਪੱਕਿਆ ਕੀਤਾ ਹੈ। ਅਜਿਹੀ ਨਕਾਰਾਤਮਕ ਵਿਵਸਥਾ ਨੇ ਪੰਜਾਬ ਦੇ ਨੌਜਵਾਨਾਂ ਤੇ ਕਿਸਾਨਾਂ ਵਿਚ ਅਵਿਸ਼ਵਾਸ ਦੀ ਭਾਵਨਾ ਭਰ ਦਿੱਤੀ ਤੇ ਆਮ ਲੋਕ ਇਸ ਸਭ ਲਈ ਰਾਜਨੀਤੀਵਾਨਾਂ ਨੂੰ ਹੀ ਜਿੰਮੇਵਾਰ ਮੰਨਦੇ ਹਨ। ਇਸੇ ਹੀ ਦਰਦ ਨੂੰ ਦਿਓਲ ਪਰਮਜੀਤ ਦੁਆਰਾ ਸੰਪਾਦਿਤ ਪੁਸਤਕ '***ਕਿਸਾਨੀ ਇਬਾਰਤ***' ਵਿਚ ਪਰਵਾਸੀ ਅਦੀਬ ਕਿਰਨਪ੍ਰੀਤ ਕੌਰ ਆਪਣੀ ਕਵਿਤਾ 'ਪਰਵਾਸੀ' ਵਿਚ ਇਸ ਪ੍ਰਕਾਰ ਪੇਸ਼ ਕਰਦੀ ਹੈ:

> ਪਹਿਲਾਂ ਹਰੀ ਕ੍ਰਾਂਤੀ ਦੇ ਨਾ ਥੱਲੇ
>
> ਜ਼ਹਿਰ ਪਾਣੀਆਂ ਦੇ ਵਿਚ ਘੋਲ ਦਿੱਤਾ
>
> ਫੇਰ ਨਸ਼ੇ ਦਾ ਕੀਤਾ ਵਪਾਰ ਐਸਾ
>
> ਕਈ ਮਾਵਾਂ ਦੇ ਪੁੱਤਾਂ ਨੂੰ ਰੋਲ ਦਿੱਤਾ ***(ਕਿਸਾਨੀ ਇਬਾਰਤ*** 68-69)

ਹਰੀ ਕ੍ਰਾਂਤੀ ਦੇ ਪ੍ਰਭਾਵਾਂ ਨੇ ਤਤਕਾਲੀਨ ਰੂਪ ਵਿਚ ਭਾਵੇਂ ਦੇਸ਼ ਦੀ ਭੁੱਖ ਮਿਟਾਈ ਤੇ ਸੂਬੇ ਨੂੰ ਆਰਥਿਕ ਪੱਖੋਂ ਸਮਰੱਥ ਕੀਤਾ ਪਰੰਤੂ ਮਿੱਟੀ, ਪਾਣੀ ਤੇ ਹੋਰ ਕਈ ਸਮੱਸਿਆਵਾਂ ਵੀ ਉਤਪੰਨ ਕੀਤੀਆਂ। ਹਰੀ

ਕ੍ਰਾਂਤੀ ਦੀ ਆਮਦ ਤੋਂ ਬਾਅਦ ਦੇਸ਼ ਵਿਚ ਖੇਤ-ਦਵਾਈਆਂ ਦੇ ਨਾਂ ਤੇ ਵੱਡੀ ਮਾਤਰਾ ਵਿਚ ਨਸ਼ੀਲੇ ਤੇ ਖਰਤਨਾਕ ਪਦਾਰਥਾਂ ਦਾ ਆਯਾਤ ਹੋਇਆ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿਚ ਨਸ਼ਿਆਂ ਦੀ ਉਪਲਬਧਤਾ ਇੰਨੀ ਆਸਾਨੀ ਨਾਲ ਹੋਣ ਲੱਗੀ ਕਿ ਸਾਹਿਤਕਾਰਾਂ ਨੇ ਪੰਜਾਬ ਵਿਚ ਨਸ਼ਿਆਂ ਦੇ ਛੇਵੇਂ ਦਰਿਆ ਵਹਿਣ ਦੀ ਗੱਲ ਆਪਣੀਆਂ ਸਾਹਿਤਕ ਰਚਨਾਵਾਂ ਵਿਚ ਕੀਤੀ। ਭਾਰਤ ਸਰਕਾਰ ਦੇ ਕੈਬਨਿਟ ਮੰਤਰੀ ਕਿਰਨ ਰਿਜੂ ਨੇ ਜੂਨ 2016 ਵਿਚ ਰਾਜ ਸਭਾ ਵਿਚ ਇਹ ਗੱਲ ਮੰਨੀ ਹੈ ਕਿ 2014 ਤੋਂ ਪੰਜਾਬ ਪੁਲਿਸ, ਪੰਜਾਬ ਜੇਲ ਵਿਭਾਗ, ਹੋਮ ਗਾਰਡ, ਬੀ.ਐਸ.ਐਫ, ਰੇਲਵੇ ਸੁਰੱਖਿਆ ਫੋਰਸ ਅਤੇ ਚੰਡੀਗੜ ਪੁਲਿਸ ਦੇ 68 ਮੁਲਾਜ਼ਮ ਨਸ਼ਿਆਂ ਦੀ ਸਪਲਾਈ ਦੇ ਮਾਮਲੇ ਵਿਚ ਜੇਲ ਵਿਚ ਹਨ।

ਨਸ਼ਿਆਂ ਦੇ ਨਿਰੰਤਰ ਵਧਣ ਦੇ ਹੋਰ ਕਾਰਨਾਂ ਵਿਚ ਸੰਯੁਕਤ ਪਰਿਵਾਰ ਪ੍ਰਣਾਲੀ ਦਾ ਟੁੱਟਣਾ, ਪਰਿਵਾਰਾਂ ਵਿਚ ਮਾਤਾ-ਪਿਤਾ ਦੇ ਪਿਆਰ ਅਤੇ ਦੇਖਭਾਲ ਦੀ ਅਣਹੋਂਦ, ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚ ਆ ਰਿਹਾ ਨਿਘਾਰ, ਜ਼ਿੰਦਗੀ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਨਾ ਕਰ ਪਾਉਣ ਦਾ ਰੁਝਾਨ, ਖੇਤੀ ਵਿਚ ਪੈ ਰਹੇ ਘਾਟੇ ਤੇ ਕਰਜ਼ ਦੀ ਸਮੱਸਿਆ ਆਦਿ ਮੁੱਖ ਹਨ। ਪਹਿਲਾਂ ਹਰੀ ਕ੍ਰਾਂਤੀ ਅਤੇ ਫਿਰ ਵਿਸ਼ਵੀਕਰਨ ਤੇ ਮਸ਼ੀਨੀਕਰਨ ਦੇ ਦੌਰ ਨੇ ਨੌਜਵਾਨਾਂ ਵਿਚ ਵਿਹਲਾਪਣ ਪੈਦਾ ਕਰ ਕੇ ਉਨ੍ਹਾਂ ਨੂੰ ਖੇਤੀ ਦੇ ਮੂਲ ਸਿਧਾਂਤ ਕਿਰਤ ਤੋਂ ਬੇਮੁੱਖ ਕੀਤਾ ਹੈ। ਡਾ. ਇੰਦਰਜੀਤ ਕੌਰ ਦੁਆਰਾ ਸੰਪਾਦਿਤ ਪੁਸਤਕ '***ਨਸ਼ੇ ਨਿਗਲ ਗਏ ਪੰਜਾਬ ਨੂੰ***' ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਲਿਖਦੇ ਹਨ "ਜ਼ਮੀਨ ਦੀ ਵੰਡ ਦਰ ਵੰਡ ਅਤੇ ਖੇਤੀ ਦਾ ਆਧੁਨਿਕੀਕਰਨ, ਜਿਸ ਕਾਰਨ ਵਧੇਰੇ ਕਰਕੇ ਪੇਂਡੂ ਗੱਭਰੂ ਤਕਰੀਬਨ ਬੇਜ਼ਮੀਨਾ ਅਤੇ ਬੇਰੁਜ਼ਗਾਰ ਹੋ ਗਿਆ ਅਤੇ ਵਿਹਲਾ ਨਸ਼ਿਆਂ ਦਾ ਸ਼ਿਕਾਰ ਹੋ ਰਿਹਾ।" (15) ਸੋ ਇਨ੍ਹਾਂ ਕਾਰਨ ਵੀ ਨੌਜਵਾਨ ਨਸ਼ੇ ਦੀ ਦਲਦਲ ਵਿਚ ਫਸ ਰਹੇ ਹਨ।

ਇਸ ਤੋਂ ਇਲਾਵਾ ਫਿਲਮਾਂ, ਗਾਣਿਆਂ ਤੇ ਹੋਰ ਪਲੇਟਫਾਰਮਾਂ ਤੇ ਨਸ਼ਿਆਂ ਦੀ ਵਡਿਆਈ ਕਰਦੇ ਕਲਾਕਾਰਾਂ ਨੇ ਵੀ ਨੌਜਵਾਨਾਂ ਦੀ ਮਾਨਸਿਕਤਾ ਉੱਪਰ ਡੂੰਘਾ ਅਸਰ ਪਾਇਆ ਹੈ। ਕਿਸ਼ੋਰ ਅਵਸਥਾ ਦੇ

ਬੱਚੇ ਜਦੋਂ ਅਜਿਹੇ ਗੀਤ ਆਪਣੇ ਪਸੰਦੀਦਾ ਗਾਇਕਾਂ ਦੇ ਮੂੰਹੋਂ ਸੁਣਦੇ ਹਨ ਤਾਂ ਉਨ੍ਹਾਂ ਦੇ ਮਨਾਂ ਉੱਪਰ ਇਨ੍ਹਾਂ ਨਸ਼ਿਆਂ ਪ੍ਰਤੀ ਆਕਰਸ਼ਣ ਵੱਧਦਾ ਹੈ ਤੇ ਉਹ ਇਸ ਦੇ ਦੁਸ਼-ਪ੍ਰਭਾਵਾਂ ਨੂੰ ਅਣਗੌਲਿਆਂ ਕਰ ਇਸ ਨਰਕ ਵੱਲ ਨੂੰ ਤੁਰ ਪੈਂਦੇ ਹਨ। ਪਿੰਡਾਂ ਵਿਚ ਕਿਸਾਨਾਂ ਦੇ ਟਰੈਕਟਰਾਂ ਉੱਪਰ ਲੱਗੇ ਅਜਿਹੇ ਨਸ਼ਿਆਂ ਵਾਲੇ ਗੀਤ ਨਿਸ਼ਚਿਤ ਹੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਹੁਣ ਸਵਾਲ ਇਹ ਵੀ ਉੱਠਦਾ ਹੈ ਕਿ ਪੰਜਾਬ ਵਿਚ ਨਸ਼ਾ ਆਉਂਦਾ ਕਿੱਥੋਂ ਹੈ? ਪੰਜਾਬ ਵਿਚ ਨਸ਼ਾ ਪਹੁੰਚਣ ਦੀ ਸ਼ੁਰੂਆਤ ਅਫੀਮ ਅਤੇ ਭੁੱਕੀ ਤੋਂ ਹੋਈ ਤੇ ਹੁਣ ਇਸ ਦਾ ਸਰੂਪ ਸਮੈਕ, ਕੋਕੀਨ, ਸਿੰਥੈਟਿਕ ਡਰੱਗਜ਼, ਆਈਸ ਡਰੱਗਜ਼ ਵਰਗੇ ਮਹਿੰਗੇ ਨਸ਼ਿਆਂ ਵਿਚ ਬਦਲ ਚੁੱਕਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਈਰਾਨ, ਅਫਗਾਨਿਸਤਾਨ ਅਤੇ ਪਾਕਿਸਤਾਨ ਨਸ਼ਿਆਂ ਦੇ ਮੁੱਖ ਸਪਲਾਇਰ ਦੇਸ਼ ਹਨ। ਇਨ੍ਹਾਂ ਦੇਸ਼ਾਂ ਤੋਂ ਹੀ ਨਸ਼ਾ ਪੰਜਾਬ ਤੱਕ ਪਹੁੰਚਦਾ ਹੈ। ਈਰਾਨ ਤੋਂ ਭਾਰਤ ਤੱਕ ਜਿਸ ਰਸਤੇ ਤੋਂ ਨਸ਼ਾ ਆਉਂਦਾ ਹੈ, ਉਸ ਨੂੰ 'ਗੋਲਡਨ ਕਰੀਸੈਂਟ' ਕਿਹਾ ਜਾਂਦਾ ਹੈ। ਈਰਾਨ ਅਤੇ ਅਫਗਾਨਿਸਤਾਨ (Golden crescent) ਤੋਂ ਇਹ ਨਸ਼ਾ ਪਾਕਿਸਤਾਨ ਵਿਚ ਪਹੁੰਚਾਇਆ ਜਾਂਦਾ ਹੈ। ਪੰਜਾਬ ਦੇ 550 ਕਿ.ਮੀ. ਸਰਹੱਦੀ ਖੇਤਰ ਤੋਂ ਭਾਰਤ ਵਿਚ ਇਹ ਨਸ਼ਾ ਜ਼ਮੀਨੀ ਰਸਤੇ, ਸਰਹੱਦੀ ਦਰਿਆ, ਨਹਿਰ, ਡਰੇਨ ਅਤੇ ਡਰੋਨ ਦੇ ਰਸਤਿਆਂ ਤੋਂ ਭੇਜਿਆ ਜਾਂਦਾ ਹੈ। ਹੁਣ ਵਿਚਾਰਣਯੋਗ ਗੱਲ ਇਹ ਹੈ ਕਿ ਸਰਹੱਦਾਂ ਤੋਂ ਅਜਿਹੀਆਂ ਗਤੀਵਿਧੀਆਂ ਦੀ ਜ਼ਿੰਮੇਵਾਰ ਸਰਕਾਰ ਅਤੇ ਸੁਰੱਖਿਆ ਸੇਨਾਵਾਂ ਹਨ, ਪਰੰਤੂ ਇਨ੍ਹਾਂ ਤੋਂ ਪ੍ਰਭਾਵਿਤ ਸਭ ਤੋਂ ਵੱਧ ਪੰਜਾਬ ਦੀ ਜਵਾਨੀ ਹੋ ਰਹੀ ਹੈ। ਇਸ ਨਸ਼ੇ ਵਿਰੁੱਧ ਕਾਰਵਾਈ ਕਰਨ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ ਪਰੰਤੂ ਭਾਰਤ ਵਿਚ ਸਥਿਤੀ ਬਿਲਕੁੱਲ ਉਲਟ ਹੈ। ਇੱਥੇ ਰਾਜਨੀਤਿਕ ਦਲ ਵੋਟਾਂ ਪੈਣ ਤੋਂ ਕੁੱਝ ਦਿਨ ਪਹਿਲਾਂ ਤੋਂ ਲੈ ਕੇ ਕੁਰਸੀ ਸੰਭਾਲਣ ਤੱਕ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤੂਆਂ ਖੁੱਲੇ ਰੂਪ ਵਿਚ ਵਰਤਾਉਂਦੇ ਹਨ ਸੋ ਇਸ ਗੱਲ ਤੋਂ ਇਹ ਵੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਸਾਡੀ ਵਿਵਸਥਾ ਇਸ ਮਸਲੇ ਪ੍ਰਤੀ ਕਿੰਨੀ ਕੁ ਸੰਜੀਦਾ ਹੈ। ਰਾਜਨੀਤਿਕ

ਵਿਵਸਥਾ ਦੀ ਇਸ ਤਰ੍ਹਾਂ ਦੀ ਭੂਮਿਕਾ ਨੂੰ ਕਟਿਹਰੇ ਵਿਚ ਖੜ੍ਹਾ ਕਰਦਿਆਂ ਕਵੀ ਉਂਕਾਰ ਸਿੰਘ ਤੇਜੇ ਆਪਣੀ ਪੁਸਤਕ ਵਿਚ ਕਿਸਾਨੀ ਸੰਕਟ ਨੂੰ ਇੰਞ ਚਿਤਰਿਆ ਹੈ:

> ਨਸ਼ਿਆਂ 'ਤੇ ਲਾ ਕੇ ਪਹਿਲਾਂ ਡੋਬਤੀ ਜਵਾਨੀ
>
> ਹੁਣ ਕਰ ਕੇ ਕਾਨੂੰਨ ਪਾਸ ਰੋਲਦੈ ਕਿਸਾਨੀ (***ਜੱਦੋ ਜਹਿਦ*** 17)

ਸਰਕਾਰਾਂ ਦੇ ਮਾੜੇ ਰਵੱਈਏ ਉੱਪਰ ਸਵਾਲੀਆ ਨਿਸ਼ਾਨ ਲਗਾਉਂਦੇ ਹੋਏ ਕਵੀ ਉਂਕਾਰ ਸਿੰਘ ਤੇਜੇ ਨਸ਼ਿਆਂ ਕਾਰਨ ਰੁਲ ਗਈ ਜਵਾਨੀ ਤੇ ਕਾਲੇ ਖੇਤੀ ਕਾਨੂੰਨਾਂ ਕਾਰਨ ਕਿਸਾਨੀ ਦੇ ਰੁਲ ਜਾਣ ਦਾ ਖਦਸ਼ਾ ਪ੍ਰਗਟ ਕਰਦਾ ਹੈ। ਪੰਜਾਬ ਵਿਚ ਪਿਛਲੇ ਕਾਫ਼ੀ ਸਮੇਂ ਤੋਂ ਨਸ਼ੇ ਨੂੰ ਚੋਣਾਂ ਦਾ ਮੁੱਦਾ ਬਣਾਇਆ ਜਾਂਦਾ ਹੈ ਜੋ ਚੋਣਾਂ ਦੇ ਮੌਸਮ ਦੌਰਾਨ ਆਪਣੇ ਸਿਖਰ ਤੇ ਹੁੰਦਾ ਹੈ ਤੇ ਜਦੋਂ ਹੀ ਚੋਣਾਂ ਖ਼ਤਮ ਹੋ ਜਾਂਦੀਆਂ ਹਨ ਤਾਂ ਇਹ ਠੰਢੇ ਬਸਤੇ ਪੈ ਜਾਂਦਾ ਹੈ। ਨਸ਼ਿਆਂ ਉੱਪਰ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨਾ ਹੋਣ ਤੇ ਇਸ ਦੇ ਪ੍ਰਭਾਵ ਨਾਲ ਦਿਨ ਪ੍ਰਤੀ ਦਿਨ ਵੱਧ ਰਹੀਆਂ ਮੌਤਾਂ ਦੀ ਗਵਾਹੀ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੁਆਰਾ ਪੇਸ਼ ਕੀਤੇ ਇਹ ਅੰਕੜੇ ਭਰਦੇ ਹਨ।

ਲੋਕ ਸਭਾ ਵਿਚ ਪੇਸ਼ ਕੀਤੇ ਅੰਕੜਿਆਂ ਅਨੁਸਾਰ ਪੰਜਾਬ ਵਿਚ 66 ਲੱਖ ਤੋਂ ਵੱਧ ਲੋਕ ਨਸ਼ੇ ਦੇ ਆਦੀ ਹਨ। ਇਨ੍ਹਾਂ ਵਿਚ 21.36 ਲੱਖ ਓਪੀਆਡ ਯਾਨੀ ਅਫੀਮ, ਅਫੀਮ ਤੋਂ ਬਣਦੀ ਮਾਰਫੀਨ, ਹੈਰੋਇਨ ਅਤੇ ਕੁੱਝ ਹੋਰ ਨਸ਼ਿਆਂ ਦਾ ਸੇਵਨ ਕਰਦੇ ਹਨ। ਪੰਜਾਬ ਦੇ ਸਿਹਤ ਮੰਤਰੀ ਨੇ ਵੀ ਮਾਰਚ ਵਿਚ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੇ ਅੰਕੜੇ ਹੋਰ ਵੀ ਖਤਰਨਾਕ ਹਨ, ਜਿਸ ਵਿਚ ਉਨ੍ਹਾਂ ਦੱਸਿਆ ਕਿ ਪੰਜਾਬ ਵਿਚ 2.62 ਲੱਖ ਨਸ਼ਿਆਂ ਦੇ ਆਦੀ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਾ ਰਹੇ ਹਨ ਤੇ ਇਸ ਤੋਂ ਵੀ ਵੱਧ 6.12 ਲੱਖ ਨਸ਼ੇ ਦੇ ਆਦੀ ਪ੍ਰਾਇਵੇਟ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਾ ਰਹੇ ਹਨ। ਮੰਤਰੀ ਨੇ ਇਹ ਵੀ ਕਿਹਾ ਕਿ ਇਹ ਗਿਣਤੀ ਬਹੁਤ ਵੱਧ ਹੈ ਕਿਉਂਕਿ ਬਦਨਾਮੀ ਤੋਂ ਡਰਦੇ ਬਹੁਤ ਸਾਰੇ ਲੋਕ ਨਸ਼ਾ ਛੁਡਾਊ ਕੇਂਦਰਾਂ ਵਿਚ ਜਾਂਦੇ ਹੀ ਨਹੀਂ। ਹੁਣ ਜੇਕਰ ਇਨ੍ਹਾਂ ਅੰਕੜਿਆਂ ਦਾ ਸੰਬੰਧ ਪੰਜਾਬ ਦੀ ਕੁੱਲ ਵਸੋਂ ਤੇ ਪੰਜਾਬ ਵਿਚ ਕਿਸਾਨਾਂ ਦੀ ਗਿਣਤੀ ਨਾਲ ਜੋੜਿਆ ਜਾਵੇ ਤਾਂ

ਸੰਕਟਗ੍ਰਸਤ ਹੋ ਰਹੀ ਕਿਸਾਨੀ ਵਿਚ ਨਸ਼ਿਆਂ ਦੀ ਭੂਮਿਕਾ ਬਿਲਕੁਲ ਸਾਫ ਤੌਰ ਤੇ ਦੇਖੀ ਜਾ ਸਕਦੀ ਹੈ। ਕਿਸਾਨ ਖੁਦਕੁਸ਼ੀਆਂ ਨੂੰ ਵੀ ਨਸ਼ੇ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਖ਼ੁਦਕਸ਼ੀ ਕਰਨ ਵਾਲੇ ਕਿਸਾਨਾਂ ਵਿਚ ਵੀ ਨਸ਼ੇ ਦੀ ਮਾਰ ਹੇਠ ਆਉਣ ਵਾਲੇ ਕਿਸਾਨਾਂ ਦੀ ਗਿਣਤੀ ਨਸ਼ਾ ਨਾ ਕਰਨ ਵਾਲੇ ਕਿਸਾਨਾਂ ਨਾਲੋਂ ਕਈ ਗੁਣਾਂ ਵੱਧ ਹੈ। ਨਵੇਂ ਰੁਝਾਨ ਮੁਤਾਬਿਕ ਕੁੜੀਆਂ ਦੁਆਰਾ ਨਸ਼ੇ ਦਾ ਆਦੀ ਹੋਣਾ ਇਕ ਹੋਰ ਗੰਭੀਰ ਸਮੱਸਿਆ ਦੇ ਰੂਪ ਵਿਚ ਸਾਹਮਣੇ ਆ ਰਹੀ ਚੁਣੌਤੀ ਹੈ। ਨਸ਼ਿਆਂ ਦੇ ਇਸ ਜਾਲ ਵਿਚ ਫਸੇ ਪਰਿਵਾਰਾਂ ਦੀ ਮਨੋਵੇਦਨਾ ਨੂੰ ਸਿਰਜਣਾ ਕੇਂਦਰ ਦੁਆਰਾ ਸੰਪਾਦਿਤ ਪੁਸਤਕ ਵਿਚ ਆਪਣੇ ਗੀਤ ਰਾਹੀਂ ਕਵੀ ਕੰਵਰ ਇਕਬਾਲ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ:

ਨਸ਼ਿਆਂ ਨੇ ਘਰ ਸੁੰਨੇ ਕੀਤੇ, ਕੀ ਗੱਭਰੂ ਕੀ ਨਾਰਾਂ

ਚੌਧਰੀਆਂ ਦੀ ਪੰਜੇ ਘਿਓ ਵਿਚ, ਵਣਜ ਕਰਨ ਸਰਕਾਰਾਂ

ਅੱਤ ਖੁਦਾ ਦਾ ਵੈਰ 'ਕੰਵਰ' ਜੀ, ਹਰ ਦਮ ਪਾਈਏ ਬਹੁੜੀ

ਅੰਨਦਾਤਾ ਖੁਦਕਸ਼ੀਆਂ ਕਰਦਾ, ਕਿਵੇਂ ਮਨਾਈਏ ਲੋਹੜੀ (***ਸਿਰਜਣਾ ਦੇ ਸਿਆੜ*** 102)

ਇੱਥੇ ਕਵੀ ਨਸ਼ੇ ਦੇ ਵਪਾਰੀਆਂ ਨੂੰ ਚੌਧਰੀ ਕਹਿ ਕੇ ਸੰਬੋਧਿਤ ਕਰਦਿਆਂ ਸਰਕਾਰ ਦੀ ਨਸ਼ੇ ਦੇ ਸੌਦਾਗਰਾਂ ਨਾਲ ਮਿਲੀ ਭੁਗਤ ਨੂੰ ਜ਼ਾਹਰ ਕਰਦਾ ਹੈ। ਕਿਸਾਨ ਆਤਮ-ਹੱਤਿਆਵਾਂ ਦੇ ਕਾਰਨਾਂ ਦੀ ਘੋਖ ਕਰੀਏ ਤੋਂ ਇਹ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਬਹੁਤ ਵਾਰ ਆਤਮ-ਹੱਤਿਆ ਕਰਨ ਵਾਲੇ ਕਿਸਾਨ ਪਰਿਵਾਰਾਂ ਖ਼ੁਦ ਕਿਸਾਨ ਜਾਂ ਉਸ ਦੇ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਨਸ਼ਿਆਂ ਦੀ ਚਪੇਟ ਵਿਚ ਹੁੰਦਾ ਹੈ। ਇਸ ਗੱਲ ਦੀ ਪੁਸ਼ਟੀ ਡਾ. ਗੁਰਮੀਤ ਕੌਰ 2011 ਵਿਚ ਪੂਰੇ ਹੋਏ ਆਪਣੇ ਖੋਜ ਕਾਰਜ '**An analysis of farmer's suicides in rural Punjab**' ਦੇ ਚੌਥੇ ਅਧਿਆਇ ਵਿਚ ਕਰਦੇ ਹਨ। ਉਹ ਲਿਖਦੇ ਹਨ:

> Among the social causes, pressure of bank officials/money lenders was the most important causes, 381 farmers committed suicide due to the cause followed by 368, 201 and 131 farmers committed suicide due to wide spread dependence on drug, consumerism expenditure on social events and court cases respectively. 118

ਸੋ ਆਪਣੇ ਇਸ ਖੋਜ ਅਧਿਐਨ ਵਿਚ ਡਾ. ਗੁਰਮੀਤ ਕੌਰ ਕਿਸਾਨੀ ਕਰਜ਼ ਕਾਰਨ ਹੋ ਰਹੀਆਂ ਖੁਦਕੁਸ਼ੀਆਂ ਦੇ ਕਾਰਨਾਂ ਦੀ ਪੜਤਾਲ ਕਰਦਿਆਂ ਇਹ ਗੱਲ ਸਾਫ ਕਰਦੇ ਹਨ ਕਿ ਬੈਂਕ ਜਾਂ ਸ਼ਾਹੂਕਾਰਾਂ ਤੋਂ ਲਏ ਕਰਜ਼ ਨੂੰ ਮੋੜਨ ਵਿਚ ਅਸਮਰਥ 381 ਕਿਸਾਨਾਂ ਦੁਆਰਾ ਮੌਤ ਨੂੰ ਗਲ ਲਾ ਲਿਆ, ਇਸੇ ਹੀ ਤਰ੍ਹਾਂ 368 ਕਿਸਾਨਾਂ ਦੀ ਮੌਤ ਪਿੱਛੇ ਨਸ਼ਾ ਜਿੰਮੇਵਾਰ ਹੈ 201 ਕਿਸਾਨ ਆਤਮ ਹੱਤਿਆਵਾਂ ਸਮਾਜਿਕ ਸਮਾਗਮਾਂ ਉੱਪਰ ਕੀਤੇ ਖਰਚ ਲਈ ਲਏ ਕਰਜ਼ ਕਾਰਨ ਹੋਈਆਂ ਜਦਕਿ 131 ਕਿਸਾਨਾਂ ਦੀ ਆਤਮਘਾਤ ਦਾ ਕਾਰਨ ਕੋਰਟ ਕੇਸ ਹਨ। ਸੋ ਕਿਸਾਨੀ ਕਰਜ਼ ਦੀ ਵਰਤੋਂ ਨਸ਼ਿਆਂ ਵਰਗੀ ਅਲਾਮਤ ਤੇ ਕਰਨਾ ਇਕ ਹੈਰਾਨੀਜਨਕ ਤੇ ਨਕਾਰਾਤਮਕ ਪ੍ਰਵਿਰਤੀ ਹੈ।

ਇਨ੍ਹਾਂ ਹੀ ਨਹੀਂ ਸਗੋਂ ਨਸ਼ਿਆਂ ਦੇ ਫੈਲ ਰਹੇ ਜ਼ਹਿਰ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਬਹੁਤ ਸਾਰੇ ਪੰਜਾਬੀਆਂ ਨੇ ਵਿਦੇਸ਼ਾਂ ਵੱਲ ਨੂੰ ਆਪਣਾ ਰੁਝਾਨ ਵਧਾਇਆ ਹੈ, ਜਿਸ ਬਾਰੇ ਇਸ ਅਧਿਆਇ ਵਿਚ ਅੱਗੇ ਵਿਸਥਾਰ ਨਾਲ ਚਰਚਾ ਕਰਾਂਗੇ। ਪਰੰਤੂ ਇਸ ਸਭ ਦਾ ਨਤੀਜਾ ਪੰਜਾਬ ਦੀ ਕਿਸਾਨੀ ਨੂੰ ਝੱਲਣਾ ਪਿਆ ਹੈ। ਕਦੇ ਇਨ੍ਹਾਂ ਨਸ਼ਿਆਂ ਕਾਰਨ ਤੇ ਕਦੇ ਬੱਚਿਆਂ ਨੂੰ ਪਰਦੇਸ ਭੇਜਣ ਖਾਤਿਰ ਆਪਣੀਆਂ ਜ਼ਮੀਨਾਂ ਨੂੰ ਵੇਚਣ ਲਈ ਕਿਸਾਨ ਮਜ਼ਬੂਰ ਹੋ ਰਿਹਾ ਹੈ। ਇਸੇ ਦੁਖਾਂਤ ਨੂੰ ਕਵੀ ਉਂਕਾਰ ਸਿੰਘ ਤੇਜੇ ਆਪਣੀ ਕਾਵਿ ਰਚਨਾ ਵਿਚ ਇਸ ਪ੍ਰਕਾਰ ਬਿਆਨ ਕਰਦਾ ਹੈ:

> ਕੁੱਝ ਨਸ਼ਿਆਂ ਨੇ ਖਾ ਲਏ ਕੁੱਝ ਤੁਰ ਗਏ ਨੇ ਬਾਹਰ ਨੂੰ,
>
> ਦੋ ਡੰਗ ਦੀ ਰੋਟੀ ਦਾ ਝੋਰਾ ਖਾਵੇ ਪਰਿਵਾਰ ਨੂੰ। (***ਜੱਦੋ ਜਹਿਦ*** 85)

***'ਦੀ ਟਾਇਮਸ ਆਫ ਇੰਡੀਆ'*** ਵਿਚ 05 ਅਗਸਤ 2020 ਨੂੰ ਛਪੀ ਰਿਪੋਰਟ ਦੇ ਮੁਤਾਬਿਕ 2015 ਤੋਂ 2019 ਦੇ ਸਮੇਂ ਦੌਰਾਨ ਇਕ ਨਸ਼ਾ ਛੁਡਾਊ ਕੇਂਦਰ ਵਿਚ ਕੀਤੀ ਗਈ ਇਕ ਕੇਸ ਸਟੱਡੀ ਦੇ ਕੁੱਝ ਅੰਕੜੇ ਪੇਸ਼ ਕੀਤੇ ਗਏ ਹਨ ਜੋ ਪੰਜਾਬ ਵਿਚ ਨਸ਼ੇ ਦੇ ਆਦੀ ਲੋਕਾਂ ਵਲੋਂ ਵਰਤੇ ਜਾਂਦੇ ਨਸ਼ਿਆਂ ਦੀਆਂ ਕਿਸਮਾਂ ਨੂੰ ਪੇਸ਼ ਕਰਦਾ ਹੈ। ਇਸ ਰਿਪੋਰਟ ਮੁਤਾਬਿਕ "The four year study found that herion was the most abused drug as it was used by 653 (67%) of the participant while 146 (15%) used other opiates. As many as 82 (8%) were alcohol addicts, 73 (7%) were addicted to poppy husk (bhukki). Only 12 (1%) participants were consuming cannabis." ਸੋ ਇਸ ਰਿਪੋਰਟ ਤੋਂ ਪੰਜਾਬ ਵਿਚ ਸਿੰਥੈਟਿਕ ਨਸ਼ਿਆਂ ਦੀ ਵਰਤੋਂ ਬਾਰੇ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਸਿੰਥੈਟਿਕ ਨਸ਼ਾ ਰਵਾਇਤੀ ਨਸ਼ਿਆਂ ਦੇ ਮੁਕਾਬਲੇ ਕਈ ਗੁਣਾਂ ਮਹਿੰਗਾ ਹੈ। ਇਸ ਲਈ ਇਸ ਦੀ ਪ੍ਰਾਪਤੀ ਲਈ ਨਸ਼ਿਆਂ ਵਿਚ ਗ੍ਰਸਤ ਵਿਅਕਤੀ ਅਕਸਰ ਜ਼ਮੀਨਾਂ ਵੇਚਣ ਵੱਲ ਨੂੰ ਤੁਰ ਪੈਂਦਾ ਹੈ। ਇਨ੍ਹਾਂ ਹੀ ਨਹੀਂ ਸਿੰਥੈਟਕ ਨਸ਼ੇ ਦਾ ਆਦੀ ਵਿਅਕਤੀ ਇਹ ਨਸ਼ਾ ਨਾ ਮਿਲਣ ਦੀ ਸੂਰਤ ਵਿਚ ਰਵਾਇਤੀ ਨਸ਼ਿਆਂ ਦੇ ਆਦੀ ਵਿਅਕਤੀ ਤੋਂ ਕਿਤੇ ਵੱਧ ਖਤਰਨਾਕ ਸਾਬਿਤ ਹੁੰਦਾ ਹੈ ਤੇ ਜ਼ੁਲਮ ਦੀ ਦੁਨੀਆ ਵਿਚ ਧੱਸਦਾ ਚਲਾ ਜਾਂਦਾ ਹੈ। ਇਸੇ ਕਾਰਨ ਅੱਜ ਪੰਜਾਬ ਵਰਗੀ ਜ਼ਰਖੇਜ਼ ਧਰਤੀ ਤੇ ਕਿਰਤ ਦਾ ਅਭਾਵ ਤੇ ਲੁੱਟ-ਖੋਹਾਂ ਦੀਆਂ ਘਟਨਾਵਾਂ ਵਧੇਰੇ ਸੁਣਨ ਨੂੰ ਮਿਲਦੀਆਂ ਹਨ।

ਸੋ ਨਸ਼ਾ ਇਕ ਅਜਿਹੀ ਸਮੱਸਿਆ ਦੇ ਰੂਪ ਵਿਚ ਅਜੋਕੇ ਸਮਾਜ ਲਈ ਚੁਣੌਤੀ ਬਣ ਕੇ ਪੇਸ਼ ਹੋਇਆ ਹੈ ਜਿਸ ਦਾ ਕੋਈ ਸਥਾਈ ਹੱਲ ਨਿਕਟ ਭਵਿੱਖ ਵਿਚ ਵੀ ਦਿਖਾਈ ਨਹੀਂ ਦਿੰਦਾ। ਸਮਾਜ ਦੇ ਹਰ ਵਰਗ ਦੇ ਲੋਕ ਇਸ ਸਮੱਸਿਆ ਤੋਂ ਗੰਭੀਰ ਰੂਪ ਨਾਲ ਪੀੜਤ ਹਨ। ਜਿੱਥੋਂ ਤੱਕ ਕਿਸਾਨ ਸਮਾਜ ਦੀ ਗੱਲ ਕਰੀਏ ਤਾਂ ਸਰਕਾਰੀ ਅੰਕੜੇ ਅਤੇ ਹੋਰ ਗੈਰ ਸਰਕਾਰੀ ਸਰਵੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਬੀਤੇ ਕੁੱਝ ਦਹਾਕਿਆਂ ਤੋਂ ਕਿਸਾਨ ਸਮਾਜ ਨਸ਼ੇ ਦੇ ਜਾਲ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ

ਹੈ। ਪੰਜਾਬ ਦੇ ਕਿਸਾਨੀ ਸੰਕਟ ਨੂੰ ਗਹਿਰਾ ਕਰਨ ਵਿਚ ਨਸ਼ਿਆਂ ਦਾ ਵੱਡਾ ਰੋਲ ਹੈ। ਭਾਵੇਂ ਪੰਜਾਬ ਵਿਚ ਨਸ਼ਿਆਂ ਦੇ ਵੱਧਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿਚ ਪੰਜਾਬ ਦੀ ਭੂਗੋਲਿਕ ਸਥਿਤੀ, ਰਾਜਨੀਤਿਕ ਇੱਛਾ ਸ਼ਕਤੀ ਦੀ ਘਾਟ, ਪੰਜਾਬ ਦੀ ਆਰਥਿਕ ਸਥਿਤੀ ਆਦਿ ਪਰੰਤੂ ਇਸ ਦਾ ਸਭ ਤੋਂ ਵੱਧ ਖਾਮਿਆਜ਼ਾ ਪੰਜਾਬ ਦੀ ਕਿਸਾਨੀ ਨੂੰ ਭੁਗਤਣਾ ਪੈ ਰਿਹਾ ਹੈ। ਪਹਿਲਾਂ ਤੋਂ ਹੀ ਹਾਸ਼ੀਏ ਤੇ ਪਈ ਕਿਸਾਨੀ ਨੂੰ ਪੰਜਾਬ ਵਿਚ ਦਿਨੋ-ਦਿਨ ਵਧਦੇ ਨਸ਼ਿਆਂ ਦੇ ਰੁਝਾਨ ਨੇ ਬਦ ਤੋਂ ਬਦਤਰ ਹਾਲਤ ਵਿਚ ਪਹੁੰਚਾ ਦਿੱਤਾ। ਨਸ਼ਿਆਂ ਦੀ ਮਾਰ ਹੇਠ ਆਇਆ ਪੰਜਾਬ ਦਾ ਕਿਸਾਨ ਕਿਸੇ ਵੀ ਤਰ੍ਹਾਂ ਉੱਨਤ ਖੇਤੀ ਵੱਲ ਨੂੰ ਨਹੀਂ ਵੱਧ ਸਕਦਾ।

## 3.2 ਸਮਕਾਲੀ ਪੰਜਾਬੀ ਕਵਿਤਾ: ਪਰਵਾਸ ਅਤੇ ਕਿਸਾਨੀ ਸੰਕਟ

ਪੰਜਾਬ ਦੀ ਕਿਸਾਨੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਵਿਚੋਂ ਇਕ ਪਰਵਾਸ ਦਾ ਰੁਝਾਨ ਵੀ ਹੈ। ਇਸ ਸੰਕਟ ਬਾਰੇ ਗੱਲ ਕਰਨ ਤੋਂ ਪਹਿਲਾਂ ਪਰਵਾਸ ਸ਼ਬਦ ਦੇ ਅਰਥਾਂ ਬਾਰੇ ਝਾਤ ਮਾਰਨੀ ਬਹੁਤ ਜ਼ਰੂਰੀ ਹੈ। ਪਰਵਾਸ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ 'ਪਰ' ਅਤੇ 'ਵਾਸ'। 'ਪਰ ਤੋਂ ਭਾਵ ਪਰਾਇਆ ਦੂਜਾ ਜਾਂ ਬੇਗਾਨਾ ਅਤੇ ਵਾਸ ਤੋਂ ਭਾਵ ਰਹਿਣ ਤੋਂ ਹੈ। ਸੋ ਸਾਧਾਰਨ ਅਰਥਾਂ ਵਿਚ ਪਰਵਾਸ ਤੋਂ ਭਾਵ ਕਿਸੇ ਦੂਜੇ ਮੁਲਕ ਵਿਚ ਜਾ ਕੇ ਰਹਿਣ ਵਾਲਾ। ਇਸ ਦੇ ਹੋਰ ਅਰਥਾਂ ਤੇ ਝਾਤ ਮਾਰੀਏ ਤਾਂ ਤੇਜਿੰਦਰ ਸਿੰਘ ਨੇ ਆਪਣੇ ਲੇਖ ਪਰਵਾਸੀ ਚੇਤਨਾ: ਪਰਵਾਸ ਅਤੇ ਯੂਰਪੀ ਪੰਜਾਬੀ ਸਾਹਿਤ ਵਿਚ ਪਰਵਾਸ ਨੂੰ ਸਮਝਣ ਲਈ ***ਇਨਸਾਈਕਲੋਪੀਡੀਆ ਆਫ਼ ਬ੍ਰਿਟੇਨਿਕਾ*** ਵਿਚ ਦਿੱਤੀ ਪਰਿਭਾਸ਼ਾ ਨੂੰ ਇੰਝ ਬਿਆਨਿਆ ਹੈ-

> "Migration is the movement of people from one place in order to settle permanently in another." 8

"To which come in to country of which one is not a native for permanent residence." 9

ਇਸ ਤੋਂ ਇਲਾਵਾ ਪਰਵਾਸ ਸ਼ਬਦ ਲਈ ਅੰਗਰੇਜ਼ੀ ਭਾਸ਼ਾ ਦੇ ਸਮਾਨਅਰਥੀ ਸ਼ਬਦ 'Immigrant', 'Emigration', ਅਤੇ 'Migration' ਵਰਤੇ ਜਾਂਦੇ ਹਨ। ਡਾ. ਰਜਿੰਦਰ ਸਿੰਘ ਲਾਂਬਾ ਦੁਆਰਾ ਸੰਪਾਦਿਤ ***ਪਰਵਾਸੀ ਪੰਜਾਬੀ ਸਾਹਿਤ*** ਦੇ ਵਿਸ਼ੇਸ਼ ਅੰਕ ਵਿਚ ਡਾ. ਕਰਨੈਲ ਸਿੰਘ ਆਪਣੇ ਲੇਖ 'ਪਰਵਾਸੀ ਚੇਤਨਾ': ਪਰਵਾਸ ਦਾ ਇਤਿਹਾਸਕ ਪਿਛੋਕੜ ਵਿਚ ਪਰਵਾਸੀ ਦੇ ਇਸ ਪ੍ਰਕਾਰ ਕਰਦੇ ਹਨ:

> 'ਪਰਵਾਸੀ' ਤੇ 'ਆਵਾਸੀ' ਸ਼ਬਦਾਂ ਦਾ ਪ੍ਰਯੋਗ ਸਥਾਨ ਸਾਪੇਖਕ ਹੈ। ਉਦਾਹਰਣ ਦੇ ਤੌਰ ਤੇ ਬਰਤਾਨੀਆ ਵਿਚ ਪੰਜਾਬ ਤੋਂ ਜਾ ਕੇ ਵਸੇ ਹੋਏ ਵਿਅਕਤੀ ਲਈ ਉਥੋਂ ਦੇ ਵਸਨੀਕ 'ਅਵਾਸੀ' ਸ਼ਬਦ ਦੀ ਵਰਤੋਂ ਕਰਨਗੇ। ਇਸੇ ਤਰ੍ਹਾਂ ਪੰਜਾਬ ਤੋਂ ਬਰਤਾਨੀਆ ਗਏ ਜਾਂ ਕਿਸੇ ਮੁਲਕ ਗਏ ਪੰਜਾਬੀਆਂ ਦਾ ਜ਼ਿਕਰ ਕਰਨ ਵੇਲੇ ਸ਼ਬਦ 'ਪਰਵਾਸੀ ਦਾ ਪ੍ਰਯੋਗ ਉਚਿਤ ਹੈ। ਹੋਰ ਸਪੱਸ਼ਟਤਾ ਲਈ ਆਕਸਫੋਰਡ ਐਡਵਾਂਸਡ ਲਰਨਰਜ਼ ਡਿਕਸ਼ਨਰੀ ਦੇਖੀ ਜਾ ਸਕਦੀ ਹੈ ਕਿ 'ਪਰਵਾਸੀ' ਉਹ ਵਿਅਕਤੀ ਹੁੰਦਾ ਹੈ ਜਿਹੜਾ ਰੁਜ਼ਗਾਰ ਜਾਂ ਚੰਗੇਰੇ ਜੀਵਨ-ਭਵਿੱਖ ਲਈ ਆਪਣੇ ਮੁਲਕ ਤੋਂ ਕਿਸੇ ਦੂਜੇ ਮੁਲਕ ਵਿਚ ਪੱਕੇ ਤੌਰ ਤੇ ਵੱਸਣ ਦੇ ਇਰਾਦੇ ਨਾਲ ਜਾਂਦਾ ਹੈ। (***ਪਰਵਾਸੀ ਪੰਜਾਬੀ ਸਾਹਿਤ*** 8)

ਸੋ ਆਪਣਾ ਮੁਲਕ ਛੱਡ ਅਣਮਿੱਥੇ ਸਮੇਂ ਲਈ ਵਿਦੇਸ਼ ਵਿਚ ਜਾ ਕੇ ਰਹਿਣ ਵਾਲਿਆਂ ਨੂੰ ਪਰਵਾਸੀ ਕਿਹਾ ਜਾਂਦਾ ਹੈ। ਪੰਜਾਬ ਦੇ ਲੋਕਾਂ ਵਿਚ ਮੁੱਢ ਤੋਂ ਪਰਵਾਸ ਦੀ ਰੁਚੀ ਰਹੀ ਹੈ। ਦੁਨੀਆਂ ਦੇ ਨਕਸ਼ੇ ਤੇ ਇਹਨਾਂ ਆਪਣੀ ਇਕ ਵੱਖਰੀ ਜਗਾ ਸਥਾਪਿਤ ਕੀਤੀ ਹੈ। 20ਵੀਂ ਸਦੀ ਦੇ ਆਰੰਭ ਤੋਂ ਪੰਜਾਬੀ ਆਰਥਿਕ ਤੰਗੀਆ ਨਾਲ ਜੂਝਦੇ ਹੋਏ ਅਮਰੀਕੀ ਤੇ ਯੂਰਪੀ ਦੇਸ਼ਾਂ ਵੱਲ ਨੂੰ ਜਾਣ ਲੱਗੇ। ਆਰੰਭ ਵਿਚ ਚੰਗੇ ਜੀਵਨ ਦੀ ਭਾਲ ਵਿਚ ਅਸਥਾਈ ਤੌਰ ਤੇ ਪ੍ਰਵਾਸ ਦੀ ਬਿਰਤੀ ਪੰਜਾਬੀਆਂ ਉੱਪਰ ਹਾਵੀ ਸੀ। ਕੋਈ 45 ਕੁ ਵਰੇ ਪਹਿਲਾਂ ਵੱਲ ਨਿਗਾਹ ਮਾਰੀਏ ਤਾਂ ਕੋਈ ਵਿਰਲਾ ਹੀ ਘਰ ਨਜ਼ਰ ਆਉਂਦਾ ਸੀ, ਜਿਸ ਘਰ ਤੋਂ ਕੋਈ ਵਿਦੇਸ਼ ਗਿਆ ਹੁੰਦਾ ਸੀ। ਉਨ੍ਹਾਂ ਸਮਿਆਂ

ਵਿਚ ਵਿਦੇਸ਼ ਵਿਚ ਜਾ ਕੇ ਖੱਟੀ-ਕਮਾਈ ਕਰ ਕੇ ਘਰ ਪਰਤਣ ਦੀ ਤਾਂਘ ਪੰਜਾਬੀਆਂ ਦੀ ਮਨੋ-ਬਿਰਤੀ ਤੇ ਹਾਵੀ ਹੁੰਦੀ ਸੀ ਲੇਕਿਨ ਸਮਾਂ ਪਾ ਕੇ ਕਦੋਂ ਇਹ ਅਸਥਾਈ ਰੁਝਾਨ ਸਥਾਈ ਹੋ ਗਿਆ ਤੇ ਪੰਜਾਬ ਦੀ ਨੌਜਵਾਨੀ ਨੇ ਵਿਦੇਸ਼ਾਂ ਨੂੰ ਆਪਣਾ ਪੱਕਾ ਟਿਕਾਣਾ ਬਣਾਉਣ ਦੀ ਹੋੜ ਲੱਗ ਗਈ ਪਤਾ ਹੀ ਨਾ ਲੱਗਾ। 'ਪੰਜਾਬ 'ਚੋਂ ਕੌਮਾਂਤਰੀ ਪਰਵਾਸ ਅਤੇ ਇਸ ਦੇ ਸਿੱਟੇ' ਸਿਰਲੇਖ ਅਧੀਨ ਡਾ. ਗਿਆਨ ਸਿੰਘ ਅਤੇ ਡਾ. ਗੁਰਿੰਦਰ ਕੌਰ ਲਿਖਦੇ ਹਨ "ਪੰਜਾਬੀ ਪਰਵਾਸੀ ਪਹਿਲੀ ਪੀੜ੍ਹੀ ਤੱਕ ਆਪਣੇ ਪਰਿਵਾਰ ਨੂੰ ਰਕਮਾਂ ਭੇਜਦੇ ਹਨ ਪਰ ਹੁਣ ਇਹ ਰੁਝਾਨ ਘਟ ਰਿਹਾ ਹੈ।"

ਪਰੰਤੂ ਅੱਜ ਕੱਲ ਦੇ ਸਮੇਂ ਵਿਚ ਇਹ ਇਕ ਗੰਭੀਰ ਸੰਕਟ ਬਣ ਗਿਆ ਹੈ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਵਿਚ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਬਹੁਤ ਵੱਧ ਗਿਆ ਹੈ। ਪੰਜਾਬੀਆਂ ਦੇ ਦੂਜੇ ਮੁਲਕਾਂ ਵਿੱਚ ਜਾਣ ਦਾ ਰੁਝਾਨ ਦੇ ਕਾਰਨਾਂ ਵੱਲ ਨਿਗਾਹ ਮਾਰੀਏ ਤਾਂ ਇਸ ਪਿੱਛੇ ਮੁੱਖ ਕਾਰਨ ਵਿਦਿਆਰਥੀ ਵੀਜ਼ਾ ਦੀ ਖੁੱਲ੍ਹ, ਸੈਲਾਨੀ ਵੀਜ਼ਾ ਦੇ ਸੁਖਾਲੇ ਹੋਣ ਅਤੇ ਇਮੀਗਰੇਸ਼ਨ ਦੀਆਂ ਯੋਜਨਾਵਾਂ ਤਹਿਤ ਪ੍ਰਚੰਡ ਹੋਇਆ ਹੈ। ਇਸ ਪਰਵਾਸ ਪਿੱਛੇ ਭਾਵੇਂ ਅਨੇਕਾਂ ਹੀ ਕਾਰਨ ਹੋਣ ਪਰੰਤੂ ਇਸ ਦਾ ਵੱਡਾ ਪ੍ਰਭਾਵ ਇਹ ਪਿਆ ਹੈ ਕਿ ਪੰਜਾਬ ਵਰਗੀ ਜਰਖੇਜ਼ ਭੂਮੀ ਨੂੰ ਛੱਡ ਕੇ ਨੌਜਵਾਨ ਵਿਦੇਸ਼ਾਂ ਦੇ ਵਸਨੀਕ ਹੋ ਰਹੇ ਨੇ ਤੇ ਆਪਣੀ ਜੰਮਣ ਭੋਂ ਨਾਲੋਂ ਟੁੱਟ ਰਹੇ ਹਨ। ਪਰਵਾਸ ਦੇ ਇਸ ਵਧਦੇ ਰੁਝਾਨ ਨਾਲ ਪਿੰਡਾਂ ਦੇ ਵਿਚ ਖੇਤੀ ਕਰਨ ਵਾਲਿਆਂ ਦੀ ਸੰਖਿਆ ਵਿਚ ਨਿਰੰਤਰ ਗਿਰਾਵਟ ਆ ਰਹੀ ਹੈ। ਕਿਸਾਨੀ ਸਭਿਆਚਾਰ ਦੇ ਪਤਨ ਦਾ ਇਕ ਹੋਰ ਕਾਰਨ ਪੱਛਮ ਦੀ ਨਕਲ ਜਾਂ ਪੱਛਮ ਵੱਲ ਨੂੰ ਜਾਣ ਦਾ ਰੁਝਾਨ ਹੈ। ਇਸ ਬਾਬਤ ਨੌਜਵਾਨਾਂ ਦੇ ਰਵੱਈਏ ਦੇ ਨਾਲ-ਨਾਲ ਸਮੇਂ ਦੀਆਂ ਸਰਕਾਰਾਂ ਉੱਪਰ ਵੀ ਉਨ੍ਹਾਂ ਦੀ ਨੌਜਵਾਨਾਂ ਪ੍ਰਤੀ ਨੀਤੀ ਦੀ ਪੋਲ ਖੁੱਲਦੀ ਹੈ। ਇਸ ਦੁਖਾਂਤ ਨੂੰ ਪਰਵਾਸੀ ਕਵਿੱਤਰੀ ਕਿਰਨਪ੍ਰੀਤ ਕੌਰ ਆਪਣੀ ਰਚਨਾ ਦੇ ਮਾਧਿਅਮ ਰਾਹੀਂ ਦਿਓਲ ਪਰਮਜੀਤ ਦੁਆਰਾ ਸੰਪਾਦਿਤ ਪੁਸਤਕ ਵਿਚ ਇੰਝ ਪੇਸ਼ ਕਰਦੀ ਹੈ:

ਸਮੇਂ ਦੀ ਲੋਟੂ ਸਰਕਾਰ ਆਪਦੀ ਹੀ ਮਿੱਟੀ ‘ਤੇ ਤੁਹਾਨੂੰ

ਪਰਵਾਸੀ ਬਣਾਉਣ ਨੂੰ ਤੁਲੀ ਏ (***ਕਿਸਾਨੀ ਇਬਾਰਤ*** 8)

ਇਨ੍ਹਾਂ ਸਤਰਾਂ ਵਿਚ ਕਵਿਤਰੀ ਸਿੱਧੇ ਤੌਰ 'ਤੇ ਪਰਵਾਸ ਲਈ ਸਮੇਂ ਦੀਆਂ ਸਰਕਾਰਾਂ ਨੂੰ ਜਿੰਮੇਵਾਰ ਠਹਿਰਾਉਂਦੀ ਹੈ ਪਰੰਤੂ ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਇਹ ਪਰਵਾਸ ਸ਼ੌਕ ਹੈ ਜਾਂ ਮਜ਼ਬੂਰੀ? ਇਸ ਪ੍ਰਸ਼ਨ ਦਾ ਪਹਿਲਾਂ ਤੇ ਸਥਾਪਿਤ ਜਵਾਬ ਇਹ ਹੀ ਹੈ ਕਿ ਨੌਜਵਾਨਾਂ ਵਿਚ ਭਵਿੱਖ ਪ੍ਰਤੀ ਯਕੀਨਨ ਤੇ ਯੋਜਨਬੱਧ ਸੁਰੱਖਿਆ ਦੀ ਅਣਹੋਂਦ ਹੈ ਜਿਸ ਕਾਰਨ ਪਰਵਾਸ ਦਾ ਰੁਝਾਨ ਵਧਿਆ। ਪਰੰਤੂ ਇਹ ਜਵਾਬ ਵੀ ਕਿਤੇ ਨਾ ਕਿਤੇ 21ਵੀਂ ਸਦੀ ਤੋਂ ਪਹਿਲਾਂ ਜਾਂ 21ਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਢੁੱਕਵਾਂ ਸੀ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੋਂ ਪਰਸਥਿਤੀਆਂ ਵਿਚ ਆਏ ਚੋਖੇ ਬਦਲਾਵਾਂ ਨੇ ਇਸ ਜਵਾਬ ਨੂੰ ਫਿੱਕਾ ਪਾ ਦਿੱਤਾ ਹੈ ਤੇ ਅੱਜ ਦੀ ਜਵਾਨੀ ਚਕਾ-ਚੌਂਧ, ਦਿਖਾਵੇ ਤੇ ਵੱਧ ਤੋਂ ਵੱਧ ਆਜ਼ਾਦੀ ਵੱਲ ਆਕਰਸ਼ਿਤ ਹੋ ਕੇ ਇਸ ਦੇ ਪਿੱਛੇ ਦੌੜ ਲਗਾ ਰਹੀ ਹੈ। ਇਸ ਬਾਜ਼ਾਰੋ ਸਭਿਆਚਾਰ ਦੇ ਵਧਦੇ ਰੁਝਾਨ ਨੇ ਕਿਸਾਨ ਪਰਿਵਾਰਾਂ ਦੇ ਬੱਚਿਆਂ ਵਿਚ ਵੀ ਇਸ ਉਮੰਗ ਨੂੰ ਵਧਾਇਆ ਹੈ। ਇਸ ਦੇ ਨਾਲ ਹੀ ਸਿੱਕੇ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਹਾਕਮ ਧਿਰ ਦੇ ਰੋਲ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਸਰਕਾਰ ਦੁਆਰਾ ਨੌਜਵਾਨਾਂ ਪ੍ਰਤੀ ਸਪੱਸ਼ਟ ਨੀਤੀ ਦੀ ਅਣਹੋਂਦ ਨੇ ਵੀ ਨੌਜਵਾਨਾਂ ਵਿਚ ਅਵਿਸ਼ਵਾਸ ਪੈਦਾ ਕੀਤਾ ਹੈ। ਇਸੇ ਪ੍ਰਸੰਗ ਵਿਚ  ਕਵੀ ਜਗਜੀਤ ਸਿੰਘ ਲੱਡਾ ਕਵਿਤਾ ਵਿਦੇਸ਼ੀ ਉਡਾਰੀਆਂ ਵਿਚ ਸਰਕਾਰਾਂ ਦੀਆਂ ਨੀਤੀਆਂ ਤੋ ਤੰਗ ਆਈ ਨੌਜਵਾਨੀ ਦੀ ਪ੍ਰਤੀਕਿਰਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ:

ਸਾਡੀ ਸਰਕਾਰ ਦੀਆਂ 'ਲੱਡੇ' ਮਾੜੀਆ ਨੇ ਨੀਤੀਆਂ,

ਰੁਜ਼ਗਾਰ ਦੇਣੀਆਂ ਨਾ ਕਦੇ ਯੋਜਨਾਵਾਂ ਉਲੀਕੀਆਂ,

ਅੱਕਿਆ ਇਨਸਾਨ ਪਰਵਾਸ ਲਈ ਹੀ ਰੱਸੇ ਤੁੜਾਊ।

ਵਿਦੇਸ਼ੀ ਵਸਣ ਨਾਲ ਸਾਡਾ ਵਿਰਸਾ ਖ਼ਤਮ ਹੋ ਜਾਊ। (***ਜਨ ਅੰਦੋਲਨ,*** 140)

ਨੌਜਵਾਨ ਆਪਣੇ ਭਵਿੱਖ ਪ੍ਰਤੀ ਚਿੰਤਿਤ ਹੁੰਦਿਆਂ ਵੀ ਅਜਿਹੇ ਕਦਮ ਉਠਾ ਰਹੇ ਹਨ ਕਿਉਂਕਿ ਕਿਸਾਨੀ ਲਾਹੇਵੰਦ ਧੰਦਾ ਸਾਬਿਤ ਨਹੀਂ ਹੋ ਰਹੀ ਤੇ ਸਰਕਾਰਾਂ ਨੌਕਰੀਆਂ ਦੇਣ ਵਿਚ ਅਸਮਰਥ ਦਿਖਾਈ ਦੇ ਰਹੀਆਂ ਹਨ। ਇਸ ਲਈ ਬੇਰੁਜ਼ਗਾਰ ਤੇ ਅੱਕਿਆ ਨੌਜਵਾਨ ਵਿਦੇਸ਼ ਨੂੰ ਪੈਰ ਪੁੱਟਣ ਲਈ ਕਾਹਲਾ ਹੈ। ਪਰੰਤੂ ਸਿੱਕੇ

ਦਾ ਦੂਜਾ ਪਹਿਲੂ ਇਹ ਵੀ ਹੈ ਕਿ ਦੇਖਾ-ਦੇਖੀ ਵਿਦੇਸ਼ਾਂ ਦਾ ਰੁਝਾਨ ਪਹਿਲਾਂ ਨਾਲੋਂ ਬਹੁਤ ਤੇਜ਼ ਹੋਇਆ ਹੈ। ਸ਼ਹਿਰਾਂ ਵਿਚ ਜਗਾ-ਜਗਾ ਖੁੱਲੇ 'ਆਈਲੈਟਸ' ਸੈਂਟਰ ਤੇ ਇਨ੍ਹਾਂ ਸੈਂਟਰਾਂ ਦੇ ਬਾਹਰ ਨੌਜਵਾਨ ਮੁੰਡੇ-ਕੁੜੀਆਂ ਦੀ ਭੀੜ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਪੰਜਾਬ ਦੀ ਨੌਜਵਾਨੀ ਕਿਸ ਤਰ੍ਹਾਂ ਵਿਦੇਸ਼ਾਂ ਵਿਚ ਜਾਣ ਲਈ ਕਾਹਲੀ ਹੈ। ਜਿਸ ਦੇ ਸਿੱਟੇ ਵਜੋਂ ਅੱਜ ਬਹੁਤ ਸਾਰੇ ਘਰਾਂ ਨੂੰ ਤਾਲੇ ਲੱਗੇ ਹੋਏ ਹਨ। ਵਿਦੇਸ਼ ਵਿਚ ਕੇਵਲ ਇਕ ਵਿਦਿਆਰਥੀ ਜਾਂ ਵਿਅਕਤੀ ਨਹੀਂ ਜਾਂਦਾ ਸਗੋਂ ਉਸ ਨਾਲ ਇਕ ਚੰਗਾ ਸੁਚਾਰੂ ਦਿਮਾਗ ਤੇ ਆਰਥਿਕਤਾ ਦੇ ਰੂਪ ਵਿਚ ਬਹੁਤ ਸਾਰਾ ਧਨ ਵੀ ਚਲਾ ਜਾਂਦਾ ਹੈ। ਇਕ ਔਸਤ ਮੁਤਾਬਿਕ ਇਕ ਵਿਅਕਤੀ ਦੇ ਪ੍ਰਦੇਸ ਜਾਣ ਤੇ 20-25 ਲੱਖ ਰੁਪਏ ਖਰਚ ਹੋ ਜਾਂਦੇ ਹਨ। ਇੰਨੀ ਵੱਡੀ ਰਕਮ ਦਾ ਵਿਦੇਸ਼ਾਂ ਵਿਚ ਚਲੇ ਜਾਣਾ ਪੰਜਾਬ ਦੀ ਅਰਥ-ਵਿਵਸਥਾ ਨੂੰ ਵੱਡੀ ਢਾਹ ਲਾ ਰਿਹਾ ਹੈ।

ਇਸ ਗੱਲ ਦੀ ਪੁਸ਼ਟੀ ਇਨ੍ਹਾਂ ਅੰਕੜਿਆਂ ਦੇ ਮਾਧਿਅਮ ਰਾਹੀਂ ਵੀ ਕੀਤੀ ਜਾ ਸਕਦੀ ਹੈ। 16 ਮਾਰਚ 2022 ਨੂੰ ਪੰਜਾਬੀ ਜਾਗਰਣ ਅਖਬਾਰ ਵਿਚ ਛਪੇ ਇਕ ਲੇਖ ਮੁਤਾਬਿਕ 2016 'ਚ ਪੰਜਾਬ 'ਚੋਂ 36743 ਵਿਦਿਆਰਥੀ ਵਿਦੇਸ਼ ਵਿਚ ਗਏ ਤੇ ਪੂਰੇ ਭਾਰਤ ਦੇ ਰਾਜਾਂ ਵਿਚੋਂ ਇਹ ਚੌਥਾ ਸਥਾਨ ਸੀ। ਸੰਨ 2017 ਵਿਚ 52160 ਸਟੱਡੀ ਵੀਜ਼ਿਆਂ ਦੀ ਗਿਣਤੀ ਨਾਲ ਪੰਜਾਬ ਤੀਜੇ ਸਥਾਨ ਤੇ ਪੁੱਜ ਗਿਆ। ਸੰਨ 2018 ਵਿਚ 60331ਵਿਦਿਆਰਥੀਆਂ ਦੀ ਗਿਣਤੀ ਨਾਲ ਪੰਜਾਬ ਨੇ ਭਾਰਤ ਵਿਚੋਂ ਦੂਜਾ ਸਥਾਨ ਤੇ 2019 'ਚ 73413 ਦੇ ਆਂਕੜੇ ਨਾਲ ਪੰਜਾਬ ਦੇਸ਼ ਭਰ 'ਚ ਮੋਹਰੀ ਹੋ ਗਿਆ। ਕਰੋਨਾ ਕਾਰਨ 2020 ਵਿਚ ਵੀ 33413 ਵਿਦਿਆਰਥੀਆਂ ਨੇ ਵਿਦੇਸ਼ਾਂ ਦੀਆਂ ਟਿਕਟਾਂ ਕਟਾ ਕੇ ਪੰਜਾਬ ਦੀ ਪੁਜੀਸ਼ਨ ਬਰਕਰਾਰ ਰੱਖੀ। ਜਨਵਰੀ-ਫਰਵਰੀ 2021 ਦੇ ਸਿਰਫ ਦੋ ਮਹੀਨਿਆਂ ਵਿਚ 5791 ਵਿਦਿਆਰਥੀ ਵਿਦੇਸ਼ ਚਲੇ ਗਏ। ਕੈਨੇਡਾ ਬਾਕੀ ਦੇਸ਼ਾਂ ਨਾਲੋਂ ਪੰਜਾਬੀਆਂ ਦੀ ਪਹਿਲੀ ਪਸੰਦ ਹੈ। ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਕੁੱਲ ਗਿਣਤੀ ਦਾ 80-85% ਹਿੱਸਾ ਕੇਵਲ ਕੈਨੇਡਾ ਨੂੰ ਹੀ ਜਾਂਦਾ ਹੈ। ਬਾਕੀ ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਜਰਮਨੀ, ਅਮਰੀਕਾ ਆਦਿ ਜਿਹੇ ਦੇਸ਼ਾਂ ਨੂੰ ਭਾਗ ਲਗਾਉਂਦੇ ਹਨ। ਪੰਜਾਬ ਦਾ ਕੋਈ ਅਜਿਹਾ ਸ਼ਹਿਰ ਨਹੀਂ ਹੋਵੇਗਾ ਜਿੱਥੇ ਆਈਲੈਟੱਸ ਕਰਵਾਉਣ ਵਾਲੀ ਸੰਸਥਾ ਨਾ ਹੋਵੇ। ਪੰਜਾਬ ਦੀਆਂ ਕੁੱਝ ਵੱਡੀਆਂ ਆਈਲੈਟੱਸ ਸੰਸਥਾਵਾਂ ਦੀ

ਸੂਚੀ ਹੇਠਾਂ ਦਿੱਤੀ ਹੋਈ ਹੈ ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਅੰਗਰੇਜ਼ੀ ਭਾਸ਼ਾ ਸਿੱਖ ਕੇ ਵਿਦੇਸ਼ਾਂ ਵਿਚ ਜਾ ਚੁੱਕੇ ਹਨ ਤੇ ਹਜ਼ਾਰਾਂ ਹੀ ਵਿਦਿਆਰਥੀ ਪੜ੍ਹ ਰਹੇ ਹਨ:

- IBT English Prep Jalandhar.
- Masterprep, Amritsar.
- Shepherds institute Ludhaiana.
- Target 9 Jalandhar.
- American institute of English language, Kapurthala.
- Achiever's Academy, Jalandhar.
- Midway Education Ludhiana.
- Touchstone Education Ludhaina & Jalandhar.
- Kohli star image school, Moga.
- GeeBee Education, Hoshiarpur.
- Milestone Jalandhar
- The Teachers Academy Jalandhar.
- The Canam institute Jalandhar.

ਇਨ੍ਹਾਂ ਸੰਸਥਾਵਾਂ ਨਾਲ ਗੱਲ-ਬਾਤ ਕਰਨ ਤੇ ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਸੰਸਥਾਵਾਂ ਵਿਚ ਅੰਗਰੇਜ਼ੀ ਸਿੱਖਣ ਲਈ ਆਉਣ ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਪਿੰਡਾਂ ਤੇ ਵਿਸ਼ੇਸ਼ਕਰ ਕਿਸਾਨ ਪਰਿਵਾਰਾਂ ਦੇ ਬੱਚਿਆਂ ਦੀ ਹੈ। ਆਈਲੈਟ ਸੈਂਟਰ 'ਗ੍ਰੇ ਮੈਟਰ' ਦੇ ਐਮ.ਡੀ. ਸੋਨੀਆ ਧਵਨ ਨੇ ਦੱਸਿਆ ਕਿ ਪੰਜਾਬ ਵਿਚ ਹਰ ਸਾਲ ਆਈਲੈਟਸ ਦੀ ਪ੍ਰੀਖਿਆ ਤੇ ਪੰਜ ਸੌ ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ। ਇਕ ਹੋਰ ਤ੍ਰਾਸਦੀ ਇਹ ਵੀ ਹੈ ਕਿ ਇਨ੍ਹਾਂ ਵਿਚ ਬਹੁਤ ਸਾਰੇ ਵਿਦਿਆਰਥੀ ਅਜਿਹੇ ਵੀ ਹੁੰਦੇ ਹਨ ਜੋ ਪਹਿਲੀ ਜਾਂ ਦੂਜੀ ਕੋਸ਼ਿਸ਼ ਵਿਚ ਇਹ ਪ੍ਰੀਖਿਆ ਪਾਸ ਨਹੀਂ ਕਰ ਪਾਂਦੇ ਸਗੋਂ ਅਨੇਕਾਂ ਵਾਰ ਫੀਸਾਂ ਭਰਦੇ ਹਨ। ਸੋ ਕਿਸਾਨੀ ਨੂੰ ਢਾਅ

ਲਾਉਣ ਵਿਚ ਇਹ ਪ੍ਰਸਥਿਤੀਆਂ ਵੀ ਉਨ੍ਹਾਂ ਹੀ ਜਿੰਮੇਵਾਰ ਹਨ। ਇਕ ਸਰਵੇ ਦੇ ਮੁਤਾਬਿਕ ਦੁਆਬੇ ਤੋਂ ਸ਼ੁਰੂ ਹੋਏ ਪਰਵਾਸ ਦਾ ਕੇਂਦਰ ਹੁਣ ਮਾਲਵਾ ਬਣ ਗਿਆ ਹੈ। ਇਕੱਲੇ ਜਲੰਧਰ ਸ਼ਹਿਰ ਵਿਚ ਛੋਟੇ-ਵੱਡੇ ਆਈਲੈੱਟਸ ਸੈਂਟਰਾਂ ਦੀ ਗਿਣਤੀ ਲਗਭਗ 1200 ਦੇ ਕਰੀਬ ਹੈ ਤੇ ਮੌਜੂਦਾ ਸਮੇਂ ਮਾਲਵੇ ਦੇ ਸ਼ਹਿਰ ਬਠਿੰਡੇ ਵਿਚ ਆਈਲੈੱਟਸ ਸੈਂਟਰਾਂ ਦੀ ਗਿਣਤੀ 1400 ਦੇ ਕਰੀਬ ਹੈ। ਜਲੰਧਰ ਸਟੱਡੀ ਵੀਜ਼ਾ ਸੈਂਟਰ ਦੇ ਡਾਇਰੈਕਟਰ ਸੁਕਾਂਤ ਦਾ ਕਹਿਣਾ ਹੈ ਕਿ ਪੰਜਾਬ ਦੇ ਹਾਲਾਤ ਦੇਖ ਕੇ ਬਹੁਤੇ ਮਾਪੇ ਚਿੰਤਿਤ ਹਨ ਤੇ ਉਹ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣਾ ਚਾਹੁੰਦੇ ਹਨ। ਇਨ੍ਹਾਂ ਤੋਂ ਪੰਜਾਬ ਵਿਚ ਆਈਲੈੱਟਸ ਦੇ ਵਿਦੇਸ਼ ਪ੍ਰਤੀ ਖਿੱਚ ਦੇ ਰੁਝਾਨ ਨੂੰ ਦੇਖਿਆ ਜਾ ਸਕਦਾ ਹੈ। ਇਸ ਗੱਲ ਦਾ ਪ੍ਰਗਟਾਵਾ ਕਵੀ ਸੀਤਲ ਆਪਣੀ ਪੁਸਤਕ ਵਿਚ ਆਪਣੀ ਰਚਨਾ ਕਿਰਸਾਨਾਂ ਦਾ ਗੀਤ ਵਿਚ ਇਸ ਤਰਾਂ ਕਰਦਾ ਹੈ:

> ਧੀਆਂ-ਪੁੱਤਰ ਇਸ ਜ਼ਮਾਨੇ ਦੇ ਅੰਬਰ ‘ਤੇ,
>
> ਉੱਚਾ ਉੱਚਾ ਉੱਡਣਾ ਚਾਹੁੰਦੇ ਨੇ।
>
> ਆਪ ਕਮਾਈ ਕਰਨੀ ਛੱਡ ਕੇ ਉਹ,
>
> ਘਰ ਆ ਮਾਂ, ਬਾਪੂ ਨੂੰ ਢਾਹੁੰਦੇ ਨੇ।
>
> ਹੋਰ ਪੜ੍ਹਾਈਆਂ ਛੱਡ ਕੇ ਉਹ,
>
> ਆਈਲੈਟ ਦੀ ਹੱਟ ‘ਤੇ ਪੱਕੇ ਬਹਿ ਗਏ ਆਂ।
>
> ਅਸੀਂ ਕਹਾਉਂਦੇ ਸਾਂ ਦੁਨੀਆਂ ਦੇ ਅੰਨਦਾਤੇ,
>
> ਹੁਣ ਮੰਗਤੇ ਬਣਕੇ ਰਹਿ ਗਏ ਆਂ। (***ਕਿਰਸਾਨਾਂ ਦੇ ਦੁੱਖੜੇ ਤੇ ਹੋਰ ਕਵਿਤਾਵਾਂ***11)

ਪਦਾਰਥਵਾਦੀ ਸਭਿਆਚਾਰ ਦੇ ਵਧਦੇ ਰੁਝਾਨ ਤੇ ਵਿਦੇਸ਼ਾਂ ਦੀ ਚਕਾ-ਚੌਂਧ ਨੇ ਪੰਜਾਬ ਦੀ ਜਵਾਨੀ ਦੇ ਮਨਾਂ ਵਿਚ ਰੰਗੀਨ ਸੁਪਨਿਆਂ ਨੂੰ ਇਸ ਤਰ੍ਹਾਂ ਭਰ ਦਿੱਤਾ ਹੈ ਕਿ ਉਹ ਆਪਣਾ ਭਵਿੱਖ ਕੇਵਲ ਵਿਦੇਸ਼ ਦੀ ਧਰਤੀ

ਉੱਪਰ ਹੀ ਦੇਖਦੇ ਹਨ। ਇਕ ਹੋਰ ਆਈਲੈਟਸ ਕੋਚਿੰਗ ਸੈਂਟਰ ਦੇ ਡਾਇਰੈਕਟਰ ਹਰਿੰਦਰ ਚੰਢੋਕ ਦਾ ਕਹਿਣਾ ਹੈ ਕਿ ਹੁਣ ਲੋਕਾਂ ਦੀ ਸੋਚ ਬਦਲ ਗਈ ਹੈ ਤੇ ਉਹ ਘੱਟ ਸਮੇਂ ਵਿਚ ਜ਼ਿਆਦਾ ਪੈਸਾ ਕਮਾਉਣਾ ਚਾਹੁੰਦੇ ਹਨ। ਆਪਣੇ ਇਸ ਸੁਪਨੇ ਦੀ ਪੂਰਤੀ ਲਈ ਉਹ ਆਪਣੇ ਮਾਤਾ-ਪਿਤਾ ਨੂੰ ਦਬਾਅ ਪਾਉਂਦੇ ਹਨ ਤੇ ਇਸ ਦਬਾਅ ਅਧੀਨ ਪੰਜਾਬ ਵਿਚ ਜ਼ਮੀਨ ਵੇਚਣਾ ਜਾਂ ਗਹਿਣੇ ਕਰਨ ਦਾ ਵਰਤਾਰਾ ਉਪਜਦਾ ਹੈ। ਇਸ ਕਵਿਤਾ ਦੇ ਮਾਧਿਅਮ ਰਾਹੀਂ ਵੀ ਕਵੀ ਇਸੇ ਪ੍ਰਸਥਿਤੀ ਨੂੰ ਚਿਤਰਦੇ ਹੋਏ ਕਿਸਾਨ ਦੀ ਤ੍ਰਾਸਦੀ ਭਰੀ ਹਾਲਤ ਨੂੰ ਪੇਸ਼ ਕਰਦਿਆਂ ਉਸ ਦੇ ਅੰਨਦਾਤੇ ਤੋਂ ਮੰਗਤਾ ਬਣਨ ਦੀ ਗੱਲ ਕਰਦਾ ਹੈ। ਦਿਨੋ-ਦਿਨ ਇਸ ਆਈਲੈਟਸ ਦੇ ਵੱਧ ਰਹੇ ਰੁਝਾਨ ਨੇ ਇਕ ਹੋਰ ਰੁਝਾਨ ਅੱਜ ਕੱਲ ਪੰਜਾਬੀ ਮਾਨਸਿਕਤਾ ਉੱਪਰ ਹਾਵੀ ਕੀਤਾ ਹੋਇਆ ਹੈ, ਉਹ ਰੁਝਾਨ ਹੈ 'ਕਾਂਟਰੈਕਟ ਮੈਰਿਜ'। ਬਹੁਤ ਸਾਰੇ ਮੁੰਡੇ ਕੁੜੀਆਂ ਅਜਿਹੇ ਵਿਆਹ ਸਮਝੌਤਿਆਂ ਰਾਹੀਂ ਵਿਦੇਸ਼ ਜਾ ਰਹੇ ਹਨ। ਇਨ੍ਹਾਂ ਵਿਚੋਂ ਕੁੱਝ ਕੁ ਤਾਂ ਵਿਆਹ ਅਸਲ ਹੁੰਦੇ ਹਨ ਪਰੰਤੂ ਬਹੁਤੀ ਵਾਰ ਇਹ ਵਿਆਹ ਸਮਝੌਤਾ ਮਾਤਰ ਹੀ ਰਹਿ ਜਾਂਦੇ ਹਨ ਤੇ ਕੇਵਲ ਵਿਦੇਸ਼ ਤੱਕ ਪੁੱਜਣ ਦਾ ਸਾਧਨ ਹੀ ਹੁੰਦੇ ਹਨ। ਇਸ ਵਰਤਾਰੇ ਨੂੰ ਕਵਿਤਰੀ ਹਰਪ੍ਰੀਤ ਕੌਰ ਸੰਧੂ ਕਵਿਤਾ ਹਰੀਏ ਨੀ ਰਸ ਭਰੀਏ ਖਜੂਰੇ ਸੁਹਾਗ ਨੂੰ ਆਧੁਨਿਕ ਸੰਦਰਭ ਵਿਚ ਇਸ ਤਰ੍ਹਾਂ ਪੇਸ਼ ਕਰਦੀ ਹੈ:

ਹਰੀਏ ਨੀ ਰਸ ਭਰੀਏ ਖਜੂਰੇ

ਕਿਨ ਭੇਜਿਆ ਐਨੀ ਦੂਰ ਏ

ਮਾਹੀਏ ਤੋਂ ਆਈਲੈੱਟਸ ਪਾਸ ਨਾ ਹੋਇਆ

ਉਹਨੇ ਭੇਜਿਆ ਇੰਨੀ ਦੂਰ ਏ। (***ਚੁੱਪ ਨਾ ਰਿਹਾ ਕਰ,*** 53)

ਇੱਥੇ ਮੌਜੂਦਾ ਸਮੇਂ ਦੇ ਹਾਲਤਾਂ ਨੂੰ ਕਵਿਤਰੀ ਨੇ ਬਾਖੂਬੀ ਚਿਤਰਿਆ ਹੈ। ਇਹ ਕਹਾਣੀ ਕਿਸੇ ਇਕ ਵਿਸ਼ੇਸ਼ ਖੇਤਰ ਦੀ ਨਹੀਂ ਸਗੋਂ ਹਰ ਪਿੰਡ, ਹਰ ਸ਼ਹਿਰ ਦੇ ਮੁਹੱਲੇ ਵਿਚ ਆਮ ਵਾਪਰਣ ਵਾਲੀ ਘਟਨਾ ਹੈ; ਜਿੱਥੇ ਮਾਹੀਆ ਆਪ ਆਈਲੈਟਸ ਨਹੀਂ ਕਰ ਪਾਉਂਦਾ ਤੇ ਆਪਣੀ ਵਿਦੇਸ਼ ਪੁੱਜਣ ਦੀ ਰੀਝ ਨੂੰ ਆਪਣੀ ਮੁਟਿਆਰ ਦੇ ਰਾਹੀਂ ਪੂਰੀ ਕਰਦਾ ਹੈ। ਅਜਿਹੀ ਹੀ ਹਾਲਤ ਬਹੁਤ ਸਾਰੇ ਜਿਮੀਦਾਰ ਪਰਿਵਾਰਾਂ ਦੀ ਹੈ। ਜਦੋਂ ਇਨ੍ਹਾਂ

ਜਿਮੀਂਦਾਰ ਪਰਿਵਾਰਾਂ ਦੇ ਮੁੰਡੇ ਜਦੋਂ ਆਈਲੈਟਸ ਨਹੀਂ ਕਰ ਪਾਉਂਦੇ ਤਾਂ ਉਹ ਅਜਿਹੀ ਕੁੜੀਆਂ ਦੀ ਭਾਲ ਕਰਦੇ ਹਨ ਜੋ ਆਰਥਿਕ ਤੌਰ ਤੇ ਪੱਛੜੇ ਪਰਿਵਾਰਾਂ ਨਾਲ ਸੰਬੰਧਿਤ ਹੋਣ। ਫਿਰ ਉਹਨਾਂ ਕੁੜੀਆਂ ਨੂੰ ਆਈਲੈੱਟਸ ਜਾਂ ਵਿਦੇਸ਼ ਦੀਆਂ ਫੀਸਾਂ ਭਰ ਕਿ ਉਹਨਾਂ ਆਸਰੇ ਖੁਦ ਵਿਦੇਸ਼ ਪਹੁੰਚਦੇ ਹਨ। ਕਈ ਜਗਾ ਤਾਂ ਸਥਿਤੀ ਇੰਨੀ ਭਿਆਨਕ ਹੈ ਕਿ ਵਿਦੇਸ਼ ਪਹੁੰਚਣ ਦੀ ਹੋੜ ਵਿਚ ਰਿਸ਼ਤੇਦਾਰੀ ਤੇ ਭੈਣ-ਭਰਾ ਦੇ ਰਿਸ਼ਤਿਆਂ ਤੱਕ ਨੂੰ ਵਿਆਹ ਸੰਬੰਧਾਂ ਰਾਹੀਂ ਕਲੰਕਿਤ ਕੀਤਾ ਜਾ ਰਿਹਾ ਹੈ। ਅਜਿਹੀ ਹੀ ਪ੍ਰਸਥਿਤੀ ਨੂੰ ਕਵੀ ਸੁਖਵਿੰਦਰ ਸਿੰਘ ਸਿੱਧੂ ਆਪਣੀ ਰਚਨਾ ਵਿਆਹ ਵਿਚ ਲਿਖਦੇ ਹਨ:

ਅੱਜਕੱਲ੍ਹ

ਵਿਆਹ

ਬਣ ਗਿਐ ਵਿਖਾਵਾ

ਤੇ ਵਪਾਰ

ਵਿਆਹ

ਹੁਣ ਮਸਲਾ ਨਹੀਂ

ਪਿਆਰ ਦਾ

ਵਿਆਹ

ਸਾਧਨ ਬਣ ਗਿਆ

ਵਿਦੇਸ਼ਾਂ 'ਚ ਪੀ ਆਰ ਦਾ

ਵਿਦੇਸ਼ਾਂ 'ਚ ਪੀ ਆਰ ਦਾ। **(Punjabikavita.com)**

ਵਿਖਾਵੇ ਤੇ ਵਪਾਰ ਵਰਗੇ ਸ਼ਬਦਾਂ ਨਾਲ ਕਵੀ ਨੇ ਮੌਜੂਦਾ ਸਮਾਜਿਕ ਪ੍ਰਬੰਧ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦੇ ਹੋਏ ਸਮੁੱਚੇ ਸਮਾਜ ਨੂੰ ਕਟਿਹਰੇ ਵਿਚ ਖੜ੍ਹਾ ਕਰਦਾ ਹੈ। ਆਰੰਭ ਵਿਚ ਵਿਦੇਸ਼ਾਂ ਵਿਚ ਜਾ ਕੇ ਉੱਥੇ ਪੱਕੇ ਹੋਣ ਲਈ ਵਿਦੇਸ਼ੀ ਮੂਲ ਦੀਆਂ ਕੁੜੀਆਂ ਨਾਲ ਸਮਝੌਤੇ ਦੇ ਵਿਆਹ ਹੁੰਦੇ ਸਨ, ਉੱਥੇ ਹੀ ਵਿਦਿਆਰਥੀ ਵੀਜ਼ੇ ਉੱਪਰ ਪਰਿਵਾਰ ਨੂੰ ਵਿਦੇਸ਼ ਲੈ ਜਾਣ ਦੀ ਖੁੱਲ ਨੇ ਇਸ ਨਵੇਂ ਕਾਂਟਰੈਕਟ ਮੈਰਿਜ ਦੇ ਰੁਝਾਨ ਨੂੰ ਵਧਾਇਆ ਹੈ। ਇਨ੍ਹਾਂ ਹੀ ਨਹੀਂ ਪਿੰਡਾਂ ਸ਼ਹਿਰਾਂ ਵਿਚ ਅਣਗਿਣਤ ਟਰੈਵਲਜ਼ ਏਜੰਸੀਆਂ ਤੇ ਏਜੰਟ ਲੋਕਾਂ ਤੋਂ ਲੱਖਾਂ ਰੁਪਏ ਠੱਗਦੇ ਹਨ। ਇਹ ਏਜੰਟ ਜਾਇਜ-ਨਾਜਾਇਜ ਤਰੀਕਿਆਂ ਨਾਲ ਲੋਕਾਂ ਨੂੰ ਬਾਹਰਦੇ ਮੁਲਕਾਂ ਵਿਚ ਪਹੁੰਚਾਉਂਦੇ ਹਨ। ਇਨ੍ਹਾਂ ਵਿਦੇਸ਼ ਜਾਣ ਵਾਲਿਆਂ ਵਿਚ ਇਕ ਵੱਡੀ ਗਿਣਤੀ ਕਿਸਾਨ ਪਰਿਵਾਰਾਂ ਦੇ ਬੱਚਿਆਂ ਦੀ ਹੈ। ਸਰਮਾਏ ਦੀ ਘਾਟ ਦੇ ਬਾਵਜੂਦ ਕਿਸਾਨ ਪਰਿਵਾਰਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੇ ਕਿਸਾਨੀ ਸੰਕਟ ਨੂੰ ਹੋਰ ਵੀ ਗੰਭੀਰ ਕੀਤਾ ਹੈ। ਬਹੁਤ ਸਾਰੇ ਕਿਸਾਨ ਆਪਣੀ ਜਮੀਨ ਵੇਚ ਕੇ ਜਾਂ ਗਹਿਣੇ ਰੱਖ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ ਤੇ ਆਪ ਸਾਰੀ ਉਮਰ ਪਿੱਛੇ ਕਰਜ ਦੇਣਦਾਰੀਆਂ ਵਿਚ ਫਸੇ ਰਹਿੰਦੇ ਹਨ। ਪਰਵਾਸ ਦੀ ਸ਼ੁਰੂਆਤ ਪੰਜਾਬ ਦੇ ਦੁਆਬੇ ਇਲਾਕੇ ਤੋਂ ਹੋਈ ਪਰੰਤੂ ਅੱਜ ਪੰਜਾਬ ਦੇ ਹਰ ਖਿੱਤੇ ਮਾਝੇ, ਮਾਲਵੇ, ਦੁਆਬੇ ਤੇ ਪੁਆਧ ਵਿਚ ਇਹ ਚਲਣ ਸਿਖਰਾਂ ਤੇ ਹੈ। ਪਰਵਾਸ ਰਾਹੀਂ ਗੰਭੀਰ ਹੁੰਦੇ ਕਿਸਾਨੀ ਸੰਕਟ ਨੂੰ '***ਕਿਰਸਾਨਾਂ ਦੇ ਦੁੱਖੜੇ ਤੇ ਹੋਰ ਕਵਿਤਾਵਾਂ***' ਕਾਵਿ ਸੰਗ੍ਰਹਿ ਵਿਚ ਦਰਜ ਕਵਿਤਾ 'ਕਿਰਸਾਨਾਂ ਦਾ ਦੁਖੱੜਾ' ਵਿਚ ਇਸ ਕਵੀ ਸੀਤਲ ਇੰਝ ਲਿਖਦਾ ਹੈ:

> ਸ਼ੀਰੇ ਨੂੰ ਵਿਦੇਸ਼ ਭੇਜ ਸੁਪਨੇ ਸਜਾਏ ਸੀ।
>
> ਦੋ ਰਹਿੰਦੇ ਸਿਆੜ ਗਹਿਣੇ ਉਦੋਂ ਪਾਏ ਸੀ।
>
> ਦਸ ਸਾਲ ਬਾਅਦ ਵੀ ਉਹ ਹੋਏ ਨਾ ਛੁਡਾ।
>
> ਆਸਾਂ ਨੂੰ ਕਦੇ ਬੂਰ ਨਾ ਪਿਆ।   (***ਕਿਰਸਾਨਾਂ ਦੇ ਦੁੱਖੜੇ ਤੇ ਹੋਰ ਕਵਿਤਾਵਾਂ 16***)

ਕਵੀ ਸੀਤਲ ਇਸ ਕਾਵਿ ਬੰਧ ਵਿਚ ਕਿਸਾਨੀ ਦੀ ਤਰਸਯੋਗ ਹਾਲਤ ਨੂੰ ਕਰੁਣਾਮਈ ਤਰੀਕੇ ਨਾਲ ਬਿਆਨਦੇ ਹੋਏ ਦਸ ਵਰੇ ਪਹਿਲਾਂ ਲਏ ਕਰਜ਼ੇ ਨੂੰ ਹਾਲੇ ਤੱਕ ਨਾ ਮੋੜੇ ਜਾਣ ਦੇ ਦਰਦ ਦੇ ਰੂਪ ਵਿਚ ਪੇਸ਼ ਕਰਦਾ ਹੈ।

ਨਿਮਨ ਤੇ ਮੱਧਵਰਗੀ ਕਿਸਾਨੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਜ਼ਮੀਨ ਗਹਿਣੇ ਤਾਂ ਰੱਖ ਦਿੰਦੀ ਹੈ ਪ੍ਰੰਤੂ ਉਸ ਗਹਿਣੇ ਪਈ ਜ਼ਮੀਨ ਨੂੰ ਛੁਡਾ ਲੈਣਾ ਉਸ ਦੇ ਵੱਸ ਦੀ ਗੱਲ ਨਹੀਂ। ਇੰਞ ਪਰਵਾਸ ਦੀ ਰੁਚੀ ਨੇ ਵੀ ਕਿਸਾਨੀ ਲਈ ਸੰਕਟ ਖੜਾ ਕੀਤਾ। ਪਰਦੇਸ ਜਾਣ ਜਾਂ ਪਰਦੇਸ ਜਾ ਕੇ ਪੱਕੇ ਤੌਰ ਤੇ ਵੱਸ ਜਾਣ ਦਾ ਜਨੂੰਨ ਪੰਜਾਬੀ ਮਾਨਸਿਕਤਾ ਉੱਪਰ ਇਨ੍ਹਾਂ ਹਾਵੀ ਹੋ ਗਿਆ ਹੈ ਕਿ ਇਸ ਉਦੇਸ਼ ਦੀ ਪੂਰਤੀ ਲਈ ਉਹ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੰਦੇ ਹਨ ਤੇ ਇਸ ਦੀ ਬਲੀ ਚੜ੍ਹਦੀਆਂ ਹਨ ਧੀਆਂ। ਅਜਿਹੀ ਇਕ ਸਥਿਤੀ ਦਾ ਵਰਣਨ ਮੋਹਨ ਗਿੱਲ ਆਪਣੀ ਪੁਸਤਕ '***ਬਣਵਾਸ ਤੋਂ ਬਾਅਦ'*** ਵਿਚ ਲਿਖੀ ਕਵਿਤਾ ਉਸ ਦਿਨ ਤੈਨੂੰ ਖ਼ਤ ਪਾਵਾਂਗਾ ਵਿਚ ਇੰਞ ਬਿਆਨਦੇ ਹਨ:

ਜਾਣ ਵਿਦੇਸ਼ ਦੀ ਖਾਤਰ ਹਾਲੇ,

ਮਾਪੇ ਆਪਣੀ ਕੰਜ ਕੁਆਰੀ,

ਬੁੱਢੜੇ ਦੇ ਗਲ ਲਾ ਦਿੰਦੇ ਨੇ।

ਆਪਣੀ ਕੁਲ ਨੂੰ ਤਾਰਨ ਦੇ ਲਈ,

ਕੁਝ ਚਾਂਦੀ ਦੀਆਂ ਮੋਹਰਾਂ ਦੇ ਕੇ,

ਧੀ ਨੂੰ ਬਲੀ ਚੜ੍ਹਾ ਦਿੰਦੇ ਨੇ।

ਜਾਂਦੇ ਸਾਰ ਬੁਲਾ ਲਈਂ ਸਾਨੂੰ

ਇਕੋ ਸਬਕ ਪੜ੍ਹਾ ਦਿੰਦੇ ਨੇ।

ਹਰ ਧੀ ਨੂੰ ਜਦ ਉਸ ਦਾ ਹਾਣੀ,

ਡੋਲੀ ਲੈ ਕੇ ਲੈਣ ਆਵੇਗਾ,

ਉਸ ਦਿਨ ਤੈਨੂੰ ਖ਼ਤ ਪਾਵੇਗਾ।

ਅੱਜ ਦੇ ਨੌਜਵਾਨ ਵਿੱਚ ਇੱਕ ਹੀ ਦੌੜ ਲੱਗੀ ਹੋਈ ਹੈ ਤੇ ਉਹ ਹੈ ਬਾਹਰ ਜਾਣ ਦੀ (ਮਤਲਬ ਕਿ ਕੇਨੈਡਾ, ਆਸਟਰੇਲੀਆ) ਵਰਗੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਰਹਿਣ ਦੀ। ਨਿਮਨ ਕਿਰਸਾਨ ਕੋਲ ਆਪਣੇ ਬੱਚਿਆਂ ਨੂੰ ਬਾਹਰਲੇ ਮੁਲਕ ਭੇਜਣ ਲਈ ਐਨਾ ਪੈਸਾ ਨਹੀਂ ਹੈ। ਬੱਚਿਆਂ ਦੀ ਜਿੱਦ ਅੱਗੇ ਜਾਂ ਕਹਿ ਲਈਏ ਆਪਣੇ ਬੱਚਿਆਂ ਦਾ ਭਵਿੱਖ ਸੰਵਾਰਨ ਲਈ ਕਿਰਸਾਨ ਕੋਲ ਜ਼ਮੀਨ ਵੇਚਣ ਜਾਂ ਗਹਿਣੇ ਕਰਨ ਤੋਂ ਬਿਨਾਂ ਹੋਰ ਕੋਈ ਤਾਂ ਸਾਧਨ ਹੀ ਨਹੀਂ ਕਿ ਕਿਰਸਾਨ ਉਸਦੇ ਸਿਰ ਉੱਤੇ ਬੱਚਿਆਂ ਨੂੰ ਬਾਹਰਲੇ ਮੁਲਕ ਭੇਜ ਸਕੇ। ਕਿਰਸਾਨ ਆਪਣੇ ਬੱਚਿਆਂ ਦੀ ਖਾਤਿਰ ਇਹ ਕਦਮ ਚੁੱਕਦਾ ਹੈ। ਜਿਸਦੇ ਚੱਲਦੇ ਇਹ ਕਰਜ਼ੇ ਦੀ ਭੰਡ ਐਨੀ ਭਾਰੀ ਹੋ ਜਾਂਦੀ ਹੈ ਕਿ ਉਸ ਕੋਲ ਆਪਣੀ ਜੱਦੀ-ਜਾਇਦਾਦ ਨੂੰ ਵੇਚਣ ਜਾਂ ਗਹਿਣੇ ਕਰਨ ਤੋਂ ਬਿਨਾਂ ਕੁਝ ਵੀ ਨਹੀਂ ਰਹਿੰਦਾ।

ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨਲ ਸੈਂਟਰ, ਈਸੜੂ (ਲੁਧਿਆਣਾ) ਦੇ ਸਪਾਂਸਰ ਕੀਤੇ ਪ੍ਰਾਜੈਕਟ 'ਪੇਂਡੂ ਪੰਜਾਬ ਵਿਚੋਂ ਕੌਮਾਂਤਰੀ ਪਰਵਾਸ ਦਾ ਸਮਾਜਿਕ-ਆਰਥਿਕ ਜਨਸੰਖਿਅਕ ਵਿਸ਼ਲੇਸ਼ਣ' ਲਈ ਡਾ. ਗੁਰਿੰਦਰ ਕੌਰ, ਡਾ. ਗਿਆਨ ਸਿੰਘ, ਡਾ. ਧਰਮਪਾਲ, ਡਾ. ਰਸ਼ਮੀ, ਡਾ. ਰੁਪਿੰਦਰ ਕੌਰ, ਡਾ. ਸੁਖਵੀਰ ਕੌਰ ਅਤੇ ਡਾ. ਜੋਤੀ ਦੀ ਟੀਮ ਨੇ ਮਾਝਾ, ਦੋਆਬਾ ਤੇ ਮਾਲਵਾ ਦੇ ਪਿੰਡਾਂ ਦਾ ਖੋਜ ਅਧਿਐਨ ਸ਼ੁਰੂ ਕੀਤਾ ਸੀ ਜੋ ਕਰੋਨਾ ਕਾਰਨ ਲਗਾਏ ਲੌਕਡਾਊਨ ਕਰ ਕੇ ਵਿਚਕਾਰ ਹੀ ਰੋਕਣਾ ਪਿਆ। ਲੌਕਡਾਊਨ ਤੋਂ ਪਹਿਲਾਂ ਮਾਲਵਾ ਖੇਤਰ ਦੇ ਪਟਿਆਲੇ ਜ਼ਿਲ੍ਹੇ ਦੇ 5 ਪਿੰਡਾਂ ਦਾ ਫੀਲਡ ਸਰਵੇਖਣ ਪੂਰਾ ਹੋ ਗਿਆ ਸੀ। ਇਨ੍ਹਾਂ 5 ਪਿੰਡਾਂ ਦੇ 207 ਘਰਾਂ ਵਿਚੋਂ ਕੌਮਾਂਤਰੀ ਪਰਵਾਸ ਹੋਇਆ ਹੈ। ਪਰਵਾਸ ਕਰਨ ਵਾਲਿਆਂ ਦੀ ਗਿਣਤੀ 296 ਹੈ ਅਤੇ 12 ਪਰਵਾਸ ਅਜਿਹੇ ਸਨ ਜੋ ਪੱਕੇ ਤੌਰ ਉੱਤੇ ਦੂਜੇ ਮੁਲਕਾਂ ਵਿਚ ਵੱਸ ਗਏ ਹਨ। ਇਸ ਸਰਵੇਖਣ ਅਨੁਸਾਰ ਜਿਹੜੇ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ, ਉਨ੍ਹਾਂ ਵਿਚੋਂ 8.11 ਫ਼ੀਸਦ ਜ਼ਮੀਨ ਵਿਹੂਣੇ, 13.18 ਫ਼ੀਸਦ ਕੋਲ 2.5 ਏਕੜ ਤੱਕ, 21.96 ਫ਼ੀਸਦ ਕੋਲ 2.5 ਤੋਂ ਵੱਧ 5 ਏਕੜ ਤੱਕ, 14.19 ਫ਼ੀਸਦ ਕੋਲ 5 ਤੋਂ ਵੱਧ 7.5 ਏਕੜ ਤੱਕ, 19.59 ਫ਼ੀਸਦ ਕੋਲ 7.5 ਏਕੜ ਤੋਂ ਵੱਧ 10 ਏਕੜ ਤੱਕ ਅਤੇ 22.97 ਫ਼ੀਸਦ ਕੋਲ 10 ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਹੈ। ਇਹ ਅੰਕੜੇ ਦੋ ਪੱਖ ਸਾਹਮਣੇ ਲਿਆਉਂਦੇ ਹਨ। ਪਹਿਲਾ, ਕੌਮਾਂਤਰੀ ਪਰਵਾਸ ਦੇ ਮਹਿੰਗਾ ਹੋਣ ਕਾਰਨ ਜ਼ਮੀਨ ਦੀ ਮਾਲਕੀ ਦਾ ਯੋਗਦਾਨ ਹੈ। ਦੂਜਾ, ਖੇਤੀਬਾੜੀ ਘਾਟੇ ਵਾਲਾ ਧੰਦਾ ਬਣਾ

ਦਿੱਤੇ ਜਾਣ ਕਾਰਨ ਕਿਸਾਨਾਂ ਦੀਆਂ ਸਾਰੀਆਂ ਸ਼੍ਰੇਣੀਆਂ ਦੇ ਬੱਚਿਆਂ ਦਾ ਕੌਮਾਂਤਰੀ ਪਰਵਾਸ ਵੱਲ ਝੁਕਾਅ ਸਾਫ਼ ਦਿਖਾਈ ਦਿੰਦਾ ਹੈ।

ਵਿਦੇਸ਼ ਜਾਣ ਲਈ ਨੌਜਵਾਨ ਪੀੜ੍ਹੀ ਇੰਨੀ ਜਿਆਦਾ ਭੱਬਾਂ ਭਾਰ ਹੈ ਕਿ ਉਹ ਵਿਦੇਸ਼ ਦੀ ਧਰਤੀ ਤੇ ਜਾਣਾ ਇਕ ਸੁਪਨਾ ਸੱਚ ਹੋਣ ਦੇ ਬਰਾਬਰ ਸਮਝਦੇ ਹਨ। ਪਰੰਤੂ ਇਸ ਸੁਪਨੇ ਨੂੰ ਸੱਚ ਕਰਨ ਲਈ ਅਕਸਰ ਪੈਸੇ ਦੇ ਪ੍ਰਬੰਧ ਦੌਰਾਨ ਉਹ ਆਪਣੀਆਂ ਜ਼ਮੀਨਾਂ ਵੇਚਣ ਵੱਲ ਨੂੰ ਕਦਮ ਵਧਾਉਂਦੇ ਹਨ। ਕਿਸਾਨੀ ਸੰਭਾਲਣ ਦਾ ਜੋ ਸੰਕਟ ਪੰਜਾਬ ਦੇ ਸਾਹਮਣੇ ਖੜ੍ਹਾ ਉਹ ਸੰਕਟ ਹੋਰ ਵਿਕਰਾਲ ਰੂਪ ਧਾਰਨ ਕਰ ਗਿਆ ਹੈ ਤੇ ਹੋਰ ਬਹੁਤ ਸਾਰੇ ਨਵੇਂ ਝਮੇਲੇ ਵੀ ਪੈਦਾ ਹੋ ਗਏ ਹਨ ਜਿਵੇਂ ਵਿਸ਼ੇਸ਼ ਖੇਤਰਾਂ ਵਿਚ ਮੂਲਨਿਵਾਸੀ ਲੋਕਾਂ ਦੀ ਕਮੀ, ਅੱਜਕੱਲ੍ਹ ਸਕੂਲਾਂ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਰਹੀ ਹੈ। ਸੀਤਲ ਆਪਣੇ ਕਾਵਿ ਸੰਗ੍ਰਹਿ ਵਿਚ ‘ਦੇਸ਼ ਦਾ ਹਾਲ’ ਨਾਮੀਂ ਕਵਿਤਾ ਵਿਚ ਲਿਖਦੇ ਹਨ:

ਉੱਚੀ ਉੱਡਣਾ ਚਾਹੁੰਦੇ ਬੱਚਿਆਂ ਦੇ ਸੁਪਨੇ,

ਉੱਡਣ ਤੋਂ ਪਹਿਲਾਂ ਕਾਲੇ ਹੋ ਗਏ।

ਰੋਟੀ ਰੋਜ਼ੀ ਦੀ ਨਾ ਕੋਈ ਉਮੀਦ ਦਿਸੇ,

ਵਲੈਤ ਜਾਣ ਲਈ ਕਾਹਲੇ ਬਾਲੇ ਹੋ ਗਏ।

ਬੇਰੁਜ਼ਗਾਰ ਵਿਦਿਆ ਦਾਤੇ,

ਕੀ ਵਿੱਦਿਆ ਬੇ-ਚਾਰੀ ਦਾ ਬੁਰਾ ਹਾਲ ਲਿਖਾਂ।

ਦੇਸ਼ ਮੇਰੇ ਲਈ ਸ਼ੁਭ ਚਾਹੁੰਦੇ ਲੋਕੋ,

ਮੈਂ ਇਸ ਨੂੰ ਕਿਵੇਂ ਖੁਸ਼ਹਾਲ ਲਿਖਾਂ। (***ਕਿਰਸਾਨਾਂ ਦੇ ਦੁੱਖੜੇ ਤੇ ਹੋਰ ਕਵਿਤਾਵਾ****nhi776*25)

ਕਵੀ ਆਪਣੀ ਇਸ ਰਚਨਾ ਰਾਹੀਂ ਪਰਵਾਸ ਪਿਛਲੇ ਕਾਰਨਾਂ ਦੀ ਗੱਲ ਕਰਦਿਆਂ ਉਨਾਂ ਮਜ਼ਬੂਰੀਆਂ ਦਾ ਵੀ ਜ਼ਿਕਰ ਕਰਦਾ ਜਿਨ੍ਹਾਂ ਕਾਰਨ ਬੱਚੇ ਪਰਦੇਸਾਂ ਵੱਲ ਨੂੰ ਜਾ ਰਹੇ ਹਨ। ਬੇਰੁਜ਼ਗਾਰੀ ਦੇ ਦਿਨੋ ਦਿਨ ਵੱਧ ਰਹੇ ਅੰਕੜਿਆਂ ਨੇ ਨੌਜਵਾਨਾਂ ਵਿਚ ਅਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ ਹੈ। ਜੇਕਰ ਸਰਕਾਰ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਦੂਰ ਕਰੇ ਤਾਂ ਬੱਚੇ ਕਿਸੇ ਸੁਨਿਹਰੀ ਭਵਿੱਖ ਸੋ ਇਨ੍ਹਾਂ ਤੱਥਾਂ ਤੋਂ ਵੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪਰਵਾਸ ਦੀ ਰੁਚੀ ਨੇ ਪੰਜਾਬੀ ਕਿਸਾਨੀ ਨੂੰ ਵਿਆਪਕ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਪਰਵਾਸ ਦੀ ਪਿੱਠਭੂਮੀ ਵਿਚ ਭਾਵੇਂ ਬਹੁਤ ਸਾਰੇ ਤੱਤ ਕਾਰਜਸ਼ੀਲ ਸਨ ਪਰੰਤੂ ਇਸ ਦਾ ਸਿੱਧਾ ਤੇ ਸਪੱਸ਼ਟ ਪ੍ਰਭਾਵ ਪੰਜਾਬ ਦੀ ਕਿਰਸਾਨੀ ਨੇ ਕਬੂਲਿਆ ਹੈ। ਨੌਜਵਾਨਾਂ ਦਾ ਇਸ ਕਿੱਤੇ ਪ੍ਰਤੀ ਵਿਸ਼ਵਾਸ ਤੇ ਵੱਚਨਬੱਧਤਾ ਲੜਖੜਾ ਗਈ ਹੈ। ਬਾਜ਼ਾਰ ਸਭਿਆਚਾਰ ਦੇ ਵਿਖਾਏ ਸੁਪਨਿਆਂ ਅੰਦਰ ਫਸਿਆ ਪੰਜਾਬ ਦਾ ਨੌਜਵਾਨ ਇਸ ਸਾਦੀ ਜ਼ਿੰਦਗੀ ਤੋਂ ਦੂਰ ਚਕਾ-ਚੌਂਦ ਵਾਲੀ ਦੁਨੀਆਂ ਵੱਲ ਨੂੰ ਪੈਰ ਪੁੱਟਣ ਲਈ ਕਾਹਲਾ ਹੋ ਰਿਹਾ ਹੈ। ਮੌਸਮ ਦੀਆਂ ਮਾਰਾਂ, ਖੇਤੀ ਉਪਜਾਂ ਦਾ ਸਹੀ ਮੁੱਲ ਨਾ ਮਿਲਣਾ, ਮਸ਼ੀਨਾਂ, ਸੰਦ ਤੇ ਵਰਤੋਂ ਵਾਲੇ ਤੇਲ, ਖਾਦਾਂ, ਕੀਟ-ਨਾਸ਼ਕਾਂ ਦੀ ਕੀਮਤਾਂ ਵਿਚ ਹੋ ਰਹੇ ਵਾਧੇ, ਪਾਣੀ ਦੇ ਪੱਧਰ ਵਿਚ ਨਿੱਤ ਹੋ ਰਹੀ ਗਿਰਾਵਟ, ਵਾਤਾਵਰਣ ਵਿਚ ਫੈਲ ਰਹੀ ਗੰਦਗੀ, ਸਰਕਾਰ ਦੀਆਂ ਨੀਤੀਆਂ ਆਦਿ ਕੁੱਝ ਅਜਿਹੇ ਮਸਲੇ ਹਨ ਜਿਸ ਕਾਰਨ ਪੰਜਾਬ ਦੀ ਜਵਾਨੀ ਦਾ ਪਰਵਾਸ ਦਾ ਰੁਝਾਨ ਵਧ ਰਿਹਾ ਹੈ ਤੇ ਇਹ ਰੁਝਾਨ ਨਿਕਟ ਭਵਿੱਖ ਵਿਚ ਹੋਰ ਵਧਦਾ ਦਿਖਾਈ ਦੇ ਰਿਹਾ ਹੈ।

ਕਾਰਨ ਭਾਵੇਂ ਅਨੇਕਾਂ ਹਨ ਪਰੰਤੂ ਪਰਵਾਸ ਦੇ ਰੁਝਾਨ ਨੇ ਕਿਸਾਨੀ ਨੂੰ ਕਈ ਰੂਪਾਂ ਵਿਚ ਡੂੰਘੀ ਸੱਟ ਮਾਰੀ ਹੈ। ਇਕ ਤਾਂ ਨੌਜਵਾਨਾਂ ਦਾ ਪਰਵਾਸ ਕਰਨਾ ਕਿਸੇ ਵੀ ਰਾਸ਼ਟਰ ਦੇ ਹਿੱਤ ਵਿਚ ਨਹੀਂ ਹੋ ਸਕਦਾ। ਦੂਜਾ ਆਈਲੈੱਟਸ ਵਰਗੇ ਇਮਤਿਹਾਨਾਂ ਉੱਪਰ ਕੀਤੇ ਜਾਣ ਵਾਲੇ ਖਰਚ ਤੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਮੋਟੀਆਂ ਰਕਮਾਂ ਨੇ ਆਰਥਿਕ ਰੂਪ ਵਿਚ ਸੱਟ ਮਾਰੀ ਹੈ। ਤੀਜਾ ਕਾਂਟਰੈਕਟ ਮੈਰਿਜ ਵਰਗੀਆਂ ਘਟਨਾਵਾਂ ਨੇ ਸਭਿਆਚਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸੋ ਇਸ ਤਰ੍ਹਾਂ ਪਰਵਾਸ ਦੀ ਰੁਚੀ ਨੇ ਵੀ ਕਿਸਾਨੀ ਨੂੰ ਸੰਕਟਮਈ ਹਾਲਤਾਂ ਤੱਕ ਪਹੁੰਚਾਉਣ ਵਿਚ ਅਹਿਮ ਰੋਲ ਨਿਭਾਇਆ ਹੈ। ਪਰਵਾਸ ਦੌਰਾਨ ਖਰਚੇ ਜਾਂਦੇ ਮਣਾਂ-ਮੂੰਹੀ ਪੈਸਿਆਂ ਦੀ ਪੂਰਤੀ ਲਈ ਜ਼ਮੀਨਾਂ ਨੂੰ ਗਹਿਣੇ ਪਾ ਦੇਣ ਦਾ ਅਤੇ ਜ਼ਮੀਨਾਂ ਨੂੰ ਵੇਚਣ ਦਾ ਪ੍ਰਚਲਣ ਬਹੁਤ ਵੱਧ ਗਿਆ ਹੈ ਤੇ ਜ਼ਮੀਨ ਜਿਸ ਦੀ ਤੁਲਨਾ ਕਦੇ ਮਾਂ ਨਾਲ ਕੀਤੀ ਜਾਂਦੀ ਸੀ, ਨੂੰ ਸਾਧਾਰਨ

ਤੇ ਸਹਿਜ-ਸੁਭਾਅ ਹੀ ਵੇਚ ਦਿੱਤਾ ਜਾਂਦਾ ਹੈ। ਵਿਸ਼ੇਸ਼ਕਰ ਨਵੀਂ ਪੀੜ੍ਹੀ ਦਾ ਮਿੱਟੀ ਨਾਲ ਉਨ੍ਹਾਂ ਗੂੜ੍ਹਾ ਸਾਕ ਪੈਦਾ ਹੀ ਨਹੀਂ ਹੋ ਰਿਹਾ। ਵਿਦੇਸ਼ੀ ਚਕਾ-ਚੌਂਦ ਨੇ ਨੌਜਵਾਨਾਂ ਦੇ ਦਿਲਾਂ ਵਿਚ ਇਕ ਲਾਲਚਨੁਮਾ ਖਿੱਚ ਪੈਦਾ ਕਰ ਦਿੱਤੀ ਹੈ ਜਿਸ ਨੂੰ ਰੋਕਣਾ ਅੱਜ ਦੇ ਸਮੇਂ ਵਿਚ ਬਹੁਤ ਵੱਡੀ ਚੁਣੌਤੀ ਬਣ ਗਿਆ ਹੈ। ਪਰਵਾਸ ਦੀ ਤੇਜ਼ ਰਫ਼ਤਾਰ ਨੇ ਕਿਸਾਨੀ ਤੇ ਇਸ ਕਿੱਤੇ ਪ੍ਰਤੀ ਨੌਜਵਾਨਾਂ ਦੇ ਝੁਕਾਅ ਨੂੰ ਬੇਹੱਦ ਘਟਾਅ ਦਿੱਤਾ ਹੈ। ਜਿਸ ਨੇ ਪੰਜਾਬ ਦੀ ਕਿਸਾਨੀ ਲਈ ਇਕ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ।

## 3.3 ਸਮਕਾਲੀ ਪੰਜਾਬੀ ਕਵਿਤਾ: ਧਾਰਮਿਕ ਸਰੋਕਾਰ ਅਤੇ ਕਿਸਾਨੀ

ਸਮਕਾਲੀ ਪੰਜਾਬੀ ਕਵਿਤਾ ਵਿਚਲੇ ਕਿਸਾਨੀ ਸੰਕਟ ਨੂੰ ਸਮਾਜਿਕ ਪਰਿਪੇਖ ਤੋਂ ਘੋਖਦਿਆਂ ਇਸ ਦੇ ਧਾਰਮਿਕ ਸਰੋਕਾਰਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਭਾਰਤੀ ਸੱਭਿਅਤਾ ਵਿਚ ਜੀਵਨ ਦਾ ਆਰੰਭ ਤੋਂ ਅੰਤ ਧਾਰਮਿਕ ਰੀਤਾਂ ਨਾਲ ਹੀ ਹੁੰਦਾ ਹੈ ਇਸ ਲਈ ਇੱਥੋਂ ਦੇ ਕਿੱਤਿਆਂ ਵਿਚ ਵੀ ਧਾਰਮਿਕ ਦਖ਼ਲ-ਅੰਦਾਜ਼ੀ ਦਾ ਹੋਣਾ ਸੁਭਾਵਿਕ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਦੀ ਗੱਲ ਕਰਦਿਆਂ ਕਵੀਆਂ ਨੇ ਅਨੇਕਾਂ ਵਾਰ ਧਾਰਮਿਕ ਮਸਲਿਆਂ ਨੂੰ ਛੂਹਿਆ ਹੈ। ਧਰਮ ਦਾ ਸਿੱਧਾ ਸੰਬੰਧ ਨੈਤਿਕਤਾ ਨਾਲ ਹੈ ਪਰੰਤੂ ਕਿਤੇ ਨਾ ਕਿਤੇ ਜਦੋਂ ਧਰਮ ਰਾਜਸੀ ਤੇ ਆਰਥਿਕ ਗਤੀਵਿਧੀਆਂ ਵਿਚ ਰੱਲ-ਗੱਡ ਹੁੰਦਾ ਹੈ ਤਾਂ ਇਸ ਦਾ ਸਮਾਜ ਉੱਪਰ ਬਹੁ-ਭਾਂਤੀ ਪ੍ਰਭਾਵ ਵੀ ਸਾਹਮਣੇ ਨਿਕਲ ਕੇ ਆਉਂਦਾ ਹੈ। ਪੰਜਾਬ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਪੰਜਾਬ ਵਿਚ ਵੱਡੀ ਗਿਣਤੀ ਵਿਚ ਸਿੱਖ ਧਰਮ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ। ਸੁਭਾਵਿਕ ਹੀ ਪੰਜਾਬੀ ਕਵੀਆਂ ਦੁਆਰਾ ਕਿਸਾਨੀ ਦੀ ਗੱਲ ਕਰਦਿਆਂ ਮੁੱਖ ਤੌਰ ਤੇ ਕਿਸਾਨ ਅਤੇ ਸਿੱਖ ਧਰਮ ਨੂੰ ਹੀ ਵਧੇਰੇ ਅੰਤਰ ਸੰਬੰਧਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਸਿੱਖ ਗੁਰੂਆਂ ਦੁਆਰਾ ਇਸ ਕਿੱਤੇ ਨੂੰ ਸਨਮਾਨਿਤ ਸਥਾਨ ਦਿੱਤਾ ਗਿਆ ਹੈ। ਇਸ ਲਈ ਸਮਕਾਲੀ ਪੰਜਾਬੀ ਕਵਿਤਾ ਵਿਚ ਕਵੀਆਂ ਦੁਆਰਾ ਕਈ ਥਾਈਂ ਕਿਸਾਨ ਦੇ ਸਬਰ ਦੀ ਤੁਲਨਾ ਸਿੱਖ ਇਤਿਹਾਸ ਨਾਲ ਕੀਤੀ ਗਈ ਤੇ ਕਦੇ ਸਰਕਾਰ ਨਾਲ ਮੱਥਾ ਲਾਉਂਦੇ ਕਿਸਾਨ ਨੂੰ ਜਬਰ ਨਾਲ ਟਾਕਰਾ ਲੈਂਦੇ ਸਿੱਖ ਗੁਰੂਆਂ ਤੇ ਜਰਨੈਲਾਂ ਦੇ ਰਾਹ ਉੱਤੇ ਚਲਦਾ

ਦਿਖਾਇਆ ਗਿਆ। ਇਨ੍ਹਾਂ ਹੀ ਨਹੀਂ ਕਿਸਾਨ ਅੰਦੋਲਨ ਦੌਰਾਨ ਜੁੜੇ ਕਿਸਾਨਾਂ ਨੂੰ ਸੰਗਤ ਦਾ ਰੂਪ, ਉੱਥੇ ਮਿਲਦੇ ਭੋਜਨ ਨੂੰ ਲੰਗਰ ਦਾ ਰੂਪ ਕਹਿ ਕਿ ਇਸ ਨੂੰ ਧਾਰਮਿਕ ਰੰਗਤ ਦਿੱਤੀ ਗਈ। ਸੋ ਕਿਸਾਨੀ ਨਾਲ ਸੰਬੰਧਿਤ ਕਵਿਤਾ ਵਿਚ ਕਾਰਜਸ਼ੀਲ ਇਨ੍ਹਾਂ ਧਾਰਮਿਕ ਮਸਲਿਆਂ ਬਾਰੇ ਇਸ ਅਧਿਆਇ ਵਿਚ ਪੜ੍ਹਾਂਗੇ। ਇਸ ਤੋਂ ਪਹਿਲਾਂ ਧਰਮ ਦੇ ਅਰਥ ਅਤੇ ਪਰਿਭਾਸ਼ਾਵਾਂ ਬਾਰੇ ਜਾਣਨਾ ਬਹੁਤ ਜਰੂਰੀ ਹੈ।

ਧਰਮ ਇਕ ਸਭਿਆਚਾਰਕ ਸਿਰਜਣਾ ਹੈ। ਧਰਮ ਲਈ ਅੰਗਰੇਜ਼ੀ ਭਾਸ਼ਾ ਦਾ ਸ਼ਬਦ 'Religion' ਵਰਤਿਆ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ 'Religion' ਰੋਮਨ ਸ਼ਬਦ 'Religio' ਵਿਚੋਂ ਨਿਕਲਿਆ ਹੈ। ਸਿਸਰੋ 'Religion' ਦਾ ਮੂਲ Re-legere ਨੂੰ ਮੰਨਦਾ ਹੈ, ਤੇ ਉਹ ਇਸ ਦਾ ਅਰਥ ਮੁੜ ਇਕੱਤਰ ਕਰਨਾ, ਚੁੱਕਣਾ ਜਾਂ ਮੁੜ ਸੋਚਣਾ ਨੂੰ ਮੰਨਦਾ ਹੈ। ਵੈਬਸਟਰ ਨਿਊ ਡਿਕਸ਼ਨਰੀ ਅਨੁਸਾਰ ਧਰਮ ਦਾ ਅਰਥ ਪਰਮਾਤਮਾ ਦੀ ਪੂਜਾ ਹੈ ਜਾਂ ਪੂਜਾ ਦੇ ਮੰਤਵ ਨਾਲ ਥਾਪੇ ਕਿਸੇ ਦੇਵਤੇ ਦੀ ਉਪਾਸਨਾ ਹੈ। ਭਾਰਤੀ ਸੰਸਕ੍ਰਿਤੀ ਅਨੁਸਾਰ ਧਰਮ ਸ਼ਬਦ ਦੇ ਸ਼ਾਬਦਿਕ ਅਰਥ ਹਨ ਧਾਰਨ ਕਰਨਾ, ਸੋ ਮਨੁੱਖ ਦੁਆਰਾ ਮਾਨਸਿਕ ਅਤੇ ਆਤਮਿਕ ਤ੍ਰਿਪਤੀ ਲਈ ਅਜਿਹੀ ਇਕ ਜੀਵਨ ਵਿਧੀ ਜਾਂ ਚੰਗੇ ਜੀਵਨ ਆਦਰਸ਼ ਨੂੰ ਧਾਰਨ ਕਰਨਾ ਧਰਮ ਹੈ। ਪ੍ਰਸਿੱਧ ਭਾਰਤੀ ਗ੍ਰੰਥ 'ਮਹਾਂਭਾਰਤ' ਵਿਚ ਧਰਮ ਦੀ ਮਹੱਤਤਾ ਨੂੰ ਜੀਵਨ ਵਿਚ ਦ੍ਰਿੜਤਾ ਨਾਲ ਲਾਗੂ ਕਰਨ ਲਈ ਕਿਹਾ ਗਿਆ ਹੈ ਕਿ ਇਹ ਸੰਸਾਰ ਧਰਮ ਦੇ ਆਸਰੇ ਹੀ ਖੜ੍ਹਾ ਹੈ।

ਅਸਲ ਵਿਚ ਆਦਿ ਕਾਲ ਤੋਂ ਹੀ ਮਨੁੱਖ ਨੇ ਕੁਦਰਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤੇ ਅਨੁਭਵ ਕੀਤਾ ਹੈ ਕਿ ਇਸ ਸ੍ਰਿਸ਼ਟੀ ਵਿਚ ਕੋਈ ਰਹੱਸਵਾਦੀ ਤਾਕਤ ਹੈ ਜੋ ਉਸਨੂੰ ਕਦੇ ਨੁਕਸਾਨ ਤੇ ਕਦੇ ਫਾਇਦਾ ਪਹੁੰਚਾਉਂਦੀ ਹੈ। ਸੋ ਇਸ ਨੁਕਸਾਨ ਦੇ ਪ੍ਰਕੋਪ ਤੋਂ ਬਚਣ ਤੇ ਲਾਭ ਦੀ ਲਾਲਸਾ ਤੋਂ ਪ੍ਰੇਰਿਤ ਹੋ ਕੇ ਉਸ ਦੁਆਰਾ ਪੂਜਾ ਅਰਚਣਾ ਸ਼ੁਰੂ ਕੀਤੀ ਗਈ, ਇਸ ਪ੍ਰਕਿਰਿਆ ਦੌਰਾਨ ਕੁੱਝ ਖਾਸ ਵਿਧੀ ਵਿਧਾਨ ਬਣਾ ਲਏ ਗਏ ਜੋ ਬਾਅਦ ਵਿਚ ਧਰਮ ਵਿਸ਼ੇਸ਼ ਦਾ ਰੂਪ ਧਾਰਨ ਕਰ ਗਏ। ਇਸੇ ਲਈ ਧਰਮ ਵਿਚ ਤਰਕ ਨਾਲੋਂ ਸ਼ਰਧਾ ਦਾ ਭਾਵ ਹਾਵੀ ਹੁੰਦਾ ਹੈ।

John c. Messenjer ਆਪਣੀ ਪੁਸਤਕ '***Folk Religion'*** ਵਿਚ ਲਿਖਦੇ ਹਨ: "ਅੱਜ ਤੋਂ ਲਗਭਗ 150000 ਸਾਲ ਪਹਿਲਾਂ ਵੱਸਣ ਵਾਲੇ ਸਾਰੇ ਪੂਰਵਜ ਵੀ ਕਿਸੇ ਨਾ ਕਿਸੇ ਰੂਪ ਵਿਚ ਪਰਾਭੌਤਿਕ ਸ਼ਕਤੀਆਂ ਦੀ ਪੂਜਾ ਕਰਦੇ ਸਨ।" (Folklore and folk life, ed. Richard M. Dorson, 216)

ਵੱਖ-ਵੱਖ ਵਿਦਵਾਨਾਂ ਦੀ ਧਰਮ ਪ੍ਰਤੀ ਵੱਖ-ਵੱਖ ਰਾਇ ਹੈ। ਜੇਮਜ਼ ਫ਼ਰੇਜ਼ਰ ਅਨੁਸਾਰ ਜਦੋਂ ਮਨੁੱਖ ਨੂੰ ਵਿਸ਼ਵਾਸ ਹੋ ਗਿਆ ਕਿ ਕੁਦਰਤੀ ਸ਼ਕਤੀਆਂ ਨੂੰ ਕਿਸੇ ਵੀ ਜਾਦੂ ਨਾਲ ਕਾਬੂ ਨਹੀਂ ਕੀਤਾ ਜਾ ਸਕਦਾ ਤਾਂ ਧਰਮ ਹੋਂਦ ਵਿਚ ਆਇਆ। ਇਸੇ ਤਰ੍ਹਾਂ ਦੁਰਖੀਮ ਧਰਮ ਨੂੰ ਸਮਾਜਿਕ ਵਰਤਾਰਾ ਮੰਨਦਾ ਹੈ। ਉਹ ਸਮਾਜ ਨੂੰ ਦੋ ਸ਼੍ਰੇਣੀਆਂ ਪਵਿੱਤਰ ਅਤੇ ਅਪਵਿੱਤਰ ਦੋ ਹਿੱਸਿਆਂ ਵਿਚ ਵੰਡ ਕੇ ਧਰਮ ਨੂੰ ਪਵਿੱਤਰਤਾ ਨਾਲ ਜੋੜਦਾ ਹੈ। Emile ਦੁਰਖੀਮ ਧਰਮ ਨੂੰ ਪ੍ਰਭਾਸ਼ਿਤ ਕਰਦਿਆਂ ਆਪਣੀ ਪੁਸਤਕ '***Elementary forms of Religious life'*** ਦੇ ਵਿਚ ਲਿਖਦਾ ਹੈ:

> ਧਰਮ ਪਵਿੱਤਰ ਵਸਤਾਂ ਅਰਥਾਤ ਵੱਖਰੀਆਂ ਤੇ ਰੋਕ ਵਾਲੀਆਂ ਵਸਤਾਂ ਨਾਲ ਸੰਬੰਧਿਤ, ਵਿਸ਼ਵਾਸਾਂ ਅਤੇ ਕ੍ਰਿਆਵਾਂ ਦੀ ਸੰਗਠਿਤ ਵਿਵਸਥਾ ਹੈ। ਵਿਸ਼ਵਾਸ ਅਤੇ ਕਿਰਿਆਵਾਂ ਜਿਹੜੀਆਂ ਉਨ੍ਹਾਂ ਸਾਰੇ ਲੋਕਾਂ ਨੂੰ ਚਰਚ ਨਾਮਕ ਇਕ ਵੱਖਰੇ ਨੈਤਿਕ ਸਮੁਦਾਇ ਦੇ ਰੂਪ ਵਿਚ ਸੰਗਠਿਤ ਕਰਦੇ ਹਨ, ਜਿਹੜੇ ਉਨ੍ਹਾਂ ਦਾ ਅਨੁਸਰਣ ਕਰਦੇ ਹਨ। (***Elementary forms of Religious life 62)***

ਸੋ ਸੱਭਿਆਚਾਰ ਵਾਂਗ ਧਰਮ ਵੀ ਜਟਿਲ ਅਤੇ ਵਿਆਪਕ ਅਰਥਾਂ ਦਾ ਧਾਰਣੀ ਹੈ। ਪਰੰਤੂ ਇਸ ਦੇ ਕੁੱਝ ਲੱਛਣ ਸਰਵ-ਵਿਆਪੀ ਵੀ ਪਾਏ ਜਾਂਦੇ ਹਨ। ਧਰਮ ਮਨੁੱਖੀ ਵਿਹਾਰ ਦੇ ਨਿਯਮ ਘੜਨ ਵਿਚ ਸਹਾਇਤਾ ਕਰਦਾ ਹੈ, ਧਰਮ ਵਿਚਲੀ ਨੈਤਿਕਤਾ ਸਮਾਜ ਵਿਚ ਸਦਾਚਾਰਕ ਗੁਣਾਂ ਦਾ ਵਿਕਾਸ ਕਰਦੀ ਹੈ ਤੇ ਧਰਮ ਇਕ ਸੰਗਠਨ ਦੇ ਰੂਪ ਵਿਚ ਕੰਮ ਕਰਦਾ ਹੈ। ਪਰੰਤੂ ਗੌਰ ਨਾਲ ਦੇਖੀਏ ਤਾਂ ਧਰਮ ਅਤੇ ਸਮਾਜ ਆਪਸ ਵਿਚ ਅੰਤਰ ਸੰਬੰਧਿਤ ਹਨ। ਚੰਗੇ ਸਮਾਜ ਅਤੇ ਉਸ ਸਮਾਜ ਵਿਚ ਚੰਗੇ

ਸਭਿਆਚਾਰ ਵਿਚ ਰਹਿਣ ਲਈ ਜੀਵ ਨੂੰ ਨੈਤਿਕ ਗੁਣ ਸਿਖਾਉਣ ਦਾ ਕੰਮ ਧਰਮ ਹੀ ਕਰਦਾ ਹੈ। ਇਹ ਨੈਤਿਕ ਗੁਣ ਜਾਂ ਪੱਖ ਕਿਤੇ ਨਾ ਕਿਤੇ ਉਸੇ ਸਭਿਆਚਾਰ ਦੇ ਹੀ ਚੰਗੇ ਗੁਣ ਜਾਂ ਪੱਖ ਹੁੰਦੇ ਹਨ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਹਰੇਕ ਸਭਿਆਚਾਰ ਉੱਥੋਂ ਦੇ ਧਰਮ ਦਾ ਸਰੂਪ ਨਿਸ਼ਚਿਤ ਕਰਦਾ ਹੈ। ਸਭਿਆਚਾਰ ਦੇ ਵੱਖ-ਵੱਖ ਅੰਗਾਂ ਦੀ ਇਕ-ਦੂਜੇ ਪ੍ਰਤੀ ਅੰਤਰ-ਨਿਰਭਰਤਾ ਹੁੰਦੀ ਹੈ, ਜੋ ਕਿ ਕੜੀ ਦੀ ਤਰ੍ਹਾਂ ਕੰਮ ਕਰਦਿਆਂ ਸਮੁੱਚੇ ਢਾਂਚੇ ਨੂੰ ਚਲਾਉਂਦੇ ਹਨ, ਉਸੇ ਕੜੀ ਦੇ ਰੂਪ ਵਿਚ ਧਰਮ ਵੀ ਸਭਿਆਚਾਰ ਸਿਰਜਣ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾਉਂਦਾ ਹੈ ਤੇ ਇਸ ਦੇ ਹੋਰ ਵੱਖ-ਵੱਖ ਰੂਪ ਜਿਵੇਂ ਰੀਤੀ-ਰਿਵਾਜ, ਰਸਮਾਂ, ਪਹਿਰਾਵਾ, ਬੋਲੀ, ਕਿੱਤੇ, ਵਿਸ਼ਵਾਸਾਂ, ਕਦਰਾਂ-ਕੀਮਤਾਂ ਆਦਿ ਨੂੰ ਪ੍ਰਭਾਵਿਤ ਕਰਦਾ ਹੈ।

ਜੇਕਰ ਪੰਜਾਬ ਦੇ ਸੰਦਰਭ ਵਿਚ ਦੇਖੀਏ ਤਾਂ ਪੰਜਾਬ ਦੀ ਧਰਤੀ ਮੁੱਢ ਤੋਂ ਰਿਸ਼ੀਆਂ-ਮੁਨੀਆਂ, ਪੀਰਾਂ-ਫਕੀਰਾਂ, ਗੁਰੂਆਂ-ਪੈਗ਼ੰਬਰਾਂ, ਸੰਤਾਂ-ਭਗਤਾਂ ਆਦਿ ਦੀ ਧਰਤੀ ਕਹਿ ਕੇ ਨਿਵਾਜਿਆ ਜਾਂਦਾ ਹੈ। ਸੁਭਾਵਿਕ ਹੈ ਕਿ ਇਸ ਧਰਤੀ ਤੇ ਹੋਣ ਵਾਲੇ ਸਮੁੱਚੇ ਕਾਰਜਾਂ ਉੱਪਰ ਧਰਮ ਦੀ ਅਮਿੱਟ ਛਾਪ ਹੈ। ਇੱਥੇ ਜੀਵਨ ਨਿਰਬਾਹ ਲਈ ਅਪਣਾਏ ਜਾਣ ਵਾਲੇ ਕਿੱਤਿਆਂ ਵਿੱਚੋਂ ਸੱਭ ਤੋਂ ਵੱਡੀ ਗਿਣਤੀ ਖੇਤੀ ਕਰਨ ਵਾਲਿਆਂ ਦੀ ਹੈ ਇਸ ਲਈ ਬਾਕੀ ਖੇਤਰਾਂ ਵਾਂਗ ਵੀ ਖੇਤੀ ਉੱਪਰ ਵੀ ਧਾਰਮਿਕ ਪ੍ਰਭਾਵ ਵੱਡੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਸ ਸਥਾਨ ਦੀ ਸਭ ਤੋਂ ਪੁਰਾਣੀ ਸੱਭਿਅਤਾ ਸਿੰਧੂ ਘਾਟੀ ਦੀ ਸੱਭਿਅਤਾ ਦੇ ਕਾਲ ਤੋਂ ਇੱਥੇ ਖੇਤੀ ਹੋਣ ਦੇ ਪ੍ਰਮਾਣ ਮਿਲਦੇ ਹਨ। ਵੈਦਿਕ ਕਾਲ, ਉੱਤਰ ਵੈਦਿਕ ਕਾਲ, ਮੌਰੀਆ ਕਾਲ ਸਮੇਤ ਪ੍ਰਾਚੀਨ ਭਾਰਤ ਤੋਂ ਮੱਧ ਕਾਲ ਅਤੇ ਮੱਧਕਾਲ ਤੋਂ ਆਧੁਨਿਕ ਕਾਲ ਤੱਕ ਇੱਥੇ ਖੇਤੀ ਦੀ ਪ੍ਰਧਾਨਤਾ ਰਹੀ ਹੈ। ਧਾਰਮਿਕ ਗੁਰੂਆਂ-ਪੀਰਾਂ ਦੁਆਰਾ ਵੀ ਇਸ ਕਿੱਤੇ ਨੂੰ ਅਪਣਾਇਆ ਤੇ ਕਿਰਤ ਦਾ ਉੱਤਮ ਰੂਪ ਆਖ ਕੇ ਵਡਿਆਇਆ ਗਿਆ ਹੈ। ਅਜੋਕੇ ਸਮੇਂ ਵੱਲ ਝਾਤ ਮਾਰੀਏ ਤਾਂ ਖੇਤੀ ਉੱਪਰ ਇੱਥੋਂ ਦੀ ਧਾਰਮਿਕ ਰੰਗਤ ਬਾਖ਼ੂਬੀ ਦਿਖਾਈ ਦਿੰਦੀ ਹੈ। ਇਸ ਗੱਲ ਦੀ ਪੁਸ਼ਟੀ ਅਨੇਕਾਂ ਕਵੀਆਂ ਦੁਆਰਾ ਸਮਕਾਲੀ ਪੰਜਾਬੀ ਕਵਿਤਾ ਵਿਚ ਕੀਤੀ ਹੈ। ਕਿਸਾਨ ਸੰਕਟ ਦੇ

ਵਿਰੋਧ ਵਿਚ ਉਪਜੇ ਕਿਸਾਨੀ ਅੰਦੋਲਨ ਵਿਚ ਅਜਿਹੀਆਂ ਧਾਰਮਿਕ ਬਾਤਾਂ ਵੱਖ-ਵੱਖ ਕਵੀਆਂ ਦੁਆਰਾ ਅਨੇਕਾਂ ਵਾਰ ਪਾਈਆਂ ਗਈਆਂ ਹਨ।

ਇਸ ਅਧਿਆਇ ਵਿਚ ਸਮਾਜ ਵਿਚ ਧਰਮ ਦੀ ਭੂਮਿਕਾ ਦੇ ਦੋ ਪੱਖਾਂ ਬਾਰੇ ਸਮਕਾਲੀ ਪੰਜਾਬੀ ਕਵਿਤਾ ਦੇ ਨਜ਼ਰੀਏ ਤੋਂ ਘੋਖ-ਪੜਚੋਲ ਕਰਾਂਗੇ। ਪਹਿਲਾ ਪੱਖ ਧਰਮ ਦੇ ਨਾਂ ਤੇ ਆਮ ਲੋਕਾਂ (ਪੰਜਾਬ ਵਿਚ ਵਿਸ਼ੇਸ਼ਕਰ ਕਿਸਾਨੀ ਨਾਲ ਸੰਬੰਧਿਤ ਲੋਕ) ਨੂੰ ਗੁੰਮਰਾਹ ਕਰ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤੇ ਜਾਣ ਬਾਰੇ ਹੈ ਤੇ ਦੂਜਾ ਧਰਮ ਦੇ ਮਾਧਿਅਮ ਰਾਹੀਂ ਕਿਸਾਨੀ ਸੰਕਟ ਦੇ ਵਿਰੁੱਧ ਪੈਦਾ ਹੋਈ ਚੇਤਨਾ ਦੀ ਹੈ। ਪਹਿਲੇ ਨੁਕਤੇ ਤੇ ਗੱਲ ਕਰੀਏ ਤਾਂ ਅੰਧ-ਭਗਤੀ ਤੇ ਫ਼ੋਕੀ ਆਸਥਾ ਦੇ ਨਾਂ ਤੇ ਲੋਕਾਂ ਨੂੰ ਆਪਣੀਆਂ ਗੱਲਾਂ ਦੇ ਜਾਲ ਵਿਚ ਫਸਾ ਲੈਣ ਦੀ ਕਲਾ ਰੱਖਣ ਵਾਲੇ ਸਾਧ-ਸੰਤ ਅੱਜ ਵੱਡੀ ਗਿਣਤੀ ਵਿਚ ਪੰਜਾਬ ਦੀ ਧਰਤੀ ਉੱਪਰ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕੇ ਹਨ। ਖੇਤੀ ਪ੍ਰਧਾਨ ਸੂਬੇ ਪੰਜਾਬ ਵਿਚ ਇਨ੍ਹਾਂ ਡੇਰਿਆਂ ਤੇ ਵੱਖ-ਵੱਖ ਧਰਮਾਂ ਦਾ ਪੰਜਾਬ ਦੀ ਖੇਤੀ ਉੱਪਰ ਸਿੱਧਾ ਅਸਰ ਪਿਆ ਹੈ।

ਆਰੰਭ ਵਿਚ ਡੇਰਾਵਾਦ ਦੇ ਵਧਣ ਦਾ ਸਭ ਤੋਂ ਵੱਡਾ ਕਾਰਨ ਸਮਾਜਿਕ ਨਾਬਰਾਬਰੀ ਨੂੰ ਮੰਨਿਆ ਜਾਂਦਾ ਸੀ ਜੋ ਕਿਤੇ ਨਾ ਕਿਤੇ ਠੀਕ ਵੀ ਸੀ। ਦਲਿਤ, ਪੱਛੜੀਆਂ ਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਜਦੋਂ ਉਨ੍ਹਾਂ ਦੇ ਧਾਰਮਿਕ ਸੰਸਥਾਨਾਂ ਵਿਚ ਬਣਦਾ ਮਾਨ-ਸਤਿਕਾਰ ਨਾ ਮਿਲਿਆ ਤਾਂ ਉਨ੍ਹਾਂ ਅਜਿਹੇ ਡੇਰਿਆਂ ਵੱਲ ਨੂੰ ਮੂੰਹ ਕੀਤਾ। ਪਰੰਤੂ ਸਮਾਂ ਪਾ ਕੇ ਹੁਣ ਇਹ ਰੁਝਾਨ ਕਿਸੇ ਵਿਸ਼ੇਸ਼ ਜਾਤ ਧਰਮ ਨਾਲ ਸੀਮਿਤ ਨਹੀਂ ਰਹਿ ਗਿਆ ਸਗੋਂ ਸਮੁੱਚੇ ਵਰਗਾਂ ਨਾਲ ਜੁੜ ਗਿਆ ਹੈ। ਇਸ ਰੁਝਾਨ ਦੇ ਵਧਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿਚ ਨਸ਼ਿਆਂ ਤੋਂ ਸਤਾਏ ਪਰਿਵਾਰ ਇਕ ਟੇਕ ਲੱਭਣ ਲਈ ਇਨ੍ਹਾਂ ਡੇਰਿਆਂ ਨਾਲ ਜੁੜੇ ਹਨ। ਪੁੱਤਰ ਪ੍ਰਾਪਤੀ ਦੀ ਚਾਹ, ਵਿਦੇਸ਼ਾਂ ਵਿਚ ਜਾਣ ਦੀ ਇੱਛਾ, ਕਾਰੋਬਾਰ ਵਿਚ ਵਾਧੇ ਦੀ ਕਾਮਨਾ ਆਦਿ ਪ੍ਰਮੁੱਖ ਕਾਰਨ ਹਨ। ਇਸ ਲਈ ਗਰੀਬ ਤੇ ਦਲਿਤਾਂ ਦੇ ਨਾਲ-ਨਾਲ ਵਪਾਰੀ ਵਰਗ, ਕਿਸਾਨ, ਖੇਤ ਮਜ਼ਦੂਰ ਅਤੇ ਹੋਰ ਲੋਕ ਵੀ ਇਨ੍ਹਾਂ ਡੇਰਿਆ ਦੇ ਪ੍ਰਭਾਵ ਵਿਚ ਆ ਕੇ ਧਾਰਮਿਕ ਆਸਥਾ ਦੇ ਨਾਂ ਤੇ ਆਪਣਾ ਧਨ ਲੁਟਾ ਰਹੇ ਹਨ। ਅਜਿਹੀ ਸਥਿਤੀ ਨੂੰ ਪ੍ਰਗਟ ਕਰਦਿਆਂ ਕਵੀ ਉਂਕਾਰ ਸਿੰਘ

ਤੇਜੇ ਕਿਸਾਨੀ ਸੰਕਟ ਦੇ ਪ੍ਰਭਾਵ ਤੇ ਵਿਰੋਧ ਵਿਚ ਉਪਜੇ ਸਭ ਤੋਂ ਵੱਡੇ ਘੋਲ ਕਿਸਾਨ ਅੰਦੋਲਨ ਦੌਰਾਨ ਲਿਖੀ ਆਪਣੀ ਪੁਸਤਕ ਵਿਚ ਕਵਿਤਾ 'ਡੇਰੇ ਬਾਰਡਰ 'ਤੇ' ਵਿਚ ਇਸ ਪ੍ਰਕਾਰ ਲਿਖਦੇ ਹਨ:

ਧਰਮਾਂ ਦੇ ਮੁੱਦਿਆਂ ਮਾਰ ਲਿਆ ਕੁੱਝ ਮਾਰਿਆ ਬੇਰੁਜ਼ਗਾਰੀ ਨੇ

ਰਹਿੰਦਾ ਖੂੰਹਦਾ ਲੁੱਟ ਲੈ ਗਏ ਵੱਡੇ ਵੇਖ ਵਪਾਰੀ ਨੇ (***ਜੱਦੋ ਜਹਿਦ*** 31)

ਧਰਮਾਂ ਵਿਚ ਉਲਝੇ ਲੋਕ ਧਰਮ ਦਾ ਮੂਲ ਸਿਧਾਂਤ 'ਮਾਨਵਤਾ' ਨੂੰ ਭੁੱਲ ਕੇ ਇਸ ਤੋਂ ਦੂਰ ਕਿਸੇ ਹੋਰ ਈ ਪਾਸੇ ਭਟਕ ਰਹੇ ਹਨ। ਸਮਾਜ ਵਿਚ ਫੈਲੇ ਅਖੌਤੀ ਸਾਧ-ਸੰਤਾਂ ਨੇ ਭੋਲੇ-ਭਾਲੇ ਲੋਕਾਂ ਨੂੰ ਆਪਣੇ ਮਗਰ ਲਾ ਕੇ ਆਪ ਤਾਂ ਮਹਿਲਨੁਮਾ ਡੇਰੇ ਉਸਾਰ ਲਏ ਹਨ ਪਰ ਗੁਰਬਤ ਦੇ ਮਾਰੇ ਇਹ ਲੋਕ ਆਪਣੇ ਜੀਵਨ ਵਿਚ ਦੋ ਵਕਤ ਦੀ ਰੋਟੀ ਤੋਂ ਮੁਹਤਾਜ ਹਨ। ਰੱਬ ਦੇ ਨਾਮ ਤੋਂ ਲੋਕਾਂ ਨੂੰ ਡਰਾ ਕੇ ਇਨ੍ਹਾਂ ਆਪਣਾ ਉੱਲੂ ਸਿੱਧਾ ਕਰਨ ਵਿਚ ਇਨ੍ਹਾਂ ਨੂੰ ਜਿਵੇਂ ਮੁਹਾਰਤ ਹਾਸਿਲ ਹੈ। ਪੰਜਾਬ ਸੂਬਾ ਜਿਸ ਦੀ ਲਗਭਗ ਦੋ-ਤਿਹਾਈ ਆਬਾਦੀ ਕਿਸਾਨੀ ਨਾਲ ਜੁੜੀ ਹੋਈ ਹੈ, ਇਸ ਧਰਮ ਜਾਂ ਡੇਰੇਵਾਦ ਦੇ ਪ੍ਰਭਾਵ ਹੇਠ ਆਪਣੀ ਮਿਹਨਤ ਦੀ ਕਿਰਤ ਨੂੰ ਗਵਾਹ ਲੈਂਦੀ ਹੈ। ਇਸੇ ਦੁਖਾਂਤ ਨੂੰ ਕਵੀ ਗੁਰਦਿਆਲ ਸਿੰਘ ਚੀਮਾ ਕਵਿਤਾ ਪਾਪੀ ਲਾਇਆਂ- ਆ ਕੇ ਲਈ ਨਾ ਗਰੀਬਾਂ ਦੀ ਸਾਰ ਵਿਚ ਇੰਞ ਪੇਸ਼ ਕਰਦੇ ਹਨ:

ਰੱਬ ਦੇ ਨਾਂ ਉੱਤੇ ਤੁਸਾਂ ਲੋਕਾਂ ਨੂੰ ਡਰਾਇਆ ਏ

ਜਮਾਂ ਮੁਨ ਦਿੱਤਾ ਜਿਹੜਾ ਤੁਹਾਡੇ ਹੱਥ ਆਇਆ ਏ

ਪਹਿਲੋਂ ਜਿਹੜੀ ਪੈਂਦੀ ਸੀ, ਅਸਾਡੇ ਉੱਤੇ ਹੁਣ ਪਊ-

ਤੁਹਾਡੇ ਤੇ ਜਮਾਂ ਦੀ ਉਹੀ ਮਾਰ

ਸਾਧ ਲਾਇਆਂ ਖਾ-ਪੀ ਹੋ ਜਾਂਦੇ ਹੋ ਫਰਾਰ

_ _ _ _ _ _ _ _ _ _ _ _ _ _ _

ਪਿਛਲੇ ਵਰੇ ਗੜਿਆਂ ਨੇ ਕਰਤੀ ਤਬਾਹੀ ਸੀ

ਹੋ ਕੇ ਮਜ਼ਬੂਰ ਖੜ੍ਹੀ ਫਸਲ ਸਾਰੀ ਵਾਹੀ ਸੀ

ਕਿੰਨੇ ਲੋਕ ਮਰਦੇ ਨੇ ਭੁੱਖ ਜਾਂ ਬਿਮਾਰੀ ਨਾਲ-

ਪਰ ਤੁਸੀਂ ਜਾਂਦੇ ਓ ਡਕਾਰ

ਸਾਧ ਲਾਇਆ ਖਾ-ਪੀ ਹੋ ਜਾਂਦੇ ਹੋ ਫਰਾਰ ( ਹੰਭਲਾ ਮਾਰ ਕਿਸਾਨਾਂ 85,86)

ਇਹ ਗੱਲ ਪੂਰੀ ਤਰ੍ਹਾਂ ਸੱਚ ਹੈ ਕਿ ਕਈ ਅਜਿਹੇ ਸਾਧ ਸੰਤ ਹਨ ਜਿਨ੍ਹਾਂ ਦਾ ਵਰਤਾਰਾ ਅਜਿਹਾ ਹੈ ਕਿ ਉਹ ਖਾਣ-ਪੀਣ ਦੇ ਦਿਨ ਭਾਵ ਕਿਸਾਨਾਂ ਦੀ ਫਸਲ ਸੰਭਾਲਣ ਦੇ ਸਮੇਂ ਪਿੰਡਾਂ-ਪਿੰਡਾਂ ਵਿਚ ਬੋਰੀਆਂ ਲੈ ਕੇ ਅਨਾਜ ਤੇ ਪੈਸੇ ਆਦਿ ਮੰਗਣ ਲਈ ਤੁਰ ਪੈਂਦੇ ਹਨ ਤੇ ਕਿਰਤ ਦਾ ਉਪਦੇਸ਼ ਦੇਣ ਵਾਲੇ ਗੁਰੂਆਂ ਦੇ ਨਾਮ ਤੇ ਇਹ ਮੰਗ ਕੇ ਧਨ ਤੇ ਅਨਾਜ ਦੇ ਭੰਡਾਰ ਭਰ ਲੈਂਦੇ ਹਨ। ਗੁਰੂ ਘਰਾਂ ਦੀਆਂ ਗੋਲਕਾਂ ਉੱਪਰ ਕਾਬਜ਼ ਧਨਾੜ ਵਰਗ ਅਕਸਰ ਸਟੇਜਾਂ ਤੇ ਭੰਡਾਲਾਂ 'ਚ ਖੜ੍ਹ ਵੱਧ ਤੋਂ ਵੱਧ ਧਨ ਦਾਨ ਕਰਨ ਦੀਆਂ ਅਪੀਲਾਂ ਕਰਦੇ ਹਨ। ਜਿੱਥੇ ਭੋਲੇ-ਭਾਲੇ ਕਿਸਾਨ-ਜ਼ਿਮੀਂਦਾਰ ਇਨ੍ਹਾਂ ਦੀਆਂ ਤਕਰੀਰਾਂ ਵਿਚ ਆ ਕੇ ਸਮਾਜ ਵਿਚ ਦੂਜਿਆਂ ਦੀ ਬਰਾਬਰੀ ਅਤੇ ਸਮਾਜਿਕ ਇੱਜ਼ਤ ਮਾਣ ਲਈ ਆਪਣੀ ਮਿਹਨਤ ਦੀ ਪੂੰਜੀ ਲੁਟਾ ਦਿੰਦੇ ਹਨ। ਗੁਰੂ ਦੀ ਗੋਲਕ ਕੇਵਲ ਗੁਰੂ ਦੀ ਨਹੀਂ ਸਗੋਂ ਪ੍ਰਬੰਧਕਾਂ ਤੇ ਕਮੇਟੀਆਂ ਦੀ ਨਿੱਜੀ ਮਲਕੀਅਤ ਬਣ ਗਈ ਹੈ। ਇਨ੍ਹਾਂ ਧਾਰਮਿਕ ਸੰਸਥਾਨਾਂ ਵਿਚ ਵੱਧ ਤੋਂ ਵੱਧ ਮਾਇਆ ਦੇਣ ਵਾਲਿਆਂ ਨੂੰ ਚੌਧਰਾਂ ਦਿੱਤੀਆਂ ਜਾਂਦੀਆਂ ਹਨ। ਕਵੀ ਰਾਮ ਸਿੰਘ ਹਠੂਰ ਇਸ ਗੱਲ ਦੀ ਪੁਸ਼ਟੀ ਆਪਣੀ ਪੁਸਤਕ '**ਹੈ ਅਜੇ ਹਨੇਰਾ'** ਦੇ ਪੰਨਾ 11 ਵਿਚ ਆਪਣੀ ਰਚਨਾਵਾਂ ਰਾਹੀਂ ਕਰਦਿਆਂ ਕਵਿਤਾ 'ਧਰਮ' ਵਿਚ ਲਿਖਦੇ ਹਨ:

ਉੱਥੇ ਬਗਲੇ ਡਾਰਾਂ ਬੰਨ ਬੈਠੇ, ਜਿੱਥੇ ਪੈਲਂ ਪਾਈਆਂ ਮੋਰਾਂ ਨੇ

ਸਿੱਖੀ ਦੇ ਵਾਰਿਸ ਹੋਰ ਤੇਰੇ, ਇੱਥੇ ਕਬਜ਼ਾ ਕੀਤਾ ਹੋਰਾਂ ਨੇ

ਇਸ ਗੱਲ ਦੀ ਪੁਸ਼ਟੀ ਆਪਣੀ ਰਚਨਾ 'ਓਏ ਪੰਜਾਬ ਸਿੰਹਾ' ਵਿਚ ਹਰਵਿੰਦਰ ਕੌਰ ਹਰਿਆਓ' ਰਜਿੰਦਰ ਸਿੰਘ ਰਾਜਨ ਦੁਆਰਾ ਸੰਪਾਦਿਤ ਪੁਸਤਕ ਵਿਚ ਇਸ ਪ੍ਰਕਾਰ ਕਰਦੇ ਹਨ:

ਤੇਰੇ ਪੁੱਤਾਂ ਦੀ ਮੱਤ ਡੇਰਿਆਂ ਮਾਰੀ,

ਬੈਠੇ ਬਾਬੇ ਨਾਨਕ ਮਨੋਂ ਵਿਸਾਰੀ,

ਲੱਭ ਲਿਆ ਉਹ ਤੱਕੜੀ ਜਿਹੜੀ ਤੇਰਾਂ-ਤੇਰਾਂ ਤੋਲੇ ਓਏ ਪੰਜਾਬ ਸਿੰਹਾ (***ਖੇਤਾਂ ਦੇ ਪੁੱਤ ਜਾਗ ਪਏ***, 97)

ਇਹੀ ਕਾਰਨ ਹੈ ਕਿ ਧਾਰਮਿਕ ਸੰਸਥਾਵਾਂ ਉੱਪਰ ਧਰਮ ਦੀ ਸਮਝ ਰੱਖਣ ਵਾਲੇ ਘੱਟ ਤੇ ਘੜੰਮ ਚੌਧਰੀ ਜਿਆਦਾ ਦੇਖੇ ਜਾ ਸਕਦੇ ਹਨ। ਗੁਰੂ ਸਹਿਬਾਨ ਦੁਆਰਾ ਉਸ ਵਕਤ ਦਿੱਤੇ 'ਦਸਵੰਧ' ਦੇ ਉਪਦੇਸ਼ ਦਾ ਮਕਸਦ ਉਸ ਵੇਲੇ ਦੀਆਂ ਜ਼ਰੂਰਤਾਂ ਮੁਤਾਬਿਕ ਕੁੱਝ ਹੋਰ ਸੀ ਪਰੰਤੂ ਜੇਕਰ ਅੱਜ ਵੀ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਨੀ ਹੋਵੇ ਤਾਂ ਇਸ 'ਦਸਵੰਧ' ਦਾ ਮਕਸਦ ਖਲਕਤ ਦੀ ਭਲਾਈ ਹੋਣਾ ਚਾਹੀਦਾ ਹੈ। ਪਰੰਤੂ ਅਜੋਕੇ ਯੁੱਗ ਵਿਚ ਇਹ ਸਿਧਾਂਤ ਕਿਤੇ ਦੂਰ ਹੀ ਛੁੱਟ ਗਿਆ ਹੈ। ਇਸ ਹੀ ਗੱਲ ਨੂੰ ਕਵੀ ਆਪਣੀ ਦੂਜੀ ਰਚਨਾ 'ਮਸੰਦ' ਵਿਚ ਵੀ ਧਰਮ ਉੱਪਰ ਤੰਜ ਕਸਦਿਆਂ ਉਹਨਾਂ ਦੁਆਰਾ ਸਿਰਫ਼ ਤੇ ਸਿਰਫ਼ ਮਾਇਆ ਹਾਸਿਲ ਕਰਨ ਦੀ ਪ੍ਰਵਿਰਤੀ ਨੂੰ ਬਿਆਨ ਕਰਦਿਆਂ ਲਿਖਦੇ ਹਨ:

ਹੈ ਪੂਰਾ ਪ੍ਰਚਾਰ ਤੇਰੀ ਸਿੱਖੀ ਦਾ ਸਾਥੀ ਨੇ ਸੱਜਣ ਠੱਗ ਦੇ

ਚਿਹਰੇ ਫੱਬਦੇ ਨਾਲ ਦਸਤਾਰਾਂ ਵੇਖਣੇ ਨੂੰ ਸਿੰਘ ਲੱਗਦੇ

ਖੋਹ ਕੇ ਖਾਂਦੇ ਨੇ ਗਰੀਬਾਂ ਹੱਥੋਂ ਰੋਟੀਆਂ

ਇਹ ਕਾਲੇ ਕਾਂ ਵੈਰੀ ਬਾਜ਼ ਦੇ

ਜਿਹੜੇ ਸਾੜੇ ਸੀ ਮਸੰਦ ਬਾਜ਼ਾਂ ਵਾਲੇ ਨੇ ਮੁਰਦੇ ਉਹ ਫੇਰ ਜਾਗ ਪਏ। (**ਓਹੀ ਪੁਸਤਕ,** 19)

ਇਸ ਤਰ੍ਹਾਂ ਕਵੀ ਸਿੱਖ ਧਰਮ ਵਿਚ ਫੈਲੇ ਪਾਖੰਡੀ ਸਾਧ ਜਾਂ ਅਖੌਤੀ ਬਾਬਿਆਂ ਦੇ ਕਿਰਦਾਰ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਅਸਲ ਵਿਚ ਧਰਮ ਅਤੇ ਅੰਨ੍ਹੀ ਆਸਥਾ ਦਾ ਸੰਬੰਧ ਦਿਲ ਅਤੇ ਧੜਕਣ ਦੀ ਤਰ੍ਹਾਂ ਪੇਚੀਦਾ ਹੈ ਜਿਸ ਦੀ ਆੜ 'ਚ ਪਾਖੰਡੀ ਆਪਣਾ ਸਾਮਰਾਜ ਚਲਾ ਰਹੇ ਹਨ। ਬਹੁਤ ਸਾਰੀਆਂ ਸੰਸਥਾਵਾਂ ਇਨ੍ਹਾਂ ਦੇ ਵਿਰੁੱਧ ਆਵਾਜ਼ ਵੀ ਬੁਲੰਦ ਕਰਦੀਆਂ ਹਨ। ਪਰ ਉਨ੍ਹਾਂ ਉੱਪਰ ਅਕਸਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਇਲਜ਼ਾਮ ਮੜ੍ਹ ਦਿੱਤੇ ਜਾਂਦੇ ਹਨ। ਸੋ ਧਰਮ ਦਾ ਇਹ ਪਹਿਲੂ ਧਰਮ ਦੇ ਮੂਲ ਸਿਧਾਂਤਾਂ ਦੀ ਪ੍ਰੋੜਤਾ ਕਰਦੇ ਹੋਏ ਇਸ ਦੁਆਰਾ ਸਮਾਜ ਵਿਚ ਕ੍ਰਾਂਤੀ ਲਿਆਉਣ, ਜਬਰ ਦਾ ਟਾਕਰਾ ਕਰਨ ਅਤੇ ਸਮਾਜ ਵਿਚ ਬਰਾਬਰੀ ਤੇ ਭਰਾਤਰੀ ਭਾਵ ਤੇ ਕਿਸਾਨਾਂ ਦੀ ਜੋ ਰਹੀ ਆਰਥਿਕ ਲੁੱਟ-ਖਸੁੱਟ ਦੀ ਗੱਲ ਕਰਦਾ ਹੈ। ਧਰਮ ਦੇ ਇਸ ਪਹਿਲੂ ਨੂੰ ਸਮਕਾਲੀ ਪੰਜਾਬੀ ਕਵਿਤਾ ਵਿਚ ਕਵੀਆਂ ਨੇ ਕਿਸਾਨ ਅੰਦੋਲਨ ਦੌਰਾਨ ਸਿਰਜੀ ਕਵਿਤਾ ਵਿਚ ਪ੍ਰਗਟਾਉਣ ਦਾ ਯਤਨ ਕੀਤਾ ਹੈ। ਜਿੱਥੇ ਸਮਕਾਲੀ ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਪੰਜਾਬੀ ਕਵੀਆਂ ਨੇ ਧਾਰਮਿਕ ਸੰਸਥਾਨਾਂ, ਧਾਰਮਿਕ ਕਰਮ-ਕਾਂਡਾ ਤੇ ਧਰਮ ਵਿਚ ਫੈਲੀਆਂ ਕੁਰੀਤੀਆਂ ਰਾਹੀਂ ਉਪਜੇ ਕਿਸਾਨੀ ਸੰਕਟ ਨੂੰ ਨਸ਼ਰ ਕੀਤਾ ਹੈ ਉੱਥੇ ਹੀ ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਧਾਰਮਿਕ ਪੱਖਾਂ ਤੋਂ ਸੰਭਾਵਨਾਵਾਂ ਨੂੰ ਵੀ ਤਲਾਸ਼ਣ ਦਾ ਯਤਨ ਕੀਤਾ ਹੈ। ਧਰਮ ਦੇ ਮਾਧਿਅਮ ਰਾਹੀਂ ਉਪਜੇ ਨੈਤਿਕਤਾ ਦੇ ਭਾਵ, ਆਪਸੀ ਭਾਈਚਾਰਕ ਸਾਂਝ ਅਤੇ ਜਬਰ ਦੇ ਖਿਲਾਫ਼ ਡਟ ਜਾਣ ਦੀ ਹਿੰਮਤ ਤੇ ਜਜ਼ਬਾ ਪੰਜਾਬ ਵਿਚਲੇ ਧਰਮ ਦੇ ਸੰਕਲਪ ਦੀ ਹੀ ਦੇਣ ਹੈ।

ਇਸੇ ਤਰ੍ਹਾਂ 21ਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤਿਮ ਚਰਨ ਵਿਚ ਸ਼ੁਰੂ ਹੋਏ ਕਿਸਾਨ ਅੰਦੋਲਨ ਨੂੰ ਬਿਆਨਦੇ ਬਹੁਤ ਸਾਰੇ ਕਵੀਆਂ ਨੇ ਧਾਰਮਿਕ ਸੇਧ ਰਾਹੀਂ ਹੀ ਆਪਣੇ ਅੰਦਰ ਕਈ ਪੱਖਾਂ ਤੋਂ ਭਵਿੱਖ ਦੀਆਂ ਆਸਾਂ ਨੂੰ ਸਿੰਝਿਆ ਹੈ। ਵਰਿਆਮ ਸੰਧੂ ਕਿਸਾਨ ਅੰਦੋਲਨ ਦੌਰਾਨ ਜੁੱਟੇ ਵੱਖ-ਵੱਖ ਸੂਬਿਆਂ ਦੇ ਕਿਸਾਨਾਂ ਨੂੰ ਬਾਬੇ ਨਾਨਕ ਦੇ ਪੈਰੋਕਾਰ ਕਹਿ ਕੇ ਸਤਿਕਾਰਦਾ ਹੈ ਤੇ ਮਿੱਟੀ ਪ੍ਰਤੀ ਉਹਨਾਂ ਦੇ ਮੋਹ ਨੂੰ ਇੰਝ ਬਿਆਨ ਕਰਦਾ ਹੈ:

ਬਾਬਾ!

ਤੇਰੇ ਪੁੱਤ ਤੁਰੇ ਨੇ

ਲੰਮੀ ਵਾਟ ਉਦਾਸੀ ਵਾਲੀ

ਸਭ ਬਾਲੇ, ਮਰਦਾਨੇ, ਲਾਲੋ ਕੱਠੇ ਹੋ ਕੇ

ਸਭੇ ਤੇਰੇ ਧੀਆਂ ਪੁੱਤਰ

ਭਰ ਮਿੱਟੀ ਦੀਆਂ ਮੁੱਠਾਂ

ਤੇਰੇ ਖ਼ੇਤਾਂ ਵਿਚੋਂ

ਧਰ ਕੇ ਮੋਢੇ

ਤੇਰੇ ਹਲ਼ ਨੂੰ

ਜਿਸਦੇ ਫਾਲੇ ਉੱਤੇ ਬੈਠਾ

ਇਸ ਵੇਲੇ ਪੰਜਾਬ ਪਿਆਰਾ (**punjabikavita.com)**

ਕਿਸਾਨਾਂ ਦੇ ਦਿੱਲੀ ਮੋਰਚੇ ਦੇ ਦ੍ਰਿਸ਼ ਨੂੰ ਉਘਾੜਦਿਆ ਕਵੀ ਵਰਿਆਮ ਸੰਧੂ ਕਿਸਾਨਾਂ ਨੂੰ ਬਾਬੇ ਨਾਨਕ ਦੇ ਪੈਰੋਕਾਰ ਆਖ ਕੇ ਸੰਬੋਧਿਤ ਕਰਦਾ ਤੇ ਸਮੁੱਚੇ ਕਿਸਾਨਾਂ ਨੂੰ ਇਕਜੁੱਟਤਾ ਨਾਲ ਸਾਂਝੇ ਉਦੇਸ਼ ਦੀ ਪ੍ਰਾਪਤੀ ਲਈ ਅੱਗੇ ਵੱਲ ਵਧਣ ਦਾ ਸੰਕੇਤ ਰਾਹੀਂ ਜ਼ੁਲਮ ਨਾਲ ਟਾਕਰਾ ਲੈਣ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸੇ ਹੀ ਤਰਾਂ ਪੁਸਤਕ ***ਕਿਸਾਨੀ ਇਬਾਰਤ,*** ਜਿਸ ਦੀ ਸੰਪਾਦਕਾ ਪਰਵਾਸੀ ਲੇਖਕ ਦਿਓਲ ਪਰਮਜੀਤ ਹੈ, ਵਿਚ ਪੰਨਾ 21 ਉੱਪਰ ਡਾ. ਅਮਰ ਜਿਊਤੀ ਆਪਣੀ ਰਚਨਾ ਜਿਸ ਦਾ ਸਿਰਲੇਖ ਕਿਸਾਨਾਂ ਵਿਚ ਬੈਠਾ ਨਾਨਕ ਵਿਚ ਅੰਦੋਲਨ ਦੌਰਾਨ ਮਿਲ ਬੈਠੇ ਕਿਸਾਨਾਂ ਵਿਚੋਂ ਬਾਬੇ ਨਾਨਕ ਦੇ ਦਰਸ਼ਨ ਕਰਦੀ ਹੈ:

ਕਿਸਾਨਾਂ ਵਿਚ ਬੈਠਾ ਮੈਨੂੰ

ਨਾਨਕ ਨਜ਼ਰ ਆਇਆ

ਉਹਨਾਂ ਦੇ ਹੱਕ ਦਾ

ਨਾਅਰਾ ਉਸ ਲਾਇਆ

ਧਰਤੀ ਵਿੱਚ ਬੀਜੀ ਸੀ

ਉਸਨੇ ਰਹਿਮਤ

ਉੱਗੀ ਸੀ ਉਸ ਵਿੱਚ

ਲੋਕਾਂ ਦੀ ਖਿਦਮਤ

ਅੰਨ ਦੇ ਭੰਡਾਰ ਖੁੱਲੇ

ਲੰਗਰ ਵਰਤਾਇਆ

ਕਿਸਾਨਾਂ ਵਿੱਚ ਬੈਠਾ ਮੈਨੂੰ

ਨਾਨਕ ਨਜ਼ਰ ਆਇਆ 21

ਨਾਨਕ ਨੂੰ ਕੇਵਲ ਧਾਰਮਿਕ ਹੱਦਾਂ ਵਿਚ ਬੰਨਣ ਦੀ ਬਜਾਇ ਕਵਿਤਰੀ ਨਾਨਕ ਨੂੰ ਇਕ ਕ੍ਰਾਂਤੀਕਾਰੀ ਤੇ ਇਕ ਕਿਰਤੀ ਦੇ ਰੂਪ ਵਿਚ ਪ੍ਰਗਟਾਉਂਦੀ ਹੈ। ਇਕ ਕਿਰਤੀ ਜੋ ਦਸਾਂ ਨਹੁੰਆਂ ਨਾਲ ਮਿਹਨਤ ਕਰਦਾ ਤੇ ਹੱਕ ਸੱਚ ਦੀ ਰੋਟੀ ਕਮਾਉਣ ਵਿਚ ਵਿਸ਼ਵਾਸ ਰੱਖਦਾ ਹੈ ਤੇ ਇਕ ਕ੍ਰਾਂਤੀਕਾਰੀ ਜੋ ਆਪਣੇ ਹੱਕਾਂ ਦੀ ਰੱਖਿਆ ਲਈ ਜ਼ਬਰ ਤੇ ਝੂਠ ਅੱਗੇ ਹਿੱਕ ਡਾਹ ਕੇ ਖੜ੍ਹ ਜਾਂਦਾ ਹੈ। ਹੱਕਾਂ ਦੀ ਪ੍ਰਾਪਤੀ ਲਈ ਅਜਿਹੀ ਵਿਥਿਆ ਨੂੰ ਪੇਸ਼ ਕਰਦਿਆਂ ਇਸੇ ਹੀ ਪੁਸਤਕ ਵਿਚ ਲੇਖਿਕਾ ਸੁਰਜੀਤ ਆਪਣੀ ਕਵਿਤਾ ਨਵਾਂ ਵਰਕਾ ਵਿਚ ਹੱਕ ਮੰਗਦੇ ਕਿਸਾਨਾਂ ਦੀ ਦਲੇਰੀ ਨੂੰ ਵਡਿਆਉਂਦੀ ਹੈ, ਨਾਲ ਹੀ ਠੰਡ ਦੇ ਦਿਨਾਂ ਵਿਚ ਸੜਕਾਂ ਤੇ ਬੈਠੇ ਕਿਸਾਨਾਂ ਨੂੰ ਉਹ ਮਾਤਾ ਗੁਜ਼ਰੀ ਦੁਆਰਾ ਹੰਢਾਏ ਜਬਰ ਬਾਰੇ ਦੱਸਦਿਆ ਉਹਨਾਂ ਅੰਦਰ ਉਸੇ ਚਿਣਗ ਨੂੰ ਪੈਦਾ ਕਰਨ ਦਾ ਯਤਨ ਕਰਦਿਆਂ ਉਹ ਲਿਖਦੇ ਹਨ:

ਹੱਕ ਮੰਗਦੇ ਹਿੱਕਾਂ ਤਾਣ

ਆਪਣੀ ਜ਼ਮੀਨ 'ਤੇ ਕਰਦੇ ਮਾਣ ਕਿਸਾਨ

ਆਪਣੀ ਜ਼ਮੀਨ ਨੂੰ ਸਮਝਦੇ ਮਾਂ ਸਮਾਨ

ਡਟੇ ਨੇ ਦਿੱਲੀ ਦੀਆਂ ਬਰੂਹਾਂ ਤੇ

ਮਾਂ ਗੁਜ਼ਰੀ ਦੇ ਲਾਲ ਇਹ

ਡਰਦੇ ਨਹੀਂ ਠੰਡੀਆਂ ਰਾਤਾਂ ਤੋਂ

ਕਰਦੇ ਨਮਾਜ਼ ਆਰਤੀ ਤੇ ਅਰਦਾਸ ਇਕੋ ਜਗ੍ਹਾ ! 30,31

ਜਿੱਥੇ ਇਨ੍ਹਾਂ ਕਵਿਤਰੀਆਂ ਦੁਆਰਾ ਕਿਸਾਨਾਂ ਨੂੰ ਧਾਰਮਿਕ ਚਿੰਨ੍ਹਾਂ ਤੇ ਹੋਰ ਪ੍ਰਤੀਕਾਂ ਰਾਹੀਂ ਹੌਸਲਾ ਦਿੱਤਾ ਤੇ ਇਕ-ਜੁੱਟ ਕਰਨ ਦਾ ਕੰਮ ਕੀਤਾ ਹੈ ਉੱਥੇ ਹੀ ਕਿਸਾਨਾਂ ਦੀ ਮਾਨਸਿਕ ਦਸ਼ਾ ਨੂੰ ਬਿਆਨਦਿਆਂ ਇਕ ਸੁਹਿਰਦ ਸਾਹਿਤਕਾਰ ਦੀ ਤਰ੍ਹਾਂ ਉਹ ਹੁਕਮਰਾਨਾਂ ਨੂੰ ਪੰਜਾਬ ਤੇ ਵਿਸ਼ੇਸ਼ਕਰ ਸਿੱਖ ਧਰਮ ਦੀਆਂ ਕੁਰਬਾਨੀਆਂ ਦੀ ਯਾਦ ਵੀ ਕਰਵਾਉਂਦੀਆਂ ਹਨ। ਇਸੇ ਗੱਲ ਦੀ ਪ੍ਰੋੜਤਾ ਕਰਦੇ ਹੋਏ ਕਵੀ ਸੁਰਜੀਤ ਪਾਤਰ ਆਨ ਲਾਇਨ ਕਾਵਿ ਸੰਗ੍ਰਹਿ ਧਰਤਿ ਵੰਗਾਰੇ ਤਖ਼ਤ ਨੂੰ ਵਿਚ ਹਾਕਮ ਧਿਰਾਂ ਦੇ ਕਾਰਪੋਰੇਟਾਂ ਨਾਲ ਮਿਲੀ ਭੁਗਤ ਤੇ ਵਿਅੰਗ ਅਤੇ ਕਿਰਤੀ-ਕਿਸਾਨ ਦੀ ਉਪਮਾ ਭਾਈ ਲਾਲੋ ਨਾਲ ਕੀਤੀ ਹੈ:

ਮੈਨੂੰ ਫ਼ਿਕਰ ਲਾਲੋ ਦੇ ਕੋਧਰੇ ਦਾ

ਤੈਨੂੰ ਭਾਗੋ ਦੇ ਪਕਵਾਨ ਦਾ ਏ

ਇਹ ਬਾਤ ਨਿਰੀ ਏਨੀ ਹੀ ਨਹੀਂ

--------------------------------

ਤੇਰੇ ਨਾਲ ਅਮੀਰ ਵਜ਼ੀਰ ਖੜ੍ਹੇ

ਮੇਰੇ ਨਾਲ ਪੈਗੰਬਰ ਪੀਰ ਖੜ੍ਹੇ

ਰਵੀਦਾਸ ਫ਼ਰੀਦ ਕਬੀਰ ਖੜ੍ਹੇ

ਮੇਰੇ ਨਾਨਕ ਸ਼ਾਹ ਫ਼ਕੀਰ ਖੜ੍ਹੇ

ਮੇਰਾ ਨਾਮਦੇਵ ਮੇਰਾ ਧੰਨਾ ਵੀ

ਮੈਨੂੰ ਮਾਣ ਆਪਣੀ ਇਸ ਸ਼ਾਨ ਦਾ ਏ

ਇਹ ਬਾਤ ਨਿਰੀ ਏਨੀ ਹੀ ਨਹੀਂ। (**punjabikavita.com)**

ਲਾਲੋ ਦੇ ਕੋਧਰੇ ਦਾ ਫਿਕਰ ਨੂੰ ਪ੍ਰਤੀਕਾਤਮਕ ਤੌਰ ਤੇ ਕਿਸਾਨਾਂ ਦੇ ਹੱਕਾਂ ਨਾਲ ਜੋੜਦਿਆਂ ਕਵੀ ਸੁਰਜੀਤ ਪਾਤਰ ਸਰਕਾਰਾਂ ਦੀ ਕਾਰਪੋਰੇਟਾਂ ਨਾਲ ਸਾਂਝ ਨੂੰ ਭਾਗੋ ਦਾ ਪ੍ਰਤੀਕ ਦੱਸਦਾ ਹੈ ਕਿ ਕਿਵੇਂ ਆਮ ਵਰਗ ਦੇ ਹੱਕਾਂ ਨੂੰ ਅੱਖੋਂ ਓਹਲੇ ਕਰਕੇ ਸਰਕਾਰਾਂ ਵੱਡੇ ਪੂੰਜੀਪਤੀਆਂ ਦੇ ਹੱਕ ਵਿਚ ਭੁਗਤ ਦੀਆਂ ਹਨ। ਇਸੇ ਹੀ ਤਰ੍ਹਾਂ ਇਸ ਕਿਸਾਨ ਅੰਦੋਲਨ ਵਿਚ ਸਿੱਖ ਧਰਮ ਦੀ ਇਕ ਵੱਡੀ ਪਹਿਚਾਣ ਲੰਗਰ ਜੋ ਕਿ ਵੰਡ ਛਕਣ ਦਾ ਪ੍ਰਤੀਕ ਹੈ ਨੂੰ ਪ੍ਰਭਾਵਸ਼ਾਲੀ ਅਰਥਾਂ ਵਿਚ ਪੇਸ਼ ਕੀਤਾ ਹੈ ਤੇ ਲੰਗਰ ਤੇ ਪੰਗਤ ਦੇ ਸੰਕਲਪ ਨੂੰ ਸਹੀ ਅਰਥਾਂ ਵਿਚ ਲਾਗੂ ਹੁੰਦਾ ਪੂਰੀ ਦੁਨੀਆਂ ਨੇ ਦੇਖਿਆ। ਜਿਸ ਬਾਰੇ ਵਿਚ ਪਰਵਾਸੀ ਕਵੀ ਦਲਜਿੰਦਰ ਰਹਿਲ ਲਿਖਦੇ ਹਨ:

ਇਹ ਸੰਗਤ ਦੀ ਪੰਗਤ

ਤੇ ਲੰਗਰ ਦੀ ਰੀਤ ਹੈ

ਇਹ ਦੁੱਖ-ਦਰਦ ਸਾਂਝ-ਸੰਜਮ

ਜਿੱਤ ਦਾ ਪ੍ਰਤੀਕ ਹੈ।

ਬੁੱਧ, ਈਸਾ, ਅੱਲ੍ਹਾ ਅਤੇ

ਗੀਤਾ ਦੇ ਸਲੋਕ ਨੇ

ਅੱਗੇ ਅੱਗੇ ਨਾਨਕ

ਤੇ ਪਿੱਛੇ ਪਿੱਛੇ ਲੋਕ ਨੇ (***ਮਿੱਟੀ ਦੇ ਵਣਜਾਰੇ*** 96)

ਸੋ ਇਸ ਪ੍ਰਕਾਰ ਕਿਸਾਨ ਅੰਦੋਲਨ ਦੌਰਾਨ ਪੇਸ਼ ਹੋਈ ਸਾਂਝੀਵਾਲਤਾ ਦਾ ਨਮੂਨਾ ਪਿਛਲੇ ਲੰਮੇ ਸਮੇਂ ਤੋਂ ਕਦੇ ਇੰਝ ਨਹੀਂ ਦੇਖਣ ਨੂੰ ਮਿਲਿਆ। । ਕਵਿਤਾ ਕਿਸਾਨ ਹਾਂ ਦੇ ਲੇਖਕ ਡਾ. ਸਵਰਾਜਬੀਰ; ਅਰਤਿੰਦਰ ਸੰਧੂ ਅਤੇ ਡਾ. ਮੋਹਨ ਤਿਆਗੀ ਦੁਆਰਾ ਸੰਪਾਦਿਤ ਪੁਸਤਕ ਵਿਚ ਕਿਸਾਨੀ ਅਤੇ ਕਿਸਾਨ ਨੂੰ ਧਾਰਮਿਕ ਛੋਹ ਦਿੰਦਿਆਂ ਲਿਖਦੇ ਹਨ:

ਮੈਂ ਲੈਅ ਕਿਰਤ ਦੀ, ਖੇਤਾਂ ਦੀ ਖੁਸ਼ਬੂ ਦੇ ਵਰਗਾ

ਬਾਣੀ 'ਚੋਂ ਮਿਲੇ ਗਿਆਨ ਦੀ ਮੈਂ ਲੋਅ ਦੇ ਵਰਗਾ

ਸਿਆੜਾਂ 'ਚੋਂ ਉੱਠੀ ਜਵਾਨੀ ਦੇ ਕਨਸੋਅ ਦੇ ਵਰਗਾ

ਗੁਰੂ ਨਾਨਕ ਤੇ ਰਵਿਦਾਸ ਦੀ ਸੁਰਤਾਲ ਹਾਂ ਮੈਂ

ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ (**ਮਿੱਟੀ ਦੇ ਵਣਜਾਰੇ** 30)

ਕਿਸਾਨ ਅੰਦੋਲਨ ਦੌਰਾਨ ਸਮਾਜ ਦਾ ਇਕ ਹੋਰ ਰੂਪ ਵੀ ਉਘੜਿਆ ਜਿਸ ਵਿਚ ਧਾਰਮਿਕ ਬੰਦਸ਼ਾਂ ਨੂੰ ਤੋੜ ਕੇ ਕਿਸਾਨਾਂ ਨੇ ਅਨੇਕਾਂ ਅਜਿਹੀਆਂ ਗਤੀਵਿਧੀਆਂ ਕੀਤੀਆਂ ਜੋ ਅਜੋਕੇ ਸਮਾਜ ਲਈ ਮਿਸਾਲ ਬਣੇ। ਪੰਜਾਬੀਆਂ ਕਵੀਆਂ ਨੇ ਵੀ ਇਨ੍ਹਾਂ ਘਟਨਾਵਾਂ ਨੂੰ ਬਾਖ਼ੂਬੀ ਚਿਤਰਿਆ ਹੈ। ਧਰਤਿ ਵੰਗਾਰੇ ਤਖ਼ਤ ਨੂੰ ਆਨ ਲਾਇਨ ਕਾਵਿ ਸੰਗ੍ਰਹਿ ਵਿਚ ਪ੍ਰੋ. ਗੁਰਭਜਨ ਗਿੱਲ ਇੰਝ ਲਿਖਦੇ ਹਨ:

ਪਰ ਇਹ ਤੱਕਿਆ ਪਹਿਲੀ ਵਾਰ

ਵੱਖਰਾ ਸੂਰਜ

ਨਵੀਆਂ ਕਿਰਨਾਂ ਸਮੇਤ ਚੜ੍ਹਿਆ

ਦੁਸ਼ਮਣ ਦੀ ਨਿਸ਼ਾਨਦੇਹੀ ਕੀਤੀ ਹੈ।

ਕਾਰਪੋਰੇਟ ਘਰਾਣਿਆਂ ਦੇ

ਰਾਵਣ ਦੇ ਨਾਲ ਫੂਕਿਆ ਹੈ।

ਦੁਸਹਿਰੇ ਦੇ ਅਰਥ ਬਦਲੇ ਹਨ।

ਵਕਤ ਦੀ ਹਿੱਕ ਤੇ

ਦਰਦਮੰਦਾਂ ਦੀਆਂ ਆਹਾਂ ਨੇ

ਨਵੀਂ ਅਮਿਟ ਇਬਾਰਤ ਲਿਖੀ ਹੈ। (**punjabikavita.com)**

ਪੰਜਾਬੀ ਕਵਿਤਰੀ ਸੁਖਵਿੰਦਰ ਅੰਮ੍ਰਿਤ ਇਸ ਨਵੇਂ ਉਪਜੇ ਧਾਰਮਿਕ ਪ੍ਰਬੰਧ ਨੂੰ ਪ੍ਰਗਟਾਉਂਦਿਆਂ ਉਨ੍ਹਾਂ ਲੋਕਾਂ ਉੱਪਰ ਸਵਾਲੀਆ ਚਿੰਨ੍ਹ ਖੜ੍ਹਾ ਕਰਦੀ ਹੈ ਜੋ ਕਿਸਾਨ ਅੰਦੋਲਨ ਨੂੰ ਕਦੇ ਕਿਸੇ ਇਕ ਧਰਮ ਵਿਸ਼ੇਸ਼ ਨਾਲ ਜੋੜਦੇ ਹਨ ਤੇ ਕਦੇ ਨਾਸਤਿਕਤਾ ਨਾਲ। ਆਨਲਾਇਨ ਕਾਵਿ ਸੰਗ੍ਰਹਿ ਧਰਤਿ ਵੰਗਾਰੇ ਤਖ਼ਤ ਨੂੰ ਵਿਚ ਕਵਿਤਰੀ ਧਰਮ ਦੇ ਨਵੇਂ ਅਰਥ ਪ੍ਰਭਾਸ਼ਿਤ ਕਰਨ ਦਾ ਯਤਨ ਕਰਦੀ ਹੈ:

ਮੇਰੀ ਪਹਿਲੀ ਤਸਵੀਰ ਵੇਖ ਕੇ ਉਹਨਾਂ ਨੇ ਪੁੱਛਿਆ:

ਇਹ ਕਿੱਥੇ ਰੋਟੀਆਂ ਪਕਾਈ ਜਾਨੀ ਐ

ਇਹ ਤਾਂ ਖ਼ਾਲਸਿਆਂ ਦਾ ਗੜ੍ਹ ਆ_ _ _ ?

ਦੂਜੀ ਤਸਵੀਰ ਵੇਖ ਕੇ ਉਹਨਾਂ ਨੇ ਪੁੱਛਿਆ

ਇਹ ਕਿੱਥੇ ਦਾਲ ਬਣਾਈ ਜਾਨੀ ਐ

ਇਹ ਤਾਂ ਕਾਮਰੇਡਾਂ ਦਾ ਮੱਠ ਆ _ _ _ ?

ਤੀਜੀ ਤਸਵੀਰ ਵੇਖ ਕੇ ਕਹਿਣ ਲੱਗੇ

ਇਹ ਕਿਹੜੀ ਖਾਪ ਦੀ ਟਰਾਲੀ 'ਤੇ ਚੜ੍ਹੀ ਫਿਰਦੀ ਐ_ _ ?

ਚੌਥੀ ਤਸਵੀਰ ਵੇਖ ਕੇ ਪੁੱਛਣ ਲੱਗੇ

ਸੋ ਇਸ ਪ੍ਰਕਾਰ ਪੰਜਾਬ ਦੀ ਕਿਸਾਨੀ ਨਾਲ ਜੁੜੇ ਧਾਰਮਿਕ ਸਰੋਕਾਰਾਂ ਵੱਲ ਝਾਤੀ ਮਾਰੀਏ ਤਾਂ ਇਹ ਗੱਲ ਸਪੱਸ਼ਟ ਤੌਰ ਤੇ ਨਿਕਲ ਕੇ ਆਉਂਦੀ ਹੈ ਕਿ ਪੰਜਾਬ ਵਿਚ ਧਰਮ ਦਾ ਜੀਵਨ ਦੇ ਹੋਰ ਪੱਖਾਂ ਤੇ ਬਹੁਤ ਡੂੰਘਾ ਪ੍ਰਭਾਵ ਹੈ ਤੇ ਪੰਜਾਬੀ ਜੀਵਨ ਵਿਚੋਂ ਧਰਮ ਨੂੰ ਕਿਸੇ ਵੀ ਹਾਲ ਵਿਚ ਮਨਫ਼ੀ ਨਹੀਂ ਕੀਤਾ ਜਾ ਸਕਦਾ। ਮੁੱਢਲੇ ਦੌਰ ਵਿਚ ਧਰਮ ਦਾ ਸੰਬੰਧ ਕੁਦਰਤੀ ਕਰੋਪੀਆਂ ਤੋ ਬਚਾਉਣ ਨਾਲ ਜੁੜਦਾ ਰਿਹਾ ਹੈ ਤੇ ਜੀਵਨ ਦੇ ਆਰੰਭਕ ਦੌਰ ਤੋਂ ਹੀ ਖੇਤੀ ਦੀ ਨਿਰਭਰਤਾ ਵੀ ਕੁਦਰਤ ਉੱਪਰ ਰਹੀ ਹੈ ਜਿਸ ਕਾਰਨ ਧਾਰਮਿਕ ਰੀਤਾਂ ਕੁਦਰਤ ਨੂੰ ਰੀਝਾਉਣ, ਪਤਿਉਣ ਆਦਿ ਦੀ ਪ੍ਰਕਿਰਿਆ ਨਾਲ ਜੁੜੇ ਹਨ। ਪ੍ਰਾਕਿਰਤੀ ਦੀਆਂ ਵੱਖ-ਵੱਖ ਸ਼ਕਤੀਆਂ ਜਿਵੇਂ ਸੂਰਜ, ਇੰਦਰ, ਵਰੁਣ ਆਦਿ ਨੂੰ ਮਨਾਉਣ ਲਈ ਯੱਗ ਤੇ ਮੰਤਰ ਉਚਾਰਣ ਕੀਤੇ ਜਾਂਦੇ ਸਨ ਤੇ ਇਨ੍ਹਾਂ ਪ੍ਰਾਕਿਰਤਿਕ ਸ਼ਕਤੀਆਂ ਉੱਪਰ ਹੀ ਖੇਤੀ ਨਿਰਭਰ ਕਰਦੀ ਹੈ। ਇਸ ਲਈ ਧਰਮ ਤੇ ਖੇਤੀ ਇਕ ਦੂਜੇ ਨਾਲ ਡੂੰਘੇ ਸੰਬੰਧਾਂ ਵਿਚ ਬੱਝੇ ਹਨ। ਖੇਤੀ ਮਨੁੱਖੀ ਸੱਭਿਅਤਾ ਦੇ ਬੁਨਿਆਦੀ ਕਿੱਤਿਆਂ ਵਿਚੋਂ ਇਕ ਹੈ। ਭਾਰਤ ਤੇ ਪੰਜਾਬ ਵਿਚ ਅਜੇ ਵੀ ਬਹੁਗਿਣਤੀ ਇਸ ਕਿੱਤੇ ਉੱਪਰ ਨਿਰਭਰ ਕਰਦੀ ਹੈ। ਸਮੇਂ ਦੇ ਨਾਲ-ਨਾਲ ਆਏ ਬਦਲਾਵਾਂ ਨੇ ਜਿੱਥੇ ਖੇਤੀ ਵਿਚ ਆਧੁਨਿਕਤਾ ਆਈ ਹੈ ਤਿਉਂ-ਤਿਉਂ ਹੀ ਧਾਰਮਿਕ ਰੀਤੀ-ਰਿਵਾਜਾਂ ਦਾ ਸਰੂਪ ਵੀ ਬਦਲਿਆ ਹੈ।

ਪੰਜਾਬ ਵਿਚ ਧਾਰਮਿਕ ਕਰਮ-ਕਾਂਡਾਂ ਦੀ ਥਾਂ ਪੰਜਾਬ ਵਿਚ ਡੇਰਾਵਾਦ ਤੇ ਕਾਰ-ਸੇਵਾ ਦਾ ਰੁਝਾਨ ਵਧਿਆ ਹੈ। ਇਸ ਰੁਝਾਨ ਦੇ ਅੰਤਰਗਤ ਧਾਰਮਿਕ ਕਰਮ-ਕਾਂਡਾਂ ਵਿਚ ਯੱਗ, ਹਵਨ ਤੇ ਬਲੀਆਂ ਦੀ ਜਗ੍ਹਾ ਅੱਜਕਲ੍ਹ ਸੇਵਾ ਤੇ ਵੱਡੀਆਂ ਬਿੱਲਡਿੰਗਾਂ ਦੇ ਨਾਮ ਤੇ ਇਕਤਰਿਤ ਕੀਤੀ ਜਾ ਰਹੀ ਧਨ ਸੇਵਾ ਨੇ ਲੈ ਲਈ ਹੈ। ਪ੍ਰੰਤੂ ਜੇਕਰ ਕੁੱਝ ਨਹੀਂ ਬਦਲਿਆ ਹੈ ਤੇ ਉਹ ਇਹ ਹੈ ਕਿ ਅੱਜ ਵੀ ਭੋਲੇ-ਭਾਲੇ ਲੋਕਾਂ ਨੂੰ ਇਨ੍ਹਾਂ ਵਰਗਲਾ ਕੇ ਧਰਮ ਤੇ ਸੇਵਾ ਦੇ ਨਾਮ ਤੇ ਉਨ੍ਹਾਂ ਕੋਲੋਂ ਪੈਸੇ ਹਥਿਆ ਲਏ ਜਾਂਦੇ ਹਨ। ਪੰਜਾਬ ਵਿਚ ਹਾੜ੍ਹੀ-ਸਾਉਣੀ ਇਨ੍ਹਾਂ ਬਾਬਿਆਂ ਜਾਂ ਧਾਰਮਿਕ ਪ੍ਰਬੰਧਕਾਂ ਦੀ ਡਾਰਾਂ ਪਿੰਡਾਂ ਵੱਲ ਨੂੰ ਨਿਕਲ ਪੈਂਦੀਆਂ ਹਨ ਤੇ ਮਿਹਨਤ ਦੀ ਕਮਾਈ ਵਿਚੋਂ ਵੱਡੇ-ਵੱਡੇ ਪ੍ਰਵਚਨਾਂ ਰਾਹੀਂ ਫਸਲਾਂ ਦੀ ਬੋਰੀਆਂ ਤੇ ਧਨ ਇਕੱਠਾ

ਕਰ ਲੈਂਦੀਆਂ ਹਨ। ਪੁਰਾਤਨ ਸਮੇਂ ਵਿਚ ਪੁਜਾਰੀ ਵਰਗ ਦੁਆਰਾ ਕੀਤੀ ਜਾਂਦੀ ਲੁੱਟ ਅੱਜਕੱਲ੍ਹ ਹਰੇਕ ਧਰਮ ਵਿਚ ਨਵੇਂ ਦੇ ਸੁਧਰੇ ਰੂਪਾਂ ਵਿਚ ਹੋ ਰਹੀ ਹੈ। ਇਸ ਪ੍ਰਕਾਰ ਧਰਮ ਦੀ ਆਧੁਨਿਕ ਸਮੇਂ ਵਿਚ ਕਿਸਾਨੀ ਸੰਕਟ ਪੈਦਾ ਕਰਨ ਵਿਚ ਆਪਣਾ ਯੋਗਦਾਨ ਦਿੰਦਾ ਹੈ। ਇਸ ਦੇ ਵਿਪਰੀਤ ਧਰਮ ਦੁਆਰਾ ਕਈ ਪ੍ਰਕਾਰ ਦੇ ਸਕਾਰਾਤਮਕ ਰੋਲ ਵੀ ਅਦਾ ਕੀਤੇ ਜਾਂਦੇ ਹਨ ਜਿਸ ਦੀ ਉਦਾਹਰਣ ਕਿਸਾਨ ਅੰਦੋਲਨ ਵਿਚ ਦੇਖੀ ਗਈ ਜਿੱਥੇ ਸੰਘਰਸ਼ ਕਰ ਰਹੇ ਕਿਸਾਨਾਂ ਲਈ ਧਰਮ ਇਕ ਵੱਡੇ ਪ੍ਰੇਰਨਾ ਸਰੋਤ ਦੇ ਰੂਪ ਵਿਚ ਉਭਰਿਆ। ਰਲ-ਮਿਲ ਕੇ ਵੱਖ ਧਰਮਾਂ ਦੇ ਲੋਕਾਂ ਦੁਆਰਾ ਉਪਜੀ ਸਾਂਝ, ਮਨਾਏ ਗਏ ਧਾਰਮਿਕ ਤਿਓਹਾਰਾਂ ਆਦਿ ਨੇ ਸਮਾਜ ਲਈ ਮਿਸਾਲ ਪੈਦਾ ਕਰ ਦਿੱਤੀ।

## 3.4 ਸਮਕਾਲੀ ਪੰਜਾਬੀ ਕਵਿਤਾ: ਇਸਤਰੀਆਂ ਦੀ ਬਦਲਦੀ ਭੂਮਿਕਾ ਅਤੇ ਕਿਸਾਨੀ

ਇਸੇ ਹੀ ਤਰ੍ਹਾਂ ਸਦੀਆਂ ਤੋਂ ਹੁਣ ਤੱਕ ਚੱਲਿਆ ਆ ਰਿਹਾ ਲਿੰਗ ਭੇਦ ਵੀ ਕਿਸਾਨ ਅੰਦੋਲਨ ਵਿਚ ਫਿੱਕਾ ਪੈਂਦਾ ਨਜ਼ਰ ਆਇਆ ਤੇ ਆਪਣੇ ਆਪ ਵਿਚ ਸਭਿਆਚਾਰਕ ਇਨਕਲਾਬ ਦਾ ਇਕ ਵੱਡਾ ਤੇ ਨਿਖਰਿਆ ਰੂਪ ਸੀ। ਮਰਦਾਵੇਂ ਸਮਾਜ ਵਿਚ ਔਰਤ ਨੂੰ ਜਿੱਥੇ ਦੂਜੇ ਦਰਜੇ ਦਾ ਸਥਾਨ ਦਿੱਤਾ ਗਿਆ ਹੈ। ਉੱਥੇ ਹੀ ਉਸਦੀ ਮਾਨਸਿਕਤਾ ਵਿਚ ਵੀ ਇਹ ਗੱਲ ਭਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਰਸੋਈ ਦੇ ਕੰਮਾਂ ਤੱਕ ਸੀਮਿਤ ਰਹੇ ਤੇ ਧਰਨੇ ਪ੍ਰਦਰਸ਼ਨ ਤੇ ਵਿਰੋਧ ਵਾਲੇ ਰਾਹ ਤੇ ਚੱਲਣ ਤੋਂ ਉਸ ਨੂੰ ਹਮੇਸ਼ਾ ਵਰਜਿਆ ਜਾਂਦਾ ਹੈ। ਆਪਣੇ ਮਾਪਿਆਂ, ਪਤੀ ਅਤੇ ਔਲਾਦ ਨਾਲ ਮੁੱਢ ਤੋਂ ਹੀ ਔਰਤ ਨੇ ਹੱਥ ਵਟਾਇਆ ਹੈ। ਭਾਰਤ ਦੀਆਂ ਔਰਤਾਂ ਖੇਤੀ ਵਿੱਚ ਕੇਂਦਰੀ ਧੁਰਾ ਰਹੀਆਂ ਹਨ। 2011 ਦੀ ਮਰਦਮਸ਼ੁਮਾਰੀ ਦੀ ਰਿਪੋਰਟ ਅਨੁਸਾਰ ਭਾਰਤ ਦੀਆਂ 65%ਔਰਤਾਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਖੇਤੀ ਜਾਂ ਖੇਤੀ ਦੇ ਸਹਾਇਕ ਧੰਦਿਆਂ ਵਿਚ ਹਿੱਸਾ ਲੈਂਦੀਆਂ ਹਨ। ਗ੍ਰਾਮੀਣ ਖੇਤਰਾਂ ਵਿਚ ਇਹ ਗਿਣਤੀ 85% ਤੱਕ ਸੀ। ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਸਿੰਘੂ, ਟਿੱਕਰੀ ਬਾਰਡਰ ਤੇ ਲੱਗੇ ਮੋਰਚੇ ਵਿਚ ਔਰਤਾਂ ਦੀ ਭੂਮਿਕਾ ਨੂੰ ਪੂਰੀ ਦੁਨੀਆਂ ਨੇ ਦੇਖਿਆ ਹੈ ਕਿ ਕਿਵੇਂ ਹਰ ਉਮਰ ਵਰਗ ਦੀਆਂ ਔਰਤਾਂ ਦੀ ਸ਼ਮੂਲੀਅਤ ਨੇ ਨਵਾਂ ਸਭਿਆਚਾਰ ਸਿਰਜਣ ਵਿਚ ਅਹਿਮ ਰੋਲ ਨਿਭਾਇਆ। ਅਨੇਕਾਂ

ਜ਼ਿੰਮੇਵਾਰੀਆਂ ਜਿਵੇਂ ਅੰਦੋਲਨ ਦੌਰਾਨ ਲੰਗਰ ਬਣਾਉਣ ਤੋਂ ਲੈ ਕੇ ਮੰਚ ਨੂੰ ਸੰਬੋਧਿਤ ਕਰਨ ਤੱਕ ਤੇ ਪਿੰਡ ਵਿਚਲੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਤੋਂ ਲੈ ਕੇ ਮੀਡੀਆ ਨਾਲ ਰਾਬਤਾ ਬਣਾਉਣ ਆਦਿ ਜ਼ਿੰਮੇਵਾਰੀਆਂ ਨੂੰ ਬੜੀ ਸੁਹਿਰਦਤਾ, ਸਹਿਣਸ਼ੀਲਤਾ ਤੇ ਸਾਰਥਕਤਾ ਨਾਲ ਅੱਗੇ ਤੋਰਿਆ। ਮੋਹਣ ਗਿੱਲ ਆਪਣੇ ਕਾਵਿ ਸੰਗ੍ਰਹਿ 'ਇਕ ਹੋਰ ਮਹਾਂਭਾਰਤ' ਵਿਚ ਜਿਕਰ ਕਰਦੇ ਹਨ :

> ਬਾਪੂ ਤੇਰੀ ਬੇਟੀ ਨੂੰ ਤੂੰ, ਸਮਝ ਨਾ ਹੁਣ ਨਿਆਣੀ।
>
> ਤੂੰ ਜਾ ਬਹਿ ਧਰਨੇ 'ਤੇ, ਮੈਂ ਕਣਕਾਂ ਨੂੰ ਲਾਊਂ ਪਾਣੀ।
>
> ਅੱਜ ਨਹੀਂ ਤਾਂ ਕੱਲ ਪਰਸੋਂ, ਤੁਸੀ ਜਿੱਤ ਜਾਣੀ ਹੈ ਬਾਜ਼ੀ।
>
> ਹਾਕਮ ਦੀ ਹੱਠ ਟੁੱਟਣੀ, ਉਹਨੂੰ ਮੂੰਹ ਦੀ ਪੈਣੀ ਖਾਣੀ। (***ਇਕ ਹੋਰ ਮਹਾਂਭਾਰਤ*** 50)

ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿਚ ਔਰਤਾਂ ਨੇ ਖੇਤੀ ਤੇ ਖੇਤੀ ਸੰਬੰਧੀ ਕਾਰਜਾਂ ਵਿਚ ਅਹਿਮ ਰੋਲ ਨਿਭਾਇਆ ਹੈ। ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ ਦਰਬਾਰਾ ਸਿੰਘ ਕਾਹਲੋਂ ***ਪੰਜਾਬੀ ਜਾਗਰਣ*** ਦੇ 20 ਅਗਸਤ 2021 ਦੇ ਅੰਕ ਵਿਚ 'ਖੇਤੀ ਵਿਚ ਔਰਤ ਦੀ ਭੂਮਿਕਾ' ਲੇਖ ਵਿਚ ਵਿਸ਼ਵ ਵਿਚ ਔਰਤਾਂ ਦੇ ਖੇਤੀ ਯੋਗਦਾਨ ਦਾ ਜ਼ਿਕਰ ਕਰਦੇ ਹਨ।

> ਖੇਤੀ ਯੁੱਗ ਸ਼ੁਰੂ ਹੋਣ ਤੋਂ ਹੁਣ ਤਕ ਦੀ ਖ਼ੋਜ ਦਰਸਾਉਂਦੀ ਹੈ ਕਿ ਔਰਤਾਂ ਲਗਭਗ 7000 ਸਾਲ ਪਹਿਲਾਂ ਤੋਂ ਖੇਤੀ ਕਰਦੀਆਂ ਚਲੀਆਂ ਆ ਰਹੀਆਂ ਹਨ। ਫਰਾਂਸ ਵਿਚ ਔਰਤਾਂ ਖੇਤੀ ਧੰਦੇ ਵਿਚ ਮੋਹਰਲੀ ਭੂਮਿਕਾ ਨਿਭਾਉਂਦੀਆਂ ਵੇਖ ਸਕਦੇ ਹਾਂ। ਡੇਅਰੀ, ਪਿਗਰੀ, ਭੇਡ-ਬੱਕਰੀ ਪਾਲਣ ਇਸ ਵਿਚ ਸ਼ਾਮਲ ਹਨ। ਕੈਨੇਡਾ ਅੰਦਰ ਸੰਨ 1996 ਵਿਚ 25.3 ਪ੍ਰਤੀਸ਼ਤ ਔਰਤਾਂ ਖੇਤੀ ਫਾਰਮ ਵਿਚ ਕੰਮ ਕਰਦੀਆਂ ਸਨ। ਸੰਨ 2016 ਵਿਚ ਇਹ ਗਿਣਤੀ ਵਧ ਕੇ 28.7 ਪ੍ਰਤੀਸ਼ਤ ਹੋ ਗਈ। ਸੰਨ 2016 ਦੀ ਕੈਨੇਡਾ ਦੀ ਖੇਤੀ ਜਨਗਣਨਾ ਮੁਤਾਬਕ 77,830 ਔਰਤਾਂ ਖੇਤੀ ਦਾ ਕੰਮ ਕਰਦੀਆਂ ਪਾਈਆਂ ਗਈਆਂ। ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਤਾਂ 37.5 ਪ੍ਰਤੀਸ਼ਤ ਔਰਤਾਂ ਖੇਤੀ ਧੰਦਾ ਕਰ ਰਹੀਆਂ ਹਨ। ਓਂਟਾਰੀਓ ਸੂਬੇ ਵਿਚ ਔਰਤਾਂ ਨੂੰ ਖੇਤੀ ਧੰਦੇ ਲਈ ਉਤਸ਼ਾਹਿਤ ਕਰਨ ਲਈ ਸੰਨ 2019 ਵਿਚ 500

> ਮਿਲੀਅਨ ਡਾਲਰ ਧਨ ਤਿੰਨ ਸਾਲਾਂ ਵਿਚ ਕਰਜ਼ੇ ਵਜੋਂ ਪ੍ਰਾਪਤ ਕਰਨ ਲਈ ਸਿਰਫ਼ ਔਰਤ ਕਿਸਾਨਾਂ ਲਈ ਰੱਖਿਆ ਗਿਆ ਜੋ ਉਹ ਖੇਤੀ ਤੋਂ ਇਲਾਵਾ ਬਾਗ਼ਬਾਨੀ, ਫੂਡ ਪ੍ਰੋਸੈਸਿੰਗ, ਡੇਅਰੀ, ਪਿਗਰੀ, ਘੋੜੇ ਅਤੇ ਭੇਡਾਂ ਪਾਲਣ ਆਦਿ ਧੰਦੇ ਖੋਲ੍ਹਣ ਲਈ ਖ਼ਰਚ ਰਹੀਆਂ ਹਨ।

ਸੁਭਾਵਿਕ ਹੈ ਕਿ ਖੇਤੀ ਵਿਚ ਜੇਕਰ ਔਰਤਾਂ ਦੀ ਮਹੱਤਤਾ ਇੰਨੀ ਜਿਆਦਾ ਹੈ ਤਾਂ ਖੇਤੀ ਨੂੰ ਆਉਣ ਵਾਲੀਆਂ ਸਮੱਸਿਆਵਾਂ ਤੇ ਸੰਕਟਾਂ ਨਾਲ ਨਜਿੱਠਣ ਵਿਚ ਵੀ ਔਰਤਾਂ ਦੇ ਯੋਗਦਾਨ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਜਿਹੇ ਹੀ ਦ੍ਰਿਸ਼ ਕਿਸਾਨ ਅੰਦੋਲਨ ਵਿਚ ਦੇਖਣ ਨੂੰ ਮਿਲੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਉਦਾਹਰਨਾਂ ਮਿਲਦੀਆਂ ਹਨ ਜਦੋਂ ਕਿਸਾਨ ਅੰਦੋਲਨ ਦੌਰਾਨ ਘਰਾਂ ਦੀਆਂ ਸੁਆਣੀਆਂ ਨੇ ਪਿਛੋਂ ਸਾਰੇ ਕੰਮਾਂ ਨੂੰ ਬੜੀ ਸੰਜੀਦਗੀ ਨਾਲ ਪੂਰਾ ਕੀਤਾ। 'ਇਸ ਵਾਰ' ਸਿਰਲੇਖ ਅਧੀਨ ਲੇਖਕਾਂ ਸੁਰਿੰਦਰ ਗੀਤ ਕਿਸਾਨ ਅੰਦੋਲਨ ਦੇ ਸਭਿਆਚਾਰ ਦੀ ਪੇਸ਼ਕਾਰੀ ਇੰਞ ਕਰਦੀ ਹੈ:

ਬਾਪੂ !

ਇਸ ਵਾਰ ਤੂੰ ਧਰਨੇ ਤੇ

ਇਕੱਲਾ ਨਹੀਂ ਜਾਵੇਂਗਾ

ਤੇਰੇ ਖੇਤਾਂ ਦੀ ਧੀ

ਤੇਰੀ ਲਾਡੋ

ਤੇਰੇ ਨਾਲ ਜਾਵੇਗੀ

ਤੇਰੇ ਖੇਤਾਂ ਦੀ ਮਿੱਟੀ ਦੀ

ਚੋਰੀ ਹੋਈ ਮਹਿਕ

ਤੇ ਪੱਕੀ ਫ਼ਸਲ ਦਾ

ਲੁੱਟਿਆ ਹਾਸਾ

ਵਾਪਿਸ ਲਿਆਵੇਗੀ (***ਖੇਤਾਂ ਦਾ ਸਫ਼ਰ*** 15)

ਕਿਸਾਨ ਮੋਰਚੇ ਵਿਚ ਪੁੱਜੀਆਂ ਇਸਤਰੀਆਂ ਤੇ ਕਿਸਾਨ ਮੋਰਚੇ ਵਿਚ ਜਾਣ ਲਈ ਉਤਾਵਲੀਆਂ ਬੈਠੀਆਂ ਔਰਤਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਸੁਰਿੰਦਰ ਗੀਤ ਨੇ ਆਪਣੀ ਇਸ ਰਚਨਾ ਰਾਹੀਂ ਕੀਤੀ ਹੈ। ਕੇਵਲ ਅੰਦੋਲਨ ਉੱਪਰ ਜਾਣ ਤੱਕ ਦੀ ਗੱਲ ਨਹੀਂ ਸਗੋਂ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਇਨ੍ਹਾਂ ਸੰਘਰਸ਼ਾਂ ਵਿਚ ਔਰਤਾਂ ਨੇ ਸ਼ਮੂਲੀਅਤ ਕੀਤੀ ਤੇ ਇਹ ਸੰਘਰਸ਼ ਲੜਿਆ। ਇਸ ਗੱਲ ਦੀ ਪੁਸ਼ਟੀ ਕਰਦਿਆਂ ਹਰਵਿੰਦਰ ਭੰਡਾਲ ਹਰਪ੍ਰੀਤ ਕੌਰ ਦੁੱਗਰੀ ਦੁਆਰਾ ਸੰਪਾਦਿਤ ਪੁਸਤਕ '***ਕਿਸਾਨ ਅੰਦੋਲਨ ਜੂਝਦੇ ਖੇਤਾਂ ਦੀ ਗਰਜ*** ਵਿਚ ਆਪਣੇ ਲੇਖ 'ਨਵੀਂ ਸਮਾਜਿਕ ਪਾਠਸ਼ਾਲਾ ਵਜੋਂ ਕਿਸਾਨ ਸੰਘਰਸ਼' ਵਿਚ ਲਿਖਦੇ:

> ਔਰਤਾਂ ਨਾ ਸਿਰਫ਼ ਮਰਦਾਂ ਦੀ ਦੁਨੀਆਂ ਨਾਲ਼ ਜੁੜੇ ਸਮਝੇ ਜਾਂਦੇ ਟਰੈਕਟਰ ਚਲਾ ਕੇ ਦਿੱਲੀ ਪਹੁੰਚੀਆਂ ਹਨ, ਉਸ ਦੇ ਨਾਲ ਉਨ੍ਹਾਂ ਕਿਸਾਨ ਵਜੋਂ ਆਪਣੀ ਹੋਂਦ ਨੂੰ ਵੀ ਦਰਸਾਇਆ ਹੈ। ਉਨ੍ਹਾਂ ਨੇ ਵਾਹੀ ਬੀਜੀ ਦੀਆਂ ਆਮ ਅਤੇ ਔਰਤ ਕਿਸਾਨਾਂ ਦੀਆਂ ਖਾਸ ਸਮੱਸਿਆਵਾਂ ਬਾਰੇ ਚਰਚਾ ਕੀਤੀ। ਇਸ ਦਿਨ ਉਨ੍ਹਾਂ ਨੇ ਉਹ ਸਾਰੇ ਕੰਮ ਸੰਭਾਲੇ ਜੋ ਆਮ ਦਿਨਾਂ ਵਿਚ ਮਰਦ ਕਿਸਾਨ ਕਰਦੇ ਹਨ। ਅਜਿਹਾ ਕਰਦਿਆਂ ਉਨ੍ਹਾਂ ਨੇ ਕਿਰਤ ਵਿੱਚ ਬਰਾਬਰ ਦੀ ਭਾਈਵਾਲੀ ਦੇ ਨਾਲ-ਨਾਲ ਸਮਾਜਿਕ ਬਰਾਬਰੀ ਦਾ ਆਪਣਾ ਦਾਅਵਾ ਹੋਰ ਵੀ ਜ਼ੋਰਦਾਰ ਤਰੀਕੇ ਨਾਲ਼ ਉਭਾਰਿਆ। ਇਸ ਤਰ੍ਹਾਂ ਉਹ ਔਰਤ ਦਿਵਸ ਉੱਤੇ ਸੰਯੁਕਤ ਰਾਸ਼ਟਰ ਦੇ ਕੋਵਿਡ-19 ਦੌਰਾਨ ਕੰਮ ਵਿੱਚ ਔਰਤਾਂ ਦੀ ਬਰਾਬਰ ਭਾਈਵਾਲੀ ਦੇ ਥੀਮ ਤੋਂ ਬਹੁਤ ਅਗਾਂਹ ਨਿਕਲ ਗਈਆਂ।
>
> 186

ਲਿੰਗ ਭੇਦ ਨੂੰ ਖਤਮ ਕਰਨ ਦੀ ਗੱਲ ਕਰਦਿਆਂ ਇਸਤਰੀਆਂ ਦੀ ਬਰਾਬਰੀ ਦੀ ਭਾਈਵਾਲਤਾ ਦੀ ਗੱਲ ਕਰਦਿਆਂ ਕਵਿਤਰੀ ਸੁਰਿੰਦਰ ਗੀਤ ਲਿਖਦੇ ਹਨ:

ਰੋਕ ਨਾ ਮਾਏ ਟੋਕ ਨਾ ਮਾਏ

ਮੈਂ ਹੱਕਾਂ ਲਈ ਲੜਨਾ

ਸਿਰ ਤੇ ਲੈ ਕੇ ਪੀਲੀ ਚੁੰਨੀ

ਨਾਲ ਕਿਸਾਨਾਂ ਖੜ੍ਹਨਾ

ਖੇਤ ਅਸਾਡਾ ਮਾਣ ਨੀ ਮਾਏ

ਖੇਤ ਅਸਾਡੀ ਸ਼ਾਨ

ਖੇਤਾਂ ਦਾ ਕਰਕੇ ਹੀ ਸਾਨੂੰ

ਲੋਕ ਕਹਿਣ ਕਿਰਸਾਨ (***ਖੇਤਾਂ ਦਾ ਸਫਰ*** 80)

ਡਾ ਸੁਰਜੀਤ ਪਾਤਰ ਆਪਣੇ ਲੇਖ 'ਸਿੰਘੂ ਬਾਰਡਰ ਤੇ ਲੋਹੜੀ ਦੀ ਰਾਤ' ਜੋ ਹਰਪ੍ਰੀਤ ਕੌਰ ਦੁੱਗਰੀ ਦੀ ਪੁਸਤਕ '***ਕਿਸਾਨ ਅੰਦੋਲਨ ਜੂਝਦੇ ਖੇਤਾਂ ਦੀ ਗਰਜ***' ਵਿਚ ਦਰਜ ਹੈ, ਵਿਚ ਔਰਤਾਂ ਦੀ ਇਸ ਅੰਦੋਲਨ ਦੌਰਾਨ ਬਦਲੀ ਹੋਈ ਤੇ ਨਵ ਵਿਕਸਿਤ ਭੂਮਿਕਾ ਦੇ ਪਰਿਪੇਖ ਵਿਚ ਲਿਖਦੇ ਹਨ:

> ਧੀਆਂ, ਮਾਵਾਂ, ਭੈਣਾਂ, ਨਾਰਾਂ ਦੀ ਸ਼ਮੂਲੀਅਤ ਨੇ ਇਸ ਲਹਿਰ ਦੀ ਪਾਵਨਤਾ, ਗੌਰਵ ਤੇ ਸ਼ਾਲੀਨਤਾ ਵਿੱਚ ਬੇਹੱਦ ਵਾਧਾ ਕੀਤਾ ਹੈ। ਇਸ ਪਾਵਨਤਾ, ਗੌਰਵ ਤੇ ਸ਼ਾਲੀਨਤਾ ਤੋਂ ਵੀ ਡਾਢਿਆਂ ਨੂੰ ਡਰ ਲੱਗਦਾ ਹੈ। ਜਿਵੇਂ ਇਹ ਕੋਈ ਉੱਜਲਾ ਸ਼ੀਸ਼ਾ ਹੋਵੇ ਜਿਸ ਵਿੱਚ ਉਨ੍ਹਾਂ ਨੂੰ ਆਪਣਾ ਤੁਹਮਤਾਂ ਲਾਉਣ ਵਾਲਾ ਮਨਹੂਸ ਚਿਹਰਾ ਦਿਸਦਾ ਹੋਵੇ। 164

ਰਜਿੰਦਰ ਸਿੰਘ ਰਾਜਨ ਦੁਆਰਾ ਸੰਪਾਦਿਤ ਪੁਸਤਕ ਵਿਚ ਕਿਸਾਨੀ ਸੰਘਰਸ਼ ਨਾਲ ਸੰਬੰਧਿਤ ਪੁਸਤਕ ਵਿਚ ਸ਼ਾਮਿਲ ਸਤਪਾਲ ਸਿੰਘ ਦੁਆਰਾ ਲਿਖਿਤ ਕਵਿਤਾ 'ਪੰਜਾਬ ਹੈ ਆਇਆ' ਵਿਚ ਕਿਸਾਨ ਅੰਦੋਲਨ ਵਿਚ ਔਰਤਾਂ ਦੀ ਸਹਿਭਾਗਤਾ ਨੂੰ ਇਸ ਤਰ੍ਹਾਂ ਕਲਮਬੱਧ ਕੀਤਾ ਗਿਆ ਹੈ:

ਬੰਨ੍ਹ ਸਿਰਾਂ 'ਤੇ ਚੁੰਨੀਆਂ, ਮਰਜੀਵੀਆਂ ਮਾਂਵਾਂ, ਮਰਜੀਵੀਆਂ ਮਾਂਵਾਂ,

ਹੱਕ ਸੱਚ ਦੀ ਰਾਖੀ ਲਈ, ਆਈਆਂ ਖੀਵੀਆਂ ਮਾਂਵਾਂ, ਖੀਵੀਆਂ ਮਾਂਵਾਂ,

ਮਾਈ ਭਾਗੋ ਦੀਆਂ ਵਾਰਿਸਾਂ ਦਾ ਸੈਲਾਬ ਹੈ ਆਇਆ।

ਸੀਸ ਤਲੀ ਤੇ ਰੱਖ ਕੇ, ਪੰਜਾਬ ਹੈ ਆਇਆ।

ਔਰੰਗੇ ਨਾਲ ਕਰਨ ਲਈ, ਹਿਸਾਬ ਹੈ ਆਇਆ। (***ਖੇਤਾਂ ਦੇ ਪੁੱਤ ਜਾਗ ਪਏ*** 113)

ਇਸੇ ਪੁਸਤਕ ਵਿਚ ਕਵੀ ਕੁਲਵੰਤ ਖਨੌਰੀ ਆਪਣੀ ਰਚਨਾ ਤੇਰੇ ਵੱਲ ਦਿੱਲੀਏ ਵਿਚ ਇਸ ਪੱਖ ਨੂੰ ਇੰਝ ਬਿਆਨਦੇ ਹਨ:

ਭਾਗੋ ਦੀਆਂ ਵਾਰਿਸ ਦਲੇਰ ਬੀਬੀਆਂ,

ਸਦਕੇ ਪੰਜਾਬ ਦੀਆਂ ਸ਼ੇਰ ਬੀਬੀਆਂ,

ਬਣ ਤੇਰੀ ਮੌਤ ਦਾ ਸਾਮਾਨ ਆ ਰਿਹੈ।

ਤੇਰੇ ਵੱਲ ਦਿੱਲੀਏ ਕਿਸਾਨ ਆ ਰਿਹੈ। (***ਓਹੀ ਪੁਸਤਕ***, 73)

ਕਵੀ ਸਤਪਾਲ ਸਿੰਘ ਇੱਥੇ ਕਿਸਾਨੀ ਮੋਰਚੇ ਦੌਰਾਨ ਔਰਤਾਂ ਦੀ ਭੂਮਿਕਾ ਨੂੰ ਧਾਰਮਿਕ ਇਤਿਹਾਸ ਦੀ ਪਿੱਠਭੂਮੀ ਵਿਚ ਰੱਖ ਕੇ ਗੌਰਵਮਈ ਦ੍ਰਿਸ਼ਾਂ ਰਾਹੀਂ ਔਰਤਾਂ ਦੇ ਜੋਸ਼ ਤੇ ਜਜ਼ਬਾਤ ਨੂੰ ਬਿਆਨਦਾ ਹੈ। ਸਟਾਲਿਨਜੀਤ ਸਿੰਘ ਬਰਾੜ ਦੁਆਰਾ ਸੰਪਾਦਿਤ ਪੁਸਤਕ ਵਿਚ ਜਗਵਿੰਦਰ ਜੋਧਾ ਆਪਣੇ ਲੇਖ ਕਿਸਾਨ ਅੰਦੋਲਨ: ਪੰਜਾਬ ਦਾ ਬਦਲਦਾ ਸਭਿਆਚਾਰਕ ਮੁਹਾਂਦਰਾ ਵਿਚ ਔਰਤਾਂ ਦੀ ਭੂਮਿਕਾ ਦੀ ਗੱਲ ਕਰਦਿਆਂ ਲਿਖਦੇ ਹਨ:

> ਮੌਜੂਦਾ ਕਿਸਾਨ ਅੰਦੋਲਨ ਨੇ ਇਹ ਧਾਰਨਾ ਵੀ ਤੋੜੀ ਹੈ। ਅੰਦੋਲਨ ਲਈ ਦਿੱਲੀ ਗਏ ਕਿਸਾਨਾਂ ਵਿਚ ਔਰਤਾਂ ਦੀ ਵੱਡੀ ਸ਼ਮੂਲੀਅਤ ਤਾਂ ਸੀ ਹੀ, ਨਾਲ ਹੀ ਪਿੱਛੇ ਰਹਿ ਗਈਆਂ ਔਰਤਾਂ ਨੇ ਖੇਤੀ ਦੇ ਕੰਮ ਸੰਭਾਲ ਲਏ। ਇਸ ਨਾਲ ਖੇਤੀ ਵਿਚ ਔਰਤ ਦੀ ਸਰਗਰਮ ਭਾਗੀਦਾਰੀ ਯਕੀਨਨ ਅਹਿਮ ਹੋਈ ਹੈ। ਆਰਥਿਕ ਤੌਰ 'ਤੇ ਉਤਪਾਦਨੀ ਪ੍ਰਕਿਰਿਆ ਦਾ ਹਿੱਸਾ ਬਣਨ ਨਾਲ ਸਾਧਾਰਨ ਪੇਂਡੂ ਔਰਤ ਵਿਚ ਆਪਣੀ ਅਹਿਮੀਅਤ ਦਾ ਅਹਿਸਾਸ ਵੀ ਵਧੇਗਾ। ਇਸ ਤੋਂ ਵੀ ਅਹਿਮ ਪੱਖ ਅੰਦੋਲਨ ਵਿਚ ਭਵਿੱਖ ਦੀਆਂ ਸੁਆਣੀਆਂ ਦੀ ਭੂਮਿਕਾ ਹੈ। ਇਹ ਦੇਖ ਕੇ ਤਸੱਲੀ ਹੋਈ ਕਿ ਔਰਤਾਂ ਸਿਰਫ਼ ਮਰਦਾਂ ਲਈ ਰੋਟੀਆਂ ਪਕਾਉਣ ਹੀ ਨਾਲ ਨਹੀਂ ਗਈਆਂ, ਸਗੋਂ ਮੰਚ ਤੋਂ ਅਖ਼ਬਾਰ ਦੇ ਪ੍ਰਕਾਸ਼ਨ ਤੱਕ ਹਰ ਮੋਰਚੇ

ਉੱਪਰ ਮੂਹਰੇ ਨਜ਼ਰ ਆਈਆਂ। ਇਸਦੇ ਨਾਲ-ਨਾਲ ਔਰਤਾਂ ਨੇ ਬਾਰਡਰ ਉੱਪਰ ਭੇਜਣ ਲਈ ਰਸਦ ਤੇ ਹੋਰ ਸਮੱਗਰੀ ਇਕੱਠੀ ਕੀਤੀ, ਪਿੰਨੀਆਂ ਵੱਟੀਆਂ ਤੇ ਆਪਣੇ ਜੋੜੇ ਪੈਸਿਆਂ ਵਿੱਚੋਂ ਦਾਨ ਕਰਨ ਦੀ ਜੋ ਮਿਸਾਲ ਦਿਖਾਈ ਉਹ ਕਿਤਾਬਾਂ ਤੋਂ ਬਾਹਰ ਵਿਰਲੀ ਹੀ ਸੀ। (***ਕਿਸਾਨੀ ਸੰਕਟ ਪਰਤ ਦਰ ਪਰਤ*** 203)

ਅੰਦੋਲਨ ਦੌਰਾਨ ਆਈਆਂ ਔਰਤਾਂ ਤੇ ਕਈ ਲੋਕਾਂ ਵੱਲੋਂ ਕਈ ਪ੍ਰਕਾਰ ਦੇ ਸਵਾਲੀਆ ਨਿਸ਼ਾਨ ਵੀ ਲਾਏ ਗਏ। ਪਰੰਤੂ ਇਨ੍ਹਾਂ ਸਵਾਲਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਔਰਤਾਂ ਵੱਲੋਂ ਇਸ ਅੰਦੋਲਨ ਵਿਚ ਸਰਗਰਮੀ ਜਾਰੀ ਰੱਖੀ ਗਈ ਹੈ। ਇਸੇ ਤਰ੍ਹਾਂ ਦਿਓਲ ਪਰਮਜੀਤ ਦੁਆਰਾ ਸੰਪਾਦਿਤ ਹੈ ਪੁਸਤਕ, ਵਿਚ ਕਵਿਤਰੀ ਭਿੰਦਰ ਜਲਾਲਾਬਾਦੀ ਆਪਣੀ ਰਚਨਾ 'ਕਿਸਾਨ ਮੋਰਚਾ' ਵਿਚ ਲਿਖਦੀ ਹੈ:

ਪੁੱਛਿਆ ਸੀ ਕਿਸੇ ਬੇਬੇ ਤਾਈਂ

ਕਾਸ ਨੂੰ ਮਾਂ ਧਰਨੇ ਵਿੱਚ ਆਈ ?

'ਉਮਰ ਨਹੀਂ ਪੁੱਤ ਹਿੰਮਤ ਵੇਖ

ਨਹੀਂ ਅਸੀਂ ਖੁਸਣ ਦੇਣੇ ਖ਼ੇਤ'

ਇਨ੍ਹਾਂ ਹੌਸਲਿਆਂ ਦੀਆਂ

ਵਾਰਾਂ ਤੁਰਿਆ ਕਰਨਗੀਆਂ

ਕਿਸਾਨ ਮੋਰਚਾ ਉੱਠਿਆ ਸੀ ਇੱਕ

ਗੱਲਾਂ ਹੋਇਆ ਕਰਨਗੀਆਂ (***ਕਿਸਾਨੀ ਇਬਾਰਤ*** 127)

ਇੱਥੇ ਕਵੀ ਕਿਸਾਨ ਅੰਦੋਲਨ ਵਿਚ ਪਹੁੰਚੀ ਇਕ ਬੁੱਢੀ ਇਸਤਰੀ ਦੁਆਰਾ ਖੇਤ ਖੁਸ ਜਾਣ ਦੇ ਵਿਰੋਧ ਵਿਚ ਕੀਤੇ ਵਾਰਤਾਲਾਪ ਨੂੰ ਭਾਵਪੂਰਤ ਤਰੀਕੇ ਨਾਲ ਪੇਸ਼ ਕੀਤਾ ਹੈ। ਕਵੀ ਕਿਸਾਨ ਅੰਦੋਲਨ ਨੂੰ ਸਮੇਂ ਦਾ ਇਕ ਅਜਿਹਾ ਘੋਲ ਮੰਨਦਾ ਹੈ ਜੋ ਇਤਿਹਾਸ ਦੇ ਰੂਪ ਵਿਚ ਲਿਖਿਆ ਜਾਵੇਗਾ ਤੇ ਕਵੀ ਇਸ ਗੱਲ ਲਈ ਵੀ

ਆਸਵੰਦ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਇਤਿਹਾਸ ਨੂੰ ਮਾਨ ਨਾਲ ਯਾਦ ਕਰਿਆ ਕਰਨਗੀਆਂ। ਇਸੇ ਹੀ ਤਰ੍ਹਾਂ ਮੋਹਨ ਗਿੱਲ ਆਪਣੀ ਕਵਿਤਾ 'ਧੀਆਂ' ਰਾਹੀਂ ਅੰਦੋਲਨ ਵਿਚ ਔਰਤਾਂ ਦੀ ਵਚਨਬੱਧਤਾ ਨੂੰ ਪ੍ਰਗਟਾਉਂਦਾ ਹੈ:

ਧੀਆਂ ਦੇਸ਼ ਪੰਜਾਬ ਦੀਆਂ,

ਹੁਣ ਆਪਣਾ ਫਰਜ਼ ਨਿਭਾਉਣਗੀਆਂ।

ਕਿਸਾਨ ਅੰਦੋਲਨ ਵਿਚ ਡਟ ਕੇ,

ਆਪਣਾ ਵੀ ਹਿੱਸਾ ਪਾਉਣਗੀਆਂ।

ਤੁਸੀਂ ਮੋੜੋ ਮੂੰਹ ਦਿੱਲੀ ਦੇ ਵਿਚ,

ਠੰਢੇ ਪਾਣੀ ਦੀਆਂ ਤੋਪਾਂ ਦੇ,

ਇਹ ਮੋੜ ਕੇ ਨੱਕੇ ਖੇਤਾਂ ਵਿੱਚ,

ਫ਼ਸਲਾਂ ਨੂੰ ਪਾਣੀ ਲਾਉਣਗੀਆਂ। (***ਇਕ ਹੋਰ ਮਹਾਂਭਾਰਤ 15***)

ਇੱਥੇ ਕਵੀ ਮੋਹਨ ਗਿੱਲ ਆਪਣੀ ਕਵਿਤਾ ਰਾਹੀਂ ਇਸ ਕਿਸਾਨ ਅੰਦੋਲਨ ਦੌਰਾਨ ਔਰਤ ਦੇ ਹਰ ਕਿਸਮ ਦੇ ਯੋਗਦਾਨ ਨੂੰ ਬਹੁਤ ਖ਼ੂਬਸੂਰਤੀ ਨਾਲ ਉਭਾਰਦਾ ਹੈ। ਇਹ ਅੰਦੋਲਨ ਆਪਣੇ-ਆਪ ਵਿਚ ਇਕ ਵਿੱਲਖਣ ਕਿਸਮ ਦਾ ਅੰਦੋਲਨ ਸੀ ਜਿਸ ਵਿਚ ਇਸਤਰੀਆਂ ਨੇ ਕਿਸਾਨ ਸਭਾਵਾਂ ਨੂੰ ਸੰਬੋਧਨ ਕਰਨ, ਕਿਸਾਨ ਸੰਸਦ ਚਲਾਉਣ, ਮੀਡੀਆ ਨੂੰ ਸੰਬੋਧਨ ਕਰਨ ਆਦਿ ਕਾਰਜ ਕੀਤੇ। ਇਸ ਦੇ ਨਾਲ ਹੀ ਅੰਦੋਲਨ ਵਿਚ ਨਾਂ ਪਹੁੰਚਣ ਵਾਲੀਆਂ ਇਸਤਰੀਆਂ ਦੁਆਰਾ ਪਿੱਛੋਂ ਘਰਾਂ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਔਰਤਾਂ ਨੇ ਮਰਦਾਵੇਂ ਕੰਮਾਂ ਨੂੰ ਬੇਝਿਜਕ ਕਰਦਿਆਂ ਸਮਾਜ ਦੀਆਂ ਮਿੱਥਾਂ ਨੂੰ ਤੋੜਿਆ।

ਅੰਦੋਲਨ ਦੀਆਂ ਪ੍ਰਾਪਤੀਆਂ ਦੀ ਗੱਲ ਕਰੀਏ ਤੇ ਇਸਤਰੀ ਪ੍ਰਤੀ ਕੁੱਲ ਆਲਮ ਦਾ ਨਜ਼ਰੀਆ ਬਦਲ ਗਿਆ ਤੇ ਬਾਬੇ ਨਾਨਕ ਦੁਆਰਾ ਇਸਤਰੀ ਪ੍ਰਤੀ ਦਿੱਤਾ ਫਲਸਫਾ ਕਿਤੇ ਨਾ ਕਿਤੇ ਸੱਚ ਹੁੰਦਾ ਦਿਖਾਈ ਦਿੱਤਾ। ਇਨ੍ਹਾਂ ਹੀ ਨਹੀਂ ਔਰਤ ਦੀ ਰੋਜਾਨਾ ਜੀਵਨ ਦੀ ਭੂਮਿਕਾ ਵਿਚ ਵੱਡਾ ਬਦਲਾਅ ਆਇਆ। ਇਸ ਸਭਿਆਚਾਰਕ ਇਨਕਲਾਬ ਨੇ ਕਿਸਾਨੀ ਦਾ ਭਵਿੱਖ ਤੈਅ ਕਰਨ ਲਈ ਔਰਤ ਦੀ ਭੂਮਿਕਾ ਨੂੰ ਸਥਾਪਿਤ ਕੀਤਾ। ਅਜੋਕੇ ਸਮਾਜ ਵਿਚ ਔਰਤਾਂ ਦੁਆਰਾ ਨਿਭਾਈ ਜਾ ਰਹੀ ਭੂਮਿਕਾ ਨੇ ਕਈ ਮਿੱਥਾਂ ਨੂੰ ਤੋੜਿਆ ਹੈ। ਇਸੇ ਪ੍ਰਕਾਰ ਖੇਤੀ ਦੇ ਕੰਮ ਅਤੇ ਖੇਤੀ ਖੇਤਰ ਦੇ ਖੇਤੀ ਸੰਘਰਸ਼ਾਂ ਦੇ ਇਤਿਹਾਸ ਨੂੰ ਬਦਲ ਦਿਆਂ ਮਰਦ-ਪ੍ਰਧਾਨਤਾ ਦੀ ਮਿੱਥ ਨੂੰ ਇਸਤਰੀਆਂ ਨੇ ਤੋੜਿਆ ਹੈ। ਸਮਾਜ ਵਿਚ ਆਏ ਇਸ ਸਕਾਰਾਤਮਕ ਬਦਲਾਅ ਨੇ ਸਮਾਜ ਵਿਚ ਬਰਾਬਰੀ ਦੇ ਭਾਵ ਦੇ ਨਾਲ-ਨਾਲ ਸਮਾਜ ਵਿਚ ਇਕ ਚੇਤਨਤਾ ਫੈਲਾਉਣ ਦਾ ਕੰਮ ਵੀ ਕੀਤਾ।

ਸਮੁੱਚੀ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਦੀ ਗੱਲ ਕਰਦਿਆਂ ਇਸ ਦੇ ਸਮਾਜਿਕ ਸਰੋਕਾਰਾਂ ਨੂੰ ਗਹਿਰਾਈ ਨਾਲ ਦੇਖਣਾ ਬਹੁਤ ਮਹੱਤਵਪੂਰਣ ਹੈ। ਇਸ ਕਾਰਜ ਲਈ ਇਸ ਅਧਿਆਇ ਵਿਚ ਪੰਜਾਬੀ ਸਮਾਜ ਦੇ ਅਤਿ ਪ੍ਰਭਾਵੀ ਤੱਤਕਾਲੀ ਮਸਲਿਆਂ ਨੂੰ ਪਛਾਣਿਆ ਗਿਆ ਹੈ। ਸਮੁੱਚਾ ਪੰਜਾਬੀ ਸਮਾਜ ਤੇ ਵਿਸ਼ੇਸ਼ਕਰ ਕਿਸਾਨ ਪਰਿਵਾਰਾਂ ਵਿਚ ਨਸ਼ਾ ਇਕ ਅਤਿ ਗੰਭੀਰ ਸੰਕਟ ਬਣ ਗਿਆ ਹੈ, ਜਿਸ ਨੇ ਸਮਾਜ ਵਿਚ ਇਕ ਵੱਖਰੀ ਤਰ੍ਹਾਂ ਦਾ ਸੋਗਮਈ ਤੇ ਡਰ ਦਾ ਮਾਹੌਲ ਸਿਰਜ ਦਿੱਤਾ ਹੈ। ਪੰਜਾਬੀ ਕਵੀਆਂ ਦੁਆਰਾ ਇਸ ਸਮੱਸਿਆ ਨੂੰ ਪੇਸ਼ ਕਰਦਿਆਂ ਇਸਦੇ ਕਿਸਾਨੀ ਉੱਪਰ ਪੈ ਰਹੇ ਪ੍ਰਭਾਵਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਖੁੱਲਾ ਦੁੱਧ, ਦਹੀ ਖਾਣ ਵਾਲੀ ਪਛਾਣ ਰੱਖਣ ਵਾਲਾ ਪੰਜਾਬ ਅੱਜ ਚਿੱਟੇ, ਅਫੀਮ, ਸਮੈਕ, ਚਰਸ ਆਦਿ ਨਸ਼ਿਆਂ ਦਾ ਭੰਡਾਰ ਬਣ ਗਿਆ ਹੈ ਤੇ ਪੰਜਾਬੀ ਗੱਭਰੂ ਇਸ ਦਲਦਲ ਵਿਚ ਫਸ ਕੇ ਆਪਣੇ ਪਿਤਾ-ਪੁਰਖੀ ਖੇਤੀ ਦੇ ਕਿੱਤੇ ਤੋਂ ਮੁੱਖ ਮੋੜ ਗਏ ਹਨ। ਨਸ਼ਿਆਂ ਵਿਚ ਫਸੀ ਜਵਾਨੀ ਨੇ ਜ਼ਮੀਨਾਂ ਵੇਚਣ, ਗਹਿਣੇ ਧਰਨ ਵੱਲ ਨੂੰ ਵੱਧਦਿਆਂ ਪਹਿਲਾਂ ਤੋਂ ਹੀ ਮਾੜੇ ਹਾਲਤਾਂ ਵਿਚ ਪਈ ਕਿਰਸਾਨੀ ਨੂੰ ਹੋਰ ਡੂੰਘੇ ਖੂਹ ਵੱਲ ਸੁੱਟਿਆ ਹੈ। ਇਸ ਪ੍ਰੇਸ਼ਾਨੀ ਤੋਂ ਡਰਦੇ ਜਾਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਸਾਂਭਣ ਲਈ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਪਰਦੇਸ ਦਾ ਰਾਹ ਦਿਖਾਉਣਾ ਸ਼ੁਰੂ ਕੀਤਾ

ਜੋ ਬਾਅਦ ਵਿਚ ਆ ਕੇ ਨੌਜਵਾਨਾਂ ਲਈ ਅਜਿਹਾ ਖਿੱਚ ਦਾ ਕੇਂਦਰ ਬਣਿਆ ਕਿ ਪਰਵਾਸ ਆਪਣੇ ਆਪ ਵਿਚ ਪੰਜਾਬੀ ਸਮਾਜ ਤੇ ਪੰਜਾਬ ਦੀ ਕਿਸਾਨੀ ਲਈ ਇਕ ਗੰਭੀਰ ਚੁਣੌਤੀ ਬਣ ਗਿਆ।

ਇਸ ਪਰਵਾਸ ਦੇ ਨਿਰੰਤਰ ਵੱਧਦੇ ਰੁਝਾਨ ਨੇ ਪੰਜਾਬੀਆਂ ਦੇ ਪਿੰਡਾਂ ਦੇ ਪਿੰਡ ਸੁੰਨੇ ਕਰ ਦਿੱਤੇ। ਪਰਵਾਸ ਨਾਲ ਜਿੱਥੇ ਪੰਜਾਬ ਦੀ ਜਵਾਨੀ ਦਾ ਕਿਸਾਨੀ ਨਾਲੋਂ ਨਾਤਾ ਟੁੱਟ ਰਿਹਾ ਹੈ ਉੱਥੇ ਹੀ ਜ਼ਮੀਨਾਂ ਨੂੰ ਵੇਚਣ ਤੇ ਗਹਿਣੇ ਪਾਉਣ ਦੀ ਪ੍ਰਵਿਰਤੀ ਵੀ ਪਹਿਲਾਂ ਨਾਲੋਂ ਤੇਜ਼ ਹੋਈ ਹੈ। ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਜ਼ਮੀਨ ਉੱਪਰ ਕਰਜ਼ ਲੈ ਲਿਆ ਜਾਂਦਾ ਹੈ, ਮੂਲ ਰੂਪ ਵਿਚ ਇਸ ਕਰਜ਼ ਦਾ ਕਾਰਨ ਪਰਵਾਸ ਹੈ ਪਰੰਤੂ ਅੰਕੜਿਆਂ ਵਿਚ ਇਸ ਦੀ ਗਣਨਾ ਕਿਸਾਨੀ ਕਰਜ਼ ਦੇ ਰੂਪ ਵਿਚ ਹੁੰਦੀ ਹੈ। ਪਰੰਤੂ ਦੋਨਾਂ ਹੀ ਸੂਰਤਾਂ ਵਿਚ ਮੰਦਹਾਲੀ ਦਾ ਸ਼ਿਕਾਰ ਕਿਸਾਨ ਤੇ ਉਸ ਦੀ ਕਿਸਾਨੀ ਹੋ ਰਹੀ ਹੈ। ਸੋ ਇਕ ਤਰਾਂ ਨਾਲ ਨਸ਼ੇ ਅਤੇ ਪਰਵਾਸ ਦਾ ਰੁਝਾਨ ਇਕ ਦੂਜੇ ਦੇ ਪੂਰਕ ਦੇ ਤੌਰ ਤੇ ਪੰਜਾਬੀ ਸਮਾਜ ਵਿਸ਼ੇਸ਼ਕਰ ਪੰਜਾਬ ਦੀ ਕਿਸਾਨੀ ਨੂੰ ਖੋਰਾ ਲਾ ਰਹੇ ਹਨ।

ਇਸੇ ਹੀ ਕੜੀ ਤਹਿਤ ਰਹਿੰਦੀ ਖੂੰਹਦੀ ਕਸਰ ਪੰਜਾਬ ਵਿਚ ਨਿਰੰਤਰ ਵੱਧ ਰਹੇ ਡੇਰਾਵਾਦ ਦੇ ਪ੍ਰਭਾਵ ਨੇ ਪੂਰੀ ਕਰ ਦਿੱਤੀ ਹੈ। ਪੰਜਾਬ ਵਿਚ ਬਹੁਤਾਂਤ ਵਿਚ ਭਾਵੇਂ ਸਿੱਖ ਆਬਾਦੀ ਹੈ ਜੋ ਕਿਰਸਾਨੀ ਪੇਸ਼ੇ ਨਾਲ ਸੰਬੰਧਿਤ ਹਨ ਪਰ ਅੱਜ ਪੰਜਾਬ ਵਿਚ ਹਰੇਕ ਧਰਮ ਵਿਚਲਾ ਪਾਖੰਡਵਾਦ ਸਿਖਰਾਂ ਵੱਲ ਨੂੰ ਜਾ ਰਿਹਾ ਹੈ। ਸਿੱਖ ਧਰਮ ਵਿਚ ਕਈ ਪ੍ਰਕਾਰ ਦੇ ਡੇਰਿਆਂ ਨੇ ਆਪੋ-ਆਪਣੇ ਮੱਠ ਕਾਇਮ ਕਰ ਲਏ ਹਨ ਜੋ ਸਿੱਖੀ ਦੇ ਮੂਲ ਸਿਧਾਂਤ ਕਿਰਤ ਤੋਂ ਬੇਮੁੱਖ ਹੋ ਕੇ ਕੇਵਲ ਧਨ ਪ੍ਰਾਪਤੀ ਦੀ ਚਾਹ ਤੱਕ ਹੀ ਸੀਮਿਤ ਹਨ। ਆਮ ਸਿੱਧੇ-ਸਾਧੇ ਲੋਕਾਂ ਜਿਨ੍ਹਾਂ ਵਿਚ ਜਿਆਦਾਤਰ ਗਿਣਤੀ ਕਿਸਾਨਾਂ ਦੀ ਹੈ ਨੂੰ ਵਰਗਲਾ ਕੇ ਆਪਣੇ ਮਗਰ ਲਗਾ ਲੈਂਦੇ ਹਨ ਤੇ ਆਰਥਿਕ ਰੂਪ ਵਿਚ ਉਹਨਾਂ ਦਾ ਸ਼ੋਸ਼ਨ ਕਰਦੇ ਹਨ। ਨਵੇਂ ਰੁਝਾਨਾਂ ਮੁਤਾਬਿਕ ਕੇਵਲ ਸਿੱਖ ਧਰਮ ਹੀ ਨਹੀਂ ਸਗੋਂ ਪੀਰਾਂ-ਫਕੀਰਾਂ ਦੀਆਂ ਦਰਗਾਹਾਂ ਤੇ ਬਣੇ ਡੇਰੇ ਅਤੇ ਈਸਾਈ ਧਰਮ ਦੇ ਧਾਰਮਿਕ ਸਥਾਨਾਂ ਉੱਪਰ ਇਨ੍ਹਾਂ ਡੇਰਿਆਂ ਦੀ ਗਿਣਤੀ ਨਿਰੰਤਰ ਵਧੀ ਹੈ। ਧਰਮ ਦੀ ਆੜ ਹੇਠ ਉਸਰੇ ਇਨ੍ਹਾਂ ਡੇਰਿਆਂ ਨੇ ਸਮਾਜ ਵਿਚ ਅੰਧ ਵਿਸ਼ਵਾਸ ਤਾਂ ਫੈਲਾਏ ਹੀ ਹਨ ਸਗੋਂ ਮਾਇਕ ਤੌਰ ਤੇ ਵੱਡੀ ਢਾਅ ਲਾਈ ਹੈ ਜਿਸ ਨਾਲ ਪੰਜਾਬੀ ਸਮਾਜ ਵਿਚਲਾ ਕਿਸਾਨੀ ਸੰਕਟ ਹੋਰ ਵੀ

ਗਹਿਰਾ ਹੋ ਰਿਹਾ ਹੈ। ਆਏ ਦਿਨ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਅਜਿਹੀਆਂ ਘਟਨਾਵਾਂ ਦੇ ਵਾਪਰਨ ਦੀ ਖ਼ਬਰ ਆਮ ਸੁਣਨ ਨੂੰ ਮਿਲਦੀ ਹੈ। ਸੋ ਇਸ ਪ੍ਰਕਾਰ ਕਿਸਾਨੀ ਸੰਕਟ ਵਿਚ ਹੋ ਰਹੇ ਵਾਧੇ ਦੇ ਸਮਾਜਿਕ ਕਾਰਨਾਂ ਵਿਚ ਧਾਰਮਿਕ ਸਰੋਕਾਰਾਂ ਦਾ ਵੀ ਅਹਿਮ ਯੋਗਦਾਨ ਹੈ।

ਜਿੱਥੇ ਨਸ਼ਾ, ਪਰਵਾਸ ਅਤੇ ਧਾਰਮਿਕ ਕਦਰਾਂ-ਕੀਮਤਾਂ ਵਿਚ ਆਈਆਂ ਊਣਤਾਈਆਂ ਨੇ ਸਮਾਜਿਕ ਤੌਰ ਤੇ ਕਿਸਾਨੀ ਲਈ ਸੰਕਟ ਖੜ੍ਹਾ ਕੀਤਾ ਉੱਥੇ ਹੀ ਧਰਮ ਦੇ ਸਕਾਰਾਤਮਕ ਰੂਪ ਭਾਵ ਧਰਮ ਵਿਚਲੀਆਂ ਨੈਤਿਕ ਕਦਰਾਂ-ਕੀਮਤਾਂ ਨੇ ਧਰਮ ਨੂੰ ਇਕ ਮਾਰਗ-ਦਰਸ਼ਕ ਦੇ ਰੂਪ ਵਿਚ ਕਿਸਾਨੀ ਸੰਕਟ ਨਾਲ ਨਜਿੱਠਣ ਦਾ ਇਕ ਜਰੀਏ ਦੇ ਰੂਪ ਵਿਚ ਵੀ ਪੇਸ਼ ਕੀਤਾ। ਇਸੇ ਕਾਰਜ ਨੂੰ ਅੱਗੇ ਤੋਰਦਿਆ ਸਮਾਜ ਵਿਚ ਇਸਤਰੀਆਂ ਦੀ ਬਦਲਦੀ ਭੂਮਿਕਾ ਨੇ ਵੀ ਸਮਾਜਿਕ ਚੇਤਨਤਾ ਨੂੰ ਇਕ ਵੱਡਾ ਹਲੂਣਾ ਦਿੰਦਿਆਂ ਹੋਇਆ ਆਪਣੀ ਕਾਰਜਸ਼ੈਲੀ ਦੀ ਇਕ ਨਵੀਂ ਰੂਪ-ਰੇਖਾ ਉਲੀਕੀ ਹੈ। ਇਸ ਨਵੀਂ ਭੂਮਿਕਾ ਤਹਿਤ ਉਨ੍ਹਾਂ ਅਖੌਤੀ ਮਰਦ ਪ੍ਰਧਾਨ ਸਮਾਜ ਦੀ ਇਸ ਰਵਾਇਤ ਨੂੰ ਤੋੜਿਆ ਹੈ ਕਿ ਖੇਤੀ ਕੇਵਲ ਮਰਦਾਂ ਦਾ ਕਾਰਜ ਹੈ। ਇਸ ਅਤਿ ਆਧੁਨਿਕ ਤਕਨੀਕ ਦੇ ਦੌਰ ਵਿਚ ਇਸਤਰੀਆਂ ਨੇ ਖੇਤੀ ਖੇਤਰ ਵਿਚ ਵੱਡੀਆਂ ਮੱਲਾਂ ਮਾਰੀਆਂ ਨੇ। ਉਨ੍ਹਾਂ ਦੁਆਰਾ ਕਿਸਾਨ ਅੰਦੋਲਨ ਵਿਚ ਨਿਭਾਈ ਮਿਸਾਲੀ ਭੂਮਿਕਾ ਤੇ ਸੰਘਰਸ਼ ਦੀ ਗਾਥਾ ਨੇ ਮਿੱਥਾਂ ਨੂੰ ਤੋੜਦਿਆ ਜਿੱਥੇ ਨਾਰੀ ਸ਼ਕਤੀ ਦਾ ਪ੍ਰਮਾਣ ਦਿੱਤਾ, ਉੱਥੇ ਹੀ ਸਮਕਾਲੀ ਪੰਜਾਬੀ ਕਵਿਤਾ ਵਿਚ ਇਸ ਨੂੰ ਖ਼ੂਬ ਸਲਾਹਿਆ ਵੀ ਗਿਆ ਹੈ। ਅਜਿਹੀਆਂ ਪ੍ਰਵਿਰਤੀਆਂ ਸਮਾਜ ਵਿਚ ਇਕ ਚੰਗੀ ਸੇਧ ਦਿੰਦੀਆਂ ਹੋਈਆਂ ਕਿਸਾਨੀ ਸੰਕਟ ਨੂੰ ਘਟਾਉਣ ਵਿਚ ਵੀ ਤਤਪਰ ਹਨ।

## 4 ਸਮਕਾਲੀ ਪੰਜਾਬੀ ਕਵਿਤਾ ਵਿਚਲੇ ਕਿਸਾਨੀ ਸੰਕਟ ਦੇ ਰਾਜਨੀਤਿਕ ਪਰਿਪੇਖ:

ਪ੍ਰਸਤੁਤ ਖੋਜ ਕਾਰਜ 'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਅਧਿਐਨ' ਦੇ ਪਹਿਲੇ ਅਧਿਆਇ ਵਿਚ ਖੋਜ ਕਾਰਜ ਦੇ ਸਿਧਾਂਤਕ ਪੱਖਾਂ ਨੂੰ ਵਿਚਾਰਿਆ ਗਿਆ ਹੈ ਤੇ ਸੰਬੰਧਿਤ ਖੋਜ ਕਾਰਜ ਨਾਲ ਮਿਲਦੇ-ਜੁਲਦੇ ਪੂਰਵ ਖੋਜ ਕਾਰਜਾਂ ਦਾ ਅਧਿਐਨ ਅਤੇ ਖੋਜ ਨਾਲ ਸੰਬੰਧਿਤ ਸਿਧਾਂਤਕ ਅਧਿਐਨ ਕੀਤਾ ਗਿਆ ਹੈ। ਖੋਜ ਕਾਰਜ ਦੇ ਦੂਜੇ ਅਧਿਆਇ ਵਿਚ ਜਿੱਥੇ ਅਸੀਂ ਖੇਤੀ ਸੰਕਟ ਨਾਲ ਜੁੜੇ ਸਭਿਆਚਾਰਕ ਸਰੋਕਾਰਾਂ ਬਾਰੇ ਪੜਚੋਲ ਕੀਤੀ ਹੈ ਤੇ ਖੋਜ ਕਾਰਜ ਦੇ ਤੀਜੇ ਅਧਿਆਇ ਵਿਚ ਕਿਸਾਨੀ ਸੰਕਟ ਦੇ ਸਮਾਜਕ ਸਰੋਕਾਰਾਂ ਨੂੰ ਫਰੋਲਿਆ ਗਿਆ ਹੈ। ਉੱਥੇ ਹੀ ਖੋਜ ਕਾਰਜ ਦੇ ਇਸ ਅਧਿਆਇ ਵਿਚ ਮੁੱਖ ਤੌਰ ਤੇ ਖੇਤੀ ਪ੍ਰਬੰਧ ਦੀ ਵਰਤਮਾਨ ਸਥਿਤੀ ਵਿਚ ਰਾਜ ਅਤੇ ਰਾਜਨੀਤੀ ਦੀ ਭੂਮਿਕਾ ਬਾਰੇ ਵਿਸਥਾਰ ਵਿਚ ਚਰਚਾ ਕਰਾਂਗੇ। ਅਜੋਕੇ ਸਮੇਂ ਵਿਚ ਮਾਨਵ ਜੀਵਨ ਦਾ ਹਰੇਕ ਪਹਿਲੂ ਰਾਜਨੀਤੀ ਦਾ ਪ੍ਰਭਾਵ ਬਹੁਤ ਵੱਡੇ ਪੱਧਰ ਤੇ ਕਬੂਲਦਾ ਹੈ। ਕਿਸਾਨ ਵੀ ਇਸ ਪ੍ਰਭਾਵ ਤੋਂ ਅਛੂਹਿਆ ਨਹੀਂ ਹੈ। ਸਮਾਜ-ਸਭਿਆਚਾਰਕ ਅਧਿਐਨ ਦੇ ਅੰਤਰਗਤ ਰਾਜਨੀਤਿਕ ਸਰੋਕਾਰਾਂ ਨੂੰ ਅੱਖੋਂ-ਪਰੋਖੇ ਕੀਤਾ ਵੀ ਨਹੀਂ ਜਾ ਸਕਦਾ।

ਕਿਸਾਨ ਲਈ ਕਿਸਾਨੀ ਕੇਵਲ ਇਕ ਪੇਸ਼ਾ ਜਾਂ ਜੀਵਨ ਨਿਰਬਾਹ ਦਾ ਸਾਧਨ ਨਹੀਂ ਸਗੋਂ ਪੰਜਾਬੀਆਂ ਦੀ ਜਾਨ ਹੈ ਤੇ ਕਿਸਾਨ ਦੇ ਜੀਵਨ ਦਾ ਕੇਂਦਰੀ ਧੁਰਾ ਹੈ ਜਿਸ ਦੇ ਦੁਆਲੇ ਉਸ ਦਾ ਸਾਰਾ ਜੀਵਨ ਚੱਕਰ ਕੱਢਦਾ ਹੈ। ਕਿਸਾਨੀ ਉਸ ਦੇ ਜੀਵਨ ਦੀ ਇਕ ਸ਼ੈਲੀ ਬਣ ਗਈ ਹੈ। ਕਿਸਾਨ ਦੇ ਜੀਵਨ ਦੇ ਸਾਰੇ ਪੱਖ ਚਾਹੇ ਉਹ ਉਸਦਾ ਸਮਾਜਿਕ ਚੌਗਿਰਦਾ ਹੋਵੇ, ਉਸ ਦੇ ਰਿਸ਼ਤੇ-ਨਾਤੇ, ਭਾਈਚਾਰੇ ਹੋਣ, ਰਾਜਨੀਤਿਕ ਤਅੱਲੁਕ ਹੋਣ ਜਾਂ ਧਾਰਮਿਕ ਰੀਤਾਂ ਜਾਂ ਰਸਮ-ਰਿਵਾਜ ਉਹ ਉਸ ਦੀ ਖੇਤੀ ਨਾਲ ਹੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਜੁੜੇ ਹੁੰਦੇ ਹਨ। ਇਨ੍ਹਾਂ ਸਭ ਪਹਿਲੂਆਂ ਦਾ ਉਸ ਦੇ ਜੀਵਨ ਤੇ ਸਿੱਧਾ ਅਸਰ ਦੇਖਣ ਨੂੰ ਮਿਲਦਾ ਹੈ। ਇਸ ਅਧਿਆਇ ਵਿਚ ਕਿਸਾਨੀ ਸੰਕਟ ਨਾਲ ਜੁੜੇ ਰਾਜਨੀਤਿਕ ਪਹਿਲੂਆਂ ਬਾਰੇ ਵਿਚਾਰ ਚਰਚਾ ਕਰਾਂਗੇ।

ਰਾਜਨੀਤੀ ਸ਼ਾਸਤਰ ਦੇ ਪਿਤਾਮਾ ਅਰਸਤੂ ਮਨੁੱਖ ਨੂੰ ਸਮਾਜਿਕ ਅਤੇ ਰਾਜਨੀਤਿਕ ਪ੍ਰਾਣੀ ਮੰਨਦੇ ਹਨ। ਮਨੁੱਖੀ ਸੁਭਾਅ ਅਤੇ ਜ਼ਰੂਰਤਾਂ ਕਾਰਨ ਜਨਮ ਤੋਂ ਮਰਨ ਤੱਕ ਮਨੁੱਖ ਸਮਾਜ ਵਿਚ ਵਿਚਰਦਾ ਹੈ। ਬੁਨਿਆਦੀ ਲੋੜਾਂ (ਰੋਟੀ, ਕੱਪੜਾ ਅਤੇ ਮਕਾਨ) ਦੀ ਪੂਰਤੀ ਲਈ ਮਨੁੱਖ ਇਕ ਦੂਜੇ ਦੇ ਸਹਿਯੋਗ ਦੀ ਜਰੂਰਤ

ਮਹਿਸੂਸ ਕਰਨ ਲੱਗਾ। ਇਹ ਸਹਿਯੋਗ ਦੀ ਭਾਵਨਾ ਨੇ ਹੀ ਮਨੁੱਖ ਨੂੰ ਸਮਾਜ ਸਿਰਜਣ ਲਈ ਪ੍ਰੇਰਿਤ ਕੀਤਾ ਹੈ ਤੇ ਸਮਾਜ ਦੀ ਹੋਂਦ ਸੰਭਵ ਹੋ ਸਕੀ ਹੈ। ਅਰਸਤੂ ਦੇ ਕਹੇ ਅਨੁਸਾਰ ਜੋ ਮਨੁੱਖ ਸਮਾਜ ਤੋਂ ਬਿਨਾਂ ਰਹਿਣ ਵਾਲਾ ਹੋਵੇ ਉਹ ਪਸ਼ੂ ਹੈ ਜਾਂ ਦੇਵਤਾ। ਸੋ ਬੁਨਿਆਦੀ ਜਰੂਰਤਾਂ ਦੀ ਪੂਰਤੀ ਤੇ ਸਮਾਜਿਕ ਸੁਭਾਅ ਕਾਰਨ ਹੀ ਮਾਨਵ ਸਮਾਜ ਹੋਂਦ ਵਿਚ ਆਇਆ। ਮਨੁੱਖੀ ਵਿਕਾਸ ਦੀ ਪ੍ਰਕਿਰਿਆ ਬਹੁਤ ਹੌਲੀ ਤੇ ਲੰਮੀ ਹੈ ਤੇ ਇਸ ਦਾ ਇਕ ਵਿਸ਼ਾਲ ਇਤਿਹਾਸ ਹੈ। ਹੌਲੀ-ਹੌਲੀ ਇਹ ਸਮਾਜ ਨਿਯਮਾਂ ਵਿਚ ਬੱਝਣ ਲੱਗਾ ਤੇ ਸਥਾਈ ਤੌਰ ਤੇ ਟਿਕ ਕੇ ਰਹਿਣ ਦਾ ਪ੍ਰਚੱਲਣ ਵੱਧਣ ਲੱਗਾ।

ਮਨੁੱਖੀ ਸੁਭਾਅ ਵਿਚ ਕੁਦਰਤੀ ਤੌਰ ਤੇ ਕੁੱਝ ਰਾਜਨੀਤਿਕ ਗੁਣ ਹਨ ਜਿਵੇਂ ਦੂਜੇ ਮਨੁੱਖਾਂ ਨੂੰ ਆਪਣੇ ਅਧੀਨ ਕਰਕੇ, ਆਪਣੀਆਂ ਆਗਿਆਵਾਂ ਦਾ ਪਾਲਣ ਕਰਵਾਉਣਾ ਜਾਂ ਦੂਜਿਆਂ ਉੱਤੇ ਸ਼ਾਸਨ ਕਰਨਾ ਆਦਿ। ਇਸੇ ਹੀ ਤਰ੍ਹਾਂ ਮਨੁੱਖ ਵਿਚ ਕੁੱਝ ਹੋਰ ਨਕਾਰਾਤਮਕ ਬਿਰਤੀਆਂ ਜਿਵੇਂ ਸਵਾਰਥ, ਝਗੜਾ, ਹਿੰਸਾ, ਈਰਖਾ ਆਦਿ ਵਿਦਮਾਨ ਹਨ। ਅਜਿਹੇ ਵਿਚ ਅਣਸੁਖਾਵਾਂ ਮਾਹੌਲ ਤੇ ਵਾਤਾਵਰਣ ਉੱਸਰਣ ਦੀ ਸੰਭਾਵਨਾ ਬਣ ਜਾਂਦੀ ਹੈ। ਅਜਿਹੇ ਅਣਸੁਖਾਵੇਂ ਤੇ ਅਸੁੱਰਖਿਅਤ ਜੀਵਨ ਨੂੰ ਮਾਨਵ ਅਨੁਕੂਲ ਤੇ ਸੁਰੱਖਿਅਤ ਬਣਾਉਣ ਲਈ ਇਕ ਸ਼ਕਤੀਸ਼ਾਲੀ ਤੇ ਸੰਗਠਿਤ ਰਾਜ ਦੀ ਜਰੂਰਤ ਮਹਿਸੂਸ ਕੀਤੀ ਜਾਣ ਲੱਗੀ ਜੋ ਅੱਗੇ ਚਲ ਕੇ ਰਾਜ ਅਤੇ ਰਾਜਨੀਤੀ ਦਾ ਆਧਾਰ ਬਣਿਆ।

ਮਨੁੱਖੀ ਬੁਨਿਆਦੀ ਲੋੜਾਂ ਵਿਚੋਂ ਪਹਿਲੀ ਤੇ ਮੁੱਢਲੀ ਲੋੜ 'ਰੋਟੀ' ਹੈ। ਇਸ ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਇਹ ਸਮਝਣ ਦਾ ਯਤਨ ਕੀਤਾ ਜਾਵੇਗਾ ਕਿ ਕਿਵੇਂ ਰਾਜ ਅਤੇ ਉਸ ਦੁਆਰਾ ਬਣਾਈਆਂ ਜਾਣ ਵਾਲੀਆਂ ਨੀਤੀਆਂ ਖੇਤੀ-ਖੇਤਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਅਧਿਐਨ ਦਾ ਕੇਂਦਰ ਬਿੰਦੂ ਇਹ ਹੋਵੇਗਾ ਕਿ ਸਮਕਾਲੀ ਪੰਜਾਬੀ ਕਵੀਆਂ ਦੁਆਰਾ ਇਸ 'ਰੋਟੀ' ਰੂਪੀ ਬੁਨਿਆਦੀ ਜਰੂਰਤ ਨੂੰ 'ਕਿਸਾਨੀ' ਜਾਂ 'ਖੇਤੀ' ਦੇ ਮਾਧਿਅਮ ਰਾਹੀਂ ਇਸ ਦੇ 'ਰਾਜ' ਅਤੇ 'ਰਾਜਨੀਤੀ' ਨਾਲ ਜੁੜੇ ਪਹਿਲੂਆਂ ਨੂੰ ਕਿੰਝ ਦੇਖਿਆ, ਸਮਝਿਆ ਤੇ ਬਿਆਨਿਆ ਗਿਆ ਹੈ। ਭਾਰਤ ਜਿਹੇ ਖੇਤੀ ਪ੍ਰਧਾਨ ਰਾਸ਼ਟਰ ਵਿਚ ਰਾਜਨੀਤੀ ਦੀ ਖੇਤੀ ਪ੍ਰਤੀ ਭੂਮਿਕਾ ਹੋਰ ਵੀ ਮਹੱਤਵਪੂਰਣ ਹੋ ਜਾਂਦੀ ਹੈ। ਇਸ ਅਧਿਆਇ ਵਿਚ ਵੱਖ-ਵੱਖ ਪੰਜਾਬੀ ਕਵੀਆਂ ਦੁਆਰਾ ਇਨ੍ਹਾਂ ਨੀਤੀਆਂ ਅਤੇ ਉਨ੍ਹਾਂ ਨੀਤੀਆਂ ਦੇ ਪ੍ਰਭਾਵਾਂ ਨੂੰ ਕਵਿਤਾ ਦੇ ਰੂਪ ਰਾਹੀਂ ਕਿਸ ਤਰ੍ਹਾਂ ਪੇਸ਼ ਕੀਤਾ ਹੈ ਇਸ ਦਾ ਅਧਿਐਨ

ਕੀਤਾ ਜਾਵੇਗਾ। ਪਰੰਤੂ ਇਸ ਤੋਂ ਪਹਿਲਾਂ 'ਰਾਜ' ਅਤੇ 'ਰਾਜਨੀਤੀ' ਦੇ ਸਿਧਾਂਤਕ ਅਰਥਾਂ ਨੂੰ ਜਾਣਨਾ ਬਹੁਤ ਜਰੂਰੀ ਹੈ। 'ਰਾਜ' ਅਤੇ 'ਰਾਜਨੀਤੀ' ਨੂੰ ਆਮ ਕਰਕੇ ਸਾਧਾਰਣ ਬੋਲਚਾਲ ਵਿਚ ਕਈ ਵਾਰ ਇਕ-ਦੂਜੇ ਦੀ ਜਗ੍ਹਾ ਜਾਂ ਇਕ-ਦੂਜੇ ਦੇ ਸਮਾਨਅਰਥੀ ਵਰਤ ਲਿਆ ਜਾਂਦਾ ਹੈ। ਲੇਕਿਨ 'ਰਾਜ' ਅਤੇ 'ਰਾਜਨੀਤੀ' ਵਿਚ ਵਿਆਪਕ ਅੰਤਰ ਪਾਇਆ ਜਾਂਦਾ ਹੈ, ਜੋ ਦੋਨਾਂ ਸ਼ਬਦਾਂ ਦੇ ਅਰਥ, ਸਰੂਪ, ਵਿਸ਼ਾ, ਖੇਤਰ ਆਦਿ ਵਿਚ ਪਾਏ ਜਾਂਦੇ ਅੰਤਰ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।

## 4.1 ਰਾਜ ਅਤੇ ਰਾਜਨੀਤੀ: ਸਿਧਾਂਤਕ ਪਰਿਪੇਖ

**ਰਾਜ:** ਰਾਜਨੀਤੀ ਸ਼ਾਸਤਰ ਦੇ ਪਿਤਾਮਾ ਅਰਸਤੂ ਦੇ ਵਿਚਾਰਾਂ ਅਨੁਸਾਰ ਰਾਜ ਦਾ ਨਿਰਮਾਣ ਜੀਵਨ ਦੀਆਂ ਸਾਦੀਆਂ ਤੇ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਹੋਇਆ ਹੈ। ਪਰ ਇਸ ਦੀ ਨਿਰੰਤਰ ਹੋਂਦ ਚੰਗੇ ਸੁਖੀ ਤੇ ਸਤਿਕਾਰ ਭਰੇ ਜੀਵਨ ਲਈ ਬਣੀ ਰਹੀ ਹੈ। ਪ੍ਰਾਚੀਨ ਕਾਲ ਵਿਚ ਰਾਜ ਸ਼ਬਦ ਲਈ ਯੂਨਾਨ ਵਿਚ 'ਪੋਲਿਸ', ਭਾਰਤ ਵਿਚ 'ਗਣਰਾਜ' ਅਤੇ ਰੋਮ ਵਿਚ 'ਸਵੀਟਾਸ' ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਪਰੰਤੂ ਉਸ ਸਮੇਂ ਤੱਕ ਰਾਜ ਸ਼ਬਦ ਨੂੰ ਕਿਸੇ ਰਾਸ਼ਟਰ ਵਜੋਂ ਨਹੀਂ ਸਗੋਂ ਛੋਟੇ-ਛੋਟੇ ਰਾਜਾਂ ਜਾਂ ਨਗਰਾਂ ਲਈ ਵਰਤਿਆ ਜਾਂਦਾ ਸੀ। ਰਾਸ਼ਟਰੀ ਰੂਪ ਵਿਚ ਰਾਜ ਦੀ ਧਾਰਨਾ ਕਾਫੀ ਮਗਰੋਂ ਸਾਹਮਣੇ ਆਈ ਤੇ ਸਭ ਤੋਂ ਪਹਿਲਾਂ 'ਸਟੇਟ' ਸ਼ਬਦ ਦਾ ਪ੍ਰਯੋਗ ਇਟਲੀ ਦੇ ਦਾਰਸ਼ਨਿਕ ਮੈਕਾਵਲੀ ਨੇ ਸੋਲਵੀਂ ਸਦੀ ਵਿਚ ਆਪਣੀ ਪੁਸਤਕ 'ਦੀ ਪ੍ਰਿੰਸ' ਵਿਚ ਕੀਤਾ। ਅੰਗਰੇਜ਼ੀ ਭਾਸ਼ਾ ਦਾ 'State' ਸ਼ਬਦ ਲਾਤੀਨੀ ਭਾਸ਼ਾ ਦੇ 'ਸਟੇਟਸ' ਤੋਂ ਉਪਜਿਆ ਹੈ ਜਿਸ ਦਾ ਅਰਥ ਦੂਜਿਆਂ ਦੇ ਮੁਕਾਬਲੇ ਉੱਚਾ ਪੱਧਰ ਹੈ। ਸੋ ਰਾਜ ਇਕ ਅਜਿਹਾ ਸੰਗਠਨ ਹੈ ਜਿਸ ਦਾ ਰੁਤਬਾ ਲੋਕਾਂ ਜਾਂ ਹੋਰ ਸੰਗਠਨਾਂ ਦੇ ਮੁਕਾਬਲੇ ਉੱਚਾ ਹੈ। ਇਨ੍ਹਾਂ ਹੀ ਨਹੀਂ ਰਾਜ ਇਕ ਅਜਿਹਾ ਸੰਗਠਨ ਹੈ ਜੋ ਮਨੁੱਖਾਂ ਦੇ ਆਚਰਣ ਨੂੰ ਸੱਭਿਅਕ ਬਣਾਉਂਦਾ ਹੈ ਤੇ ਮਨੁੱਖਾਂ ਨੂੰ ਅਧਿਕਾਰਾਂ, ਕਰਤੱਵਾਂ ਤੇ ਸੁਤੰਤਰਤਾ ਦੇ ਸਹੀ ਅਰਥ ਸਿਖਾਉਂਦਾ ਹੈ।

ਵੱਖ-ਵੱਖ ਵਿਦਵਾਨਾਂ ਨੇ ਰਾਜ ਨੂੰ ਆਪੋ-ਆਪਣੇ ਢੰਗ ਨਾਲ ਪਰਿਭਾਸ਼ਿਤ ਕੀਤਾ ਹੈ। ਰਾਜਨੀਤੀ ਸ਼ਾਸਤਰ ਵਿਸ਼ੇ ਦੀਆਂ ਅਕਾਦਮਿਕ ਕਿਤਾਬਾਂ ਵਿਚ ਰਾਜ ਦੀ ਪਰਿਭਾਸ਼ਾ ਦੇਣ ਲਈ ਸਭ ਤੋਂ ਪ੍ਰਚਲਿਤ ਪਰਿਭਾਸ਼ਾ ਅਰਸਤੂ ਦੀ ਲਿਖੀ ਮਿਲਦੀ ਹੈ। ਰਾਜਨੀਤੀ ਸ਼ਾਸਤਰ ਦੇ ਪਿਤਾਮਾ ਅਰਸਤੂ ਨੇ ਰਾਜ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ

ਹੈ "A union of families and villages having for its end a perfect and self-sufficing life by which we mean a happy and honorable life." ਭਾਵ ਰਾਜ ਪਿੰਡਾਂ ਅਤੇ ਪਰਿਵਾਰਾਂ ਦਾ ਸਮੂਹ ਹੈ, ਜਿਸ ਦਾ ਉਦੇਸ਼ ਇਕ ਸੰਪੂਰਨ ਅਤੇ ਆਤਮ-ਨਿਰਭਰ ਜੀਵਨ ਦੀ ਸਥਾਪਨਾ ਕਰਨਾ ਹੈ, ਜਿਸ ਤੋਂ ਭਾਵ ਸੁਖੀ ਤੇ ਸਤਿਕਾਰ ਭਰਿਆ ਜੀਵਨ ਹੈ। ਪੱਛਮੀ ਵਿਦਵਾਨ ਹਾਬਸ, ਲਾੱਕ ਅਤੇ ਰੂਸੋ ਨੇ ਰਾਜ ਦੀ ਹੋਂਦ ਦਾ ਕਾਰਨ ਸਮਾਜਿਕ ਸਮਝੌਤਿਆਂ ਦੇ ਸਿਧਾਂਤ ਨੂੰ ਮੰਨਿਆ ਹੈ। ਇਨ੍ਹਾਂ ਵਿਦਵਾਨਾਂ ਨੇ ਰਾਜ ਦੇ ਮੁੱਢਲੇ ਸਰੂਪ ਵਿਚ ਕੁਦਰਤੀ ਅਵਸਥਾ ਨੂੰ ਪ੍ਰਵਾਨ ਕੀਤਾ ਹੈ ਤੇ ਦੱਸਿਆ ਹੈ ਕਿ ਬਾਅਦ ਵਿਚ ਇਸ ਕੁਦਰਤੀ ਹਾਲਤਾਂ ਵਿਚ ਪੈਦਾ ਹੋ ਰਹੀਆਂ ਮੁਸੀਬਤਾਂ ਨਾਲ ਨਜਿੱਠਣ ਲਈ ਸਮਾਜਿਕ ਸਮਝੌਤਿਆਂ ਦਾ ਸਹਾਰਾ ਲਿਆ ਗਿਆ।

ਪ੍ਰਸਿੱਧ ਰਾਜਨੀਤੀ ਵਿਗਿਆਨੀ Johann Kasper Bluntschli ਨੇ ਆਪਣੀ ਪੁਸਤਕ ***The Theory of the State*** ਵਿਚ ਰਾਜ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ- "The state is a politically organised national person (people) of a definite territory." 28 ਵਿਚਾਰਾਂ ਵਿਚ ਵਖਰੇਵਿਆਂ ਦੇ ਬਾਵਜੂਦ ਸਮੂਹਿਕ ਤੌਰ ਤੇ ਇਸ ਗੱਲ ਨੂੰ ਪ੍ਰਵਾਨ ਕੀਤਾ ਗਿਆ ਹੈ ਕਿ ਰਾਜ ਦੇ ਨਿਰਮਾਣ ਲਈ ਚਾਰ ਜ਼ਰੂਰੀ ਤੱਤ ਹਨ- ਜਨਸੰਖਿਆ, ਨਿਸ਼ਚਿਤ ਭੂਮੀ, ਸਰਕਾਰ ਅਤੇ ਪ੍ਰਭੂਸੱਤਾ। ਇਨ੍ਹਾਂ ਚਾਰਾਂ ਤੱਤਾਂ ਵਿਚੋਂ ਇਕ ਦੀ ਵੀ ਅਣਹੋਂਦ ਹੋਣ ਤੇ ਰਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਆਧੁਨਿਕ ਸਮੇਂ ਵਿਚ ਇਕ ਰਾਸ਼ਟਰ ਦੇ ਸੂਬਿਆਂ ਲਈ ਵੀ ਰਾਜ ਸ਼ਬਦ ਦੀ ਵਰਤੋਂ ਕਰ ਲਈ ਜਾਂਦੀ ਹੈ। ਪਰੰਤੂ ਰਾਜਨੀਤੀ ਸ਼ਾਸਤਰ ਅਨੁਸਾਰ ਇਹ ਉੱਚਿਤ ਨਹੀਂ। ਕਿਉਂਕਿ ਰਾਜ ਦੇ ਨਿਰਮਾਣ ਲਈ ਜਿਨ੍ਹਾਂ ਚਾਰ ਜ਼ਰੂਰੀ ਤੱਤਾਂ ਦਾ ਹੋਣਾ ਲਾਜ਼ਮੀ ਹੈ, ਉਨ੍ਹਾਂ ਵਿਚੋਂ ਤਿੰਨ ਤੱਤ ਜਨਸੰਖਿਆ, ਨਿਸ਼ਚਿਤ ਭੂਮੀ ਅਤੇ ਸਰਕਾਰ ਇਨ੍ਹਾਂ ਤੱਤਾਂ ਦੀ ਹੋਂਦ ਤਾਂ ਹੁੰਦੀ ਹੈ ਪਰੰਤੂ ਪ੍ਰਭੂਸੱਤਾ ਨਾਮੀ ਲਾਜ਼ਮੀ ਤੱਤ ਦੀ ਅਣਹੋਂਦ ਕਾਰਨ ਇਹ ਸੁਤੰਤਰ ਰਾਜ ਨਹੀਂ ਬਣ ਪਾਉਂਦੇ।

ਮਨੁੱਖੀ ਵਰਤਾਰਾ ਕੁੱਝ ਇਸ ਕਿਸਮ ਦਾ ਹੁੰਦਾ ਹੈ ਕਿ ਇਸ ਵਿਚ ਵਿਰੋਧਾਭਾਸ ਸੁਭਾਵਿਕ ਉਪਜ ਜਾਂਦਾ ਹੈ। ਜਿੱਥੇ ਪਿਆਰ ਹੈ, ਉੱਥੇ ਨਫ਼ਰਤ ਦਾ ਹੋਣਾ ਲਾਜ਼ਮੀ ਹੈ। ਇਸੇ ਤਰ੍ਹਾਂ ਮਿਠਾਸ ਦੇ ਨਾਲ-ਨਾਲ ਕੁੜੱਤਣ ਤੇ ਸਹਿਯੋਗ ਦੇ ਨਾਲ ਨਾਲ ਵਿਰੋਧ ਦੀ ਹੋਂਦ ਵੀ ਲਗਾਤਾਰ ਬਣੀ ਰਹਿੰਦੀ ਹੈ। ਸੋ ਨਫ਼ਰਤ, ਈਰਖਾ, ਕੁੜੱਤਣ, ਵਿਰੋਧ, ਅਨਿਆਂ ਵਰਗੇ ਅਸਮਾਜਿਕ ਤੱਤਾਂ ਨੂੰ ਯੋਗ ਤਰੀਕਿਆਂ ਨਾਲ ਨਜਿੱਠਣ ਲਈ ਕੁੱਝ ਕਾਨੂੰਨਾਂ ਤੇ

ਵਿਵਸਥਾਵਾਂ ਦਾ ਹੋਣਾ ਅਤਿ ਜ਼ਰੂਰੀ ਹੋ ਜਾਂਦਾ ਹੈ। ਇਸ ਕਾਨੂੰਨੀ ਵਿਵਸਥਾ ਨੂੰ ਬਣਾਉਣ ਦੇ ਮਕਸਦ ਨਾਲ ਹੀ ਰਾਜ ਵਰਗੀ ਸ਼ਕਤੀਸ਼ਾਲੀ ਸੰਸਥਾ ਹੋਂਦ ਵਿਚ ਆਈ ਹੈ। ਜਾਂ ਇੰਝ ਕਹਿ ਲਈਏ ਕਿ ਸਭ ਤੋਂ ਪਹਿਲਾਂ ਪਰਿਵਾਰ ਹੋਂਦ ਵਿਚ ਆਏ, ਪਰਿਵਾਰਾਂ ਤੋਂ ਸਮਾਜ ਦੀ ਸਿਰਜਣਾ ਹੋਈ, ਫਿਰ ਇਹ ਸਮਾਜ ਹੀ ਬਾਅਦ ਵਿਚ ਰਾਜ ਵਰਗੀ ਸੰਸਥਾ ਦੇ ਰੂਪ ਵਿਚ ਵਿਘਟਤ ਹੋਏ।

ਸੋ ਇਨ੍ਹਾਂ ਵਿਚਾਰਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਰਾਜ ਰਾਜਨੀਤਿਕ ਤੌਰ ਤੇ ਸੰਗਠਿਤ ਸਮਾਜ ਦਾ ਨਾਂ ਹੈ, ਜੋ ਇਕ ਨਿਸ਼ਚਿਤ ਭੂਮੀ ਉੱਪਰ ਸਥਾਈ ਰੂਪ ਵਿਚ ਵੱਸਦਾ ਹੈ। ਇਹ ਸਮੂਹ ਇਕ ਸੰਗਠਿਤ ਸਰਕਾਰ ਦੇ ਅਧੀਨ ਰਹਿੰਦਾ ਹੈ ਤੇ ਇਹ ਸਰਕਾਰ ਅੰਦਰੂਨੀ ਤੇ ਬਾਹਰੀ ਮਸਲਿਆਂ ਵਿਚ ਪ੍ਰਭੂਸੱਤਾ ਸੰਪੰਨ ਹੁੰਦੀ ਹੈ ਭਾਵ ਪੂਰਨ ਰੂਪ ਵਿਚ ਸੁਤੰਤਰ ਹੁੰਦੀ ਹੈ। ਇਸ ਦੇ ਨਾਲ ਹੀ ਕੁੱਝ ਹੋਰ ਗੈਰ ਰਸਮੀ ਤੱਤ ਵੀ ਹੁੰਦੇ ਹਨ ਜੋ ਰਾਜ ਦੇ ਨਿਰਮਾਣ ਵਿਚ ਆਪਣੀ ਕਿਰਿਆਸ਼ੀਲ ਭੂਮਿਕਾ ਨਿਭਾਉਂਦੇ ਹਨ ਇਨ੍ਹਾਂ ਤੱਤਾਂ ਵਿਚ ਸਵੈ-ਇੱਛਾ ਭਾਵ ਕਿ ਰਾਜ ਦੇ ਲੋਕਾਂ ਦੀ ਸਵੈ-ਇੱਛਾ ਨਾਲ ਹੀ ਰਾਜ ਸੰਭਵ ਹੈ ਨਾਗਰਿਕਾਂ ਦੀ ਇੱਛਾ ਦੇ ਵਿਪਰੀਤ ਰਾਜ ਦੀ ਹੋਂਦ ਸੰਭਵ ਨਹੀਂ। ਦੂਜਾ ਰਾਜ ਵਿਚ ਸਥਾਈਪਨ ਤੇ ਨਿਰੰਤਰਤਾ ਦਾ ਗੁਣ ਹੁੰਦਾ ਹੈ ਭਾਵ ਰਾਜ ਦੀ ਹੋਂਦ ਸਦੀਵੀ ਹੁੰਦੀ ਹੈ ਤੇ ਇਹ ਨਿਰੰਤਰ ਬਣੀ ਰਹਿੰਦੀ ਹੈ। ਤੀਜਾ ਸਮਾਨਤਾ ਰਾਜ ਦਾ ਜਰੂਰੀ ਲੱਛਣ ਹੈ ਜਿਸ ਦਾ ਅਰਥ ਹੈ ਕਿ ਅੰਤਰਰਾਸ਼ਟਰੀ ਕਾਨੂੰਨ ਦੇ ਸਾਹਮਣੇ ਛੋਟੇ ਜਾਂ ਵੱਡੇ ਸਾਰੇ ਰਾਜਾਂ ਲਈ ਸਮਾਨ ਅਧਿਕਾਰ ਹਨ। ਅਜੋਕੇ ਯੁੱਗ ਵਿਚ ਅੰਤਰਰਾਸ਼ਟਰੀ ਮਾਨਤਾ ਨੂੰ ਵੀ ਰਾਜ ਦਾ ਜਰੂਰੀ ਲੱਛਣ ਮੰਨਿਆ ਜਾਂਦਾ ਹੈ।

**ਰਾਜਨੀਤੀ:-** ਰਾਜਨੀਤੀ ਸ਼ਬਦ ਦੇ ਸਾਧਾਰਨ ਅਰਥ ਦੇਖੀਏ ਤਾਂ ਇਹ ਸ਼ਬਦ ਦੋ ਸ਼ਬਦਾਂ ਰਾਜ+ਨੀਤੀ ਤੋਂ ਬਣਿਆ ਹੈ। ਰਾਜ ਸ਼ਬਦ ਦੀ ਵਿਆਖਿਆ ਅਸੀਂ ਪਹਿਲਾਂ ਕਰ ਚੁੱਕੇ ਹਾਂ ਤੇ ਨੀਤੀ ਸ਼ਬਦ ਦਾ ਅਰਥ ਯੋਜਨਾ ਜਾਂ ਸੰਚਾਲਨ ਲਿਆ ਜਾ ਸਕਦਾ ਹੈ। ਭਾਰਤ ਵਿਚ ਇਹ ਸ਼ਬਦ ਲਗਭਗ ਪੰਜ-ਛੇ ਸੌ ਸਾਲ ਈਸਾ ਪੂਰਵ ਤੋਂ ਪਹਿਲਾਂ ਦਾ ਹੋਂਦ ਵਿਚ ਹੈ। ਇਸ ਗੱਲ ਦਾ ਪ੍ਰਮਾਣ ਚਾਣਕਯ ਦੀ ਲਿਖਤ 'ਅਰਥਸ਼ਾਸਤਰ' ਤੋਂ ਮਿਲਦਾ ਹੈ ਜੋ ਮੌਰਿਆ ਕਾਲ ਵਿਚ ਲਿਖੀ ਗਈ। ਇਸੇ ਹੀ ਤਰ੍ਹਾਂ ਯੂਨਾਨੀ ਭਾਸ਼ਾ ਵਿਚ ਵੀ ਇਸ ਸ਼ਬਦ ਦੀ ਹੋਂਦ ਈਸਾ ਪੂਰਵ ਤੋਂ ਤਿੰਨ-ਚਾਰ ਸੋ ਸਾਲ ਪਹਿਲਾਂ ਤੋਂ ਮੌਜੂਦ ਸੀ। ਰਾਜਨੀਤੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Politics' ਦਾ ਪੰਜਾਬੀ ਅਨੁਵਾਦ ਹੈ। ਯੂਨਾਨੀ ਭਾਸ਼ਾ ਵਿਚ ਛੋਟੇ-ਛੋਟੇ ਨਗਰਾਂ ਜਾਂ ਰਾਜਾਂ ਨੂੰ 'ਪੋਲਿਸ' ਕਿਹਾ ਜਾਂਦਾ ਹੈ।

'ਪੋਲਿਟਿਕਸ' ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ 'ਪੋਲਿਸ' ਭਾਵ ਨਗਰ ਰਾਜ ਅਤੇ ਪੌਲਿਟੀਕੋਜ਼' ਭਾਵ ਨਾਗਰਿਕਾਂ ਅਤੇ ਨਾਗਰਿਕਤਾ ਤੋਂ ਬਣਿਆ ਹੈ। ਇਨ੍ਹਾਂ ਸ਼ਾਬਦਿਕ ਅਰਥਾਂ ਦੇ ਆਧਾਰ ਤੇ ਰਾਜ, ਨਾਗਰਿਕ, ਨਾਗਰਿਕਤਾ ਆਦਿ ਨਾਲ ਸੰਬੰਧਿਤ ਵਿਸ਼ਿਆਂ ਦੇ ਅਧਿਐਨ ਨੂੰ ਰਾਜਨੀਤੀ ਕਿਹਾ ਜਾਂਦਾ ਹੈ। ਅਰਸਤੂ, ਜਿਸ ਨੂੰ ਰਾਜਨੀਤੀ ਵਿਗਿਆਨ ਦਾ ਪਿਤਾਮਾ ਮੰਨਿਆ ਜਾਂਦਾ ਹੈ ਨੇ ਆਪਣੀ ਰਾਜਨੀਤੀ ਵਿਸ਼ੇ ਉੱਪਰ ਲਿਖੀ ਪੁਸਤਕ ਦਾ ਨਾਂ 'ਪੌਲਿਟਿਕਸ' ਰੱਖਿਆ।

ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਰਾਜਨੀਤੀ ਸ਼ਬਦ ਦੇ ਅਰਥ, ਪਰਿਭਾਸ਼ਾਵਾਂ ਅਤੇ ਕਾਰਜ-ਖੇਤਰ ਵਿਚ ਅੰਤਰ ਆਇਆ ਹੈ। ਪਰੰਪਰਾਵਾਦੀ ਦ੍ਰਿਸ਼ਟੀਕੋਣ ਦੀ ਗੱਲ ਕਰੀਏ ਤਾਂ ਇਸ ਅਨੁਸਾਰ ਰਾਜਨੀਤੀ ਨੂੰ ਰਾਜ ਦਾ ਅਧਿਐਨ ਮੰਨਿਆ ਜਾਂਦਾ ਸੀ। ਡਾ. ਗਾਰਨਰ ਅਤੇ ਬਲੰਸ਼ਲੀ ਵਰਗੇ ਰਾਜਨੀਤੀ ਸ਼ਾਸਤਰੀਆਂ ਨੇ ਇਸ ਨੂੰ ਰਾਜ ਦਾ ਅਧਿਐਨ ਮੰਨਿਆ J.W. Garner ਨੇ ਆਪਣੀ ਪੁਸਤਕ '***Introduction to Political Sciences'*** ਵਿਚ ਰਾਜਨੀਤੀ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ:- "Political science begins and ends with state." 15 ਉੱਥੇ ਹੀ ਕੁੱਝ ਵਿਦਵਾਨ ਇਸ ਨੂੰ ਕੇਵਲ ਸਰਕਾਰ ਦਾ ਅਧਿਐਨ ਮੰਨਦੇ ਹਨ। ਇਨ੍ਹਾਂ ਵਿਦਵਾਨਾਂ ਵਿਚੋਂ ਸਟੀਫਨ ਲੀਕਾੱਕ ਪ੍ਰਮੁੱਖ ਹੈ। Stephen Leacock ਨੇ ਆਪਣੀ ਪੁਸਤਕ '***Elements of Political Science'*** ਵਿਚ ਰਾਜਨੀਤੀ ਬਾਰੇ ਲਿਖਿਆ ਹੈ:- "Political science deals with government." 03 ਫਿਰ ਸਮਾਂ ਪਾ ਕੇ ਇਹ ਦ੍ਰਿਸ਼ਟੀਕੋਣ ਹੋਰ ਵਿਆਪਕ ਹੋਣ ਲੱਗਾ। ਪਾਲ ਜੇਨਟ ਅਤੇ ਗੈਟਲ ਵਰਗੇ ਰਾਜਨੀਤੀ ਸ਼ਾਸਤਰੀਆਂ ਨੇ ਇਸ ਨੂੰ 'ਰਾਜ' ਅਤੇ 'ਸਰਕਾਰ' ਦੋਨਾਂ ਦਾ ਅਧਿਐਨ ਮੰਨਿਆ।

20ਵੀਂ ਸਦੀ ਤੋਂ ਰਾਜਨੀਤੀ ਪ੍ਰਤੀ ਵਿਦਵਾਨਾਂ ਦਾ ਇਕ ਨਵਾਂ ਰੁੱਖ ਅਖਤਿਆਰ ਹੋਇਆ ਹੈ। ਡੇਵਿਡ ਈਸਟਨ, ਗੈਬਰੀਅਲ, ਹਾਂਸ ਜੇ. ਮਾਰਗੈਂਥੋ ਅਤੇ ਆਲਮੰਡ ਤੇ ਪਾਵੇਲ ਜਿਹੇ ਰਾਜਨੀਤੀ ਵਿਗਿਆਨੀਆਂ ਨੇ ਰਾਜਨੀਤੀ ਨੂੰ ਸੀਮਿਤ ਅਰਥਾਂ 'ਚੋਂ ਕੱਢ ਕੇ ਸੱਤਾ, ਸ਼ਕਤੀ, ਸਿਸਟਮ, ਰਾਜਨੀਤਿਕ ਪ੍ਰਣਾਲੀਆਂ ਆਦਿ ਜਿਹੇ ਵਿਆਪਕ ਅਰਥ ਪ੍ਰਦਾਨ ਕੀਤੇ। ਇਨ੍ਹਾਂ ਵਿਦਵਾਨਾਂ ਨੇ ਰਾਜਨੀਤਿਕ ਪ੍ਰਣਾਲੀਆਂ ਦੇ ਅੰਤਰਗਤ ਰਾਜ, ਸਰਕਾਰ, ਨਾਗਰਿਕ, ਸ਼ਕਤੀ, ਸੱਤਾ, ਚੋਣਾਂ, ਰਾਜਨੀਤਿਕ ਦਲ, ਪ੍ਰੈਸ਼ਰ ਗਰੁੱਪ ਆਦਿ ਪੱਖਾਂ ਦਾ ਅਧਿਐਨ ਮੰਨਿਆ। ਡੇਵਿਡ ਈਸਟਨ ਨੇ ਰਾਜਨੀਤੀ ਨੂੰ authoritative allocations of values ਭਾਵ ਕਦਰਾਂ-ਕੀਮਤਾਂ ਦੀ

ਸੱਤਾਵਾਦੀ ਵਿਵਸਥਾ ਕਿਹਾ ਹੈ। ਇਸ ਤਰ੍ਹਾਂ ਈਸਟਨ ਨੇ ਰਾਜਨੀਤੀ ਨੂੰ ਰਾਜ, ਸਰਕਾਰ ਜਾਂ ਹੋਰ ਰਾਜਨੀਤਿਕ ਸੰਗਠਨਾਂ ਦੀ ਬਜਾਏ ਕਦਰਾਂ-ਕੀਮਤਾਂ ਤੇ ਭਾਵਾਂ ਨਾਲ ਜੋੜ ਦਿੱਤਾ। Hans J. Margenthau ਨੇ ਆਪਣੀ ਪੁਸਤਕ '***Politics Among Nation'*** ਦੇ ਤੀਜੇ ਅਡੀਸ਼ਨ ਵਿਚ ਰਾਜਨੀਤੀ ਨੂੰ ਪਰਿਭਾਸ਼ਿਤ ਕਰਦਿਆਂ ਦੱਸਿਆ ਹੈ:- "International politics, like all politics, is a struggle for power." 630 ਮਾਰਗੈਂਥੋ ਨੇ ਰਾਜਨੀਤੀ ਨੂੰ ਸ਼ਕਤੀ ਲਈ ਸੰਘਰਸ਼ ਦਾ ਨਾਮ ਦਿੱਤਾ।

ਪੰਜਾਬੀ ਵਿਚ ਰਾਜਨੀਤੀ ਲਈ ਸਿਆਸਤ ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਸਿਆਸਤ ਜਾਂ ਰਾਜਨੀਤੀ ਤੋਂ ਭਾਵ ਨਿੱਜੀ ਜਾਂ ਸਮੂਹਿਕ ਪੱਧਤ ਉੱਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਅਮਲ ਅਤੇ ਸਿਧਾਂਤ ਹੈ। ਇਸ ਦਾ ਇਕ ਹੋਰ ਪ੍ਰਭਾਵੀ ਕਾਰਜ ਸਮਾਜ ਜਾਂ ਲੋਕਾਂ ਉੱਪਰ ਰਾਜ ਜਾਂ ਕੰਟਰੋਲ ਕਰਨਾ ਜਾਂ ਉਸ ਨੂੰ ਜਾਰੀ ਰੱਖਣਾ ਹੈ। ਸਿਆਸਤ ਵਿਚ ਕਈ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਦੂਜੇ ਲੋਕਾਂ ਵਿਚ ਆਪਣੇ ਸਿਆਸੀ ਵਿਚਾਰਾਂ ਨੂੰ ਪ੍ਰਫੁੱਲਤ ਕਰਨਾ, ਦੂਜੇ ਹੋਰ ਸਿਆਸੀ ਲੋਕਾਂ ਨਾਲ ਗੱਲਬਾਤ, ਕਾਨੂੰਨ ਬਣਾਉਣਾ, ਸਮਝੌਤੇ ਕਰਨੇ, ਵਿਰੋਧੀਆਂ ਖਿਲਾਫ਼ ਜੰਗ ਸਮੇਂ ਬਲ ਦੀ ਵਰਤੋਂ ਕਰਨਾ ਆਦਿ। ਇਸ ਸਿਆਸਤ ਦਾ ਆਰੰਭ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਤੇ ਇਹ ਕਈ ਸਮਾਜਿਕ ਪੱਧਰਾਂ ਤੇ ਅਮਲ ਵਿਚ ਆਉਂਦੀ ਹੈ। ਰਵਾਇਤੀ ਸਮਾਜ ਦੇ ਟੱਬਰਾਂ ਤੋਂ ਲੈ ਕੇ ਕਬੀਲਿਆਂ ਦੇ ਰੂਪ ਵਿਚ ਤੇ ਆਧੁਨਿਕ ਸਥਾਨਕ ਸਰਕਾਰਾਂ ਤੋਂ ਲੈ ਕੇ ਕੰਪਨੀਆਂ ਅਦਾਰਿਆਂ ਤੇ ਪ੍ਰਭੂਸੱਤਾ ਸੰਪੂਰਨ ਰਾਜਾਂ ਤੱਕ। ਰਾਜਨੀਤੀ ਸਮਾਜ ਵਿਚ ਇਕ ਸਵੀਕਾਰ ਕਰਨ ਯੋਗ ਢਾਂਚੇ ਦਾ ਨਿਰਮਾਣ ਕਰਨ ਵਿਚ ਨਿਰੰਤਰ ਰੁੱਝੀ ਰਹਿੰਦੀ ਹੈ।

ਸੋ ਇਸ ਵਿਸ਼ਲੇਸ਼ਣ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਮਾਜ ਵਿਚ ਸਦਭਾਵਨਾ, ਸ਼ਾਂਤੀ ਤੇ ਨਿਆਂ ਵਿਵਸਥਾ ਨੂੰ ਬਣਾਈ ਰੱਖਣ ਲਈ ਬਣੀਆਂ ਸੰਸਥਾਵਾਂ ਅਤੇ ਸੰਗਠਨਾਤਮਕ ਢਾਂਚਿਆਂ ਦੇ ਅਧਿਐਨ ਨੂੰ ਰਾਜਨੀਤੀ ਕਿਹਾ ਜਾ ਸਕਦਾ ਹੈ। ਮਾਨਵ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਉਹ ਸਾਰੇ ਤੱਤ ਜੋ ਕਿਸੇ ਨਾ ਕਿਸੇ ਰੂਪ ਵਿਚ ਰਾਜ, ਸਰਕਾਰ, ਸਰਕਾਰੀ ਜਾਂ ਉਹ ਗੈਰ-ਸਰਕਾਰੀ ਸੰਸਥਾਵਾਂ ਜੋ ਰਾਜਨੀਤੀ ਨਾਲ ਸੰਬੰਧ ਰੱਖਦੀਆਂ ਹੋਣ ਰਾਜਨੀਤੀ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਇਸ ਕਰਕੇ ਕਈ ਵਾਰ ਅਸੀਂ ਰਾਜ, ਸਰਕਾਰ ਤੇ ਰਾਜਨੀਤੀ ਨੂੰ ਆਪਸ ਵਿਚ ਰੱਲ-ਗੱਡ ਕਰਕੇ ਦੇਖਦੇ ਹਾਂ। 21ਵੀਂ ਸਦੀ ਵਿਚ ਜੀਵਨ ਦਾ ਕੋਈ

ਵੀ ਪੱਖ ਅਜਿਹਾ ਨਹੀਂ ਰਹਿ ਗਿਆ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਰਾਜਨੀਤੀ ਤੋਂ ਪ੍ਰਭਾਵਿਤ ਨਾ ਹੋਵੇ। ਭਾਰਤ ਵਰਗਾ ਦੇਸ਼ ਜਿੱਥੇ 70% ਲੋਕ ਕਿਸੇ ਨਾ ਕਿਸੇ ਰੂਪ ਵਿਚ ਖੇਤੀ ਤੇ ਨਿਰਭਰ ਕਰਦੇ ਹਨ ਤੇ ਖੇਤੀ ਅਰਥ-ਵਿਵਸਥਾ ਦਾ ਅਹਿਮ ਹਿੱਸਾ ਹੈ ਉੱਥੇ ਰਾਜਨੀਤੀ ਦੁਆਰਾ ਇਸ ਖੇਤਰ ਵਿਚ ਅਤਿ ਕਿਰਿਆਸ਼ੀਲ ਭੂਮਿਕਾ ਦਾ ਹੋਣਾ ਲਾਜ਼ਮੀ ਹੈ।

## 4.2 ਸਮਕਾਲੀ ਪੰਜਾਬੀ ਕਵਿਤਾ: ਰਾਜ ਅਤੇ ਰਾਜਨੀਤੀ ਦੀ ਖੇਤੀ ਵਿਚ ਭੂਮਿਕਾ

ਖੋਜ ਕਾਰਜ ਦੇ ਪਹਿਲੇ ਅਧਿਆਇ ਸਿਧਾਂਤਕ ਪਰਿਪੇਖ ਵਿਚ ਭਾਰਤ ਵਿਚ ਖੇਤੀ ਦੀ ਇਤਿਹਾਸਕਤਾ ਬਾਰੇ ਗੱਲ ਕਰਦਿਆਂ ਪਹਿਲਾਂ ਹੀ ਭਾਰਤ ਵਿਚ ਖੇਤੀ ਦੀ ਸਥਿਤੀ ਅਤੇ ਖੇਤੀ ਪ੍ਰਤੀ ਰਾਜ ਦੀਆਂ ਨੀਤੀਆਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਗਈ ਹੈ। ਕਿਸੇ ਵੀ ਦੇਸ਼ ਦਾ ਵਿਕਾਸ ਉਸ ਦੇਸ਼ ਦੇ ਕੁਦਰਤੀ ਸਾਧਨ, ਮਨੁੱਖੀ ਸ਼ਕਤੀ, ਤਕਨੀਕ, ਸਿੱਖਿਆ ਅਤੇ ਸਿਖਲਾਈ , ਖੇਤੀਬਾੜੀ, ਆਵਾਜਾਈ ਅਤੇ ਸੰਚਾਰ ਸਾਧਨ, ਊਰਜਾ ਅਤੇ ਪਾਵਰ ਸਰੋਤ, ਉਦਯੋਗ ਆਦਿ ਕਾਰਕਾਂ ਉੱਪਰ ਨਿਰਭਰ ਕਰਦਾ ਹੈ। ਪਰੰਤੂ ਇਸ ਦਾ ਇਕ ਪਹਿਲੂ ਇਹ ਵੀ ਹੈ ਕਿ ਇਨ੍ਹਾਂ ਫੈਕਟਰਾਂ ਉੱਪਰ ਉਹ ਰਾਸ਼ਟਰ ਕਿੰਨਾ ਕੁ ਧਿਆਨ ਦਿੰਦਾ ਹੈ ਅਰਥਾਤ ਕਿੰਨਾ ਕੁ ਨਿਵੇਸ਼ ਕਰਦਾ ਹੈ, ਇਹ ਵਿਕਾਸ ਇਸ ਗੱਲ ਉੱਪਰ ਵੀ ਨਿਰਭਰ ਕਰਦਾ ਹੈ। ਇਸ ਤੱਥ ਤੋਂ ਕੋਈ ਅਣਜਾਣ ਨਹੀਂ ਹੈ ਕਿ ਖੇਤੀ ਸੈਕਟਰ ਭਾਰਤੀ ਅਰਥ-ਵਿਵਸਥਾ ਦੀ ਰੀੜ੍ਹ ਦੀ ਹੱਡੀ ਮੰਨੀ ਜਾਂਦੀ ਹੈ। ਪਰੰਤੂ ਇਸ ਦੇ ਬਾਵਜੂਦ ਇਸ ਖੇਤਰ ਦਾ ਇਨ੍ਹਾਂ ਵਿਕਾਸ ਨਹੀਂ ਹੋ ਸਕਿਆ ਜਿਨ੍ਹਾਂ ਹੋਣਾ ਚਾਹੀਦਾ ਸੀ ਤੇ ਇਹ ਖੇਤਰ ਅਜੇ ਵੀ ਪੱਛੜਿਆ ਹੋਇਆ ਤੇ ਸੰਕਟਗ੍ਰਸਤ ਹਾਲਤ ਵਿਚ ਹੈ।

ਸਾਹਿਤਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਪੰਜਾਬੀ ਸਾਹਿਤ ਉੱਪਰ ਖੇਤੀ ਦਾ ਡੂੰਘਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਸਾਹਿਤ ਦਾ ਕੋਈ ਵੀ ਰੂਪ ਖੇਤੀ ਦੀ ਗੱਲ ਤੋਂ ਸੱਖਣਾ ਨਹੀਂ ਹੈ। ਲੋਕ ਗੀਤਾਂ, ਸਿੱਠਣੀਆਂ, ਕਹਾਣੀਆਂ, ਨਾਵਲਾਂ ਆਦਿ ਸਾਹਿਤ ਦੇ ਹਰ ਰੂਪ ਵਿਚ ਕਿਸਾਨੀ ਦਾ ਜਿਕਰ ਮਿਲਦਾ ਹੈ। ਜਿੱਥੇ ਸਾਹਿਤ ਖੁਸ਼ਹਾਲ ਕਿਸਾਨ ਦੀ ਤਸਵੀਰ ਚਿਤਰਦਾ ਹੈ ਉੱਥੇ ਹੀ ਸਾਹਿਤ ਰਾਹੀਂ ਕਿਸਾਨੀ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਦਾ ਵੀ ਜਿਕਰ ਮਿਲਦਾ ਹੈ। ਸਾਹਿਤਕ ਰਚਨਾਵਾਂ ਇਸ ਗੱਲ ਦੀ ਵੀ ਹਾਮੀ ਭਰਦੀਆਂ ਹਨ ਕਿ ਕਿਵੇਂ ਕਿਸਾਨੀ, ਪੰਜਾਬੀ

ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਅੰਤਰ-ਸੰਬੰਧਿਤ ਹੈ ਤੇ ਉਹਨਾਂ ਪਹਿਲੂਆਂ ਉੱਪਰ ਆਪਣਾ ਪ੍ਰਭਾਵ ਪਾਉਂਦੀ ਹੈ। ਇਨ੍ਹਾਂ ਹੀ ਨਹੀਂ ਸਗੋਂ ਜੀਵਨ ਦੇ ਉਹ ਵੱਖ-ਵੱਖ ਪਹਿਲੂ ਜਾਂ ਸਰੋਕਾਰ ਵੀ ਕਿਸਾਨੀ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਇਸ ਖੋਜ ਕਾਰਜ ਦੇ ਦੂਜੇ ਅਧਿਆਇ ਵਿਚ ਇਨ੍ਹਾਂ ਸੰਬੰਧਾਂ ਨੂੰ ਘੋਖਦਿਆਂ ਕਿਸਾਨੀ ਜੀਵਨ ਵਿਚਲੇ ਸਭਿਆਚਾਰਕ ਸੰਕਟ ਦੀ ਗੱਲ ਕੀਤੀ ਗਈ ਹੈ ਤੇ ਇਸ ਅਧਿਆਇ ਵਿਚ ਕਿਸਾਨੀ ਸੰਕਟ ਦੇ ਰਾਜਨੀਤਿਕ ਸਰੋਕਾਰਾਂ ਦੀ ਗੱਲ ਕੀਤੀ ਜਾਵੇਗੀ।

ਖੇਤੀਬਾੜੀ ਦਾ ਵਿਸ਼ਾ ਸੰਵਿਧਾਨ ਦੁਆਰਾ ਵੰਡੇ ਗਏ ਕਾਰਜ ਖੇਤਰਾਂ ਰਾਹੀਂ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਸੂਬਾਈ ਕਾਰਜ ਸੂਚੀ ਦੇ 14ਵੇਂ ਇੰਦਰਾਜ ਵਿਚ ਦਰਜ ਹੈ "ਖੇਤੀਬਾੜੀ, ਸਮੇਤ ਖੇਤੀਬਾੜੀ ਸਿੱਖਿਆ ਅਤੇ ਕੀਟਾਂ ਖਿਲਾਫ਼ ਰੱਖਿਆ ਲਈ ਖੋਜ ਅਤੇ ਫਸਲੀ ਬਿਮਾਰੀਆਂ ਤੋਂ ਰੋਕਥਾਮ।" ਪਰੰਤੂ ਅੰਨ-ਸਾਧਨਾਂ ਦੀ ਘਾਟ ਆਜ਼ਾਦੀ ਤੋਂ ਬਾਅਦ ਇਕ ਗੰਭੀਰ ਸਮੱਸਿਆ ਸੀ ਇਸ ਲਈ ਕੇਂਦਰ ਵੱਲੋਂ ਕਿਸਾਨੀ ਅਤੇ ਇਸ ਨਾਲ ਸੰਬੰਧਿਤ ਖੇਤਰਾਂ ਲਈ ਯੋਜਨਾਵਾਂ ਬਣਾਉਣ ਦਾ ਕੰਮ ਵੱਡੇ ਪੱਧਰ ਤੇ ਕੀਤਾ ਗਿਆ। ਉਂਞ, ਕੇਂਦਰੀ ਅਤੇ ਸਮਵਰਤੀ ਸੂਚੀ ਵਿਚ ਵੀ ਕਈ ਥਾਈਂ ਖੇਤੀਬਾੜੀ ਖੇਤਰ ਵਿਚ ਕੇਂਦਰੀ ਦਖਲ ਨੂੰ ਵਾਜਬ ਦੱਸਿਆ ਹੈ। ਦੂਜਾ ਭਾਰਤ ਵਿਚ ਸੂਬਿਆਂ ਦੀ ਭੂਗੋਲਿਕ ਦਸ਼ਾ ਇਸ ਤਰਾਂ ਦੀ ਹੈ ਕਿ ਕਿਤੇ ਤਾਂ ਖੇਤੀ ਲਈ ਬਹੁਤ ਉਪਜਾਊ ਭੂਮੀ ਮਿਲਦੀ ਹੈ ਤੇ ਸਿੰਜਾਈ ਵਿਵਸਥਾ ਵੀ ਉੱਤਮ ਹੈ ਪਰੰਤੂ ਕਿਤੇ-ਕਿਤੇ ਅਜਿਹੀਆਂ ਸਹੂਲਤਾਂ ਦੀ ਕਮੀ ਹੈ। ਸੋ ਸਮੁੱਚੇ ਦੇਸ਼ ਵਿਚ ਅੰਨ ਸਾਧਨਾਂ ਦੀ ਪੂਰਤੀ ਲਈ ਕੇਂਦਰ ਵੱਲੋਂ ਇਸ ਸੰਬੰਧੀ ਦਖਲ-ਅੰਦਾਜ਼ੀ ਬਹੁਤ ਜਰੂਰੀ ਹੋ ਗਈ।

ਵਿਦੇਸ਼ਾਂ ਤੋਂ ਆਯਾਤ-ਨਿਰਯਾਤ ਲਈ ਵੀ ਕੇਂਦਰ ਉੱਪਰ ਸੂਬਿਆਂ ਦੀ ਨਿਰਭਰਤਾ ਜਾਂ ਇੰਞ ਕਹਿ ਲਈਏ ਕਿ ਦੋਨਾਂ ਦਾ ਮਿਲਕੇ ਕੰਮ ਕਰਨਾ ਅਤਿ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਖੇਤੀ ਕੇਵਲ ਸੂਬਿਆਂ ਦਾ ਵਿਸ਼ਾ ਨਾ ਰਹਿ ਕੇ ਕੇਂਦਰ ਅਤੇ ਸੂਬਾ ਸਰਕਾਰ ਦੋਨਾਂ ਦੇ ਪ੍ਰਭਾਵ ਨੂੰ ਕਬੂਲਦੀ ਹੈ। ਇਸ ਸੱਭ ਤੋਂ ਇਲਾਵਾ ਸੰਵਿਧਾਨ ਦੀ ਧਾਰਾ 249 ਕੇਂਦਰ ਸਰਕਾਰ ਨੂੰ ਉਨ੍ਹਾਂ ਸੂਬਾਈ ਵਿਸ਼ਿਆਂ ਉੱਪਰ ਕਾਨੂੰਨ ਬਣਾਉਣ ਦੀ ਤਾਕਤ ਦਿੰਦਾ ਹੈ ਜੋ ਦੇਸ਼ ਹਿੱਤ ਵਿਚ ਹੋਣ ਤੇ ਸਮਵਰਤੀ ਸੂਚੀ ਦਾ ਇੰਦਰਾਜ 33 ਖੇਤੀਬਾੜੀ ਦੇ ਸੰਬੰਧ ਵਿਚ ਰਾਜਾਂ ਦੇ ਅਧਿਕਾਰਾਂ ਤੇ ਬੰਦਿਸ਼ ਵੀ ਲਾਉਂਦਾ ਹੈ।

International journal of currant Microbiology and applied science 2020 ਵਿਚ ਜੈਹੂਨ ਰਫੀ ਅਤੇ ਰਾਜ ਕੁਮਾਰ ਦੇ ਛਪੇ ਰੀਵਿਊ ਆਰਟੀਕਲ 'A review on scenario of agriculture in India and Punjab 1900-2019 ਵਿਚ ਉਹ ਲਿਖਦੇ ਹਨ ਕਿ 1900 ਤੋਂ 1947ਈ. ਤੱਕ 47 ਸਾਲਾਂ ਦੌਰਾਨ ਖੇਤੀਬਾੜੀ ਸੈਕਟਰ ਉੱਪਰ ਕੀਤੀ ਜਾਣ ਵਾਲੀ ਰਾਸ਼ੀ ਅਤੇ ਇਸ ਖੇਤਰ ਦਾ ਵਿਕਾਸ ਕੇਵਲ 0.2% ਸਲਾਨਾ ਅਤੇ 1951 ਤੋਂ 1986 ਈ. ਤੱਕ ਇਸ ਦੀ ਵਿਕਾਸ ਦਰ ਵਿਚ ਔਸਤਨ ਕੇਵਲ 2.66 ਫੀਸਦ ਸਲਾਨਾ ਤੱਕ ਦਾ ਵਾਧਾ ਹੀ ਹੋ ਸਕਿਆ। ਇੱਥੇ ਇਹ ਗੱਲ ਵਧੇਰੇ ਧਿਆਨਯੋਗ ਹੈ ਕਿ ਇਸੇ ਸਮੇਂ ਦੌਰਾਨ ਖੇਤੀ ਖੇਤਰ ਦੀ ਸਭ ਤੋਂ ਵੱਡੀ ਕ੍ਰਾਂਤੀ ਹਰੀ ਕ੍ਰਾਂਤੀ ਵੀ ਘਟਿਤ ਹੋਈ। ਪੰਜਾਬੀ ਦੀ ਖੇਤੀ ਪ੍ਰਤੀ ਰਾਜਨੀਤੀ ਦੀ ਭੂਮਿਕਾ ਨੂੰ ਸਮਝਣ ਲਈ ਆਜ਼ਾਦੀ ਤੋਂ ਹੁਣ ਤੱਕ ਦੇ ਸਮੇਂ ਨੂੰ ਅਸੀਂ ਹੇਠ ਲਿਖੇ ਭਾਗਾਂ ਵਿੱਚ ਵੰਡ ਸਕਦੇ ਹਾਂ:- ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹਰੀ ਕ੍ਰਾਂਤੀ ਤੋਂ ਪਹਿਲਾਂ ਤੱਕ ਦਾ ਸਮਾਂ (1947 ਤੋਂ 1965 ਤੱਕ), ਹਰੀ ਕ੍ਰਾਂਤੀ ਦਾ ਸਮਾਂ (1965 ਤੋਂ 1990 ਤੱਕ), ਨਵੀਂ ਆਰਥਿਕ ਨੀਤੀਆਂ ਤੋਂ ਬਾਅਦ ਦਾ ਸਮਾਂ (1991 ਤੋਂ ਹੁਣ ਤੱਕ)। ਇਨ੍ਹਾਂ ਤਿੰਨ ਸਮਿਆਂ ਦੌਰਾਨ ਵਾਪਰੀਆਂ ਕਿਸਾਨੀ ਨਾਲ ਸੰਬੰਧਿਤ ਘਟਨਾਵਾਂ ਨੂੰ ਸਮਕਾਲੀ ਪੰਜਾਬੀ ਕਵਿਤਾ ਵਿਚ ਕਵੀਆਂ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ:

### 4.2.1 ਸਮਕਾਲੀ ਪੰਜਾਬੀ ਕਵਿਤਾ: ਆਜ਼ਾਦੀ ਤੋਂ ਹਰੀ ਕ੍ਰਾਂਤੀ ਤੱਕ ਦੀ ਰਾਜਨੀਤੀ ਅਤੇ ਕਿਸਾਨੀ ਸੰਕਟ

ਵੰਡ ਤੋਂ ਬਾਅਦ ਵੰਡ ਦੁਆਰਾ ਪੈਦਾ ਹੋਏ ਅਸੰਤੁਲਨ ਨੂੰ ਬਹਾਲ ਕਰਨਾ ਸਰਕਾਰ ਲਈ ਵੱਡੀ ਚੁਣੌਤੀ ਸੀ। ਵੰਡ ਦੇ ਨਤੀਜੇ ਵਜੋਂ ਪੰਜਾਬ ਦਾ ਉਪਜਾਊ ਕਣਕ ਖੇਤਰ ਅਤੇ ਬੰਗਾਲ ਦੇ ਚੌਲਾਂ ਦੇ ਖੇਤਰ ਪਾਕਿਸਤਾਨ ਵੱਲ ਚਲੇ ਗਏ ਸਨ। ਸਿੰਚਾਈ ਵਾਲੇ ਖੇਤਰ ਦਾ ਵੱਡਾ ਹਿੱਸਾ ਵੀ ਪਾਕਿਸਤਾਨ ਵੱਲ ਚਲਾ ਗਿਆ। ਇਸ ਵੰਡ ਦੀ ਮਾਰ ਕਿਸਾਨੀ ਨੂੰ ਤੇ ਵਿਸ਼ੇਸ਼ਕਰ ਪੰਜਾਬ ਨੂੰ ਝੱਲਣੀ ਪਈ। ਬਰਤਾਨਵੀ ਹਾਕਮਾਂ ਨਾਲ ਕੁਝ ਅਣਵੰਡੇ ਭਾਰਤ ਦੇ ਸਿਆਸਤਦਾਨਾਂ ਨੇ ਇਸ ਵੰਡ ਦੀ ਤਜਵੀਜ਼ ਨੂੰ ਮੰਨ ਕੇ ਇਸ ਭੋਂ ਨਾਲ ਦਗਾ ਕੀਤਾ। ਨਿਰਮਲ ਕੌਰ ਕੋਟਲਾ

ਦੁਆਰਾ ਸੰਪਾਦਿਤ ਪੁਸਤਕ ਵਿਚ ਕਵਿਤਰੀ ਸੁਰਿੰਦਰ ਕੰਵਲ 'ਦਿਲੀਏ ਨੀ ਦਿਲੀਏ ਸਿਰਲੇਖ ਅਧੀਨ ਲਿਖਦੇ ਹਨ:

ਇਹਦੇ ਪਾਣੀ ਲੁੱਟੇ, ਪਾਕਿ, ਹਰਿਆਣਾ ਬਣਵਾਏ,

ਕਿੰਨੀ ਵਾਰੀ ਨੀ ਤੂੰ ਦਸ, ਇਹਦੇ ਟੋਟੇ ਕਰਵਾਏ,

ਅਸੀਂ ਜਿਗਰੇ ਰੱਖੇ ਅਡੋਲ,

ਤੂੰ ਲੁਟੇ ਪੈਰ-ਪੈਰ ਦਿੱਲੀਏ

ਤੈਨੂੰ ਮੰਗਿਆ ਨਾ ਮਿਲਣੀ ਓ ਖ਼ੈਰ ਦਿੱਲੀਏ, (***ਮਿੱਟੀ ਦੇ ਬੋਲ*** 58)

ਇਸ ਤਰਾਂ ਰਾਜ ਜਾਂ ਸਰਕਾਰਾਂ ਦੀ ਭੂਮਿਕਾ ਉੱਪਰ ਪ੍ਰਸ਼ਨ ਚਿੰਨ੍ਹ ਲੱਗਦਾ ਹੈ। ਸਰਕਾਰਾਂ ਦੇ ਇਨ੍ਹਾਂ ਫੈਸਲਿਆਂ ਕਾਰਨ ਉਪਜੀਆ ਪਰਸਥਿਤੀਆਂ ਕਿਸਾਨੀ ਸੰਕਟ ਦੀਆਂ ਬੁਨਿਆਦ ਸਾਬਿਤ ਹੁੰਦੀਆਂ ਹਨ। ਜਿਸ ਬਾਰੇ ਖੇਤੀ ਮਾਹਿਰ ਸਰਦਾਰਾ ਸਿੰਘ ਮਾਹਿਲ ਲਿਖਦੇ ਹਨ:

> 1947 ਦੀ ਸੱਤਾ ਬਦਲੀ ਤੋਂ ਪਹਿਲਾਂ ਦੂਜੀ ਸੰਸਾਰ ਜੰਗ ਦੌਰਾਨ ਬਰਤਾਨਵੀ ਆਰਥਿਕਤਾ ਜੰਗੀ ਲੋੜਾਂ ਲਈ ਵਿਉਂਤੀ ਗਈ ਸੀ। ਇਸ ਕਰਕੇ ਆਪਣੀਆਂ ਲੋੜਾਂ ਅਨੁਸਾਰ ਭਾਰਤੀ ਖੇਤੀ ਨੂੰ ਦੂਜੀ ਜੰਗ ਵਿਚ ਵਧੇਰੇ ਨਿਰਯਾਤ ਮੁਖੀ ਬਣਾਇਆ ਗਿਆ। ਇਸ ਨਾਲ ਸੱਤਾ ਬਦਲੀ ਉਪਰੰਤ ਸਰਕਾਰ ਸਾਹਮਣੇ 40 ਕਰੋੜ ਲੋਕਾਂ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਦੀ ਸਮੱਸਿਆ ਸੀ। (***ਖੇਤੀ ਸੰਕਟ ਅਤੇ ਸੰਸਾਰ ਵਪਾਰ ਸੰਗਠਨ*** 83)

ਇਸ ਲਈ ਪਹਿਲੀ ਪੰਜਸਾਲਾ ਯੋਜਨਾ ਦੇ ਕੁੱਲ 1960 ਕਰੋੜ ਰੁਪਏ ਵਿਚੋਂ ਲਗਭਗ 31% (601 ਕਰੋੜ) ਖੇਤੀਬਾੜੀ ਲਈ ਅਲਾਟ ਕੀਤੇ ਗਏ। ਪਹਿਲੀ ਪੰਜਸਾਲਾ ਯੋਜਨਾ ਦੀ ਫੂਡ ਆਉਟਪੁੱਟ ਨੇ ਯੋਜਨਾਕਾਰਾਂ ਨੂੰ ਕੁੱਝ ਸੰਤੁਸ਼ਟੀ ਦਿੱਤੀ ਪਰੰਤੂ ਦੂਜੀ ਪੰਜਸਾਲਾ ਯੋਜਨਾ ਵਿਚ ਪਹਿਲੀ ਯੋਜਨਾ ਦੇ 31% ਦੇ ਮੁਕਾਬਲੇ ਜਨਤਕ ਖਰਚ ਦਾ 20% ਖੇਤੀਬਾੜੀ ਲਈ ਰੱਖਿਆ ਗਿਆ। ਭਾਵੇਂ ਰਕਮ ਪੱਖੋਂ ਇਹ ਪਹਿਲੀ ਯੋਜਨਾ ਨਾਲੋਂ ਵਧੇਰੇ ਸੀ। ਸਾਮਰਾਜੀ ਹਿੱਤਾਂ ਨੂੰ ਪੂਰਾ ਕਰਨ ਦੀ ਕਵਾਇਦ ਵਿਸ਼ਵ ਵਿਚ ਜ਼ੋਰਾਂ-ਸ਼ੋਰਾਂ ਤੇ ਚੱਲ ਰਹੀ ਸੀ। 1952 ਵਿਚ

ਫੋਰਡ ਫਾਉਂਡੇਸ਼ਨ ਵੱਲੋਂ ਸ਼ੁਰੂ ਕੀਤੇ 'ਸੰਘਣੀ ਖੇਤੀ ਜ਼ਿਲਾ ਪ੍ਰੋਗਰਾਮ' ਦਾ ਮਕਸਦ ਰਸਾਇਣਕ ਖਾਦ ਦੀ ਵਰਤੋਂ ਵਧਾਉਣਾ ਸੀ। ਦੂਜੀ ਯੋਜਨਾ ਦੇ ਦੌਰਾਨ ਖੇਤੀਬਾੜੀ ਦੇ ਮਾੜੇ ਵਿਕਾਸ ਨੇ ਭਾਰਤੀ ਅਰਥਚਾਰੇ ਵਿਚ ਬਹੁਤ ਸਾਰੀਆਂ ਮੁਸ਼ਕਲਾਂ ਉਤਪੰਨ ਕੀਤੀਆਂ। ਇਸ ਦੌਰਾਨ ਸਾਰੀਆਂ ਵਸਤੂਆਂ ਦੇ ਥੋਕ ਮੁੱਲ ਸੂਚਕ-ਅੰਕ ਵਿੱਚ 35% ਵਾਧਾ ਹੋਇਆ ਨਤੀਜੇ ਵਜੋਂ ਮਹਿੰਗਾਈ ਹੋਰ ਵੀ ਤੇਜ ਹੋਈ ਤੇ ਮੁੜ ਅਨਾਜ ਦੀ ਦਰਾਮਦ ਸ਼ੁਰੂ ਹੋਈ। ਪਰੰਤੂ ਇਕ ਸਾਮਰਾਜੀ ਤਾਕਤ ਤੋਂ ਅਜੇ ਤਾਜ਼ਾ ਛੁਟਕਾਰਾ ਪਾ ਕੇ ਆਜ਼ਾਦੀ ਪ੍ਰਾਪਤ ਕਰਨ ਵਾਲਾ ਭਾਰਤ ਦੇਸ਼ ਮੁੜ ਤੋਂ ਇੰਨੀ ਜਲਦੀ ਕਿਸੇ ਸਾਮਰਾਜੀ ਤਾਕਤ ਦੇ ਪ੍ਰਭਾਵ ਅਧੀਨ ਨਹੀਂ ਸੀ ਆਉਣਾ ਚਾਹੁੰਦਾ। ਸਰਦਾਰਾ ਸਿੰਘ ਮਾਹਿਲ ਆਪਣੀ ਪੁਸਤਕ ਖੇਤੀ ਸੰਕਟ ਅਤੇ ਸੰਸਾਰ ਵਪਾਰ ਸੰਗਠਨ ਵਿਚ ਆਜ਼ਾਦ ਭਾਰਤ ਦੇ ਪਹਿਲੇ ਖੇਤੀ ਮੰਤਰੀ ਕੇ.ਐਮ. ਮੁਨਸ਼ੀ ਦੇ ਹਵਾਲੇ ਤੋਂ ਲਿਖਦੇ ਹਨ ਕਿ ਉਹ ਵੀ ਅਮਰੀਕੀ ਮਾਡਲ ਦੇ ਬਹੁਤੇ ਗਾਹਕ ਨਹੀਂ ਸਨ। ਮਾਹਿਲ ਲਿਖਦੇ ਹਨ ਕਿ ਖੇਤੀ ਪਸਾਰ ਦੇ ਸੂਬਾਈ ਡਾਇਰੈਕਟਰਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੀ ਮੁਨਸ਼ੀ ਨੇ ਕਿਹਾ ਸੀ,

> ਆਪਣੇ ਚਾਰਜ ਹੇਠਲੇ ਪਿੰਡਾਂ ਵਿੱਚ ਜੀਵਨ-ਚੱਕਰ ਦਾ ਹਾਈਡਰੋਲੋਜੀਕਲ ਅਤੇ ਪੋਸ਼ਣ ਦੋਹਾਂ ਪੱਖਾਂ ਤੋਂ ਅਧਿਐਨ ਕਰੋ। ਭਾਲੋ ਕਿ ਇਹ ਚੱਕਰ ਕਿੱਥੋਂ ਭੰਗ ਹੋਇਆ ਹੈ, ਇਸਨੂੰ ਮੁੜ ਬਹਾਲ ਕਰਨ ਲਈ ਕਦਮਾਂ ਦਾ ਅੰਦਾਜਾ ਲਗਾਓ। ਹਰ ਪਿੰਡ ਦੇ ਚਾਰ ਪੱਖਾਂ ਤੇ ਕੰਮ ਕਰੋ। (1) ਵਰਤਮਾਨ ਹਾਲਤਾਂ (2) ਹਾਈਡਰੋਲੋਜੀਕਲ ਚੱਕਰ ਪੂਰਾ ਕਰਨ ਲਈ ਲੋੜੀਂਦੇ ਕਦਮ (3) ਪੋਸ਼ਣ ਚੱਕਰ ਬਹਾਲ ਕਰਨ ਲਈ ਲੋੜੀਂਦੇ ਕਦਮ ਅਤੇ ਚੱਕਰ ਬਹਾਲੀ ਉਪਰੰਤ ਪਿੰਡ ਦੀ ਪੂਰੀ ਸੂਰੀ ਤਸਵੀਰ (4) ਆਪਣੇ ਆਪ ਅਤੇ ਪ੍ਰੋਗਰਾਮ ਵਿੱਚ ਵਿਸ਼ਵਾਸ ਰੱਖੋ। (***ਓਹੀ ਪੁਸਤਕ*** 84)

ਸੋ ਸਪੱਸ਼ਟ ਹੈ ਕਿ ਤਤਕਾਲੀ ਖੇਤੀ ਮੰਤਰੀ ਭਾਰਤੀ ਖੇਤੀ ਮਾਡਲ ਦੀ ਰੂਪ-ਰੇਖਾ ਬਣਾਉਣ ਵਿਚ ਦਿਲਚਸਪੀ ਲੈ ਰਹੇ ਸਨ ਨਾ ਕਿ ਅਮਰੀਕੀ ਮਾਡਲ ਨੂੰ ਅਪਣਾਉਣ ਵਿਚ। ਤੀਜੀ ਪੰਜਸਾਲਾ ਯੋਜਨਾ ਵਿਚ ਸਹਿਕਾਰੀ ਖੇਤੀ ਲਈ ਪਲਾਨਿੰਗ ਕੀਤੀ ਗਈ। ਇਸੇ ਹੀ ਸਾਲ 1961 ਈ. ਵਿਚ ਪੰਜਾਬ ਵਿਚ ਮੰਡੀ ਵਿਵਸਥਾ ਨੂੰ ਕਾਇਮ ਕੀਤਾ ਗਿਆ। ਖੇਤੀ ਨੂੰ ਨਵੀਆਂ ਤਕਨੀਕਾਂ ਦੇਣ ਅਤੇ ਖੇਤੀ ਸੁਧਾਰਾਂ ਲਈ 1962 ਈ. ਵਿਚ ਪੰਜਾਬ ਦੇ ਲੁਧਿਆਣਾ ਵਿਚ ਪੰਜਾਬ ਦੀ ਪਹਿਲੀ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਤੀਜੀ ਪੰਜਸਾਲਾ

ਯੋਜਨਾ ਦੌਰਾਨ ਹੀ 1964 ਈ. ਵਿਚ ਫੂਡ ਕਾਰਪੋਰੇਸ਼ਨ ਐਕਟ ਵੀ ਬਣਾਇਆ ਗਿਆ। 1965 ਵਿਚ ਫੂਡ ਕਾਰਪੋਰੇਸ਼ਨ ਦੇ ਹੈੱਡਕੁਆਟਰ ਦਾ ਗਠਨ ਕੀਤਾ ਗਿਆ। ਭਾਵੇਂ ਸਰਕਾਰਾਂ ਖੇਤੀਬਾੜੀ ਸੁਧਾਰ ਦੇ ਵੱਡੇ-ਵੱਡੇ ਦਾਅਵੇ ਕਰਦੀਆਂ ਸਨ ਪਰੰਤੂ ਤੀਜੀ ਪੰਜਸਾਲਾ ਯੋਜਨਾ ਵੀ ਖੇਤੀਬਾੜੀ ਦੇ ਮੋਰਚੇ ਤੇ ਅਸਫਲ ਰਹੀ। ਅਨਾਜ ਵਿਚ 6% ਪ੍ਰਤੀ ਸਾਲ ਦੇ ਵਾਧੇ ਦੇ ਉਲਟ ਪ੍ਰਤੀ ਸਾਲ ਕੇਵਲ 2% ਵਾਧਾ ਹੀ ਦਰਜ ਹੋ ਸਕਿਆ। 1961-62 ਤੋਂ 1965-66 ਦੇ ਦਰਮਿਆਨ 1.10 ਕਰੋੜ ਰੁਪਏ ਦੇ ਅਨਾਜ ਦੀ ਦਰਾਮਦ ਕੀਤੀ ਗਈ। ਇਸ ਦੇ ਫਲਸਰੂਪ ਸਾਡੀ ਵਿਦੇਸ਼ੀ ਮੁਦਰਾ ਸਥਿਤੀ ਉੱਪਰ ਦਬਾਅ ਪੈਣਾ ਸ਼ੁਰੂ ਹੋ ਗਿਆ।

ਆਜ਼ਾਦੀ ਤੋਂ ਲੈ ਕੇ ਹਰੀ ਕ੍ਰਾਂਤੀ ਦੇ ਸਮੇਂ ਤੱਕ ਭਾਰਤੀ ਰਾਜਨੀਤੀ ਦੁਆਰ ਖੇਤੀ ਲਈ ਭਾਵੇਂ ਅਨੇਕਾਂ ਉਪਰਾਲੇ ਕੀਤੇ ਗਏ ਪਰੰਤੂ ਇਨ੍ਹਾਂ ਦਾ ਵਧੇਰੇ ਸਫਲ ਪ੍ਰਭਾਵ ਨਹੀਂ ਪਿਆ। ਇਸ ਸਮੇਂ ਨੂੰ ਸੰਸਥਾਗਤ ਤਬਦੀਲੀ ਦੀ ਅਵਸਥਾ ਦਾ ਕਾਲ ਵੀ ਕਿਹਾ ਜਾ ਸਕਦਾ ਹੈ। ਇਸ ਸਮੇਂ ਦੌਰਾਨ ਆਈਆਂ ਮੁੱਖ ਤਬਦੀਲੀਆਂ ਜ਼ਿਮੀਂਦਾਰੀ ਵਿਵਸਥਾ ਨੂੰ ਖਤਮ ਕਰਨਾ, ਖੇਤ-ਜੋਤਾਂ ਦੀ ਸੀਮਾ ਨਿਰਧਾਰਿਤ ਕਰਕੇ ਚੱਕਬੰਦੀ ਕਰਨੀ ਤੇ ਪੱਟਾ-ਸੁਧਾਰ ਦਾ ਕਾਰਜ ਮੁੱਖ ਸੀ। ਪਹਿਲੀ ਪੰਜਸਾਲਾ ਯੋਜਨਾ ਨੇ ਸਮਝਦਾਰੀ ਨਾਲ ਖੇਤੀਬਾੜੀ ਨੂੰ ਪ੍ਰਮੁੱਖ ਤਰਜੀਹ ਦਿੱਤੀ ਪਰ ਦੂਜੀ ਪੰਜਸਾਲਾ ਯੋਜਨਾ ਖੇਤੀਬਾੜੀ ਨੂੰ ਉਚਿਤ ਸਥਾਨ ਦੇਣ ਵਿਚ ਅਸਫਲ ਰਹੀ। ਛੋਟੀ ਸਿੰਚਾਈ ਨੂੰ ਵਧੇਰੇ ਮਹੱਤਵ ਨਾ ਦੇਣਾ ਰਾਜ ਦੀ ਖੇਤੀ ਪ੍ਰਤੀ ਉਦਾਸੀਨਤਾ ਨੂੰ ਦਰਸਾਉਂਦਾ ਹੈ। ਉੱਘੇ ਖੇਤੀ ਮਾਹਿਰ ਡਾ. ਸੁਰਜੀਤ ਬਰਾੜ ਆਪਣੀ ਪੁਸਤਕ ਵਿਚ ਲਿਖਦੇ ਹਨ:

> 1950 ਤੋਂ ਲੈ ਕੇ ਅੱਜ ਤੱਕ ਦੇਸ਼ ਵਿੱਚ ਵੱਡੇ-ਵੱਡੇ ਉਦਯੋਗ ਲੱਗੇ ਹਨ ਅਤੇ ਲੱਗ ਰਹੇ ਹਨ, ਉਤਪਾਦਨ ਵੀ ਹੋ ਰਿਹਾ ਹੈ। ਉਦਯੋਗਾਂ ਨੂੰ ਸਭ ਸਹੂਲਤਾਂ ਰਿਆਇਤਾਂ (ਕਰਜ਼ਾ ਵੀ 4 ਫੀਸਦੀ ਦੀ ਦਰ ਨਾਲ ਦਿੱਤਾ ਜਾਂਦਾ ਹੈ, ਕਰਾਂ ਵਿੱਚ ਛੋਟਾਂ ਵੀ ਦਿੱਤੀਆਂ ਜਾਂਦੀਆਂ ਹਨ, ਇਸ ਤੋਂ ਬਿਨਾਂ ਬਹੁਤ ਸਾਰੀਆਂ ਸਬਸਿਡੀਆਂ ਵੀ ਦਿੱਤੀਆਂ ਜਾਂਦੀਆਂ ਹਨ) ਦਿੱਤੀਆਂ ਜਾਂਦੀਆਂ ਹਨ (ਅੱਜ ਵੀ ਜਾਰੀ ਹਨ) ਪ੍ਰੰਤੂ ਕਿਰਸਾਨੀ ਨਾਲ ਸਰਕਾਰ ਨੇ ਹਮੇਸ਼ਾ ਮਤਰੇਈ ਵਾਲਾ ਸਲੂਕ ਕੀਤਾ ਹੈ। ਖੇਤੀ ਨੂੰ ਉਦਯੋਗ (ਜੋ ਅੱਜ ਜ਼ਰੂਰੀ ਸੀ) ਦਾ ਦਰਜਾ ਨਹੀਂ ਦਿੱਤਾ ਗਿਆ। (***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ-ਖੇਤੀ ਸੰਕਟ ਤੇ ਖੇਤੀ ਕਾਨੂੰਨ,*** 16)

ਆਜ਼ਾਦੀ ਦੇ ਸਮੇਂ ਤੋਂ ਹੀ ਦੇਸ਼ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਇਨ੍ਹਾਂ ਸਮੱਸਿਆਵਾਂ ਵਿਚੋਂ ਇਕ ਸਮੱਸਿਆ ਦੇਸ਼ ਲਈ ਅਨਾਜ ਦੀ ਜ਼ਰੂਰਤ ਨੂੰ ਪੂਰਾ ਕਰਨਾ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਪੰਜਾਬ (ਅਣਵੰਡਿਆ ਪੰਜਾਬ ਅਤੇ ਹਰਿਆਣਾ) ਦੇ ਕਿਸਾਨਾਂ ਨੇ ਸਖ਼ਤ ਮਿਹਨਤ ਕੀਤੀ ਤੇ ਸਮੁੱਚੇ ਦੇਸ਼ ਦੀ ਭੁੱਖ ਮਿਟਾਉਣ ਲਈ ਵੱਡਾ ਉੱਦਮ ਕੀਤਾ। ਪਰੰਤੂ ਬਾਵਜੂਦ ਇਸ ਦੇ ਸਿਆਸੀ ਲਾਹੇ ਲੈਣ ਲਈ ਇਸ ਸੂਬੇ ਨੂੰ ਵੰਡ ਦਿੱਤਾ ਗਿਆ। ਜਿਸ ਨਾਲ ਮਾਨਸਿਕ, ਸਭਿਆਚਾਰਕ ਅਤੇ ਭਾਵਾਤਮਕ ਤੌਰ ਤੇ ਆਪਸ ਵਿਚ ਜੁੜੇ ਕਿਸਾਨਾਂ ਦੇ ਦਿਲਾਂ ਨੂੰ ਠੇਸ ਲੱਗੀ। ਇਨ੍ਹਾਂ ਹੀ ਨਹੀਂ ਇਕ ਦੂਜੇ ਦੇ ਸਾਥੀ ਕਿਸਾਨਾਂ ਨੂੰ ਕੋਝੀਆਂ ਚਾਲਾਂ ਜਿਵੇਂ ਪਾਣੀਆਂ ਦੇ ਮਸਲੇ, ਰਾਜਧਾਨੀ ਦੇ ਮੁੱਦੇ ਉੱਪਰ ਇਨ੍ਹਾਂ ਨੂੰ ਇਕ-ਦੂਜੇ ਦੇ ਖਿਲਾਫ਼ ਖੜ੍ਹਾ ਕਰ ਦਿੱਤਾ। ਅਜਿਹੀਆਂ ਹੋਰ ਅਨੇਕਾਂ ਰਾਜਸੀ ਨੀਤੀਆਂ ਦੇ ਚਲਦੇ ਖੇਤੀ ਦਾ ਵੱਡੇ ਪੱਧਰ ਤੇ ਉਭਾਰ ਨਾ ਹੋ ਸਕਿਆ ਤੇ ਖੇਤੀ ਖੇਤਰ ਵਧੇਰੇ ਮੁਨਾਫ਼ੇ ਵਿਚ ਨਾ ਜਾ ਸਕਿਆ। ਇਸ ਸਮੇਂ ਦੌਰਾਨ ਖੇਤੀਬਾੜੀ ਦੇ ਆਧਾਰਭੂਤ ਢਾਂਚੇ ਵਿਚ ਵੀ ਕੋਈ ਵਧੇਰੇ ਬਦਲਾਅ ਨਹੀਂ ਕੀਤਾ ਗਿਆ। ਭਾਵੇਂ ਪਹਿਲੀਆਂ ਦੋ ਪੰਜ-ਸਾਲਾਂ ਯੋਜਨਾਵਾਂ ਵਿਚ ਖੇਤੀ ਦੇ ਵਿਕਾਸ ਲਈ ਬਜਟ ਵਿਚੋਂ ਇਕ ਵੱਡਾ ਹਿੱਸਾ ਰੱਖਿਆ ਗਿਆ ਸੀ, ਪਰੰਤੂ ਇਸ ਦੇ ਬਾਵਜੂਦ ਖੇਤੀ ਖੇਤਰ ਬਹੁਤ ਪਿਛੜਿਆ ਹੋਇਆ ਤੇ ਖਸਤਾ ਹਾਲਾਤ ਵਿਚੋਂ ਵਿਚਰਿਆ। ਜਿਸ ਦੇ ਫਲਸਰੂਪ ਕਿਸਾਨੀ ਕੋਈ ਵਧੇਰੇ ਲਾਭਕਾਰੀ ਦੌਰ ਵਿਚੋਂ ਨਾ ਗੁਜ਼ਰ ਸਕੀ ਤੇ ਦਿਨੋ-ਦਿਨ ਸੰਕਟ ਵੱਲ ਨੂੰ ਵਧੀ।

### 4.2.2 ਸਮਕਾਲੀ ਪੰਜਾਬੀ ਕਵਿਤਾ: ਹਰੀ ਕ੍ਰਾਂਤੀ ਤੋਂ ਵਿਸ਼ਵੀਕਰਨ ਤੱਕ ਦੀਆਂ ਰਾਜਸੀ ਨੀਤੀਆ ਤੇ ਕਿਸਾਨੀ ਸੰਕਟ

ਚੌਥੀ ਪੰਜਸਾਲਾ ਯੋਜਨਾ ਨੇ ਖੇਤੀਬਾੜੀ ਲਈ ਅਨੁਕੂਲ ਆਰਥਿਕ ਸਥਿਤੀਆਂ ਬਣਾਉਣ ਦੀ ਜਰੂਰਤ ਉੱਤੇ ਜ਼ੋਰ ਦਿੱਤਾ। ਇਸ ਯੋਜਨਾ ਤਹਿਤ ਖੇਤੀਬਾੜੀ ਤੇ 3814 ਕਰੋੜ ਰੁਪਏ ਖਰਚਣ ਦੀ ਕਲਪਨਾ ਕੀਤੀ ਗਈ ਸੀ ਜੋ ਕਿ ਕੁੱਲ ਖਰਚ 15902 ਕਰੋੜ ਦਾ 24% ਸੀ। ਪਰੰਤੂ ਇਸ ਸੰਭਾਵਿਤ ਰਕਮ ਵਿਚੋਂ ਵੀ ਅਸਲ ਖਰਚ ਘੱਟ ਕੀਤਾ ਗਿਆ। 1965 ਈ. ਵਿਚ Agricultural Price Commission ਬਣਾਇਆ ਗਿਆ, ਜਿਸ ਨੂੰ 1985 ਵਿਚ ਬਦਲ ਕੇ The Commission For Agricultural Costs & Price ਕਰ ਦਿੱਤਾ ਗਿਆ। ਦੇਸ਼

ਵਿਚ ਖੇਤੀਬਾੜੀ ਦੀ ਨੁਹਾਰ ਬਦਲਣ ਵਾਲੀ ਹਰੀ ਕ੍ਰਾਂਤੀ ਦਾ ਆਗਮਨ ਵੀ ਇਸੇ ਪੰਜਸਾਲਾ ਯੋਜਨਾ ਦੌਰਾਨ ਹੋਇਆ। ਜਿਸ ਬਾਰੇ ਪਹਿਲੇ ਅਧਿਆਇ ਵਿਚ ਚਰਚਾ ਕੀਤੀ ਜਾ ਚੁੱਕੀ ਹੈ। ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਹਰੀ ਕ੍ਰਾਂਤੀ ਨੂੰ ਜੀ ਆਇਆ ਨੂੰ ਆਖਿਆ ਤੇ ਪੰਜਾਬ ਹਰੀ ਕ੍ਰਾਂਤੀ ਨੂੰ ਅਪਣਾਉਣ ਵਾਲਾ ਪਹਿਲਾ ਸੂਬਾ ਬਣਿਆ। ਭਾਰਤ ਸਰਕਾਰ ਨੇ ਅਮਰੀਕੀ ਸਰਕਾਰ ਦੇ ਪਬਲਿਕ ਲਾਅ 480 ਨਾਲ ਜੁੜੀਆਂ ਸ਼ਰਤਾਂ/ਸਕੀਮਾਂ ਨੂੰ ਮੰਨਿਆ।

> ਭਾਰਤ ਵਿਚ ਪਬਲਿਕ ਲਾਅ 480 ਦੀਆਂ ਸ਼ਰਤਾਂ ਨੂੰ ਅਮਲੀ ਰੂਪ ਦੇਣ ਉਪਰੰਤ ਅਜਿਹਾ ਆਰਥਿਕ ਵਾਤਾਵਰਣ ਹੋਂਦ ਵਿਚ ਆਇਆ ਜਿਸ ਨੇ ਅਮਰੀਕਨ ਪੂੰਜੀਕਾਰੀ ਨੂੰ ਉਤਸ਼ਾਹਿਤ ਕੀਤਾ ਅਤੇ ਨਾਲ ਹੀ ਹਰੇ ਇਨਕਲਾਬ ਦੀ ਆਰੰਭਤਾ ਵੀ ਕੀਤੀ। ਨਵੇਂ-ਨਵੇਂ ਬੀਜਾਂ ਦੀ ਵਰਤੋਂ ਰਸਾਇਣਕ ਖਾਦਾਂ ਦੀ ਵਰਤੋਂ, ਸਿੰਜਾਈ ਅਤੇ ਜ਼ਮੀਨ ਵਹਾਈ ਲਈ ਨਵੇਂ-ਨਵੇਂ ਸੰਦਾਂ ਦੀ ਵਰਤੋਂ ਆਦਿ ਦੇ ਸਿੱਟੇ ਵਜੋਂ ਖੇਤੀ ਪੈਦਾਵਾਰ ਵਿੱਚ ਜੋ ਵਾਧਾ ਹੋਇਆ, ਉਹ 'ਹਰਾ ਇਨਕਲਾਬ' ਸੀ। ਕੋਈ ਖੇਤ ਮਾਹਿਰ ਹਰੇ ਇਨਕਲਾਬ ਨੂੰ wheat revolution ਕਈ fertilizer revolution ਕਈ ਟਰੈਕਟਰ ਇਨਕਲਾਬ ਅਤੇ ਕਈ Capitalist Agriculture ਕਹਿੰਦੇ ਆ ਰਹੇ ਹਨ। ਕਈ ਵਿਦਵਾਨਾਂ ਨੇ ਇਸ ਨੂੰ ਖੇਤੀਬਾੜੀ ਦੇ ਪੂੰਜੀਵਾਦੀ ਵਿਕਾਸ, ਮਸ਼ੀਨੀਕਰਣ, ਰਸਾਇਣੀਕਰਣ ਅਤੇ ਵਪਾਰੀਕਰਨ ਨਾਲ ਵੀ ਜੋੜਿਆ ਹੈ। (ਗੁਰਦੀਪ ਕੌਰ '***ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ***' 38)

ਇਸ ਹਰੀ ਕ੍ਰਾਂਤੀ ਨੇ ਪੰਜਾਬ ਦੇ ਖੇਤੀਬਾੜੀ ਢਾਂਚੇ ਨੂੰ ਜੈਵਿਕ ਖੇਤੀ ਦੀ ਜਗ੍ਹਾ ਰਸਾਇਣਕ ਖੇਤੀ ਵਿਚ ਬਦਲ ਦਿੱਤਾ। ਚੌਥੀ ਯੋਜਨਾ ਦੌਰਾਨ ਖੇਤੀ ਉਤਪਾਦਨ ਦੇ ਵਾਧੇ ਦੀ ਸਮੁੱਚੀ ਦਰ ਸਿਰਫ਼ 2.8% ਪ੍ਰਤੀ ਸਾਲ ਰਹੀ। ਉਤਪਾਦਨ ਦਾ ਵਾਧਾ ਆਬਾਦੀ ਦੇ ਵਾਧੇ ਦੇ ਮੁਕਾਬਲੇ ਘੱਟ ਗਿਆ। 1972-73 ਤੋਂ ਬਾਅਦ ਰਾਸ਼ਟਰੀ ਆਮਦਨ ਵਿਚ ਖੜੋਤ ਅਤੇ ਮਹਿੰਗਾਈ ਦੇ ਦਬਾਅ ਦਾ ਮੂਲ ਕਾਰਨ ਖੇਤੀਬਾੜੀ ਸੈਕਟਰ ਦੀ ਅਸੰਤੋਸ਼ਜਨਕ ਕਾਰਗੁਜ਼ਾਰੀ ਸੀ। ਪੰਜਵੀਂ ਪੰਜਸਾਲਾ ਯੋਜਨਾ ਦੌਰਾਨ 7411 ਕਰੋੜ ਰੁਪਏ ਖੇਤੀਬਾੜੀ ਅਤੇ ਸਿੰਚਾਈ ਦੇ ਵਿਕਾਸ ਤੇ ਖਰਚ ਕਰਨ ਲਈ ਮਿੱਥੇ ਗਏ ਸਨ, ਜੋ ਕੁੱਲ ਯੋਜਨਾ ਖਰਚ ਦਾ 20% ਸੀ। ਇਸ ਯੋਜਨਾ ਦਾ

ਉਦੇਸ਼ ਦੇਸ਼ ਲਈ ਭੋਜਨ ਦੀ ਸਵੈ-ਨਿਰਭਰਤਾ ਸੀ। ਪਰੰਤੂ ਹਰੀ ਕ੍ਰਾਂਤੀ ਨੇ ਬਹੁ ਫਸਲੀ ਚੱਕਰ ਨੂੰ ਖੜੋਤ ਦਿੱਤੀ। ਮਹਿੰਗੇ ਬੀਜ, ਖਾਦਾਂ, ਕੀਟ ਨਾਸ਼ਕਾਂ ਨੇ ਫਸਲ ਤੇ ਹੋਣ ਵਾਲੇ ਖਰਚ ਨੂੰ ਕਈ ਗੁਣਾ ਵਧਾ ਦਿੱਤਾ। ਹਰੀ ਕ੍ਰਾਂਤੀ ਦੇ ਅਣਸੁਖਾਵੇਂ ਪ੍ਰਭਾਵਾਂ ਨੂੰ ਪੁਸਤਕ '***ਜਨ ਅੰਦੋਲਨ***' ਵਿਚ ਕਵੀ ਜਗਜੀਤ ਸਿੰਘ ਲੱਡਾ ਲਿਖਦੇ ਹਨ:

ਹਰੀ ਕ੍ਰਾਂਤੀ ਨੇ ਤਾਂ ਸਾਨੂੰ ਕੱਖ ਦਾ ਨਹੀਂ ਛੱਡਿਆ।

ਰਵਾਇਤੀ ਫ਼ਸਲਾਂ ਨੂੰ ਇਸ ਨੇ ਜੜ੍ਹਾਂ ਤੋਂ ਵੱਢਿਆ।

ਫ਼ਸਲ ਉੱਪਰ ਹੋਣ ਵਾਲੇ ਇਸ ਖਰਚ ਹੀ ਵਧਾਏ,

ਪੈਦਾ ਕਰਦੇ ਸੀ ਜੋ ਚੀਜ਼ਾਂ ਹੁਣ ਹਾਂ ਮੰਗਣ ਲਾਏ,

ਆਏ ਕਰਜ਼ੇ ਹੇਠ ਲੋੜਾਂ ਲਈ ਰਹੇ ਹੱਥ ਅੱਡਿਆ।

ਹਰੀ ਕ੍ਰਾਂਤੀ ਨੇ ਤਾਂ ਸਾਨੂੰ ਕੱਖ ਦਾ ਨਹੀਂ ਛੱਡਿਆ। 122

ਗੈਰ ਉਤਪਾਦਕ ਖਰਚਿਆਂ ਲਈ ਬੇਲੋੜੀਆਂ ਵੱਡੀਆਂ ਰਕਮਾਂ ਪ੍ਰਦਾਨ ਕੀਤੀਆਂ ਗਈਆਂ ਦੂਜਾ ਤੇਜ਼ ਉਪਜ ਵਾਲੇ ਪ੍ਰੋਜੈਕਟਾਂ ਨੂੰ ਲੋੜੀਂਦਾ ਮਹੱਤਵ ਨਹੀਂ ਦਿੱਤਾ ਗਿਆ ਸਗੋਂ ਜਿਆਦਾ ਸਮਾਂ ਲੈਣ ਵਾਲੇ ਪ੍ਰੋਜੈਕਟਾਂ ਨੂੰ ਅਣਉੱਚਿਤ ਮਹੱਤਵ ਦਿੱਤਾ ਗਿਆ। ਸਰਕਾਰਾਂ ਵਲੋਂ ਸਮੇਂ ਤੇ ਪ੍ਰਸਥਿਤੀਆਂ ਅਨੁਸਾਰ ਵੇਲੇ ਸਿਰ ਖੇਤੀ ਲਈ ਜੋ ਵਿਉਂਤਬੰਦੀ ਕਰਨੀ ਚਾਹੀਦੀ ਸੀ ਉਹ ਨਾ ਹੋ ਸਕੀ। ਨਾ ਹੀ ਖੇਤੀ ਅਭਿਆਸਾਂ ਨੂੰ ਮਿਆਰੀ ਬਣਾਉਣ ਲਈ ਕੋਈ ਠੋਸ ਕਦਮ ਚੁੱਕੇ ਗਏ। ਵੱਧ ਤੋਂ ਵੱਧ ਫਸਲ ਪੈਦਾ ਕਰਨ ਦੀ ਲਾਲਸਾ ਨੇ ਕਿਸਾਨਾਂ ਨੂੰ ਜ਼ਹਿਰੀਲੀਆਂ ਖਾਦਾਂ, ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਵੱਲ ਪ੍ਰੇਰਿਆ। ਸਰਕਾਰਾਂ ਵੱਲੋਂ ਸਰਮਾਏਦਾਰੀ ਦਾ ਵਿਕਾਸ ਕਰਨ ਲਈ ਆਮ ਲੋਕਾਂ ਤੱਕ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਦੀ ਪਹੁੰਚ ਬਣਾਈ ਗਈ। ਕਵਿਤਰੀ ਅਰਵਿੰਦਰ ਕਾਕੜਾ ਪੁਸਤਕ '***ਮਿੱਟੀ ਦੇ ਵਣਜਾਰੇ*** ਸੰਪਾਦਕ ਅਰਤਿੰਦਰ ਸੰਧੂ ਅਤੇ ਡਾ. ਮੋਹਨ ਤਿਆਗੀ ਵਿਚ ਆਪਣੀ ਰਚਨਾ ਬਾਪੂ ਆਖੇ ਪੁੱਤ ਨੂੰ ਵਿਚ ਲਿਖਦੇ ਹਨ:

ਹਰੇ ਮਾਡਲ ਖੇਤ ਵਿਚ ਜਹਿਰ ਨੂੰ ਉਗਾ ਦਿੱਤਾ।

ਕਰਜ਼ੇ ਤੇ ਖ਼ੁਦਕਸ਼ੀ ਵਾਲਾ ਐਸਾ ਬੀਅ ਪਾ ਦਿੱਤਾ।

ਮੰਡੀ ਰੋਲ ਫਸਲਾਂ ਨੂੰ ਚਲਾਈਆਂ ਕਿਵੇਂ ਆਰੀਆਂ।

ਬਾਪੂ ਆਖੇ ਪੁੱਤ ਨੂੰ ਹੁਣ ਕੱਸ ਲਓ ਤਿਆਰੀਆਂ। 102

ਡਾ ਸੁਰਜੀਤ ਬਰਾੜ ਦੁਆਰਾ ਸੰਪਾਦਿਤ ਪੁਸਤਕ '***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨ-ਖੇਤੀ ਸੰਕਟ ਤੇ ਖੇਤੀ ਕਾਨੂੰਨ*** ਵਿਚ ਕਿਸਾਨ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਦੇ ਛਪੇ ਲੇਖ ਖੇਤੀ ਕਾਨੂੰਨ ਅਤੇ ਉਨ੍ਹਾਂ ਦੇ ਪਾਸਾਰ ਵਿਚ ਉਹ ਲਿਖਦੇ ਹਨ:

> ਹਰੇ ਇਨਕਲਾਬ ਦੇ ਮਾਡਲ ਨੇ ਪੇਂਡੂ ਮਜ਼ਦੂਰਾਂ ਕੋਲ ਕੰਮ ਦੇ ਮੌਕੇ ਪਹਿਲਾਂ ਹੀ ਬਹੁਤ ਘਟਾ ਦਿੱਤੇ ਹਨ। ਖੇਤੀ ਦੇ ਮਸ਼ੀਨੀਕਰਨ ਨੇ ਮਜ਼ਦੂਰਾਂ ਨੂੰ ਵਿਹਲੇ ਕੀਤਾ। ਮਸ਼ੀਨੀਕਰਨ ਨਾਲ ਕੋਈ ਉਦਯੋਗਾਂ ਦਾ ਵਿਕਾਸ ਨਹੀਂ ਹੋਇਆ ਬਲਕਿ ਵਿਸ਼ਵੀਕਰਨ ਨਾਲ ਪੰਜਾਬ 'ਚ ਲਘੂ ਉਦਯੋਗ ਦੇ ਹਜ਼ਾਰਾਂ ਯੂਨਿਟ ਬੰਦ ਹੋਏ ਤੇ ਖੇਤੀ ਆਧਾਰਿਤ ਸਨਅਤਾਂ ਦਾ ਸਫਾਇਆ ਹੋਇਆ। 226

'***ਸਿਆੜ***' ਪੁਸਤਕ ਵਿਚ ਕਵੀ ਡਾ. ਸੁਰਿੰਦਰ ਸਿੰਘ ਸਿੱਧੂ ਹਰੀ ਕ੍ਰਾਂਤੀ ਦੇ ਇਸ ਵਰਤਾਰੇ ਨੂੰ ਆਪਣੀ ਕਵਿਤਾ ਜ਼ਮੀਨ ਦੀ ਕਹਾਣੀ ਵਿਚ ਇਉਂ ਬਿਆਨ ਕਰਦੇ ਹਨ:

ਦੇਸ਼ ਦੇ ਖਾਲੀ ਅੰਨ ਭੰਡਾਰਾਂ ਨੂੰ ਭਰਨ ਲਈ

ਹਰੇ ਇਨਕਲਾਬ ਦਾ ਸੱਦਾ ਦਿੱਤਾ ਗਿਆ

ਨਵੇਂ ਟਰੈਕਟਰ, ਨਵੀਆਂ ਮਸ਼ੀਨਾਂ,

ਵਿਦੇਸ਼ੀ ਕੰਪਨੀਆਂ ਦੀਆਂ ਖਾਦਾਂ

ਨਵੇਂ ਤੋਂ ਨਵੇਂ ਬੀਜਾਂ ਨੇ

ਕਿਸਾਨਾਂ ਨੂੰ ਕਰਜ਼ੇ ਦੀਆਂ ਲਾਇਨਾਂ 'ਚ

ਖੜ੍ਹਾ ਕਰ ਦਿੱਤਾ।

ਹਰਾ ਇਨਕਲਾਬ ਤਾਂ ਆ ਗਿਆ

ਪਰ ਸਮੁੱਚੀ ਕਿਸਾਨੀ ਕਰਜ਼ਾਈ ਹੋ ਗਈ

ਕਿਸਾਨੀ ਦਾ ਸੰਕਟ ਡੂੰਘਾ ਹੋ ਗਿਆ 13

1979-80 ਦੇ ਸਾਲ ਵਿਚ ਦੇਸ਼ ਨੇ ਭਿਆਨਕ ਸੋਕਾ ਦੇਖਿਆ। ਜਿਸ ਦਾ ਖੇਤੀ ਉਤਪਾਦਨ 'ਤੇ ਮਾੜਾ ਅਸਰ ਪਿਆ। ਵੱਖ-ਵੱਖ ਫਸਲਾਂ ਵਿਚੋਂ ਸਿਰਫ ਕਣਕ ਹੀ ਯੋਜਨਾ ਦੇ ਟੀਚਿਆਂ ਨਾਲ ਮੇਲ ਖਾਂਦੀ ਰਹੀ ਹੈ। ਛੇਵੀਂ ਪੰਜਸਾਲਾ ਯੋਜਨਾ ਦੇ ਟਰਮੀਨਲ ਸਾਲ ਵਿਚ ਸਾਰੇ ਅਨਾਜ ਦਾ ਕੁੱਲ ਉਤਪਾਦਨ 138.1 ਮਿਲੀਅਨ ਟਨ ਦਰਜ ਕੀਤਾ ਗਿਆ ਸੀ। ਇਸ ਵਿਚ ਚੌਲ ਲਗਭਗ 54.5 ਮਿਲੀਅਨ ਟਨ ਅਤੇ ਕਣਕ 41.2 ਮਿਲੀਅਨ ਟਨ ਸੀ। ਜੁਲਾਈ 1982 ਵਿਚ ਨੈਸ਼ਨਲ ਬੈਂਕ ਫਾੱਰ ਐਗਰੀਕਲਚਰ ਐਂਡ ਰੂਰਲ ਡੈਵਲੈਪਮੈਂਟ (NABARD) ਦੀ ਸਥਾਪਨਾ ਹੋਈ। 30 ਜੂਨ 1981 ਤੱਕ 27 ਰਾਜ ਸਹਿਕਾਰੀ ਬੈਂਕ ਅਤੇ 327 ਰਾਜ ਸਹਿਕਾਰੀ ਬੈਂਕ ਸਨ

ਸੱਤਵੀਂ ਪੰਜਸਾਲਾ ਯੋਜਨਾ ਵਿਚ ਜੰਗਲਾਤ ਅਤੇ ਜੰਗਲੀ ਜੀਵ ਸਮੇਤ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 1000 ਕਰੋੜ ਰੁਪਏ ਖਰਚਾ ਰੱਖਿਆ ਗਿਆ। ਛੇਵੀਂ ਪੰਜਸਾਲਾ ਯੋਜਨਾ ਦੀ ਮਿਆਦ ਵਿਚ 6440 ਕਰੋੜ ਰੁਪਏ ਦੇ ਮੁਕਾਬਲੇ ਸੱਤਵੀਂ ਯੋਜਨਾ ਵਿਚ 10524 ਕਰੋੜ ਰੁਪਏ ਰੱਖੇ ਗਏ। ਇਸੇ ਤਰ੍ਹਾਂ ਕਿਸਾਨਾਂ ਦੁਆਰਾ ਲਏ ਜਾ ਰਹੇ ਕਰਜ਼ਿਆ ਵਿਚ ਵੀ ਨਿਰੰਤਰ ਵਾਧਾ ਹੋਇਆ। ਜਿਸ ਨੂੰ ਕਵੀ ਕਮਲਦੀਪ ਜਲੂਰ ਆਪਣੇ ਕਾਵਿ ਸੰਗ੍ਰਹਿ '***ਕਵਿਤਾ ਸਿਰਫ਼ ਕਵਿਤਾ ਨਹੀਂ***' ਵਿਚ ਆਪਣੀ ਕਵਿਤਾ ਉੱਠੋ ਓਏ ਜਵਾਨ ਦੁਲਿਓ ਵਿਚ ਲਿਖਦਾ ਹੈ:

ਮਾਰ ਗਈ ਏ ਪਹਿਲਾਂ ਉਹੋ ਹਰੀ ਏ ਕ੍ਰਾਂਤੀ,

ਉਹਨਾਂ ਕਹਿਣ ਉੱਤੇ ਬੀਜੀ ਫ਼ਸਲ ਬਹੁ ਭਾਂਤੀ

ਨਾ ਹੁਣ ਝੱਲ ਹੋਵੇ ਕਰਜ਼ੇ ਦਾ ਭਾਰ,

ਉਠੋ ਓਏ ਜਵਾਨ ਦੁੱਲਿਓ, ਬਾਪੂ ਧਰਨੇ ਚ ਰਹੇ ਨੇ ਪੁਕਾਰ 83

1987-88 ਵਿਚ 140.35 ਮਿਲੀਅਨ ਟਨ ਦੇ ਉਤਪਾਦਨ ਦੇ ਮੁਕਾਬਲੇ 1990-91 ਵਿਚ ਅਨਾਜ ਦਾ ਉਤਪਾਦਨ 176.92 ਮਿਲੀਅਨ ਟਨ ਦੇ ਪੱਧਰ ਤੱਕ ਪਹੁੰਚ ਗਿਆ। ਪਰੰਤੂ ਇਸ ਦਾ ਦੂਜਾ ਪੱਖ ਇਹ ਵੀ ਸੀ ਕਿ 1989-90 ਵਿਚ ਖਾਦ ਦੇ 76000 ਰਿਟੇਲਰ ਆਉਟਲੈੱਟ ਸਨ ਜਿਨ੍ਹਾਂ ਵਿਚ 40 ਲੱਖ ਟਨ ਖਾਦ ਪੋਸ਼ਕ ਤੱਤ ਵੰਡੇ ਗਏ ਸਨ ਤੇ 1984-85 ਦੇ 5810 ਕਰੋੜ ਰੁਪਏ ਤੋਂ ਵੱਧ ਕੇ ਕਰਜ਼ ਦੀ ਰਾਸ਼ੀ 1989-90 ਤੱਕ 12570 ਕਰੋੜ ਹੋ ਗਏ। ਕਰਜ਼ ਦੀ ਵਧਦੀ ਜਾਂਦੀ ਰਾਸ਼ੀ ਨੂੰ ਵਾਪਿਸ ਕਰਨ ਵਿਚ ਅਸਮਰਥ ਕਿਸਾਨ ਅਕਸਰ ਖੁਦਕੁਸ਼ੀਆਂ ਦੇ ਰਾਹ ਵੱਲ ਨੂੰ ਤੁਰ ਪੈਂਦੇ ਹਨ। ਇਸ ਪ੍ਰਸਥਿਤੀ ਨੂੰ ਬਿਆਨਦੀ ਕਵਿਤਾ:

ਹਰੀ ਕ੍ਰਾਂਤੀ ਦਾ ਨਤੀਜਾ ਇਹ ਨਿਕਲਿਆ

ਸਪਰੇਹਾਂ ਪੀ-ਪੀ ਜੱਟ ਮਰਦੇ। (***ਕਵਿਤਾ ਸਿਰਫ਼ ਕਵਿਤਾ ਨਹੀਂ, 139)***

ਇਸੇ ਤਰਾਂ ਦਿਓਲ ਪਰਮਜੀਤ ਦੁਆਰਾ ਪਰਵਾਸੀ ਕਵਿਤਰੀਆਂ ਦੀਆਂ ਕਾਵਿ ਰਚਨਾਵਾਂ ਦੀ ਸੰਪਾਦਿਤ ਪੁਸਤਕ '***ਕਿਸਾਨੀ ਇਬਾਰਤ'*** ਵਿਚ ਕਿਰਨਪ੍ਰੀਤ ਆਪਣੀ ਰਚਨਾ ਪਰਵਾਸੀ ਸਿਰਲੇਖ ਅਧੀਨ ਲਿਖਦੀ ਹੈ:

ਪਹਿਲਾਂ ਹਰੀ ਕ੍ਰਾਂਤੀ ਦੇ ਨਾਂ ਥੱਲੇ

ਜ਼ਹਿਰ ਪਾਣੀਆਂ ਦੇ ਵਿਚ ਘੋਲ ਦਿੱਤਾ

ਫਿਰ ਨਸ਼ੇ ਦਾ ਕੀਤਾ ਵਪਾਰ ਐਸਾ

ਕਈ ਮਾਵਾਂ ਦੇ ਪੁੱਤਾਂ ਨੂੰ ਰੋਲ ਦਿੱਤਾ (***ਕਿਸਾਨੀ ਇਬਾਰਤ*** 68,69)

ਹਰੀ ਕ੍ਰਾਂਤੀ ਨੇ ਜਿੱਥੇ ਕਿਸਾਨਾਂ ਲਈ ਆਸਾਨ ਕਰਜ਼ ਦੀ ਵਿਵਸਥਾ ਕੀਤੀ ਉੱਥੇ ਹੀ ਕਿਸਾਨ ਇਸ ਕਰਜ਼ ਦੇ ਦਲਦਲ ਵਿਚ ਅਜਿਹਾ ਫਸਿਆ ਕੇ ਉਹ ਆਪ ਵੀ ਤੇ ਉਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਇਸ ਵਿਚੋਂ ਨਾ ਨਿਕਲ ਸਕੀਆਂ। ਇਸ ਗੱਲ ਦੀ ਤਸਦੀਕ ਕਰਦੇ ਡਾ. ਸੁਰਿੰਦਰ ਸਿੰਘ ਸਿੱਧੂ ਆਪਣੀ ਪੁਸਤਕ ***'ਕਿਸਾਨ ਖੁਦਕੁਸ਼ੀਆਂ'*** ਵਿੱਚ ਆਖਦੇ ਹਨ ਕਿ:

> ਕਿਸਾਨ ਨੂੰ ਬੀਜਾਂ ਤੋਂ ਲੈ ਕੇ ਕੀਟਨਾਸ਼ਕ ਦਵਾਈਆਂ, ਖਾਦਾਂ, ਮਸ਼ੀਨਾਂ ਤੇ ਟਰੈਕਟਰ ਆਦਿ ਖ਼ਰੀਦਣ ਲਈ ਬੈਂਕਾਂ ਨੇ ਧੜਾ-ਧੜ ਕਰਜ਼ੇ ਦਿੱਤੇ। ਆੜ੍ਹਤੀਏ ਵੀ ਇਨ੍ਹਾਂ ਕਰਜ਼ਿਆਂ ਵਿੱਚ ਪਿੱਛੇ ਨਾ ਰਹੇ, ਉਨ੍ਹਾਂ

> ਨੇ ਵੀ ਕਿਸਾਨਾਂ ਦੀ ਜ਼ਮੀਨਾਂ ਗਹਿਣੇ ਲਿਖਵਾ ਕੇ ਆਪਣੇ ਪੈਸੇ ਨੂੰ ਬੈਂਕਾਂ ਨਾਲੋਂ ਦੂਹਰੇ ਤੀਹਰੇ ਵਿਆਜ 'ਤੇ ਕਿਸਾਨਾਂ ਦੇ ਘਰਾਂ ਤੱਕ ਅੱਪੜ ਦਾ ਕਰ ਦਿੱਤਾ। ਆੜ੍ਹਤੀਏ ਦੀ ਕੜਿੱਕੀ ਵਿੱਚ ਜ਼ਿਆਦਾ ਛੋਟਾ ਅਤੇ ਮੱਧਵਰਗੀ ਕਿਸਾਨ ਫਸਿਆ, ਕਿਉਂਕਿ ਜ਼ਮੀਨ ਥੋੜ੍ਹੀ ਹੋਣ ਕਰ ਕੇ ਬੈਂਕਾਂ ਨੇ ਉਨ੍ਹਾਂ ਨੂੰ ਕਰਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਇਹ ਛੋਟਾ ਕਿਸਾਨ, ਵੱਡਿਆਂ ਦੀ ਰੀਸ ਕਰਦਾ-ਕਰਦਾ ਆੜ੍ਹਤੀਏ ਤੇ ਬੈਂਕਾਂ ਦੇ ਚੱਕਰਵਿਊ ਵਿਚ ਐਸਾ ਫਸਿਆ ਕਿ ਇਸ ਵਿੱਚੋਂ ਨਿਕਲਣ ਦਾ ਖੁਦਕੁਸ਼ੀਆਂ ਦੇ ਸਿਵਾਏ ਹੋਰ ਕੋਈ ਰਾਹ ਹੀ ਨਾ ਰਿਹਾ। 55

ਭਾਰਤੀ ਕਿਸਾਨੀ ਦੀਆਂ ਲੋੜਾਂ ਦੀ ਪੂਰਤੀ ਲਈ ਘੱਟੋ-ਘੱਟ 10 ਤੋਂ 12 ਹਜਾਰ ਮਿਲੀਅਨ ਸਲਾਨਾ ਦੀ ਜ਼ਰੂਰਤ ਰਹੀ। ਪਰੰਤੂ 3500 ਮਿਲੀਅਨ ਤੋਂ ਵਧੇਰੇ ਦੀ ਵਿਵਸਥਾ ਨਹੀਂ ਕੀਤੀ ਗਈ। ਸੋ ਕਰਜ਼ੇ ਦੀਆਂ ਸਹੂਲਤਾਂ ਤੋਂ ਬਿਨਾਂ ਖੇਤੀ ਤਰੱਕੀ ਨਹੀਂ ਕਰ ਸਕਦੀ। ਹਰੀ ਕ੍ਰਾਂਤੀ ਨੇ ਦੇਸ਼ ਦੇ ਵੱਡੇ ਕਿਸਾਨਾਂ ਨੂੰ ਭਾਵੇਂ ਲਾਭ ਦਿੱਤਾ ਜਦਕਿ ਛੋਟੇ ਕਿਸਾਨ ਲਈ ਇਸ ਦੁਆਰਾ ਕੋਈ ਲਾਭਕਾਰੀ ਭੂਮਿਕਾ ਨਹੀਂ ਨਿਭਾਈ ਗਈ। ਵੂਲਫ ਲੈਂਡਜੀਨਸਕੀ 'Economic &Political weekly' ਮੈਗਜ਼ੀਨ ਦੇ ਚੌਥੇ ਐਡੀਸ਼ਨ (1969) ਵਿਚ 'The Green Revolution in Punjab, A Field Trip.' ਅਧੀਨ ਲਿਖਦੇ ਹਨ ਕਿ "ਨਵੀਆਂ ਤਕਨੀਕਾਂ ਦਾ ਅਸਲ ਫਾਇਦਾ 10 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ 20 ਪ੍ਰਤੀਸ਼ਤ ਕਿਸਾਨਾਂ ਨੂੰ ਹੀ ਹੋਇਆ ਹੈ।" ਰਾਜ ਦੁਆਰਾ ਖੇਤੀ ਉਤਪਾਦਨ ਪ੍ਰੋਗਰਾਮਾਂ ਨੂੰ ਕੀਮਤ ਸਮਰਥਨ ਅਤੇ ਪ੍ਰੋਤਸਾਹਨ ਪ੍ਰਦਾਨ ਕਰਨ ਵਾਲੀ ਢੁਕਵੀਂ ਖੇਤੀ ਮੁੱਲ ਨੀਤੀ ਨਾ ਮਿਲ ਸਕੀ। ਯੋਜਨਾਕਾਰਾਂ ਵੱਲੋਂ ਕਿਸਾਨਾਂ ਦੇ ਮਨੋਬਲ ਕਾਇਮ ਰੱਖਣ ਲਈ ਵੀ ਕੋਈ ਠੋਸ ਉਪਾਅ ਨਹੀਂ ਕੀਤੇ ਗਏ। ਰਾਜ ਦੁਆਰਾ ਕੀਤਾ ਜਾਣ ਵਾਲਾ ਭੂਮੀ ਸੁਧਾਰ ਕਾਰਜ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ ਗਿਆ। ਜੋ ਵੀ ਲਾਗੂ ਕੀਤੇ ਗਏ, ਉਹਨਾਂ ਵਿਚ ਬਹੁਤ ਦੇਰੀ ਹੋਈ ਹੈ।

ਸੋ ਸਮੁੱਚੇ ਵਿਸ਼ਲੇਸ਼ਣ ਤੋਂ ਬਾਅਦ ਇਹ ਗੱਲ ਸਹਿਜੇ ਹੀ ਸਾਹਮਣੇ ਨਿਕਲ ਕੇ ਆਉਂਦੀ ਹੈ ਕਿ ਹਰੀ ਕ੍ਰਾਂਤੀ ਦਾ ਆਗਮਨ ਜਿੰਨੇ ਜੋਰ-ਸ਼ੋਰ ਨਾਲ ਕੀਤਾ ਗਿਆ ਸੀ, ਇਸ ਦਾ ਉਨ੍ਹਾਂ ਲਾਭਕਾਰੀ ਪ੍ਰਭਾਵ ਸਦੀਆਂ ਤੱਕ ਵੇਖਣ ਨੂੰ ਨਹੀਂ ਮਿਲਿਆ। ਪ੍ਰਧਾਨ ਮੰਤਰੀ ਨਹਿਰੂ ਤੋਂ ਲੈ ਕੇ ਲਾਲ ਬਾਹਾਦੁਰ ਸ਼ਾਸਤਰੀ ਤੱਕ ਦੇ ਕਾਰਜਕਾਲ ਦੌਰਾਨ ਵਿਦੇਸ਼ੀ ਤਾਕਤਾਂ ਤੋਂ ਅਜਿਹੀ ਕੋਈ ਮੱਦਦ ਖੇਤੀ ਸੈਕਟਰ ਵਿਚ ਲੈਣ ਤੋਂ ਗੁਰੇਜ਼ ਕੀਤਾ ਗਿਆ ਪਰੰਤੂ ਉਨ੍ਹਾਂ ਤੋਂ

ਬਾਅਦ ਦੀਆਂ ਸਰਕਾਰਾਂ ਵੱਲੋਂ ਇਸ ਨੂੰ ਅਪਣਾ ਲਿਆ ਗਿਆ ਸਗੋਂ ਪੰਜਾਬ ਹਰਿਆਣਾ ਵਰਗੇ ਇਲਾਕਿਆਂ ਨੂੰ ਇਸ ਦੀ ਪਹਿਲੀ ਪ੍ਰਯੋਗਸ਼ਾਲਾ ਬਣਾਇਆ ਗਿਆ। ਹਰੀ ਕ੍ਰਾਂਤੀ ਦੇ ਬੁਰੇ ਪ੍ਰਭਾਵ ਇਸ ਕ੍ਰਾਂਤੀ ਦੇ ਸਫਲਤਾਪੂਰਵਕ ਲਾਗੂ ਹੋਣ ਤੋਂ ਤਿੰਨ ਕੁ ਦਹਾਕੇ ਵਿਚ ਹੀ ਦਿਖਣ ਲੱਗ ਪਏ ਸਨ। ਹਰੀ ਕ੍ਰਾਂਤੀ ਦੇ ਨਾਲ ਆਏ ਮਸ਼ੀਨੀਕਰਨ, ਕੀਟਨਾਸ਼ਕ, ਰੇਹਾਂ, ਸਪਰੇਹਾਂ, ਨਦੀਨਨਾਸ਼ਕ, ਨਵੇਂ ਹਾਈਬ੍ਰਿਡ ਬੀਜਾਂ ਨੇ ਕਿਸਾਨੀ ਸਮਾਜ ਅੰਦਰ ਕਰਜ਼ ਦਾ ਪ੍ਰੱਚਲਣ ਵਧਾ ਦਿੱਤਾ। ਇਨ੍ਹਾਂ ਮਸ਼ੀਨਾਂ, ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਨੂੰ ਵਧੇਰੇ ਝਾੜ ਦੀ ਪ੍ਰਾਪਤੀ ਲਈ ਇਕ ਮੰਤਰ ਵਜੋਂ ਪੇਸ਼ ਕੀਤਾ ਗਿਆ ਜਿਸ ਦੇ ਦੂਰ ਭਵਿੱਖ ਵਿਚ ਨਿਕਲਣ ਵਾਲੇ ਸਿੱਟਿਆਂ ਨੂੰ ਅੱਖੋਂ ਪਰੋਖੇ ਰੱਖਿਆ ਗਿਆ।

ਇਸ ਹਰੀ ਕ੍ਰਾਂਤੀ ਨੇ ਪੇਂਡੂ ਜੀਵਨ ਸ਼ੈਲੀ ਵਿਚ ਬਾਜ਼ਾਰਵਾਦ ਦਾ ਅਜਿਹਾ ਬੀਜ ਪਾ ਦਿੱਤਾ ਜਿਸ ਦੇ ਫਲਸਰੂਪ ਅਜੋਕੇ ਸਮੇਂ ਤੱਕ ਅੱਪੜ ਦਿਆ ਕਿਸਾਨੀ ਜੀਵਨ ਲਗਭਗ ਪੂਰੀ ਤਰ੍ਹਾਂ ਨਾਲ ਸੰਕਟ ਦਾ ਸ਼ਿਕਾਰ ਹੋ ਗਿਆ। ਆਰਥਿਕ ਬੋਝ ਤੇ ਸਭਿਆਚਾਰਕ ਸੰਕਟ ਦੇ ਨਾਲ-ਨਾਲ ਵਾਤਾਵਰਣ ਨੂੰ ਗੰਭੀਰ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਅੱਜ ਦੇ ਸਮੇਂ ਲਈ ਇਕ ਵੱਡੀ ਰਾਜਸੀ ਚੁਣੌਤੀ ਬਣ ਚੁੱਕਾ ਹੈ। ਪੰਜਾਬ ਤੇ ਇਸ ਦੇ ਨਾਲ ਲੱਗਦੇ ਸੂਬਿਆਂ ਵਿਚ ਮਿੱਟੀ, ਪਾਣੀ ਤੇ ਹਵਾ ਦੇ ਦੂਸ਼ਿਤ ਹੋਣ ਨਾਲ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਉੱਥਾਨ ਹੋਇਆ ਹੈ ਤੇ ਇਸ ਦਾ ਸਭ ਤੋਂ ਵੱਧ ਪ੍ਰਭਾਵ ਖੇਤੀ ਕਰਨ ਵਾਲੇ ਪਰਿਵਾਰਾਂ ਤੇ ਪਿਆ ਹੈ। ਕਿਸਾਨ ਆਤਮ-ਹੱਤਿਆਵਾਂ ਵਿਚ ਵੀ ਇਸ ਬਹੁਤੀ ਵਾਰ ਸਪਰੇਹਾਂ ਤੇ ਹੋਰ ਜ਼ਹਿਰੀਲੀਆਂ ਦਵਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਬੈਂਕਾਂ, ਸ਼ਾਹੂਕਾਰਾਂ, ਆੜ੍ਹਤੀਏ ਆਦਿ ਦੇ ਜਾਲ ਵਿਚੋਂ ਨਿਕਲਣ ਦਾ ਹੀਆ ਹੀ ਨਹੀਂ ਕਰ ਪਾਉਂਦਾ। ਸੋ ਹਰੀ ਕ੍ਰਾਂਤੀ ਨੇ ਭਾਵੇਂ ਦੇਸ਼ ਦੀ ਭੁੱਖ ਮਿਟਾਉਣ ਵਿਚ ਕੋਈ ਕਸਰ ਨਹੀਂ ਛੱਡੀ ਤੇ ਉਸ ਦੌਰ ਵਿਚ ਵਧੇਰੇ ਪੈਦਾਵਾਰ ਦੇ ਕੇ ਕਿਸਾਨਾਂ ਨੂੰ ਆਰਥਿਕ ਤੌਰ ਤੇ ਕੁੱਝ ਰਾਹਤ ਪਹੁੰਚਾਈ ਪਰੰਤੂ ਇਸ ਦੇ ਕਿਸਾਨੀ ਜੀਵਨ ਤੇ ਪਏ ਬੁਰੇ ਪ੍ਰਭਾਵਾਂ ਨੂੰ ਵੀ ਅਣਗੌਲਿਆ ਨਹੀਂ ਜਾ ਸਕਦਾ। ਇਨ੍ਹਾਂ ਦੁਸ਼-ਪ੍ਰਭਾਵਾਂ ਕਾਰਨ ਕਿਸਾਨੀ ਜੀਵਨ ਵਿਚ ਨਵੀਆਂ ਚੁਣੌਤੀਆਂ ਵੀ ਸਾਹਮਣੇ ਆਈਆਂ ਹਨ ਜਿਨ੍ਹਾਂ ਦਾ ਮੁਕਾਬਲਾ ਕਰਨਾ ਨਿਮਨ ਤੇ ਮੱਧ ਵਰਗੀ ਕਿਸਾਨਾਂ ਲਈ ਬਹੁਤ ਮੁਸ਼ਕਿਲ ਹੈ।

### 4.2.3 ਸਮਕਾਲੀ ਪੰਜਾਬੀ ਕਵਿਤਾ: ਵਿਸ਼ਵੀਕਰਨ ਤੋਂ ਸਮਕਾਲ ਤੱਕ ਦਾ ਕਿਸਾਨੀ ਸੰਕਟ

1991 ਈ. ਤੋਂ ਭਾਰਤ ਵਿਚ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਈਆਂ। 1995 ਈ. ਵਿਚ ਭਾਰਤ ਵਿਸ਼ਵ ਵਪਾਰ ਸੰਗਠਨ ਦਾ ਮੈਂਬਰ ਬਣ ਗਿਆ। ਸੰਸਾਰ ਬੈਂਕ ਦੇ 1991 ਦੇ ਦਸਤਾਵੇਜ਼ 'ਭਾਰਤ: ਦੇਸ਼ ਦਾ ਆਰਥਿਕ ਮੈਮੋਰੰਡਮ -ਭਾਗ 2" ਅੰਦਰ ਸਪੱਸ਼ਟ ਤੌਰ ਤੇ ਇਹ ਕਿਹਾ ਗਿਆ ਹੈ ਕਿ FCI ਨੂੰ ਅਨਾਜ ਦੀ ਖਰੀਦ, ਢੋਆ-ਢੁਆਈ ਤੇ ਸੰਭਾਲ ਅੰਦਰ ਆਪਣਾ ਸਿੱਧਾ ਰੋਲ ਘਟਾ ਕੇ ਲਾਇਸੈਂਸਸ਼ੁਦਾ ਏਜੰਟਾਂ, ਥੋਕ ਵਪਾਰੀਆਂ ਜਾਂ ਕਿਸਾਨਾਂ ਨੂੰ ਆਪ ਇਸ ਕੰਮ ਨੂੰ ਸੰਭਾਲ ਲੈਣਾ ਚਾਹੀਦਾ ਹੈ। ਅਸਲ ਵਿਚ ਇਹ ਘਟਨਾਵਾਂ ਅਮਰੀਕੀ ਸਾਮਰਾਜੀ ਹਿੱਤਾਂ ਦੀਆਂ ਪੂਰਕ ਹਨ। ਭਾਂਵੇ ਪੰਜਾਬ ਸਰਕਾਰ ਨੇ ਸਿੱਧੇ ਰੂਪ ਵਿਚ ਉਦਾਰੀਕਰਨ, ਵਿਸ਼ਵੀਕਰਨ ਅਤੇ ਮੰਡੀਕਰਨ ਦੀਆਂ ਨੀਤੀਆਂ ਨੂੰ ਨਾ ਅਪਣਾਇਆ ਪਰੰਤੂ ਪੰਜਾਬ ਸਰਕਾਰ ਮੂਲ ਰੂਪ ਵਿਚ ਕੇਂਦਰ ਸਰਕਾਰ ਦੇ ਪ੍ਰਭਾਵ ਅਧੀਨ ਹੀ ਪ੍ਰਸ਼ਾਸਨਿਕ ਕਾਰਜ ਕਰਦੀ ਹੈ। ਇਨ੍ਹਾਂ ਆਰਥਿਕ ਨੀਤੀਆਂ ਨੂੰ ਅਪਣਾਉਣ ਨਾਲ ਨਿੱਜੀਕਰਨ ਦਾ ਪ੍ਰਭਾਵ ਵਧਿਆ ਤੇ ਦੇਸ਼ ਤੇ ਵਿਦੇਸ਼ ਦੇ ਸਰਮਾਏਦਾਰਾਂ ਨੇ ਦੇਸ਼ ਅੰਦਰ ਆਪਣੀਆਂ ਫੈਕਟਰੀਆਂ, ਕਾਰਖਾਨਿਆਂ ਅਤੇ ਹੋਰ ਵਪਾਰਕ ਗਤੀਵਿਧੀਆਂ ਲਈ ਜ਼ਮੀਨਾਂ ਦੀ ਖਰੀਦ ਫਰੋਕਤ ਸ਼ੁਰੂ ਕੀਤੀ। ਜ਼ਮੀਨਾਂ ਦੀ ਇਸ ਖਰੀਦ ਵੇਲੇ ਕਿਸਾਨਾਂ ਨਾਲ ਕੀਤੀਆਂ ਧੱਕੇਸ਼ਾਹੀਆਂ ਅਤੇ ਸਰਕਾਰਾਂ ਦੇ ਇਸ ਪ੍ਰਤੀ ਰਵੱਈਏ ਨੇ ਕਿਸਾਨੀ ਨੂੰ ਵੱਡੀ ਢਾਅ ਲਗਾਈ ਹੈ। ਇਸ ਸੰਕਟਗ੍ਰਸਤ ਪਰਸਥਿਤੀ ਨੂੰ ਅਰਤਿੰਦਰ ਸੰਧੂ ਅਤੇ ਡਾ. ਮੋਹਨ ਤਿਆਗੀ ਦੀ ਸੰਪਾਦਿਤ ਪੁਸਤਕ '***ਮਿੱਟੀ ਦੇ ਵਣਜਾਰੇ***' ਵਿਚ ਲੇਖਿਕਾ ਅਰਵਿੰਦਰ ਕਾਕੜਾ ਆਪਣੀ ਰਚਨਾ ਬਾਪੂ ਆਖੇ ਪੁੱਤ ਨੂੰ ਵਿਚ ਇਸ ਤਰਾਂ ਪੇਸ਼ ਕਰਦੀ ਹੈ:

ਖੋਹਣ ਨੂੰ ਜ਼ਮੀਨ ਸਾਡੀ ਹੋ ਰਹੀ ਮਾਰੋ ਮਾਰ ਏ।

ਭਗਵੇਂ ਚਿੱਟੇ ਨੀਲੇ 'ਤੇ ਨਾ ਰਿਹਾ ਇਤਬਾਰ ਏ।

ਅਮਰੀਕਾ ਨਾਲ ਪਾਲਦੇ ਇਹ ਡੂੰਘੀਆਂ ਯਾਰੀਆਂ।

ਬਾਪੂ ਆਖੇ ਪੁੱਤ ਨੂੰ ਹੁਣ ਕੱਸ ਲਓ ਤਿਆਰੀਆਂ। 102

ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦਾ ਵਿਆਪਕ ਪ੍ਰਭਾਵ ਪੰਜਾਬ ਦੀ ਕਿਸਾਨੀ ਉੱਪਰ ਪਿਆ। ਨਵੀਂ ਆਰਥਿਕ ਨੀਤੀਆਂ ਨੇ ਇਨ੍ਹਾਂ (ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ) ਨਾਵਾਂ ਅਧੀਨ ਪੰਜਾਬ ਉੱਪਰ ਸਾਮਰਾਜੀ ਜਕੜ ਨੂੰ ਮਜ਼ਬੂਤ ਕੀਤਾ। ਅਸਲ ਵਿਚ ਜੇਕਰ ਗੌਰ ਨਾਲ ਪੜਤਾਲਿਆ ਜਾਵੇ ਤਾਂ ਕੁੱਝ ਹੱਦ ਤੱਕ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਕਿਸਾਨੀ ਸੰਕਟ ਨੂੰ ਗਹਿਰਾ ਕਰਨ ਵਿਚ ਸਰਕਾਰੀ ਨੀਤੀਆਂ ਦੀ ਭੂਮਿਕਾ ਅਹਿਮ ਹੈ। ਜਿਵੇਂ ਕਿਸਾਨਾਂ ਨੂੰ ਰਵਾਇਤੀ ਫਸਲੀ ਬੀਜ ਬੀਜਣ ਦੀ ਥਾਂ ਕਾਰਪੋਰੇਟ ਬੀਜਾਂ ਦੀ ਵਰਤੋਂ ਕਰਨ ਲਈ ਕਿਹਾ ਜਾਂਦਾ ਹੈ। ਇਸੇ ਲੜੀ ਤਹਿਤ ਕਿਸਾਨਾਂ ਨੂੰ ਵਧੇਰੇ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਪੈਂਦੀ ਹੈ ਤੇ ਬਹੁਤੀ ਵਾਰ ਇਹ ਬੀਜ ਨਿਰਵੰਸ਼ ਹੁੰਦੇ ਹਨ ਤੇ ਆਏ ਸਾਲ ਕਿਸਾਨਾਂ ਨੂੰ ਨਵੇਂ ਮਹਿੰਗੇ ਬੀਜਾਂ ਲਈ ਸਰਕਾਰ ਜਾਂ ਕਾਰਪੋਰੇਟਾਂ ਦੇ ਮੂੰਹ ਵੱਲ ਦੇਖਣਾ ਪੈਂਦਾ ਹੈ। ਇਨ੍ਹਾਂ ਹੀ ਨਹੀਂ ਸਗੋਂ ਬਹੁਤ ਤੇਜ਼ੀ ਨਾਲ ਇਨ੍ਹਾਂ ਖਾਦਾਂ, ਕੀਟਨਾਸ਼ਕਾਂ ਦੇ ਭਾਅ ਵਧਾਏ ਗਏ ਕਿ ਕਿਸਾਨ ਦੋਹਰੀ ਮਾਰ ਝੱਲ ਰਹੇ ਹਨ। ਕਵੀ ਜਗਜੀਤ ਸਿੰਘ ਲੱਡਾ ਆਪਣੀ ਪੁਸਤਕ '***ਜਨ ਅੰਦੋਲਨ***' ਵਿਚ ਕਵਿਤਾ ਮਹਿੰਗੀਆਂ ਖਾਦਾਂ ਸਿਰਲੇਖ ਹੇਠ ਲਿਖਦੇ ਹਨ:

> ਕੱਲੀ ਡੀ.ਏ.ਪੀ. ਹੀ ਨਹੀਂ ਹਰ ਖਾਦ ਮਹਿੰਗੀ ਕੀਤੀ,
>
> ਜਾਣੀਏ ਕਿਸਾਨਾਂ ਪ੍ਰਤੀ ਤੇਰੀ ਠੀਕ ਨਹੀਂਓ ਹੈ ਨੀਤੀ,
>
> ਦੇਖੀ 'ਲੱਡੇ' ਵਰਗੇ ਸਾਡੀ ਜਿੱਤ ਦੇ ਲਿਖਣਗੇ ਵਰਕੇ,
>
> ਏਦਾਂ ਦਿੱਲੀਓਂ ਉੱਠਣ ਵਾਲੇ ਨਹੀਂ ਅਸੀਂ ਤੈਥੋਂ ਡਰਕੇ। 94

ਭਾਸਕਰ ਉਪੇਤੀ ਨਾਮਕ ਪੱਤਰਕਾਰ ਨੇ 'ਪੀਪਲ ਆਰਕਾਈਵ ਆਫ਼ ਰੂਰਲ ਇੰਡੀਆ' ਪੋਰਟਲ ਦੇ ਸੰਚਾਲਕ ਪ੍ਰਸਿੱਧ ਪੱਤਰਕਾਰ ਪੀ. ਸਾਈ ਨਾਥ ਨਾਲ ਖੇਤੀ ਸੰਕਟ ਦੇ ਵਿਸ਼ੇ ਤੇ ਇਕ ਮੁਲਾਕਾਤ ਕੀਤੀ। ਪੀ. ਸਾਈ ਨਾਥ ਨੇ ਅਖਬਾਰਾਂ ਵਿਚ ਕਿਸਾਨੀ ਆਤਮ ਹੱਤਿਆਵਾਂ ਬਾਰੇ ਇਕ ਲੰਬੀ ਲੜੀ ਚਲਾਈ ਸੀ ਤੇ ਨੀਤੀ ਘਾੜਿਆ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਇਸ ਮੁਲਾਕਾਤ ਨੂੰ ਪਰਮਜੀਤ ਢੀਂਗਰਾ ਨੇ ਪੰਜਾਬੀ ਅਨੁਵਾਦ ਕਰ ਕੇ 'ਕਿਸਾਨਾਂ ਦੇ ਖਿਲਾਫ਼ ਇਤਿਹਾਸ ਦਾ ਸਭ ਤੋਂ ਵੱਡਾ ਯੁੱਧ ਚੱਲ ਰਿਹੈ' ਸਿਰਲੇਖ ਅਧੀਨ ਡਾ ਮੁਲਾਕਾਤ ਦੇ ਇਕ ਸਵਾਲ ਦਾ ਜਵਾਬ ਦਿੰਦਿਆਂ ਪੀ. ਸਾਈ ਨਾਥ ਆਖਦੇ ਹਨ:

ਐੱਮ.ਐੱਸ. ਪੀ. (ਘੱਟੋ-ਘੱਟ ਲਾਗਤ ਮੁੱਲ) 'ਤੇ ਪੂਰੀ ਤਰ੍ਹਾਂ ਵਾਅਦਾ-ਖਿਲਾਫੀ ਹੋਈ ਹੈ। ਸਵਾਮੀਨਾਥਨ ਦੀ ਪਹਿਲੀ ਸਿਫਾਰਿਸ਼ ਹੀ ਇਹੀ ਹੈ। ਕਿਸਾਨ ਦੀ ਲਾਗਤ ਵਧੀ ਹੈ। ਖਾਦਾਂ, ਬੀਜਾਂ, ਕੀਟਨਾਸ਼ਕਾਂ ਦੀਆਂ ਕੀਮਤਾਂ ਕਿਤੇ ਵੱਧ ਗਈਆਂ ਹਨ। ਡੀ ਏ ਪੀ. ਖਾਦ ਦਾ ਬੋਰਾ 1991 ਵਿਚ 120 ਰੁਪਏ ਨੂੰ ਮਿਲਦਾ ਸੀ, ਅੱਜ ਸੁਣਿਆ ਹੈ 1200-1300 ਦਾ ਹੋ ਗਿਐ। (***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ-ਖੇਤੀ ਸੰਕਟ ਤੇ ਖੇਤੀ ਕਾਨੂੰਨ*** 142)

ਸਰਕਾਰ ਜਾਂ ਰਾਜਨੀਤਕ ਦਲ ਵਿਧਾਨ ਸਭਾਵਾਂ ਜਾਂ ਦੇਸ਼ ਦੀ ਪਾਰਲੀਮੈਂਟ ਵਿਚ ਅਜਿਹੇ ਗੰਭੀਰ ਵਿਸ਼ਿਆਂ ਉੱਪਰ ਵਧੇਰੇ ਚਰਚਾ ਨਹੀਂ ਕਰਵਾਉਂਦੇ। ਇਸ ਦੇ ਉਲਟ ਰਾਜਨੀਤਕ ਲਾਭ ਲਈ ਕੁੱਝ ਪਲ ਲਈ ਇਨ੍ਹਾਂ ਨੂੰ ਮੁੱਦਾ ਬਣਾਇਆ ਜਾਂਦਾ ਹੈ। ਦੇਸ਼ ਵਿਚ ਤੇ ਵਿਸ਼ੇਸ਼ਕਰ ਪੰਜਾਬ ਵਿਚ ਮਸ਼ੀਨੀਕਰਨ ਅਤੇ ਆਧੁਨਿਕੀਕਰਨ ਬਹੁਤ ਤੇਜ਼ੀ ਨਾਲ ਵਧਿਆ ਹੈ। ਜਿਸ ਦੇ ਫਲਸਰੂਪ ਖੇਤੀਬਾੜੀ ਵਿਚ ਬਹੁਕੌਮੀ ਕੰਪਨੀਆਂ ਦਾ ਆਗਮਨ ਹੋਰ ਵੀ ਵਧਿਆ। ਨਤੀਜੇ ਵਜੋਂ ਦੇਸ਼ ਵਿਚ ਖੇਤੀਬਾੜੀ ਸਰਮਾਏਦਾਰ ਨਿੱਜੀ ਹੱਥਾਂ ਵੱਲ ਵਧੀ ਤੇ ਕਿਸਾਨੀ ਦੀ ਲੁੱਟ ਦਾ ਰਾਹ ਪੱਧਰਾ ਹੋਇਆ ਹੈ। ਇਨ੍ਹਾਂ ਪਰਸਥਿਤੀਆਂ ਦੀ ਦੋਸ਼ੀ ਸਰਕਾਰ ਨੂੰ ਮੰਨਿਆ ਜਾਣਾ ਚਾਹੀਦਾ ਹੈ ਜਿਸ ਨੇ ਦੇਸ਼ ਅੰਦਰ ਪੂੰਜੀਵਾਦੀ ਕਾਰਪੋਰੇਟ ਮਾਡਲਾਂ ਨੂੰ ਪ੍ਰਫੁੱਲਤ ਕੀਤਾ ਹੈ। ਸਰਕਾਰ ਦੁਆਰਾ ਨਿਰੰਤਰ ਕਾਰਪੋਰੇਟ ਖੇਤੀ ਦੀ ਕੀਤੀ ਜਾ ਰਹੀ ਵਕਾਲਤ ਨੇ ਦੇਸ਼ ਅੰਦਰ ਬੇਰੁਜ਼ਗਾਰੀ ਨੂੰ ਵਧਾਇਆ ਹੈ।

1996-97 ਵਿਚ ਅੱਠਵੀਂ ਯੋਜਨਾ ਦੇ ਪਹਿਲੇ ਦੋ ਸਾਲਾਂ ਦੌਰਾਨ ਅਨਾਜ ਅਤੇ ਰੇਸ਼ੇਦਾਰ ਫਸਲਾਂ ਦੋਵਾਂ ਦੇ ਸੰਬੰਧ ਵਿਚ ਖੇਤੀਬਾੜੀ ਖੇਤਰ ਵਿਚ ਲਗਭਗ ਖੜੋਤ ਦਰਜ ਕੀਤੀ ਗਈ ਹੈ। ਸੰਨ 2000 ਵਿਚ ਨੈਸ਼ਨਲ ਐਗਰੀਕਲਚਰਲ ਪਾਲਿਸੀ ਬਣਾਈ ਗਈ। ਜਿਸ ਦੇ ਅੰਤਰਗਤ 2001-02 ਵਿਚ ਗ੍ਰਾਮੀਣ ਭੰਡਾਰਣ ਯੋਜਨਾ ਵੀ ਸ਼ੁਰੂ ਕੀਤੀ ਗਈ। ਇਸੇ ਹੀ ਤਰ੍ਹਾਂ ਐੱਫ. ਡੀ. ਆਈ. ਵਿਦੇਸ਼ ਨੀਤੀ ਨੇ ਵੀ ਭਾਰਤੀ ਕਿਸਾਨੀ ਨੂੰ ਸੱਟ ਮਾਰਨ ਦਾ ਕੰਮ ਕੀਤਾ ਹੈ। ਕਿਸਾਨਾਂ ਕੋਲੋਂ ਆੜਤੀਏ ਦੀ ਬਜਾਇ ਸਿੱਧੀ ਖਰੀਦ ਕਰਨਾ ਇਸ ਦਾ ਮੰਤਵ ਸੀ ਪਰੰਤੂ ਅਮਲੀ ਰੂਪ ਵਿਚ ਇਹ ਨੀਤੀ ਵੀ ਵੱਡੀਆਂ ਪੂੰਜੀਪਤੀ ਕੰਪਨੀਆਂ ਦੇ ਹੱਕ ਵਿਚ ਹੀ ਭੁਗਤੀ। ਨਿਰੰਤਰ ਵੱਡੇ ਪੂੰਜੀਪਤੀਆਂ ਦੇ ਹੱਕ ਵਿਚ ਭੁਗਤ ਕੇ ਸਰਕਾਰਾਂ ਇਨ੍ਹਾਂ ਵੱਡੇ ਘਰਾਣਿਆਂ ਦੇ ਹੱਥਾਂ ਦੀ ਕੱਠਪੁਤਲੀ ਬਣ ਚੁੱਕੀਆਂ

ਪ੍ਰਤੀਤ ਹੁੰਦੀਆਂ ਹਨ। ਰਜਿੰਦਰ ਸਿੰਘ ਰਾਜਨ ਦੁਆਰਾ ਸੰਪਾਦਿਤ ਕਾਵਿ ਸੰਗ੍ਰਹਿ '***ਖੇਤਾਂ ਦੇ ਪੁੱਤ ਜਾਗ ਪਏ***' ਵਿਚ ਕਵੀ ਕੁਲਵੰਤ ਸਿੰਘ ਆਪਣੀ ਰਚਨਾ ਸਿੱਟਾ ਭੁਗਤਣਾ ਪੈਣਾ ਵਿਚ ਲਿਖਦੇ ਹਨ:

ਪੂੰਜੀਪਤੀਆਂ ਦਾ ਮੋਹਰਾ ਸਰਕਾਰ ਬਣ ਗਈ,

ਦੇਸ਼ ਦੇ ਲੋਕਾਂ ਅੱਗੇ ਹੰਕਾਰ ਨਾਲ ਤਣ ਗਈ,

ਇਕ ਦਿਨ ਜਨਮਤ ਅੱਗੇ ਇਹਨੂੰ ਝੁੱਕਣਾ ਪੈਣਾ ਏ

ਮਾੜੇ ਕੰਮ ਦਾ ਮਾੜਾ ਸਿੱਟਾ ਭੁਗਤਣਾ ਪੈਣਾ ਏ। 56

ਸਰਕਾਰ ਦੁਆਰਾ ਵੱਖ-ਵੱਖ ਸਮਿਆਂ ਤੇ ਕਈ ਅਜਿਹੀਆਂ ਯੋਜਨਾਵਾਂ ਜਾਂ ਐਲਾਨ ਕੀਤੇ ਗਏ ਜਿਨ੍ਹਾਂ ਵਿਚ ਫਸਲਾਂ ਤੇ ਮੁਆਵਜੇ, ਬੋਨਸ, ਸਬਸਿਡੀਆਂ ਤੇ ਕਰਜ਼ੇ ਮਾਫੀ ਆਦਿ ਸ਼ਾਮਿਲ ਹਨ ਪਰੰਤੂ ਇਹਨਾਂ ਵਿੱਚੋਂ ਬਹੁਤੇ ਐਲਾਨ ਕੇਵਲ ਐਲਾਨ ਹੀ ਰਹਿ ਗਏ ਤੇ ਅਜੇ ਤੱਕ ਲਾਗੂ ਨਾ ਹੋ ਸਕੇ ਤੇ ਜੇਕਰ ਕੁੱਝ ਲਾਗੂ ਹੋਏ ਵੀ ਤਾਂ ਕੇਵਲ ਨਾ-ਮਾਤਰ। ਜਿਸ ਦੀ ਉਦਾਹਰਨ ਇਹ ਹੈ ਕਿ ਮੁਆਵਜੇ ਦੇ ਨਾਂ ਤੇ ਕਿਸਾਨਾਂ ਨੂੰ 11 ਰੁਪਏ ਦੇ ਚੈੱਕ ਵੀ ਦਿੱਤੇ ਗਏ। ਪ੍ਰੋ. ਐਮ.ਐਸ. ਸਵਾਮੀਨਾਥਨ ਦੀ ਅਗਵਾਈ ਵਿਚ ਬਣਾਈ ਕਮੇਟੀ ਨੇ ਆਪਣੀ ਰਿਪੋਰਟ 2006 ਵਿਚ ਕੇਂਦਰ ਸਰਕਾਰ ਨੂੰ ਸੌਂਪ ਦਿੱਤੀ। ਪ੍ਰੰਤੂ ਅਫਸੋਸ ਕਿ ਪੂੰਜੀਪਤੀਆਂ ਦੇ ਸਰਕਾਰ ਉੱਪਰ ਦਬਾਵ ਇੰਨਾ ਜਿਆਦਾ ਹੈ ਕਿ ਇਸ ਰਿਪੋਰਟ ਦੀਆਂ ਸਿਫਾਰਿਸ਼ਾਂ ਨੂੰ ਪੂਰਨ ਰੂਪ ਵਿਚ ਅਜੇ ਤੱਕ ਲਾਗੂ ਨਹੀਂ ਕੀਤਾ ਜਾ ਸਕਿਆ। ਡਾ ਸੁਰਜੀਤ ਬਰਾੜ ਦੁਆਰਾ ਸੰਪਾਦਿਤ ਪੁਸਤਕ '***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨ-ਖੇਤੀ ਸੰਕਟ ਤੇ ਖੇਤੀ ਕਾਨੂੰਨ***' ਵਿਚ ਡਾ. ਸੁਖਪਾਲ ਸਿੰਘ ਲਿਖਦੇ ਹਨ:

> ਪੰਜਾਬ ਵਿਚ ਖੇਤੀ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ 1991 ਵਿੱਚ 11 ਲੱਖ 17 ਹਜ਼ਾਰ ਸੀ ਜੋ ਕਿ 2001 ਵਿਚ ਘਟ ਕੇ 9 ਲੱਖ 97 ਹਜ਼ਾਰ ਰਹਿ ਗਈ। ਸਪੱਸ਼ਟ ਹੈ ਕਿ ਲਗਭਗ 1 ਲੱਖ 20 ਹਜ਼ਾਰ ਪਰਿਵਾਰ ਖੇਤੀ ਵਿਚੋਂ ਬਾਹਰ ਹੋ ਗਏ। (***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨ-ਖੇਤੀ ਸੰਕਟ ਤੇ ਖੇਤੀ ਕਾਨੂੰਨ*** 24)

2001 ਤੋਂ 2011 ਦੌਰਾਨ ਕਿਸਾਨਾਂ ਦੀ ਗਿਣਤੀ ਵਿਚ ਲਗਭਗ 90 ਲੱਖ ਦੀ ਕਮੀ ਆਈ। ਕਿਸਾਨਾਂ ਦੀ ਗਿਣਤੀ ਇਸ ਦਹਾਕੇ ਵਿਚ 12.7 ਕਰੋੜ ਤੋਂ ਘੱਟ ਕੇ 11.8 ਕਰੋੜ ਰਹਿ ਗਈ। ਜੋ ਇਸ ਗੱਲ ਦੀ ਹਾਮੀ ਭਰਦੀ ਹੈ ਕਿ ਰਾਜਨੀਤੀ ਦੀ ਖੇਤੀ ਪ੍ਰਤੀ ਨੀਤੀ ਵਿਚ ਕਿੰਨੀ ਨੀਰਸਤਾ ਹੈ। ਇਸ ਤੋਂ ਇਲਾਵਾ ਕਿਸਾਨਾਂ ਦੀ ਇਸ ਗਿਣਤੀ ਵਿਚ ਵੀ 80-90% ਕਿਸਾਨ ਹਾਸ਼ੀਏ ਉੱਪਰ ਹਨ ਜੋ ਬਹੁਤ ਛੋਟੇ ਜਾਂ ਛੋਟੇ ਕਿਸਾਨ ਹਨ ਤੇ ਜਿਨ੍ਹਾਂ ਦੀ ਰੋਜੀ-ਰੋਟੀ ਦਾ ਮੁੱਖ ਆਧਾਰ ਖੇਤੀ ਨਹੀਂ, ਸਗੋਂ ਉਜਰਤੀ ਖੇਤੀ ਹੈ। ਇਸੇ ਹੀ ਤਰ੍ਹਾਂ ਖੁਰਾਕ ਸੁਰੱਖਿਆ ਕਾਨੂੰਨ 2013 ਦਾ ਲਾਭ ਵੀ ਪੰਜਾਬ ਵਿਚ ਲੋੜਵੰਦ ਕਿਸਾਨਾਂ ਤੇ ਮਜ਼ਦੂਰਾਂ ਤੱਕ ਨਾ ਪਹੁੰਚ ਸਕਿਆ। ਡਾ ਸੁਰਜੀਤ ਬਰਾੜ ਦੁਆਰਾ ਸੰਪਾਦਿਤ ਪੁਸਤਕ ***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨ-ਖੇਤੀ ਸੰਕਟ ਤੇ ਖੇਤੀ ਕਾਨੂੰਨ*** ਵਿਚ ਉਹ ਆਪ ਲਿਖਦੇ ਹਨ:

> ਸੰਸਦ ਦੇ ਮੌਨਸੂਨ ਸੈਸ਼ਨ ਵਿਚ ਸਰਕਾਰ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਖੇਤੀ ਵਿਚ 2007-2011 ਦੌਰਾਨ ਦਿਹਾੜੀ, ਪੈਟਰੋਲ, ਡੀਜ਼ਲ, ਬਿਜਲੀ, ਮਸ਼ੀਨਰੀ, ਖਾਦਾਂ, ਬੀਜਾਂ, ਕੀੜੇਮਾਰ ਦਵਾਈਆਂ ਦੀਆਂ ਕੀਮਤਾਂ ਵਿਚ ਵਾਧਾ ਹੋਣ ਕਾਰਨ ਲਾਗਤ ਖਰਚਿਆਂ ਵਿਚ ਨਾ ਸਹਿਣਯੋਗ ਵਾਧਾ ਹੋਇਆ ਹੈ। ਥੋਕ ਮੁੱਲ ਸੂਚੀ ਅਨੁਸਾਰ ਖਾਦਾਂ ਵਿਚ 15 ਤੋਂ 25 ਫੀਸਦੀ, ਬਿਜਲੀ ਵਿਚ 7.6 ਫੀਸਦੀ, ਡੀਜ਼ਲ ਵਿਚ 21 ਫੀਸਦੀ, ਲੁਬਰੀਕੈਂਟ ਵਿਚ 12.6 ਫੀਸਦੀ, ਕੀਟਨਾਸ਼ਕ ਦਵਾਈਆਂ ਵਿਚ 1.9 ਫੀਸਦੀ, ਟਰੈਕਟਰਾਂ ਦੀਆਂ ਕੀਮਤਾਂ ਵਿਚ 37 ਫੀਸਦੀ, ਗੈਰ ਬਿਜਲੀ ਮਸ਼ੀਨਰੀ 'ਚ 2.2 ਫੀਸਦੀ, ਪਸ਼ੂ ਖੁਰਾਕ 'ਚ 20.8 ਫੀਸਦੀ, ਬੀਜਾਂ ਵਿਚ 3 ਫੀਸਦੀ, ਦਿਹਾੜੀ ਵਿਚ 59 ਫੀਸਦੀ ਖਰਚੇ ਵਧੇ ਹਨ। 44

2014 ਵਿਚ ਬਣੀ ਨਵੀਂ ਭਾਜਪਾ ਸਰਕਾਰ ਨੇ ਐਫ.ਸੀ.ਆਈ. ਦੇ ਪੁਨਰਗਠਨ ਸੰਬੰਧੀ ਸ਼ਾਂਤਾ ਕੁਮਾਰ ਕਮੇਟੀ ਦਾ ਨਿਰਮਾਣ ਕੀਤਾ। ਇਸ ਕਮੇਟੀ ਨੇ ਕੁੱਝ ਸਰਮਾਏਦਾਰ ਕੰਪਨੀਆਂ ਜਿਵੇਂ ਅਡਾਨੀ ਲਾਜਿਸਟਿਕਸ, ਕਾਰਗਿਲ ਇੰਡੀਆ, ਯੈੱਸ ਬੈਂਕ ਵਰਗੀਆਂ ਫਰਮਾਂ ਨਾਲ ਮਸ਼ਵਰੇ ਤੋਂ ਬਾਅਦ ਪੰਜਾਬ ਅਤੇ ਹਰਿਆਣੇ ਵਰਗੇ ਰਾਜਾਂ ਵਿੱਚੋਂ ਸਰਕਾਰੀ ਖ਼ਰੀਦ ਖ਼ਤਮ ਕਰਨ ਦੀ ਤਜਵੀਜ਼ ਰੱਖੀ ਤੇ ਨਾਲ ਹੀ ਐਫ.ਸੀ.ਆਈ. ਦੇ ਰਾਖਵੇਂ ਭੰਡਾਰ ਘਟਾਉਣ ਦੀ ਵਕਾਲਤ ਕੀਤੀ। ਇਸ ਕਮੇਟੀ ਨੇ ਘੱਟੋ-ਘੱਟ ਸਮਰਥਨ ਮੁੱਲ ਉੱਤੇ ਦਿੱਤਾ ਜਾ ਰਿਹਾ

ਬੋਨਸ ਵੀ ਬੰਦ ਕਰਨ ਬਾਰੇ ਕਿਹਾ। ਬਾਕੀ ਰਹਿੰਦੀ ਕਸਰ ਮਾਰਚ 2015 'ਚ ਲਿਆਂਦੇ ਭੋਂ-ਪ੍ਰਾਪਤੀ ਕਾਨੂੰਨ ਨੇ ਕੱਢ ਦਿੱਤੀ। ਜਿਸ ਦੇ ਤਹਿਤ ਵੱਡੀਆਂ ਕੰਪਨੀਆਂ ਆਪਣੀ ਮਰਜ਼ੀ ਅਨੁਸਾਰ ਕੀਮਤ ਤੈਅ ਕਰ ਕੇ ਕਿਸਾਨਾਂ ਤੋਂ ਉਨ੍ਹਾਂ ਦੀਆਂ ਜਮੀਨਾਂ ਖਰੀਦ ਸਕਦੀਆਂ ਹਨ। 2016-17 ਦੇ ਬਜ਼ਟ ਵਿਚ ਕੇਂਦਰ ਸਰਕਾਰ ਨੇ ਖਾਦਾਂ ਤੇ 3000 ਕਰੋੜ ਦੀ ਸਬਸਿਡੀ ਘਟਾ ਦਿੱਤੀ ਹੈ, ਜਿਸ ਦਾ ਖਾਮਿਆਜ਼ਾ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਹਰਪ੍ਰੀਤ ਕੌਰ ਦੁੱਗਰੀ ਦੁਆਰਾ ਸੰਪਾਦਿਤ ਪੁਸਤਕ '***ਕਿਸਾਨ ਅੰਦੋਲਨ ਜੂਝਦੇ ਖੇਤਾਂ ਦੀ ਗਰਜ***' ਵਿਚ ਪ੍ਰੇਮ ਸਿੰਘ ਭੰਗੂ ਆਪਣੇ ਲੇਖ 'ਅਰਥਚਾਰੇ ਦੇ ਸੁਧਾਰ ਵਿੱਚ ਖੇਤੀਬਾੜੀ ਦੀ ਭੂਮਿਕਾ' ਵਿਚ ਸਰਕਾਰਾਂ ਦੇ ਕਿਸਾਨ ਵਿਰੋਧੀ ਤੇ ਕਾਰਪੋਰੇਟ ਹਿਤੈਸ਼ੀ ਹੋਣ ਬਾਰੇ ਲਿਖਦੇ ਹਨ: "ਹੋਰਨਾਂ ਖੇਤਰਾਂ ਦੀ ਤਰ੍ਹਾਂ ਸਰਕਾਰ 'ਖੇਤੀਬਾੜੀ ਸੁਧਾਰਾਂ' ਦੇ ਨਾਂ ਥੱਲੇ ਆਰਥਿਕਤਾ ਦੇ ਇਸ ਅਹਿਮ ਖੇਤਰ ਨੂੰ ਵੀ ਨਿੱਜੀਕਰਨ ਅਤੇ ਖੁੱਲ੍ਹੀ ਮੰਡੀ ਦੇ ਸੰਕਲਪ ਅਧੀਨ ਵੱਡੇ ਵਪਾਰੀਆਂ, ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟਾਂ ਦੇ ਹਵਾਲੇ ਕਰਨ ਉੱਤੇ ਤੁਲੀ ਹੋਈ ਹੈ।" 56

ਆਜ਼ਾਦੀ ਦੇ ਲਗਭਗ 75 ਸਾਲ ਬੀਤ ਜਾਣ ਦੇ ਬਾਵਜੂਦ ਵੀ ਖੇਤੀ ਪ੍ਰਧਾਨ ਦੇਸ਼ ਭਾਰਤ ਵਿਚ ਸਰਕਾਰ ਵੱਲੋਂ ਮੰਡੀਆਂ ਵਿੱਚ ਫਸਲਾਂ ਦੇ ਰੱਖ-ਰਖਾਵ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਕੀਤਾ ਗਿਆ ਹੈ। ਆਪਣੀ ਛੇ ਮਹੀਨੇ ਜਾਂ ਸਾਲ ਦੀ ਮਿਹਨਤ ਲੈ ਕੇ ਜਦੋਂ ਕਿਸਾਨ ਮੰਡੀ ਵਿੱਚ ਆਉਂਦਾ ਹੈ ਤਾਂ ਕਈ-ਕਈ ਦਿਨ ਉਸ ਨੂੰ ਉੱਥੇ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਹੀ ਨਹੀਂ ਸਗੋਂ ਕਈ ਵਾਰ ਉੱਥੇ ਬਾਰਿਸ਼ ਆਦਿ ਆਉਣ ਨਾਲ ਉਸ ਦੀ ਸਾਰੀ ਮਿਹਨਤ ਤੇ ਪਾਣੀ ਫਿਰ ਜਾਂਦਾ ਹੈ। ਅਜਿਹੀਆਂ ਪਰਸਥਿਤੀਆਂ ਹੀ ਕਿਸਾਨਾਂ ਨੂੰ ਆਤਮ-ਹੱਤਿਆਵਾਂ ਵੱਲ ਨੂੰ ਤੋਰਦੀਆਂ ਹਨ।

ਰਾਜ ਦੀ ਭੂਮਿਕਾ ਰਾਜ ਦੇ ਨਾਗਰਿਕਾਂ ਨੂੰ ਬਿਹਤਰ ਜੀਵਨ ਜਿਉਣ ਦਾ ਵਾਤਾਵਰਣ ਪ੍ਰਦਾਨ ਕਰਵਾਉਣਾ ਹੁੰਦਾ ਹੈ। ਪਰੰਤੂ ਸਰਕਾਰਾਂ ਕਿਸਾਨਾਂ ਨੂੰ ਉਨ੍ਹਾਂ ਦੀ ਫਸਲਾਂ ਦਾ ਉਚਿੱਤ ਮੁੱਲ ਨਹੀਂ ਦਿੰਦੀਆਂ ਤੇ ਕਿਸਾਨਾਂ ਦਾ ਆਰਥਿਕ ਸ਼ੋਸ਼ਣ ਕਰਦੀਆਂ ਹਨ। ਸਮਾਜ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਅਤੇ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਕਿਸਾਨ ਕਰਜ਼ਿਆਂ ਵੱਲ ਨੂੰ ਮੂੰਹ ਕਰਦਾ ਹੈ। ਫਿਰ ਇਹ ਹੀ ਕਰਜ਼ ਕਿਸਾਨਾਂ ਲਈ ਮਾਨਸਿਕ ਸੰਤਾਪ ਬਣ ਜਾਂਦਾ ਹੈ ਤੇ ਕਈ ਵਾਰ ਇਸਾ ਦਾ ਅੰਤ ਖੁਦਕੁਸ਼ੀਆਂ ਦੇ ਰੂਪ ਵਿਚ ਹੁੰਦਾ ਹੈ। ਕਿਸਾਨੀ ਦੁਆਰਾ ਭੋਗੇ ਜਾ

ਰਹੇ ਸੰਤਾਪ ਦੀ ਵਿਥਿਆ ਕਵੀ ਸੁਖਵਿੰਦਰ ਕੰਬੋਜ ਪੁਸਤਕ ***ਮਿੱਟੀ ਦੇ ਵਣਜਾਰੇ*** ਵਿਚ ਦਰਜ ਕਵਿਤਾ 'ਸੁੱਤਾ ਰਾਜਾ' ਦੇ ਮਾਧਿਅਮ ਰਾਹੀਂ ਇਸ ਤਰ੍ਹਾਂ ਬਿਆਨ ਕਰਦਾ ਹੈ:

ਫ਼ਸਲਾਂ ਦੇ ਭਾਅ

ਤਾਂ ਪਹਿਲਾਂ ਹੀ ਸੁੱਕ ਚੁੱਕੇ ਨੇ

ਜੇ ਨਹੀਂ ਸੁੱਕੇ

ਤਾਂ ਖਾਦ ਡੀਜ਼ਲ ਤੇ

ਕੀੜੇ ਮਾਰ ਦਵਾਈਆਂ ਦੇ ਭਾਅ

ਤੇ ਹਰ ਫ਼ਸਲ ਬਾਦ

ਅਸੀਂ ਹੀ ਕਿਉਂ

ਹੋਰ ਕਰਜ਼ਾਈ ਹੋ ਰਹੇ ਹਾਂ

ਸਾਡੀ ਹੀ ਧੀ ਕਿਉਂ ਹਰ ਵਾਰ ਜਰੇ

ਘਸਮੈਲੇ ਸੂਟ ਦੀ ਛਿਲਤ

ਸਾਡੇ ਹੀ ਘਰਾਂ 'ਚ ਕਿਉਂ ਨੱਚਦਾ ਹੈ

ਕਰਜ਼ੇ ਦਾ ਫਨੀਅਰ 60

ਇਸੇ ਤਰਾਂ ਭਾਰਤ ਅਤੇ ਪੰਜਾਬ ਦੀ ਰਾਜਨੀਤੀ ਵਿਚ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਸਤਲੁਜ-ਯਮੁਨਾ ਲਿੰਕ ਨਹਿਰ ਇਕ ਗੰਭੀਰ ਮਸਲਾ ਬਣਿਆ ਹੋਇਆ ਹੈ। ਪੰਜਾਬ ਸਰਕਾਰ, ਗੁਆਂਢੀ ਸੂਬੇ ਹਰਿਆਣੇ ਤੇ ਕੇਂਦਰ ਨਾਲ ਇਹ ਮੁੱਦਾ ਸੁਪਰੀਮ ਕੋਰਟ ਵਿਚ ਕਾਫੀ ਸਮੇਂ ਤੋਂ ਚੱਲ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਜਲਦ ਇਸ ਨਹਿਰ ਨੂੰ ਮੁਕੰਮਲ ਕਰਨ ਲਈ ਆਖਿਆ ਗਿਆ ਹੈ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ 2015 ਵਿਚ ਇਹ ਮੁੱਦਾ ਕਾਫੀ ਗਰਮਾਇਆ। ਸਰਕਾਰਾਂ ਇਸ ਮੁੱਦੇ ਤੇ ਆਪਣੀਆਂ ਸਿਆਸੀ ਰੋਟੀਆਂ ਸੇਕਦੀਆਂ

ਹਨ ਤੇ ਹਰ ਵਾਰ ਚੋਣਾਂ ਦੇ ਨੇੜੇ ਅਜਿਹੇ ਮੁੱਦੇ ਗਰਮ ਹੋ ਜਾਂਦੇ ਹਨ। ਪਰੰਤੂ ਵਿਚਾਰਣਯੋਗ ਗੱਲ ਇਹ ਵੀ ਹੈ ਕਿ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਪਹਿਲਾਂ ਹੀ ਬਹੁਤ ਨੀਵਾਂ ਹੋ ਚੁੱਕਿਆ ਹੈ। ਦੂਜਾ ਦਰਿਆਈ ਪਾਣੀ ਦੀ ਮਿਕਦਾਰ ਵੀ ਉੱਨੀ ਨਹੀਂ ਰਹੀ। ਅਜਿਹੇ ਵਿਚ ਇਸ ਦਾ ਸਭ ਤੋਂ ਵੱਧ ਬੁਰਾ ਪ੍ਰਭਾਵ ਪੰਜਾਬ ਦੀ ਖੇਤੀ ਉੱਪਰ ਪਵੇਗਾ। 2023 ਵਿਚ ਇਹ ਮੁੱਦਾ ਇਕ ਵਾਰ ਫਿਰ ਗਰਮਾਇਆ ਹੋਇਆ ਹੈ, ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਸ ਮਸਲੇ ਦਾ ਕੀ ਹੱਲ ਨਿਕਲਦਾ ਹੈ। ਕਵੀ ਸੁੱਖਵਿੰਦਰ ਸਿੰਘ ਬੋਦਲਾਂਵਾਲ ਆਪਣੀ ਪੁਸਤਕ '***ਹੂਕ ਪੰਜਾਬ ਦੀ***' ਵਿਚ ਪਾਣੀਆਂ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲੇ ਨੂੰ ਆਪਣੀ ਕਵਿਤਾ ਕੇਹੀ ਅਜ਼ਾਦੀ ਦੇ ਮਾਧਿਅਮ ਰਾਹੀਂ ਇਉਂ ਪੇਸ਼ ਕਰਦੇ ਹਨ:

ਕੁੱਝ ਲੰਘੀ ਹੈ ਧੱਕੇ ਖਾ ਖਾ ਮੰਡੀਆਂ ਵਿੱਚ।

ਕੁੱਝ ਲੀਡਰਾਂ ਦੇ ਲਾਰਿਆਂ ਨੇ ਖਪਾਈ ਹੈ॥

ਪਾਣੀਆਂ ਦੇ ਮਸਲੇ ਤਾਂ ਉਂਝ ਹੀ ਖੜੇ ਪਏ।

ਖ਼ਤਮ ਨਸ਼ਾ ਹਉ ਸੌਂਹ ਵੀ ਕਈਆਂ ਖਾਈ ਹੈ॥ 29

ਸਰਕਾਰ ਦੁਆਰਾ ਲਿਆਂਦੇ ਤਿੰਨ ਨਵੇਂ ਖੇਤੀ ਬਿੱਲ ਦੇ ਵਿਰੋਧ ਵੇਲੇ ਜਿਸ ਤਰਾਂ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਤੇ ਆਮ ਲੋਕਾਂ ਨੇ ਇੱਕਜੁਟਤਾ ਦਿਖਾਈ ਹੈ, ਉਸ ਨੇ ਇਹ ਸਾਬਿਤ ਕਰ ਦਿੱਤਾ ਕਿ ਪਾਣੀਆਂ ਦੇ ਇਹ ਮਸਲੇ ਨਿਰੋਲ ਰਾਜਨੀਤੀ ਤੋਂ ਪ੍ਰੇਰਿਤ ਹਨ ਤੇ ਆਮ ਲੋਕ ਤੇ ਕਿਸਾਨ ਇਨ੍ਹਾਂ ਮਸਲਿਆਂ ਤੋਂ ਉੱਪਰ ਉੱਠ ਕੇ ਇਕ ਦੂਜੇ ਨਾਲ ਮੋਢੇ ਨਾਲ ਮੋਢਾ ਜੋੜ ਖੜ੍ਹੇ ਹੋ ਸਕਦੇ ਹਨ। '***ਮਿੱਟੀ ਦੇ ਵਣਜਾਰੇ***' ਪੁਸਤਕ ਵਿਚ ਕਵੀ ਡਾ. ਲੋਕ ਰਾਜ ਇਸ ਪਾਣੀਆਂ ਦੇ ਮੁੱਦੇ ਨੂੰ ਰਾਜਨੀਤਿਕ ਸਾਜਿਸ਼ ਮੰਨਦਾ ਹੈ:

ਲੋਕ ਏਕਤਾ ਦਾ

ਠਾਠਾਂ ਮਾਰਦਾ ਦਰਿਆ

ਉਸ ਕਿਲ੍ਹੇ ਵੱਲ ਵਧਿਆ ਹੈ

ਜਿਥੇ ਇਸ ਦੇ ਪਾਣੀਆਂ ਨੂੰ ਵੰਡਣ.

ਤੇ ਧਰਤੀ ਨੂੰ ਰੰਗਣ ਦੀਆਂ

ਸਾਜ਼ਿਸ਼ਾਂ ਜਨਮ ਲੈਂਦੀਆਂ ਨੇ 80

ਇਸ ਤੋਂ ਇਲਾਵਾ ਸਰਕਾਰ ਦੁਆਰਾ ਫਸਲ ਬੀਮਾਂ ਯੋਜਨਾਵਾਂ ਵੀ ਸ਼ੁਰੂ ਕੀਤੀਆਂ ਹਨ ਪਰੰਤੂ ਇਹ ਯੋਜਨਾਵਾਂ ਵੀ ਵਧੇਰੇ ਪ੍ਰਾਇਵੇਟ ਕੰਪਨੀਆਂ ਦੇ ਸਹਿਯੋਗ ਨਾਲ ਹੀ ਚੱਲ ਰਹੀਆਂ ਹਨ ਜੋ ਕਿਸਾਨ ਨਾਲੋਂ ਵੱਧ ਆਪਣੇ ਲਾਭ ਨੂੰ ਤਵੱਜੋ ਦੇਂਦੀਆਂ ਹਨ। ਦਸੰਬਰ 2018 ਵਿਚ ਪ੍ਰਧਾਨਮੰਤਰੀ ਕਿਸਾਨ ਸਨਮਾਨ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਜਿਸ ਦੇ ਤਹਿਤ ਪੰਜ ਏਕੜ ਤੋਂ ਹੇਠਾਂ ਭੂਮੀ ਦੇ ਮਾਲਕ ਕਿਸਾਨਾਂ ਨੂੰ ਸਾਲ ਵਿਚ ਤਿੰਨ ਵਾਰ 2000 ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਪਰੰਤੂ ਅਜਿਹੀਆਂ ਯੋਜਨਾਵਾਂ ਦਾ ਲਾਭ ਵੀ ਧਨੀ ਕਿਸਾਨ ਆਪਣੀ ਜਮੀਨ ਨੂੰ ਪਰਿਵਾਰਕ ਮੈਂਬਰਾਂ ਨਾਂ ਕਰਵਾ ਕੇ ਖੱਟ ਰਹੇ ਹਨ ਤੇ ਗਰੀਬ ਅਨਪੜ੍ਹ ਕਿਸਾਨ ਇਨ੍ਹਾਂ ਤੋਂ ਵਾਂਝੇ ਰਹਿ ਰਹੇ ਹਨ।

ਸੋ ਵਿਸ਼ਵੀਕਰਨ ਦੇ ਦੌਰ ਤੋਂ ਹੁਣ ਤੱਕ ਪੰਜਾਬ ਦੀ ਕਿਰਸਾਨੀ ਲਈ ਸਰਕਾਰ ਵੱਲੋ ਲਏ ਜਾਣ ਵਾਲੇ ਫੈਸਲਿਆਂ ਦਾ ਵਧੇਰੇ ਲਾਭ ਕਿਸਾਨ ਨਾਲੋਂ ਵੱਧ ਕਾਰਪੋਰੇਟੀ ਕੰਪਨੀਆਂ ਨੂੰ ਹੋਇਆ ਹੈ। ਅਸਲ ਵਿਚ ਹਰੀ ਕ੍ਰਾਂਤੀ ਵੀ ਇਸੇ ਬਾਜ਼ਾਰੂ ਯੁੱਗ ਨੂੰ ਲੈ ਕੇ ਆਉਣ ਵਾਲਾ ਇਕ ਸਾਧਨ ਮਾਤਰ ਹੀ ਪ੍ਰਤੀਤ ਹੁੰਦੀ ਹੈ। ਨਵੀਆਂ ਆਰਥਿਕ ਨੀਤੀਆਂ ਦੇ ਤਹਿਤ ਭਾਰਤ ਵਿਸ਼ਵ ਵਪਾਰ ਸੰਗਠਨ ਦਾ ਮੈਂਬਰ ਬਣ ਗਿਆ ਜਿਸ ਤੋਂ ਸਪੱਸ਼ਟ ਤੌਰ ਤੇ ਅਮਰੀਕੀ ਸਾਮਰਾਜਵਾਦ ਦੇ ਬੁਣੇ ਜਾਲ ਵਿਚ ਫਸਦਾ ਗਿਆ ਨਦੀਨਾਸ਼ਕ, ਕੀਟਨਾਸ਼ਕ ਹੋਰ ਰਸਾਇਣਕ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਇਨ੍ਹਾਂ ਦਵਾਈਆਂ ਦੇ ਰੇਟ ਤੈਅ ਕਰਦੀਆਂ ਹਨ ਤੇ ਕਿਸਾਨਾਂ ਲਈ ਇਨ੍ਹਾਂ ਨੂੰ ਖਰੀਦਣਾ ਮਜ਼ਬੂਰੀ ਬਣ ਗਈ ਹੈ, ਜਿਸ ਦੇ ਫਲਸਰੂਪ ਇਹ ਨਵਾਂ ਸਿਰਜਿਆ ਤਾਣਾ-ਬਾਣਾ ਕਿਸਾਨ ਜਾਂ ਕਿਰਤੀ ਦੇ ਪੱਖ ਵਿਚ ਨਾ ਹੋ ਕੇ ਵਪਾਰਕ ਕੰਪਨੀਆਂ ਦੇ ਹਿੱਤਾਂ ਦੀ ਰਾਖੀ ਕਰਦਾ ਹੈ। ਸਰਕਾਰ ਵੱਲੋਂ ਕੇਵਲ ਕੁੱਝ ਕੁ ਫਸਲਾਂ ਉੱਪਰ ਘੱਟੋ-ਘੱਟ ਸਮਰਥਨ ਮੁੱਲ ਦੇਣ ਕਾਰਨ ਕਿਸਾਨਾਂ ਦੁਆਰਾ ਕੇਵਲ ਉਹੀ ਫਸਲਾਂ ਬੀਜੀਆਂ ਜਾਣ ਲੱਗੀਆਂ ਜਿਸ ਦੇ ਸਿੱਟੇ ਵਜੋਂ ਫਸਲੀ ਚੱਕਰ ਪ੍ਰਭਾਵਿਤ ਹੋਏ ਤੇ ਮਿੱਟੀ ਦੀ ਉਪਜਾਊ ਸ਼ਕਤੀ ਦਾ ਨੁਕਸਾਨ ਹੋਇਆ, ਫਿਰ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਇਸ ਵਿਚ ਡੀ.ਏ.ਪੀ. ਵਰਗੇ ਰਸਾਇਣਾਂ ਦਾ ਇਸਤੇਮਾਲ ਹੋਣ ਲੱਗਾ। ਇਨ੍ਹਾਂ ਖਾਦ ਕੰਪਨੀਆਂ ਤੇ ਰਸਾਇਣ ਕੰਪਨੀਆਂ ਨੇ ਹੌਲੀ-ਹੌਲੀ ਇਨ੍ਹਾਂ

ਦਾ ਰੇਟ ਵਧਾਇਆ ਤੇ ਸਮਾਂ ਪਾ ਕੇ ਸਰਕਾਰ ਦੁਆਰਾ ਵੀ ਇਨ੍ਹਾਂ ਉੱਪਰ ਦਿੱਤੀ ਜਾ ਰਹੀ ਸਬਸਿਡੀ ਬੰਦ ਕਰ ਦਿੱਤੀ ਗਈ। ਇਹਨਾਂ ਸਾਰੀਆਂ ਗੱਲਾਂ ਨੂੰ ਅੰਤਰ-ਸੰਬੰਧਿਤ ਕਰ ਕੇ ਦੇਖੀਏ ਤਾਂ ਇਹ ਸਪੱਸ਼ਟ ਤੌਰ ਤੇ ਕਾਰਪੋਰੇਟਾਂ ਤੇ ਸਰਕਾਰਾਂ ਦੀ ਮਿਲੀ ਭੁਗਤ ਨਜ਼ਰ ਆਉਂਦੀ ਹੈ। ਅਜਿਹੀ ਹੀ ਇਕ ਉਦਾਹਰਣ ਕੇਂਦਰ ਸਰਕਾਰ ਦੁਆਰਾ ਲਿਆਂਦੇ ਖੇਤੀ ਬਿੱਲਾਂ ਦੇ ਰੂਪ ਵਿਚ ਦੇਖਣ ਨੂੰ ਮਿਲੀ।

ਸੋ ਸਮੁੱਚੇ ਤੌਰ ‘ਤੇ ਇਹ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਵਿਚ ਪੰਜਾਬ ਦੀ ਕਿਸਾਨੀ ਪ੍ਰਤੀ ਸਰਕਾਰ ਦੀ ਭੂਮਿਕਾ ਦਾ ਉਲੇਖ ਵੱਖ-ਵੱਖ ਕਵੀਆਂ ਦੁਆਰਾ ਆਪੋ-ਆਪਣੇ ਢੰਗਾਂ ਨਾਲ ਬਾਖ਼ੂਬੀ ਕੀਤਾ ਗਿਆ ਹੈ। ਆਜ਼ਾਦੀ ਦੇ ਸਮੇਂ ਤੋਂ ਹਰੀ ਕ੍ਰਾਂਤੀ ਤੱਕ ਦੇ ਸਮੇਂ ਤੱਕ ਦੀ ਖੇਤੀ ਰਵਾਇਤੀ ਢੰਗਾਂ ਨਾਲ ਹੋਣ ਕਰਕੇ ਅਜੋਕੇ ਸਮੇਂ ਵਰਗੀਆਂ ਸਮੱਸਿਆਵਾਂ ਨਹੀਂ ਸਨ ਪਰੰਤੂ ਕਿਸਾਨੀ ਇਸ ਸਮੇਂ ਵੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਜਿਵੇਂ ਭੂਮੀ ਵੰਡ, ਕੁਦਰਤੀ ਆਫਤਾਂ, ਜਗੀਰਦਾਰੀ ਵਿਵਸਥਾ ਆਦਿ ਤੋਂ ਜੂਝਦੀ ਰਹੀ ਤੇ ਸਭ ਤੋਂ ਵੱਡੀ ਗੱਲ ਇਸ ਕਾਲ ਵਿਚ ਦੇਸ਼ ਵਿਚਲੀ ਭੁੱਖਮਰੀ ਦੀ ਸਮੱਸਿਆ ਨੂੰ ਦੂਰ ਕਰਨ ਦਾ ਦਬਾਅ ਕਿਸਾਨਾਂ ਉੱਪਰ ਕਾਫੀ ਮਾਤਰਾ ਵਿਚ ਸੀ ਪਰੰਤੂ ਇਸ ਦੀ ਇਵਜ ਵਿਚ ਕਿਸਾਨਾਂ ਪ੍ਰਤੀ ਰਾਜਸੀ ਦ੍ਰਿਸ਼ਟੀਕੋਣ ਕੋਈ ਬਹੁਤ ਸਵੱਲਾ ਨਹੀਂ ਰਿਹਾ। ਇਸ ਕਾਲ ਤੋਂ ਮਗਰੋਂ ਆਈ ਹਰੀ ਕ੍ਰਾਂਤੀ ਨੇ ਆਰੰਭਿਕ ਦੌਰ ਵਿਚ ਦੇਸ਼ ਅਤੇ ਦੇਸ਼ ਦੇ ਕਿਸਾਨਾਂ ਨੂੰ ਫੌਰੀ ਰਾਹਤ ਤਾਂ ਦਿੱਤੀ ਪਰੰਤੂ ਲੰਮੇ ਸਮੇਂ ਤੱਕ ਇਸ ਦੇ ਚੰਗੇ ਪ੍ਰਭਾਵ ਕਾਇਮ ਨਾ ਰਹਿ ਸਕੇ ਸਗੋਂ ਹਰੀ ਕ੍ਰਾਂਤੀ ਦੇ ਮਾੜੇ ਪ੍ਰਭਾਵ ਦੋ ਦਹਾਕਿਆਂ ਬਾਅਦ ਹੀ ਆਉਣੇ ਸ਼ੁਰੂ ਹੋ ਗਏ, ਜੋ ਅੱਜ ਤੱਕ ਨਿਰੰਤਰ ਜਾਰੀ ਹਨ।

ਹਰੀ ਕ੍ਰਾਂਤੀ ਦੀ ਆੜ ਹੇਠ ਵਿਸ਼ਵ ਦੀਆਂ ਸਾਮਰਾਜਵਾਦੀ ਤਾਕਤਾਂ ਨੇ ਦੇਸ਼ ਅੰਦਰ ਆਪਣੇ ਪੈਰ ਪਸਾਰਣੇ ਸ਼ੁਰੂ ਕੀਤੇ, ਜਿਸ ਨਾਲ ਗਰੀਬ ਅਤੇ ਨਿਮਨ ਸ਼੍ਰੇਣੀ ਦੇ ਕਿਸਾਨ ਅਤੇ ਵੱਡੇ ਕਿਸਾਨਾਂ ਵਿਚਲਾ ਪਾੜਾ ਨਿਰੰਤਰ ਵਧਦਾ ਗਿਆ ਤੇ ਗਰੀਬ, ਖੇਤ-ਮਜ਼ਦੂਰ ਅਤੇ ਨਿਮਨ ਕਿਸਾਨ ਦਾ ਇਸ ਕਿੱਤੇ ਤੋਂ ਮੋਹ-ਭੰਗ ਹੋਣ ਲੱਗਾ। ਹਰੀ ਕ੍ਰਾਂਤੀ ਲਈ ਮੰਡੀ ਵਿਵਸਥਾ, ਖਾਦਾਂ, ਰਸਾਇਣਾਂ, ਮਸ਼ੀਨਾਂ ਆਦਿ ਬੁਨਿਆਦੀ ਲੋੜਾਂ ਸਨ, ਜਿਸ ਨੇ ਸਮਾਂ ਪਾ ਕੇ ਦੇਸ਼ ਨੂੰ ਖੁੱਲੇ ਵਪਾਰ ਦੀ ਨੀਤੀ ਅਪਣਾਉਣ ਲਈ ਹੋਰ ਵੀ ਪ੍ਰੇਰਿਤ ਕੀਤਾ। ਵਿਸ਼ਵੀਕਰਨ ਦੇ ਦੌਰ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਖੇਤੀ ਖੇਤਰ ਨੂੰ ਕਾਰਪੋਰੇਟੀ ਢੰਗਾਂ ਨਾਲ ਕਰਨ ਦੀ ਹਮਾਇਤ ਕੀਤੀ ਜਾਂਦੀ ਰਹੀ ਹੈ। ਭਾਵੇਂ ਭਾਰਤ ਵਰਗੇ ਵਿਭਿੰਨਤਾਵਾਂ ਨਾਲ ਭਰੇ ਦੇਸ਼ ਵਿਚ ਅਜਿਹਾ ਪ੍ਰਬੰਧ ਇਕ ਦਮ ਲਾਗੂ ਕਰਨਾ

ਬਹੁਤ ਮੁਸ਼ਕਿਲ ਸੀ ਪਰੰਤੂ ਇਸ ਸੰਬੰਧੀ ਯਤਨ ਹਰੇਕ ਸਰਕਾਰ ਵੱਲੋਂ ਨਿਰੰਤਰ ਕੀਤੇ ਗਏ। ਸਰਕਾਰਾਂ ਦੇ ਚਿਹਰੇ ਤੇ ਪਾਰਟੀਆਂ ਵਿਚ ਤਾਂ ਜ਼ਰੂਰ ਸਮੇਂ-ਸਮੇਂ ਤੇ ਬਦਲਾਅ ਹੋਏ ਪਰੰਤੂ ਇਨ੍ਹਾਂ ਬਦਲਾਵਾਂ ਦੇ ਬਾਵਜੂਦ ਸਰਕਾਰਾਂ ਦੇ ਖੇਤੀ ਅਤੇ ਕਿਸਾਨਾਂ ਪ੍ਰਤੀ ਵਤੀਰੇ ਵਿਚ ਕਿਸੇ ਤਰ੍ਹਾਂ ਦਾ ਬਦਲਾਅ ਦੇਖਣ ਨੂੰ ਨਹੀਂ ਮਿਲਿਆ। ਇਸ ਲਈ ਸਮਕਾਲੀ ਕਵਿਤਾ ਦੇ ਮਾਧਿਅਮ ਰਾਹੀਂ ਵੀ ਇਸ ਗੱਲ ਨੂੰ ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਕਿਸਾਨੀ ਦੇ ਸੰਕਟਗ੍ਰਸਤ ਹੋਣ ਵਿਚ ਰਾਜਸੀ ਭੂਮਿਕਾ ਬਹੁਤ ਅਹਿਮ ਰਹੀ ਹੈ। ਸਮੇਂ-ਸਮੇਂ ਤੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਅਣਦੇਖਿਆ ਕਰਨਾ, ਜਮੀਨੀ ਪੱਧਰ ਤੇ ਕਿਸਾਨਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਨਾ ਮਿਲ ਪਾਉਣਾ, ਭਾਰਤੀ ਕਿਸਾਨਾਂ ਦਾ ਵਧੇਰੇ ਪੜ੍ਹੇ-ਲਿਖੇ ਨਾ ਹੋਣਾ, ਸਰਕਾਰ ਦਾ ਨੀਤੀ ਨਿਰਮਾਣ ਵੇਲੇ ਕਾਰਪੋਰੇਟ ਹਿਤੈਸ਼ੀ ਰਵੱਈਆ ਆਦਿ ਕੁੱਝ ਅਜਿਹੇ ਰਾਜਸੀ ਮਸਲੇ ਹਨ ਜਿਨ੍ਹਾਂ ਕਾਰਨ ਭਾਰਤੀ ਕਿਸਾਨਾਂ ਦੀ ਰਾਜਨੀਤੀ ਪ੍ਰਤੀ ਨੀਰਸਤਾ ਬਣੀ ਹੋਈ ਹੈ ਤੇ ਖੇਤੀਬਾੜੀ ਸੈਕਟਰ ਉਸ ਪੱਧਰ ਤੱਕ ਵਿਕਸਿਤ ਨਾ ਹੋ ਸਕਿਆ।

## 4.3 ਸਮਕਾਲੀ ਪੰਜਾਬੀ ਕਵਿਤਾ: ਤਿੰਨ ਖੇਤੀ ਬਿੱਲ ਅਤੇ ਕਿਸਾਨੀ ਸੰਕਟ

ਤਿੰਨ ਖੇਤੀ ਬਿੱਲ ਅਤੇ ਇਨ੍ਹਾਂ ਬਿੱਲਾਂ ਦੇ ਪ੍ਰਤੀਰੋਧ ਵਿਚ ਉਪਜਿਆ ਕਿਸਾਨ ਅੰਦੋਲਨ ਭਾਰਤ ਅਤੇ ਵਿਸ਼ੇਸ਼ਕਰ ਪੰਜਾਬ ਵਿਚ 21ਵੀਂ ਸਦੀ ਵਿਚ ਵਾਪਰਣ ਵਾਲੀਆਂ ਮੁੱਖ ਘਟਨਾਵਾਂ ਵਿਚੋਂ ਇੱਕ ਹੈ। ਇਹ ਸਮੇਂ ਦਾ ਸਮੁੱਚ ਘਟਨਾਕ੍ਰਮ ਇਤਿਹਾਸ ਦੇ ਪੰਨਿਆਂ ਵਿਚ ਦਰਜ ਹੋ ਗਿਆ। ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਬਾਰੇ ਸੰਖੇਪ ਜਿਹੀ ਸਿਧਾਂਤਕ ਜਾਣਕਾਰੀ ਇਸ ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਦਿੱਤੀ ਗਈ ਹੈ। ਇਨ੍ਹਾਂ ਬਿੱਲਾਂ ਜਾਂ ਕਾਨੂੰਨਾਂ ਦੀ ਪਿੱਠਭੂਮੀ ਭੂਮੀ ਵਿਚ ਕਾਰਜਸ਼ੀਲ ਸਿਆਸੀ ਕਾਰਨਾਂ ਅਤੇ ਬਿੱਲਾਂ ਦੇ ਪ੍ਰਤੀਕਰਮ ਵਿਚ ਉਪਜੀ ਕਵਿਤਾ ਬਾਰੇ ਵਿਸਥਾਰ ਨਾਲ ਚਰਚਾ ਇਸ ਅਧਿਆਇ ਵਿਚ ਕਰਾਂਗੇ। ਅਸਲ ਵਿਚ ਇਹ ਬਿੱਲ ਵੀ ਉਦਾਰਵਾਦੀ ਨੀਤੀਆਂ ਤੇ ਪੂੰਜੀਵਾਦੀ ਸਾਮਰਾਜੀ ਤਾਕਤਾਂ ਦੁਆਰਾ ਸਿਰਜਿਆ ਇਕ ਪੈਂਤੜਾ ਸੀ। ਸਰਕਾਰ ਦੁਆਰਾ ਇਨ੍ਹਾਂ ਬਿੱਲਾਂ ਨੂੰ ਲਿਆਉਣ ਦੀ ਕਵਾਇਦ ਬੜੀ ਪਹਿਲਾਂ ਸ਼ੁਰੂ ਕਰ ਦਿੱਤੀ ਗਈ ਸੀ।

ਮਾਰਚ 2020 ਵਿਚ ਵਿਸ਼ਵ ਕਰੋਨਾ ਮਹਾਂਮਾਰੀ ਫੈਲ ਗਈ ਸੀ। ਜਿਸ ਕਾਰਨ ਲਗਭਗ ਪੂਰਾ ਵਿਸ਼ਵ ਹੀ ਖੜੋਤ ਦਾ ਸ਼ਿਕਾਰ ਹੋਇਆ। ਇਸ ਸਮੇਂ ਦੌਰਾਨ ਲੋਕਾਂ ਨੂੰ ਬਿਨਾਂ ਕਿਸੇ ਅਤਿ ਜ਼ਰੂਰੀ ਕੰਮ ਤੋਂ ਘਰਾਂ ਵਿਚੋਂ

ਨਿਕਲਣ ਦੀ ਪੂਰਨ ਤੌਰ ਤੇ ਮਨਾਹੀ ਸੀ। ਇਸੇ ਹੀ ਸਮੇਂ ਦੌਰਾਨ ਭਾਰਤ ਦੀ ਕੇਂਦਰ ਸਰਕਾਰ ਨੇ ਜੂਨ 2020 ਨੂੰ ਤਿੰਨ ਖੇਤੀ ਬਿੱਲਾਂ ਦਾ ਆਰਡੀਨੈਂਸ ਪਾਸ ਕਰ ਦਿੱਤਾ। ਆਰੰਭ ਵਿਚ ਛੋਟੇ ਪੱਧਰ ਤੇ ਕਿਸਾਜ ਜੱਥੇਬੰਦੀਆਂ ਨੇ ਪਿੰਡਾਂ ਵਿਚ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਤੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕੀਤਾ। ਪਰੰਤੂ ਪਰਸਥਿਤੀਆਂ ਅਜਿਹੀਆਂ ਸਨ ਕਿ ਇਸ ਸਮੇਂ ਜਨਤਕ ਇਕੱਠ ਕਰਨ ਦੀ ਪੂਰਨ ਰੂਪ ਵਿਚ ਮਨਾਹੀ ਸੀ। ਖੇਤੀ ਬਿੱਲਾਂ ਪਿੱਛੇ ਸਰਕਾਰ ਦੀ ਮੰਛਾ ਉੱਪਰ ਸਵਾਲੀਆਂ ਨਿਸ਼ਾਨ ਲੱਗਣ ਦਾ ਪਹਿਲਾ ਵੱਡਾ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਸਰਕਾਰ ਨੇ ਕਰੋਨਾ ਕਾਲ ਸਮੇਂ ਇਨ੍ਹਾਂ ਆਰਡੀਨੈਂਸਾਂ ਨੂੰ ਲਾਗੂ ਕੀਤਾ ਤਾਂ ਜੋ ਕਿਸਾਨਾਂ ਦੇ ਰੋਹ ਦਾ ਸਾਹਮਣਾ ਨਾ ਕਰਨਾ ਪਵੇ। ਪਰਵਾਸੀ ਅਦੀਬ ਬੀਬੀ ਸੁਖਦੀਪ ਕੌਰ ਸੰਧੂ ਸੁੱਖੀ ਸਰਕਾਰ ਦੇ ਇਸ ਰਵੱਈਏ ਨੂੰ ਲੋਕਤੰਤਰ ਉੱਪਰ ਸੱਟ ਮੰਨਦੀ ਹੈ। ਦਿਓਲ ਪਰਮਜੀਤ ਦੁਆਰਾ ਸੰਪਾਦਿਤ ਪੁਸਤਕ '***ਕਿਸਾਨੀ ਇਬਾਰਤ***' ਵਿਚ ਆਪਣੀ ਰਚਨਾ 'ਫੇਰ ਕਹੋ ਮੈਂ ਤਾਂ ਹਿਤੈਸ਼ੀ ਆਂ' ਵਿਚ ਇਸ ਨੂੰ ਇੰਝ ਬਿਆਨਦੇ ਹਨ:

ਐ ਦਿੱਲੀ ਦੀਏ ਸਰਕਾਰੇ

ਤੈਂ ਕੀਤੇ ਨੇ ਪੁੱਠੇ ਕਾਰੇ

ਸਾਜਿਸ਼ ਨਾਲ ਬਿੱਲ ਬਣਾਕੇ

ਜ਼ਮੀਨ ਖੋਹਣ ਦੇ ਕਰਲੇ ਚਾਰੇ

ਸੱਟ ਲੋਕਤੰਤਰ ਨੂੰ ਵੀ ਮਾਰੇ,

ਫੇਰ ਕਹੇਂ ਮੈਂ ਤਾਂ ਹਿਤੈਸ਼ੀ ਆਂ।

ਤਾਨਾਸ਼ਾਹੀ ਬਿਗਲ ਵਜਾ ਕੇ

ਬਾਡਰ ਸਾਰੇ ਸੀਲ ਕਰਾ ਕੇ

ਪਾਣੀਆਂ ਦੀਆਂ ਬੁਛਾੜਾਂ ਕਰਾ ਕੇ

ਅੱਥਰੂ ਗੈਸ ਗੋਲੇ ਮਰਵਾ ਕੇ

ਦਿੱਲੀਓਂ ਬਾਹਰ ਹੀ ਰੁਕਵਾ ਕੇ, ਫੇਰ ਕਹੇ ਮੈਂ ਤਾਂ ਹਿਤੈਸ਼ੀ ਆਂ। 45

ਬਾਅਦ ਵਿਚ ਸਤੰਬਰ 2020 ਨੂੰ ਇਨ੍ਹਾਂ ਖੇਤੀ ਬਿੱਲਾਂ ਨੂੰ ਦੇਸ਼ ਦੀ ਸੰਸਦ ਵਿਚ ਪੇਸ਼ ਕਰਕੇ ਰੌਲੇ-ਰੱਪੇ ਵਿਚਕਾਰ ਪਾਸ ਕਰਕੇ ਇਨ੍ਹਾਂ ਨੂੰ ਸਥਾਈ ਕਾਨੂੰਨ ਬਣਾ ਦਿੱਤਾ ਗਿਆ। ਮਾਸਟਰ ਦੇਸ ਰਾਜ ਛਾਜਲੀ ਆਪਣੇ ਕਾਵਿ ਸੰਗ੍ਰਹਿ '***ਭਾਰਤ ਅਤੇ ਦਿੱਲੀ' (ਜੰਗਨਾਮਾ)*** ਵਿਚ ਸਰਕਾਰ ਦੁਆਰਾ ਬੇਵਕਤ ਲਿਆਂਦੇ ਇਨ੍ਹਾਂ ਕਾਨੂੰਨਾਂ ਨੂੰ ਇੰਞ ਪੇਸ਼ ਕਰਦੇ ਹਨ:

ਪੰਜ ਜੂਨ ਨੂੰ ਕਾਲੇ ਕਾਨੂੰਨ ਲਿਆਂਦੇ, ਗੈਰ ਢੰਗ ਨਾਲ ਪਾਸ ਕਰਾ ਦਿੱਤੇ।

ਰਾਜੇਵਾਲ ਨੇ ਵਿਰੋਧ ਲਈ ਕਰੀ ਮੀਟਿੰਗ, ਰਾਜਨੀਤਿਕਾਂ ਧਿਆਨ ਨਾ ਜਰਾ ਦਿੱਤੇ।

ਚੁੱਪ ਚਪੀਤੇ ਕਰੋਨਾ ਕਹਿਰ ਅੰਦਰ, ਬਿਨਾ ਬਹਿਸ ਤੋਂ ਪਾਸ ਕਰਾ ਦਿੱਤੇ।

ਪੱਚੀ ਸਤੰਬਰ ਨੂੰ ਕਿਸਾਨ ਲੀਡਰਾਂ ਨੇ, ਭਾਰਤ ਬੰਦ ਦੇ ਸੱਦੇ ਸੁਣਾ ਦਿੱਤੇ। 09

ਇਨ੍ਹਾਂ ਹੀ ਨਹੀਂ ਸਗੋਂ ਇਨ੍ਹਾਂ ਖੇਤੀ ਬਿੱਲਾਂ ਨੂੰ ਜਿਸ ਢੰਗ ਨਾਲ ਸਰਕਾਰ ਦੁਆਰਾ ਪਾਸ ਕੀਤਾ ਗਿਆ, ਉਸ ਦੀ ਵੀ ਚਰਚਾ ਸਿਆਸੀ ਹਲਕਿਆਂ ਵਿਚ ਬੜੀ ਬੇਬਾਕੀ ਨਾਲ ਹੋਈ ਹੈ। ਇੱਥੋਂ ਤੱਕ ਕਿ ਕਈ ਕਵੀਆਂ ਨੇ ਇਨ੍ਹਾਂ ਕਾਨੂੰਨਾਂ ਨੂੰ ਅਲੋਕਤੰਤਰੀ ਢੰਗ ਨਾਲ ਪਾਸ ਕਰਨ ਦਾ ਇਲਜ਼ਾਮ ਵੀ ਹਾਕਮ ਧਿਰ ਉੱਪਰ ਲਗਾਇਆ ਕਿਉਂਕਿ ਇਨ੍ਹਾਂ ਕਾਨੂੰਨ ਉੱਪਰ ਸੰਸਦ ਵਿਚ ਖੁੱਲ ਕੇ ਬਹਿਸ ਵੀ ਨਹੀਂ ਕੀਤੀ ਗਈ। ਅਰਤਿੰਦਰ ਸੰਧੂ ਅਤੇ ਡਾ. ਮੋਹਣ ਸਿੰਘ ਤਿਆਗੀ ਦੁਆਰਾ ਸੰਪਾਦਿਤ ਪੁਸਤਕ '***ਮਿੱਟੀ ਦੇ ਵਣਜਾਰੇ'*** ਵਿਚ ਕਵੀ ਸਤਿੰਦਰ ਸਿੰਘ ਓਠੀ ਇਨ੍ਹਾਂ ਬਿੱਲਾਂ ਦੀ ਬਣਤਰ ਉੱਪਰ ਸਵਾਲੀਆ ਨਿਸ਼ਾਨ ਲਗਾਉਂਦੇ ਹੋਏ ਇੰਞ ਲਿਖਦੇ ਹਨ:

ਬਿਨਾਂ ਚਰਚਾ ਬਿੱਲਾਂ 'ਤੇ ਮੋਹਰ ਲਾਈ

ਹਾਕਮ ਬਣ ਗਿਆ ਰੂਪ ਸ਼ੈਤਾਨ ਦਾ ਏ।

ਕਿਸਾਨ ਮਾਰੂ ਬਿੱਲ ਜੋ ਪਾਸ ਕੀਤੇ,

ਪਰਚਾ ਆ ਗਿਆ ਕਹਿੰਦੇ ਫੁਰਮਾਨ ਦਾ ਏ।

ਕਦੋਂ ਤਕ ਵਿਚਾਰਾ ਇਹ ਚੁੱਪ ਬੈਠੇ,

ਰੋਹ ਜਾਗਿਆ ਅੱਜ ਕਿਸਾਨ ਦਾ ਏ। 140

ਕਵੀ ਸੁੱਖਵਿੰਦਰ ਸਿੰਘ ਬੋਦਲਾਂਵਾਲ ਵੀ ਖੇਤੀ ਬਿੱਲਾਂ ਦੇ ਸਮੇਂ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦੇ ਹੋਏ ਆਪਣੀ ਰਚਨਾ '***ਹੂਕ ਪੰਜਾਬ ਦੀ***' ਵਿਚ ਕਵਿਤਾ ਇਤਿਹਾਸ ਦਾ ਪੰਨਾ ਰਾਹੀਂ ਇੰਝ ਬਿਆਨ ਕਰਦਾ ਹੈ:

ਵੋਟਾਂ ਵੇਲੇ ਪੁੱਛ ਗਿੱਛ, ਕਾਨੂੰਨ ਬੰਦ ਕਮਰੇ ਬਣਦੇ।

ਕਰੋਨਾ ਦੀ ਲੈ ਆੜ ਬਣਾਏ, ਕਾਨੂੰਨ ਵਿਖਾਵੇਗਾ।। 6

ਇਨ੍ਹਾਂ ਹੀ ਨਹੀਂ ਸਗੋਂ ਉਸੇ ਪੁਸਤਕ ਵਿਚ ਇਨ੍ਹਾਂ ਕਾਨੂੰਨਾਂ ਦੇ ਖਾਤਮੇ ਦਾ ਦਮ ਵੀ ਸੁੱਖਵਿੰਦਰ ਸਿੰਘ ਬੋਦਲਾਂਵਾਲ ਦੀ ਕਵਿਤਾ ਜੈ ਜਵਾਨ ਜੈ ਕਿਸਾਨ ਭਰਦੀ ਹੈ:

ਹੱਕ ਆਪਾਂ ਹੁਣ ਖੋਹਣ ਨਹੀਂ ਦੇਣੇ, ਝੂਠੇ ਵਾਅਦੇ ਲਾਉਣ ਨਹੀਂ ਦੇਣੇ

ਕਾਲੇ ਕਾਨੂੰਨ ਬਣਾਉਣ ਨਹੀਂ ਦੇਣੇ, ਅਸੀਂ ਲਾਈ ਹੈ ਬਾਜ਼ੀ ਜਾਨ ॥

ਜੈ ਜਵਾਨ ਜੈ ਕਿਸਾਨ, ਜੈ ਜਵਾਨ ਜੈ ਕਿਸਾਨ ॥ 9

ਇਨ੍ਹਾਂ ਖੇਤੀ ਬਿੱਲਾਂ ਦੇ ਵਿਰੋਧ ਵਿਚ ਭਾਰਤ ਵਿਚ ਇਕ ਲੋਕ ਲਹਿਰ ਪੈਦਾ ਹੋਈ ਜਿਸ ਨੇ ਪੰਜਾਬ ਤੋਂ ਸ਼ੁਰੂ ਹੋ ਕੇ ਲਗਭਗ ਦੇਸ਼ ਦੇ ਅਨੇਕਾਂ ਸੂਬਿਆਂ ਤੱਕ ਆਪਣੀ ਪਹੁੰਚ ਕੀਤੀ ਤੇ ਅੰਤ ਰਾਜਧਾਨੀ ਵਿਚ ਇਕ ਲੰਮਾ ਸੰਘਰਸ਼ ਹੋਇਆ ਜਿਸ ਨੂੰ 'ਕਿਸਾਨ ਅੰਦੋਲਨ' ਦਾ ਨਾਂ ਦਿੱਤਾ ਗਿਆ। ਕਵੀ ਦਲਬਾਰ ਸਿੰਘ 'ਪੁਸਤਕ ਖੇਤਾਂ ਦੇ ਪੁੱਤ ਜਾਗ ਪਏ' ਜਿਸ ਦੇ ਸੰਪਾਦਕ ਰਜਿੰਦਰ ਸਿੰਘ ਰਾਜਨ ਹਨ ਵਿਚ ਲਿਖਦੇ ਹਨ:

ਕਾਲੇ ਜੋ ਕਾਨੂੰਨ ਦਿੱਲੀ ਨੇ ਬਣਾਏ ਨੇ,

ਗੁੱਸੇ ਵਿਚ ਦੇਸ਼ ਦੇ ਕਿਸਾਨ ਆਏ ਨੇ,

ਮੱਲ ਲਿਆ ਕਿਸਾਨਾਂ ਨੇ ਮੈਦਾਨ ਲੀਡਰੋ।

ਬਹਿ ਜੇ ਬੇੜਾ ਥੋਡਾ ਬੇਈਮਾਨ ਲੀਡਰੋ। 13

ਇਸੇ ਪੁਸਤਕ ਵਿਚ ਕਵੀ ਸੁਖਵਿੰਦਰ ਸਿੰਘ ਲੋਟੇ ਆਪਣੀ ਮਸਲਾ ਨਾ ਉਲਝਾ ਦਿੱਲੀਏ ਵਿਚ ਬਿਆਨਦੇ ਹਨ:

ਘੜ ਕੇ ਕਾਨੂੰਨ ਕਾਲੇ ਕਿਰਸਾਨਾਂ ਨੂੰ ਨਾ ਤੜਫਾ ਦਿੱਲੀਏ।

ਸ਼ਾਹਾਂ ਦੀ ਤੂੰ ਬਣ ਕੇ ਗੁਲਾਮ ਮਸਲਾ ਨਾ ਉਲਝਾ ਦਿੱਲੀਏ। 49

ਸੋ ਸਭ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਖੇਤੀ ਸੰਬੰਧੀ ਇਨ੍ਹਾਂ ਤਿੰਨ ਆਰਡੀਨੈਂਸਾਂ ਵਿਚ ਕੀ ਹੈ? ਜੇਕਰ ਸੰਖੇਪ ਵਿਚ ਇਕ ਸਤਰ ਵਿਚ ਦੱਸਣਾ ਹੋਵੇ ਤਾਂ ਇਨ੍ਹਾਂ ਤਿੰਨ ਆਰਡੀਨੈਂਸਾਂ ਦੀਆਂ ਸਥਾਪਨਾਵਾਂ 'ਚ ਸਭ ਤੋਂ ਮੁੱਖ ਗੱਲ ਇਹ ਹੈ ਕਿ ਸਰਕਾਰ ਨੇ ਖੇਤੀ ਉਤਪਾਦ ਦੀ ਖਰੀਦ ਦੇ ਖੇਤਰ 'ਚ, ਯਾਨੀ ਖੇਤੀ ਉਤਪਾਦ ਦੇ ਵਪਾਰ ਦੇ ਖੇਤਰ 'ਚ ਉਦਾਰੀਕਰਨ ਦਾ ਰਸਤਾ ਪੱਧਰਾ ਕਰ ਦਿੱਤਾ। ਇਨ੍ਹਾਂ ਤਿੰਨਾਂ ਖੇਤੀ ਬਿੱਲਾਂ ਬਾਰੇ ਵਿਸਥਾਰ ਵਿਚ ਗੱਲ ਕਰਦੇ ਹਾਂ:

### 4.3.1 ਪਹਿਲਾ ਆਰਡੀਨੈਂਸ 'ਫਾਰਮ ਪ੍ਰੋਡਿਊਸ ਟ੍ਰੇਡ ਐਂਡ ਕਮਰਸ' ਐਕਟ

ਪਹਿਲਾ ਆਰਡੀਨੈਂਸ '**ਫਾਰਮ ਪ੍ਰੋਡਿਊਸ ਟ੍ਰੇਡ ਐਂਡ ਕਮਰਸ**' ਐਕਟ ਸੀ। ਜਿਸ ਅਨੁਸਾਰ ਕੋਈ ਵੀ ਨਿੱਜੀ ਖਰੀਦਦਾਰ ਕਿਸਾਨਾਂ ਤੋਂ ਸਿੱਧਾ ਖੇਤੀ ਉਤਪਾਦ ਖਰੀਦ ਸਕੇਗਾ, ਜੋ ਕਿ ਪਹਿਲਾਂ ਏ.ਪੀ.ਐਮ.ਸੀ. (ਐਗਰੀਕਲਚਰਲ ਪ੍ਰੋਡਿਊਸ ਮਾਰਕੀਟਿੰਗ ਕਮੇਟੀ) ਦੀਆਂ ਮੰਡੀਆਂ 'ਚ ਸਰਕਾਰੀ ਤੌਰ 'ਤੇ ਤੈਅ ਕੀਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਹੀ ਕਰ ਸਕਦਾ ਸੀ। ਭਾਵ ਕਿ ਖੇਤੀ ਉਤਪਾਦ ਦੇ ਮੁੱਲ 'ਤੇ ਸਰਕਾਰੀ ਕੰਟਰੋਲ ਤੇ ਰੈਗੂਲੇਸ਼ਨ ਨੂੰ ਢਿੱਲਾ ਕਰ ਦਿੱਤਾ ਗਿਆ ਹੈ ਤੇ ਉਸ ਨੂੰ ਖੁੱਲੇ ਬਾਜ਼ਾਰ ਦੀ ਗਤੀ ਤੇ ਛੱਡ ਦੇਣ ਦਾ ਇੰਤਜ਼ਾਮ ਕਰ ਦਿੱਤਾ ਗਿਆ ਹੈ। ਅਮੀਰ ਕਿਸਾਨਾਂ ਨੂੰ ਇਸ ਗੱਲ ਦਾ ਡਰ ਹੈ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਤੈਅ ਕੀਤਾ ਮੁੱਲ ਮਿਲਣਾ ਯਕੀਨੀ ਨਹੀਂ ਹੋਵੇਗਾ ਅਤੇ ਕਾਰਪੋਰੇਟ ਖਰੀਦਦਾਰ ਘੱਟ ਕੀਮਤਾਂ ਉੱਤੇ ਸਿੱਧਾ ਖੇਤੀ ਉਤਪਾਦ ਦੀ ਖਰੀਦ ਕਰਨਗੇ। ਕਿਸਾਨ ਇਸ ਗੱਲ ਦੀ ਸ਼ੰਕਾ ਵੀ ਜਤਾਉਂਦੇ ਹਨ ਕਿ ਹੋ ਸਕਦਾ ਹੈ ਕਿ ਸ਼ੁਰੂ 'ਚ ਇਹ ਸਰਮਾਏਦਾਰ ਵੱਧ ਕੀਮਤਾਂ ਦੇਣ, ਪਰ ਬਾਅਦ 'ਚ, ਆਪਣੀ ਇਜਾਰੇਦਾਰੀ ਕਾਇਮ ਹੋਣ ਮਗਰੋਂ, ਇਹ ਕਿਸਾਨਾਂ ਨੂੰ ਘੱਟ ਕੀਮਤਾਂ ਦੇਣਗੇ। ਸਰਕਾਰ ਨੇ ਇਨ੍ਹਾਂ ਸਰਕਾਰੀ ਮੰਡੀਆਂ ਅਤੇ ਘੱਟੋ-ਘੱਟ ਸਮਰਥਨ ਮੁੱਲ ਦੇ ਪ੍ਰਬੰਧ ਨੂੰ ਰਸਮੀ ਤੌਰ 'ਤੇ ਖ਼ਤਮ ਨਹੀਂ ਕੀਤਾ ਹੈ, ਪਰ ਇਸ ਦਾ ਨਤੀਜਾ ਇਹੀ ਹੋਵੇਗਾ ਕਿ ਇਹ ਮੰਡੀਆਂ ਸਮਾਂ

ਬੀਤਣ ਨਾਲ ਖ਼ਤਮ ਹੋ ਜਾਣਗੀਆਂ ਜਾਂ ਬਚਣਗੀਆਂ ਵੀ ਤਾਂ ਇਨ੍ਹਾਂ ਦਾ ਕੋਈ ਖਾਸ ਮਤਲਬ ਨਹੀਂ ਰਹਿ ਜਾਵੇਗਾ। ਇਸ ਦੀ ਇਕ ਉਦਾਹਰਣ ਪਹਿਲਾਂ ਵੀ 2006 ਵਿਚ ਦੇਖੀ ਜਾ ਚੁੱਕੀ ਹੈ। 2006 ਵਿਚ ਬਿਹਾਰ ਵਿਚ ਮੰਡੀਆਂ ਦਾ ਖਾਤਮਾ ਕਰ ਦਿੱਤਾ ਗਿਆ ਸੀ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਲਈ ਥਾਂ-ਥਾਂ ਖੱਜਲ ਹੋਣਾ ਪਿਆ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਮੰਡੀਆਂ ਤੋਂ ਬਾਹਰ ਵਪਾਰ ਖੇਤਰਾਂ ਵਿਚ ਹੋਣ ਵਾਲੀ ਖ਼ਰੀਦ-ਫਰੋਖ਼ਤ 'ਚ ਕਿਸਾਨਾਂ ਅਤੇ ਵਪਾਰੀਆਂ 'ਤੇ ਕੋਈ ਫੀਸ ਜਾਂ ਟੈਕਸ ਨਹੀਂ ਲਗਾਇਆ ਜਾਵੇਗਾ। ਇਸ ਦਾ ਨਤੀਜਾ ਇਹ ਹੋਵੇਗਾ ਕਿ ਘੱਟੋ-ਘੱਟ ਸਮਰਥਨ ਮੁੱਲ ਦਾ ਪ੍ਰਬੰਧ ਵੀ ਜ਼ਮੀਨੀ ਤੌਰ 'ਤੇ ਖ਼ਤਮ ਹੋ ਜਾਵੇਗਾ। ਭਾਵੇਂ ਉਸ ਨੂੰ ਰਸਮੀ ਤੌਰ ਤੇ ਖ਼ਤਮ ਨਾ ਵੀ ਕੀਤਾ ਜਾਵੇ। ਇਸ ਲਈ ਇਸ ਕਿਸਾਨ ਲਹਿਰ ਦੇ ਕੇਂਦਰ 'ਚ ਘੱਟੋ-ਘੱਟ ਸਮਰਥਨ ਮੁੱਲ ਦਾ ਸਵਾਲ ਸੱਭ ਤੋਂ ਜ਼ਰੂਰੀ ਮਸਲਾ ਸੀ। ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਆਪਣੇ ਅੰਦਾਜ਼ ਨਾਲ ਕਾਵਿ ਬੱਧ ਕਰਕੇ ਕਵੀ ਜਗਜੀਤ ਸਿੰਘ ਲੱਡਾ ਨੇ ਆਪਣੀ ਪੁਸਤਕ '***ਜਨ ਅੰਦੋਲਨ***' ਵਿਚ ਇਸ ਪ੍ਰਕਾਰ ਪੇਸ਼ ਕੀਤਾ ਹੈ:

ਆਓ ਦੱਸਾਂ ਕਿ ਕਿਹੜੇ ਹਨ ਤਿੰਨ ਕਾਨੂੰਨ ਕਾਲੇ।

ਜੋ ਸਾਡੀਆਂ ਫ਼ਸਲਾਂ ਤੇ ਨਸਲਾਂ ਨੇ ਮਾਰਨ ਵਾਲੇ।

ਪਹਿਲਾ ਕਾਨੂੰਨ ਉਪਜ ਵਪਾਰ ਤੇ ਵਣਜ਼ ਦੇ ਬਾਰੇ,

ਔਨਲਾਈਨ ਖਰੀਦ ਤੇ ਵੇਚ ਸਕੋਗੇ ਫ਼ਸਲ ਸਾਰੇ,

ਜੋ ਕਹੇ ਏਦਾਂ ਕਾਰੋਬਾਰ ਫ਼ੈਲੂ ਜੋ ਸੀਮਤ ਹੈ ਹਾਲੇ।

ਆਓ ਦੱਸਾਂ ਕਿ ਕਿਹੜੇ ਹਨ ਤਿੰਨ ਕਾਨੂੰਨ ਕਾਲੇ। 12

ਇਸ ਪਹਿਲੇ ਆਰਡੀਨੈਂਸ ਵਿਚ ਸਰਕਾਰੀ ਮੰਡੀ ਦੇ ਬਾਹਰ ਹੋਣ ਵਾਲੀ ਖਰੀਦ ਨੂੰ ਟੈਕਸਾਂ ਅਤੇ ਫੀਸਾਂ ਤੋਂ ਛੋਟ ਦੇਣ ਦੇ ਝਗੜੇ ਦੇ ਨਬੇੜੇ ਦੇ ਪ੍ਰਬੰਧ ਦੀਆਂ ਸਥਾਪਨਾਵਾਂ ਵੀ ਨੇ, ਜਿਨ੍ਹਾਂ ਦਾ ਕਿਸਾਨ ਜੱਥੇਬੰਦੀਆਂ ਵਿਰੋਧ ਕਰ ਰਹੀਆਂ ਸਨ। ਪਰੰਤੂ ਇਨ੍ਹਾਂ ਦਾ ਵੀ ਮੂਲ ਸੰਬੰਧ ਘੱਟੋ-ਘੱਟ ਸਮਰਥਨ ਮੁੱਲ ਨਾਲ ਹੀ ਸੀ। ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਲਈ ਕਿਸਾਨ ਜੱਥੇਬੰਦੀਆਂ ਦੇ ਨਾਲ-ਨਾਲ ਕਵੀ ਸੁੱਖਵਿੰਦਰ ਸਿੰਘ

ਬੋਦਲਾਂਵਾਲ ਵੀ ਆਪਣੀ ਆਵਾਜ਼ ਆਪਣੀ ਕਵਿਤਾ ਪੰਜਾਬੀ ਰਾਹੀਂ ਆਪਣੇ ਕਾਵਿ ਸੰਗ੍ਰਹਿ '***ਹੂਕ ਪੰਜਾਬ ਦੀ*** ' ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ:

ਐੱਮ-ਐੱਸ-ਪੀ ਤੇ ਕਾਨੂੰਨ ਬਣਾ ਦੇ, ਤਿੰਨ ਕਾਨੂੰਨ ਤੂੰ ਵਾਪਸ ਢਾਹਦੇ।

ਨਹੀਂ ਤੇ ਹੱਥ ਆਗਿਆ ਜੇ ਮਿੱਤਰਾ, ਤੌਣੀ ਦੇਣਗੇ ਫੇਰ ਪੰਜਾਬੀ। 24

ਇਹ ਕਿਸਾਨੀ ਲਹਿਰ ਮੁੱਖ ਤੌਰ 'ਤੇ ਪੰਜਾਬ ਅਤੇ ਹਰਿਆਣੇ ਵਿਚ ਸ਼ੁਰੂ ਹੋਈ ਅਤੇ ਕੁਝ ਹੱਦ ਤੱਕ ਭਾਰਤ ਦੇ ਹੋਰਨਾਂ ਰਾਜਾਂ ਤਮਿਲਨਾਡੂ ਅਤੇ ਆਂਧਰਾ ਪ੍ਰਦੇਸ਼ 'ਚ ਇਸ ਦਾ ਕੁੱਝ ਅਸਰ ਦੇਖਣ ਨੂੰ ਮਿਲਿਆ। ਆਰੰਭ ਵਿਚ ਇਨ੍ਹਾਂ ਦੋ ਮੁੱਖ ਸੂਬਿਆਂ ਨੂੰ ਛੱਡ ਕੇ ਹੋਰਨਾਂ ਵਿਚ ਇਸ ਦਾ ਪ੍ਰਭਾਵ ਵਧੇਰੇ ਨਹੀਂ ਸੀ। ਇੱਥੋਂ ਤੱਕ ਕਿ ਮਹਾਂਰਾਸ਼ਟਰ ਦੇ ਸ਼ੇਤਕਾਰੀ ਸੰਗਠਨ ਦੇ ਅਨਿਲ ਘਨਵਤ ਅਤੇ ਸਵਾਭਿਮਾਨੀ ਧੜੇ ਦੇ ਰਾਜੂ ਸ਼ੈੱਟੀ ਨੇ ਇਨ੍ਹਾਂ ਆਰਡੀਨੈਂਸਾਂ ਦਾ ਸਵਾਗਤ ਕੀਤਾ। ਪਰੰਤੂ ਹੌਲੀ-ਹੌਲੀ ਫਿਰ ਉੱਤਰ-ਭਾਰਤ ਦੇ ਹੋਰ ਸੂਬੇ ਜਿਵੇਂ ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼ ਦੀਆਂ ਕੁੱਝ ਕਿਸਾਨ ਜੱਥੇਬੰਦੀਆਂ ਵੱਲੋਂ ਵੀ ਇਸ ਨੂੰ ਸਾਥ ਮਿਲਣ ਲੱਗਾ। ਇੱਥੇ ਇਕ ਪੱਖ ਇਹ ਵੀ ਧਿਆਨਯੋਗ ਹੈ ਕਿ ਸਰਕਾਰੀ ਖਰੀਦ ਦਾ 70 ਫੀਸਦੀ ਕੇਵਲ ਪੰਜਾਬ ਤੇ ਹਰਿਆਣਾ ਵਿੱਚੋਂ ਹੀ ਹੁੰਦਾ ਹੈ। '***ਸਿਆੜ***' ਪੁਸਤਕ ਵਿਚ ਕਵੀ ਡਾ. ਸੁਰਿੰਦਰ ਸਿੰਘ ਸਿੱਧੂ ਕੇਂਦਰ ਦੁਆਰਾ ਬਣਾਏ ਇਨ੍ਹਾਂ ਕਾਨੂੰਨਾਂ ਨੂੰ ਆਪਣੀ ਕਵਿਤਾ ਜ਼ਮੀਨ ਦੀ ਕਹਾਣੀ ਵਿਚ ਇਉਂ ਬਿਆਨ ਕਰਦੇ ਹਨ:

ਦੇਸ਼ 'ਚ ਇਕ ਨਵੇਂ ਤਰਜ਼ ਦੀ ਸਰਕਾਰ ਨੇ

ਕਿਸਾਨਾਂ ਦੇ ਆਖਰੀ ਉਜਾੜੇ ਲਈ

ਕਾਰਪੋਰੇਟੀ ਘਰਾਣਿਆਂ ਦੇ ਦਬਾਅ ਹੇਠਾਂ

ਨਵੇਂ ਕਾਨੂੰਨ ਕਿਸਾਨੀ ਦੇ ਗਲ ਮੜ੍ਹ ਦਿੱਤੇ

ਕਿਸਾਨ ਵਿਰੋਧੀ ਇਹਨਾਂ ਕਾਨੂੰਨ ਦੀ ਆੜ 'ਚ

ਦੇਸ਼ ਦੀ ਸਮੁੱਚੀ ਕਿਸਾਨੀ ਦੀ ਹੋਂਦ ਨੂੰ ਹੀ

ਖ਼ਤਰੇ ‘ਚ ਪਾ ਦਿੱਤਾ। 14

ਦੂਜੀ ਇਸ ਕਾਨੂੰਨ ਕਾਰਨ ਪੈਦਾ ਹੋਈ ਫਿਕਰ ਆੜ੍ਹਤੀ ਵਰਗ ਲਈ ਸੀ। ਆੜ੍ਹਤੀਆਂ ਨੂੰ ਸਰਕਾਰੀ ਖਰੀਦ ਦੌਰਾਨ ਸਮਰਥਨ ਮੁੱਲ ਉੱਪਰ 2.5% ਕਮਿਸ਼ਨ ਮਿਲਦਾ ਹੈ। ਇਕੱਲੇ ਪੰਜਾਬ ਵਿਚ ਆੜ੍ਹਤੀਆਂ ਦੀ ਗਿਣਤੀ 28 ਤੋਂ 30 ਹਜ਼ਾਰ ਦੇ ਕਰੀਬ ਹੈ। ਸਾਲ 2020 ਦੌਰਾਨ ਪੰਜਾਬ ਤੇ ਹਰਿਆਣੇ ਵਿਚ ਆੜ੍ਹਤੀਆਂ ਨੇ ਕਮਿਸ਼ਨ ਦੇ ਰੂਪ ਵਿਚ 2000 ਕਰੋੜ ਰੁਪਏ ਕਮਾਏ ਹਨ। ਅਕਸਰ ਦੇਖਣ ਵਿਚ ਆਉਂਦਾ ਹੈ ਕਿ ਅਮੀਰ ਜਾਂ ਵੱਡੇ ਕਿਸਾਨ ਹੀ ਆੜ੍ਹਤੀਆਂ ਦੀ ਭੂਮਿਕਾ ਨਿਭਾਉਂਦੇ ਹਨ। ਸੋ ਸੁਭਾਵਿਕ ਹੀ ਇਨ੍ਹਾਂ ਖੇਤੀ ਬਿੱਲਾਂ ਦਾ ਵਿਰੋਧ ਕਰਨ ਵਿਚ ਇਸ ਤਬਕੇ ਨੇ ਵੀ ਮਹੱਤਵਪੂਰਣ ਰੋਲ ਅਦਾ ਕੀਤਾ। ਇਸ ਤੋਂ ਇਲਾਵਾ ਸੂਬਾ ਸਰਕਾਰ ਨੂੰ ਵੀ ਏ.ਪੀ.ਐਮ.ਸੀ. ਮੰਡੀ ਵਿਚ ਹੋਣ ਵਾਲੀ ਵਿਕਰੀ ਉੱਪਰ ਟੈਕਸ ਮਿਲਦਾ ਹੈ, ਜਿਵੇਂ ਕਿ ਪੰਜਾਬ ‘ਚ ਝੋਨੇ ਅਤੇ ਕਣਕ ਉੱਪਰ 6 ਫੀਸਦੀ, ਬਾਸਮਤੀ ਚੌਲਾਂ ‘ਤੇ 4 ਫੀਸਦੀ ਅਤੇ ਕਪਾਹ ਅਤੇ ਮੱਕੀ ਉੱਤੇ 2 ਫੀਸਦੀ ਟੈਕਸ ਲਿਆ ਜਾਂਦਾ ਹੈ। ਸਾਲ 2020 ਵਿਚ ਪੰਜਾਬ ਸਰਕਾਰ ਨੇ ਇਸ ਟੈਕਸ ਦੇ ਰੂਪ ਵਿਚ 3500 ਤੋਂ 3600 ਕਰੋੜ ਰੁਪਏ ਕਮਾਏ। ਪੰਜਾਬ 'ਚ 153 ਮਾਰਕੀਟ ਕਮੇਟੀਆਂ ਅਧੀਨ 1500 ਦੇ ਕਰੀਬ ਅਨਾਜ ਮੰਡੀਆਂ ਵਿਚ 36 ਹਜ਼ਾਰ ਆੜ੍ਹਤੀਏ ਹਨ ਜਿਨ੍ਹਾਂ ਕੋਲ 4 ਲੱਖ ਦੇ ਕਰੀਬ ਮਜ਼ਦੂਰ ਹਾੜ੍ਹੀ-ਸਾਉਣੀ ਮਹੀਨਾ ਦੋ ਮਹੀਨੇ ਕੰਮ ਕਰਦੇ ਹਨ। ਇਨ੍ਹਾਂ ਪ੍ਰਾਇਵੇਟ ਸੀਲੋ ਕਾਰਨ ਹਜ਼ਾਰ ਤੋਂ ਉੱਪਰ ਅਨਾਜ ਮੰਡੀਆਂ ਬੰਦ ਹੋਣ ਤੇ ਮੰਡੀ ਬੋਰਡ ਖਤਮ ਹੋ ਜਾਵੇਗਾ ਤੇ ਲੱਖਾਂ ਮਜ਼ਦੂਰ, ਮਨੀਮ ਆੜ੍ਹਤੀ, ਮਾਰਕਿਟ ਕਮੇਟੀਆਂ ਦੇ ਮੁਲਾਜ਼ਮ ਵਿਹਲੇ ਹੋ ਜਾਣਗੇ।

ਇੱਥੇ ਇਸ ਸਮੇਂ ਦੌਰਾਨ ਇਹ ਗੱਲ ਵੀ ਦੇਖਣ ਵਿਚ ਆਈ ਕਿ ਭਾਵੇਂ ਬਹੁਤ ਸਾਰੀ ਜੱਥੇਬੰਦੀਆਂ ਇਸ ਆਰਡੀਨੈਂਸ ਦਾ ਵਿਰੋਧ ਕਰ ਰਹੀਆਂ ਸਨ ਪਰ ਫਿਰ ਵੀ ਬਹੁਤ ਸਾਰੀਆਂ ਕਿਸਾਨ ਜੱਥੇਬੰਦੀਆਂ ਏ.ਪੀ.ਐਮ.ਸੀ. ਮੰਡੀਆਂ ਦੀ ਇਜਾਰੇਦਾਰੀ ਖਤਮ ਹੋਣ ‘ਤੇ ਵੱਖਰੇ ਤੌਰ ਤੇ ਇਤਰਾਜ਼ ਨਹੀਂ ਕਰ ਰਹੀਆਂ ਸਨ। ਕੁੱਝ ਜੱਥੇਬੰਦੀਆਂ ਕੇਂਦਰ ਸਰਕਾਰ ਦੇ ਸੰਪਰਕ ਵਿਚ ਸਨ ਤੇ ਇਸ ਦਾ ਸਵਾਗਤ ਕਰ ਰਹੀਆਂ ਸਨ ਤੇ ਕੁੱਝ ਜੱਥੇਬੰਦੀਆਂ ਕੇਵਲ ਘੱਟੋ-ਘੱਟ ਸਮਰਥਨ ਮੁੱਲ ਨੂੰ ਯਕੀਨੀ ਬਣਾਉਣ ਦੀ ਮੰਗ ਤੱਕ ਹੀ ਸੀਮਿਤ ਸਨ। ਅਖਿਲ ਭਾਰਤੀ ਕਿਸਾਨ ਮਹਾਂ ਸਭਾ ਦੇ ਵਿਜੂ ਕ੍ਰਿਸ਼ਣਨ ਨੇ ਇਸ ਇੰਟਰਵਿਊ ਵਿਚ ਸਾਫ ਸ਼ਬਦਾਂ ਵਿਚ ਕਿਹਾ ਕਿ ਸਰਕਾਰ ਜੇਕਰ ਘੱਟੋ-ਘੱਟ ਸਮਰਥਨ ਮੁੱਲ ਨੂੰ ਕਿਸਾਨਾਂ ਦਾ ਕਾਨੂੰਨੀ ਹੱਕ ਬਣਾ ਦੇਵੇ ਤਾਂ ਜੋ ਕੋਈ ਨਿੱਜੀ

ਖਰੀਦਦਾਰ ਵੀ ਘੱਟੋ-ਘੱਟ ਸਮਰਥਨ ਮੁੱਲ ਦੇਣ ਲਈ ਮਜ਼ਬੂਰ ਹੋਵੇ, ਤਾਂ ਉਨ੍ਹਾਂ ਨੂੰ ਏ.ਪੀ.ਐਮ.ਸੀ. ਮੰਡੀ ਦੀ ਇਜਾਰੇਦਾਰੀ ਦੇ ਖਤਮ ਹੋਣ ਨਾਲ ਕੋਈ ਦਿੱਕਤ ਨਹੀਂ ਹੈ। ਪਰੰਤੂ ਦੇਸ਼ ਦੇ ਕਿਸਾਨਾਂ ਦੀ ਵੱਡੀ ਗਿਣਤੀ ਅੰਦਰ ਇਸ ਬਿੱਲ ਦੇ ਆਉਣ ਨਾਲ ਮੰਡੀ ਸਿਸਟਮ ਦੇ ਖਤਮ ਹੋਣ ਦਾ ਖਦਸ਼ਾ ਪੈਦਾ ਹੋ ਗਿਆ ਤੇ ਕਿਸਾਨ ਸੜਕਾਂ ਤੇ ਉੱਤਰ ਆਏ।

### 4.3.2 ਦੂਜਾ ਆਰਡੀਨੈਂਸ 'ਦਿ ਫਾਰਮਸ ਐਗਰੀਮੈਂਟ ਆਨ ਪ੍ਰਾਈਸ ਅਸ਼ਿਓਰੈਂਸ ਐਂਡ ਫਾਰਮ ਸਰਵਿਸੇਜ਼' ਐਕਟ

ਖੇਤੀ ਕਾਨੂੰਨ 2020 ਦਾ ਦੂਜੇ ਆਰਡੀਨੈਂਸ ਦਾ ਨਾਮ 'ਦਿ ਫਾਰਮਰਸ (ਐਮਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਅਸ਼ਿਓਰੈਂਸ ਐਂਡ ਫਾਰਮ ਸਰਵਿਸੇਜ਼ ਆਰਡੀਨੈਂਸ' ਸੀ। ਜਿਸ ਨੂੰ ਕਿਸਾਨ ਮੁੱਲ ਆਸ਼ਵਾਸਨ ਤੇ ਖੇਤੀ ਸਮਝੌਤਾ ਆਰਡੀਨੈਂਸ 2020 ਵੀ ਕਿਹਾ ਜਾਂਦਾ ਹੈ। ਇਸ ਕਾਨੂੰਨ ਤਹਿਤ ਕਿਸਾਨ ਲਈ ਆਪਣੀ ਉਪਜ ਨੂੰ ਏ.ਪੀ.ਐਮ.ਸੀ. ਮੰਡੀ ਦੇ ਲਾਇਸੈਂਸ ਧਾਰੀ ਵਪਾਰੀ ਕੋਲ ਵੇਚਣ ਦੇ ਨਾਲ-ਨਾਲ ਆਪਣੇ ਉਤਪਾਦ ਨੂੰ ਕਿਸੇ ਵੀ ਵਪਾਰੀ, ਕੰਪਨੀ, ਵਿਚੋਲੀਏ ਨੂੰ ਵੇਚ ਸਕਦੇ ਹਨ। ਸਰਕਾਰ ਦਾ ਮੰਨਣਾ ਹੈ ਕਿ ਇਸ ਦੂਜੇ ਆਰਡੀਨੈਂਸ ਦਾ ਮਕਸਦ ਕਿਸਾਨਾਂ ਨੂੰ ਖੇਤੀ-ਕਾਰੋਬਾਰੀ ਫਰਮਾਂ, ਪ੍ਰੋਸੈੱਸਰਾਂ, ਥੋਕ ਵਪਾਰੀਆਂ, ਬਰਾਮਦਕਾਰਾਂ ਜਾਂ ਖੇਤੀ ਸੇਵਾਵਾਂ ਦੇ ਵੱਡੇ ਵਪਾਰੀਆਂ ਨਾਲ ਮਿਲਾ ਕੇ ਹੋਰ ਤਾਕਤਵਰ ਬਣਾਇਆ ਜਾ ਸਕੇ ਤਾਂ ਜੋ ਉਹ ਆਪਣੇ ਹੱਕਾਂ ਦੀ ਰਾਖੀ ਕਰ ਸਕਣ ਦੇ ਸਮਰੱਥ ਹੋ ਜਾਵੇ। ਇਸ ਕਾਨੂੰਨ ਦੇ ਤਹਿਤ ਕਿਸਾਨ ਆਪਣੇ ਉਤਪਾਦ ਦੀ ਪੈਦਾਵਾਰ ਲਈ ਸਿੱਧਾ ਇਕਰਾਰ ਵੀ ਕਰ ਸਕਦੇ ਹਨ। ਇਸਦੇ ਤਹਿਤ ਪੈਦਾਵਾਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਤਪਾਦ ਦੀ ਤੈਅ ਮਾਤਰਾ, ਤੈਅ ਗੁਣਵੱਤਾ ਅਤੇ ਕਿਸਮ ਅਤੇ ਤੈਅ ਕੀਮਤਾਂ ਦੇ ਆਧਾਰ ਤੇ ਕਿਸਾਨ ਅਤੇ ਕਿਸੇ ਵੀ ਨਿੱਜੀ ਸਪਾਂਸਰ, ਕੰਪਨੀ, ਆਦਿ ਵਿਚਕਾਰ ਇਕਰਾਰਨਾਮਾ ਹੋਵਗਾ। ਇਸ ਇਕਰਾਰਨਾਮੇ ਦੀ ਮਿਆਦ ਵੱਧ ਤੋਂ ਵੱਧ ਪੰਜ ਸਾਲ ਹੋਵੇਗੀ। ਇਸ ਦੂਜੇ ਬਿੱਲ ਮੁਤਾਬਿਕ ਕਿਸਾਨ ਵਪਾਰੀਆਂ ਨਾਲ ਕੀਤੇ ਇਕਰਾਰਨਾਮੇ ਦੇ ਮੁਤਾਬਿਕ ਹੀ ਫ਼ਸਲਾਂ ਉਗਾਉਣਗੇ ਅਤੇ ਇਸ ਦਾ ਇਕਰਾਰਨਾਮੇ ਵਿੱਚ ਤੈਅਸ਼ੁਦਾ ਮੁੱਲ ਮਿਲੇਗਾ। ਇਸ ਕਾਨੂੰਨ ਦੀ ਇਕ ਹੋਰ ਮੱਦ ਅਨੁਸਾਰ ਇਸ ਰਾਹੀਂ ਲਾਜ਼ਮੀ ਵਸਤਾਂ ਦੇ ਸਟਾਕ 'ਤੇ ਰੱਖੀ

ਗਈ ਵੱਧੋ-ਵੱਧ ਸੀਮਾ ਨੂੰ ਵੀ ਹਟਾ ਦਿੱਤਾ ਗਿਆ। ਆਪਣੀ ਪੁਸਤਕ '***ਜਨ ਅੰਦੋਲਨ***' ਵਿਚ ਕਵੀ ਜਗਜੀਤ ਸਿੰਘ ਲੱਡਾ ਤਿੰਨ ਖੇਤੀ ਕਾਨੂੰਨ ਦੀ ਬਾਤ ਪਾਉਂਦੇ ਹੋਏ ਦੂਜੇ ਕਾਨੂੰਨ ਨੂੰ ਇਸ ਤਰ੍ਹਾਂ ਕਾਵਿਬੱਧ ਪੇਸ਼ ਕਰਦੇ ਹਨ:

ਦੂਜਾ ਸ਼ਕਤੀਕਰਨ ਤੇ ਸੁਰੱਖਿਆ ਨਾਲ ਸੰਬੰਧਿਤ,

ਜੋ ਕੰਟਰੈਕਟ ਫਾਰਮਿੰਗ ਨਾਲ ਹੈ ਜੀ ਪ੍ਰਤੀਬੰਧਿਤ

ਇਹ ਕਹੇ ਡੀ.ਸੀ ਸੁਣੂ ਜੇ ਝਗੜੇ ਜਾਣ ਨਾ ਟਾਲੇ।

ਆਓ ਦੱਸਾਂ ਕਿ ਕਿਹੜੇ ਹਨ ਤਿੰਨ ਕਾਨੂੰਨ ਕਾਲੇ। 12

ਕਿਸਾਨਾਂ ਅਤੇ ਹੋਰ ਵਿਦਵਾਨਾਂ ਨੂੰ ਇਸ ਕਾਨੂੰਨ ਨਾਲ ਇਹ ਸ਼ੰਕਾ ਪੈਦਾ ਹੋ ਗਈ ਕਿ ਇਸ ਨਾਲ ਵੱਖ-ਵੱਖ ਲਾਜ਼ਮੀ ਵਸਤਾਂ ਦੀ ਜਮਾਖੋਰੀ 'ਤੇ ਕਿਸੇ ਕਿਸਮ ਦੀ ਰੋਕ ਨਹੀਂ ਹੋਵੇਗੀ। ਸਮਾਂ ਬੀਤਣ ਨਾਲ ਇਹ ਵਪਾਰੀ ਜਾ ਮੁਨਾਫ਼ਾਖੋਰ ਵਰਗ ਇਨ੍ਹਾਂ ਜਰੂਰੀ ਵਸਤਾਂ ਜਿਵੇਂ ਕਿ ਅਨਾਜ, ਆਲੂ, ਪਿਆਜ਼ ਆਦਿ ਦੀ ਕੀਮਤਾਂ ਨੂੰ ਵਧਾ ਸਕਦੇ ਹਨ। ਇਸ ਨਵੀਂ ਠੇਕਾ ਆਧਾਰਿਤ ਪ੍ਰਣਾਲੀ ਦੇ ਆਉਣ ਨਾਲ ਕਿਸਾਨੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ ਕਿਉਂਕਿ ਇਸ ਤੋਂ ਪਹਿਲਾਂ ਠੇਕੇ ਉੱਪਰ ਜ਼ਮੀਨ ਦੇਣ ਲਈ ਕਿਸਾਨ ਆਮ ਤੌਰ ਤੇ ਆਪਣੇ ਆਲੇ-ਦੁਆਲੇ ਦੇ ਕਿਸਾਨਾਂ ਜਾਂ ਆੜਤੀਆਂ ਉੱਪਰ ਨਿਰਭਰ ਹੁੰਦੇ ਸਨ ਜੋ ਪਿੰਡ ਪੱਧਰ ਤੇ ਕਿਸੇ ਨਾ ਕਿਸੇ ਰਿਸ਼ਤੇ ਦੇ ਰੂਪ ਵਿਚ ਆਪਸ ਵਿਚ ਜੁੜੇ ਹੁੰਦੇ ਸਨ। ਪਰੰਤੂ ਇਸ ਕਾਨੂੰਨ ਤੋਂ ਬਾਅਦ ਉਹ ਵੱਡੀਆਂ ਸਰਮਾਏਦਾਰ ਕੰਪਨੀਆਂ ਦੇ ਨਾਲ ਠੇਕਾ ਸਿਸਟਮ ਰਾਹੀਂ ਜੁੜਨਗੇ ਜਿਸ ਨਾਲ ਆਮ ਭੋਲੇ ਭਾਲੇ ਤੇ ਛੋਟੇ ਕਿਸਾਨਾਂ ਵਿਚ ਡਰ ਦਾ ਮਾਹੌਲ ਬਣ ਗਿਆ। ਵੱਡੇ ਇਜਾਰੇਦਾਰ ਸਰਮਾਏ ਲਈ ਖੇਤਾਂ ਦਾ ਰਾਹ ਪੱਧਰਾ ਹੋਵੇਗਾ। ਸਰਕਾਰ ਦੁਆਰਾ ਸਰਮਾਏਦਾਰੀ ਨੂੰ ਪਹੁੰਚਾਏ ਜਾਣ ਵਾਲੇ ਲਾਭ ਤੇ ਇਨ੍ਹਾਂ ਕਾਨੂੰਨ ਦੇ ਵਿਰੋਧ ਦੀ ਹਾਮੀ ਭਰਦੀ ਕਵਿਤਾ ਦਿਓਲ ਪਰਮਜੀਤ ਦੀ ਸੰਪਾਦਿਤ ਪੁਸਤਕ ***ਕਿਸਾਨੀ ਇਬਾਰਤ*** ਵਿਚ ਪਰਵਾਸੀ ਕਵਿਤਰੀ ਭਿੰਦਰ ਜਲਾਲਾਬਾਦੀ ਲਿਖਦੇ ਹਨ:

ਆਪਣੇ ਖ਼ੇਤ ਅਸਾਂ ਹੀ ਵਾਹੁਣੇ

ਨਹੀਂ ਸਰਮਾਏਦਾਰ ਲਿਆਉਣੇ

'ਤਿੰਨ ਕਾਨੂੰਨ ਕਿਉਂ ਬਣਾਏਂ ?

ਨਹੀਂ ਅਸੀਂ ਚਾਹੁੰਦੇ ਨਹੀਂ  ਅਸੀਂ ਚਾਹੇ

ਬਹਿ ਗਏ ਜੇ ਚੁੱਪ ਕਰਕੇ ਤਾਂ ਫਿਰ

ਪੀੜ੍ਹੀਆਂ ਲੇਖੇ ਭਰਨਗੀਆਂ

ਕਿਸਾਨ ਮੋਰਚਾ ਉੱਠਿਆ ਸੀ ਇੱਕ

ਗੱਲਾਂ ਹੋਇਆ ਕਰਨਗੀਆਂ.... 126

ਇਸੇ ਹੀ ਤਰ੍ਹਾਂ ਕਵੀ ਉਂਕਾਰ ਸਿੰਘ ਤੇਜੇ ਆਪਣੀ ਪੁਸਤਕ 'ਜੱਦੋ-ਜਹਿਦ' ਵਿਚ ਸਰਕਾਰ ਦੁਆਰਾ ਵੱਡੀਆਂ ਕੰਪਨੀਆਂ ਨੂੰ ਖੇਤੀ ਖੇਤਰ ਵਿਚ ਭੇਜੇ ਜਾਣ ਦੀ ਗੱਲ ਨੂੰ ਇਉਂ ਪੇਸ਼ ਕਰਦੇ ਹਨ:

ਕਰਤਾ ਕਾਨੂੰਨ ਵੇਖੋ ਖੇਤੀ ਵਾਲਾ ਪਾਸ,

ਹੁਣ ਘੱਲਣੇ ਪੰਜਾਬ ਵੱਲ ਇਹਨਾਂ ਨੇ ਵਪਾਰੀ....

ਇੱਟ ਦਾ ਜਵਾਬ ਦੇਣਾ ਪੈਣਾ ਹੁਣ ਪੱਥਰਾਂ ਨਾ,

ਦਿੱਲੀ ਦੂਰ ਨਹੀਂ, ਜੰਗ ਵਾਲੀ ਕਰਲੋ ਤਿਆਰੀ...... 13

ਵੱਡੇ ਵੱਡੇ ਬਣਨਗੇ ਮਾਲ ਮਿੱਤਰੋ,

ਬੁਰਾ ਹੋਊ ਸਾਰਿਆਂ ਦਾ ਹਾਲ ਮਿੱਤਰੋ........ 15

ਡਾ ਅਜੀਤਪਾਲ ਸਿੰਘ ਐੱਮ.ਡੀ. ਨੇ ਡਾ ਸੁਰਜੀਤ ਬਰਾੜ ਦੀ ਪੁਸਤਕ ***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ-ਖੇਤੀ ਸੰਕਟ ਤੇ ਖੇਤੀ ਕਾਨੂੰਨ*** ਵਿਚ  ਆਪਣੇ ਲੇਖ ਬਹੁਕੌਮੀ ਕੰਪਨੀਆਂ ਦੀ ਠੇਕਾ ਖੇਤੀ ਤੇ ਕਿਸਾਨੀ ਦੁਰਦਸ਼ਾ ਵਿਚ ਲਿਖਦੇ ਹਨ:

> ਸਰਕਾਰ ਠੇਕਾ ਖੇਤੀ ਨੂੰ ਰਾਮਬਾਣ ਦਵਾ ਦੇ ਰੂਪ ਚ ਪੇਸ਼ ਕਰਕੇ ਖੇਤੀ ਖੇਤਰ ਪ੍ਰਤੀ ਆਪਣੀ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ। ਜਦੋਂਕਿ ਠੇਕਾ ਖੇਤੀ ਦੀ ਅਸਲੀਅਤ ਕੁੱਝ ਹੋਰ ਹੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਾਡੇ ਦੇਸ਼ ਦੇ ਜ਼ਿਆਦਾਤਰ ਕਿਸਾਨ ਇੰਨੇ ਪੜ੍ਹੇ-ਲਿਖੇ ਅਤੇ

> ਤੇਜ਼ ਤਰਾਰ ਨਹੀਂ ਹਨ ਕਿ ਇਨ੍ਹਾਂ ਕੰਪਨੀਆਂ ਨਾਲ ਹੋਏ ਇਕਰਾਰ ਵਿੱਚ ਲਿਖੀਆਂ ਗੂੜ ਗੱਲਾਂ ਅਤੇ ਕਾਨੂੰਨੀ ਦਾਅਪੇਚਾਂ ਨੂੰ ਸਮਝ ਸਕਣ, ਇਸ ਲਈ ਉਨ੍ਹਾਂ ਦੇ ਨਾਲ ਧੋਖਾ ਕਰਨਾ ਇਨ੍ਹਾਂ ਕੰਪਨੀਆਂ ਲਈ ਸੌਖਾ ਹੋਵੇਗਾ। 168

ਇਸਦੇ ਨਤੀਜੇ ਅਲੱਗ-ਅਲੱਗ ਦੇਸ਼ਾਂ ਅਤੇ ਅਲੱਗ-ਅਲੱਗ ਸੂਬਿਆਂ 'ਚ ਅਲੱਗ-ਅਲੱਗ ਸਾਹਮਣੇ ਆਏ ਹਨ। ਆਂਧਰਾ ਪ੍ਰਦੇਸ਼ ਵਿਚ ਚੰਦਰਬਾਬੂ ਨਾਇਡੂ ਦੇ ਮੁੱਖ ਮੰਤਰੀ ਰਹਿੰਦਿਆਂ ਜੋ ਠੇਕਾ ਖੇਤੀ ਦਾ ਮਾਡਲ ਲਾਗੂ ਕੀਤਾ ਗਿਆ, ਉਸ ਵਿਚ ਅਮੀਰ ਅਤੇ ਦਰਮਿਆਨੇ ਕਿਸਾਨਾਂ ਨੂੰ ਨੁਕਸਾਨ ਹੋਇਆ। ਜਦਕਿ ਪੱਛਮੀ ਬੰਗਾਲ 'ਚ ਪੈਪਸੀ ਕੰਪਨੀ ਨਾਲ ਆਲੂ ਦੀ ਪੈਦਾਵਾਰ ਦੀ ਠੇਕਾ ਖੇਤੀ ਵਿਚ ਕਿਸਾਨਾਂ ਨੂੰ ਪ੍ਰਤੀ ਕਿਲੋ 5 ਰੁਪਏ ਤੱਕ ਜਿਆਦਾ ਮਿਲ ਰਹੇ ਹਨ। ਪਰੰਤੂ ਕਾਰਪੋਰੇਟਾਂ ਦੇ ਹੱਥਾਂ ਵਿਚ ਗਈਆਂ ਜਮੀਨਾਂ ਕਾਰਨ ਬੇਜ਼ਮੀਨੇ ਮਾਲਕਾਂ ਦੀ ਸਥਿਤੀ ਪਹਿਲਾਂ ਨਾਲੋਂ ਵੀ ਮਾੜੀ ਹੋਈ ਹੈ। ਇਸ ਵਰਤਾਰੇ ਦੀ ਨਿਖੇਧੀ ਕਰਦੀ ਹੋਈ ਜਗਜੀਤ ਸਿੰਘ ਲੱਡਾ ਦੀ ਰਚਨਾ ਨਾ ਸਾਨੂੰ ਵੇਚ ਪੁਸਤਕ '***ਜਨ ਅੰਦੋਲਨ***' ਵਿਚ ਦਰਜ ਹੈ:

> ਕਾਰਪੋਰੇਟਾਂ ਕੋਲ ਨਾ ਸਾਨੂੰ ਵੇਚ ਹਾਕਮਾ।
>
> ਹਾੜ੍ਹੇ ਮਾੜੇ ਲਿਖ ਨਾ ਸਾਡੇ ਲੇਖ ਹਾਕਮਾਂ। 101

ਰਜਿੰਦਰ ਸਿੰਘ ਰਾਜਨ ਦੁਆਰਾ ਸੰਪਾਦਿਤ ਪੁਸਤਕ '***ਖੇਤਾਂ ਦੇ ਪੁੱਤ ਜਾਗ ਪਏ***' ਵਿਚ ਕਵੀ ਮੂਲ ਚੰਦ ਸ਼ਰਮਾ ਦੀ ਲਿਖਤ ਖੇਤੀਬਾੜੀ ਦੇ ਕਾਨੂੰਨਾਂ ਵਾਸਤੇ ਵਿਚ ਉਹ ਸਰਕਾਰ ਦੇ ਖੇਤੀ ਕਾਨੂੰਨਾਂ ਪ੍ਰਤੀ ਰਾਇ ਨੂੰ ਵਿਅੰਗਾਤਮਕ ਤਰੀਕੇ ਨਾਲ ਇਸ ਪ੍ਰਕਾਰ ਲਿਖਦੇ ਹਨ:

> ਕਹਿੰਦੇ ਥੋਡੀ ਆਮਦਨ ਦੁੱਗਣੀ ਕਰਾਵਾਂਗੇ,
>
> ਠੇਕੇ 'ਤੇ ਜ਼ਮੀਨਾਂ ਸਾਡੇ ਯਾਰਾਂ ਨੂੰ ਦਿਵਾਵਾਂਗੇ,
>
> ਖਹਿੜਾ ਉਨ੍ਹਾਂ ਤੋਂ ਛੁਡਾਉਣ ਚੱਲਿਆ।
>
> ਖੇਤੀਬਾੜੀ ਦੇ ਕਾਨੂੰਨਾਂ ਵਾਸਤੇ......। 22

ਡਾ ਸੁਰਜੀਤ ਬਰਾੜ ਦੁਆਰਾ ਸੰਪਾਦਿਤ ਪੁਸਤਕ ***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨ-ਖੇਤੀ ਸੰਕਟ ਤੇ ਖੇਤੀ ਕਾਨੂੰਨ*** ਵਿਚ ਕਿਸਾਨ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਦਾ ਲਿਖਿਆ ਆਰਟੀਕਲ ਖੇਤੀ ਕਾਨੂੰਨ ਅਤੇ ਉਨ੍ਹਾਂ ਦੇ ਪਾਸਾਰ ਵਿਚ ਉਹ ਲਿਖਦੇ ਹਨ: "ਕੰਟਰੈਕਟ ਫਾਰਮਿੰਗ ਦੇ ਨਾਮ 'ਤੇ ਭੂ-ਮਾਫੀਆ ਨੂੰ ਕਾਨੂੰਨੀ ਮਾਨਤਾ ਹੋਵੇਗੀ। ਕਿਸਾਨੀ ਦੀ ਜ਼ਮੀਨ ਖੁੱਸਣ ਨਾਲ ਉਸਦੇ ਰੁਜ਼ਗਾਰ ਦਾ ਪੱਕਾ ਵਸੀਲਾ ਖਤਮ ਹੋ ਜਾਵੇਗਾ। (ਪੰਨਾ 226)

ਇਕਰਾਰਨਾਮੇ ਦੀ ਖੇਤੀ ਪ੍ਰਤੀ ਕਿਸਾਨਾਂ ਦੀ ਹਮਦਰਦੀ ਜਿੱਤਣ ਵਿਚ ਵੀ ਸਰਕਾਰ ਪੂਰੀ ਤਰਾਂ ਨਾਕਾਮਯਾਬ ਸਾਬਿਤ ਹੋਈ ਕਿਸਾਨ ਆਪਣੀ ਭੋਂ ਉੱਪਰ ਕਿਸੇ ਹੋਰ ਦੀ ਦਖ਼ਲ-ਅੰਦਾਜ਼ੀ ਪਸੰਦ ਨਹੀਂ ਕਰ ਰਹੇ ਸਨ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਕਿਸਾਨਾਂ ਦੁਆਰਾ ਇਸ ਕਾਨੂੰਨ ਦਾ ਡਟ ਕੇ ਵਿਰੋਧ ਕੀਤਾ ਗਿਆ। ਇਕਰਾਰਨਾਮੇ ਦੀ ਖੇਤੀ ਵਿਚਲੇ ਝਗੜਿਆਂ ਦੇ ਨਿਪਟਾਰੇ ਲਈ ਇਨ੍ਹਾਂ ਕਾਨੂੰਨਾਂ ਵਿਚ ਬਣਾਏ ਪ੍ਰਾਵਧਾਨ ਵੀ ਕਿਸਾਨਾਂ ਦਾ ਵਿਸ਼ਵਾਸ ਨਾ ਜਿੱਤ ਸਕੇ ਤੇ ਲਾਜ਼ਮੀ ਵਸਤਾਂ ਦੇ ਸਟਾਕ ਰੱਖਣ ਦੀ ਖੁੱਲ ਨੇ ਵੀ ਸਰਕਾਰ ਦੀ ਨੀਅਤ ਉੱਪਰ ਸਵਾਲੀਆਂ ਨਿਸ਼ਾਨ ਲਗਾ ਦਿੱਤੇ, ਜਿਸ ਦੇ ਕਾਰਨ ਇਨਾਂ ਬਿੱਲਾਂ ਖਿਲਾਫ਼ ਇਹ ਅੰਦੋਲਨ ਹੋਰ ਵੀ ਤੇਜ਼ ਹੋ ਗਿਆ।

### 4.3.3 ਤੀਜਾ ਆਰਡੀਨੈਂਸ 'ਦਿ ਈਜ਼ੈਨਸ਼ੀਅਲ ਕੋਮੋਡੀਟੀਜ਼' ਐਕਟ

ਤੀਜਾ ਆਰਡੀਨੈਂਸ 'ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ 2020' ਮੁਤਾਬਿਕ ਅਜਿਹੀਆਂ ਜ਼ਰੂਰੀ ਵਸਤਾਂ ਦੀ ਸੂਚੀ ਨੂੰ ਤਿਆਰ ਨੂੰ ਨਿਯਮਿਤ ਕਰਨਾ ਹੈ ਜਿਨ੍ਹਾਂ ਦੀ ਕੀਮਤ ਸਰਕਾਰ ਨੇ ਤੈਅ ਕਰਨੀ ਹੋਵੇ। ਸਰਕਾਰ ਮੁਤਾਬਿਕ ਇਸ ਤੀਜੇ ਆਰਡੀਨੈਂਸ ਦਾ ਮੰਤਵ ਖੇਤੀਬਾੜੀ ਖੇਤਰ ਵਿਚ ਮੁਕਾਬਲੇਬਾਜ਼ੀ ਨੂੰ ਵਧਾਉਣਾ ਅਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਨਾ ਤੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਵੀ ਹੈ। ਪਰੰਤੂ ਕਿਸਾਨ ਧਿਰਾਂ ਦਾ ਮੰਨਣਾ ਹੈ ਕਿ ਤੀਜਾ ਖੇਤੀ ਬਿੱਲ ਸਿੱਧੇ ਤੌਰ 'ਤੇ ਲੋੜੀਂਦੀ ਵਸਤ ਕਾਨੂੰਨ ਵਿਚ ਤਬਦੀਲੀ ਕਰਦੇ ਹੋਏ ਜਮਾਖੋਰੀ ਅਤੇ ਕਾਲਾ ਬਜਾਰੀ ਨੂੰ ਵਧਾਉਣ ਦੀ ਖੁੱਲ ਦਿੰਦਾ ਹੈ ਕਿਉਂਕਿ ਇਹ ਕਈ ਲੋੜੀਂਦੀਆਂ ਵਸਤਾਂ ਦੀ ਸਟਾਕਿੰਗ 'ਤੇ ਸੀਮਾ ਨੂੰ ਜੰਗ ਵਰਗੀਆਂ ਆਪਾਤਕਾਲੀਨ ਹਾਲਤਾਂ ਨੂੰ ਛੱਡ ਕੇ ਖ਼ਤਮ ਕਰ ਦਿੰਦਾ ਹੈ। ਇਹ ਤੀਜਾ ਆਰਡੀਨੈਂਸ ਸਿੱਧੇ ਤੌਰ 'ਤੇ ਕਿਰਤੀ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹੈ। ਇਸ ਤੀਜੇ ਕਾਨੂੰਨ ਨੂੰ ਆਪਣੀ

ਕਾਵਿਕ ਸ਼ੈਲੀ ਰਾਹੀਂ ਕਵੀ ਜਗਜੀਤ ਸਿੰਘ ਲੱਡਾ ਆਪਣੀ ਪੁਸਤਕ '***ਜਨ ਅੰਦੋਲਨ***' ਵਿਚ ਇਉਂ ਅਭਿਵਿਅਕਤ ਕਰਦੇ ਹਨ:

ਤੀਜਾ ਜਿਹੜਾ ਸਭ ਤੋਂ ਮਾੜਾ ਹੈ ਜਮਾਂਖੋਰੀ ਵਾਲਾ,

ਇਹਨੇ ਹੀ ਕਰਨਾ ਸਾਡੇ ਨਾਲ ਵੱਧ ਘਾਲਾ-ਮਾਲਾ,

ਨਕਲੀ ਥੁੜ ਪੈਦਾ ਕਰ ਗੱਲੇ ਭਰਨਗੇ ਵੱਡੇ ਲਾਲੇ।

ਆਓ ਦੱਸਾਂ ਕਿ ਕਿਹੜੇ ਹਨ ਤਿੰਨ ਕਾਨੂੰਨ ਕਾਲੇ। 12

ਇਸ ਤੀਜੇ ਖੇਤੀ ਕਾਨੂੰਨ ਦੇ ਦੁਸ਼ ਪ੍ਰਭਾਵਾਂ ਨੂੰ ਆਪਣੀ ਪੁਸਤਕ '***ਜੱਦੋ-ਜਹਿਦ***' ਵਿਚ ਕਵੀ ਉਂਕਾਰ ਸਿੰਘ ਤੇਜੇ ਵਪਾਰੀ ਵਰਗ ਦੁਆਰਾ ਕਾਲਾ ਬਾਜ਼ਾਰੀ ਤੇ ਹੋਰ ਅਨੈਤਿਕ ਮੁਨਾਫ਼ਾਖੋਰੀ ਕਾਰਨ ਕਿਸਾਨ ਦੁਆਰਾ ਹੰਢਾਏ ਜਾ ਰਹੇ ਦੁੱਖ ਨੂੰ ਇਸ ਤਰਾਂ ਪ੍ਰਗਟਾਉਂਦਾ ਹੈ:

ਸਾਡੇ ਕੋਲੋ ਫ਼ਸਲਾਂ ਖਰੀਦ ਕੇ,

ਫੇਰ ਕਰਕੇ ਸਟੋਰ ਮਹਿੰਗੇ ਭਾਅ ਨੂੰ ਵੇਚਦੇ,

ਵਰ੍ਹੇ ਬੀਤ ਗਏ ਨੇ ਮਿੱਟੀ ਨਾਲ ਮਿੱਟੀ ਹੁੰਦਿਆਂ ਨੂੰ ,

ਪਰ ਬਣੇ ਨਾ ਵਪਾਰੀ ਦੀ ਦੁਕਾਨ ਮੇਚ ਦੇ 23

ਅੰਦੋਲਨ ਕਰ ਰਹੇ ਕਿਸਾਨਾਂ ਦੁਆਰਾ ਅਨੇਕਾਂ ਤਰ੍ਹਾਂ ਦੇ ਸਵਾਲ ਵੀ ਸਰਕਾਰ ਦੇ ਅੱਗੇ ਰੱਖੇ ਜਾ ਰਹੇ ਸਨ ਜੋ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕਰਦੇ ਹਨ। ਇਨ੍ਹਾਂ ਸਵਾਲਾਂ ਵਿਚੋਂ ਇਕ ਸਵਾਲ ਇਹ ਵੀ ਸੀ ਕਿ ਇਨ੍ਹਾਂ ਖੇਤੀ ਕਾਨੂੰਨਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕਾਰਪੋਰੇਟ ਕੰਪਨੀਆਂ ਵੱਲੋਂ ਵੱਡੇ-ਵੱਡੇ ਗੋਦਾਮ, ਸਾਇਲੋ ਤੇ ਹੋਰ ਅਨਾਜ ਭੰਡਾਰਣ ਦੀ ਸਟੋਰ ਕਿਵੇਂ ਹੋਂਦ ਵਿਚ ਆ ਗਏ। '***ਜਨ ਅੰਦੋਲਨ***' ਕਾਵਿ ਸੰਗ੍ਰਹਿ ਵਿਚ ਕਵੀ ਜਗਜੀਤ ਸਿੰਘ ਲੱਡਾ ਆਪਣੀ ਕਵਿਤਾ ਭੁੱਖ 'ਤੇ ਵਪਾਰ ਵਿਚ ਇਸ ਵਰਤਾਰੇ ਨੂੰ ਇਉਂ ਪੇਸ਼ ਕਰਦੇ ਹਨ:

ਭੁੱਖ ‘ਤੇ ਵਪਾਰ ਤੁਸੀਂ ਕਰਨਾ ਚਾਹੁੰਦੇ ਹੋ।

ਅੰਨ ਨੂੰ ਤਿਜੌਰੀ ‘ਚ ਧਰਨਾ ਚਾਹੁੰਦੇ ਹੋ।

ਵੱਡੇ-ਵੱਡੇ ਤਾਂਹੀ ਸਾਇਲੋ ਪਲਾਂਟ ਬਣਾਏ,

ਜਿਨ੍ਹਾਂ ਵਿੱਚ ਲੱਖਾਂ ਟਨ ਅਨਾਜ਼ ਸਮਾਏ,

ਉਹਨਾਂ ਨੂੰ ਨੱਕੋ-ਨੱਕ ਭਰਨਾ ਚਾਹੁੰਦੇ ਹੋ।

ਭੁੱਖ ਤੇ ਵਪਾਰ ਤੁਸੀਂ ਕਰਨਾ ਚਾਹੁੰਦੇ ਹੋ। 61

ਇਸ ਤੋਂ ਇਲਾਵਾ ਇਨ੍ਹਾਂ ਆਰਡੀਨੈਂਸਾਂ ਦਾ ਸੰਬੰਧ ਜਨਤਕ ਵੰਡ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਨ ਦੀ ਕਰਨ ਦੀ ਮੰਗ ਨਾਲ ਵੀ ਜੁੜਿਆ ਹੋਇਆ ਹੈ। ਕੇਂਦਰ ਸਰਕਾਰ ਪਹਿਲਾਂ ਤੋਂ ਹੀ ਇਸ ਕੋਸ਼ਿਸ਼ ਵਿਚ ਹੈ ਕਿ ਉਹ ਜਨਤਕ ਵੰਡ ਪ੍ਰਣਾਲੀ ਤੋਂ ਆਪਣਾ ਖਹਿੜਾ ਛੁਡਾ ਲਵੇ ਤੇ ਇਸ ਜ਼ਿੰਮੇਵਾਰੀ ਨੂੰ ਸੂਬਾ ਸਰਕਾਰਾਂ ਦੇ ਸਿਰ ਪਾ ਦੇਵੇ। ਕਿਸਾਨਾਂ ਦੇ ਨਾਲ ਨਾਲ ਹੋਰ ਵੱਖ ਵੱਖ ਖੇਤਰਾਂ ਦੇ ਮਾਹਿਰ ਇਸ ਗੱਲ ਦੀ ਚਿੰਤਾ ਪ੍ਰਗਟਾਉਂਦੇ ਹਨ ਕਿ ਇਹ ਖੇਤੀ ਕਾਨੂੰਨ ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਸ਼੍ਰੇਣੀ ਲਈ ਵੀ ਮਾਰੂ ਸਿੱਧ ਹੋਣਗੇ। ‘***ਜਨ ਅੰਦੋਲਨ’*** ਪੁਸਤਕ ਵਿਚ ਕਵੀ ਜਗਜੀਤ ਸਿੰਘ ਲੱਡਾ ਇਨ੍ਹਾਂ ਕਾਨੂੰਨਾਂ ਪ੍ਰਤੀ ਆਪਣੇ ਵਿਚਾਰ ਆਪਣੀ ਕਵਿਤਾ ਤਿੰਨ ਕਾਲੇ ਕਾਨੂੰਨ ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

‘ਲੱਡੇ ਇਨ੍ਹਾਂ ਤਿੰਨਾ ਨੇ ਹੀ ਕਿਰਸਾਨੀ ਢਾਹ ਲੈਣੀ,

ਫੇਰ ਆਪਣੇ ਖੇਤਾਂ ‘ਚ ਹੀ ਦਿਹਾੜੀ ਕਰਨੀ ਪੈਣੀ,

ਖੋਹੇ ਜਾਣੇ ਖੇਤ ਜਿਨ੍ਹਾਂ ਨੂੰ ਸੰਵਾਰਦਿਆਂ ਤਨ ਗਾਲੇ।

ਆਓ ਦੱਸਾਂ ਕਿ ਕਿਹੜੇ ਹਨ ਤਿੰਨ ਕਾਨੂੰਨ ਕਾਲੇ। 12

ਕਿਸਾਨਾਂ ਦੇ ਹਿੱਤਾਂ ਦੀ ਪੂਰਤੀ ਕਰਨ ਦੇ ਨਾਂ ਤੇ ਲਿਆਂਦੇ ਗਏ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਦੀਆਂ ਗੁੰਝਲਾਂ ਅਸਲ ਵਿਚ ਬਹੁਤ ਪੇਚੀਦਾ ਹਨ। ਇਸ ਨਾਲ ਖੇਤੀ ਉਪਜ ਦੇ ਵਪਾਰ ਵਿਚ ਵੱਡੀਆਂ ਪ੍ਰਾਇਵੇਟ ਵਪਾਰਕ,

ਪ੍ਰੋਸੈਸਿੰਗ ਤੇ ਆਯਾਤ-ਨਿਰਯਾਤ ਕੰਪਨੀਆਂ ਦਾ ਰਾਹ ਖੋਲਿਆ ਗਿਆ ਹੈ। ਪਰੰਤੂ ਭਾਰਤ ਦੇ ਕਿਸਾਨਾਂ ਦੀ ਕੁੱਲ ਗਿਣਤੀ ਵਿਚ ਲਗਭਗ 86 % ਕਿਸਾਨ ਛੋਟੇ ਕਿਸਾਨ ਹਨ ਜੋ ਅਜਿਹੀਆਂ ਵੱਡੀਆਂ ਕੰਪਨੀਆਂ ਦੇ ਬਰਾਬਰ ਕੰਮ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਇਹ ਕਾਨੂੰਨ ਪ੍ਰਾਇਵੇਟ ਕੰਪਨੀਆਂ ਨੂੰ ਸੂਬਾਈ ਏ.ਪੀ.ਐੱਮ.ਸੀ. ਐਕਟ ਤਹਿਤ ਬਿਨਾਂ ਕੋਈ ਫੀਸ ਜਾਂ ਸੈੱਸ ਦਿੱਤੇ ਕਿਸਾਨਾਂ ਤੋਂ ਸਿੱਧੇ ਤੌਰ ‘ਤੇ ਫਸਲਾਂ ਖਰੀਦ ਸਕਣ ਦਾ ਅਧਿਕਾਰ ਦਿੰਦੇ ਹਨ। ਇਸ ਦਾ ਅਸਰ ਸਿੱਧੇ ਤੌਰ ‘ਤੇ ਐੱਫ ਸੀ ਆਈ ਤੇ ਪਵੇਗਾ ਤੇ ਐੱਫ ਸੀ ਆਈ ਇਨ੍ਹਾਂ ਕੰਪਨੀਆਂ ਦੇ ਮੁਕਾਬਲੇ ਬਹੁਤ ਪੱਛੜ ਜਾਵੇਗੀ। ਜੇਕਰ ਇਹ ਕਾਨੂੰਨ ਪੂਰੀ ਤਰ੍ਹਾਂ ਲਾਗੂ ਹੋ ਗਏ ਹੁੰਦੇ ਤਾਂ ਮਾਰਕਿਟ ਕਮੇਟੀਆਂ ਨੂੰ ਮਿਲਦੀ ਮਾਰਕਿਟ ਫੀਸ ਤੇ ਰਾਜ ਸਰਕਾਰਾਂ ਨੂੰ ਮਿਲਦਾ ਦਿਹਾਤੀ ਵਿਕਾਸ ਫੰਡ ਬੰਦ ਹੋ ਜਾਵੇਗਾ। ਇਸ ਪੈਸੇ ਦੀ ਵਰਤੋਂ ਦਿਹਾਤੀ ਬੁਨਿਆਦੀ ਢਾਂਚੇ, ਖਾਸ ਕਰ ਕੇ ਲਿੰਕ ਸੜਕਾਂ ਦੇ ਨਿਰਮਾਣ ਤੇ ਮੁਰੰਮਤ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਕਾਰਜਾਂ ਦੇ ਰੁਕਣ ਜਾਂ ਬੰਦ ਹੋ ਜਾਣ ਨਾਲ ਕਿਸਾਨਾਂ ਨੂੰ ਮੰਡੀਆਂ ਤੱਕ ਆਪਣੀਆਂ ਫ਼ਸਲਾਂ ਪਹੁੰਚਾਉਣ ਵਿਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਕਿਸਾਨ ਆਗੂ ਰਜਿੰਦਰ ਸਿੰਘ, ਦੀਪ ਸਿੰਘ ਵਾਲਾ ਇਨ੍ਹਾਂ ਕਾਨੂੰਨਾਂ ਦੇ ਦੁਰਪ੍ਰਭਾਵਾਂ ਦੀ ਗੱਲ ਕਰਦਿਆਂ ਇਸ ਦੇ ਰੁਜ਼ਗਾਰ ਖੇਤਰਾਂ ਖੇਤੀ, ਉਦਯੋਗ ਅਤੇ ਸੇਵਾਵਾਂ ਉੱਪਰ ਪੈਣ ਵਾਲੇ ਅਸਰ ਦੀ ਗੱਲ ਸਟਾਲਿਨਜੀਤ ਸਿੰਘ ਬਰਾੜ ਦੁਆਰਾ ਸੰਪਾਦਿਤ ਪੁਸਤਕ ਵਿਚ ਆਪਣੇ ਲੇਖ ਖੇਤੀ ਕਾਨੂੰਨ ਅਤੇ ਉਨ੍ਹਾਂ ਦੇ ਪਾਸਾਰ ਵਿਚ ਇਸ ਪ੍ਰਕਾਰ ਬਿਆਨ ਕਰਦੇ ਹਨ:

> ਇਹ ਤਿੰਨ ਕਾਨੂੰਨ ਕਿਸਾਨ, ਮਜ਼ਦੂਰ ਅਤੇ ਗਾਹਕ ਦਾ ਖ਼ਾਤਮਾ ਕਰਨਗੇ। ਗੈਰ-ਜਥੇਬੰਦ ਖੇਤਰ ਦਾ ਹਿੱਸਾ ਹੋਣ ਕਰਕੇ ਭਾਵੇਂ ਇਹ ਸਰਕਾਰੀ ਅੰਕੜਿਆਂ ‘ਚ ਨਹੀਂ ਆਉਂਦੇ ਪਰ ਅੰਦਾਜ਼ੇ ਮੁਤਾਬਿਕ ਲੱਖ ਦੇ ਕਰੀਬ ਮੋਟਰਾਂ, ਟਰੈਕਟਰ ਰਿਪੇਅਰ ਦਾ ਕੰਮ ਕਰਦੇ ਹਨ। ਕੀ ਕਾਰਪੋਰੇਟ ਕੰਪਨੀਆਂ ਇਨ੍ਹਾਂ ਹਜ਼ਾਰਾਂ ਕਾਮਿਆਂ ਦੀ ਰੋਜ਼ੀ ਰਹਿਣ ਦੇਣਗੀਆਂ, ਬਿਲਕੁਲ ਨਹੀਂ। ਇਨ੍ਹਾਂ ਕਾਨੂੰਨਾਂ ਨੇ ਆਮ ਗਾਹਕ ਦੀ ਵੀ ਲੁੱਟ ਕਰਨੀ ਹੈ ਤੇ ਭੁੱਖਮਰੀ ਵੀ ਵਧਾਉਣੀ ਹੈ। (***ਕਿਸਾਨੀ ਸੰਕਟ ਪਰਤ ਦਰ ਪਰਤ*** 79,80)

ਇਸ ਲਈ ਇਨ੍ਹਾਂ ਖੇਤੀ ਕਾਨੂੰਨਾਂ ਦਾ ਇਕ ਹੋਰ ਵੱਡਾ ਪੱਖ ਇਹ ਵੀ ਹੈ ਕਿ ਕੇਂਦਰ ਸਰਕਾਰ ਦੁਆਰਾ ਇਨ੍ਹਾਂ ਬਿੱਲਾਂ ਨੂੰ ਪਾਸ ਕਰ ਕੇ ਰਾਜਾਂ ਦੀ ਖ਼ੁਦਮੁਖ਼ਤਿਆਰੀ ਉੱਪਰ ਹਮਲਾ ਕੀਤਾ ਗਿਆ ਹੈ। ਭਾਰਤੀ ਸੰਵਿਧਾਨ

ਅਨੁਸਾਰ ਖੇਤੀਬਾੜੀ ਨੂੰ ਸੂਬਾਈ ਵਿਸ਼ਿਆਂ ਵਿਚ ਸ਼ੁਮਾਰ ਕੀਤਾ ਗਿਆ ਹੈ। ਭਾਰਤੀ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਵਿਚ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਇਸ ਵੰਡ ਵਿਚ ਰਾਜ ਸੂਚੀ ਦੇ 14ਵੇਂ ਇੰਦਰਾਜ਼ ਵਿਚ ਦਰਜ ਕੀਤਾ ਗਿਆ ਹੈ, "ਖੇਤੀਬਾੜੀ, ਸਮੇਤ ਖੇਤੀਬਾੜੀ ਸਿੱਖਿਆ ਅਤੇ ਕੀਟਾਂ ਖਿਲਾਫ਼ ਰੱਖਿਆ ਲਈ ਖੋਜ ਅਤੇ ਫ਼ਸਲੀ ਬਿਮਾਰੀਆਂ ਲਈ ਰੋਕਥਾਮ।" ਸੋ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਖੇਤੀ ਭਾਰਤੀ ਸੰਵਿਧਾਨ ਅਨੁਸਾਰ ਸੂਬਾ ਸਰਕਾਰਾਂ ਦਾ ਵਿਸ਼ਾ ਹੈ। ਜਿਸ ਅਨੁਸਾਰ ਇਸ ਵਿਸ਼ੇ ਉੱਪਰ ਕੇਵਲ ਸੂਬਾ ਸਰਕਾਰਾਂ ਹੀ ਕਾਨੂੰਨ ਬਣਾ ਸਕਦੀਆਂ ਹਨ। ਪਰੰਤੂ ਇਹ ਵੀ ਦੇਖਣ ਵਿਚ ਆਇਆ ਹੈ ਕਿ ਲਗਭਗ ਉਸ ਸਮੇਂ ਤੋਂ ਹੀ ਕੇਂਦਰ ਸਰਕਾਰ ਵੱਲੋਂ ਇਸ ਵਿਸ਼ੇ ਉੱਪਰ ਗਲਬਾ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਰਜਿੰਦਰ ਸਿੰਘ ਰਾਜਨ ਦੁਆਰਾ ਸੰਪਾਦਿਤ ਪੁਸਤਕ '***ਖੇਤਾਂ ਦੇ ਪੁੱਤ ਜਾਗ ਪਏ***' ਵਿਚ ਕਵੀ ਕੁਲਵੰਤ ਸਿੰਘ ਕੇਂਦਰ ਦੁਆਰਾ ਸੂਬਿਆਂ ਦੇ ਹੱਕਾਂ ਉੱਪਰ ਹੋਏ ਇਸ ਹਮਲੇ ਨੂੰ ਆਪਣੀ ਕਵਿਤਾ ਸਿੱਟਾ ਭੁਗਤਣਾ ਪੈਣਾ ਵਿਚ ਇਸ ਪ੍ਰਕਾਰ ਬਿਆਨਦੇ ਹਨ:

> ਕੇਂਦਰ ਦਾ ਵਿਸ਼ਾ ਨਹੀਂ, ਜਿਸਤੇ ਕਾਨੂੰਨ ਬਣਾਇਆ,
>
> ਕਿਸਾਨਾਂ ਨੂੰ ਨਾ ਲੋੜ, ਤੁਸੀਂ ਹੀ ਰਾਗ ਸੁਣਾਇਆ,
>
> ਪਾੜ ਕਾਨੂੰਨਾਂ ਨੂੰ, ਰੱਦੀ ਵਿੱਚ ਸੁੱਟਣਾ ਪੈਣਾ ਏ।
>
> ਮਾੜੇ ਕੰਮ ਦਾ ਮਾੜਾ ਸਿੱਟਾ ਭੁਗਤਣਾ ਪੈਣਾ ਏ। 56

1991 ਦੇ ਨਵ-ਉਦਾਰਵਾਦੀ ਸੁਧਾਰਾਂ ਨਾਲ ਇਨ੍ਹਾਂ ਯਤਨਾਂ ਨੂੰ ਹੋਰ ਵੀ ਬਲ ਮਿਲਿਆ। ਡਾ. ਸਟਾਲਿਨਜੀਤ ਸਿੰਘ ਬਰਾੜ ਦੁਆਰਾ ਸੰਪਾਦਿਤ ਪੁਸਤਕ ਵਿਚ ਸੁੱਚਾ ਸਿੰਘ ਗਿੱਲ ਆਪਣੇ ਆਰਟੀਕਲ ਖੇਤੀ ਸੁਧਾਰਾਂ ਦੇ ਨਾਂ 'ਤੇ ਕਿਸਾਨਾਂ ਦਾ ਸੋਧਾ ਵਿਚ ਲਿਖਦੇ ਹਨ:

> ਅੱਵਲ ਤਾਂ ਇਹ ਆਰਡੀਨੈਂਸ ਸੂਬਿਆਂ ਦੇ ਅਧਿਕਾਰਾਂ ਲਈ ਵੱਡਾ ਝਟਕਾ ਹਨ ਤੇ ਕੇਂਦਰ-ਰਾਜ ਸੰਬੰਧਾਂ ਦੇ ਸਮਤੋਲ ਨੂੰ ਕੇਂਦਰ ਦੇ ਪੱਖ ਵਿਚ ਝੁਕਾਉਂਦੇ ਹਨ। ਆਰਡੀਨੈਂਸ ਜਾਰੀ ਕਰਨ ਲੱਗਿਆ ਕੇਂਦਰ ਸਰਕਾਰ ਨੇ ਨਾ ਰਾਜਾਂ ਨਾਲ ਸਲਾਹ

ਮਸ਼ਵਰਾ ਕੀਤਾ ਅਤੇ ਨਾ ਹੀ ਵਿਰੋਧੀ ਪਾਰਟੀਆਂ ਨਾਲ ਕੋਈ ਚਰਚਾ ਕੀਤੀ।

(***ਕਿਸਾਨੀ ਸੰਕਟ ਪਰਤ ਦਰ ਪਰਤ***)

ਪੰਜਾਬ ਦੀ ਸੂਬਾ ਸਰਕਾਰ ਨੇ ਕੇਂਦਰ ਦੇ ਇਨ੍ਹਾਂ ਖੇਤੀ ਕਾਨੂੰਨਾਂ ਅਤੇ ਬਿਜਲੀ ਦਾ ਕਾਨੂੰਨ ਰੱਦ ਕਰ ਕੇ ਸੰਵਿਧਾਨਕ ਫੈਡਰਲਿਜ਼ਮ ਦੀ ਰਾਖੀ ਦਾ ਸ਼ਾਨਦਾਰ ਉਪਰਾਲਾ ਕੀਤਾ ਹੈ। ਬੀ.ਜੇ.ਪੀ. ਨੂੰ ਛੱਡ ਕੇ ਪੰਜਾਬ ਵਿਧਾਨਸਭਾ ਵਿਚ ਮੌਜੂਦ ਸਾਰੀਆਂ ਪਾਰਟੀਆਂ ਨੇ ਏਕਤਾ ਦਿਖਾਉਂਦੇ ਹੋਏ ਇਸ ਵਿਚ ਆਪਣਾ ਯੋਗਦਾਨ ਪਾਇਆ ਹੈ। ਪੰਜਾਬ ਦੇ ਐਡਵੋਕੇਟ ਜਨਰਲ ਨੇ ਸੂਬਾ ਸਰਕਾਰ ਦੀ ਇਸ ਕਾਨੂੰਨ ਪ੍ਰਕਿਰਿਆ ਨੂੰ ਸਹੀ ਠਹਿਰਾਇਆ ਹੈ ਤੇ ਕਿਹਾ ਹੈ ਕਿ ਸਾਂਝੀ ਸੂਚੀ ਦੀ ਮਦ 33 ਤਹਿਤ ਮਿਲੀਆਂ ਸ਼ਕਤੀਆਂ ਵਰਤ ਕੇ ਅਜਿਹਾ ਕੀਤਾ ਜਾ ਸਕਦਾ ਹੈ। ਪਰੰਤੂ ਹਕੀਕਤ ਇਹ ਹੈ ਕਿ ਇਹ ਸਾਂਝੀ ਸੂਚੀ ਵੀ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਬਰਾਬਰੀ ਨਹੀਂ ਦਿੰਦੀ। ਭਾਵੇਂ ਦੋਵੇ ਸਰਕਾਰਾਂ ਕਾਨੂੰਨ ਬਣਾ ਸਕਦੀਆਂ ਹਨ ਪਰੰਤੂ ਕੇਂਦਰ ਦੇ ਬਣੇ ਕਾਨੂੰਨ ਦੀ ਮਾਨਤਾ ਵਧੇਰੇ ਹੁੰਦੀ ਹੈ ਤੇ ਇਸ ਗੱਲ ਦੀ ਪੁਸ਼ਟੀ ਵੀ ਭਾਰਤ ਦਾ ਸੰਵਿਧਾਨ ਹੀ ਕਰਦਾ ਹੈ। ਪੰਜਾਬ ਸਰਕਾਰ ਦੁਆਰਾ ਬਣਾਏ ਇਨ੍ਹਾਂ ਕਾਨੂੰਨਾਂ ਉੱਪਰ ਟਿੱਪਣੀ ਕਰਦਿਆਂ ਡਾ. ਪਿਆਰਾ ਲਾਲ ਗਰਗ ਆਖਦੇ ਹਨ:

> ਸੂਬੇ ਵੱਲੋਂ ਟੈਕਸ ਲਾਉਣਾ ਸੰਵਿਧਾਨਕ ਪ੍ਰਬੰਧਾਂ ਅਨੁਸਾਰ ਤਾਂ ਆਪਣੇ ਆਪ ਰੱਦ ਹੋ ਜਾਂਦਾ ਹੈ ਪਰ ਸੂਬਾ ਸਰਕਾਰ ਨੇ ਖੇਤੀ ਜਿਣਸਾਂ ਦੀ ਮੰਡੀ ਉਪਰ ਆਪਣਾ ਹੱਕ ਸੂਬਾਈ ਸੂਚੀ ਤਹਿਤ ਵਰਤਿਆ ਹੈ। ਇਸ ਉੱਪਰ ਕਾਨੂੰਨੀ ਵਿਵਾਦ ਹੋ ਸਕਦਾ ਹੈ। ਸੂਬੇ ਦੇ ਅਰਥਚਾਰੇ ਅਤੇ ਸੂਬਾ ਸੂਚੀ ਦੇ ਮਾਮਲਿਆਂ, ਭਾਵ ਖੇਤੀ ਮਦ 14, ਖੇਤੀ ਉਪਜ ਦੀ ਮੰਡੀ ਮੇਲੇ ਮਦ 28, ਜ਼ਮੀਨ ਦਾ ਠੇਕਾ ਆਦਿ ਮਦ 18 ਉਪਰ ਅਤੇ ਹੋਰ ਮਾਮਲਿਆਂ ਉਪਰ ਸੁਪਰੀਮ ਕੋਰਟ ਵਿਚ ਪੰਜਾਬ ਦਾ ਪੱਖ ਜਿੱਤਿਆ ਜਾ ਸਕਦਾ ਹੈ। 95

ਸੋ ਇਸ ਤੀਜੇ ਬਿੱਲ ਰਾਹੀਂ ਸਰਕਾਰ ਨੇ ਵੱਡੀਆਂ ਬਹੁ-ਮੰਤਵੀ ਕੰਪਨੀਆਂ ਦੇ ਮੁਨਾਫ਼ੇ ਰਾਹ ਨੂੰ ਹੋਰ ਵੱਡਾ ਕਰ ਦਿੱਤਾ। ਜ਼ਰੂਰੀ ਵਸਤਾਂ ਦੀ ਸੂਚੀ ਵਿਚ ਸੋਧ ਤੇ ਇਨ੍ਹਾਂ ਵਸਤਾਂ ਦੇ ਸਟਾਕ ਰੱਖਣ ਨੇ ਜਮਾਂਖੋਰੀ ਤੇ ਕਾਲਾਬਾਜ਼ਾਰੀ ਵਰਗੀਆਂ ਰੁਚੀਆਂ ਨੂੰ ਬੜ੍ਹਾਵਾ ਦੇਣ ਦਾ ਯਤਨ ਕੀਤਾ ਜਿਸ ਨਾਲ ਕਿਸਾਨਾਂ ਅੰਦਰ ਸਰਕਾਰ ਪ੍ਰਤੀ ਨਿਰਾਸ਼ਾ ਅਤੇ ਰੋਹ ਪੈਦਾ ਹੋਣਾ ਸ਼ੁਰੂ ਹੋ ਗਿਆ। ਇਸ ਗੱਲ ਨੂੰ ਸਹਿਜੇ ਹੀ ਕਬੂਲਿਆ ਜਾ ਸਕਦਾ ਹੈ ਕਿ

ਕਾਲਾਬਾਜ਼ਾਰੀ ਅਤੇ ਮੁਕਾਬਲੇ ਦੀ ਦੌੜ ਵਿਚ ਕਿਸਾਨ ਕਦੇ ਵੀ ਇਨ੍ਹਾਂ ਵੱਡੀਆਂ ਕੰਪਨੀਆਂ ਦੇ ਸਾਹਮਣੇ ਨਹੀਂ ਟਿਕ ਸਕਦਾ। ਇਸ ਪ੍ਰਕਾਰ ਇਕ ਸੋਚੀ ਸਮਝੀ ਯੋਜਨਾ ਦੇ ਤਹਿਤ ਬਾਜ਼ਾਰ ਵਿਚ ਉਪਜ ਦੀ ਥੁੜ, ਅਣਉਪਲੱਬਧਤਾ ਜਾਂ ਨਕਲੀ ਥੁੜ ਪੈਦਾ ਕਰ ਦਿੱਤੀ ਜਾਵੇਗੀ, ਜਿਸ ਨਾਲ ਕੀਮਤਾਂ ਵਿਚ ਭਾਰੀ ਵਾਧਾ ਕਰ ਦਿੱਤਾ ਜਾਵੇਗਾ ਤੇ ਵੱਡੀਆਂ ਧਿਰਾਂ ਵਧੇਰੇ ਮੁਨਾਫ਼ੇ ਕਮਾਉਣਗੀਆਂ।

ਸੋ ਇਨ੍ਹਾਂ ਖੇਤੀ ਕਾਨੂੰਨਾਂ ਬਾਰੇ ਸਮਕਾਲੀ ਪੰਜਾਬੀ ਕਵਿਤਾ ਵਿਚ ਬੜੀ ਵਿਸਤ੍ਰਿਤ ਵਿਚਾਰ ਚਰਚਾ ਕੀਤੀ ਗਈ ਹੈ। ਇਸ ਕਵਿਤਾ ਵਿਚ ਕੇਵਲ ਖੇਤੀ ਬਿੱਲਾਂ ਦਾ ਜ਼ਿਕਰ ਮਾਤਰ ਨਹੀਂ ਸਗੋਂ ਇਹ ਕਵਿਤਾ ਖੇਤੀ ਬਿੱਲਾਂ ਦੀਆਂ ਸਾਰੀਆਂ ਪਰਤਾਂ ਨੂੰ ਬੜੀ ਬਾਰੀਕੀ ਨਾਲ ਖੋਲਦੀ ਹੈ। ਖੇਤੀ ਬਿੱਲਾਂ ਬਾਰੇ ਗੱਲ ਕਰਨ ਦੇ ਨਾਲ-ਨਾਲ ਇਸ ਕਵਿਤਾ ਵਿਚ ਇਨ੍ਹਾਂ ਬਿੱਲਾਂ ਦੇ ਕਿਸਾਨੀ ਉੱਪਰ ਪੈਣ ਵਾਲੇ ਪ੍ਰਭਾਵਾਂ ਤੇ ਕਿਸਾਨਾਂ ਦੁਆਰਾ ਇਨ੍ਹਾਂ ਪ੍ਰਤੀ ਪ੍ਰਗਟਾਈ ਜਾਂਦੀ ਵੱਖ-ਵੱਖ ਤਰ੍ਹਾਂ ਦੀ ਰਾਇ ਵੀ ਇਸ ਕਵਿਤਾ ਦੇ ਮਾਧਿਅਮ ਰਾਹੀਂ ਸਾਹਮਣੇ ਆਉਂਦੀ ਹੈ। ਇੰਨਾ ਹੀ ਨਹੀਂ ਸਗੋਂ ਇਸ ਕਵਿਤਾ ਰਾਹੀਂ ਕਿਸਾਨੀ ਮੋਰਚਿਆਂ ਦੇ ਇਤਿਹਾਸ, ਭਾਰਤ ਵਿਸ਼ੇਸ਼ਕਰ ਪੰਜਾਬ ਦੇ ਕਿਸਾਨਾਂ ਦੇ ਸੁਭਾਅ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ। ਸੋ ਇਸ ਕਵਿਤਾ ਨੇ ਕਿਸਾਨਾਂ ਦੇ ਸਿਰੜ, ਹੱਠ ਤੇ ਬੇਬਾਕੀ ਭਰੇ ਸੁਭਾਅ ਦੇ ਨਾਲ-ਨਾਲ ਉਨ੍ਹਾਂ ਅੰਦਰ ਅਨੁਸ਼ਾਸਨ, ਵਿਵੇਕਸ਼ੀਲਤਾ, ਆਪਸੀ ਭਰਾਤਰੀ ਭਾਵ ਤੇ ਅਗਾਂਹਵਧੂ ਸੋਚ ਵਰਗੇ ਗੁਣਾਂ ਦੀ ਵੀ ਹਾਮੀ ਭਰੀ ਹੈ। ਇਸ ਸਮਕਾਲੀ ਪੰਜਾਬੀ ਕਵਿਤਾ ਰਾਜਨੀਤਿਕ ਸਰੋਕਾਰਾਂ ਦੀ ਗੱਲ ਕਰਦਿਆਂ ਇਸ ਗੱਲ ਨੂੰ ਸਵੀਕਾਰ ਕਰਦਿਆਂ ਕੋਈ ਗੁਰੇਜ਼ ਨਹੀਂ ਹੁੰਦਾ ਕਿ ਸੰਕਟ ਗ੍ਰਸਤ ਹੋ ਰਹੀ ਕਿਸਾਨੀ ਵਿਚ ਰਾਜਨੀਤੀ ਦੀ ਭੂਮਿਕਾ ਸਭ ਤੋਂ ਅਹਿਮ ਹੈ। ਇਸ ਦੀ ਤਾਜ਼ਾ ਉਦਾਹਰਣ ਰਾਜਨੀਤੀ ਦੁਆਰਾ ਖੇਤੀ ਬਿੱਲਾਂ ਨੂੰ ਲਿਆਉਣਾ ਹੈ। ਜਿਸ ਰਾਹੀਂ ਵਰਤਮਾਨ ਸਮੇਂ ਸਭ ਤੋਂ ਵੱਡਾ ਕਿਸਾਨੀ ਸੰਕਟ ਖੜ੍ਹਾ ਹੋਇਆ ਹੈ।

ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੇ ਦੇਸ਼ ਦੀ ਕਿਸਾਨੀ ਨੂੰ ਹੀ ਨਹੀਂ ਸਗੋਂ ਪੂਰੇ ਉੱਤਰ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ। ਰਾਜਨੀਤਿਕ ਦਲਾਂ ਲਈ ਹਾਸ਼ੀਏ ਤੇ ਪਈ ਕਿਸਾਨੀ ਇਕ ਦਮ ਮੁੱਖ ਕੇਂਦਰ ਬਿੰਦੂ ਬਣ ਗਈ ਤੇ ਸਾਰੇ ਰਾਜਨੀਤਿਕ ਦਲ ਇਕਦਮ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਲੱਗ ਪਏ। ਇਨ੍ਹਾਂ ਖੇਤੀ ਬਿੱਲਾਂ ਰਾਹੀਂ ਸਰਕਾਰ ਸ਼ੰਕਾ ਦੇ ਘੇਰੇ ਵਿਚ ਇਸ ਕਰਕੇ ਫਸ ਗਈ ਕਿਉਂਕਿ ਇਕ ਤਾਂ ਇਨ੍ਹਾਂ ਬਿੱਲਾਂ ਨੂੰ

ਆਰਡੀਨੈਂਸ ਦੇ ਰੂਪ ਵਿਚ ਉਸ ਵਕਤ ਲਿਆਂਦਾ ਗਿਆ ਜਦੋਂ ਸਮੁੱਚਾ ਵਿਸ਼ਵ ਇਕ ਭਿਆਨਕ ਬਿਮਾਰੀ ਦੇ ਸੰਕਟ ਨਾਲ ਜੂਝ ਰਿਹਾ ਸੀ। ਅਨੇਕਾਂ ਜਾਨਾਂ ਜਾਣ ਕਾਰਨ ਪੂਰੇ ਵਿਸ਼ਵ ਦੀ ਸਥਿਤੀ ਪਹਿਲੀ ਹੀ ਡਾਵਾਂਡੋਲ ਸੀ ਬਾਵਜੂਦ ਇਸ ਦੇ ਕਰੋਨਾ ਕਾਲ ਦੌਰਾਨ ਇਨਾਂ ਆਰਡੀਨੈਂਸਾਂ ਦੇ ਰੂਪ ਵਿਚ ਲਿਆਂਦਾ ਗਿਆ। ਦੂਜਾ ਖੇਤੀ ਭਾਰਤੀ ਸੰਘੀ ਪ੍ਰਣਾਲੀ ਵਿਚ ਸੂਬਿਆਂ ਦਾ ਵਿਸ਼ਾ ਹੋਣ ਦੇ ਬਾਵਜੂਦ ਕੇਂਦਰ ਵੱਲੋਂ ਅਜਿਹੇ ਕਾਨੂੰਨ ਲਿਆਉਣਾ ਕੇਂਦਰ ਸਰਕਾਰ ਦੀ ਨੀਯਤ ਉੱਪਰ ਸ਼ੰਕਾ ਲਗਾਉਂਦਾ ਹੈ। ਤੀਜਾ ਕਿਸਾਨ ਜੱਥੇਬੰਦੀਆਂ ਇਨ੍ਹਾਂ ਕਾਨੂੰਨਾਂ ਦੀ ਵਿਆਖਿਆ ਕਰਦਿਆਂ ਮੰਡੀ ਸਿਸਟਮ ਦੇ ਖੁੱਸ ਜਾਣ, ਘੱਟੋ-ਘੱਟ ਸਮਰਥਨ ਮੁੱਲ ਨਾ ਮਿਲਣ, ਆੜ੍ਹਤੀਏ ਵਰਗ ਦੇ ਹਿੱਤਾਂ ਦੀ ਰਾਖੀ, ਕੰਟਰੈਕਟ ਫਾਰਮਿੰਗ ਪ੍ਰਤੀ ਡਰ ਤੇ ਜਮਾਂਖੋਰੀ ਆਦਿ ਦਾ ਖਦਸ਼ਾ ਜਾਹਿਰ ਕਰਦੀਆਂ ਸਨ ਪਰ ਪਰੰਤੂ ਸਰਕਾਰ ਇਨ੍ਹਾਂ ਬਾਰੇ ਕਿਸਾਨਾਂ ਨੂੰ ਸਫਲਤਾਪੂਰਵਕ ਸਮਝਾਉਣ ਤੇ ਉਨ੍ਹਾਂ ਦੀ ਸਹਿਮਤੀ ਲੈਣ ਦੀ ਬਜਾਇ ਇਨ੍ਹਾਂ ਆਰਡੀਨੈਂਸਾਂ ਨੂੰ ਕਾਨੂੰਨ ਬਣਾਉਣ ਦਾ ਕੰਮ ਕਰਦਿਆਂ ਲੋਕ ਸਭਾ ਤੇ ਰਾਜ ਸਭਾ ਵਿਚ ਪਾਸ ਕਰਾ ਰਹੀ ਸੀ ਤੇ ਇਨ੍ਹਾਂ ਕਾਨੂੰਨਾਂ ਦੇ ਲਾਭ ਗਿਣਾ ਰਹੀ ਸੀ।

ਕਿਸਾਨ ਸੰਗਠਨਾਂ ਦੇ ਡਟਵੇਂ ਵਿਰੋਧ ਨੇ ਸਰਕਾਰ ਨੂੰ ਖੇਤੀ ਕਾਨੂੰਨ ਵਾਪਿਸ ਲੈਣ ਲਈ ਮਜ਼ਬੂਰ ਕਰ ਦਿੱਤਾ ਤੇ ਕਿਸਾਨਾਂ ਦੀ ਇਤਿਹਾਸਿਕ ਜਿੱਤ ਹੋਈ ਪਰ ਇਸ ਦੇ ਬਾਵਜੂਦ ਸਰਕਾਰ ਦੁਆਰਾ ਨਿਰੰਤਰ ਅਜਿਹੀਆਂ ਯੋਜਨਾਵਾਂ ਨੂੰ ਲਿਆਉਣ ਦਾ ਯਤਨ ਕੀਤਾ ਗਿਆ ਜਿਨ੍ਹਾਂ ਨਾਲ ਅਸਿੱਧੇ ਰੂਪ ਵਿਚ ਉਨ੍ਹਾਂ ਕਾਨੂੰਨਾਂ ਨੂੰ ਥੋੜ੍ਹੇ-ਬਹੁਤੇ ਹੇਰ-ਫੇਰ ਨਾਲ ਮੁੜ ਲਾਗੂ ਕੀਤਾ ਜਾ ਸਕੇ। 25 ਨਵੰਬਰ 2024 ਨੂੰ ਕੇਂਦਰ ਸਰਕਾਰ ਦੁਆਰਾ **'ਨੈਸ਼ਨਲ ਪਾਲਿਸੀ ਫਰੇਮਵਰਕ ਔਨ ਐਗਰੀਕਲਚਰਲ ਮਾਰਕਿਟਿੰਗ'** ਨਾਮੀ ਡਰਾਫਟ ਤਿਆਰ ਕਰਕੇ ਜਾਰੀ ਕੀਤਾ ਗਿਆ। ਜਿਸ ਨੂੰ ਖੇਤੀ ਮਾਹਿਰਾਂ ਵੱਲੋਂ ਤਿੰਨ ਖੇਤੀ ਬਿੱਲਾਂ ਦਾ ਸੁਧਰਿਆ ਹੋਇਆ ਰੂਪ ਕਹਿ ਕਿ ਪਰਚਾਰਿਆ ਗਿਆ। ਇਸ ਡਰਾਫ਼ਟ ਦੇ ਕੁੱਝ ਮੁੱਖ ਨੁਕਤੇ ਇਸ ਪ੍ਰਕਾਰ ਹਨ:

- ਇਸ ਡਰਾਫ਼ਟ ਅੰਦਰ ਸੂਬਿਆਂ ਅੰਦਰ ਆਰੰਭ ਵਿਚ ਘੱਟੋ-ਘੱਟ ਇਕ ਨਿੱਜੀ ਮੰਡੀ, ਵੇਅਰ ਹਾਊਸ, ਕੋਲਡ ਸਟੋਰ ਖੋਲਣ ਦੀ ਗੱਲ ਆਖੀ ਗਈ ਹੈ, ਜੋ ਬਾਅਦ ਵਿਚ ਵਧਾ ਕੇ ਲਗਭਗ ਹਰੇਕ ਜਿਲ੍ਹੇ ਅੰਦਰ ਅਜਿਹੀ ਵਿਵਸਥਾ ਬਣਾਈ ਜਾਵੇਗੀ।

- ਇਲੈਕਟ੍ਰਾਨਿਕ ਅਤੇ ਆਨ-ਲਾਇਨ ਮੰਡੀਕਰਨ ਦੀ ਵਿਵਸਥਾ ਸਥਾਪਿਤ ਕਰਨ ਤੇ ਜ਼ੋਰ ਦਿੱਤਾ ਗਿਆ।
- ਸਮੁੱਚੀ ਵਿਵਸਥਾ ਨੂੰ ਆਰਥਿਕ ਵਿਭਾਗ ਨਾਲ ਜੋੜ ਕੇ SEBI ਨਾਲ ਲਿੰਕ ਕਰਨ ਤੇ ਜ਼ੋਰ ਦਿੱਤਾ ਗਿਆ ਹੈ।
- ਉਤਪਾਦਨ ਤੋਂ ਉਪਭੋਗਤਾ ਤੱਕ ਫ਼ਸਲ ਪਹੁੰਚਾਉਣ ਲਈ ਇਕ ਵਿਵਸਥਾ ਬਣਾਉਣ ਦੀ ਗੱਲ ਇਸ ਬਿੱਲ ਵਿਚ ਕੀਤੀ ਗਈ ਹੈ। ਇਸ ਦੇ ਅੰਤਰਗਤ ਫ਼ਸਲ ਕੱਟਣ ਤੋਂ ਬਾਅਦ ਉਸ ਨੂੰ ਸੁਕਾਉਣ, ਠੰਡਾ ਕਰਨ, ਪੈਕ ਕਰਨ, ਸਟੋਰ ਕਰਨ, ਨਮੀ ਨਿਯੰਤਰਣ ਕਰਨ ਦੀ ਢੁਕਵੀਂ-ਵਿਵਸਥਾ ਹੋਵੇ।
- ਇਸ ਦੇ ਨਾਲ ਹੀ ਡਿਜ਼ੀਟਲ ਇਨਫਰਾਸਟਰਕਚਰ ਅਧੀਨ ਮਾਰਕਿਟ ਇਨਫਰਮੇਸ਼ਨ ਸਿਸਟਮ ਤੇ ਹੋਰ ਈਨੇਮ ਵਰਗੇ ਪ੍ਰੋਗਰਾਮ ਲਾਗੂ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ।
- ਐਗਰੀਕਲਚਰ ਪ੍ਰਡਿਊਸ ਮਾਰਕਿਟ ਕਮੇਟੀ ਨੂੰ ਹੋਰ ਵਧੇਰੇ ਪ੍ਰੋਫੈਸ਼ਨਲ ਤਰੀਕਿਆਂ ਨੂੰ ਅਪਣਾ ਕੇ ਬੁਨਿਆਦੀ ਢਾਂਚੇ ਦੇ ਵਿਕਾਸ ਤੇ ਬਦਲਾਵ ਜਿਵੇਂ ਆਰਗੈਨਿਕ ਖੇਤੀ, ਬਾਜਰੇ ਦੀ ਖੇਤੀ ਆਦਿ ਬਾਰੇ ਵਿਚਾਰ ਕਰਨ ਦੀ ਗੱਲ ਆਖੀ ਗਈ ਹੈ।
- ਕਾਂਟ੍ਰੈਕਟ ਫਾਰਮਿੰਗ ਨੂੰ ਬਾਜ਼ਾਰ ਕੀਮਤਾਂ ਦੇ ਵਾਧੇ-ਘਾਟੇ ਨੂੰ ਨਿਯੰਤਰਣ ਕਰਨ ਲਈ ਇਕ ਸਾਧਨ ਦੇ ਰੂਪ ਵਿਚ ਪੇਸ਼ ਕਰਦੀ ਹੈ।
- ਮੰਡੀ ਵਿਵਸਥਾ ਵਿਚ ਪਾਰਦਰਸ਼ਤਾ ਲਿਆਉਣ ਤੇ ਮੁਕਾਬਲੇ ਦੀ ਮੰਡੀ ਤੇ ਸਮਰੱਥ ਵਿਵਸਥਾ ਬਣਾਉਣ ਤੇ ਜ਼ੋਰ ਦਿੱਤਾ ਗਿਆ ਹੈ, ਜੋ ਈਕੋਸਿਸਟਮ ਨੂੰ ਵੀ ਧਿਆਨ ਵਿੱਚ ਰੱਖੇ।

ਪੰਜਾਬ ਦੇ ਲਗਭਗ ਸਾਰੇ ਰਾਜਨੀਤਿਕ ਦਲਾਂ ਸਮੇਤ ਸੱਤਾ ਧਿਰ ਪੰਜਾਬ ਨੇ ਇਸ ਡਰਾਫ਼ਟ ਨੂੰ ਨਕਾਰਦਿਆਂ ਇਸ ਨੂੰ ਕੇਂਦਰ ਦੁਆਰਾ ਕਿਸਾਨਾਂ ਨਾਲ ਕੀਤਾ ਜਾ ਰਿਹਾ ਧੱਕਾ ਦੱਸਿਆ। ਪੰਜਾਬ ਸਰਕਾਰ ਨੇ ਇਸ ਮਸੌਦੇ ਵਿਰੁੱਧ ਵਿਧਾਨ ਸਭਾ ਦੇ ਇਜਲਾਸ ਵਿਚ ਵਿਚਾਰ ਕਰਦਿਆਂ 25 ਫਰਵਰੀ 2025 ਨੂੰ ਇਸ ਨੂੰ ਅਪ੍ਰਵਾਨ ਕਰਦਿਆਂ ਰੱਦ ਕਰ ਦਿੱਤਾ। ਇਨ੍ਹਾਂ ਹੀ ਨੂੰ ਸਰਕਾਰ ਨੇ ਇਸ ਨੂੰ ਕੇਂਦਰ ਸਰਕਾਰ ਦੀ ਕਿਸਾਨਾਂ ਨਾਲ ਕੀਤੀ ਇਕ ਕੋਝੀ ਸ਼ਰਾਰਤ ਵੀ ਦੱਸਿਆ। ਪਹਿਲਾਂ ਤਿੰਨ ਖੇਤੀ ਬਿੱਲ, ਫਿਰ ਪ੍ਰਦਰਸ਼ਨਕਾਰੀ ਕਿਸਾਨਾਂ ਉੱਪਰ ਕਈ ਤਰ੍ਹਾਂ ਦੀਆਂ ਕਾਨੂੰਨੀ ਕਾਰਵਾਈਆਂ ਤੇ ਫਿਰ ਖੇਤੀ ਦਾ ਇਹ ਨਵਾਂ ਡਰਾਫ਼ਟ ਸਭ

ਨੇ ਕਿਸਾਨਾਂ ਤੇ ਸਰਕਾਰ ਵਿਚਲੀ ਦੂਰੀ ਨੂੰ ਵਧਾਉਣ ਦਾ ਕੰਮ ਕੀਤਾ ਕੀਤਾ। ਇਸ ਸਭ ਦੇ ਸਿੱਟੇ ਵਜੋਂ ਕਿਸਾਨਾਂ ਦੇ ਦਿਲਾਂ ਵਿਚ ਸਰਕਾਰ ਪ੍ਰਤੀ ਰੋਹ ਪੈਦਾ ਹੋ ਗਿਆ, ਜਿਸ ਨੂੰ ਸਮਕਾਲੀ ਪੰਜਾਬੀ ਕਵਿਤਾ ਵਿਚ ਕਵੀਆਂ ਨੇ ਇਸ ਪ੍ਰਕਾਰ ਪ੍ਰਗਟਾਇਆ ਹੈ:

## 4.4 ਸਮਕਾਲੀ ਪੰਜਾਬੀ ਕਵਿਤਾ: ਰਾਜਨੀਤੀ ਪ੍ਰਤੀ ਰੋਹ

ਇਤਿਹਾਸ ਉੱਪਰ ਨਜ਼ਰ ਮਾਰੀਏ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਸਮਾਜ ਵਿਚ ਕਿਸੇ ਨਾ ਕਿਸੇ ਪ੍ਰਕਾਰ ਦਾ ਸੰਘਰਸ਼ ਹਮੇਸ਼ਾ ਚੱਲਦਾ ਹੀ ਆ ਰਿਹਾ ਹੈ। ਆਰੰਭ ਵਿਚ ਇਹ ਸੰਘਰਸ਼ ਮਨੁੱਖ ਤੇ ਕੁਦਰਤ ਵਿਚਕਾਰ ਜੀਵਨ ਜਿਉਣ ਦੀਆਂ ਪ੍ਰਸਥਿਤੀਆਂ ਦਾ ਸੀ ਤੇ ਕਦੇ ਜੀਵਨ ਪੱਧਰ ਨੂੰ ਉੱਪਰ ਚੁੱਕਣ ਦਾ। ਸਮਾਂ ਪਾ ਕੇ ਇਹ ਸੰਘਰਸ਼ ਸ਼ਕਤੀ ਦੀ ਪ੍ਰਾਪਤੀ ਦਾ ਰੂਪ ਅਖਤਿਆਰ ਕਰ ਗਿਆ। ਸ਼ਕਤੀ ਪ੍ਰਾਪਤੀ ਲਈ ਹੋਣ ਵਾਲਾ ਸੰਘਰਸ਼ ਅਜੋਕੇ ਯੁੱਗ ਵਿਚ ਵੀ ਨਿਰੰਤਰ ਜਾਰੀ ਹੈ। ਆਧੁਨਿਕ ਸਰੂਪ ਵਿਚ ਇਹ ਸੰਘਰਸ਼ ਰਾਜਨੀਤੀ ਦੀ ਮਾਧਿਅਮ ਰਾਹੀਂ ਲੜਿਆ ਜਾਂਦਾ ਹੈ। ਸ਼ਕਤੀ ਪ੍ਰਾਪਤੀ ਲਈ ਹੋਏ ਸੰਘਰਸ਼ਾਂ ਨੇ ਹੀ ਪੁਰਾਤਨ ਯੁੱਗ ਵਿਚ ਸਮਾਜ ਦੇ ਵੱਖ-ਵੱਖ ਸੰਗਠਿਤ ਰੂਪਾਂ ਨੂੰ ਜਨਮ ਦਿੱਤਾ। ਹੌਲੀ-ਹੌਲੀ ਛੋਟੇ-ਛੋਟੇ ਕਬੀਲਿਆਂ ਵਿਚ ਰਹਿਣ ਵਾਲੀ ਵਸੋਂ ਇਕ ਦੂਜੇ ਦੀਆਂ ਜਰੂਰਤਾਂ ਦੀ ਪੂਰਤੀ ਲਈ ਇਕੱਠੇ ਰਹਿਣ ਲੱਗੇ ਜਿਸ ਦੇ ਫਲਸਰੂਪ ਨਗਰ ਹੋਂਦ ਵਿਚ ਆਏ। ਇਨ੍ਹਾਂ ਨਗਰਾਂ ਵਿਚ ਸ਼ਕਤੀਸ਼ਾਲੀ ਵਿਅਕਤੀ ਨੂੰ ਕਬੀਲੇ ਜਾਂ ਨਗਰਾਂ ਦਾ ਮੁਖੀਆਂ ਨਿਯੁਕਤ ਕੀਤਾ ਜਾਂਦਾ ਸੀ ਜਿਸ ਦੇ ਫੈਸਲੇ ਮੰਨਣੇ ਸੱਭ ਲਈ ਜਰੂਰੀ ਹੁੰਦੇ ਸਨ। ਇੱਥੋਂ ਹੀ ਰਾਜਨੀਤੀ ਦਾ ਮੁੱਢ ਬੰਨਿਆ ਗਿਆ ਸੀ। ਆਧੁਨਿਕ ਦੌਰ ਵਿਚ ਰਾਜਨੀਤੀ ਦਾ ਮਹੱਤਵ ਬਹੁਤ ਵੱਧ ਗਿਆ ਹੈ, ਜੀਵਨ ਦਾ ਕੋਈ ਵੀ ਖੇਤਰ ਇਸ ਤੋਂ ਅਛੂਹਿਆ ਨਹੀਂ ਰਹਿ ਗਿਆ ਹੈ। ਸੁਭਾਵਿਕ ਹੈ ਕਿ ਜਿੱਥੇ ਹੋਰਾਂ ਲਈ ਫੈਸਲੇ ਕਰਨ ਦੀ ਸ਼ਕਤੀ ਕਿਸੇ ਇਕ ਸੰਸਥਾ ਜਾਂ ਸਰਕਾਰ ਕੋਲ ਹੋਵੇਗੀ, ਉੱਥੇ ਹੀ ਇਨ੍ਹਾਂ ਸੰਸਥਾਵਾਂ ਜਾਂ ਸਰਕਾਰਾਂ ਦਾ ਵਿਰੋਧ ਵੀ ਹੋਵੇਗਾ। ਜਿੱਥੋਂ ਤੱਕ ਹੱਥਲੇ ਵਿਸ਼ੇ ਦੀ ਗੱਲ ਹੈ ਇਸ ਵਿਚ ਮੌਜੂਦਾ ਰਾਜਨੀਤੀ ਪ੍ਰਤੀ ਕਿਸਾਨਾਂ ਅਤੇ ਕਵੀਆਂ ਨੇ ਆਪਣਾ ਪ੍ਰਤੀਕਰਮ ਬਹੁਤ ਮਜ਼ਬੂਤ ਤਰੀਕੇ ਨਾਲ ਰੱਖਿਆ ਹੈ।

ਅਸਲ ਵਿਚ ਜੇਕਰ ਨੀਝ ਲਾ ਕੇ ਦੇਖਿਆ ਜਾਵੇ ਤਾਂ ਕਿਸਾਨੀ ਘੋਲ ਦੌਰਾਨ ਰਚੀ ਗਈ ਕਵਿਤਾ ਦਾ ਸਭ ਤੋਂ ਵੱਡਾ ਹਿੱਸਾ ਮੌਜੂਦਾ ਰਾਜਨੀਤੀ ਪ੍ਰਤੀ ਰੋਹ ਹੀ ਪ੍ਰਗਟ ਕਰਦਾ ਹੈ। ਕਵੀਆਂ ਦੁਆਰਾ ਇਹ ਰੋਹ ਕਿਸਾਨੀ ਸੰਕਟ ਵਿਚਲੇ ਤੱਤਾਂ ਨੂੰ ਆਧਾਰ ਬਣਾ ਕੇ ਇੰਝ ਪ੍ਰਗਟਾਇਆ ਗਿਆ ਹੈ ਜਿਵੇਂ ਕਿਤੇ ਨਾ ਕਿਤੇ ਉਨ੍ਹਾਂ ਦੁਆਰਾ ਇਨ੍ਹਾਂ ਦੁੱਖਾਂ ਨੂੰ ਆਪ ਆਪਣੇ ਪਿੰਡੇ ਤੇ ਹੰਢਾਇਆ ਹੋਵੇ। ਜਿੱਥੇ ਕਿਸਾਨਾਂ ਦੇ ਦੁੱਖੜਿਆਂ ਨੂੰ ਕਾਵਿ ਦੇ ਮਾਧਿਅਮ ਰਾਹੀਂ ਵਿਅਕਤ ਕੀਤਾ ਗਿਆ ਹੈ ਉੱਥੇ ਹੀ ਵਾਰ- ਵਾਰ ਕਿਸਾਨਾਂ ਦੇ ਹੱਠ, ਸਬਰ ਤੇ ਦ੍ਰਿੜਤਾ ਦੀ ਵੀ ਗੱਲ ਕੀਤੀ ਗਈ ਹੈ। ਰਾਜਨੀਤੀ ਪ੍ਰਤੀ ਆਪਣੇ ਗੁੱਸੇ ਨੂੰ ਪ੍ਰਗਟ ਕਰਦਿਆਂ ਕਈ ਥਾਈਂ ਕਵੀਆਂ ਵੱਲੋਂ ਸਿੱਧੇ ਤੌਰ ਤੇ ਸਰਕਾਰ, ਸਰਕਾਰ ਦੇ ਵੱਖ-ਵੱਖ ਅੰਗਾਂ, ਵਿਸ਼ੇਸ਼ ਰਾਜਨੀਤਿਕ ਦਲਾਂ, ਇੱਥੋਂ ਤੱਕ ਕਿ ਵਿਅਕਤੀ ਵਿਸ਼ੇਸ਼ ਨੂੰ ਵੀ ਸਿੱਧੇ ਤੌਰ ਤੇ ਨਿਸ਼ਾਨੇ ਤੇ ਰੱਖਿਆ ਗਿਆ ਹੈ। ਇਨ੍ਹਾਂ ਹੀ ਨਹੀਂ ਕਾਵਿ ਰਾਹੀਂ ਕਿਸਾਨਾਂ ਤੇ ਸਰਕਾਰ ਨੂੰ ਦੋ ਵਿਰੋਧੀ ਧਿਰਾਂ ਦੇ ਰੂਪ ਵਿਚ ਉਘਾੜਨ ਦਾ ਯਤਨ ਵੀ ਕੀਤਾ ਗਿਆ ਹੈ। ਸਰਕਾਰ ਤੇ ਕਿਸਾਨਾਂ ਵਿਚਕਾਰ ਚੱਲਦੇ ਇਸ ਯੁੱਧ ਵਿਚ ਲਗਭਗ ਹਰੇਕ ਪੰਜਾਬੀ ਕਵੀ ਨੇ ਕਿਸਾਨਾਂ ਦੀ ਪਿੱਠ ਵੀ ਥਾਪੜੀ ਤੇ ਸਰਕਾਰ ਤੇ ਅਨੇਕਾਂ ਵਾਰ ਤਿੱਖੇ ਹਮਲੇ ਕੀਤੇ ਹਨ। ਬਹੁਤ ਸਾਰੇ ਪੰਜਾਬੀ ਕਵੀਆਂ ਦੁਆਰਾ ਸਰਕਾਰ ਦੀ ਨੀਤੀਆਂ ਨੂੰ ਕਟਿਹਰੇ ਵਿਚ ਖੜ੍ਹਾ ਕਰਦਿਆਂ ਕਿਸਾਨੀ ਦੀ ਮੰਦਹਾਲੀ ਲਈ ਸਿੱਧੇ ਤੌਰ ਤੇ ਸਰਕਾਰੀ ਤੰਤਰ ਨੂੰ ਜਿੰਮੇਵਾਰ ਠਹਿਰਾਇਆ ਹੈ। ਕਵੀ ਕਰਮ ਸਿੰਘ ਜ਼ਖ਼ਮੀ, ਆਪਣੀ ਕਵਿਤਾ ਗੋਡੀ ਤੇਰੀ ਹਾਕਮਾ ਲਵਾਉਣਗੇ ਵਿਚ ਇਸ ਰੋਹ ਨੂੰ ਪੁਸਤਕ '***ਮਿੱਟੀ ਦੇ ਵਣਜਾਰੇ***' ਜਿਸ ਦੇ ਸੰਪਾਦਕ ਅਰਤਿੰਦਰ ਸਿੰਘ ਸੰਧੂ ਅਤੇ ਡਾ. ਮੋਹਨ ਸਿੰਘ ਤਿਆਗੀ ਹਨ, ਵਿਚ ਇੰਝ ਬਿਆਨਦੇ ਹਨ:

ਲਿਖੀ ਜਾਵੇ ਜਿਹੜੇ ਕਾਲੇ ਲੇਖ ਤੂੰ,

ਦੇਖੀਂ ਤੇਰੇ ਹੱਥੋਂ ਪੜ੍ਹਵਾਉਣਗੇ।

ਕਿਰਤੀ ਕਿਸਾਨ ਆਏ ਚੜ੍ਹ ਕੇ,

ਗੋਡੀ ਤੇਰੀ ਹਾਕਮਾਂ ਲਵਾਉਣਗੇ। 117

_ _ _ _ _ _ _ _ _ _ _ _ _ _

'ਜ਼ਖ਼ਮੀ ਸੁਣਾਵੇ ਤੈਨੂੰ ਸੱਚੀਆਂ,

ਕਰ ਦੇ ਕਾਨੂੰਨ ਸਾਰੇ ਰੱਦ ਤੂੰ।

ਛੱਡ ਚਤਰਾਈਆਂ-ਚਾਲਬਾਜ਼ੀਆਂ,

ਮੰਗ ਲੈ ਮੁਆਫ਼ੀ ਹੁਣੇ ਸੱਦ ਤੂੰ।

ਕੰਡੇ ਜਿਹੜੇ ਰਾਹਾਂ ਵਿਚ ਬੀਜਦੈਂ,

ਨੀਂਦ ਤੇਰੀ ਰਾਤਾਂ ਦੀ ਉਡਾਉਣਗੇ।

ਕਿਰਤੀ ਕਿਸਾਨ __________ 188

ਕਵੀ ਆਪਣੀ ਇਸ ਰਚਨਾ ਵਿਚ ਸਰਕਾਰ ਦੁਆਰਾ ਅਪਣਾਈਆਂ ਜਾ ਰਹੀਆਂ ਚਾਲਾਂ ਦਾ ਜ਼ਿਕਰ ਕਰਕੇ ਕਿਸਾਨਾਂ ਦੁਆਰਾ ਇਨ੍ਹਾਂ ਚਾਲਾਂ ਦੇ ਦਿੱਤੇ ਜਾ ਰਹੇ ਜਵਾਬਾਂ ਦੀ ਗੱਲ ਕਰ ਰਿਹਾ ਹੈ। ਕਵੀ ਕਿਸਾਨਾਂ ਦੇ ਇਨਕਲਾਬੀ ਸਾਹਸ ਤੇ ਹਿੰਮਤ ਬਾਰੇ ਦੱਸਦਿਆਂ ਸਰਕਾਰ ਨੂੰ ਅਗਾਹ ਕਰਨ ਦਾ ਯਤਨ ਵੀ ਆਪਣੀ ਇਸ ਰਚਨਾ ਦੇ ਮਾਧਿਅਮ ਰਾਹੀਂ ਕਰ ਰਿਹਾ ਹੈ। ਕਿਸਾਨਾਂ ਵਿਚ ਸਰਕਾਰ ਪ੍ਰਤੀ ਇਸ ਤਰ੍ਹਾਂ ਦੇ ਅਵਿਸ਼ਵਾਸ ਅਤੇ ਰੋਹ ਦੇ ਕਾਰਨਾਂ ਨੂੰ ਖੰਘਾਲਦਿਆਂ ਕਿਸਾਨ ਪੱਖੀ ਲੇਖਕ ਸਵਰਾਜਬੀਰ ਪੁਸਤਕ '***ਕਿਸਾਨੀ ਸੰਕਟ ਪਰਤ ਦਰ ਪਰਤ***' (ਸੰਪਾਦਿਤ ਸਟਾਲਿਨਜੀਤ ਸਿੰਘ ਬਰਾੜ) ਵਿਚ ਆਪਣੇ ਲੇਖ ਕਿਸਾਨਾਂ ਨੂੰ ਗੁੱਸਾ ਕਿਉਂ ਆਉਂਦਾ ਹੈ ਵਿਚ ਲਿਖਦੇ ਹਨ:

> ਦੇਸ਼ ਦੇ ਕਿਸਾਨਾਂ ਨੂੰ ਗੁੱਸਾ ਕਿਉਂ ਆਉਂਦਾ ਹੈ? ਕਿਸਾਨਾਂ ਅਤੇ ਉਨ੍ਹਾਂ ਦੀਆਂ ਜੱਥੇਬੰਦੀਆਂ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਸੱਚ ਨੂੰ ਤਾਂ ਸੱਚ ਦੱਸ ਰਹੀ ਹੈ ਪਰ ਕਿਸਾਨਾਂ ਦੇ ਸੱਚ ਨੂੰ ਝੂਠ ਦੱਸਿਆ ਜਾ ਰਿਹਾ ਹੈ। ਕਿਸਾਨਾਂ ਨੂੰ ਗੁੱਸਾ ਸੱਚ-ਝੂਠ ਦੀ ਇਸ ਖੇਡ 'ਤੇ ਆਉਂਦਾ ਹੈ। (***ਕਿਸਾਨੀ ਸੰਕਟ ਪਰਤ ਦਰ ਪਰਤ*** 109,110)

ਹੁਣ ਪ੍ਰਸ਼ਨ ਉੱਠਦਾ ਹੈ ਕਿ ਇੱਥੇ ਕਿਸ ਸੱਚ-ਝੂਠ ਦੀ ਗੱਲ ਕੀਤੀ ਜਾ ਰਹੀ ਹੈ। ਕਿਸਾਨਾਂ ਦੀ ਗੱਲ ਸੁਣੀਏ ਤਾਂ ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਦਾਅਵੇ ਕਰਦੀ ਹੈ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਕਈ ਕਿਸਾਨ

ਜੱਥੇਬੰਦੀਆਂ ਨਾਲ ਸਲਾਹ ਕੀਤੀ ਗਈ ਸੀ ਤੇ ਹੁਣ ਵੀ ਕਈ ਕਿਸਾਨ ਜੱਥੇਬੰਦੀਆਂ ਇਨ੍ਹਾਂ ਕਾਨੂੰਨਾਂ ਦੇ ਸਮਰਥਨ ਵਿਚ ਹਨ ਪਰੰਤੂ ਜਦੋਂ ਸਰਕਾਰ ਕੋਲੋਂ ਇਨ੍ਹਾਂ ਜੱਥੇਬੰਦੀਆਂ ਦੇ ਨਾਮ ਪੁੱਛੇ ਜਾਂਦੇ ਹਨ ਤਾਂ ਸਰਕਾਰ ਚੁੱਪੀ ਧਾਰਨ ਕਰ ਲੈਂਦੀ ਹੈ। ਇਨ੍ਹਾਂ ਹੀ ਨਹੀਂ ਜੋ ਸਰਕਾਰ ਪਹਿਲਾਂ ਇਨ੍ਹਾਂ ਖੇਤੀ ਕਾਨੂੰਨਾਂ ਦੀ ਬਹੁਤ ਪ੍ਰਸ਼ੰਸਾ ਕਰ ਰਹੀ ਸੀ ਫਿਰ ਅਚਾਨਕ ਉਨ੍ਹਾਂ ਵਿੱਚ ਸੋਧਾਂ ਕਰਨ ਲਈ ਵੀ ਤਿਆਰ ਹੋ ਗਈ ਤੇ ਅੰਤ ਵਿਚ ਇਨ੍ਹਾਂ ਕਾਨੂੰਨਾਂ ਨੂੰ ਰੱਦ ਵੀ ਕਰ ਦਿੱਤਾ। ਕਿਸਾਨਾਂ ਉੱਪਰ ਦੋਸ਼ ਲਗਾਇਆ ਜਾਂਦਾ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਖੇਤੀ ਕਾਨੂੰਨਾਂ ਦੀ ਸਮਝ ਨਹੀਂ। ਪਰੰਤੂ ਕਿਸਾਨ ਇਸ ਗੱਲ ਨੂੰ ਭਲੀਭਾਂਤ ਜਾਣਦਾ ਹੈ ਕਿ ਕਿਸਾਨਾਂ ਨੂੰ ਫ਼ਸਲਾਂ ਵੇਚਣ ਦੀ ਜੋ ਆਜ਼ਾਦੀ ਦਿੱਤੀ ਜਾ ਰਹੀ ਹੈ, ਇਸ ਦੇ ਕੀ ਮਾਅਨੇ ਹਨ। ਦੋ-ਢਾਈ ਏਕੜ ਵਾਲਾ ਕਿਸਾਨ ਆਪਣੀ ਫ਼ਸਲ ਨੂੰ ਕਿੱਥੇ ਲੈ ਜਾਵੇਗਾ। ਕਿਸਾਨ ਨੂੰ ਬਿਨਾਂ ਵਜ੍ਹਾ ਬੇਸਮਝ ਕਿਹਾ ਜਾ ਰਿਹਾ ਸੀ, ਕਿਸਾਨ ਨੂੰ ਇਸ ਗੱਲ ਦਾ ਗੁੱਸਾ ਆ ਰਿਹਾ ਸੀ।

ਅਗਲੀ ਗੱਲ ਇਨ੍ਹਾਂ ਕਾਨੂੰਨਾਂ ਖਿਲਾਫ ਹੋ ਰਹੇ ਧਰਨਿਆਂ ਮੁਜ਼ਾਹਰਿਆਂ ਨੂੰ ਦਬਾਉਣ ਲਈ ਸਰਕਾਰ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਆਰੰਭ ਵਿਚ ਪੰਜਾਬ ਦੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਵੀ ਇਨ੍ਹਾਂ ਬਿੱਲਾਂ ਦੇ ਸਮਰਥਨ ਵਿਚ ਨਜ਼ਰ ਆ ਰਹੀ ਸੀ ਜੋ ਬਾਅਦ ਵਿਚ ਇਨ੍ਹਾਂ ਦਾ ਵਿਰੋਧ ਕਰਨ ਲੱਗ ਪਈ। ਸਰਕਾਰ ਦੁਆਰਾ ਕਿਸਾਨਾਂ ਦੇ ਦਿੱਲੀ ਕੂਚ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ ਅਨੇਕਾਂ ਯਤਨ ਕੀਤੇ ਗਏ। ਰਾਸਤੇ ਵਿਚ ਹਰਿਆਣੇ ਦੀ ਸੂਬਾ ਸਰਕਾਰ ਵੀ ਕੇਂਦਰ ਸਰਕਾਰ ਦੀ ਹਦਾਇਤਾਂ ਤੇ ਚੱਲਦੀ ਹੋਈ ਇਸ ਕੰਮ ਵਿਚ ਆਪਣਾ ਵੱਧ ਤੋਂ ਵੱਧ ਜ਼ੋਰ ਲਗਾ ਰਹੀ ਸੀ ਸਰਕਾਰ ਦੀਆਂ ਇਨ੍ਹਾਂ ਅਨੈਤਿਕ ਚਾਲਾਂ ਦੇ ਬਾਵਜੂਦ ਕਿਸਾਨਾਂ ਨੇ ਰਸਤੇ ਦੇ ਸਾਰੇ ਰੋੜਿਆਂ ਨੂੰ ਹਟਾਇਆ ਤੇ ਆਪਣਾ ਦਿੱਲੀ ਕੂਚ ਸਫਲ ਕੀਤਾ। ਰਜਿੰਦਰ ਸਿੰਘ ਰਾਜਨ ਦੁਆਰਾ ਸੰਪਾਦਿਤ ਪੁਸਤਕ '***ਖੇਤਾਂ ਦੇ ਪੁੱਤ ਜਾਗ ਪਏ***' ਵਿਚ ਕਵੀ ਦਲਬਾਰ ਸਿੰਘ ਲਿਖਦੇ ਹਨ :

ਗੱਲਾਂ ਦੱਸੇ 'ਦਲਬਾਰ' ਸੱਚੋ ਸੱਚੀਆਂ,
ਹੁਣ ਦਿੱਲੀ ਨੂੰ ਵਹੀਰਾਂ ਲੋਕਾਂ ਘੱਤੀਆਂ,
ਰੋਕਾਂ ਲਾ ਕੇ ਸਰਕਾਰਾਂ ਸਭ ਥੱਕੀਆਂ,
ਘੇਰਾ ਦਿੱਲੀ ਨੂੰ ਜੱਟਾਂ ਦਾ ਹੁਣ ਪੈ ਗਿਆ।

ਦੇਸ਼ ਦਾ ਕਿਸਾਨ ਛੇੜ ਕੇ,

ਤਾਨਾਸ਼ਾਹ ਨੇ ਕਸੂਤਾ ਪੰਗਾ ਲੈ ਲਿਆ। 15

ਕਿਸਾਨਾਂ ਦੇ ਦਿੱਲੀ ਕੂਚ ਨੂੰ ਰੋਕਣ ਲਈ ਸਰਕਾਰ ਦੁਆਰਾ ਅਪਣਾਏ ਗਏ ਸਾਧਨ ਪੂਰੀ ਤਰ੍ਹਾਂ ਨਾਲ ਹਾਸੋ ਹੀਣੇ ਤੇ ਮਾਨਵੀ ਤੇ ਲੋਕਤੰਤਰੀ ਕਦਰਾਂ-ਕੀਮਤਾਂ ਤੋਂ ਉਲਟ ਸਨ। ਮੁਜ਼ਾਹਰਾ ਕਰਨ ਵਾਲਿਆਂ ਉੱਪਰ ਪਾਣੀ ਦੀ ਬੁਛਾੜਾਂ, ਅੱਥਰੂ ਗੈਸ ਦੇ ਗੋਲੇ, ਸੜਕਾਂ ਨੂੰ ਰੋਕਣ ਲਈ ਰਸਤੇ ਵਿਚ ਵੱਡੇ-ਵੱਡੇ ਪੱਥਰ, ਬੈਰੀਗੇਟ ਆਦਿ ਦਾ ਲਗਾਉਣਾ ਤੇ ਸੜਕਾਂ ਉੱਪਰ ਕਿੱਲ ਲਗਾਵਾ ਦੇਣੇ ਤੇ ਸੜਕਾਂ ਉੱਪਰ ਟੋਏ ਪਟਵਾਉਣੇ ਆਦਿ ਪੂਰੀ ਤਰ੍ਹਾਂ ਨਾਲ ਗੈਰ-ਜ਼ਿੰਮੇਵਾਰਾਨਾ ਕੰਮ ਸਨ। ਇਸ ਲਈ ਕਿਸਾਨਾਂ ਵਿਚ ਇਨ੍ਹਾਂ ਕਾਨੂੰਨਾਂ ਪ੍ਰਤੀ ਵਿਰੋਧਾਭਾਸ ਦੀ ਸਥਿਤੀ ਬਣੀ ਹੋਈ ਸੀ। ਇਸ ਸਥਿਤੀ ਨਾਲ ਨਜਿੱਠਣ ਲਈ ਕਵੀ ਆਪਣੀਆਂ ਰਚਨਾਵਾਂ ਵਿਚ ਕ੍ਰਾਂਤੀਕਾਰੀ ਵਿਚਾਰਾਂ ਦੀ ਗੱਲ ਕਰਦਿਆਂ ਆਪਣੇ ਹੱਕ ਖੋਹਣ ਦੀ ਗੱਲ ਕਰਦੇ ਹਨ। ਇਸ ਦੀ ਇਕ ਉਦਾਹਰਣ ਇਸੇ ਹੀ ਪੁਸਤਕ ਵਿਚ ਕਵੀ ਕੁਲਵੰਤ ਸਿੰਘ ਲਿਖਦੇ ਹਨ:

ਕਿਸਾਨਾਂ ਤੇ ਕਾਲੇ ਕਾਨੂੰਨ ਲਿਆ ਕੇ, ਪੁੱਟੀ ਆਪਣੀ ਕਬਰ ਤੂੰ ਆਪੇ,

ਹੁਣ ਤੈਨੂੰ ਸੁੱਕਾ ਜਾਣ ਨਹੀਂ ਦਿੰਦੇ, ਜਦ ਤੱਕ ਆਪਣੇ ਹੱਕ ਨਹੀਂ ਲੈਂਦੇ,

ਕਿਰਤੀ ਕਾਮੇ ਜਾਗ ਗਏ ਸਾਰੇ, ਮਸਾਂ ਆਈ ਜਾੜ ਉਨ੍ਹਾਂ ਦੀ ਹੇਠ।

ਨੀ ਤੂੰ ਮੰਨ ਜਾ ਸਰਕਾਰੇ..........। 57

ਸਟਾਲਿਨਜੀਤ ਸਿੰਘ ਬਰਾੜ ਦੁਆਰਾ ਸੰਪਾਦਿਤ ਪੁਸਤਕ ‘ ਵਿਚ ਕਿਸਾਨਾਂ ਦੇ ਰੋਹ ਨੂੰ ਜਾਇਜ਼ ਠਹਿਰਾਉਂਦੇ ਹੋਏ ਲੇਖਕ ਸਵਰਾਜਬੀਰ ਲਿਖਦੇ ਹਨ:

> ਮਨੁੱਖ ਬੇਇਨਸਾਫ਼ੀ ਵਿਰੁੱਧ ਲੜ ਕੇ ਹੀ ਮਨੁੱਖ ਰਹਿ ਸਕਦਾ ਹੈ। ਕਿਸਾਨਾਂ ਦੀ ਲੜਾਈ ਆਪਣੀ ਮਨੁੱਖਤਾ ਤੇ ਆਪਣੇ ਸਵੈਮਾਨ ਨੂੰ ਬਚਾਉਣ ਦੀ ਲੜਾਈ ਹੈ। ਉਹ ਸੱਚ ਬੋਲ ਰਹੇ ਹਨ ਪਰ ਮੁਸ਼ਕਲ ਇਹ ਹੈ ਕਿ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ “ਸਾਕਤ ਸਚੁ ਨਾ ਭਾਵਈ” ਭਾਵ ਮਾਇਆ ਦੇ ਉਪਾਸਕਾ ਨੂੰ ਸੱਚਾਈ ਚੰਗੀ ਨਹੀਂ ਲੱਗਦੀ। ਕਾਰਪੋਰੇਟ ਅਦਾਰੇ

> ਤੇ ਉਨ੍ਹਾਂ ਦਾ ਕਹਿਣਾ ਮੰਨਣ ਵਾਲੀ ਸਰਕਾਰ ਮਾਇਆ ਦੇ ਉਪਾਸ਼ਕ (ਸਾਕਤ) ਹਨ। ਪੰਜਾਬ ਤੇ ਹੋਰ ਪ੍ਰਦੇਸ਼ਾਂ ਦੇ ਕਿਸਾਨਾਂ ਨੂੰ ਗੁੱਸਾ ਇਸ ਲਈ ਆ ਰਿਹਾ ਹੈ ਕਿ ਸੱਚ ਦੀ ਆਵਾਜ਼ ਸੁਣੀ ਨਹੀਂ ਜਾ ਰਹੀ; ਕਿਸਾਨਾਂ ਦਾ ਗੁੱਸਾ ਜਾਇਜ਼ ਹੈ। (***ਕਿਸਾਨੀ ਸੰਕਟ ਪਰਤ ਦਰ ਪਰਤ*** 113)

ਅਰਤਿੰਦਰ ਸੰਧੂ ਅਤੇ ਡਾ. ਮੋਹਣ ਸਿੰਘ ਤਿਆਗੀ ਦੁਆਰਾ ਸੰਪਾਦਿਤ ਪੁਸਤਕ '***ਮਿੱਟੀ ਦੇ ਵਣਜਾਰੇ***' ਵਿਚ ਕਵੀ ਰਵਿੰਦਰ ਭੱਠਲ ਆਪਣੀ ਰਚਨਾ ਸਿਦਕ ਦਾ ਸਫ਼ਰ ਵਿਚ ਕੇਂਦਰ ਦੀ ਸਰਕਾਰ ਨੂੰ ਕਰੜੇ ਸ਼ਬਦਾਂ ਵਿਚ ਹੰਕਾਰੀ ਹੋਈ ਸਰਕਾਰ ਕਹਿ ਦਿੰਦੇ ਹਨ, ਉਹ ਆਪਣੀ ਰਚਨਾ ਵਿਚ ਲਿਖਦੇ ਹਨ:

> ਕੇਂਦਰ ਦੀ ਹੰਕਾਰੀ ਹਕੂਮਤੇ
>
> ਯਾਦ ਰੱਖ ਲੋਕਾਂ ਦਾ ਸਬਰ
>
> ਜਦੋਂ ਪੀੜਤ ਹੋ ਪਾਟਦੈ
>
> ਤਾਂ ਸਿੰਘਾਸਣ ਦੇ ਚਾਰੇ ਪਾਵੇ
>
> ਹਿਲਾ ਕੇ ਰੱਖ ਦਿੰਦਾ ਹੈ। 25

ਇੱਥੇ ਕਵੀ ਰਵਿੰਦਰ ਭੱਠਲ ਇਸ ਲੋਕ ਲਹਿਰ ਨੂੰ ਕੇਂਦਰ ਸਰਕਾਰ ਦੇ ਪਾਵੇ ਹਿਲਾਉਣ ਤੱਕ ਦੀ ਸ਼ਕਤੀ ਵਾਲੀ ਲਹਿਰ ਦੇ ਰੂਪ ਵਿਚ ਪੇਸ਼ ਕਰਦਾ ਹੈ। ਲੇਖਕ ਪਰਮਿੰਦਰ ਸਿੰਘ ਨੇ ਸਟਾਲਿਨਜੀਤ ਸਿੰਘ ਬਰਾੜ ਦੁਆਰਾ ਸੰਪਾਦਿਤ ਪੁਸਤਕ ਵਿਚ ਆਪਣੇ ਲੇਖ ਕਿਸਾਨ ਲਹਿਰ ਦੀਆਂ ਵਿਲੱਖਣਤਾਵਾਂ ਵਿਚ ਸਿੱਧੇ ਸ਼ਬਦਾਂ ਵਿਚ ਸੱਤਾ ਧਾਰੀ ਪਾਰਟੀ ਦਾ ਨਾਂ ਲੈਂਦਿਆਂ ਉਨ੍ਹਾਂ ਨੂੰ ਕਟਿਹਰੇ ਵਿਚ ਖੜ੍ਹਾ ਕੀਤਾ ਹੈ:

> ਲੋਕਾਂ ਦੇ ਇਸ ਅਮਲ ਨੇ ਉਨ੍ਹਾਂ ਦੇ ਧੁਰ ਅੰਦਰ ਵਸਦੀ ਉਸ ਬੇਗਾਨਗੀ ਦੀ ਭਾਵਨਾ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ ਜੋ ਉਨ੍ਹਾਂ ਦੀਆਂ ਅਸਤਿਤਵੀ ਹਸਤੀਆਂ ਵਿਚ ਅਜੋਕੇ ਆਰਥਿਕ ਅਤੇ ਰਾਜ ਕਰਦੇ ਰਾਜਸੀ ਨਿਜ਼ਾਮ ਦੀਆਂ ਲੋਕ ਵਿਰੋਧੀ, ਸੰਕਟ ਨੂੰ ਪੈਦਾ ਕਰਨ ਵਾਲੀਆਂ ਅਤੇ ਨਾਲ ਹੀ ਸੰਕਟਗ੍ਰਸਤ ਹੋ ਚੁੱਕੀਆਂ ਨੀਤੀਆਂ ਖਿਲਾਫ਼ ਬਹੁਤ ਲੰਮੇ ਸਮੇਂ ਤੋਂ ਪਨਪ

ਰਹੀ ਸੀ। ਇਨ੍ਹਾਂ ਆਰਥਿਕ ਨੀਤੀਆਂ ਅਤੇ ਇਨ੍ਹਾਂ ਦੇ ਅਨੁਸਾਰ ਹੀ ਚਲਾਏ ਜਾ ਰਹੇ ਰਾਜ ਪ੍ਰਬੰਧ ਵਿਰੁੱਧ ਉਨ੍ਹਾਂ ਦੇ ਮਨਾਂ ਵਿਚ ਪੈਦਾ ਹੋ ਰਹੇ ਗੁੱਸੇ ਨੂੰ ਵੀ ਇਸ ਕਿਸਾਨ ਲਹਿਰ ਨੇ ਬਾਹਰ ਲਿਆਂਦਾ ਹੈ। ਰਾਜ ਅਤੇ ਇਸ ਤੇ ਕਾਬਜ਼ ਸਿਆਸੀ ਜੋ ਇਸ ਵੇਲੇ ਮੁੱਖ ਤੌਰ ਤੇ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਚੋਟੀ ਦੇ ਨੇਤਾਵਾਂ ਵਿਚ ਸਮੋਈ ਹੋਈ ਹੈ, ਦੇ ਵਿਰੁੱਧ ਹੀ ਇਸ ਬੇਗਾਨਗੀ ਅਤੇ ਗੁੱਸੇ ਦੀ ਭਾਵਨਾ ਦਾ ਇਜ਼ਹਾਰ ਹੋ ਰਿਹਾ ਹੈ। (***ਕਿਸਾਨੀ ਸੰਕਟ ਪਰਤ ਦਰ ਪਰਤ***,146)

ਇਸ ਹੀ ਤਰਾਂ ਕਵੀ ਸੁਰਜੀਤ ਜੱਜ ਆਪਣੀ ਪੁਸਤਕ '***ਕਿਸਾਨੀ ਕੂਚ***' ਵਿਚ ਮੋਜੂਦਾ ਰਾਜਨੀਤੀ ਨੂੰ ਕਟਿਹਰੇ ਵਿਚ ਖੜ੍ਹਾ ਕਰਦਿਆਂ ਆਪਣੀ ਰਚਨਾ ਯੁੱਧ ਕਿਲੇ ਤੇ ਖੇਤ ਦਾ ਏ ਵਿਚ ਲਿਖਦੇ ਹਨ:

ਇਹ ਹੱਲ ਬੋਲੇ ਕਿਸਾਨ ਦਾ ਏ

ਹੱਕ ਮੰਗਦੇ ਹਰ ਇਨਸਾਨ ਦਾ ਏ

ਵਰਿਆਂ ਤੋਂ ਸੁਲਝਦੇ ਹਰਖ ਦਾ ਏ

ਸਾਡੀ ਹਰ ਪਲ ਹੁੰਦੀ ਪਰਖ ਦਾ ਏ

ਮੋਢਿਆਂ 'ਤੇ ਉੱਗਦੇ ਸਿਰਾਂ ਦਾ ਏ

ਯੁੱਧ ਸੱਚੀਆਂ ਝੂਠੀਆਂ ਧਿਰਾਂ ਦੇ ਏ

ਸੜ੍ਹਕਾਂ, ਰਾਹਾਂ, ਵੱਟਾਂ ਬੰਨਿਆਂ ' ਤੇ

ਹਾਕਮ ਦੀ ਪੁਟੀਂਦੀ ਕਬਰ ਦਾ ਏ

ਅਸੀਂ ਮੇਲਾ ਦੇਖਣ ਨਈ ਆਏ

ਇਹ ਯੁੱਧ ਸਿਤਮ ਤੇ ਸਬਰ ਦਾ ਏ 35

ਕਵੀ ਸੁਰਜੀਤ ਜੱਜ ਇਸ ਨੂੰ ਇਕ ਸਾਧਾਰਣ ਯੁੱਧ ਦੇ ਰੂਪ ਵਿਚ ਨਹੀਂ ਸਗੋਂ ਗਹਿਰੇ ਅਰਥ ਦਿੰਦਿਆਂ ਇਸ ਨੂੰ ਸਮਾਜ ਦੇ ਦੋ ਵਰਗਾਂ ਵਿਚਲੇ ਸੰਘਰਸ਼ ਦਾ ਰੂਪ ਦਿੰਦਾ ਹੈ ਜਿੱਥੇ ਕਵੀ ਕੇਂਦਰ ਦੀ ਹਕੂਮਤ ਨੂੰ ਜੁਲਮ ਦੀ ਸਿਤਮ ਕਹਿ ਰਿਹਾ ਹੈ ਉੱਥੇ ਹੀ ਕਿਸਾਨਾਂ ਦੇ ਇਸ ਸ਼ਾਂਤਮਈ ਘੋਲ ਨੂੰ ਸਬਰ ਦਾ ਪ੍ਰਤੀਕ ਕਹਿ ਕੇ ਵਡਇਆ ਵੀ ਰਿਹਾ ਹੈ। ਇਸੇ ਹੀ ਤਰ੍ਹਾਂ ਡਾ. ਗੁਰਬਖਸ਼ ਸਿੰਘ ਭੰਡਾਲ '***ਮਿੱਟੀ ਦੇ ਵਣਜਾਰੇ*** ਪੁਸਤਕ ਵਿਚ ਹਾਕਮ ਧਿਰ ਨੂੰ ਬੇਦਰਦ ਕਹਿ ਰਿਹਾ ਹੈ ਜੋ ਕਿਰਤੀਆਂ ਕਿਸਾਨਾਂ ਦੀਆਂ ਦੁੱਖ ਭਰੀਆਂ ਸਿਸਕੀਆਂ ਸੁਣਨ ਦੀ ਬਜਾਇ ਆਪਣੇ ਅਮੀਰ ਕਾਰਪੋਰਟਾਂ ਦੀ ਮੰਡਲੀ ਵਿਚ ਆਪਣੀ ਧੁਨ ਮਸਤ ਹੈ। ਕਵੀ ਹਾਕਮ ਭਾਵ ਦੇਸ਼ ਦੇ ਸੱਤਾਧਿਰਾਂ ਨੂੰ ਸੰਬੋਧਿਤ ਕਰਦਿਆਂ ਲਿਖਦੇ ਹਨ:

ਬੇਦਰਦ ਹਾਕਮਾਂ ਵੇ!

ਕਦੇ ਸੁਣ ਖੇਤਾਂ ਦੇ ਬੋਲ

ਸਿੱਟਿਆਂ 'ਚ ਸਿਸਕੀਆਂ ਨੇ

ਤੇ ਹੰਝੂਆਂ ਭਿੱਜੇ ਬੋਹਲ

ਖੇਤਾਂ ਦੇ ਰਾਣਿਆਂ ਦੀ

ਕਿਰਤ ਐਂਵੇ ਨਾ ਰੋਲ

ਫਿਰ ਹੱਥੀਂ ਦਿੱਤੀਆਂ ਤੂੰ

ਕੀਕੂੰ ਸਕਾਂਗੇ ਗੰਢਾਂ ਖੋਲ੍ਹ? 45

ਇਸੇ ਪੁਸਤਕ ਵਿਚ ਕਵੀ ਕਵਿੰਦਰ ਚਾਂਦ ਇਸ ਕਿਸਾਨੀ ਘੋਲ ਨੂੰ ਜੀਵਨ ਦੀ ਹੋਂਦ ਦੀ ਲੜਾਈ ਤੱਕ ਕਹਿ ਦਿੰਦੇ ਹਨ। ਕੇਵਲ ਫਸਲਾਂ ਦੇ ਭਾਅ ਤੱਕ ਇਸ ਸੰਘਰਸ਼ ਨੂੰ ਸੀਮਿਤ ਨਾ ਰਹਿਣ ਦੀ ਗੱਲ ਕਰਦਿਆਂ ਕਵੀ ਇਸ ਨੂੰ ਕਿਰਤੀਆਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਅਸਤਿਤਵ ਦੀ ਲੜਾਈ ਦੇ ਰੂਪ ਵਿਚ ਪੇਸ਼ ਕਰਨਾ ਚਾਹੁੰਦਾ ਹੈ:

ਜੰਗ ਹੁਣ ਸਿਰਫ਼ ਫ਼ਸਲਾਂ ਦੇ ਭਾਅ ਦੀ ਨਹੀਂ

ਜੰਗ ਹੁਣ ਦਿੱਲੀ ਦੇ ਰਾਹ ਦੀ ਨਹੀਂ

ਜੰਗ ਹੁਣ ਹੋਂਦ, ਅਣਹੋਂਦ ਦੀ ਹੈ

ਜਿਉਂਦੇ ਦਿਸਣ ਦੀ, ਜਿਉਂਦੇ ਰਹਿਣ ਦੀ ਹੈ 70

ਸਰਕਾਰਾਂ ਪ੍ਰਤੀ ਆਪਣੇ ਗੁੱਸੇ ਦਾ ਪ੍ਰਗਟਾਅ ਕੇਵਲ ਕਿਸਾਨ ਦੁਆਰਾ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰਾਂ ਦੇ ਹਰ ਮੈਂਬਰ ਤੇ ਵਿਸ਼ੇਸ਼ਕਰ ਇਸਤਰੀਆਂ ਵੱਲੋਂ ਇਸ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ ਹੈ। ਇਸ ਗੱਲ ਦੀ ਪੁਸ਼ਟੀ ਇਸ ਤੱਥ ਤੋਂ ਵੀ ਹੁੰਦੀ ਹੈ ਕਿ ਕਿਸਾਨ ਸੰਘਰਸ਼ ਦੇ ਸਮੇਂ ਦੌਰਾਨ ਇਸਤਰੀਆਂ ਵੱਲੋਂ ਕਿਸਾਨ ਮੋਰਚੇ ਦੀ ਕਈ ਥਾਈਂ ਅਗਵਾਈ ਕੀਤੀ ਗਈ। ਔਰਤਾਂ ਵੱਲੋਂ ਲਗਾਈ ਗਈ ਸੰਸਦ ਦੀ ਚਰਚਾ ਵਿਸ਼ਵ ਭਰ ਵਿਚ ਹੋਈ। ਕਿਸਾਨਾਂ ਦੇ ਇਸਤਰੀ ਵਿੰਗ ਸਥਾਪਿਤ ਕੀਤੇ ਗਏ। ਸਮਕਾਲੀ ਪੰਜਾਬੀ ਨਾਰੀਆਂ ਨੇ ਇਸ ਲਹਿਰ ਅਧੀਨ ਰਚੇ ਜਾ ਰਹੇ ਸਾਹਿਤ ਦੇ ਖੇਤਰ ਵਿਚ ਆਪਣਾ ਅਹਿਮ ਰੋਲ ਨਿਭਾਇਆ ਹੈ। ਕਿਸਾਨੀ ਸੰਘਰਸ਼ ਨਾਲ ਸੰਬੰਧਿਤ ਬਹੁਤ ਸਾਰਾ ਨਾਰੀਵਾਦੀ ਕਾਵਿ ਸਾਹਮਣੇ ਆਇਆ ਹੈ। ਕਿਸਾਨੀ ਸੰਘਰਸ਼ ਨਾਲ ਸੰਬੰਧਿਤ ਨਿਰੋਲ ਨਾਰੀਵਾਦੀ ਕਾਵਿ ਦੀ ਪੁਸਤਕ '***ਮਿੱਟੀ ਦੇ ਬੋਲ***' ਵਿਚ ਗੁਲਫਸਾ ਬੇਗਮ ਦੁਆਰਾ ਰਚਿਤ ਕਵਿਤਾ ਦਰਦ ਕਿਸਾਨਾਂ ਦਾ ਵਿਚ ਉਹ ਮੌਜੂਦਾ ਰਾਜਨੀਤੀ ਪ੍ਰਤੀ ਰੋਹ ਪ੍ਰਗਟ ਕਰਦਿਆਂ ਕਿਸਾਨ ਅੰਦੋਲਨ ਸਮੇਂ ਰਾਜਨੀਤੀ ਦਾ ਕਿਸਾਨੀ ਪ੍ਰਤੀ ਰਵੱਈਏ ਨੂੰ ਇੰਞ ਪੇਸ਼ ਕਰਦੀ ਹੈ:

ਤਨ ਸਾਡੇ ਨੂੰ ਪਿੰਜਿਆ ਇੱਥੇ ਵੱਡੇ ਹਾਕਮਾਂ ਨੇ,

ਹੱਕ ਮਾਰ ਕ ਦਿੱਤੀਆਂ ਕਈ ਵੱਡੀਆਂ ਦਾਅਵਤਾਂ ਨੇ,

ਏਹੋ ਜੇ ਲੋਕਤੰਤਰ ਉੱਤੇ ਲੱਖ ਲਾਹਨਤਾਂ ਨੇ,

ਸੰਸਦ ਵੀ ਤਾਂ ਜਾਪੇ ਟੋਲਾ ਬੇ-ਇਮਾਨਾਂ ਦਾ,

ਸੁਣਦਾ ਕਿਉਂ ਨਹੀਂ ਹਾਕਮਾਂ ਵੇ ਤੂੰ ਦਰਦ ਕਿਸਾਨਾਂ ਦਾ ? 20

ਆਪਣੇ ਪ੍ਰਤੀਕਰਮ ਨੂੰ ਪੇਸ਼ ਕਰਦਿਆਂ ਕਵਿਤਰੀ ਦੇਸ਼ ਚਲਾਉਣ ਵਾਲੀ ਸਭ ਤੋਂ ਵੱਡੀ ਰਾਜਨੀਤਿਕ ਸੰਸਥਾ ਸੰਸਦ ਉੱਪਰ ਵੀ ਸਵਾਲੀਆ ਨਿਸ਼ਾਨ ਲਗਾਉਂਦੀ ਹੈ ਤੇ ਸੰਸਦ ਅੰਦਰ ਬੈਠੇ ਨੇਤਾਵਾਂ ਨੂੰ ਠੱਗਾਂ ਤੇ ਬੇਇਮਾਨਾਂ ਦਾ ਟੋਲਾ ਕਹਿ ਕੇ ਭੰਡਿਆ ਗਿਆ ਹੈ। ਅੱਗੇ ਉਹ ਦੇਸ਼ ਦੇ ਹਾਕਮ ਦੀ ਨੀਯਤ ਵਿਚ ਖੋਟ ਦੱਸਦੇ ਹੋਏ ਉਸ ਨੂੰ ਕਾਰਪੋਰੇਟਾਂ ਦਾ ਗੁਲਾਮ ਤੱਕ ਕਹਿੰਦੀ  ਹੈ। ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਉਹ ਲਿਖਦੀ ਹੈ:

ਰਾਜਿਆਂ ਰਾਜ ਕਰੇਂਦਿਆ

ਤੇਰੀ ਨਿਯਤ 'ਚ ਲਗਦੀ ਖੋਟ,

ਤੂੰ ਕਰਜਾਈ ਕਾਰਪੋਰੇਟਾਂ ਦਾ

ਉਹ ਦੇਂਦੇ ਤੈਨੂੰ ਚੋਖੇ ਨੋਟ।

ਰਾਜਿਆਂ ਰਾਜ ਕਰੇਂਦਿਆ

ਤੇਰੇ ਸਿਰ ਤੇ ਚੜ੍ਹਿਆ ਜਨੂੰਨ,

ਸੁਣ ਗਲ ਸਾਡੀ ਹਾਕਮਾਂ

ਤੈਨੂੰ ਬਦਲਣੇ ਪੈਣੇ ਕਾਲੇ ਕਾਨੂੰਨ 24

ਸਰਕਾਰ ਨੂੰ ਸਿੱਧੇ ਤੇ ਆਸਾਨ ਸ਼ਬਦਾਂ ਵਿਚ ਆਪਣੇ ਫੈਸਲੇ ਭਾਵ ਕਾਨੂੰਨਾਂ ਨੂੰ ਰੱਦ ਕਰਨ ਦੀ ਗੱਲ ਪਹਿਲੇ ਦਿਨ ਤੋਂ ਹੀ ਚੱਲੀ ਆ ਰਹੀ ਸੀ, ਜਿਸ ਅੱਗੇ ਅੰਤ ਨੂੰ  ਸਰਕਾਰ ਨੂੰ ਝੁਕਣਾ ਵੀ ਪਿਆ। ਇਸ ਸੰਘਰਸ਼ ਨੇ ਲੋਕ ਚੇਤਨਾ ਨੂੰ ਜਾਗ ਲਗਾ ਕੇ ਲੋਕ ਰੋਹ ਦੀ ਨਵੀਂ ਤਾਰੀਖ ਲਿਖੀ ਹੈ। ਇਸੇ ਹੀ ਕਾਵਿ ਸੰਗ੍ਰਹਿ ਵਿਚ ਲੇਖਿਕਾ ਮਨਦੀਪ ਭਦੌੜ ਇਸ ਸੰਦਰਭ ਵਿਚ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕਰਦੀ ਹੈ:

ਸਰਦ ਗਰਮ ਕਮਰੇ 'ਚ ਬਹਿ

ਕਿਵੇਂ ਲਿਖ ਸਕਦਾ ਹਾਕਮਾਂ

ਸਾਡੀਆਂ ਤਕਦੀਰਾਂ ਦੇ ਫੈਸਲੇ

ਕਦੇ ਪੈਰਾਂ ਥੱਲੇ ਭੁਰਦੀ ਮਿੱਟੀ

ਮਹਿਸੂਸ ਕੀਤੀ ਏ 57

ਮਨਦੀਪ ਭਦੌੜ ਆਪਣੀ ਇਸ ਕਵਿਤਾ ਰਾਹੀਂ ਸਰਕਾਰ ਨੂੰ ਪ੍ਰਸ਼ਨ ਕਰਦੀ ਹੈ ਕਿ ਕਿਵੇਂ ਉਹ ਗੈਰ-ਜ਼ਿੰਮੇਵਾਰਾਨਾ ਤਰੀਕੇ ਨਾਲ ਬੰਦ ਕਮਰਿਆਂ ਵਿਚ ਬੈਠ ਕੇ ਬਿਨਾਂ ਕਿਸਾਨਾਂ ਦੀ ਰਾਇ ਲਏ ਉਨ੍ਹਾਂ ਲਈ ਫੈਸਲੇ ਕਰ ਦਿੱਤੇ ਗਏ। ਕਿਸਾਨਾਂ ਦੁਆਰਾ ਕਿਸਾਨ ਅੰਦੋਲਨ ਦੇ ਰੂਪ ਵਿਚ ਪ੍ਰਗਟਾਇਆ ਗਿਆ ਰੋਸ ਪੂਰੀ ਦੁਨੀਆਂ ਨੇ ਦੇਖਿਆ ਹੈ। ਸੁਰਿੰਦਰ ਗੀਤ ਆਪਣੇ ਕਾਵਿ ਸੰਗ੍ਰਹਿ '***ਖੇਤਾਂ ਦਾ ਰਾਜਾ***' ਵਿਚ ਕਿਸਾਨਾਂ ਦੇ ਇਸ ਪ੍ਰਭਾਵੀ ਅੰਦੋਲਨ ਨਾਲ ਸਰਕਾਰ ਦੇ ਤਖ਼ਤ ਦੇ ਹਿੱਲਣ ਤੱਕ ਦੀ ਬਾਤ ਆਪਣੀ ਰਚਨਾ ਵਿਚ ਇੰਝ ਪਾਉਂਦੀ ਹੈ:

ਸਿੰਘਾਸਣ ਤੇ ਬੈਠਾ ਹਾਕਮ

ਬਹੁਤ ਹੈਰਾਨ ਹੈ

ਬਹੁਤ ਪਰੇਸ਼ਾਨ ਹੈ

ਕਿਵੇਂ ਦੇਖੇ

ਉਸਦੀਆਂ ਨੀਤੀਆਂ ਵਿਰੁਧ

ਧਰਨੇ ਤੇ ਬੈਠੇ

ਇਨਕਲਾਬ ਜ਼ਿੰਦਾਬਾਦ ਦੇ

ਨਾਅਰੇ ਲਾਉਂਦੇ

ਹੱਕ ਮੰਗਦੇ

ਸੰਘਰਸ਼ੀ ਕਿਸਾਨਾਂ ਦੇ

ਵੱਡ-ਅਕਾਰੀ ਪਤੀਲੇ 24

ਜਿੱਥੇ ਇਸ ਲਹਿਰ ਰਾਹੀਂ ਲੇਖਿਕਾ ਸੰਘਰਸ਼ੀ ਕਿਸਾਨਾਂ ਦੇ ਨਾਅਰਿਆਂ ਨੂੰ ਸਰਕਾਰ ਲਈ ਖਤਰੇ ਦੀ ਘੰਟੀ ਦੇ ਰੂਪ ਵਿਚ ਪੇਸ਼ ਕਰਦਾ ਹੈ ਉੱਥੇ ਹੀ ਇਸੇ ਪੁਸਤਕ ਵਿਚ ਲੇਖਿਕਾ ਸੁਰਿੰਦਰ ਗੀਤ ਆਪਣੀ ਰਚਨਾ ਨਵਾਂ ਇਤਿਹਾਸ ਵਿਚ ਕਿਸਾਨਾਂ ਨੂੰ ਹੱਡ ਮਾਸ ਦੇ ਪੁਤਲੇ ਸਾਧਾਰਨ ਇਨਸਾਨ ਨਹੀਂ ਸਗੋਂ ਇਸ ਨੂੰ ਗੁਰੂਆਂ-ਪੀਰਾਂ ਦੇ ਥਾਪੜੇ ਤੋਂ ਮਿਲਣ ਵਾਲੀ ਚਾਨਣ ਰੂਪੀ ਲੋਅ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ। ਕਵਿਤਰੀ ਇਨ੍ਹਾਂ ਅੰਦੋਲਨਕਾਰੀ ਕਾਮਿਆਂ, ਕਿਸਾਨਾਂ ਦੀ ਤੁਲਨਾ ਭਾਰਤ ਦੀ ਮਿੱਟੀ ਵਿਚੋਂ ਉੱਗਣ ਵਾਲੇ ਉਨਾਂ ਵਿਦਰੋਹੀਆਂ ਨਾਲ ਕਰਦੀ ਹੈ ਜਿਨ੍ਹਾਂ ਨੇ ਕਦੇ ਦੇਸ਼ ਦੀ ਆਜ਼ਾਦੀ ਲਈ ਵਿਦੇਸ਼ੀ ਤਾਕਤਾਂ ਨਾਲ ਟੱਕਰ ਲਈ ਹੋਈ ਹੈ। ਇਸ ਲਈ ਅਜਿਹੀ ਲਟ-ਲਟ ਕਰਦੀ ਮਸ਼ਾਲ ਹੋਰਾਂ ਲਈ ਵੀ ਚਾਨਣ ਦੇ ਰੂਪ ਵਿਚ ਕੰਮ ਕਰਦੀ ਹੈ। ਕਵਿਤਰੀ ਇਸ ਰੋਸ ਨੂੰ ਹੱਕ ਸੱਚ ਦੀ ਲੜਾਈ ਕਹਿ ਕੇ ਇਸ ਨੂੰ ਹੋਂਦ ਤੇ ਜ਼ਮੀਰ ਨਾਲ ਜੁੜਿਆ ਮਸਲਾ ਕਰਾਰ ਦਿੰਦੀ ਹੈ। ਕਵਿਤਰੀ ਇਸ ਨੂੰ ਇਸ ਪ੍ਰਕਾਰ ਕਲਮਬੱਧ ਕਰਦੀ ਹੈ:

ਇਹ ਕੇਵਲ

ਹੱਡ, ਲਹੂ ਮਾਸ ਦੇ ਪੁਤਲੇ ਹੀ ਨਹੀਂ

ਸਗੋਂ

ਕਿਸਾਨ, ਕਿਰਤੀ ਕਾਮਿਆਂ ਦੇ

ਹੱਕਾਂ ਦੀ ਲੁੱਟ ਵਿਰੁਧ

ਭਾਰਤ ਦੀ ਮਿੱਟੀ

ਚੋਂ ਉੱਗਿਆ ਰੋਹ

ਗੁਸਤਾਖ ਹਵਾਵਾਂ ਪ੍ਰਤੀ

ਲੋਕਾਂ ਦਾ ਵਿਦਰੋਹ

ਲੋਕ ਮਨਾਂ ਵਿੱਚ

ਲੋਕਾਂ ਲਈ ਪਲ਼ਦਾ

ਮਣਾਂ ਮੂੰਹੀ ਮੋਹ

ਗੁਰੂਆਂ ਪੀਰਾਂ ਫ਼ਕੀਰਾਂ ਦੇ

ਥਾਪੜੇ ਦੀ ਛੋਹ

ਤੇ ਜੁਝਾਰੂ ਵਿਰਸੇ ਦੀ

ਲਟ ਲਟ ਬਲਦੀ

ਲੋਅ ਹੈ (ਪੰਨਾ 42)

ਲੜਾਈ ਹੱਕ ਦੀ ਵੀ ਹੈ ਲੜਾਈ ਸੱਚ ਦੀ ਵੀ ਹੈ,

ਤੇ ਸਾਡੀ ਹੋਂਦ ਦੇ ਮਸਲੇ ਜ਼ਮੀਰਾਂ ਨੂੰ ਜਗਾਇਆ ਹੈ। (***ਖੇਤਾਂ ਦਾ ਰਾਜਾ***, 44)

ਕਵਿਤਰੀ ਕਮਲਦੀਪ ਜਲੂਰ ਆਪਣੀ ਪੁਸਤਕ '***ਕਵਿਤਾ ਸਿਰਫ਼ ਕਵਿਤਾ ਨਹੀਂ***' ਵਿਚ ਦਰਜ ਕਵਿਤਾ ਉੱਠੇ ਖੇਤਾਂ ਵਿਚੋਂ ਭਗਤ ਸਰਾਭੇ ਦੇ ਮਾਧਿਅਮ ਰਾਹੀਂ ਕਿਸਾਨੀ ਪੀੜਾ ਨੂੰ ਇਸ ਅੰਦਾਜ਼ ਨਾਲ ਬਿਆਨਿਆ ਹੈ ਕਿ ਇਹ ਮੌਜੂਦਾ ਪ੍ਰਬੰਧ ਪ੍ਰਤੀ ਆਪਣੇ ਆਪ ਹੀ ਰੋਸ ਤੇ ਬਗਾਵਤੀ ਲਹਿਜ਼ਾ ਅਖਤਿਆਰ ਕਰ ਰਹੀ ਹੈ:

ਖਾਵੇ ਦੁਨੀਆਂ ਰਜਾਉਣ ਵਾਲਾ, ਕਾਹਤੋਂ ਸਲਫਾਸ ਨੀ,

ਖੇਤ ਖੋਹਣ ਵਾਲੇ ਬਿੱਲ ਕਰਤੇ ਤੂੰ ਪਾਸ ਨੀ,

ਜਾਣਦੇ ਆਂ ਕਿਹੜੀ ਸਾਨੂੰ ਮਿਲੀ ਏ ਅਜ਼ਾਦੀ ਨੀ,

ਲੁੱਟਦੀ ਰਹੀਂ ਏ ਤੂੰ, ਕਿਰਤ ਅਸਾਡੀ ਨੀ,

ਗੱਲ ਕਰਦੀ ਨਾ ਲੋਕਾਂ ਦੇ ਤੂੰ ਪੱਖ ਦੀ,

ਨਾ ਹੁਣ ਤੇਰੀ ਦਿੱਲੀ ਬਚਦੀ,

ਉਠੇ  ਖੇਤਾਂ ਵਿੱਚੋਂ ਭਗਤ ਸਰਾਭੇ,

ਨਾ ਹੁਣ ਤੇਰੀ ਦਿੱਲੀ ਬਚਦੀ,          96

ਇਸੇ ਹੀ ਤਰ੍ਹਾਂ ਕਵੀ ਮੋਹਨ ਗਿੱਲ ਵੀ ਸੁੱਤੀ ਹੋਈ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਰੋਹ ਭਰੇ ਸ਼ਬਦਾਂ ਨੂੰ ਆਪਣੀ ਪੁਸਤਕ '***ਇਕ ਹੋਰ ਮਹਾਂਭਾਰਤ'*** ਵਿਚ ਇੰਝ ਬਿਆਨਦੇ ਹਨ:

ਕਾਲੇ ਇਹ ਕਾਨੂੰਨਣਾ ਰਹਿਣੇ,

ਤੈਨੂੰ ਵਾਪਿਸ ਲੈਣੇ ਪੈਣੇ,

ਕਾਲੇ ਰੰਗ ਦਾ ਗੋਰਾ ਬਣਕੇ,

ਕੀ ਤੂੰ ਖੇਡ ਰਚਾਈ ਆ,

ਬਈ ਹੁਣ ਜਾਗੋ ਆਈ ਆ। 16

ਭਾਰਤੀ ਸਿਆਸਤ ਦਾ ਖੇਤੀ ਪ੍ਰਤੀ ਉਦਾਸੀਨ ਰਵੱਈਏ ਹੋਣ ਕਾਰਨ ਦਿਹਾਤੀ ਖੇਤਰ ਵਿੱਚ ਆਮ ਜਨਤਾ ਵਿਸ਼ੇਸ਼ਕਰ ਕਿਸਾਨਾਂ ਤੇ ਮਜ਼ਦੂਰਾਂ ਵਿਚ ਭਾਰੀ ਬੇਚੈਨੀ ਪੈਦਾ ਹੋਈ ਹੈ। ਇਨ੍ਹਾਂ ਸਿਆਸਤ ਤੋਂ ਪ੍ਰੇਰਿਤ ਨੀਤੀਆਂ ਦਾ ਮੁਕਾਬਲਾ ਸੀਮਾਂਤ ਛੋਟੇ, ਮੱਧਮ ਕਿਸਾਨਾਂ ਜਾਂ ਖੇਤ ਮਜ਼ਦੂਰਾਂ, ਗੈਰ-ਜਥੇਬੰਦਕ ਮਜ਼ਦੂਰਾਂ, ਅਰਧ ਬੇਰੁਜ਼ਗਾਰਾਂ ਅਤੇ ਬੇਰੁਜ਼ਗਾਰਾਂ ਨੂੰ ਜਥੇਬੰਦਕ ਸੰਘਰਸ਼ ਕੀਤੇ ਬਗੈਰ ਨਹੀਂ ਕੀਤਾ ਜਾ ਸਕਦਾ। ਅਜਿਹੇ ਇਕ ਸੰਘਰਸ਼ ਦੀ ਝਲਕ ਅਸੀਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਹੋਈ ਲਾਮਬੰਦੀ ਦੇ ਰੂਪ ਵਿਚ ਪਹਿਲਾਂ ਹੀ ਦੇਖ ਚੁੱਕੇ ਹਾਂ। ਇਸ ਸੰਘਰਸ਼ ਦੀ ਸਫਲਤਾ ਤੋਂ ਇਹ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਥਾਨਕ, ਮੰਗਾਂ ਦੀ ਪ੍ਰਾਪਤੀ ਲਈ ਵਿਸ਼ਾਲ ਜਨਤਕ ਲਾਮਬੰਦੀ ਹੀ ਇਕੋ-ਇਕ ਰਾਹ ਹੈ। ਸਰਕਾਰ ਨਵੀਆਂ ਆਰਥਿਕ ਨੀਤੀਆਂ ਨੂੰ  ਲਿਆਉਣ ਲਈ ਪੱਬਾਂ ਭਾਰ ਹੋਈ ਰਹਿੰਦੀ ਹੈ। ਜਿਸ ਪਿੱਛੇ ਇਕੋ-ਇਕ ਮਕਸਦ ਖੇਤੀ ਨੂੰ ਬਹੁਕੌਮੀ ਕੰਪਨੀਆਂ ਦੇ ਹਵਾਲੇ ਕਰਨਾ ਹੈ। ਵਿਸ਼ੇਸ਼ ਖੇਤੀ ਯੰਤਰਾਂ ਅਤੇ ਵਿਸ਼ੇਸ਼ ਆਰਥਿਕ ਖੇਤਰਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ, ਜਿਸ ਨਾਲ ਖੇਤੀ ਉੱਪਰ ਕਾਰਪੋਰੇਟਾਂ ਦਾ ਏਕਾਧਿਕਾਰ ਸਥਾਪਿਤ ਹੋ ਰਿਹਾ ਹੈ। ਰਾਜ ਦੀਆਂ ਨੀਤੀਆਂ ਵਿਚ ਖੇਤੀ ਖੇਤਰ ਨੂੰ ਬਚਾਉਣ ਲਈ ਸਬਸਿਡੀਆਂ ਦੇਣ ਦੀ ਬਜਾਏ ਲਗਾਤਾਰ ਇਨ੍ਹਾਂ ਸਬਸਿਡੀਆਂ ਨੂੰ ਘੱਟ ਕੀਤਾ

ਜਾ ਰਿਹਾ ਹੈ ਜਿਸ ਨਾਲ ਡੀਜ਼ਲ, ਖਾਦਾਂ, ਬੀਜ, ਕੀਟਨਾਸ਼ਕ ਹੋਰ ਵੀ ਮਹਿੰਗੇ ਹੋ ਰਹੇ ਹਨ ਤੇ ਆਮ ਲੋਕਾਂ ਤੇ ਕਿਸਾਨਾਂ ਦਾ ਖੇਤੀ ਪ੍ਰਤੀ ਮੋਹ ਭੰਗ ਹੋ ਰਿਹਾ ਹੈ।

ਸੋ ਇਸ ਸਮੁੱਚੀ ਚਰਚਾ ਤੋਂ ਬਾਅਦ ਇਹ ਗੱਲ ਕਹੀ ਜਾ ਸਕਦੀ ਪੰਜਾਬ ਦੀ ਕਿਸਾਨੀ ਦੇ ਸੰਕਟਗ੍ਰਸਤ ਹੋਣ ਪਿੱਛੇ ਕਾਰਜਸ਼ੀਲ ਅਨੇਕਾਂ ਤੱਤਾਂ ਵਿਚੋਂ ਰਾਜਨੀਤਿਕ ਤੱਤ ਬਹੁਤ ਮਹੱਤਵਪੂਰਣ ਤੇ ਪ੍ਰਭਾਵੀ ਹਨ। ਸਮਕਾਲੀ ਪੰਜਾਬੀ ਕਵੀਆਂ ਦੁਆਰਾ ਆਪਣੀਆਂ ਰਚਨਾਵਾਂ ਰਾਹੀਂ ਇਨ੍ਹਾਂ ਰਾਜਨੀਤਿਕ ਤੱਤਾਂ ਨੂੰ ਅਨੇਕਾਂ ਵਾਰ ਪੇਸ਼ ਕਰਦਿਆਂ ਰਾਜਨੀਤੀ ਉੱਪਰ ਸ਼ੰਕਾ ਵਿਅਕਤ ਕੀਤੀ ਹੈ। ਆਜ਼ਾਦੀ ਤੋਂ ਲੈ ਕੇ ਸਮਕਾਲ ਤੱਕ ਪਹੁੰਚਦਿਆ ਸਰਕਾਰੀ ਨੀਤੀਆਂ ਵਿਚ ਕਈ ਪ੍ਰਕਾਰ ਦੀਆਂ ਖਾਮੀਆਂ ਰਹੀਆਂ ਹਨ ਜਿਨ੍ਹਾਂ ਕਾਰਨ ਖੇਤੀ ਖੇਤਰ ਬਹੁਤਾ ਵਿਕਾਸ ਨਾ ਕਰ ਸਕਿਆ ਅਨੇਕਾਂ ਵਾਰ ਖੇਤੀ ਸੁਧਾਰ ਦੇ ਨਾਂ ਤੇ ਲਿਆਂਦੀਆਂ ਗਈਆਂ ਨੀਤੀਆਂ ਪੂੰਜੀਵਾਦੀ ਹਿੱਤਾਂ ਦੀ ਪੂਰਤੀ ਕਰਦੀਆਂ ਹੀ ਦਿਖਾਈ ਦਿੱਤੀਆਂ। ਇਨ੍ਹਾਂ ਨੀਤੀਆਂ ਦੀ ਸ਼ੁਰੂਆਤ ਹਰੀ ਕ੍ਰਾਂਤੀ ਦੇ ਰੂਪ ਵਿਚ ਹੋਈ ਜਿਸ ਦੇ ਹਾਨੀਕਾਰਕ ਪ੍ਰਭਾਵਾਂ ਨਾਲ ਅਜੇ ਤੱਕ ਕਿਸਾਨ ਨਜਿੱਠ ਰਹੇ ਹਨ। ਇਸ ਉੱਪਰੰਤ ਲਿਆਂਦੀਆਂ ਗਈਆਂ ਉਦਾਰੀਕਰਨ ਦੀ ਨੀਤੀਆਂ ਤਾਂ ਸਿੱਧੇ ਰੂਪ ਵਿਚ ਕਿਸਾਨ ਤੇ ਹੋਰ ਮਜ਼ਦੂਰ ਵਰਗ ਦੇ ਹਿੱਤਾਂ ਦੇ ਖਿਲਾਫ ਸਨ। ਵਿਸ਼ਵੀਕਰਨ ਦੇ ਨਾਂ ਹੇਠ ਨਿਰੰਤਰ ਮਸ਼ੀਨਰੀ ਵਿਚ ਕੀਤੇ ਗਏ ਵਾਧੇ ਨੇ ਬੇਜ਼ਮੀਨੇ ਮਜ਼ਦੂਰਾਂ ਲਈ ਸਮੱਸਿਆ ਖੜ੍ਹੀ ਕਰ ਦਿੱਤੀ। ਸਮਾਜ ਦਾ ਇਹ ਵਰਗ ਪਹਿਲਾਂ ਤੋਂ ਹੀ ਆਪਣੇ ਜੀਵਨ ਦੇ ਨਿਰਬਾਹ ਲਈ ਆਪਣੀ ਕਿਰਤ ਨੂੰ ਵੇਚਦੇ ਸਨ ਪਰ ਮਸ਼ੀਨਾਂ ਦੇ ਆਉਣ ਨਾਲ ਦਿਨਾਂ ਵਿਚ ਹੋਣ ਵਾਲੇ ਕੰਮ ਮਿੰਟਾਂ ਵਿਚ ਹੋਣ ਲੱਗੇ ਪਰੰਤੂ ਬੇਰੁਜ਼ਗਾਰੀ ਵਿਚ ਚੋਖਾ ਵਾਧਾ ਹੋਇਆ। ਦੂਜਾ ਵੱਧ ਤੋਂ ਵੱਧ ਤਕਨਾਲੋਜੀ ਤੇ ਉਸ ਤਕਨਾਲੋਜੀ ਵਿਚ ਨਿਰੰਤਰ ਹੋ ਰਹੇ ਆਧੁਨਿਕੀਕਰਨ ਨੇ ਕਿਸਾਨਾਂ ਵਿਚ ਮਸ਼ੀਨ ਪ੍ਰਾਪਤੀ ਦੀ ਹੋੜ ਲੱਗ ਗਈ ਜਿਸ ਨੇ ਕਰਜ਼ ਵਰਗੀ ਸਮੱਸਿਆ ਨੂੰ ਜਨਮ ਦਿੱਤਾ।

ਇਸੇ ਪੂੰਜੀਵਾਦੀ ਹਿੱਤਾਂ ਦੀ ਪੂਰਤੀ ਕਰਦੇ ਤਿੰਨ ਖੇਤੀ ਬਿੱਲ ਭਾਰਤ ਸਰਕਾਰ ਦੁਆਰਾ 2020 ਵਿਚ ਪਾਸ ਕੀਤੇ ਗਏ। ਜਿਨ੍ਹਾਂ ਰਾਹੀਂ ਸਰਕਾਰ ਖੇਤੀ ਉੱਪਰ ਛੋਟੇ ਕਿਸਾਨਾਂ ਦੇ ਕੰਟਰੋਲ ਨੂੰ ਖਤਮ ਕਰ ਕੇ ਵੱਡੀਆਂ ਪੂੰਜੀਵਾਦੀ ਕੰਪਨੀਆਂ ਦੀ ਇਜਾਰੇਦਾਰਿ ਕਾਇਮ ਕਰ ਰਹੀ ਸੀ। ਮੰਡੀ ਸਿਸਟਮ ਦੇ ਖਤਮ ਹੋਣ ਦਾ ਖਦਸ਼ਾ, ਆੜਤੀਏ ਵਰਗ ਦਾ ਖਾਤਮਾ, ਕਾਲਾ ਬਾਜ਼ਾਰੀ ਦਾ ਵਧਣਾ ਆਦਿ ਇਨ੍ਹਾਂ ਖੇਤੀ ਬਿੱਲਾਂ ਦੇ ਪੈਣ ਵਾਲੇ ਕੁੱਝ ਹੋਰ

ਪ੍ਰਭਾਵ ਸਨ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਖਿਲਾਫ਼ ਹੋਈ ਲਾਮਬੰਦੀ ਨੇ ਇਕ ਵੱਡੇ ਜਨ ਅੰਦੋਲਨ ਨੂੰ ਜਨਮ ਦਿੱਤਾ ਜੋ ਲਗਭਗ 2 ਸਾਲ ਤੱਕ ਚੱਲਿਆ। ਪੰਜਾਬੀ ਸਾਹਿਤਕਾਰਾਂ ਵਿਸ਼ੇਸ਼ਕਰ ਸਮਕਾਲੀ ਪੰਜਾਬੀ ਕਵੀਆਂ ਨੇ ਇਸ ਅੰਦੋਲਨ ਨੂੰ ਬਹੁਤ ਬਾਰੀਕੀ ਨਾਲ ਚਿਤਰਿਆ ਹੈ। ਕਿਸਾਨੀ ਸੰਕਟ ਦੀਆਂ ਪਰਤਾਂ ਨੂੰ ਖੋਲਦਿਆਂ ਕਵੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਜਿੱਥੇ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਉੱਥੇ ਹੀ ਕਈ ਥਾਈਂ ਕਿਸਾਨਾਂ ਦੇ ਸੰਘਰਸ਼ ਦੇ ਰਾਹ ਨੂੰ ਵਡਆਇਆ ਹੈ ਤੇ ਹੋਰ ਕਿਸਾਨਾਂ ਨੂੰ ਇਸ ਅੰਦੋਲਨ ਪ੍ਰਤੀ ਜਾਗਰੂਕ ਤੇ ਇਸ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ। ਸਮਕਾਲੀ ਪੰਜਾਬੀ ਕਵਿਤਾ ਵਿਚ ਕਵੀ ਇਸ ਗੱਲ ਨੂੰ ਸਾਬਿਤ ਕਰਨ ਵਿਚ ਸਫਲ ਹੋਏ ਹਨ ਕਿ ਰਾਜਨੀਤੀਵਾਨ ਵੋਟਾਂ ਲੈਣ ਲਈ ਕਿਸਾਨ ਵਰਗ ਨੂੰ ਲਾਰਾ ਲਾਉਂਦੇ ਹਨ ਤੇ ਗੁੰਮਰਾਹ ਕਰਦੇ ਹਨ। ਸੱਤਾ ਪ੍ਰਾਪਤੀ ਤੋਂ ਬਾਅਦ ਉਹ ਇਨ੍ਹਾਂ ਲਾਰਿਆਂ ਨੂੰ ਭੁੱਲ ਜਾਂਦੇ ਹਨ। ਸੋ ਕਿਸਾਨੀ ਸੰਕਟ ਵਿਚ ਰਾਜਨੀਤੀ ਦੀ ਭੂਮਿਕਾ ਨੂੰ ਕੇਂਦਰ ਵਿਚ ਰੱਖ ਕੇ ਅਧਿਐਨ ਕਰਨ ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸੰਕਟ ਦੀਆਂ ਜੜ੍ਹਾਂ ਰਾਜਨੀਤਿਕ ਵਿਵਸਥਾ ਵਿਚ ਲੁਕੀਆਂ ਹੋਈਆਂ ਹਨ ਤੇ ਰਾਜਨੀਤਿਕ ਇੱਛਾ ਸ਼ਕਤੀ ਨਾਲ ਇਸ ਸੰਕਟ ਨੂੰ ਖਤਮ ਕੀਤਾ ਜਾ ਸਕਦਾ ਹੈ। ਪਰੰਤੂ ਅਫਸੋਸ ਕਿ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਅਜਿਹੀ ਰਾਜਨੀਤਿਕ ਇੱਛਾ ਦੀ ਘਾਟ ਹੀ ਰਹੀ ਹੈ ਤੇ ਕਿਸਾਨ ਉਸ ਪੱਧਰ ਤੱਕ ਖੁਸ਼ਹਾਲ ਨਹੀਂ ਹੋ ਸਕਿਆ ਜਿਸ ਨਾਲ ਉਸ ਦਾ ਜੀਵਨ ਸਨਮਾਨ ਜਨਕ ਹਾਲਤ ਵਿਚ ਬੀਤ ਸਕੇ।

## 5. ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਆਰਥਿਕ ਪਰਿਪੇਖ

ਪ੍ਰਸਤੁਤ ਖੋਜ ਕਾਰਜ '**ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿਚ)** ਦੇ ਪਹਿਲੇ ਅਧਿਆਇ ਵਿਚ ਕਿਸਾਨੀ ਸੰਕਟ ਤੇ ਖੋਜ ਕਾਰਜ ਦੇ ਨਾਲ ਜੁੜੇ ਸਰੋਕਾਰ ਜਿਵੇਂ ਸਮਕਾਲੀ ਪੰਜਾਬੀ ਕਵਿਤਾ, ਸਮਾਜ-ਸਭਿਆਚਾਰਕ ਅਧਿਐਨ ਆਦਿ ਪੱਖਾਂ ਦਾ ਸਿਧਾਂਤਕ ਅਧਿਐਨ ਕੀਤਾ ਗਿਆ ਹੈ। ਇਸੇ ਕੜੀ ਵਿਚ ਖੋਜ ਕਾਰਜ ਦੇ ਵਿਵਹਾਰਕ ਅਧਿਐਨ ਦੇ ਅਧੀਨ ਸਮਕਾਲੀ ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਦੂਜੇ ਅਧਿਆਇ ਵਿਚ ਕਿਸਾਨੀ ਨਾਲ ਜੁੜੇ ਸਭਿਆਚਾਰਕ ਸਰੋਕਾਰਾਂ, ਤੀਜੇ ਅਧਿਆਇ ਵਿਚ ਕਿਸਾਨੀ ਨਾਲ ਜੁੜੇ ਸਮਾਜਕ ਸਰੋਕਾਰਾਂ ਅਤੇ ਚੌਥੇ ਅਧਿਆਇ ਵਿਚ ਕਿਸਾਨੀ ਨਾਲ ਸੰਬੰਧਿਤ ਰਾਜਨੀਤਿਕ ਸਰੋਕਾਰਾਂ ਬਾਰੇ ਵਿਸ਼ਲੇਸ਼ਣਾਤਮਕ ਚਰਚਾ ਕੀਤੀ ਗਈ ਹੈ। ਖੋਜ ਕਾਰਜ ਦੇ ਇਸ ਪੰਜਵੇਂ ਅਧਿਆਇ ਵਿਚ ਪੰਜਾਬੀ ਸਾਹਿਤ ਦੇ ਕਾਵਿ ਰੂਪ ਵਿਚ ਪੇਸ਼ ਹੋਏ ਕਿਸਾਨੀ ਸੰਕਟ ਦੇ ਆਰਥਿਕ ਸੰਬੰਧਾਂ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ ਹੈ। ਉਸਾਰੂ ਸਾਹਿਤ ਦੀ ਇਹ ਪ੍ਰਵਿਰਤੀ ਰਹੀ ਹੈ ਕਿ ਉਹ ਸਮਾਜ ਵਿਚਲੀਆਂ ਕੁਰੀਤੀਆਂ ਤੇ ਸਮਾਜ ਵਿਚਲੀਆਂ ਦਰਪੇਸ਼ ਸਮੱਸਿਆਵਾਂ ਨੂੰ ਸਾਹਿਤਕ ਪੁੱਠ ਚਾੜ੍ਹ ਕੇ ਸਮਾਜ ਅੱਗੇ ਪੇਸ਼ ਕਰਦਾ ਰਿਹਾ ਹੈ। ਸਮੇਂ-ਸਮੇਂ ਤੇ ਪੈਦਾ ਹੋਈਆਂ ਕੁਰੀਤੀਆਂ ਅਤੇ ਸਮੱਸਿਆਵਾਂ ਨੂੰ ਵੱਖ-ਵੱਖ ਸਮੇਂ ਦੇ ਦੌਰਾਨ ਸਿਰਜੇ ਗਏ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਦੇਖਿਆ ਜਾ ਸਕਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਸਾਹਿਤਕ ਰਚਨਾਵਾਂ ਆਪਣੇ ਕਾਲ-ਖੰਡ ਦੇ ਵਰਤਮਾਨ ਨੂੰ ਇਉਂ ਚਿਤਰਦੀਆਂ ਹਨ ਕਿ ਇਸ ਵਿਚੋਂ ਉਸ ਕਾਲ ਖੰਡ ਦਾ ਇਤਿਹਾਸ ਵੀ ਰੂਪਮਾਨ ਹੋ ਜਾਵੇ। ਹੱਥਲੇ ਖੋਜ ਪ੍ਰਬੰਧ ਦੇ ਮਾਧਿਅਮ ਰਾਹੀਂ ਕਿਸਾਨੀ ਜੀਵਨ ਦੀ ਵਰਤਮਾਨ ਸੰਕਟਗ੍ਰਸਤ ਪ੍ਰਸਥਿਤੀਆਂ ਦੀ ਨਿਸ਼ਾਨਦੇਹੀ ਆਰਥਿਕ ਪਰਿਪੇਖ ਤੋਂ ਕਰਦਿਆਂ ਇਸ ਸੰਕਟ ਦੇ ਇਤਿਹਾਸਕ ਕਾਰਨਾਂ ਨੂੰ ਫਰੋਲਣ ਦੇ ਨਾਲ-ਨਾਲ ਇਸ ਦੇ ਭਵਿੱਖ ਪ੍ਰਤੀ ਸੰਭਾਵਨਾਵਾਂ ਨੂੰ ਸਮਝਣ ਦਾ ਯਤਨ ਵੀ ਹੈ। ਇਸ ਖੋਜ ਪ੍ਰਬੰਧ ਦੇ ਪਹਿਲੇ ਚਾਰ ਅਧਿਆਇ ਵਿਚ ਜਿੱਥੇ ਕਿਸਾਨੀ ਜੀਵਨ ਵਿਚਲੇ ਸੰਕਟਾਂ ਦੇ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਧਾਰਮਿਕ ਸਰੋਕਾਰਾਂ ਬਾਰੇ ਚਰਚਾ ਕੀਤੀ ਗਈ ਹੈ, ਉੱਥੇ ਹੀ ਇਸ ਅਧਿਆਇ ਵਿਚ ਅਸੀਂ ਕਿਸਾਨੀ ਜੀਵਨ ਵਿਚਲੇ ਆਰਥਿਕ ਸੰਕਟਾਂ ਬਾਰੇ ਵਿਸਥਾਰ ਨਾਲ ਚਰਚਾ ਕਰਾਂਗੇ।

ਜਿੱਥੇ ਤੱਕ ਕਿਸਾਨੀ ਦੇ ਆਰਥਿਕ ਸੰਕਟ ਦੀ ਗੱਲ ਹੈ, ਆਰਥਿਕਤਾ ਜੀਵਨ ਦੇ ਬਾਕੀ ਸਾਰੇ ਪਹਿਲੂਆਂ ਨਾਲ ਨਾ ਕੇਵਲ ਡੂੰਘੇ ਰੂਪ ਵਿਚ ਜੁੜੀ ਹੈ ਸਗੋਂ ਜੀਵਨ ਦੇ ਹੋਰਨਾਂ ਪਹਿਲੂਆਂ ਨੂੰ ਇਕ ਕੜੀ ਵਾਂਗ ਜੋੜਣ ਦੀ ਵੀ ਹੈ। ਰਸਮ-ਰਿਵਾਜ, ਸਮਾਜਿਕ ਸਰੋਕਾਰ, ਰਾਜਨੀਤਿਕ, ਧਾਰਮਿਕ ਆਦਿ ਜੀਵਨ ਦੇ ਸਾਰੇ ਖੇਤਰ ਆਰਥਿਕਤਾ ਨਾਲ ਜੁੜੇ ਹੋਏ ਹਨ। ਇਸ ਲਈ ਆਰਥਿਕ ਸਥਿਤੀਆਂ ਦੀ ਪੇਸ਼ਕਾਰੀ ਕਰਦਿਆਂ ਸਾਹਿਤਕਾਰਾਂ ਨੇ ਕਈ ਕਹਾਣੀਆਂ, ਨਾਟਕ, ਕਵਿਤਾਵਾਂ, ਨਾਵਲ ਤੇ ਹੋਰ ਸਾਹਿਤ ਰੂਪਾਂ ਦੀ ਰਚਨਾ ਕੀਤੀ ਹੈ। ਹੱਥਲੇ ਖੋਜ ਕਾਰਜ ਦੇ ਇਸ ਅਧਿਆਇ ਵਿਚ ਅਸੀਂ ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਦੀ ਦਿਨ ਪ੍ਰਤੀ ਦਿਨ ਹੋ ਰਹੀ ਖਸਤਾ ਆਰਥਿਕ ਹਾਲਤ ਦਾ ਵਿਸ਼ਲੇਸ਼ਣ ਹਨ। ਪਰੰਤੂ ਉਸ ਤੋਂ ਪਹਿਲਾਂ ਆਰਥਿਕ ਸੰਕਟ ਸ਼ਬਦ ਅਤੇ ਇਸ ਦੇ ਅਰਥਾਂ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ।

## 5.1 ਆਰਥਿਕ ਸੰਕਟ

ਮਨੁੱਖ ਦੀਆਂ ਬੁਨਿਆਦੀ ਲੋੜਾਂ ਭਾਵੇਂ ਰੋਟੀ, ਕੱਪੜਾ ਅਤੇ ਮਕਾਨ ਹਨ ਪਰੰਤੂ ਇਨ੍ਹਾਂ ਬੁਨਿਆਦੀ ਲੋੜਾਂ ਦੀ ਪੂਰਤੀ ਅਜੋਕੇ ਸਮੇਂ ਵਿਚ ਸਿੱਧੇ ਤੌਰ ਤੇ ਨਹੀਂ ਸਗੋਂ ਧਨ ਦੇ ਮਾਧਿਅਮ ਰਾਹੀਂ ਹੀ ਸੰਭਵ ਹੈ। ਅਜਿਹੀਆਂ ਹੀ ਹੋਰ ਲੋੜਾਂ ਜਾਂ ਇੰਝ ਕਹਿ ਲਈਏ ਕਿ ਸਮਾਜ ਵਿਚਲੀਆਂ ਲਗਭਗ ਸਮੁੱਚੀਆਂ ਪਦਾਰਥਕ ਲੋੜਾਂ ਦੀ ਪੂਰਤੀ ਲਈ ਜੀਵਨ ਵਿਚ ਧਨ ਜਾਂ ਪੈਸੇ ਦੀ ਜਰੂਰਤ ਹੁੰਦੀ ਹੈ। ਆਰਥਿਕਤਾ ਜਾਂ ਅਰਥ ਦਾ ਸੰਬੰਧ ਧਨ ਨਾਲ ਹੈ। ਇਸ ਲਈ ਆਰਥਿਕ ਕਿਰਿਆਵਾਂ ਨੂੰ ਧਨ ਨਾਲ ਸੰਬੰਧਿਤ ਕਿਰਿਆਵਾਂ ਜਾਂ ਕੰਮਾਂ ਦਾ ਰੂਪ ਕਿਹਾ ਜਾਂਦਾ ਹੈ। ਅਜੋਕੇ ਦੌਰ ਵਿਚ ਸਮਾਜ ਦਾ ਕੋਈ ਵੀ ਖੇਤਰ ਇਸ ਤੋਂ ਅਛੂਹ ਨਹੀਂ ਹੈ। ਅਰਥ-ਸ਼ਾਸਤਰ ਦੀ ਪਰਿਭਾਸ਼ਾ ਅਨੁਸਾਰ ਮਨੁੱਖੀ ਲੋੜਾਂ ਅਣਗਿਣਤ ਹਨ ਅਤੇ ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਦੇ ਸਾਧਨ ਸੀਮਿਤ ਹਨ। ਮਨੁੱਖ ਆਪਣੇ ਵਿਹਾਰ ਤੇ ਸੂਝ-ਬੂਝ ਨਾਲ ਇਨ੍ਹਾਂ ਸੀਮਿਤ ਸਾਧਨਾਂ ਦੀ ਵਰਤੋਂ ਕਰਦਿਆਂ ਆਪਣੀਆਂ ਵੱਧ ਤੋਂ ਵੱਧ ਲੋੜਾਂ ਪੂਰੀਆਂ ਕਰਨ ਦਾ ਯਤਨ ਕਰਦਾ ਹੈ। ਇਸ ਵਿਹਾਰ ਨੂੰ ਹੀ ਆਰਥਿਕ ਵਿਹਾਰ ਕਿਹਾ ਜਾਂਦਾ ਹੈ। ਆਰਥਿਕਤਾ ਸ਼ਬਦ ਅਰਥ-ਚਾਰੇ ਨਾਲ ਸੰਬੰਧਿਤ ਹੈ ਜੋ ਅਜੋਕੇ ਯੁੱਗ ਵਿਚ ਜੀਵਨ ਦੀ ਹਰ ਕਿਰਿਆ ਦਾ ਕੇਂਦਰੀ ਧੁਰਾ ਹੈ।

ਸਾਧਾਰਣ ਤੇ ਸ਼ਾਬਦਿਕ ਅਰਥਾਂ ਵਿਚ 'ਆਰਥਿਕ ਸੰਕਟ' ਵਿੱਤ ਦੀ ਕਮਜ਼ੋਰ ਸਥਿਤੀ ਭਾਵ ਮੁਦਰਾ ਦੀ ਅਣਹੋਂਦ ਵੱਲ ਇਸ਼ਾਰਾ ਕਰਦਾ ਹੈ। ਅੱਜ ਕੱਲ੍ਹ ਇਸ ਸ਼ਬਦ ਦਾ ਵਧੇਰੇ ਪ੍ਰਯੋਗ ਕਿਸੇ ਦੇਸ਼ ਦੀ ਬੁਰੀ ਆਰਥਿਕ ਹਾਲਤ ਦੱਸਣ ਲਈ ਵਰਤਿਆ ਜਾਂਦਾ ਹੈ। ਅਸਲ ਵਿਚ 'ਆਰਥਿਕ' ਸ਼ਬਦ ਦਾ ਮੂਲ ਯੂਨਾਨੀ ਭਾਸ਼ਾ ਦੇ ਸ਼ਬਦ 'ਓਈਕੋਨੋਮੀਆ' ਵਿਚ ਹੈ, ਜਿਸ ਦਾ ਅਰਥ ਹੈ 'ਘਰੇਲੂ ਪ੍ਰਬੰਧਨ' ਜਾਂ 'ਘਰ ਦੇ ਮਸਲਿਆਂ ਦਾ ਪ੍ਰਬੰਧਨ' ਤੋਂ ਹੈ ਜਿਸ ਦੇ ਸਾਧਾਰਨ ਅਰਥ ਹਨ ਕਿ ਲੋਕ ਆਮਦਨੀ ਅਤੇ ਸਰੋਤ ਕਿਵੇਂ ਕਮਾਉਂਦੇ ਹਨ ਅਤੇ ਉਹ ਉਹਨਾਂ ਨੂੰ ਆਪਣੀਆਂ ਜ਼ਰੂਰਤਾਂ, ਸੁੱਖ-ਸਹੂਲਤਾਂ ਅਤੇ ਐਸ਼ੋ-ਆਰਾਮ  ਤੇ ਕਿਵੇਂ ਖਰਚਦੇ ਹਨ। ਹੌਲੀ-ਹੌਲੀ ਸ਼ਬਦ 'ਓਈਕੋਨੋਮੀਆ' ਦੀ ਵਰਤੋਂ ਸਮੁੱਚੇ ਅਰਥਚਾਰੇ ਲਈ ਇਸ ਸੰਦਰਭ ਵਿਚ ਕੀਤੀ ਜਾਣ ਲੱਗੀ ਕਿ ਕਿਵੇਂ ਇਕ ਕੌਮ ਦੁਰਲੱਭ ਸਾਧਨਾਂ ਦੀ ਮਦਦ ਨਾਲ ਆਪਣੀਆਂ ਇੱਛਾਵਾਂ ਅਤੇ ਤਰਜ਼ੀਹਾਂ ਨੂੰ ਪੂਰਾ ਕਰਨ ਲਈ ਕਦਮ ਚੁੱਕਦੀ ਹੈ। ਇਸੇ ਕਰਕੇ ਅਰਥ ਸ਼ਾਸਤਰ ਨੂੰ ਮੁੱਢਲੇ ਦੌਰ ਵਿਚ ਰਾਜਸੀ ਅਰਥ ਵਿਵਸਥਾ ਜਾਂ 'ਸਿਆਸੀ ਅਰਥ ਵਿਵਸਥਾ' ਵੀ ਕਿਹਾ ਜਾਂਦਾ ਸੀ।

Britannica dictionary ਅਨੁਸਾਰ "The process or system by which goods and services are produced, sold and bought in a country or region." ਅਰਥਾਤ ਅਜਿਹੀ ਪ੍ਰਕਿਰਿਆ ਜਾਂ ਪ੍ਰਣਾਲੀ ਜਿਸ ਦੁਆਰਾ ਕਿਸੇ ਦੇਸ਼ ਜਾਂ ਖੇਤਰ ਵਿਚ ਚੀਜ਼ਾਂ ਅਤੇ ਸੇਵਾਵਾਂ ਦਾ ਉਤਪਾਦਨ, ਵੇਚਿਆ ਅਤੇ ਖਰੀਦਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸੇ ਡਿਕਸ਼ਨਰੀ ਵਿਚ ਆਰਥਿਕਤਾ ਦੇ ਅਰਥ ਪੈਸੇ, ਸਰੋਤਾਂ ਆਦਿ ਦੀ ਸਾਵਧਾਨੀ ਨਾਲ ਵਰਤੋਂ ਦੇ ਰੂਪ ਵਿਚ ਵੀ ਲਿਆ ਗਿਆ ਹੈ। ਅਰਥ-ਸ਼ਾਸਤਰ ਬਾਰੇ ਸਭ ਤੋਂ ਪੁਰਾਣੀ ਪੁਸਤਕ 'ਅਰਥਸ਼ਾਸਤਰਾ' ਚੰਦਰਗੁਪਤ ਮੌਰੀਆ ਦੇ ਰਾਜ ਕਾਲ ਵਿਚ ਉਸ ਦੇ ਮਹਾਂ-ਮੰਤਰੀ ਆਚਾਰੀਆ ਚਾਣਕਯ ਦੀ ਦੀ ਮਿਲਦੀ ਹੈ ਜਿਸ ਵਿਚ ਉਹ ਰਾਜ ਦੇ ਧਨ ਬਾਰੇ ਜਾਣਕਾਰੀ ਦਿੰਦੇ ਹਨ।  ਆਧੁਨਿਕ ਅਰਥ-ਸ਼ਾਸਤਰ ਦੇ ਪਿਤਾਮਾ ਐਡਮ ਸਮਿੱਥ ਇਸ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ "Economics is a science of wealth."  ਉਹ ਸਿੱਧੇ ਤੌਰ ਤੇ ਇਸ ਨੂੰ ਧਨ ਦਾ ਵਿਗਿਆਨ ਆਖਦੇ ਹਨ। ਹਾਲਾਂਕਿ ਉਸ ਦੇ ਪਿੱਛੋਂ ਕਈ ਅਰਥ ਸ਼ਾਸਤਰੀਆਂ ਨੇ ਇਸ ਦੇ ਖੇਤਰ ਨੂੰ ਕੇਵਲ ਧਨ ਤੱਕ ਸੀਮਿਤ ਨਾ ਰੱਖਦੇ ਹੋਏ ਇਸ ਦਾ ਦਾਇਰਾ ਵਿਸ਼ਾਲ ਮੰਨਿਆ।

ਇਸੇ ਤਰ੍ਹਾਂ 'ਸੰਕਟ' ਇਕ ਤਣਾਉ ਅਤੇ ਦਬਾਉ ਭਰਪੂਰ ਪ੍ਰਕਿਰਿਆ ਹੈ, ਇਸ ਦੇ ਸ਼ਾਬਦਿਕ ਅਰਥਾਂ ਬਾਰੇ ਪਹਿਲੇ ਅਧਿਆਇ ਸਿਧਾਂਤਕ ਪਰਿਪੇਖ ਵਿਚ ਚਰਚਾ ਕੀਤੀ ਗਈ ਹੈ। ਸੰਕਟ ਅਜਿਹੀ ਅਪਾਤਕਾਲੀਨ ਸਥਿਤੀ ਹੈ ਜੋ ਆਮ ਜਾਂ ਸਾਧਾਰਨ ਹਾਲਾਤਾਂ ਦੀ ਬਜਾਇ ਕਠਿਨ ਪ੍ਰਸਥਿਤੀਆਂ ਵੱਲ ਇਸ਼ਾਰਾ ਕਰਦੀ ਹੈ।

ਇਸੇ ਤਰ੍ਹਾਂ ਸ਼ਬਦ 'ਆਰਥਿਕ ਸੰਕਟ' ਅਜਿਹੇ ਅਣਸੁਖਾਵੇਂ ਹਾਲਤਾਂ ਵੱਲ ਇਸ਼ਾਰਾ ਕਰਦਾ ਹੈ ਜਦੋਂ ਜੀਵਨ ਦੀ ਅਤਿ ਮਹੱਤਵਪੂਰਣ ਲੋੜਾਂ ਨੂੰ ਪੂਰਾ ਕਰਨ ਵਿਚ ਕਿਸੇ ਪ੍ਰਕਾਰ ਦੀ ਅਸਮਰਥਤਾ ਦਿਖਾਈ ਦੇਵੇ। ਸਿੱਧੇ ਤੇ ਸਾਧਾਰਣ ਅਰਥਾਂ ਵਿਚ ਕਿਸਾਨੀ ਸੰਕਟ ਦੇ ਆਰਥਿਕ ਸਰੋਕਾਰ ਕਿਸਾਨੀ ਜੀਵਨ ਵਿਚ ਪੈਸੇ ਦੀ ਤੰਗੀ ਤੋਂ ਹੈ। ਪੈਸੇ ਦੀ ਤੰਗੀ ਬਹੁਤ ਸਾਰੀਆਂ ਮੂਲ ਤੰਗੀਆਂ ਦੀ ਜੜ੍ਹ ਹੈ, ਸ਼ਾਇਦ ਇਸੇ ਲਈ ਪ੍ਰਿੰ: ਸੁਜਾਨ ਸਿੰਘ ਆਪਣੀ ਕਹਾਣੀ 'ਕੁਲਫੀ' ਵਿਚ ਪੈਸੇ ਦੀ ਤੰਗੀ ਨੂੰ ਹਵਾਲਾਤ ਦੀ ਤੰਗੀ ਨਾਲੋਂ ਵੀ ਭੈੜੀ ਦੱਸਦਾ ਹੈ। ਅਸਲ ਵਿਚ ਆਰਥਿਕ ਸੰਕਟ ਮੁੱਖ ਤੌਰ ਤੇ ਇਨ੍ਹਾਂ ਤਿੰਨ ਕਾਰਨਾਂ ਉੱਪਰ ਨਿਰਭਰ ਕਰਦਾ ਹੈ: ਜ਼ਰੂਰਤਾਂ ਦਾ ਅਸੀਮਿਤ ਹੋਣਾ, ਸਾਧਨਾਂ ਦਾ ਜ਼ਰੂਰਤਾਂ ਦੇ ਮੁਕਾਬਲੇ ਸੀਮਿਤ ਹੋਣਾ ਅਤੇ ਸਾਧਨਾਂ ਦਾ ਵਿਕਲਪਿਕ ਪ੍ਰਯੋਗ। ਕਿਸਾਨੀ ਸਮਾਜ ਦੀਆਂ ਸਮੱਸਿਆਵਾਂ ਦੀ ਮੂਲ ਜੜ੍ਹ ਉਸ ਦੀ ਕਮਜ਼ੋਰ ਆਰਥਿਕ ਸਥਿਤੀ ਹੈ। ਹੱਥਲੇ ਖੋਜ ਪ੍ਰਬੰਧ ਦੇ ਇਸ ਅਧਿਆਇ ਵਿਚ ਅਸੀਂ ਕਿਸਾਨੀ ਜੀਵਨ ਦੇ ਆਰਥਿਕ ਸੰਕਟਾਂ ਬਾਰੇ ਗੱਲ ਕਰਦਿਆਂ ਇਹ ਜਾਨਣ ਦਾ ਯਤਨ ਕਰਾਂਗੇ ਕਿ ਸਮਕਾਲੀ ਪੰਜਾਬੀ ਕਵੀਆਂ ਨੇ ਇਸ ਸਮੱਸਿਆ ਨੂੰ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਕਿੰਝ ਪ੍ਰਸਤੁਤ ਕੀਤਾ ਹੈ।

## 5.2 ਸਮਕਾਲੀ ਪੰਜਾਬੀ ਕਵਿਤਾ: ਕਿਸਾਨੀ ਸੰਕਟ ਪਿੱਛੇ ਕਾਰਜਸ਼ੀਲ ਆਰਥਿਕ ਸਰੋਕਾਰ

ਸਮਕਾਲੀ ਪੰਜਾਬੀ ਕਵਿਤਾ ਨੇ ਅਨੇਕਾਂ ਵਿਸ਼ਿਆਂ ਦੀ ਤਰਜ਼ਮਾਨੀ ਕਰਦਿਆਂ ਸਮਾਜ ਦੇ ਭਖਦੇ ਮਸਲਿਆਂ ਨੂੰ ਛੂਹਿਆ ਹੈ, ਅਜਿਹੇ ਹੀ ਤਤਕਾਲੀਨ ਮਸਲਿਆਂ ਵਿਚੋਂ ਇਕ ਕਿਸਾਨੀ ਸੰਕਟ ਦੇ ਆਰਥਿਕ ਸਰੋਕਾਰ ਹਨ। ਕਿਸਾਨ ਜੋ ਕਹਿਣ ਨੂੰ ਤਾਂ ਅੰਨ-ਦਾਤਾ ਹੈ ਤੇ ਸਾਰੇ ਮੁਲਕ ਦਾ ਢਿੱਡ ਭਰਦਾ ਹੈ। ਇਸ ਦੇ ਬਾਵਜੂਦ ਭਾਰਤ ਦੇਸ਼ ਦੇ ਜਿਆਦਾਤਰ ਹਿੱਸੇ ਦੇ ਕਿਸਾਨਾਂ ਦਾ ਜੀਵਨ ਬਹੁਤ ਦੁਖਦਾਇਕ ਦੌਰ ਵਿਚੋਂ ਗੁਜ਼ਰਦਾ ਹੈ। ਆਜ਼ਾਦੀ ਦੇ

ਲੱਗਭੱਗ 75 ਵਰੇ ਬੀਤ ਜਾਣ ਮਗਰੋਂ ਵੀ ਛੋਟੇ ਕਿਸਾਨ ਦੇ ਹਲਾਤਾਂ ਵਿਚ ਕਿਸੇ ਪ੍ਰਕਾਰ ਦਾ ਕੋਈ ਸੁਧਾਰ ਨਹੀਂ ਆਇਆ। ਮਾੜੀ ਆਰਥਿਕ ਹਾਲਤ ਨਾਲ ਜਦੋਂ ਗੁਜ਼ਾਰਾ ਕਰਨਾ ਅਸੰਭਵ ਹੋ ਜਾਵੇ ਤਾਂ ਕਿਸਾਨ ਕਰਜ਼ੇ ਵੱਲ ਨੂੰ ਕਦਮ ਚੁੱਕਦਾ ਹੈ। ਫਿਰ ਜਦੋਂ ਕਰਜ਼ਾ ਹੱਦ ਤੋਂ ਵੱਧ ਹੋ ਜਾਵੇ ਤਾਂ ਕਿਸਾਨ ਢਹਿੰਦੀ ਕਲਾ ਵਿਚ ਆ ਕੇ ਖੌਫਨਾਕ ਕਦਮ ਚੁੱਕਦਾ ਹੈ। ਦਿਨ ਪ੍ਰਤੀ ਦਿਨ ਗਿਰਾਵਟ ਵੱਲ ਜਾਂਦੀ ਆਰਥਿਕ ਹਾਲਤ ਲਈ ਭਾਵੇਂ ਅਨੇਕਾਂ ਕਾਰਨ ਜਿੰਮੇਵਾਰ ਹਨ ਜਿਨ੍ਹਾਂ ਵਿੱਚ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਹਾਲਤਾਂ ਬਾਰੇ ਇਸ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਅਸੀਂ ਚਰਚਾ ਕਰ ਚੁੱਕੇ ਹਾਂ। ਕਵਿਤਾ ਮਨੁੱਖੀ ਸੰਵੇਦਨਾ ਦਾ ਨਿਰੰਤਰ ਵਹਿੰਦਾ ਦਰਿਆ ਹੈ। ਇਸ ਲਈ ਇਹ ਦੇਖਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬੀ ਕਵੀ ਇਸ ਸਮੱਸਿਆ ਜਾਂ ਸੰਕਟ ਨੂੰ ਕਿਸ ਰੰਗਤ ਵਿਚ ਪੇਸ਼ ਕਰਦੇ ਹਨ। ਕਿਸਾਨੀ ਦੀ ਤਰਸਯੋਗ ਆਰਥਿਕ ਹਾਲਤ ਬਾਰੇ ਸਮਕਾਲੀ ਪੰਜਾਬੀ ਕਵਿਤਾ ਵਿਚ ਜ਼ਿਕਰ ਕਰਦਿਆਂ ਅਰਤਿੰਦਰ ਸੰਧੂ ਅਤੇ ਡਾ. ਮੋਹਣ ਤਿਆਗੀ ਦੁਆਰਾ ਸੰਪਾਦਿਤ ਪੁਸਤਕ '***ਮਿੱਟੀ ਦੇ ਵਣਜਾਰੇ***' ਵਿਚ ਕਵੀ ਦਲਵੀਰ ਦਿਲ ਨਿੱਝਰ ਲਿਖਦੇ ਹਨ:

> ਬੜਾ ਅਫਸੋਸ ਕਿ ਦੇਸ਼ ਦਾ ਅੰਨਦਾਤਾ
>
> ਜਾਨ ਆਪਣੀ ਆਪ ਗੁਆਈ ਜਾਂਦਾ
>
> ਢਿੱਡ ਭਰ ਕੇ ਆਪ ਤਾਂ ਕੀ ਖਾਣਾ
>
> ਟੱਬਰ ਆਪਣਾ ਭੁੱਖਾ ਸੁਲਾਈ ਜਾਂਦਾ
>
> ਰਾਤਾਂ ਜਾਗ ਕੱਟੇ ਵਿਚ ਪਾਲਿਆਂ ਦੇ
>
> ਟਾਕੀਆਂ ਝੱਗੇ ਤੇ ਥਾਂ ਥਾਂ ਲਾਈ ਜਾਂਦਾ
>
> ਐਗਰੀਕਲਚਰ ਨੇ ਤਰੱਕੀ ਤਾਂ ਬੜੀ ਕੀਤੀ
>
> ਕਿਰਸਾਨ ਫਿਰ ਵੀ ਦੁੱਖ ਹੰਢਾਈ ਜਾਂਦਾ 123

ਕਵੀ ਦੇ ਇਹ ਸ਼ਬਦ ਕਿਸਾਨੀ ਦੇ ਸੰਕਟਮਈ ਆਰਥਿਕ ਹਾਲਤਾਂ ਨੂੰ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਸਮਰੱਥ ਹਨ। ਜਿੱਥੇ ਕਿਸਾਨ ਆਪ ਭੁੱਖ-ਨੰਗ ਨੂੰ ਸਹਿੰਦਾ ਹੋਇਆ ਆਪਦਾ ਸਮਾਂ ਬਤੀਤ ਕਰਦਾ ਹੈ ਤੇ ਉਸੇ ਕਿਸਾਨ

ਦੀ ਮਿਹਨਤ ਭਾਵ ਉਸ ਦੀ ਫਸਲ ਤੋਂ ਵਪਾਰੀ ਤੇ ਕਾਰਪੋਰੇਟ ਵਰਗ ਮੋਟੇ ਮੁਨਾਫੇ ਖੱਟਦੇ ਹਨ। ਐਗਰੀਕਲਚਰ ਦੀ ਤਰੱਕੀ ਵੀ ਕਿਤੇ ਨਾ ਕਿਤੇ ਵੱਡੇ ਇਜ਼ਾਰੇਦਾਰਾਂ ਦੀ ਹੋਈ ਤਰੱਕੀ ਵੱਲ ਹੀ ਇਸ਼ਾਰਾ ਕਰਦੀ ਹੈ। ਪੰਜਾਬ ਦੇ ਆਰਥਿਕ ਸੰਕਟ ਦੇ ਕਾਰਨਾਂ ਨੂੰ ਖੋਜਿਆ ਜਾਵੇ ਤਾਂ ਤਾਂ ਇਨ੍ਹਾਂ ਵਿਚ ਪਾਣੀ ਦਾ ਨਿਰੰਤਰ ਘੱਟਦਾ ਪੱਧਰ, ਸੂਦਖੋਰਾਂ ਤੋਂ ਕਿਸਾਨਾਂ ਦੀ ਹੁੰਦੀ ਲੁੱਟ, ਜ਼ਮੀਨਾਂ ਦੀਆਂ ਛੋਟੀਆਂ ਹੁੰਦੀਆਂ ਜੋਤਾਂ, ਮੰਡੀਕਰਨ ਦੀ ਸਮੱਸਿਆ, ਸਰਕਾਰੀ ਸਕੀਮਾਂ ਬਾਰੇ ਘੱਟ ਜਾਣਕਾਰੀ, ਵਧੇਰੇ ਖਾਦਾਂ ਤੇ ਰਸਾਇਣਾਂ ਦੀ ਵਰਤੋਂ, ਮਿੱਟੀ ਦੀ ਦਿਨ ਪ੍ਰਤੀ ਦਿਨ ਘੱਟਦੀ ਗੁਣਵੱਤਾ, ਮੌਸਮੀ ਕਾਰਕ, ਬੀਜਾਂ ਤੇ ਖਾਦਾਂ ਦੇ ਵਧਦੇ ਰੇਟ ਆਦਿ। ਇਨ੍ਹਾਂ ਸਮੱਸਿਆਵਾਂ ਨਾਲ ਜੂਝਦਾ ਕਿਸਾਨ ਅਕਸਰ ਵਿੱਤੀ ਸੰਕਟ ਦਾ ਸਾਹਮਣਾ ਕਰਦਾ ਹੈ। ਇਨ੍ਹਾਂ ਸੰਕਟਾਂ ਵਿਚ ਫਸੇ ਕਿਸਾਨ ਕੋਲ ਆਪਣੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨੀ ਵੀ ਔਖੀ ਹੋ ਜਾਂਦੀ ਹੈ। ਇਸੇ ਪੁਸਤਕ ਵਿਚ ਕਿਸਾਨੀ ਦੀ ਨਿਘਾਰ ਵੱਲ ਨੂੰ ਜਾਂਦੀ ਹਾਲਤ ਵਿਚ ਕਿਸਾਨ ਦੀ ਦਰਦਮਈ ਗਾਥਾ ਨੂੰ ਬਿਆਨ ਕਰਦਿਆਂ ਕਵੀ ਨਵਨੀਤ ਸਿੰਘ ਵਿਰਕ ਆਪਣੀ ਕਾਵਿ ਰਚਨਾ 'ਮੀਂਹ' ਵਿਚ ਮੀਂਹ ਦੇ ਮਾਧਿਅਮ ਰਾਹੀਂ ਆਮ ਕਿਸਾਨਾਂ ਨੂੰ ਪੇਸ਼ ਆਉਂਦੀਆਂ ਤੰਗੀਆਂ-ਤੁਰਸ਼ੀਆਂ ਦਾ ਬਿਆਨ ਕਰਦਿਆਂ ਲਿਖਦੇ ਹਨ:

ਮੀਂਹ ਕਿਸਾਨ ਲਈ ਕੀ ਚੀਜ਼ ਹੁੰਦਾ ਹੈ?

ਚਰਲ ਚਰਲ ਵਰਦੇ ਮੀਂਹ 'ਚ ਪੱਠੇ ਢੋਂਹਦਾ

ਪਸ਼ੂਆਂ ਨੂੰ ਬਾਹਰ ਅੰਦਰ ਕਰਦਾ

ਧਾਰਾਂ ਕੱਢਦਾ

ਨੱਕੇ ਮੋੜਦਾ, ਬੰਦ ਕਰਦਾ

ਗਿੱਲੇ ਕੱਪੜਿਆਂ 'ਚ ਹੀ ਚਾਹ ਰੋਟੀ ਖਾਂਦਾ

ਫੇਰ ਆਹਰੇ ਲੱਗਦਾ

ਚੋਂਦੀਆਂ ਛੱਤਾਂ ਤੇ ਸੀਮਿੰਟ ਭੁੱਕਦਾ

ਕਹਿੰਦਾ ਚੰਗਾ ਰੱਬਾ ਜਿਵੇਂ ਤੇਰੀ ਰਜ਼ਾ ਹੈ। (***ਮਿੱਟੀ ਦੇ ਵਣਜਾਰੇ***, 100)

ਇਹ ਰਚਨਾ ਆਪਣੇ ਆਪ ਵਿਚ ਨਿਮਨ ਕਿਸਾਨੀ ਦੀ ਤਰਾਸਦੀ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਹੈ। ਕਿਸਾਨ ਦੀ ਰੋਜ਼ ਮਰਾ ਦੀ ਜ਼ਿੰਦਗੀ ਵਿਚ ਆਉਣ ਵਾਲੀਆਂ ਦੁਸ਼ਵਾਰੀਆਂ ਦੀ ਝਲਕ ਪੇਸ਼ ਕਰਦਿਆਂ ਕਵੀ ਨੇ ਮੀਂਹ ਵਰਗੀ ਇਕ ਸਾਧਾਰਣ ਦਿਸਦੀ ਪ੍ਰਸਥਿਤੀ ਦਾ ਇਕ ਕਿਸਾਨ ਦੀ ਮੁਸ਼ਕਿਲਾਂ ਭਰੇ ਜੀਵਨ ਵਿਚ ਪੈਂਦੇ ਵਿਆਪਕ ਪ੍ਰਭਾਵਾਂ ਨੂੰ ਰੂਪਮਾਨ ਕੀਤਾ ਹੈ। ਇਹ ਰਚਨਾ ਕਿਸੇ ਇਕ ਕਿਸਾਨ ਦੀ ਗੱਲ ਨਾ ਹੋ ਕੇ ਸਮੁੱਚੀ ਸ਼੍ਰੇਣੀ ਦੀ ਤਰਜ਼ਮਾਨੀ ਕਰਦੀ ਜਿਸ ਵਿਚ ਮੀਂਹ ਵਰਗੀਆਂ ਹੋਰ ਅਨੇਕਾਂ ਹੀ ਸਮੱਸਿਆਵਾਂ ਹੋਣਗੀਆਂ ਜੋ ਨਿੱਤ ਪ੍ਰਤੀ ਉਸ ਦੇ ਜੀਵਨ ਦੀ ਕਠਿਨਾਈਆਂ ਨੂੰ ਵਧਾਉਣ ਦਾ ਕੰਮ ਕਰਦੀਆਂ ਹਨ। ਅਜਿਹੀ ਅਤਿ ਗੁਰਬਤ ਦੀ ਜ਼ਿੰਦਗੀ ਵੀ ਕਿਸਾਨ ਦੇ ਹੌਸਲੇ ਨੂੰ ਡੁੱਲਣ ਨਹੀਂ ਦਿੰਦੀ ਪਰ ਅਜਿਹੀ ਆਰਥਿਕ ਸਥਿਤੀ ਵਿਚ ਕਿਸਾਨ ਦੀ ਖੁਸ਼ਹਾਲੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਜਿਹੀ ਹੀ ਇਕ ਹੋਰ ਪ੍ਰਸਥਿਤੀ ਨੂੰ ਇਸੇ ਪੁਸਤਕ ਵਿਚ ਡਾ. ਓਮਿੰਦਰ ਜੌਹਲ ਇੰਝ ਬਿਆਨਦੇ ਹਨ:

ਆ ਕਿਸਾਨ ਦੀ ਕਥਾ ਸੁਣਾਵਾਂ

ਜੀਣਾ ਕਿਸਨੂੰ ਕਹਿੰਦੇ

ਬਰਫ਼ਾਂ ਬਣੀਆਂ ਰਾਤਾਂ ਦੇ ਵਿਚ

ਜੁਗਨੂੰ ਮਘਦੇ ਰਹਿੰਦੇ (***ਮਿੱਟੀ ਦੇ ਵਣਜਾਰੇ*** 58)

ਕਿਸਾਨ ਦੇ ਜੀਵਨ ਨੂੰ ਇਕ ਸੰਘਰਸ਼ ਦਾ ਰੂਪ ਦੱਸਦਿਆਂ ਕਵੀ ਉਸ ਦੇ ਜੀਵਨ ਦੀਆਂ ਕਠਿਨਾਈਆਂ ਨੂੰ ਪੇਸ਼ ਕਰਦਾ ਹੈ। ਗਰਮੀ ਸਰਦੀ ਦੀ ਪਰਵਾਹ ਕੀਤੇ ਬਿਨਾਂ ਆਪਣੇ ਕੰਮ ਨੂੰ ਰਾਤ ਦਿਨ ਪੂਰੀ ਮਿਹਨਤ ਨਾਲ ਨਿਭਾਉਂਦਾ ਹੈ। ਸੰਕਟਗ੍ਰਸਤ ਕਿਸਾਨੀ ਵਿਚ ਵੀ ਛੋਟਾ ਕਿਸਾਨ ਵਧੇਰੇ ਸੰਤਾਪ ਹੰਢਾਉਂਦਾ ਹੈ। ਖੇਤੀ ਮਾਹਿਰ ਸਰਦਾਰਾ ਸਿੰਘ ਮਾਹਿਲ ਦੇ ਕਹਿਣ ਮੁਤਾਬਿਕ ਸੰਕਟ ਦਾ ਸੁਭਾਅ ਵੀ ਪਾਣੀ ਵਾਂਗ ਹੈ। ਜਿਵੇਂ ਪਾਣੀ ਹਮੇਸ਼ਾ ਨੀਂਵੇ ਪਾਸੇ ਵੱਲ ਵਹਿੰਦਾ ਹੈ ਉਸੇ ਤਰਾਂ ਹੀ ਸੰਕਟ ਦਾ ਬੋਝ ਵੀ ਸਭ ਤੋਂ ਪਹਿਲਾਂ ਹੇਠਲੇ ਤਬਕੇ ਤੇ ਪੈਂਦਾ ਹੈ। ਇਸ ਲਈ ਇਸ ਜ਼ਰੱਈ ਸੰਕਟ ਦਾ ਸ਼ਿਕਾਰ ਸੱਭ ਤੋਂ ਵੱਧ ਛੋਟੀ ਕਿਸਾਨੀ ਹੁੰਦੀ ਹੈ। ਉੱਘੇ ਖੇਤੀ ਮਾਹਿਰ ਸਰਦਾਰਾ ਸਿੰਘ ਮਾਹਿਲ ਆਪਣੇ ਲੇਖ ਛੋਟੀ ਕਿਸਾਨੀ ਨੂੰ ਦਰਪੇਸ਼ ਗੰਭੀਰ ਸੰਕਟ ਵਿਚ ਉਹ ਲਿਖਦੇ ਹਨ:

> ਅੱਜ ਛੋਟੀ ਕਿਸਾਨੀ ਦੀ ਹਾਲਤ ਇਹ ਹੈ ਕਿ ਸੰਕਟ ਦੇ ਬੋਝ ਹੇਠ ਆਏ ਛੋਟੇ ਕਿਸਾਨ ਕੋਲੋਂ ਜ਼ਮੀਨ ਖੁੱਸਦੀ ਜਾ ਰਹੀ ਹੈ ਅਤੇ ਬੇਜ਼ਮੀਨੇਕਰਨ ਦੇ ਅਮਲ ਵਿੱਚ ਛੋਟੀ ਕਿਸਾਨੀ ਬੁਰੀ ਤਰ੍ਹਾਂ ਫਸੀ ਹੋਈ ਹੈ। ਇਸ ਤਬਕੇ ਦੀ ਬਤੌਰ ਕਿਸਾਨ ਹੋਂਦ ਖੁਰ ਰਹੀ ਹੈ। (***ਖੇਤੀ ਸੰਕਟ ਅਤੇ ਸੰਸਾਰ ਵਪਾਰ ਸੰਗਠਨ*** 53)

ਕਿਸਾਨ ਦੀ ਮੰਦਹਾਲੀ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਇੱਥੇ ਕਦੇ ਕਿਸਾਨਾਂ ਦੇ ਬੱਚੇ ਜਮਾਂਦਰੂ ਕਰਜ਼ਾਈ ਹੁੰਦੇ ਹਨ ਤੇ ਕਦੇ ਉਹਨਾਂ ਦਾ ਬਚਪਨ ਜਾਂ ਜਵਾਨੀ ਇਨ੍ਹਾਂ ਕਰਜ਼ਿਆਂ ਵਿਚ ਰੁਲ ਜਾਂਦੀ ਹੈ। ਆਰਥਿਕਤਾ ਦੇ ਇਸ ਗੇੜ ਵਿਚ ਫਸਿਆ ਕਿਸਾਨ ਸਾਰੀ ਉਮਰ ਇਸ ਵਿਚੋਂ ਬਾਹਰ ਨਿਕਲਣ ਲਈ ਜੱਦੋ ਜਹਿਦ ਕਰਦਾ ਰਹਿੰਦਾ ਹੈ। ਇਹ ਜੱਦੋ ਜਹਿਦ ਉਸ ਦੀ ਜੀਵਨ ਲੀਲਾ ਸਮਾਪਤ ਹੋਣ ਤੱਕ ਇਸੇ ਤਰਾਂ ਹੀ ਚੱਲਦੀ ਰਹਿੰਦੀ ਹੈ। ਡਾ. ਗੁਰਭਜਨ ਗਿੱਲ ਦੁਆਰਾ ਸੰਪਾਦਿਤ ਆਨਲਾਇਨ ਕਾਵਿ ਸੰਗ੍ਰਹਿ ‘ਧਰਤਿ ਵੰਗਾਰੇ ਤਖ਼ਤ ਨੂੰ’ ਦੇ ਤੀਜੇ ਭਾਗ ਵਿਚ ਕਵੀ ਪ੍ਰਤਾਪ ਪਾਰਸ ਗੁਰਦਾਸਪੁਰੀ ਆਪਣੀ ਰਚਨਾ ਵਿਚ ਇਸ ਪ੍ਰਸਥਿਤੀ ਨੂੰ ਇਸ ਪ੍ਰਕਾਰ ਬਿਆਨਦੇ ਹਨ:

> ਕੀਕਣ ਧੌਲੇ ਆ ਜਾਂਦੇ ਨੇ
>
> ਸਾਨੂੰ ਵਿਚ ਜਵਾਨੀ ਦੇ। ਕਾਸ਼!
>
> ਕਿਤੇ ਤੂੰ ਜਾਣੇ ਦਿੱਲੀਏ
>
> ਸਾਡੇ ਦਰਦ ਕਿਸਾਨੀ ਦੇ (**punjabi-kavita.com**)

ਜਿੱਥੇ ਕਵੀ ਕਿਸਾਨੀ ਦੇ ਦਰਦ ਦੀ ਗੱਲ ਕਰਦਿਆਂ ਰੁਲ ਰਹੀ ਜਵਾਨੀ ਦੀ ਗੱਲ ਕਰਦਾ ਹੈ ਉੱਥੇ ਹੀ ਦਿੱਲੀ ਪ੍ਰਤੀ ਜਾਂ ਸਰਕਾਰ ਪ੍ਰਤੀ ਰੋਸ ਪ੍ਰਗਟਾਉਂਦਿਆਂ ਉਸ ਕੋਲੋਂ ਸਵੱਲੀ ਨਿਗਾਹ ਲਈ ਵੀ ਆਸ ਰੱਖਦਾ ਹੈ। ਕਿਤੇ ਨਾ ਕਿਤੇ ਆਪਣੇ ਦੇਸ਼ ਦੀਆਂ ਸਰਕਾਰਾਂ ਪ੍ਰਤੀ ਅਜਿਹੇ ਸ਼ਿਕਵੇ ਤੇ ਹਿਰਖ ਵਾਜਿਬ ਵੀ ਹਨ। ਅਨੇਕਾਂ ਦੁੱਖਾਂ ਨੂੰ ਹੰਢਾਉਂਦਿਆ ਅਕਸਰ ਉਹ ਆਪਣੇ ਅਜਿਹੇ ਹਾਲਾਤਾਂ ਲਈ ਕਦੇ ਆਪ ਨੂੰ ਤੇ ਕਿਸਮਤ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ ਤੇ ਹਰ ਵਾਰ ਉਹ ਆਪਣੇ ਹਾਲਾਤਾਂ ਨਾਲ ਸਮਝੋਤਾ ਕਰਦਿਆਂ ਆਪਣੀ ਮਾੜੀ ਆਰਥਿਕ

ਦਸ਼ਾ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਪ੍ਰਵਾਨ ਕਰ ਲੈਂਦਾ ਹੈ। ਡਾ. ਗੁਰਭਜਨ ਗਿੱਲ ਦੁਆਰਾ ਸੰਪਾਦਿਤ ਆਨਲਾਇਨ ਕਾਵਿ ਸੰਗ੍ਰਹਿ 'ਧਰਤਿ ਵੰਗਾਰੇ ਤਖ਼ਤ ਨੂੰ' ਦੇ ਦਸਵੇਂ ਸੰਸਕਰਣ ਵਿਚ ਕਵਿਤਰੀ ਅਮੀਆਂ ਕੁੰਵਰ ਆਪਣੀ ਰਚਨਾ ਵਿਚ ਇਸ ਦਸ਼ਾ ਨੂੰ ਇੰਝ ਪੇਸ਼ ਕਰਦੇ ਹਨ:

ਬੂਹੇ ਬਾਰੀਆਂ ਵੀ ਨਹੀਂ ਨੇ

ਖ਼ੁਸ਼ ਨੇ ਇਹ ਸੋਚ ਕੇ

ਸੱਜਰੀ ਹਵਾ ਲਈ

ਬਾਰੀ ਖੋਲਣ

ਮੀਂਹ ਕਣੀ ਤੋਂ ਬਚਣ ਲਈ

ਬਾਰੀ ਭੇੜਨ ਦੀ ਜ਼ਹਿਮਤ ਨਹੀਂ। (**Punjabi-kavita.com**)

ਇਨ੍ਹਾਂ ਸਤਰਾਂ ਵਿਚ ਜਿੱਥੇ ਆਰਥਿਕ ਪੱਖੋਂ ਕਿਸਾਨਾਂ ਦੀ ਕਮਜ਼ੋਰ ਹਾਲਤ ਦੀ ਪੁਸ਼ਟੀ ਹੁੰਦੀ ਹੈ। ਉੱਥੇ ਹੀ ਕਿਸਾਨਾਂ ਦੇ ਵੱਡੇ ਜ਼ੇਰੇ ਤੇ ਉਨ੍ਹਾਂ ਦੇ ਸਬਰ ਦਾ ਝਲਕਾਰਾ ਵੀ ਦੇਖਣ ਨੂੰ ਮਿਲਦਾ ਹੈ ਕਿ ਕਿਵੇਂ ਕਠਿਨ ਤੇ ਵਿਪਰੀਤ ਪ੍ਰਸਥਿਤੀਆਂ ਵਿਚ ਵੀ ਉਹ ਹੱਸ ਕੇ ਆਪਣੇ ਜੀਵਨ ਦੇ ਰੱਥ ਨੂੰ ਅੱਗੇ ਵਧਾਉਂਦਾ ਹੈ। ਬੇਪਰਵਾਹੀ ਜਿਵੇਂ ਪੰਜਾਬੀ ਲੋਕਾਂ (ਜਿਨ੍ਹਾਂ ਵਿਚ ਬਹੁਤਾਤ ਕਿਸਾਨ ਹਨ) ਦੇ ਹਿੱਸੇ ਸੁਭਾਵਿਕ ਹੀ ਆਈ ਹੈ। ਇਸ ਲਈ ਸਾਹਿਤਕ ਕਿਰਤਾਂ ਰਾਹੀਂ ਉਨ੍ਹਾਂ ਦੇ ਅਜਿਹੇ ਸੁਭਾਅ ਦੀ ਤਰਜ਼ਮਾਨੀ ਹੋ ਜਾਂਦੀ ਹੈ।

ਜਿੱਥੇ ਕਿਸਾਨੀ ਦੇ ਆਰਥਿਕ ਸੰਕਟ ਨੇ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਸੋਚ ਦਾ ਵਿਸ਼ਾ ਦਿੱਤਾ ਹੈ, ਉੱਥੇ ਹੀ ਇਸ ਸੰਕਟ ਨਾਲ ਨਜਿੱਠਣ ਲਈ ਸੰਭਾਵੀ ਹੱਲਾਂ ਬਾਰੇ ਸੋਚਣ ਲਈ ਵਿਸ਼ਾ ਵੀ ਦਿੱਤਾ ਹੈ। ***'ਦ ਹਿੰਦੂ'*** ਵਿਚ 24 ਜੂਨ 2019 ਨੂੰ ਵੀ. ਕੁਮਾਰਾਸਵਾਮੀ ਦੇ ਆਰਟੀਕਲ ਵਿਚ ਇਸ ਗੱਲ ਦਾ ਵਿਸ਼ਲੇਸ਼ਣ ਕੀਤਾ ਹੈ ਕਿ ਇਸ ਖੇਤੀ ਸੰਕਟ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਭਾਰਤ ਵਿਚਲੇ ਖੇਤੀ ਸੰਕਟ ਨੂੰ ਦੋ ਕਾਰਕਾਂ ਦੀ ਦੇਣ ਮੰਨਿਆ ਹੈ, ਪਹਿਲਾ ਇਹ ਕਿ ਉਸ ਸਮੇਂ ਨੂੰ ਸਮਝਣ ਤੇ ਸਾਂਭਣ ਵਿਚ ਦੇਰੀ ਗਈ ਜਦੋਂ ਹਰੀ ਕ੍ਰਾਂਤੀ ਦੇ

ਨਕਾਰਾਤਮਕ ਰੁਝਾਨ ਆਉਣੇ ਸ਼ੁਰੂ ਹੋਏ ਸਨ ਤੇ ਦੂਜਾ ਸਹਾਇਕ ਵਿਕਲਪਾਂ ਅਤੇ ਸਬਸਿਡੀਆਂ ਦੇ ਆਰਥਿਕ ਪ੍ਰਭਾਵਾਂ ਤੇ ਪ੍ਰਬੰਧਨ ਬਾਰੇ ਕਦਮ ਨਾ ਚੁੱਕਣੇ।

ਸੋ ਸਮਕਾਲੀ ਪੰਜਾਬੀ ਕਵਿਤਾ ਵਿਚ ਕਵੀਆਂ ਨੇ ਆਰਥਿਕ ਸੰਕਟ ਨਾਲ ਹੋਈ ਦੁਰਦਸ਼ਾ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਨਾਲ ਹੀ ਇਸ ਆਰਥਿਕ ਮੰਦਹਾਲੀ ਦੇ ਅਜਿਹੇ ਕਾਰਨਾਂ ਦੀ ਪੜਚੋਲ ਕਰਨੀ ਵੀ ਬਹੁਤ ਜ਼ਰੂਰੀ ਹੈ ਜੋ ਸਿੱਧੇ ਤੌਰ ਤੇ ਆਰਥਿਕ ਕਿਰਿਆਵਾਂ ਨਾਲ ਜੁੜੇ ਹੋਏ ਹਨ। ਸਮਕਾਲੀ ਪੰਜਾਬੀ ਕਵੀਆਂ ਨੇ ਪੰਜਾਬ ਦੀ ਕਿਸਾਨੀ ਦੀ ਆਰਥਿਕ ਹਾਲਤ ਦੀ ਦੁਰਦਸ਼ਾ ਨੂੰ ਪੇਸ਼ ਕਰਦਿਆਂ ਉਨ੍ਹਾਂ ਦੇ ਜੀਵਨ ਵਿਚਲੀਆਂ ਤੰਗੀਆਂ-ਤੁਰਸ਼ੀਆਂ ਦਾ ਵਰਣਨ ਕਾਵਿ ਰਚਨਾਵਾਂ ਰਾਹੀਂ ਕਰਨ ਦਾ ਯਤਨ ਕੀਤਾ ਹੈ। ਭਾਵੇਂ ਇਨ੍ਹਾਂ ਰਚਨਾਵਾਂ ਵਿਚੋਂ ਬਹੁਤ ਰਚਨਾਵਾਂ ਸਾਹਿਤਿਕ ਮਿਆਰਾਂ ਉੱਤੇ ਖਰਾ ਨਹੀਂ ਉੱਤਰਦੀਆਂ ਪਰੰਤੂ ਆਉਣ ਵਾਲੇ ਸਮੇਂ ਵਿਚ ਇਸ ਦਿਸ਼ਾ ਵਿਚ ਲਿਖੀਆਂ ਜਾਣ ਵਾਲੀਆਂ ਕਵਿਤਾਵਾਂ ਦੀ ਅਗਵਾਈ ਲਈ ਇਨ੍ਹਾਂ ਰਚਨਾਵਾਂ ਦਾ ਅਧਿਐਨ ਬਹੁਤ ਜਰੂਰੀ ਹੈ। ਜਿਵੇਂ ਕਿਸਾਨ ਲਈ ਧਨ ਪ੍ਰਾਪਤੀ ਦੀ ਸਭ ਤੋਂ ਵੱਡੀ ਜਗ੍ਹਾ ਮੰਡੀ ਹੈ। ਇਸ ਲਈ ਮੰਡੀਆਂ ਵਿਚ ਹੁੰਦੀ ਆਰਥਿਕ ਲੁੱਟ-ਖਸੁੱਟ ਦੀ ਚਰਚਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਕਿਸਾਨ ਕਰਜ਼ ਤੇ ਕਰਜ਼ਿਆਂ ਦੇ ਕਾਰਨ ਕਿਸਾਨ ਆਤਮ-ਹੱਤਿਆਵਾਂ ਦਾ ਅਧਿਐਨ ਵੀ ਇਸੇ ਲੜੀ ਵਿਚ ਕੀਤਾ ਜਾਵੇਗਾ।

### 5.2.1 ਸਮਕਾਲੀ ਪੰਜਾਬੀ ਕਵਿਤਾ: ਅਵਿਵਸਥਿਤ ਮੰਡੀ ਪ੍ਰਬੰਧ

ਸਮਕਾਲੀ ਪੰਜਾਬੀ ਕਵਿਤਾ ਵਿਚ ਫਸਲ ਪ੍ਰਬੰਧਨ ਦੇ ਪੁਖਤਾ ਪ੍ਰਬੰਧਾਂ ਦੀ ਅਣਹੋਂਦ ਕਾਰਨ ਉਪਜੇ ਕਿਸਾਨੀ ਸੰਕਟ ਬਾਰੇ ਵੱਖ-ਵੱਖ ਕਵੀਆਂ ਨੇ ਆਪਣੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਲਿਖਿਆ ਹੈ। ਇਨ੍ਹਾਂ ਕਾਵਿ ਰਚਨਾਵਾਂ ਨੂੰ ਪੜ੍ਹ ਕੇ ਇੰਝ ਵੀ ਮਹਿਸੂਸ ਹੁੰਦਾ ਹੈ ਕਿ ਬਹੁਤ ਸਾਰੇ ਕਵੀਆਂ ਦੁਆਰਾ ਅਜਿਹੀਆਂ ਪੀੜ੍ਹਾਂ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ। ਫਸਲ ਦੇ ਉਚਿਤ ਪ੍ਰਬੰਧਨ ਦੀ ਸਮੱਸਿਆ ਮਾੜੇ ਮੰਡੀ ਵਿਵਸਥਾ ਵੱਲ ਇਸ਼ਾਰਾ ਕਰਦੀ ਹੈ। ਮੰਡੀਆਂ ਕਿਸਾਨ ਦੀ ਉਪਜ ਖਰੀਦਣ ਤੇ ਕਿਸਾਨਾਂ ਨੂੰ ਉਸ ਫਸਲ ਦਾ ਉਚਿਤ ਮੁੱਲ ਦੇਣ ਦੇ ਨਜ਼ਰੀਏ ਨਾਲ ਉਸਾਰਿਆ ਗਿਆ ਪ੍ਰਬੰਧ ਸੀ। ਮੰਡੀ ਵਿਵਸਥਾ ਵਿਸ਼ਵ ਦੇ ਬਹੁਤੇ ਦੇਸ਼ਾਂ ਵਿਚ ਪ੍ਰਚੱਲਿਤ ਹੈ। ਪਰੰਤੂ ਇਹ ਜ਼ਰੂਰੀ ਨਹੀਂ ਕਿ ਇਸ ਵਿਵਸਥਾ ਰਾਹੀਂ ਹਰ ਜਗ੍ਹਾ ਕੇਵਲ ਸਰਕਾਰੀ ਖਰੀਦ ਹੀ ਹੋਵੇ। ਨਿੱਜੀ

ਅਦਾਰਿਆਂ, ਸਹਿਕਾਰੀ ਅਦਾਰੇ ਆਦਿ ਇਸ ਵਿਚ ਬਰਾਬਰ ਦੇ ਭਾਗੀਦਾਰ ਹਨ। ਪੰਜਾਬ ਵਿਚ ਮੰਡੀ ਵਿਵਸਥਾ ਕੁੱਝ ਕੁ ਫਸਲਾਂ ਉੱਪਰ ਘੱਟੋ-ਘੱਟ ਸਮਰਥਨ ਮੁੱਲ ਦੇਣ ਲਈ ਸਰਕਾਰੀ ਤੌਰ ਤੇ ਪਾਬੰਦ ਹੈ। ਇਸ ਲਈ ਸਮੁੱਚੇ ਤੌਰ ਤੇ ਪੰਜਾਬ ਹਰਿਆਣਾ ਦੀ ਮੰਡੀ ਵਿਵਸਥਾ ਕਿਸਾਨਾਂ ਲਈ ਅਤਿਅੰਤ ਜ਼ਰੂਰੀ ਹੈ। ਪੰਜਾਬ ਅਤੇ ਹਰਿਆਣਾ ਦੀ ਮੰਡੀ ਵਿਵਸਥਾ ਸਮੁੱਚੇ ਭਾਰਤ ਵਿਚ ਚੰਗੀ ਮੰਨੀ ਜਾਂਦੀ ਹੈ। 2021 ਦੀ ਰਬੀ ਦੀ ਫ਼ਸਲ ਦੀ ਖਰੀਦ ਸਮੇਂ ਪੰਜਾਬ ਦੀਆਂ ਮੰਡੀਆਂ ਵਿਚੋਂ 132.10 ਲੱਖ ਟਨ ਕਣਕ ਦੀ ਖ਼ਰੀਦ ਕੀਤੀ ਗਈ ਤੇ ਇਸ ਦੇ ਬਦਲੇ 26103 ਕਰੋੜ ਰੁਪਏ ਦਾ ਭੁਗਤਾਨ ਕਿਸਾਨਾਂ ਨੂੰ ਕੀਤਾ ਗਿਆ ਜਦਕਿ ਹਰਿਆਣੇ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੇ ਬਦਲੇ 16706 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ। ਪੰਜਾਬ ਅਤੇ ਹਰਿਆਣਾ ਦੀਆਂ ਮੰਡੀਆਂ ਵਿਚ ਬਾਕੀ ਰਾਜਾਂ ਦੀਆਂ ਮੰਡੀਆਂ ਨਾਲੋਂ ਚੰਗੀ ਸਥਿਤੀ ਦਾ ਕਾਰਨ ਇਹ ਵੀ ਹੈ ਕਿ ਇੱਥੋਂ ਦੇ ਕਿਸਾਨਾਂ ਦੁਆਰਾ ਅਜਿਹੀਆਂ ਸਹੂਲਤਾਂ ਦੀ ਪ੍ਰਾਪਤੀ ਲਈ ਇਕ ਲੰਮਾ ਸਮਾਂ ਸੰਘਰਸ਼ ਕੀਤਾ ਹੈ।

ਪਰੰਤੂ ਰਾਜਸੀ ਨੀਤੀਆਂ ਹੁਣ ਇਸ ਦੇ ਉਲਟ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਜਿਵੇਂ ਹੁਣ ਉਹਨਾਂ ਦੀ ਅੱਖ ਇਨ੍ਹਾਂ ਮੰਡੀਆਂ ਉੱਪਰ ਹੈ। ਕਿਸਾਨਾਂ ਦੀ ਮਦਦ ਲਈ ਸਥਾਪਿਤ ਕੀਤੀਆਂ ਗਈਆਂ ਮੰਡੀਆਂ ਸਰਕਾਰ ਦੀ ਇਕ ਉਸਾਰੂ ਪਹਿਲਕਦਮੀ ਹੈ। ਪਰੰਤੂ ਮੰਡੀਆਂ ਵਿਚ ਇਸ ਤੋਂ ਵਿਪਰੀਤ ਹੋ ਰਿਹਾ ਹੈ ਜਿਸ ਕਾਰਨ ਕਿਸਾਨ ਆਰਥਿਕ ਸੰਕਟ ਦਾ ਸ਼ਿਕਾਰ ਹੋ ਰਹੇ ਹਨ। ਮੰਡੀਆਂ ਵਿਚ ਕਿਸਾਨਾਂ ਨੂੰ ਲੁੱਟਣ ਦੇ ਲਈ ਕਈ ਪ੍ਰਕਾਰ ਦੇ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਮੌਜੂਦਾ ਮੰਡੀਕਰਨ ਪ੍ਰਣਾਲੀ ਦੀਆਂ ਮੁੱਖ ਚੁਣੌਤੀਆਂ ਵਿਚ ਵਿਚੋਲਿਆਂ ਦੀ ਮੌਜੂਦਗੀ, ਸਾਖਰਤਾ ਦੀ ਘਾਟ, ਅਨਿਯਮਿਤ ਬਾਜ਼ਾਰੀਕਰਨ, ਮੰਡੀਆਂ ਵਿਚ ਹੁੰਦਾ ਕਿਸਾਨਾਂ ਨਾਲ ਦੁਰਵਿਵਹਾਰ, ਮਾਰਕਿਟ ਬਾਰੇ ਨਾਕਾਫੀ ਜਾਣਕਾਰੀ ਅਤੇ ਅਢੁੱਕਵੀਆਂ ਕਰਜ਼ਾ ਸਹੂਲਤਾਂ ਮੁੱਖ ਹਨ।

ਆਰੰਭ ਵਿਚ ਭਾਰ ਤੋਲਣ ਵਾਲੇ ਵੱਟਿਆ ਵਿਚ ਗੜਬੜ ਤੇ ਅੱਜਕੱਲ੍ਹ ਭਾਰ ਤੋਲਣ ਵਾਲੇ ਕੰਡੇ ਜਾਂ ਮੀਟਰਾਂ ਵਿਚ ਹੀ ਛੇੜ-ਛਾੜ ਕੀਤੀ ਜਾਂਦੀ ਹੈ। ਦਲਾਲ ਅਤੇ ਤੋਲਣ ਵਾਲੇ ਆਮ ਤੌਰ ਤੇ ਆੜ੍ਹਤੀਏ, ਵਿਚੌਲੀਏ ਜਾਂ ਦਲਾਲ ਨਾਲ ਮਿਲੇ ਹੁੰਦੇ ਹਨ ਜੋ ਰਲ ਮਿਲ ਕੇ ਕਿਸਾਨ ਵਿਸ਼ੇਸ਼ਕਰ ਛੋਟੇ ਕਿਸਾਨਾਂ ਦੇ ਹੱਕਾਂ ਉੱਪਰ ਡਾਕਾ ਮਾਰਦੇ ਹਨ। ਸਖ਼ਤ ਮਿਹਨਤ ਦੇ ਬਾਵਜੂਦ ਉਸ ਦੇ ਪੱਲੇ ਕੁੱਝ ਵੀ ਨਹੀਂ ਪੈਂਦਾ। ਇਸੇ ਹੀ ਤਰਾਂ ਕਿਸਾਨੀ ਦੇ

ਅਜਿਹੇ ਹੀ ਦੁਖਾਂਤ ਦਾ ਪ੍ਰਗਟਾਵਾ ਕਰਦਿਆਂ ਪੁਸਤਕ '***ਜਨ ਅੰਦੋਲਨ***' ਵਿਚ ਕਵੀ ਜਗਜੀਤ ਸਿੰਘ ਲੱਡਾ ਆਪਣੀ ਰਚਨਾ 'ਖੇਤੀ ਕਰਜ਼ਾ' ਵਿਚ ਲਿਖਦੇ ਹਨ

ਵੇਚ ਵੱਟ ਕੇ ਫ਼ਸਲਾਂ ਕੁੱਝ ਵੀ ਪੱਲੇ ਨਹੀਂਉ ਪੈਂਦਾ,

ਤਾਂਹੀ 'ਲੱਡੇ' ਅੱਕਿਆ ਜੱਟ ਕੁੱਝ ਖਾਵੇ ਜਾਂ ਫਾਹੇ ਲੈਂਦਾ 129

ਕੇਵਲ ਆੜਤੀ ਜਾਂ ਦਲਾਲ ਹੀ ਨਹੀਂ ਸਗੋਂ ਸਰਕਾਰੀ ਅਫਸਰ ਵੀ ਇਸ ਲੁੱਟ ਵਿਚ ਬਰਾਬਰ ਦੇ ਹਿੱਸੇਦਾਰ ਬਣਦੇ ਹਨ। ਕਦੇ ਉਪਜ ਦੇ ਕਾਫੀ ਵੱਡੇ ਨਮੂਨੇ ਲੈ ਲਏ ਜਾਂਦੇ ਹਨ ਤੇ ਕਦੇ ਫਸਲ ਨੂੰ ਗਿੱਲੀ, ਸੁੱਕੀ ਆਖ ਕੇ ਕਿਸਾਨ ਉੱਪਰ ਵੱਧ ਘੱਟ ਰੇਟਾਂ ਤੇ ਵੇਚਣ ਦਾ ਅਣਉਚਿਤ ਦਬਾਅ ਪਾਇਆ ਜਾਂਦਾ ਹੈ। ਕਿਸਾਨ ਕੋਲ ਨਿਸ਼ਚਿਤ ਆਮਦਨੀ ਦਾ ਕੋਈ ਸੋਮਾ ਨਹੀਂ ਹੈ। ਇਸ ਲਈ ਮੰਡੀ ਜਾਂ ਆੜਤੀਏ ਉੱਪਰ ਉਸ ਦੀ ਟੇਕ ਹੋਰ ਵੀ ਵੱਧ ਜਾਂਦੀ ਹੈ। ਪਰੰਤੂ ਕਦੇ ਮੌਸਮ ਦੀ ਮਾਰ ਕਦੇ ਸੁੰਡੀਆਂ ਦੀ ਮਾਰ ਇਸ ਤੋਂ ਬਾਅਦ ਮੰਡੀਆਂ ਦੀ ਖੱਜਲ ਖੁਆਰੀ ਕਿਸਾਨ ਦਾ ਜੀਵਨ ਹੋਰ ਦੁੱਭਰ ਕਰ ਦਿੰਦੀ ਹੈ। ਇਕ ਕਵਿਤਾ ਦੇ ਮਾਧਿਅਮ ਰਾਹੀਂ ਕਵਿਤਰੀ ਸੁਰਿੰਦਰ ਗੀਤ ਆਪਣੀ ਪੁਸਤਕ '***ਖੇਤਾਂ ਦਾ ਸਫਰ***' ਵਿਚ ਇਸ ਦੁਖਾਂਤ ਨੂੰ ਇਸ ਪ੍ਰਕਾਰ ਵਿਅਕਤ ਕਰਦੀ ਹੈ:

ਸੱਪਾਂ ਦੀਆਂ ਸਿਰੀਆਂ ਮਿੱਧ ਕੇ ਪਾਲੀ ਫ਼ਸਲ ਨੂੰ

ਪਹਿਲਾਂ ਚਿੱਟੀ, ਨੀਲੀ, ਪੀਲੀ ਸੁੰਡੀ

ਰਾਜਨੀਤੀ ਦੇ ਸਵਾਦ ਲਾ ਲਾ ਕੇ ਚਿੱਥਦੀ ਹੈ

ਅਤੇ ਬਾਕੀ ਰਹਿੰਦ ਖੂੰਹਦ

ਅੰਤਾਂ ਦੀ ਖੱਜਲ ਖੁਆਰੀ ਬਾਅਦ

ਕੌਡੀਆਂ ਦੇ ਭਾਅ ਵਿਕਦੀ ਹੈ

ਜੱਟ ਮੰਡੀ 'ਚੋਂ

ਦਮਾਮੇ ਮਾਰਦਾ ਨਹੀਂ ਆਉਂਦਾ

ਸਗੋਂ ਓਥੇ ਹੀ ਟਾਹਣ ਨਾਲ ਲਟਕ ਜਾਂਦਾ ਹੈ। 57

ਅਜਿਹੀਆਂ ਪਰਸਥਿਤੀਆਂ ਵਿਚ ਕਿਸਾਨ ਕੋਲ ਹੋਰ ਚਾਰਾ ਵੀ ਕੀ ਬਚਦਾ ਹੈ? ਕਈ ਸਾਲਾਂ ਤੋਂ ਸਾਰੀ ਦੀ ਸਾਰੀ ਫ਼ਸਲ ਸੁੱਟਣ ਦੇ ਬਾਵਜੂਦ ਉਸ ਦਾ ਸੂਦ ਵੀ ਪੂਰਾ ਨਹੀਂ ਉਤਰਦਾ ਤੇ ਮੂਲ ਜਿਉਂ ਦਾ ਤਿਉਂ ਖੜ੍ਹਾ ਰਹਿੰਦਾ ਹੈ। ਬਲਦੇਵ ਸਿੰਘ ਸ਼ੇਰਗਿੱਲ ਮੰਡੀ ਵਿਵਸਥਾ ਬਾਰੇ ਲਿਖਦੇ ਹਨ:

> ਦਰਅਸਲ ਦੇਸ਼ ਦੇ 90 ਪ੍ਰਤੀਸ਼ਤ ਕਿਸਾਨਾਂ ਦੀ ਮੁੱਖ ਸਮੱਸਿਆ ਮੰਡੀਕਰਨ ਦੀ ਹੈ। ਜਿਸ ਦਾ ਫਾਇਦਾ ਵਿਚੋਲੇ ਉਠਾਉਂਦੇ ਹਨ। ਕਾਨੂੰਨ ਵਿਚ ਕੀਤੇ ਸੁਧਾਰਾਂ ਦੇ ਲਾਗੂ ਹੋਣ ਨਾਲ ਵਿਚੋਲਿਆ ਦੀ ਇਕ ਨਵੀਂ ਜਮਾਤ (ਜਿਹੜੀ ਕੰਪਨੀਆਂ ਦੀ ਆਪਣੀ ਹੀ ਹੋਵੇਗੀ) ਪੈਦਾ ਹੋ ਜਾਵੇਗੀ। ਇਸ ਨਾਲ ਮੰਡੀਕਰਨ ਸੰਬੰਧੀ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਣਗੀਆਂ। ਲੋੜ ਕਿਸਾਨੀ ਜਿਣਸਾਂ ਦੇ ਲਾਭਕਾਰੀ ਭਾਅ ਯਕੀਨੀ ਬਣਾਉਣ ਅਤੇ ਇਸ ਦੇ ਨਾਲ ਹੀ ਪੇਂਡੂ ਖੇਤਰ ਦੇ ਕਿਸਾਨਾਂ ਅਤੇ ਪੇਂਡੂਆਂ ਦੇ ਬੱਚਿਆਂ ਲਈ ਗੈਰ-ਖੇਤੀ ਖੇਤਰ ਵਿਚ ਰੁਜ਼ਗਾਰ ਮੁਹੱਈਆ ਕਰਨ ਦੀ ਹੈ, ਕਿਉਂਕਿ ਖੇਤੀ ਵਿਚ ਤਾਂ ਰੁਜ਼ਗਾਰ ਦੇ ਮੌਕੇ ਦਿਨੋ-ਦਿਨ ਘੱਟ ਰਹੇ ਹਨ ਅਤੇ ਕਿਸਾਨਾਂ ਦੀ ਸ਼ੁੱਧ ਆਮਦਨ ਵੀ ਘੱਟ ਰਹੀ ਹੈ, ਜਿਸ ਦਾ ਪ੍ਰਗਟਾਵਾ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਆਤਮ-ਹੱਤਿਆਵਾਂ ਰਾਹੀਂ ਹੋ ਰਿਹਾ ਹੈ। (***ਖੇਤੀ ਕਾਨੂੰਨ ਮੰਡੀ ਤੋਂ ਮਹਾਂਮੰਡੀ ਤੱਕ*** 85)

ਅਜਿਹੇ ਹੀ ਦੁਖਾਂਤ ਨੂੰ ਆਪਣੀ ਰਚਨਾ ਰਾਹੀਂ ਪੁਸਤਕ '***ਖੇਤਾਂ ਦਾ ਰਾਜਾ***' ਵਿਚ ਕਵੀ ਆਤਮਾ ਸਿੰਘ ਚਿੱਟੀ ਆਪਣੀ ਕਵਿਤਾ 'ਅੰਨਦਾਤਾ ਦੇਸ਼ ਦਾ' ਰਾਹੀਂ ਕਿਸਾਨ ਦੀ ਮੰਦੀ ਆਰਥਿਕ ਸਥਿਤੀ ਕਾਰਨ ਉਸ ਦੇ ਜੀਵਨ ਦਾ ਮੰਦਹਾਲੀ ਦਾ ਪ੍ਰਗਟਾਵਾ ਇਉਂ ਕਰਦਾ ਹੈ:

ਅੰਨ-ਦਾਤਾ ਦੇਸ਼ ਦਾ ਮੈਂ, ਖੁਆਰ ਹੁੰਦਾ ਦੇਖਿਆ

ਮੰਡੀਆਂ ਦੇ ਵਿਚ ਇਹ, ਦੁਰਕਾਰ ਹੁੰਦਾ ਦੇਖਿਆ

ਅਨਾਜ ਦਾ ਨਾ ਸਹੀ ਕਿਤੇ, ਮਿਲਦਾ ਹੈ ਮੁੱਲ ਇਹਨੂੰ

ਆਪ ਭਾਅ ਲਾਉਣ ਦੀ ਨਾ, ਦਿੱਤੀ ਕਿਸੇ ਖੁੱਲ ਇਹਨੂੰ

ਹਰ ਥਾਂ ‘ਤੇ ਲੁੱਟ ਦਾ, ਸ਼ਿਕਾਰ ਹੁੰਦਾ ਦੇਖਿਆ

ਅੰਨ-ਦਾਤਾ ਦੇਸ਼ ਦਾ ਮੈਂ, ਖੁਆਰ ਹੁੰਦਾ ਦੇਖਿਆ 20

ਇਨ੍ਹਾਂ ਕਾਵਿ ਸਤਰਾਂ ਵਿਚ ਕਵੀ ਮੰਡੀਆਂ ਵਿਚ ਰੁਲਦੇ ਕਿਸਾਨ ਦੇ ਮਾਧਿਅਮ ਰਾਹੀਂ ਉਸ ਦੇ ਦੁਖਾਂਤ ਭਰੇ ਜੀਵਨ ਦਾ ਯਥਾਰਥ ਪ੍ਰਗਟਾਉਂਦਾ ਹੈ। ਮੰਡੀਆਂ ਵਿਚ ਕਦੇ ਸਹੀ ਪ੍ਰਬੰਧਨ ਦੀ ਘਾਟ, ਕਦੇ ਫਸਲਾਂ ਦਾ ਸਹੀ ਮੁੱਲ ਨਾ ਮਿਲਣ ਦਾ ਦੁੱਖੜਾ ਅਤੇ ਕਦੇ ਮੀਂਹ ਵਿਚ ਮੰਡੀਆਂ ਵਿਚ ਰੁਲਦੀ ਫਸਲ ਕਾਰਨ ਉਸ ਨੂੰ ਆਰਥਿਕ ਘਾਟੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਜਿਹੇ ਦੁਖਾਂਤ ਨੂੰ ਪ੍ਰਗਟਾਉਂਦੇ ਕਵੀ ਇਸ ਗੱਲ ਨੂੰ ਕੇਂਦਰ ਵਿਚ ਰੱਖਦਾ ਹੈ ਕਿ ਕਿਸਾਨ ਨੂੰ ਉਸ ਦੀ ਲਾਗਤ ਅਨੁਸਾਰ ਮੁੱਲ ਤੈਅ ਕਰਨ ਵਿਚ ਭਾਗੀਦਾਰ ਕਿਉਂ ਨਹੀਂ ਬਣਾਇਆ ਜਾਂਦਾ। ਇਸ ਦੇ ਉਲਟ ਕਿਸਾਨਾਂ ਦੀ ਸੋਨੇ ਵਰਗੀ ਫ਼ਸਲ ਵਿਚੋਂ ਅਨੇਕਾਂ ਪ੍ਰਕਾਰ ਦੇ ਨੁਕਸ ਕੱਢ ਕੇ ਉਸ ਦੇ ਭਾਅ ਹੇਠਾਂ ਸੁੱਟੇ ਜਾਂਦੇ ਹਨ। ਇਸ ਤੱਥ ਦੀ ਪੇਸ਼ਕਾਰੀ ਆਨਲਾਇਨ ਕਾਵਿ ਸੰਗ੍ਰਹਿ ਧਰਤਿ ਵੰਗਾਰੇ ਤਖ਼ਤ ਨੂੰ ਦੇ ਸੱਤਵੇਂ ਭਾਗ ਵਿਚ ਕਵੀ ਹਰਦੇਵ ਸਿੰਘ ਲੱਖਣ ਕਲਾਂ ਆਪਣੀ ਕਾਵਿ ਰਚਨਾ ਕਿਰਤ ਦੀ ਫਸਲ ਵਿਚ ਇਸ ਪ੍ਰਕਾਰ ਪ੍ਰਗਟਾਉਂਦੇ ਹਨ:

ਇਕ ਰਾਤ ਦਿਨ ਪਏ ਮਰਦੇ ਨੇ

ਹਰ ਝੱਖੜ ਤਨ ਤੇ ਜ਼ਰਦੇ ਨੇ

ਦਸਾਂ ਨਹੁੰਆਂ ਦੀ ਮਿਹਨਤ ਨੂੰ,

ਕਿੰਜ ਲੋਟੂ ਲਾਉਂਦੇ ਦਾਅ ਨੀ

ਕਿਰਤ ਦੀਏ ਫ਼ਸਲੇ ਕਿਉਂ

ਘੱਟ ਲੱਗਦਾ ਈ ਤੇਰਾ ਭਾਅ ਨੀ। (**punjabi-kavita.com**)

ਨਿਰੰਤਰ ਮਿਹਨਤ ਕਰਦੇ ਕਿਸਾਨ-ਮਜ਼ਦੂਰ ਆਪਣੇ ਉੱਪਰ ਕਈ ਮੁਸੀਬਤਾਂ ਜਰਦੇ ਹਨ। ਇਨ੍ਹਾਂ ਸਮੱਸਿਆਵਾਂ ਵਿਚੋਂ ਇਕ ਇਸ ਕਿੱਤੇ ਵਿਚਲੀ ਅਨਿਸ਼ਚਿਤਤਾ ਹੈ। ਛੇ ਮਹੀਨੇ, ਸਾਲ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ ਤਿਆਰ ਕੀਤੀ ਜਾ ਰਹੀ ਫਸਲ ਜਿਸ ਉੱਪਰ ਕਿਸਾਨ ਦਾ ਸਾਰਾ ਦਾਰੋ-ਮਦਾਰ ਟਿਕਿਆ ਹੁੰਦਾ ਹੈ, ਮੌਸਮ ਦੇ ਇਕ ਫੇਰ

ਬਦਲ ਨਾਲ ਤਬਾਹ ਹੋ ਜਾਂਦੀ ਹੈ। ਪਰੰਤੂ ਇਨ੍ਹਾਂ ਸਮੱਸਿਆਵਾਂ ਦਾ ਕੋਈ ਪੁਖਤਾ ਹੱਲ ਨਹੀਂ ਜਾ ਰਿਹਾ। ਉਲਟ ਮਹਿੰਗੇ ਭਾਅ ਤੇ ਮਿਲਦੀ ਖੇਤੀ ਦੀ ਸਮੱਗਰੀ ਤੇ ਹੋਰ ਅਜਿਹੀਆਂ ਅਣਚਾਹੀਆਂ ਸਮੱਸਿਆਵਾਂ ਉਸ ਦੇ ਸਾਹਮਣੇ ਆਉਂਦੀਆਂ ਜਿਨ੍ਹਾਂ ਨਾਲ ਘੁਲਦਿਆਂ ਉਸ ਨੂੰ ਅਨੇਕਾਂ ਵਾਰ ਹਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੰਡੀਆਂ ਵਿਚ ਹੁੰਦੀ ਕਿਸਾਨ ਦੀ ਮੰਦਹਾਲੀ ਕੋਈ ਨਵੀਂ ਨਹੀਂ ਸਗੋਂ ਸਦੀਆਂ ਤੋਂ ਚੱਲੀ ਆ ਰਹੀ ਹੈ। ਮੰਡੀਕਰਨ ਦੀ ਵਿਵਸਥਾ ਵਿਚ ਅਨੇਕਾਂ ਖਾਮੀਆਂ ਜਿਨ੍ਹਾਂ ਨੂੰ ਸੁਧਾਰਣ ਲਈ ਹਰ ਸਾਲ ਅਨੇਕਾਂ ਤਰ੍ਹਾਂ ਦੇ ਫੰਡ ਸਰਕਾਰ ਵਲੋਂ ਖਰਚੇ ਜਾਂਦੇ ਹਨ ਪਰ ਅਫਸੋਸ ਕਿ ਇਸ ਵਿਚ ਸੁਧਾਰ ਅਜੇ ਵੀ ਨਹੀਂ ਦੇਖਣ ਨੂੰ ਮਿਲਦਾ। ਮੰਡੀਆਂ 'ਚ ਰੁਲਦੇ ਕਿਸਾਨ ਦੀ ਵਿਥਿਆ ਨੂੰ ਬਿਆਨਦੇ ਪੁਸਤਕ '***ਹੂਕ ਪੰਜਾਬ ਦੀ***' ਵਿਚ ਕਵੀ ਸੁੱਖਵਿੰਦਰ ਸਿੰਘ ਬੋਦਲਾਂਵਾਲ ਆਪਣੀ ਕਵਿਤਾਵਾਂ ਕ੍ਰਮਵਾਰ 'ਪੰਜਾਬ ਦਾ ਕਿਸਾਨ' ਅਤੇ 'ਕੇਹੀ ਅਜ਼ਾਦੀ' ਰਾਹੀਂ ਇਸ ਤਰ੍ਹਾਂ ਪੇਸ਼ ਕਰਦੇ ਹਨ:

ਮੈਂ ਕਿਸਾਨ ਪੰਜਾਬ ਦਾ, ਖੁਸ਼ਹਾਲ ਨਹੀਂ ਹਾਂ।

ਹਾਲ ਨਹੀਂ ਕੁੱਝ ਚੰਗਾ, ਸੁਰਤਾਲ ਨਹੀਂ ਹਾਂ।

ਦੁਨੀਆਂ ਦਾ ਅੰਨਦਾਤਾ ਕਹਿ, ਮੈਨੂੰ ਵਡਿਆਉਂਦੇ

ਮੰਡੀਆਂ ਵਿਚ ਅੰਨ ਰੁਲਦਾ, ਬੇਹਾਲ ਸਹੀ ਹਾਂ। 28

ਧਰਨਿਆਂ ਉੱਪਰ ਅੱਧੀ ਉਮਰ ਲੰਘਾਈ ਹੈ।

ਸਾਡੇ ਹਿੱਸੇ ਬੱਸ ਇਹੋ ਆਜ਼ਾਦੀ ਆਈ ਹੈ।

ਕੁੱਝ ਲੰਘੀ ਹੈ ਧੱਕੇ ਖਾ ਖਾ ਮੰਡੀਆਂ ਵਿਚ।

ਕੁੱਝ ਲੀਡਰਾਂ ਦੇ ਲਾਰਿਆਂ ਨੇ ਖਪਾਈ ਹੈ। 29

ਮੰਡੀ ਵਿਵਸਥਾ ਦਾ ਨਿਰਮਾਣ ਕਿਸਾਨਾਂ ਦੀ ਸਹੂਲਤ ਲਈ ਕੀਤਾ ਗਿਆ ਸੀ। ਤਾਂ ਜੋ ਜਗ੍ਹਾ-ਜਗ੍ਹਾ ਤੋਂ ਕਿਸਾਨ ਆਪਣੀ ਉਪਜ ਨੂੰ ਇਕ ਵਿਸ਼ੇਸ਼ ਸਥਾਨ ਤੇ ਇਕੱਠਾ ਕਰ ਲਿਆ ਜਾਵੇ ਜਿੱਥੋਂ ਸਰਕਾਰ ਲਈ ਵੀ ਭੰਡਾਰਣ ਆਸਾਨ ਹੋ ਜਾਵੇ ਤੇ ਕਿਸਾਨਾਂ ਨੂੰ ਵੀ ਉਨ੍ਹਾਂ ਦੀ ਉਪਜ ਦਾ ਮੁੱਲ ਇਕ ਨਿਸ਼ਚਿਤ ਸਥਾਨ ਤੋ ਮਿਲ ਜਾਵੇ। ਪਰੰਤੂ ਸਮੇਂ ਦੇ ਨਾਲ ਨਾਲ ਪਰਸਥਿਤੀਆਂ ਵਿਚ ਵੱਡਾ ਅੰਤਰ ਆਇਆ ਤੇ ਕਿਸਾਨਾਂ ਦੀ ਉਪਜ ਨੂੰ ਸਹੀ ਮੁੱਲ

ਮਿਲਣ ਦੀ ਬਜਾਇ ਉਹਨਾਂ ਨੂੰ ਮੰਡੀਆਂ ਵਿਚ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਸਰਕਾਰ ਵੱਲੋਂ ਵੀ ਮੰਡੀਕਰਨ ਦੀ ਵਿਵਸਥਾ ਨੂੰ ਖੜ੍ਹਾ ਕਰਨ ਤੋਂ ਲੈ ਕੇ ਇਸ ਨੂੰ ਸੁਚਾਰੂ ਰੂਪ ਵਿਚ ਚਲਾਉਣ ਤੱਕ ਅਨੇਕਾਂ ਕਦਮ ਚੁੱਕੇ ਗਏ ਪਰੰਤੂ ਹੌਲੀ-ਹੌਲੀ ਮੰਡੀ ਵਿਵਸਥਾ ਲਈ ਬਣੇ ਕਾਨੂੰਨ ਕਿਸਾਨ ਕੇਂਦਰਿਤ ਨਾ ਰਹਿ ਕੇ ਵਪਾਰੀ ਵਰਗ ਦੇ ਹੱਕ ਵਿਚ ਭੁਗਤਣ ਲੱਗੇ। ਬਲਦੇਵ ਸਿੰਘ ਸ਼ੇਰਗਿੱਲ ਆਪਣੀ ਪੁਸਤਕ '***ਖੇਤੀ ਕਾਨੂੰਨ ਮੰਡੀ ਤੋਂ ਮਹਾਂਮੰਡੀ ਤੱਕ***' ਵਿਚ ਸਰਕਾਰ ਵੱਲੋਂ ਮੰਡੀ ਕਰਨ ਜਾਂ ਮੰਡੀ ਵਿਵਸਥਾ ਵਿਚ ਸੁਧਾਰ ਲਈ ਬਣਾਏ ਗਏ ਕਾਨੂੰਨਾਂ ਨੂੰ ਇਸ ਪ੍ਰਕਾਰ ਸੂਚੀਬੱਧ ਕਰਦੇ ਹਨ:

- The Indian Sale of Goods Act,1930
- Agriculture Produce (Grading and Marking) Act 1937,1986
- Drugs and Cosmetic Act 1940
- Vegetable Oil Product (control) Order, 1947
- The Emblems and Names (Prevention of Improper Use) Act, 1950
- Prevention of Food Adulteration (PFA) Act 1954,1964,1976
- The Essential Commodity Act, 1955
- The Sugar Control Order 1956
- The Export (Quality Control &Inspection) Act 1963
- Fruit Products Order (FPO), 1965, 1992
- Solvent Extracted Oil, Deoiled Meal and Edible Oil (control) Order, 1967
- Monopolies and Restrictive Trade Act, 1969
- Meat Food Product Order, 1973
- Vegetable Oil Products (Standards of Quality) Order, 1975
- The Packaged Commodities Order 1975
- Standards Of Weights and Measure Act, 1976

- Pulse, Edisle Oilseeds and Edible Oil (Storage Control) Order, 1977
- Consumer Protection Act,1986
- Cotton (Control) Order, 1986
- Milk and Milk Products Order, 1992
- Bureau of Indian Standards Act 1986
- Jute and Jute Textiles (Control) Order, 2000
- The Trade and Merchandise Market Act
- The Town and Country Planning Mt.
- The Municipalities Act
- Labour Laws

ਮੰਡੀਆਂ ਵਿਚ ਕਿਸਾਨਾਂ ਦੀ ਹੁੰਦੀ ਖੱਜਲ ਖੁਆਰੀ ਵੀ ਕੋਈ ਨਵੀਂ ਨਹੀਂ ਸਗੋਂ ਲੰਮੇ ਸਮੇਂ ਤੋਂ ਨਿਰੰਤਰ ਚੱਲੀ ਆ ਰਹੀ ਸਮੱਸਿਆ ਹੈ, ਜਿਸ ਦੇ ਸਰੂਪ ਵਿਚ ਕੋਈ ਨਾ ਕੋਈ ਤਬਦੀਲੀ ਆਈ ਹੈ, ਪਰ ਸਮੱਸਿਆ ਜਿਉਂ ਦੀ ਤਿਉਂ ਉੱਥੇ ਹੀ ਖੜ੍ਹੀ ਹੈ। ਸੰਨ 2000 ਵਿਚ ਸਰਦਾਰਾ ਸਿੰਘ ਮਾਹਿਲ ਦਾ ਲਿਖਿਆ ਆਰਟੀਕਲ '***ਕਿਸਾਨੀ ਸੰਕਟ ਦੀ ਇਕ ਹੋਰ ਪਰਤ: ਮੰਡੀਕਰਨ ਦਾ ਸੰਕਟ***' ਜੋ ਉਹਨਾਂ ਦੀ ਪੁਸਤਕ ਖੇਤੀ ਸੰਕਟ ਅਤੇ ਸੰਸਾਰ ਵਪਾਰ ਸੰਗਠਨ ਵਿਚ ਵੀ ਸ਼ਾਮਿਲ ਹੈ, ਵਿਚ ਉਹ ਮੰਡੀਕਰਨ ਦੇ ਇਸ ਸੰਕਟ ਨੂੰ ਬਿਆਨਦਿਆਂ ਲਿਖਦੇ ਹਨ:

> ਪੁੱਤਾਂ ਵਾਂਗ ਪਾਲੇ ਝੋਨੇ ਨੂੰ, ਜਦੋਂ ਕਿਸਾਨ ਮੰਡੀ ਵਿੱਚ ਲਿਆਇਆ ਤਾਂ ਉਹੀ ਝੋਨਾ ਕਿਸਾਨ ਦੇ ਜੀ ਦਾ ਜੰਜਾਲ ਬਣ ਗਿਆ। ਕੇਂਦਰੀ ਖੁਰਾਕ ਨਿਗਮ ਜੋ ਕਿ ਪੰਜਾਬ ਵਿੱਚੋਂ ਲਗਭਗ ਅੱਧਾ ਝੋਨਾ ਖਰੀਦਦਾ ਹੈ, ਨੇ ਝੋਨਾ ਖਰੀਦ ਨੀਤੀ ਵਿੱਚ ਸਖਤ ਸ਼ਰਤ ਲਾ ਕੇ ਝੋਨੇ ਦੀ ਖ਼ਰੀਦ ਵਿਚੋਂ ਪੈਰ ਪਿੱਛੇ ਖਿਸਕਾ ਲਏ ਹਨ। ਸੂਬਾਈ ਏਜੰਸੀਆਂ ਨੇ ਵੀ ਕੇਂਦਰੀ ਖੁਰਾਕ ਨਿਗਮ ਵਾਂਗ ਹੀ ਝੋਨੇ ਦੀ ਖ਼ਰੀਦ ਵਿਚ ਸੁਸਤ ਰਫ਼ਤਾਰ ਰੱਖੀ ਹੈ। ਸਭ ਸਰਕਾਰੀ ਖਰੀਦ

> ਏਜੰਸੀਆਂ ਨੇ ਵੀ ਬੀ-ਗਰੇਡ ਕਿਹਾ ਜਾਣ ਵਾਲਾ ਮੋਟਾ ਝੋਨਾ ਖ਼ਰੀਦਣੋਂ ਬਿਲਕੁਲ ਇਨਕਾਰ ਕਰ ਦਿੱਤਾ। ਸਰਕਾਰੀ ਖਰੀਦ ਏਜੰਸੀਆਂ ਅਤੇ ਵਪਾਰੀਆਂ ਦੀ ਮਿਲੀਭੁਗਤ ਨੇ ਸਥਿਤੀ ਬਦ ਤੋਂ ਬਦਤਰ ਬਣਾ ਦਿੱਤੀ ਹੈ। ( ***ਕਿਸਾਨੀ ਸੰਕਟ ਦੀ ਇਕ ਹੋਰ ਪਰਤ: ਮੰਡੀਕਰਨ ਦਾ ਸੰਕਟ'*** 71)

ਕਿਸਾਨਾਂ ਦੁਆਰਾ ਵੱਖ-ਵੱਖ ਸਮੇਂ ਤੇ ਵਿੱਢੇ ਸੰਘਰਸ਼ਾਂ ਦੇ ਪਰਿਣਾਮ ਵੱਜੋਂ ਭਾਵੇਂ ਝੋਨੇ ਦੀ ਖਰੀਦ ਦੇ ਸੰਕਟ ਨੂੰ ਅਨੇਕਾਂ ਵਾਰ ਹੱਲ ਕਰਾ ਲਿਆ ਗਿਆ ਪਰੰਤੂ ਰੰਗ ਵਟਾ ਕੇ ਸਮੱਸਿਆ ਫਿਰ ਖੜ੍ਹੀ ਹੋ ਜਾਂਦੀ ਹੈ। ਸਰਕਾਰੀ ਅਫ਼ਸਰਸ਼ਾਹੀ, ਸੱਤਾਧਾਰੀ ਤੇ ਹੋਰ ਰਾਜਨੀਤਿਕ ਪਾਰਟੀਆਂ ਦੇ ਆਗੂ ਅਤੇ ਸੱਤਾ ਧਿਰ ਪੱਖੀ ਆਰਥਿਕ ਮਾਹਿਰ ਮੰਡੀ ਵਿਚ ਫਸਲ ਦੀ ਪੂਰੀ ਖਰੀਦ ਨਾ ਕਰਨ ਦੀ ਇਕ ਹੋਰ ਹੀ ਕਹਾਣੀ ਘੜਦੇ ਹਨ। ਮੰਡੀਕਰਨ ਦੇ ਇਸ ਸੰਕਟ ਨੂੰ ਅਨਾਜ ਦੀ ਵਾਫ਼ਰ ਪੈਦਾਵਾਰ ਦਾ ਸੰਕਟ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਖੁਰਾਕ ਸੁਰੱਖਿਆ ਦੀਆਂ ਜ਼ਰੂਰਤਾਂ ਨਾਲੋਂ ਵਧੇਰੇ ਅਨਾਜ ਭੰਡਾਰਾਂ ਵਿਚ ਪਿਆ ਹੈ। ਪਰੰਤੂ ਜੇਕਰ ਇਸ ਗੱਲ ਉੱਪਰ ਯਕੀਨ ਕਰ ਲਿਆ ਜਾਵੇ ਤਾਂ ਗਲੋਬਲ ਹੰਗਰ ਇੰਡੈਕਸ ਦੀਆਂ ਰਿਪੋਰਟਾਂ ਸਰਕਾਰ ਦੀ ਨੀਯਤ ਉੱਪਰ ਸਵਾਲੀਆਂ ਨਿਸ਼ਾਨ ਲਗਾਉਂਦੀਆਂ ਹਨ ਜੋ ਭਾਰਤ ਵਿਚ ਕਰੋੜਾਂ ਲੋਕਾਂ ਦੇ ਭੁੱਖੇ ਹੋਣ ਦੀ ਗੱਲ ਕਰਦੀ ਹੈ। ਇਨ੍ਹਾਂ ਸਰਕਾਰੀ ਦਾਅਵਿਆਂ ਦਾ ਖੰਡਨ ਕਰਦਿਆਂ ਇਸ ਸੰਬੰਧੀ ਗੱਲ ਕਰਦਿਆਂ ਸਿਹਤ ਮਾਹਿਰ ਤੇ ਸਮਾਜ ਕਾਰਕੁੰਨ ਡਾ. ਸ਼ਿਆਮ ਸੁੰਦ ਦੀਪਤੀ ਆਪਣੇ ਆਰਟੀਕਲ 'ਖੇਤੀ ਕਾਨੂੰਨ, ਭੁੱਖਮਰੀ ਅਤੇ ਕਿਸਾਨ ਖ਼ੁਦਕੁਸ਼ੀਆਂ' ਜੋ ਹਰਪ੍ਰੀਤ ਕੌਰ ਦੁੱਗਰੀ ਦੁਆਰਾ ਸੰਪਾਦਿਤ ਪੁਸਤਕ '***ਕਿਸਾਨ ਅੰਦੋਲਨ ਜੂਝਦੇ ਖੇਤਾਂ ਦੀ ਗਰਜ'*** ਵਿਚ ਸ਼ਾਮਿਲ ਹੈ, ਵਿਚ ਇਉਂ ਕਰਦੇ ਹਨ:

> ਕੁਪੋਸ਼ਣ ਦਾ ਮਤਲਬ, ਸਾਡੇ ਦੇਸ਼ ਦੇ ਸਿਹਤ ਦ੍ਰਿਸ਼ 'ਤੇ ਖੁਰਾਕ ਦੀ ਘਾਟ ਵਾਲਾ ਕੁਪੋਸ਼ਣ ਹੈ, ਜਿੱਥੇ ਬੱਚੇ, ਔਰਤਾਂ, ਬਜ਼ੁਰਗ, ਖਾਸ ਤੌਰ 'ਤੇ ਸੁੱਕੇ, ਪਤਲੇ, ਗਿੱਠੇ ਨਜ਼ਰ ਆਉਂਦੇ ਹਨ। ਇਸ ਦਾ ਸੰਬੰਧ ਸਾਡੇ ਦੇਸ਼ ਦੀ ਭੁੱਖਮਰੀ ਦੀ ਤਸਵੀਰ ਨਾਲ ਵੀ ਹੈ, ਜੋ ਕੌਮਾਂਤਰੀ ਮਾਪਦੰਡਾਂ ਵਿੱਚ ਸਾਨੂੰ 102ਵੇਂ ਨੰਬਰ ਤੇ ਖੜ੍ਹਾ ਕਰਦਿ ਹੈ, ਨੇਪਾਲ ਅਤੇ ਬੰਗਲਾਦੇਸ਼ ਤੋਂ ਵੀ ਥੱਲੇ। 173

ਵਿੱਤੀ ਤੌਰ ਤੇ ਤੰਗੀਆਂ ਭੋਗ ਰਹੀ ਕਿਸਾਨੀ ਨੂੰ ਪੇਸ਼ ਆਉਂਦੀਆਂ ਔਕੜਾਂ ਵਿਚ ਮਾੜੀ ਮੰਡੀ ਵਿਵਸਥਾ ਇਕ ਅਹਿਮ ਸਮੱਸਿਆ ਹੈ। ਇਸ ਸਮੱਸਿਆ ਦਾ ਸਿੱਧਾ ਸੰਬੰਧ ਕਿਸਾਨ ਨਾਲ ਹੈ ਕਿਉਂਕਿ ਕਿਸਾਨ ਕੋਲ ਆਪਣੀ ਉਪਜ ਵੇਚ ਕੇ ਉਸ ਦੇ ਬਦਲੇ ਧਨ ਅਰਜਿਤ ਕਰਨ ਦਾ ਇਕੋ-ਇਕ ਸੋਮਾ ਮੰਡੀ ਵਿਵਸਥਾ ਹੈ। ਜਦੋਂ ਤੱਕ ਮੰਡੀ ਵਿਵਸਥਾ ਵਿਚ ਕੋਈ ਵਿਵਸਥਿਤ ਢੰਗ ਨਾਲ ਸੁਧਾਰ ਨਾ ਹੋ ਜਾਵੇ ਉਦੋਂ ਤੱਕ ਕਿਸਾਨ ਦੀ ਆਰਥਿਕ ਸਥਿਤੀ ਵਿਚ ਬਦਲਾਅ ਨਹੀਂ ਹੋਵੇਗਾ ਤੇ ਕਿਸਾਨ ਆਰਥਿਕ ਸੰਕਟ ਵਿਚੋਂ ਬਾਹਰ ਨਹੀਂ ਨਿਕਲ ਸਕੇਗਾ।

ਸੋ ਕਿਸਾਨੀ ਸੰਕਟ ਦੇ ਆਰਥਿਕ ਸਰੋਕਾਰਾਂ ਵੱਲ ਨੀਝ ਨਾਲ ਝਾਤ ਮਾਰੀਏ ਤਾਂ ਇਸ ਦੇ ਕਈ ਪਹਿਲੂ ਨਿਕਲ ਕੇ ਸਾਡੇ ਸਾਹਮਣੇ ਆਉਂਦੇ ਹਨ। ਇਨ੍ਹਾਂ ਪਹਿਲੂਆਂ ਵਿਚੋਂ ਇਕ ਫਸਲਾਂ ਲਈ ਸਥਾਪਿਤ ਮੰਡੀ ਸਿਸਟਮ ਹੈ। ਕਿਸਾਨ ਕੋਲ ਆਪਣੀ ਉਪਜ ਨੂੰ ਵੇਚਣ ਲਈ ਮੰਡੀ ਤੋਂ ਇਲਾਵਾ ਕੋਈ ਵੀ ਹੋਰ ਉਪਯੁਕਤ ਸਥਾਨ ਨਹੀਂ ਹੈ। ਇਨ੍ਹਾਂ ਹੀ ਨਹੀਂ ਸਗੋਂ ਮੰਡੀ ਜਾਂ ਆੜਤੀਏ ਨਾਲ ਕਿਸਾਨ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਜਿਸ ਕੋਲੋਂ ਕਿਸਾਨ ਬੇਝਿਜਕ ਆਪਣੀਆਂ ਲੋੜਾਂ ਪੂਰੀਆਂ ਕਰਦੇ ਹਨ। ਪਰੰਤੂ ਤਿੰਨ ਖੇਤੀ ਬਿੱਲਾਂ ਰਾਹੀਂ ਸਰਕਾਰ ਦੁਆਰਾ ਮੰਡੀਆਂ ਤੇ ਆੜਤ ਵਿਵਸਥਾ ਨੂੰ ਖਤਮ ਕਰਕੇ ਸਿੱਧਾ ਵੱਡੇ ਨਿੱਜੀ ਸਰਮਾਏਦਾਰਾਂ ਦੇ ਹੱਥਾਂ ਵਿਚ ਦੇਣ ਕਾਰਨ ਕਿਸਾਨਾਂ ਵਿਚ ਆਰਥਿਕ ਸ਼ੰਕਾਵਾਂ ਖੜੀਆਂ ਕਰ ਦਿੱਤੀਆਂ ਗਈਆਂ। ਸੋ ਸਰਕਾਰ ਦੀ ਨੀਯਤ ਦਾ ਪ੍ਰਗਟਾਵਾ ਤਾਂ ਤਿੰਨ ਖੇਤੀ ਬਿੱਲਾਂ ਨੇ ਕਰ ਹੀ ਦਿੱਤਾ ਜਿਸ ਵਿਚ ਮੰਡੀ ਵਿਵਸਥਾ ਦੇ ਖੁਸ ਜਾਣ ਦਾ ਤੌਖਲਾ ਕਿਸਾਨਾਂ ਨੂੰ ਇਸ ਕਦਰ ਸਤਾ ਰਿਹਾ ਸੀ ਕਿ ਕਿਸਾਨ ਅੰਦੋਲਨ ਦੌਰਾਨ ਮੰਡੀ ਵਿਵਸਥਾ ਉਹਨਾਂ ਦੇ ਏਜੰਡੇ ਦਾ ਕੇਂਦਰੀ ਬਿੰਦੂ ਸੀ। ਇਸ ਤੋਂ ਇਲਾਵਾ ਮੰਡੀਆਂ ਵਿਚ ਫਸਲਾਂ ਦੇ ਉਚਿਤ ਰੱਖ-ਰਖਾਵ ਦੀ ਵਿਵਸਥਾ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਨਹੀਂ ਹੋ ਸਕੀ ਹੈ। ਰਾਜਸੀ ਨੀਤੀਆਂ ਵੀ ਕਿਸਾਨ ਹਿਤੈਸ਼ੀ ਨਾ ਹੋ ਕੇ ਕਾਰਪੋਰੇਟੀ ਹਿੱਤਾਂ ਵਿਚ ਭੁਗਤੀਆਂ। ਮੰਡੀਆਂ ਵਿਚ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ। ਮੰਡੀਆਂ 'ਚੋ ਕਿਸਾਨ ਪੈਸਿਆਂ ਦੀ ਬਜਾਇ ਨਿਰਾਸ਼ਾ ਲੈ ਕੇ ਮੁੜਦਾ ਹੈ ਜਿਸ ਦਾ ਬਾਖ਼ੂਬੀ ਚਿਤਰਣ ਸਮਕਾਲੀ ਪੰਜਾਬੀ ਕਵਿਤਾ ਵਿਚ ਕੀਤਾ ਗਿਆ ਹੈ। ਸੋ ਮੰਡੀਆਂ ਜੋ ਕਿਸਾਨ ਲਈ ਵਰਦਾਨ ਸਾਬਿਤ ਹੋਣੀਆਂ ਚਾਹੀਦੀਆਂ ਸਨ, ਇਸ ਤੱਥ ਤੋਂ ਉਲਟ ਕਿਸਾਨੀ ਲਈ ਆਰਥਿਕ ਸੰਕਟ ਦੀ ਦੇ ਮੁੱਢਲੇ ਕਾਰਨਾਂ ਵਿਚ ਸ਼ਾਮਿਲ ਹਨ।

## 5.2.2 ਸਮਕਾਲੀ ਪੰਜਾਬੀ ਕਵਿਤਾ: ਕਿਸਾਨੀ ਕਰਜ਼

ਕਰਜ਼ ਇਕ ਸਾਧਾਰਣ ਜਿਹਾ ਤੇ ਰੋਜ਼ਾਨਾ ਜੀਵਨ ਵਿਚ ਆਮ ਸੁਣਿਆ ਜਾਣ ਵਾਲਾ ਲਫ਼ਜ਼ ਹੈ। ਪਰੰਤੂ ਨਿਮਨ ਤੇ ਮੱਧਵਰਗੀ ਪਰਿਵਾਰਾਂ ਲਈ ਇਹ ਇਕ ਗੰਭੀਰ ਸਮੱਸਿਆ ਜਾ ਚੁਣੌਤੀ ਤੇ ਰੂਪ ਵਿਚ ਦੇਖਿਆ ਜਾਣ ਵਾਲਾ ਮਸਲਾ ਹੈ। ਕਰਜ਼ ਦੀ ਸਮੱਸਿਆ ਸਮਾਜ ਦੀ ਮੁੱਢਲੀ ਇਕਾਈ ਭਾਵ ਪਰਿਵਾਰ ਤੋਂ ਲੈ ਕੇ ਰਾਸ਼ਟਰੀ ਪੱਧਰ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਫੈਲੀ ਹੋਈ ਹੈ। ਜ਼ਰੂਰਤਾਂ ਦੀ ਪੂਰਤੀ ਲਈ ਜਦੋਂ ਆਮਦਨ ਦੇ ਸਰੋਤਾਂ ਘੱਟ ਹੋਣ ਤਾਂ ਕਰਜ਼ ਲੈਣ ਵਰਗੀ ਸਥਿਤੀ ਉਤਪੰਨ ਹੋ ਜਾਂਦੀ ਹੈ। ਸਮੁੱਚੇ ਭਾਰਤ ਵਿਚ ਕਰਜ਼ਦਾਰਾਂ ਦੀ ਗਿਣਤੀ ਬਹੁਤ ਵੱਡੀ ਹੈ। ਜਿਨ੍ਹਾਂ ਵਿਚ ਵਪਾਰ ਨਾਲ ਸੰਬੰਧਿਤ ਅਤੇ ਖੇਤੀ-ਮਜ਼ਦੂਰੀ ਨਾਲ ਸੰਬੰਧਿਤ ਦੋ ਮੁੱਖ ਧਿਰਾਂ ਹਨ ਜੋ ਸਿੱਧੇ ਤੌਰ ਤੇ ਕਰਜ਼ ਨਾਲ ਸੰਬੰਧਿਤ ਹਨ। ਅੱਜਕੱਲ੍ਹ ਕਰਜ਼ ਪੈਦਾਵਾਰੀ ਪ੍ਰਕਿਰਿਆ ਦਾ ਜ਼ਰੂਰੀ ਅੰਗ ਬਣ ਗਿਆ ਹੈ। ਸਰਦਾਰਾ ਸਿੰਘ ਮਾਹਿਲ ਕਰਜ਼ ਬਾਰੇ ਲਿਖਦੇ ਹਨ: "ਕਰਜ਼ਾ ਕਰਜ਼ਦਾਰੀ ਕੇਵਲ ਉਦੋਂ ਬਣਦਾ ਹੈ, ਜਦੋਂ ਕਰਜ਼ਾ ਲੈਣ ਵਾਲਾ ਆਪਣੀ ਕਮਜ਼ੋਰ ਆਰਥਿਕ ਸਥਿਤੀ ਕਾਰਨ, ਕਰਜ਼ਾ ਮੋੜ ਨਹੀਂ ਸਕਦਾ, ਤਾਂ ਕਰਜ਼ਾ ਉਸ ਲਈ ਵਿੱਤੀ ਸਹਾਇਤਾ ਹੋਣ ਦੀ ਥਾਂ, ਉਸ ਦੇ ਗਲੇ ਦਾ ਫੰਦਾ ਬਣ ਜਾਂਦਾ ਹੈ।" 33

ਲੋਕਸਭਾ 2017 ਦੁਆਰਾ ਮੈਂਬਰਾਂ ਦੀ ਜਾਣਕਾਰੀ ਲਈ ਤੇ ਉਨ੍ਹਾਂ ਦੁਆਰਾ ਪੁੱਛੇ ਸਵਾਲਾਂ ਦੇ ਜਵਾਬ ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਦੇਸ਼ ਵਿਚ ਖੇਤੀ ਕਰਨ ਵਾਲੇ ਪਰਿਵਾਰਾਂ ਵਿਚੋਂ 52% ਪਰਿਵਾਰ ਖੇਤੀ ਕਰਜ਼ ਵਿਚ ਡੁੱਬੇ ਹੋਏ ਹਨ। 2017 ਦੇ ਇਨ੍ਹਾਂ ਅੰਕੜਿਆਂ ਮੁਤਾਬਿਕ ਔਸਤਨ ਹਰ ਖੇਤੀ ਪਰਿਵਾਰ ਉੱਪਰ 470000 ਦਾ ਕਰਜ਼ ਹੈ ਜਦਕਿ ਔਸਤਨ ਹਰ ਖੇਤੀ ਕਰਨ ਵਾਲੇ ਪਰਿਵਾਰ ਦੀ ਆਮਦਨੀ 77112 ਰੁਪਏ ਹੈ। 2017 ਦੇ ਅੰਕੜਿਆਂ ਮੁਤਾਬਿਕ ਸਭ ਤੋਂ ਵੱਧ ਲਗਭਗ 93 ਫੀਸਦੀ ਕਰਜ਼ ਆਂਧਰਾ ਪ੍ਰਦੇਸ਼ ਦੇ ਕਿਸਾਨਾਂ ਉੱਪਰ ਹੈ। ਇਸ ਤੋਂ ਪਿੱਛੋਂ ਤੇਲੰਗਾਨਾ 89 ਫੀਸਦੀ ਤੇ ਫਿਰ ਤਾਮਿਲਨਾਡੂ 82.5 ਪ੍ਰਤੀਸ਼ਤ ਨਾਲ ਕਰਜ਼ ਦੇ ਮਾਮਲਿਆਂ ਵਿਚ ਭਾਰਤ ਵਿਚ ਕ੍ਰਮਵਾਰ ਦੂਜੇ ਤੇ ਤੀਜੇ ਨੰਬਰ ਦੇ ਰਾਜ ਹਨ। ਇਸ ਸੂਚੀ ਵਿਚ ਸਭ ਤੋਂ ਅੰਤਿਮ ਸਥਾਨ ਆਸਾਮ ਦਾ ਹੈ ਜਿੱਥੇ ਲਗਭਗ 17.5 ਫੀਸਦੀ ਕਿਸਾਨ ਕਰਜ਼ੇ 'ਚ ਗ੍ਰਸਤ

ਹਨ। ਬਾਕੀ ਸੂਬਿਆਂ ਵਾਂਗ ਪੰਜਾਬ ਵਿਚ ਵੀ ਪਿਛਲੇ ਲਗਭਗ ਇਕ ਦਹਾਕੇ ਤੋਂ ਕਿਸਾਨੀ ਕਰਜ਼ ਇਕ ਗੰਭੀਰ ਮੁੱਦਾ ਬਣਿਆ ਹੋਇਆ ਹੈ।

ਅਜੋਕੇ ਦੌਰ ਵਿਚ ਪੰਜਾਬੀ ਕਿਸਾਨੀ ਸਮਾਜ ਲਈ ਇਹ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ। ਇਸ ਕਰਜ਼ ਦੀ ਜੰਜਾਲਦਾਰੀ ਵਿਚ ਲਗਭਗ ਸਮਾਜ ਦੇ ਸਾਰੇ ਵਰਗ ਬੜੀ ਡੂੰਘੀ ਤਰਾਂ ਗ੍ਰਸਤ ਹਨ। ਕਿਸਾਨ, ਗਰੀਬ, ਵਪਾਰੀ, ਇੱਥੋਂ ਤੱਕ ਕਿ ਸਰਕਾਰਾਂ ਖੁਦ ਵੀ ਇਸ ਦਲਦਲ ਵਿਚ ਫਸੀਆਂ ਹੋਈਆਂ ਹਨ। ਪਰੰਤੂ ਜੇਕਰ ਕਰਜ਼ ਲੈਣ ਦੇ ਕਾਰਨਾਂ ਵੱਲ ਝਾਤ ਮਾਰੀਏ ਤਾਂ ਇਹ ਗੱਲ ਵਧੇਰੇ ਸਪਸ਼ਟ ਹੁੰਦੀ ਹੈ ਕਿ ਕਿਧਰੇ ਤਾਂ ਇਹ ਕਰਜ਼ ਮਜ਼ਬੂਰੀ ਤੇ ਅਤਿ ਗੁਰਬਤ ਭਰੀ ਸਥਿਤੀ ਨਾਲ ਨਜਿੱਠਣ ਲਈ ਲਿਆ ਜਾਂਦਾ ਹੈ, ਤੇ ਕਿਧਰੇ ਧਨਾਢ ਵਪਾਰੀਆਂ ਵੱਲੋਂ ਸਰਕਾਰੀ ਸਬਸਿਡੀਆਂ ਤੇ ਲਾਭ ਲੈਣ ਲਈ। ਇਸ ਕਰਜ਼ ਪਿਛਲੀ ਮੰਛਾ ਸਰਕਾਰਾਂ ਦੀ ਨੀਅਤ ਉੱਪਰ ਸਵਾਲੀਆਂ ਨਿਸ਼ਾਨ ਲਗਾਉਂਦੀ ਹੈ। ਪਿਛਲੇ ਕੁੱਝ ਕੁ ਸਾਲਾਂ ਤੋਂ ਮੀਡੀਆ ਵਿਚਲੀਆਂ ਖਬਰਾਂ ਹੋਰ ਅਚੰਭਿਤ ਕਰਦੀਆਂ ਹਨ ਕਿ ਕਈ ਵੱਡੇ ਵਪਾਰੀ ਸਰਕਾਰੀ ਬੈਂਕਾਂ ਤੇ ਅਦਾਰਿਆਂ ਨੂੰ ਮੋਟੀ ਰਕਮ ਦਾ ਚੂਨਾ ਲਗਾ ਕੇ ਵਿਦੇਸ਼ਾਂ ਵਿਚ ਭੱਜ ਗਏ ਹਨ। ਇਸ ਪ੍ਰਕਾਰ ਸਰਕਾਰਾਂ ਜਾਂ ਬੈਂਕਾਂ ਵਰਗੇ ਵਿੱਤੀ ਸੰਸਥਾਨਾਂ ਉੱਪਰ ਬੋਝ ਵੀ ਵਧਿਆ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਇੰਨੇ ਵੱਡੇ ਪੱਧਰ ਤੇ ਘੋਟਾਲੇ ਸਰਕਾਰੀ ਅਫਸਰਾਂ ਦੀ ਮਿਲੀ ਭੁਗਤ ਤੋਂ ਬਿਨਾਂ ਕਿਸ ਤਰਾਂ ਸੰਭਵ ਹਨ। ਉੱਥੇ ਹੀ ਇਹ ਖਬਰਾਂ ਵੀ ਆਮ ਮੀਡੀਆ ਵਿਚ ਨਸ਼ਰ ਹੁੰਦੀਆਂ ਹਨ ਕਿ ਇਕ ਆਮ ਜਿਹੀ ਰਕਮ ਦੀ ਖਾਤਿਰ ਕਈ ਕਿਸਾਨ ਤੇ ਮਜ਼ਦੂਰ ਆਪਣੀਆਂ ਜਾਨਾਂ ਗਵਾ ਦਿੰਦੇ ਹਨ। ਕਿਸਾਨੀ ਕਰਜ਼ ਬਾਰੇ ਵਿਸਥਾਰ ਨਾਲ ਗੱਲ ਕਰਨ ਤੋਂ ਪਹਿਲਾਂ ਇਕ ਵਾਰ ਕਰਜ਼ ਬਾਰੇ ਸਰਕਾਰੀ ਰਿਪੋਰਟਾਂ ਅਤੇ ਅੰਕੜਿਆਂ ਉੱਪਰ ਝਾਤ ਮਾਰਨੀ ਬਹੁਤ ਜਰੂਰੀ ਹੈ।

ਅਗਸਤ 2023 ਦੀ ਰਿਪੋਰਟ ਮੁਤਾਬਿਕ ਪੰਜਾਬ ਦੇ ਕਿਸਾਨ ਤੇ ਕਰਜ਼ੇ ਦੀ ਪੰਡ ਸਮੁੱਚੇ ਦੇਸ਼ 'ਚੋ ਭਾਰੀ ਹੈ। ਬਾਕੀ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਪ੍ਰਤੀ ਕਿਸਾਨ ਔਸਤਨ ਕਰਜ਼ ਵੱਧ ਹੈ। ਪੰਜਾਬ ਦਾ ਇਸ ਮਾਮਲੇ 'ਚ ਮੁਲਕ ਵਿਚ ਪਹਿਲਾ ਨੰਬਰ ਹੈ, ਜੋ ਪੰਜਾਬ ਦੇ ਕਿਸਾਨੀ ਸੰਕਟ ਨੂੰ ਦਰਸਾਉਣ ਲਈ ਕਾਫੀ ਹੈ। ਪੰਜਾਬ ਵਿੱਚ ਪ੍ਰਤੀ ਕਿਸਾਨ ਔਸਤ ਕਰਜ਼ਾ 2.95 ਲੱਖ ਰੁਪਏ ਹੈ। ਨਾਬਾਰਡ ਦੇ ਤਾਜ਼ਾ ਅੰਕੜੇ ਹਨ

ਕਿ ਪੰਜਾਬ ਦੇ 24.92 ਲੱਖ ਕਿਸਾਨਾਂ ਨੇ ਵਪਾਰਕ ਅਤੇ ਸਰਕਾਰੀ ਬੈਂਕਾਂ ਤੋਂ 73673.62 ਕਰੋੜ ਦਾ ਕਰਜ਼ਾ ਚੁੱਕਿਆ ਹੈ। ਹਾਲਾਕਿ ਸ਼ਾਹੂਕਾਰਾਂ ਦਾ ਕਰਜ਼ਾ ਇਸ ਤੋਂ ਵੱਖਰਾ ਹੈ। ਸੰਸਦ ਵਿਚ ਵਿੱਤ ਮੰਤਰਾਲੇ ਨੇ ਇਕ ਸਵਾਲ ਦੇ ਜਵਾਬ 'ਚ ਖੁਲਾਸਾ ਕੀਤਾ ਹੈ ਕਿ ਪੰਜਾਬ ਦੇ ਵਪਾਰਕ ਬੈਂਕਾਂ ਤੋਂ 21.41 ਕਿਸਾਨ ਖਾਤਾ ਧਾਰਕਾਂ ਨੇ 64694.032 ਦਾ ਕਰਜ਼ਾ ਲਿਆ ਹੈ। ਜਦੋਂ ਕਿ ਸਰਕਾਰੀ ਬੈਂਕਾਂ ਤੋਂ 50635 ਖਾਤਾਧਾਰਕਾਂ ਨੇ ਖੇਤੀ ਲਈ 1130.13 ਕਰੋੜ ਦਾ ਕਰਜ਼ਾ ਚੁੱਕਿਆ ਹੈ। ਇਸੇ ਤਰ੍ਹਾਂ ਰੀਜ਼ਨਲ ਰੂਰਲ ਬੈਂਕਾਂ ਤੋਂ 2.99 ਲੱਖ ਕਿਸਾਨ ਖਾਤਾਧਾਰਕਾਂ ਨੇ 7849.46 ਕਰੋੜ ਦਾ ਕਰਜ਼ਾ ਲਿਆ ਹੈ। ਸ਼ਾਹੂਕਾਰਾਂ ਦੇ ਕਰਜ਼ ਨੂੰ ਸ਼ਾਮਿਲ ਕਰ ਲਈਏ ਤਾਂ ਇਹ ਅੰਕੜਾ ਇਕ ਲੱਖ ਕਰੋੜ ਨੂੰ ਪਾਰ ਕਰ ਸਕਦਾ ਹੈ। ਸੂਬੇ ਵਿਚ ਕਰੀਬ 23 ਹਜ਼ਾਰ ਰਜਿਸਟਰ ਆੜਤੀਏ ਹਨ।

ਉੱਥੇ ਹੀ ਹੋਰਨਾਂ ਸੂਬਿਆਂ ਨਾਲ ਤੁਲਨਾ ਕਰੀਏ ਤਾਂ ਗੁਆਂਢੀ ਸੂਬੇ ਹਰਿਆਣਾ ਵਿਚ ਪ੍ਰਤੀ ਕਿਸਾਨ ਔਸਤ ਕਰਜ਼ਾ 2.11 ਲੱਖ ਰੁਪਏ ਹੈ ਅਤੇ ਗੁਜਰਾਤ ਵਿਚ ਇਹੋ ਕਰਜ਼ਾ ਪ੍ਰਤੀ ਕਿਸਾਨ 2.28 ਲੱਖ ਰੁਪਏ ਹੈ। ਦੂਸਰੇ ਸੂਬਿਆਂ ਵੱਲ ਦੇਖੀਏ ਤਾਂ ਮੱਧ ਪ੍ਰਦੇਸ਼ ਵਿਚ ਪ੍ਰਤੀ ਕਿਸਾਨ ਔਸਤ ਕਰਜ਼ਾ 1.40 ਲੱਖ ਰੁਪਏ, ਆਂਧਰਾ ਪ੍ਰਦੇਸ਼ ਵਿਚ ਇਹੋ ਕਰਜ਼ਾ ਔਸਤ 1.72 ਲੱਖ ਰੁਪਏ, ਕੇਰਲਾ ਵਿਚ ਔਸਤ 1.47 ਲੱਖ ਰੁਪਏ ਪ੍ਰਤਿ ਕਿਸਾਨ, ਉੱਤਰ ਪ੍ਰਦੇਸ਼ ਵਿਚ 1.13 ਲੱਖ ਰੁਪਏ ਔਸਰ ਪ੍ਰਤੀ ਕਿਸਾਨ ਅਤੇ ਪੱਛਮੀ ਬੰਗਾਲ ਵਿਚ 80 ਹਜ਼ਾਰ ਰੁਪਏ ਔਸਤ ਪ੍ਰਤੀ ਕਿਸਾਨ ਕਰਜ਼ ਹੈ। ਖੇਤੀ ਸੈਨਸਿਸ 2015-16 ਮੁਤਾਬਿਕ ਪੰਜਾਬ ਵਿਚ 10.53 ਲੱਖ ਕਿਸਾਨ ਪਰਿਵਾਰ ਹਨ।

ਕਰਜ਼ ਦੀ ਇਸ ਸਮੱਸਿਆ ਨੇ ਕਿਸਾਨ ਪਰਿਵਾਰਾਂ ਨੂੰ ਵੱਡਾ ਖੋਰਾ ਲਾਇਆ ਹੈ। ਪੰਜਾਬ ਵਿਚ ਆਏ ਦਿਨ ਕਰਜ਼ ਕਾਰਨ ਆਤਮਹੱਤਿਆਵਾਂ ਦੀਆਂ ਖ਼ਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ। ਲਾਗਤ ਮੁੱਲ ਵਿਚ ਨਿਰੰਤਰ ਹੋ ਰਹੇ ਵਾਧੇ ਤੇ ਆਮਦਨ ਵਿਚ ਆ ਰਹੀ ਗਿਰਾਵਟ ਨੇ ਕਰਜ਼ ਦੀ ਸਥਿਤੀ ਨੂੰ ਹੋਰ ਗੰਭੀਰ ਕੀਤਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਇਸ ਸਥਿਤੀ ਨੂੰ ਵੱਖ-ਵੱਖ ਕਵੀਆਂ ਨੇ ਆਪੋ-ਆਪਣੇ ਅੰਦਾਜ਼ ਨਾਲ ਬਿਆਨਿਆ ਹੈ। '***ਮਿੱਟੀ ਦੇ ਵਣਜਾਰੇ***' ਪੁਸਤਕ ਜਿਸ ਦੇ ਸੰਪਾਦਕ ਅਰਤਿੰਦਰ ਸੰਧੂ ਅਤੇ ਡਾ.

ਮੋਹਣ ਤਿਆਗੀ ਹਨ ਵਿਚ ਕਵੀ ਸੁਖਵਿੰਦਰ ਕੰਬੋਜ ਆਪਣੀ ਕਵਿਤਾ 'ਸੁੱਤਾ ਰਾਜਾ' ਵਿਚ ਕਰਜ਼ਾਈ ਹੋ ਰਹੇ ਕਿਸਾਨੀ ਦੇ  ਕਾਰਨਾਂ ਨੂੰ ਆਪਣੀ ਰਚਨਾ ਦੇ ਮਾਧਿਅਮ ਰਾਹੀਂ ਇਸ ਪ੍ਰਕਾਰ ਪ੍ਰਗਟ ਕਰਦਾ ਹੈ:

ਫ਼ਸਲਾਂ ਦੇ ਭਾਅ ਤਾਂ ਪਹਿਲਾਂ ਹੀ ਸੁੱਕ ਚੁੱਕੇ ਨੇ

ਜੇ ਨਹੀਂ ਸੁੱਕੇ ਤਾਂ ਖਾਦ ਡੀਜ਼ਲ ਦੇ ਭਾਅ

ਤੇ ਹਰ ਫ਼ਸਲ ਖਾਦ

ਅਸੀਂ ਹੀ ਕਿਉਂ

ਹੋਰ ਕਰਜ਼ਾਈ ਹੋ ਰਹੇ ਹਾਂ

ਸਾਡੀ ਹੀ ਧੀ ਕਿਉਂ ਹਰ ਵਾਰ ਜਰੇ

ਘਸਮੈਲੇ ਸੂਟ ਦੀ ਛਿਲਤ

ਸਾਡੇ ਹੀ ਘਰਾਂ 'ਚ ਕਿਉਂ ਨੱਚਦਾ ਹੈ

ਕਰਜ਼ੇ ਦਾ ਫਨੀਅਰ

ਜਦੋਂ ਕਿ ਅੰਬਾਨੀ ਤੇ ਅਡਾਨੀ ਤੇ

ਉਨ੍ਹਾਂ ਵਰਗਿਆਂ ਦੇ ਲਾਣੇ ਦਾ

ਹੋਰ ਉੱਚਾ ਹੋ ਰਿਹਾ ਹੈ

ਦੌਲਤ ਦਾ ਅੰਬਾਰ। 60

ਕਰਜ਼ ਬਾਰੇ ਉਪਰੋਕਤ ਕਵਿਤਾ ਰਾਹੀਂ ਕਵੀ ਕਰਜ਼ ਦੇ ਮੁੱਖ ਕਾਰਨਾਂ ਤੇ ਉਹਨਾਂ ਦੇ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਫਸਲਾਂ ਪੈਦਾ ਕਰਨ ਲਈ ਲੋੜੀਂਦੀ ਲਾਗਤ ਵਿਚ ਹੋ ਰਹੇ ਲਗਾਤਾਰ ਵਾਧੇ ਤੇ ਫਸਲ ਦਾ ਉਚਿਤ ਮੁੱਲ ਨਾ ਮਿਲਣ ਕਾਰਨ ਉਪਜੀ ਤ੍ਰਾਸਦੀ ਭਰੀ ਸਥਿਤੀ ਦਾ ਜ਼ਿਕਰ ਕੀਤਾ ਹੈ। ਇਸੇ ਪੁਸਤਕ

ਵਿਚ ਕਵੀ ਕੁਲਦੀਪ ਸਿੰਘ ਦੀਪ ਕਰਜ਼ਿਆਂ ਦੇ ਬੋਝ ਥੱਲੇ ਦੱਬੇ ਕਿਸਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਨਿੱਤ ਕਤਲ ਹੁੰਦੀਆਂ ਸੱਧਰਾਂ ਤੇ ਕਰਜ਼ ਤੋਂ ਅਗਲੀ ਸਥਿਤੀ ਭਾਵ ਕਿਸਾਨ ਆਤਮਦਾਹ ਬਾਰੇ ਆਪਣੀ ਰਚਨਾ ਦਮਾਮੇ ਤੋਂ ਦਮਾਮੇ ਤੱਕ (ਕਿਸਾਨ ਸੰਘਰਸ਼ ਦੀ ਗਾਥਾ) ਵਿਚ ਇਸ ਪ੍ਰਕਾਰ ਬਿਆਨ ਕਰਦੇ ਹਨ:

ਫੇਰ ਜਦ ਕਰਜ਼ਿਆਂ ਦੇ ਬੋਝ ਥੱਲੇ

ਸਾਡੇ ਅਰਮਾਨ ਗਹਿਣੇ ਟਿਕਣ ਲੱਗੇ

ਲੰਮੀ ਹੇਕ ਦੇ ਗੀਤ

ਕੀਰਨਿਆਂ ਵਿਚ ਬਦਲ ਗਏ

ਤੇ ਪੀਂਘ ਦਾ ਰੱਸਾ

ਤੂੜੀ ਵਾਲੇ ਕੋਠੇ ‘ਚ ਪਹੁੰਚ ਗਿਆ

ਤੇ ਰਾਣੋ ਧੀ

ਕਾਹਨ ਜਿਹੇ ਵਰ ਨੂੰ ਤਰਸਦੀ

ਹੁਬਕੀ ਹੁਬਕੀ ਰੋਣ ਲੱਗੀ।

ਕਿਉਂਕਿ ਉਸ ਦੇ ਸੁਪਨਿਆਂ ਦੇ ਚੰਨਣ ਨੂੰ ਤਾਂ

ਕਦੋਂ ਦੀ ਸਿਉਂਕ ਖਾ ਗਈ ਸੀ ( ਓਹੀ 104)

ਸੋ ਕਵੀ ਦੁਆਰਾ ਇਸ ਕਵਿਤਾ ਦੇ ਮਾਧਿਅਮ ਰਾਹੀਂ ਪ੍ਰਗਟਾਈ ਗਈ ਚਿੰਤਾ ਬੇਹੱਦ ਪੰਜਾਬ ਦੇ ਕਿੰਨੇ ਹੀ ਪਿੰਡਾਂ ਵਿਚ ਪੀਂਘ ਵਾਲੇ ਰੱਸੇ ਫਾਹੇ ਲੈਣ ਵਾਲੇ ਰੱਸਿਆ ਵਿਚ ਵੱਟ ਗਏ ਹਨ। ਇੱਕ ਕਿਸਾਨ ਦੀ ਖੁਦਕੁਸ਼ੀ ਸਿਰਫ਼ ਇੱਕ ਜੀਵਨ ਨੂੰ ਹੀ ਪ੍ਰਭਾਵਿਤ ਨਹੀਂ ਕਰਦੀ, ਸਗੋਂ ਉਸ ਉੱਪਰ ਨਿਰਭਰ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ, ਕਿਸਾਨ ਦੀ ਪਤਨੀ, ਉਸ ਦੇ ਬੱਚੇ ਅਤੇ ਪਰਿਵਾਰ ਦੇ ਬਜ਼ੁਰਗ। ਕਿਸਾਨ ਦੇ ਜੀਵਨ ਦੇ ਨਾਲ-ਨਾਲ ਪਰਿਵਾਰ ਵਿੱਚ ਉਸ ਦੇ ਆਸ਼ਰਿਤਾਂ ਦਾ ਜੀਵਨ ਵੀ ਖਤਰੇ ਵਿੱਚ ਪੈ ਜਾਂਦਾ ਹੈ। ਕਰਜ਼ਿਆਂ ਦੇ ਬੋਝ

ਥੱਲੇ ਦੱਬੇ ਕਿਸਾਨਾਂ ਦੀ ਦਰਦਨਾਕ ਸਥਿਤੀ ਦਾ ਵਿਸ਼ਲੇਸ਼ਣ ਕਰਦਿਆਂ ਡਾ. ਸੁਖਪਾਲ ਸਿੰਘ ਆਪਣੇ ਲੇਖ ਪੰਜਾਬ ਦੀ ਖੇਤੀ ਸੰਕਟ ਅਤੇ ਕਰਜ਼ ਦੀ ਸਮੱਸਿਆ ਵਿਚ ਲਿਖਦੇ ਹਨ:

> "ਰਾਜ ਵਿਚ 28% ਕਿਸਾਨ ਇਹੋ ਜਿਹੇ ਹਨ ਜਿਨ੍ਹਾਂ ਦੇ ਪਰਿਵਾਰ ਦੀ ਇਕ ਸਾਲ ਦੀ ਆਮਦਨ ਤੋਂ ਵੱਧ ਕਰਜ਼ਾ ਹੈ। ਇਹ ਕਿਸਾਨ ਆਰਥਕ ਤਣਾਓ ਦਾ ਸ਼ਿਕਾਰ ਹਨ। ਇਸ ਤੋਂ ਵੀ ਵੱਧ, ਪੰਜਾਬ ਦੇ 13% ਕਿਸਾਨ ਇਹੋ ਜਿਹੇ ਹਨ ਜਿਨ੍ਹਾਂ ਦਾ ਕਰਜ਼ਾ ਉਨ੍ਹਾਂ ਦੀ 2 ਸਾਲ ਦੀ ਆਮਦਨ ਤੋਂ ਵੀ ਜ਼ਿਆਦਾ ਹੈ,ਜਿਹੜੇ 'ਅਸਹਿ ਤਣਾਓ' ਵਿਚੋਂ ਗੁਜ਼ਰ ਰਹੇ ਹਨ। ਇਸ ਵਰਗ ਵਿਚ 19% ਛੋਟੇ ਅਤੇ ਸੀਮਾਂਤ ਕਿਸਾਨ ਆਉਂਦੇ ਹਨ। ਇਹ ਕਿਸਾਨ ਮਾਨਸਿਕ ਅਤੇ ਆਰਥਕ ਤਣਾਓ ਦੇ ਸ਼ਿਕਾਰ ਹਨ ਜਿਹਨਾਂ ਵਿਚੋਂ ਕੁੱਝ ਤਾਂ ਖੇਤੀ 'ਚੋਂ ਕਿਨਾਰਾ ਕਰ ਲੈਂਦੇ ਹਨ ਅਤੇ ਕੁੱਝ ਇਨ੍ਹਾਂ ਘੋਰ ਹਾਲਤਾਂ ਦਾ ਮੁਕਾਬਲਾ ਨਾ ਕਰਦੇ ਹੋਏ ਆਪਣੀ ਜੀਵਨ-ਲੀਲਾ ਖਤਮ ਕਰ ਬੈਠਦੇ ਹਨ।" 23

ਇਸੇ ਮਾਨਸਿਕ ਤੇ ਆਰਥਿਕ ਤਣਾਉ ਵਿਚੋਂ ਲੰਘਦਿਆਂ ਕਿਸਾਨ ਅਨੇਕਾਂ ਵਾਰ ਬੇਵੱਸ ਤੇ ਲਾਚਾਰ ਹੋ ਕੇ ਖੌਫਨਾਕ ਕਦਮ ਚੁੱਕਣ ਵੱਲ ਨੂੰ ਤੁਰ ਪੈਂਦੇ ਹਨ। ਤੇ ਕਈ ਵਾਰ ਉਹ ਸੰਘਰਸ਼ਾਂ ਦੇ ਰਾਹ ਤੇ ਤੁਰ ਪੈਂਦੇ ਹਨ। ਅਜਿਹੀ ਪ੍ਰਸਥਿਤੀ ਦਾ ਚਿਤਰਦਿਆਂ ਕਵਿਤਰੀ ਸੁਰਿੰਦਰ ਗੀਤ ਆਪਣੇ ਕਾਵਿ ਸੰਗ੍ਰਹਿ '***ਖੇਤਾਂ ਦਾ ਸਫ਼ਰ***' ਵਿਚ ਦਰਜ ਕਵਿਤਾ 'ਸਾਡਾ ਅੱਜ ਤੇ ਕੱਲ੍ਹ' ਵਿਚ ਲਿਖਦੇ ਹਨ:

> ਕੋਈ ਹੱਕ ਮੰਗਦਾ ਕੋਈ ਟੁੱਕ ਮੰਗਦਾ
>
> ਲੋਕਾਂ ਦੇ ਆ ਵਿਚਕਾਰ ਖੜ੍ਹਾ
>
> ਉਹਦੇ ਨੈਣੀਂ ਰੋਹ ਹੈ ਅੱਗ ਵਰਗਾ
>
> ਪਰ ਢਿੱਡ ਵਿਚ ਭੁੱਖ ਦਾ ਦਰਦ ਬੜਾ
>
> ਉਹਦੇ ਦਰਦ ਨੇ ਬਣ ਤੂਫਾਨ ਜੇਹਾ
>
> ਕਿਸੇ ਲੋਟੂ ਵੱਲ ਨੂੰ ਵਧਣਾ ਹੈ

ਕੋਈ ਰੁੱਖ ਦੇ ਟਾਹਣ ‘ਤੇ ਲਟਕ ਗਿਆ

ਦੇਖੋ ਉਹ ਬਾਪੂ ਕਿਸ ਦਾ ਹੈ

ਉਹਦੇ ਖੁੱਲੇ ਨੈਣਾਂ ‘ਚੋ ਸਾਨੂੰ

ਉਹਦਾ ਜਿਉਂਦਾ ਸੁਪਨਾ ਦਿਸਦਾ ਹੈ। 59

ਕਿਸਾਨੀ ਕਰਜ਼ ਅਤੇ ਕਿਸਾਨ ਆਤਮਹੱਤਿਆਵਾਂ ਆਪਸ ਵਿਚ ਡੂੰਘੇ ਰੂਪ ਵਿਚ ਜੁੜੇ ਹੋਏ ਹਨ। ਕਿਸਾਨੀ ਕਰਜ਼ ਹੀ ਕਿਤੇ ਨਾ ਕਿਤੇ ਕਿਸਾਨ ਆਤਮਹੱਤਿਆਵਾਂ ਦੇ ਪੂਰਕ ਦੇ ਰੂਪ ਵਿਚ ਕੰਮ ਕਰਦਾ ਹੈ। ਪੁਸਤਕ ‘ਪੂੰਜੀਵਾਦੀ ਵਿਸ਼ਵੀਕਰਨ: ਕਿਸਾਨ-ਖੇਤੀ ਸੰਕਟ ਤੇ ਖੇਤੀ ਕਾਨੂੰਨ’ ਵਿਚ ਡਾ. ਸੁਖਪਾਲ ਸਿੰਘ ਆਪਣੇ ਲੇਖ ਪੰਜਾਬ ਦੀ ਖੇਤੀ ਸੰਕਟ ਅਤੇ ਕਰਜ਼ੇ ਦੀ ਸਮੱਸਿਆ ਵਿਚ ਲਿਖਦੇ ਹਨ “ਹੁਣ ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ ‘ਚ ਪਲਦਾ ਅਤੇ ਕਰਜ਼ੇ ‘ਕਰਕੇ ਹੀ ‘ਮਰਦਾ ਹੈ।” 27 ਗੁਰਭਜਨ ਗਿੱਲ ਦੁਆਰਾ ਸੰਪਾਦਿਤ ਆਨਲਾਇਨ ਕਾਵਿ ਸੰਗ੍ਰਿਹ ‘ਧਰਤਿ ਵੰਗਾਰੇ ਤਖ਼ਤ ਨੂੰ’ ਦੇ ਦਸਵੇਂ ਭਾਗ ਵਿਚ ਕਵੀ ਮਲਕੀਅਤ ਸਿੰਘ ਸੁਹਲ ਕਿਸਾਨੀ ਦੇ ਆਰਥਿਕ ਸੰਕਟ ਦੀ ਪੜਚੋਲ ਕਰਦਿਆਂ ਕਿਸਾਨ ਖੁਦਕੁਸ਼ੀਆਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਆਪਣੀ ਰਚਨਾ ਰਾਹੀਂ ਇਸ ਪ੍ਰਕਾਰ ਕਰਦੇ ਹਨ:

ਸੁਹਲ ਪੁੱਛੇ ਅੰਨਦਾਤੇ ਨੂੰ ਉਹ

ਖ਼ੁਦਕਸ਼ੀਆਂ ਕਿਉਂ ਕਰਦਾ ਹੈ,

ਕਰਜ਼ੇ ਹੇਠਾਂ ਦੱਬੇ ਹੋਏ ਨੂੰ

ਹੋਰ ਦਬਾਇਆ ਜਾਂਦਾ ਹੈ। (**punajbikavita.com**)

ਜਿੱਥੇ ਸਰਕਾਰੀ ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਦੇਸ਼ ਤੇ ਸੂਬੇ ਦੇ ਕਿਸਾਨ ਕਰਜ਼ਗ੍ਰਸਤ ਹਨ, ਉੱਥੇ ਹੀ ਹੋਰ ਦੁੱਖ ਭਰੀ ਸਥਿਤੀ ਇਹ ਵੀ ਹੈ ਕਿ ਇਸ ਮਾਰ ਹੇਠ ਕਿਸਾਨ ਦਾ ਸਮੁੱਚਾ ਪਰਿਵਾਰ ਭਾਵ ਉਸ ਦੇ ਬਾਲ ਵੀ ਜੰਮਦੇ ਕਰਜ਼ਾਈ ਹੋ ਜਾਂਦੇ ਹਨ। ਇਸ ਤਰਾਸਦੀ ਭਰੀ ਸਥਿਤੀ ਨੂੰ ਪੇਸ਼ ਕਰਦਿਆਂ

'ਧਰਤਿ ਵੰਗਾਰੇ ਤਖ਼ਤ ਨੂੰ' ਆਨ ਲਾਇਨ ਕਾਵਿ ਸੰਗ੍ਰਹਿ ਦੇ ਤੀਜੇ ਭਾਗ ਵਿਚ ਕਵੀ ਪ੍ਰਤਾਪ ਪਾਰਸ ਗੁਰਦਾਸਪੁਰੀ ਲਿਖਦੇ ਹਨ:

ਕੀਕਣ ਧੌਲੇ ਆ ਜਾਂਦੇ ਨੇ

ਸਾਨੂੰ ਵਿਚ ਜਵਾਨੀ ਦੇ। ਕਾਸ਼ !

ਕਿਤੇ ਤੂੰ ਜਾਣੇ ਦਿੱਲੀਏ

ਸਾਡੇ ਦਰਦ ਕਿਸਾਨੀ ਦੇ

ਪੋਤੜਿਆਂ 'ਚੋਂ ਮਿਲਦੇ ਕਰਜ਼ੇ

ਵਿਹੜਿਓ ਮਿਲੇ ਗਰੀਬੀ,

ਜੱਟਾਂ ਦਾ ਨਾ ਸ਼ਾਹਾਂ ਬਾਝੋਂ

ਵੇਖਿਆ ਹੋਰ ਕਰੀਬੀ (**punajbikavita.com)**

ਕਿਰਸਾਨੀ ਕੇਵਲ ਪਰਿਵਾਰ ਦੇ ਇਕ ਮੈਂਬਰ ਉੱਤੇ ਨਿਰਭਰ ਨਹੀਂ ਕਰਦੀ ਸਗੋਂ ਇਸ ਕਿੱਤੇ ਨਾਲ ਪੂਰੇ ਦਾ ਪੂਰਾ ਪਰਿਵਾਰ ਜੁੜਿਆ ਹੁੰਦਾ ਹੈ। ਇਸ ਲਈ ਸਾਰੇ ਪਰਿਵਾਰਕ ਮੈਂਬਰਾਂ ਦਾ ਇਕ ਭਾਵਨਾਤਮਕ ਰਿਸ਼ਤਾ ਵੀ ਇਸ ਨਾਲ ਜੁੜਿਆ ਹੁੰਦਾ ਹੈ। ਇਨ੍ਹਾਂ ਹੀ ਨਹੀਂ ਸਗੋਂ ਬਹੁਤੀ ਵਾਰ ਇਹ ਕਿੱਤਾ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦਾ ਹੈ, ਇਸ ਲਈ ਕਿਸਾਨ ਦੀ ਆਪਣੀ ਇਸ ਕਿਰਤ ਨਾਲ ਅੰਤਾਂ ਦਾ ਮੋਹ ਹੁੰਦਾ ਹੈ ਤੇ ਆਪਣੀ ਭੂਮੀ ਨੂੰ ਮਾਂ ਦੇ ਬਰਾਬਰ ਦਰਜਾ ਦਿੰਦਾ ਹੈ। ਪਰੰਤੂ ਸਿੱਕੇ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਆਰਥਿਕ ਸੰਕਟ ਨਾਲ ਲੜਦੇ ਕਿਸਾਨਾਂ ਦੇ ਧੀਆਂ-ਪੁੱਤ ਵੀ ਇਸ ਦਲਦਲ ਵਿਚ ਧਸ ਜਾਂਦੇ ਹਨ। ਉੱਪਰ ਪ੍ਰਸਤੁਤ ਕਾਵਿ ਬੰਧ ਵਿਚ ਕਵੀ ਇਸੇ ਸਥਿਤੀ ਨੂੰ ਕਰੁਣਾਮਈ ਢੰਗ ਨਾਲ ਪੇਸ਼ ਕਰਦਾ ਹੈ ਕਿ ਕਿਵੇ-ਕਿਵੇਂ ਆਰਥਿਕ ਬੋਝ ਹੇਠ ਦੱਬੇ ਕਿਸਾਨ ਦੇ ਬਾਲਾਂ ਉੱਪਰ ਇਸ ਦਾ ਪ੍ਰਭਾਵ ਪੈਂਦਾ ਹੈ ਤੇ ਅਨੇਕਾਂ ਵਾਰ ਨਵ-

ਜਨਮੇ ਬੱਚੇ ਵੀ ਜਮਾਂਦਰੂ ਕਰਜ਼ ਲੈ ਕੇ ਪੈਦਾ ਹੋ ਰਹੇ ਹਨ, ਜੋ ਸਾਰੀ ਉਮਰ ਆਪਣੇ ਮਨਾਂ ਉੱਪਰ ਇਕ ਬੋਝ ਲੈ ਕੇ ਜੀਵਨ ਨੂੰ ਅੱਗੇ ਤੋਰਦੇ ਹਨ।

ਸੋ ਕਿਸਾਨੀ ਕਰਜ਼ ਮੂਲ ਰੂਪ ਵਿਚ ਕਿਸਾਨੀ ਸੰਕਟ ਦਾ ਇਕ ਕਾਰਨ ਹੈ। ਜਿਸ ਕਾਰਨ ਉਪਜੀ ਤਰਸਮਈ ਸਥਿਤੀ ਨੂੰ ਸਮਕਾਲੀ ਪੰਜਾਬੀ ਕਵਿਤਾ ਵਿਚ ਕਵੀਆਂ ਦੁਆਰਾ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਭਾਵੇਂ ਇਸ ਕਵਿਤਾ ਵਿਚ ਕਾਵਿਕ ਗੁਣਾਂ ਦੀ ਘਾਟ ਮਹਿਸੂਸ ਹੁੰਦੀ ਹੈ ਪਰੰਤੂ ਪ੍ਰਸਥਿਤੀ ਦਾ ਯਥਾਰਥਕ ਰੂਪ ਪੇਸ਼ ਕਰਨ ਵਿਚ ਕਵੀਆਂ ਨੇ ਕਾਫੀ ਹੱਦ ਤੱਕ ਸਫਲਤਾ ਪ੍ਰਾਪਤ ਕੀਤੀ ਹੈ। ਕਿਸਾਨ ਕਰਜ਼ ਦੀ ਮਾਰ ਹੇਠ ਜਿਆਦਾਤਰ ਛੋਟੇ ਕਿਸਾਨ ਹੀ ਹਨ। ਇਨ੍ਹਾਂ ਵਿਚ ਵੀ ਕੁੱਝ ਕੁ ਪਰਿਵਾਰ ਜੋ ਕੇਵਲ ਤੇ ਕੇਵਲ ਕਿਸਾਨੀ ਕਿੱਤੇ ਉੱਪਰ ਨਿਰਭਰ ਹਨ ਉਹ ਇਸ ਮਾਰ ਹੇਠ ਜ਼ਿਆਦਾ ਹਨ ਜਦਕਿ ਕਿਸਾਨੀ ਦੇ ਨਾਲ ਨਾਲ ਜਿਨ੍ਹਾਂ ਕਿਸਾਨ ਪਰਿਵਾਰਾਂ ਕੋਲ ਕੋਈ ਵੀ ਹੋਰ ਧੰਦਾ ਹੈ ਉਹ ਇਸ ਕਰਜ਼ ਦੇ ਪ੍ਰਭਾਵ ਹੇਠ ਨਹੀਂ ਹਨ। ਕਿਸਾਨ ਕਰਜ਼ਿਆ ਦੇ ਕਾਰਨ ਵਿਚ ਦਿੱਤੀਆਂ ਜਾਂਦੀਆਂ ਦਲੀਲਾਂ ਜਿਵੇਂ ਵਾਧੂ ਖੇਤੀ ਮਸ਼ੀਨਰੀ, ਬੈਂਕਾਂ ਦੀਆਂ ਕਰਜ਼ਾ ਦਰਾਂ ਵਿਚ ਵਾਧਾ, ਕਿਸਾਨਾਂ ਦੁਆਰਾ ਸਮਾਜਿਕ ਜੀਵਨ ਵਿਚ ਕੀਤਾ ਜਾਂਦਾ ਵਧੇਰੇ ਖਰਚ, ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੇ ਜਾਂਦੇ ਖਰਚ ਆਦਿ ਮੰਨਿਆ ਜਾਂਦਾ ਹੈ। ਪਰੰਤੂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਆਰਥਿਕ ਅਤੇ ਸਮਾਜਿਕ ਵਿਭਾਗ ਦੇ ਮੁਖੀ ਡਾ. ਸੁਖਪਾਲ ਸਿੰਘ ਇਨ੍ਹਾਂ ਤੱਥਾਂ ਨੂੰ ਖਾਰਜ ਕਰਦਾ ਤੇ ਇਨ੍ਹਾਂ ਨੁਕਤਿਆਂ ਦਾ ਆਪਣੀ ਸੁਘੜ ਦਲੇਰੀ ਨਾਲ ਖੰਡਨ ਕਰਦੇ ਹਨ।

### 5.2.3 ਸਮਕਾਲੀ ਪੰਜਾਬੀ ਕਵਿਤਾ: ਕਿਸਾਨ ਖ਼ੁਦਕਸ਼ੀਆਂ

ਭਾਰਤ ਵਿਚ ਕਿਸਾਨਾਂ ਦੀ ਆਬਾਦੀ ਲਗਭਗ 50% ਤੋਂ ਵੱਧ ਹੈ। ਇਸ ਲਈ ਇੰਨੇ ਵੱਡੇ ਪੱਧਰ ਤੇ ਹੋਣ ਵਾਲੇ ਕੰਮ ਵਿਚ ਸਮਾਂ, ਸਥਾਨ ਅਤੇ ਪ੍ਰਸਥਿਤੀਆਂ ਅਨੁਸਾਰ ਅਨੇਕਾਂ ਪ੍ਰਕਾਰ ਦੇ ਉਤਰਾਅ ਚੜ੍ਹਾਵਾਂ ਦਾ ਆਉਣਾ ਸੁਭਾਵਿਕ ਹੈ। ਆਜ਼ਾਦੀ ਤੋਂ ਪਹਿਲਾਂ ਤੋਂ ਭਾਰਤ ਵਿਚ ਕਿਸਾਨੀ ਦਾ ਗਲਾ ਉੱਚੀਆਂ ਕਰ ਦਰਾਂ ਨਾਲ ਅੰਗਰੇਜ਼ੀ ਹਕੂਮਤ ਨੇ ਘੁੱਟ ਰੱਖਿਆ ਸੀ। ਇਸ ਸਮੇਂ ਦੌਰਾਨ ਵੀ ਆਰਥਿਕ ਮੰਦਹਾਲੀ ਕਾਰਨ ਕਿਸਾਨ ਆਤਮ-ਹੱਤਿਆਵਾਂ

ਕਰਦੇ ਰਹੇ ਹਨ। ਪਰੰਤੂ ਇਸ ਸਮੇਂ ਤੱਕ ਕਿਸਾਨ ਆਤਮਹੱਤਿਆਵਾਂ ਦੀ ਦਰ ਨਾਲੋਂ ਭੁੱਖਮਰੀ ਨਾਲ ਮਰਨ ਵਾਲਿਆਂ ਦੀ ਦਰ ਜ਼ਿਆਦਾ ਉੱਚੀ ਸੀ। ਭੁੱਖਮਰੀ ਤੇ ਅਕਾਲ ਨਾਲ ਮਰਨ ਵਾਲਿਆਂ ਦਾ ਸਿਲਸਿਲਾ ਹਰੀ ਕ੍ਰਾਂਤੀ ਦੇ ਆਰੰਭਕ ਦੌਰ ਤੱਕ ਇਸੇ ਤਰ੍ਹਾਂ ਜਾਰੀ ਰਿਹਾ। ਹਰੀ ਕ੍ਰਾਂਤੀ ਦੀ ਆਮਦ ਤੋਂ ਬਾਅਦ ਭਾਰਤ ਵਿਚ ਵਿਪਰੀਤ ਸਥਿਤੀ ਉਪਜਣੀ ਸ਼ੁਰੂ ਹੋਈ। ਜਿੱਥੇ ਭੁੱਖਮਰੀ ਕਾਰਨ ਹੋਣ ਵਾਲੀਆਂ ਮੌਤਾਂ ਵਿਚ ਕਮੀ ਆਈ, ਉੱਥੇ ਹੀ ਕਿਸਾਨ ਆਤਮਹੱਤਿਆਵਾਂ ਦੇ ਦੌਰ ਦਾ ਆਰੰਭ ਹੋਇਆ। ਪੰਜਾਬ ਵਿਚ ਹੀ ਨਹੀਂ ਸਗੋਂ ਪੂਰੇ ਭਾਰਤ ਵਿਚ ਲਗਭਗ ਪਿਛਲੇ ਤਿੰਨ ਦਹਾਕਿਆਂ ਤੋਂ ਕਿਸਾਨ ਆਤਮ ਹੱਤਿਆਵਾਂ ਦੀ ਖ਼ਬਰ ਕੇਂਦਰ ਅਤੇ ਸੂਬਾ ਸਰਕਾਰਾਂ ਲਈ ਹੀ ਨਹੀਂ ਸਗੋਂ ਖੇਤੀ ਮਾਹਿਰਾਂ, ਅਰਥ ਸ਼ਾਸਰਤੀਆਂ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਲਈ ਇਕ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਆਤਮ ਹੱਤਿਆ ਤੋਂ ਸਿੱਧਾ ਅਰਥ ਹੈ- ਜਾਣਬੁੱਝ ਕੇ ਆਪਣੀ ਮੌਤ ਦਾ ਕਾਰਨ ਬਣਨਾ ਹੈ। ਇਸਦਾ ਕਾਰਨ ਅਕਸਰ ਮਾਨਸਿਕ ਵਿਗਾੜ ਨੂੰ ਮੰਨਿਆ ਜਾਂਦਾ ਹੈ ਜਿਵੇਂ ਕਿ ਉਦਾਸੀ, ਤਣਾਅ ਦੇ ਕਾਰਕ ਜਿਵੇਂ ਕਿ ਵਿੱਤੀ ਮੁਸ਼ਕਲਾਂ ਜਾਂ ਅੰਤਰ-ਵਿਅਕਤੀਗਤ ਸਮੱਸਿਆਵਾਂ, ਰਿਸ਼ਤੇ ਆਦਿ ਘਟਨਾਵਾਂ ਇਸ ਕਿਰਿਆ ਵਿਚ ਆਪਣੀ ਇੱਕ ਭੂਮਿਕਾ ਨਿਭਾਉਂਦੇ ਹਨ। ਫ਼ਰਾਂਸੀਸੀ ਸਮਾਜ-ਵਿਗਿਆਨੀ ਡੇਵਿਡ ਐਮਿਲ ਦੁਰਖੀਮ ਇਸ ਬਾਰੇ ਟਿੱਪਣੀ ਕਰਦੇ ਹਨ ਕਿ ਖ਼ੁਦਕਸ਼ੀ ਕਮਜ਼ੋਰ ਸਮਾਜਿਕ ਬੰਧਨਾਂ, ਸਮਾਜਿਕ ਏਕੀਕਰਨ ਦੀ ਘਾਟ ਅਤੇ ਸਮਾਜਿਕ ਨਿਯਮਾਂ ਨਾਲ ਸੰਬੰਧਿਤ ਹੈ। ਪਰੰਤੂ ਪਿਛਲੇ ਲੰਮੇ ਸਮੇਂ ਤੋਂ ਆਤਮਹੱਤਿਆਵਾਂ ਦੇ ਮਸਲੇ ਵਿਚ ਕਿਸਾਨ ਦੀ ਸ਼ਮੂਲੀਅਤ ਬਹੁਤ ਵਧੀ ਹੈ ਤੇ ਇਸ ਵਾਧੇ ਨੂੰ ਸਮੁੱਚੇ ਭਾਰਤ ਅਤੇ ਵਿਸ਼ੇਸ਼ਕਰ ਪੰਜਾਬ ਦੇ ਮੀਡੀਆ ਨੇ ਨਸ਼ਰ ਕਰਨਾ ਸ਼ੁਰੂ ਕੀਤਾ। ਸੋਸ਼ਲ ਮੀਡੀਆ ਦੇ ਮਾਧਿਅਮ ਰਾਹੀਂ ਵੀ ਅਜਿਹੀਆਂ ਖ਼ਬਰਾਂ ਆਮ ਸੁਣਨ ਨੂੰ ਮਿਲਦੀਆਂ ਹਨ। ਕਿਸਾਨੀ ਸੰਘਰਸ਼ ਦੌਰਾਨ ਡਾ. ਸੁਰਿੰਦਰ ਸਿੰਘ ਸਿੱਧੂ ਦੁਆਰਾ ਲਿਖੀ ਗਈ ਪੁਸਤਕ '***ਸਿਆੜ***' ਵਿਚ ਆਤਮ-ਹੱਤਿਆਵਾਂ ਦੇ ਇਸ ਨਿਰੰਤਰ ਵਧਦੇ ਵਰਤਾਰੇ ਬਾਰੇ ਉਹ ਲਿਖਦੇ ਹਨ:

> ਆਤਮ ਹੱਤਿਆ ਜਿਹੇ ਸ਼ਬਦ ਹੁਣ
>
> ਆਮ ਹੋ ਗਏ ਹਨ
>
> ਆਤਮ ਹੱਤਿਆ ਕਿੰਨੀ ਦੁਖਦਾਈ ਹੁੰਦੀ ਹੈ।

ਮਨੁੱਖਤਾ ਦੇ ਚਿਹਰੇ ਉਦਾਸ ਹਨ

ਵਕਤ ਤੋਂ ਪਹਿਲਾਂ ਹੀ ਬੁੱਢੇ ਹੋ ਗਏ ਹਨ। (20)

ਕਿਸਾਨ ਆਤਮਹੱਤਿਆਵਾਂ ਦੇ ਮਾਮਲਿਆਂ ਬਾਰੇ ਪਹਿਲੀ ਰਿਪੋਰਟ ਵੀ. ਰਾਓ ਅਤੇ ਗਣਪਤੀ ਨੇ ਦਿੱਤੀ। ਵੀ. ਰਾਓ ਅਤੇ ਗਣਪਤੀ ਨੇ ਕਿਸਾਨ ਆਤਮਹੱਤਿਆਵਾਂ ਬਾਰੇ ਤਾਮਿਲਨਾਡੂ ਦੇ ਇਕ ਛੋਟੇ ਜਿਹੇ ਖੇਤਰ ਵਿਚ ਵਿਸ਼ਲੇਸ਼ਣ ਕੀਤਾ ਤੇ 1966 ਵਿਚ ਉਹਨਾਂ ਕੀਟਨਾਸ਼ਕਾਂ ਨੂੰ ਇਨ੍ਹਾਂ ਆਤਮਹੱਤਿਆਵਾਂ ਦਾ ਮੁੱਖ ਕਾਰਨ ਮੰਨਦੇ ਹੋਏ ਕੀਟਨਾਸ਼ਕ ਵੇਚਣ ਤੇ ਪਾਬੰਦੀ ਲਗਾਉਣ ਦੀ ਸਿਫ਼ਾਰਸ਼ ਕੀਤੀ। ਇਸੇ ਤਰਾਂ 1979 ਵਿਚ ਨੰਦੀ ਅਤੇ ਉਸ ਦੇ ਸਾਥੀਆਂ ਨੇ ਪੱਛਮੀ ਬੰਗਾਲ ਵਿਚ ਅਧਿਐਨ ਕੀਤਾ ਤੇ ਕੀਟਨਾਸ਼ਕਾਂ ਦੀ ਉੱਪਲਬਧਤਾ ਨੂੰ ਨਿਯਮਾਂ ਅਧੀਨ ਕਰਨ ਦੀ ਗੱਲ ਕਹੀ। ਇਸੇ ਤਰਾਂ ਹੇਗੜੇ ਨੇ ਉੱਤਰੀ ਕਰਨਾਟਕ ਰੈਡੀ ਨੇ ਆਂਧਰਾ ਪ੍ਰਦੇਸ਼ ਵਿਚ ਕਿਸਾਨਾਂ ਦੀ ਖੁਦਕੁਸ਼ੀਆਂ ਦੀ ਉੱਚ ਦਰ ਅਤੇ ਖੇਤੀ ਦੇ ਆਕਾਰ ਅਤੇ ਉਤਪਾਦਕਤਾ ਨਾਲ ਇਸ ਦੇ ਸੰਬੰਧਾਂ ਦਾ ਜ਼ਾਇਜਾ ਲਿਆ। ਪਰੰਤੂ ਇਸ ਸਮੇਂ ਤੱਕ ਆਮ ਲੋਕਾਂ ਅਤੇ ਸਰਕਾਰਾਂ ਦਾ ਧਿਆਨ ਇਸ ਮਾਮਲੇ ਵੱਲ ਵਧੇਰੇ ਨਹੀਂ ਸੀ। ਵਿਸ਼ਵੀਕਰਨ ਦੇ ਆਰੰਭਿਕ ਸਮੇਂ ਤੋਂ ਇਹ ਖ਼ਬਰਾਂ ਪ੍ਰੈੱਸ ਰਿਪੋਰਟਾਂ ਰਾਹੀਂ ਛਪ ਕੇ ਲੋਕਾਂ ਤੱਕ ਪਹੁੰਚਣ ਲੱਗੀਆਂ। ਇਸ ਸੰਬੰਦੀ ਪਹਿਲਕਦਮੀ ਪੀ. ਸਾਈਨਾਥ ਵੱਲੋਂ ਕੀਤੀ ਗਈ। ਆਰੰਭ ਵਿਚ ਇਹ ਖ਼ਬਰਾਂ ਵਧੇਰੇ ਦੱਖਣੀ ਰਾਜਾਂ ਵਿਸ਼ੇਸ਼ਕਰ ਮਹਾਂਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵੱਲੋਂ ਆਈਆਂ। ਮਹਾਂਰਾਸ਼ਟਰ ਵਿਚ ਆਤਮਹੱਤਿਆ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। 2010 ਵਿਚ ਕੇਂਦਰ ਦੀ ਸਰਕਾਰ ਦੇ ਪੀ.ਐੱਮ. ਮਨਮੋਹਨ ਸਿੰਘ ਨੇ ਮਹਾਂਰਾਸ਼ਟਰ ਦੇ ਕਿਸਾਨਾਂ ਲਈ ਵਿਸ਼ੇਸ਼ ਆਰਥਿਕ ਪੈਕੇਜ ਦੇ ਕੇ ਸਹਾਇਤਾ ਕੀਤੀ ਗਈ। ਪਰੰਤੂ ਇਹ ਹੱਲ ਵੀ ਸਥਾਈ ਸਾਬਿਤ ਨਾ ਹੋਇਆ। ਹੌਲੀ-ਹੌਲੀ ਕਿਸਾਨ ਆਤਮਹੱਤਿਆਵਾਂ ਦੀ ਦਰ ਮਹਾਂਰਾਸ਼ਟਰ ਤੋਂ ਬਾਅਦ ਕਰਨਾਟਕ, ਕੇਰਲ, ਆਂਧਰਾ ਪ੍ਰਦੇਸ਼, ਪੰਜਾਬ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਛੱਤੀਸਗੜ੍ਹ ਆਦਿ ਸਮੁੱਚੇ ਭਾਰਤ ਵਿਚ ਵਧਣ ਲੱਗ ਪਈ।

**ਨੈਸ਼ਨਲ ਕਰਾਇਮ ਰਿਕਾਰਡ ਬਿਉਰੋ** ਦੇ ਅੰਕੜੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਕਿਸਾਨ ਖੁਦਕਸ਼ੀਆਂ ਦੇ ਮਸਲੇ ਪੰਜਾਬ ਸਮੇਤ ਸਮੁੱਚੇ ਭਾਰਤ ਵਿਚ ਇਕ ਡੂੰਘੀ ਚਿੰਤਾ ਦਾ ਵਿਸ਼ਾ ਹਨ। ਸਮਕਾਲੀ ਪੰਜਾਬੀ ਕਵਿਤਾ

ਵਿਚ ਇਸ ਦੁਖਾਂਤ ਨੂੰ ਚਿਤਰਦਿਆਂ ਆਨਲਾਇਨ ਕਾਵਿ ਸੰਗ੍ਰਹਿ ਧਰਤਿ ਵੰਗਾਰੇ ਤਖ਼ਤ ਨੂੰ ਭਾਗ ਅੱਠਵਾਂ ਵਿਚ ਅਮਰਜੀਤ ਕੌਂਕੇ ਆਪਣੀ ਕਾਵਿ ਰਚਨਾ 'ਇਹ ਧਰਤੀ ਪੁੱਤਰ' ਵਿਚ ਲਿਖਦੇ ਹਨ:

ਇਹ ਮਿੱਟੀ ਦੀ ਹਿੱਕ ਚੀਰ ਕੇ ਤੇ

ਉਸ ਵਿੱਚੋਂ ਅੰਨ ਉਗਾਂਦੇ ਨੇ

ਪਰ ਖ਼ੂਨ ਪਸੀਨਾ ਇਨ੍ਹਾਂ ਦਾ

ਵਣਜਾਰੇ ਲੁੱਟ ਲੈ ਜਾਂਦੇ ਨੇ

ਇਹਨਾਂ ਸਿਰ ਚੜ੍ਹਿਆ ਕਰਜ਼ਾਂ ਨੇ

ਇਹ ਖ਼ੁਦਕਸ਼ੀਆਂ ਰਾਹ ਪਾਏ ਨੇ

ਇਹ ਧਰਤੀ ਪੁੱਤਰ ਦਿੱਲੀ ਤੋਂ

ਆਪਣੇ ਹੱਕ ਮੰਗਣ ਆਏ ਨੇ (**punjabikavita.com)**

ਸੋ ਕਿਸਾਨੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਉੱਪਰ ਝਾਤ ਪਾਉਂਦੀ ਇਸ ਕਵਿਤਾ ਵਿਚ ਕਵੀ ਦੱਸਦਾ ਹੈ ਕਿ ਪੰਜਾਬ ਵਿਚ ਖੇਤੀ ਅੱਜ ਦੇ ਸਮੇਂ ਵਿਚ ਇਕ ਚੁਣੌਤੀਪੂਰਨ ਅਤੇ ਬਹੁਤ ਤਣਾਅ ਵਾਲਾ ਕਿੱਤਾ ਹੈ। ਸਖ਼ਤ ਮਿਹਨਤ ਦੇ ਬਾਵਜੂਦ ਇਨ੍ਹਾਂ ਦੇ ਖ਼ੂਨ ਪਸੀਨੇ ਦੀ ਕਮਾਈ ਦਾ ਪੂਰਾ ਮੁੱਲ ਇਨ੍ਹਾਂ ਨੂੰ ਨਹੀਂ ਮਿਲਦਾ। ਵਧ ਰਿਹਾ ਕਰਜ਼ਾ ਤੇ ਖੇਤੀ ਲਾਗਤ ਨਾਲੋਂ ਕਿਤੇ ਘੱਟ ਮੁਨਾਫ਼ਾ ਇਸ ਸਮੱਸਿਆ ਨੂੰ ਹੋਰ ਗਹਿਰਾ ਕਰਦਾ ਹੈ। ਅਕਸਰ ਕਰਜ਼ ਦੇ ਬੋਝ ਥੱਲੇ ਆ ਕੇ ਉਹ ਆਪਣੇ ਆਪ ਨੂੰ ਖਤਮ ਕਰਨ ਦੇ ਰਾਹ ਤੇ ਤੋਰ ਦਿੰਦੇ ਹਨ। ਕਵੀ ਆਤਮਾ ਸਿੰਘ ਚਿੱਟੀ ਆਪਣੀ ਕਾਵਿ ਪੁਸਤਕ ***ਖੇਤਾਂ ਦਾ ਰਾਜਾ*** ਵਿਚ ਲਿਖਦੇ ਹਨ:

ਚਿਹਰਿਆਂ ਤੋਂ ਉੱਡੀਆਂ ਨੇ ਰੌਣਕਾਂ

ਤੇ ਖੇਤ ਉਹਦੇ ਹਰੇ-ਹਰੇ

ਭਾਰ ਸਿਰ ਉੱਤੇ ਕਰਜ਼ਿਆਂ ਦਾ ਪੈ ਗਿਆ

ਤਾਂਹੀਓ ਖ਼ੁਦਕਸ਼ੀਆਂ ਕਰੇ। 47

ਕਿਸਾਨ ਆਤਮਹੱਤਿਆਵਾਂ ਦੇ ਪਿੱਛੇ ਜ਼ਿੰਮੇਵਾਰ ਤੱਤਾਂ ਤੇ ਨਜ਼ਰ ਮਾਰੀਏ ਤਾਂ ਕਿਸਾਨ ਖ਼ੁਦਕੁਸ਼ੀਆਂ ਦਾ ਸਭ ਤੋਂ ਵੱਡਾ ਕਾਰਨ ਸਰਕਾਰ ਦੁਆਰਾ ਅਪਣਾਇਆ ਗਿਆ ਵਿਕਾਸ ਮਾਡਲ ਹੈ। ਇਸ ਮਾਡਲ ਅਧੀਨ ਸਰਕਾਰ ਨੇ ਕਦੇ ਵੀ ਖੇਤੀ ਨੂੰ ਬਣਦੀ ਮਹੱਤਤਾ ਨਾ ਦੇ ਕੇ ਆਰਥਿਕ ਮਾਡਲ ਨੂੰ ਕਾਰਪੋਰੇਟ ਵਿਕਾਸ ਉੱਪਰ ਕੇਂਦਰਿਤ ਰੱਖਿਆ। ਕਿਸਾਨ ਜੋ ਪੂਰੇ ਮੁਲਕ ਦਾ ਢਿੱਡ ਭਰਦੇ ਸਨ, ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਕੇ ਉਨ੍ਹਾਂ ਦੀ ਸਾਰ ਨਾ ਲਈ ਗਈ, ਸਗੋਂ ਕੰਪਨੀਆਂ ਦੇ ਮਾਲਕ, ਵੱਡੇ ਬਿੱਜਨੈੱਸਮੈਨਾਂ ਦੇ ਹਿੱਤਾਂ ਦੀ ਪੂਰਤੀ ਕਰਨ ਦੇ ਯਤਨ ਕੀਤੇ ਗਏ। ਇਨ੍ਹਾਂ ਆਤਮਹੱਤਿਆਵਾਂ ਦੇ ਕਾਰਨਾਂ ਵਿਚ ਮੁੱਖ ਕਾਰਨ ਮੰਦੀ ਮੰਡੀ ਵਿਵਸਥਾ, ਵਿਸ਼ਵ ਵਪਾਰ ਸੰਗਠਨ ਦਾ ਕਾਰਪੋਰੇਟ ਹਿਤੈਸ਼ੀ ਅਤੇ ਗਰੀਬ ਮਾਰੂ ਏਜੰਡਾ, ਸਰਕਾਰ ਦੀਆਂ ਨੀਤੀਆਂ, ਵਧਦੀਆਂ ਲਾਗਤਾਂ, ਨਿਰੰਤਰ ਜੋਤਾਂ ਦਾ ਘੱਟਦਾ ਆਕਾਰ, ਕਿਸਾਨਾਂ ਦਾ ਵਧਦਾ ਕਰਜ਼ਿਆਂ ਦਾ ਜਾਲ, ਸਰਕਾਰ ਦੁਆਰਾ ਕੀਤੀ ਜਾਂਦੀ ਅਣਦੇਖੀ, ਕਿਸਾਨਾਂ ਦੁਆਰਾ ਵਿਆਹਾਂ, ਘਰਾਂ-ਕੋਠੀਆਂ, ਕਾਰਾਂ, ਟਰੈਕਟਰਾਂ ਆਦਿ ਤੇ ਕੀਤਾ ਜਾਂਦਾ ਲੋੜ ਤੋਂ ਵਧੇਰੇ ਖਰਚ ਆਦਿ। ਅਕਸਰ ਇਨ੍ਹਾਂ ਸਮੱਸਿਆਵਾਂ ਦੇ ਹੇਠ ਫਸ ਕਿ ਕਿਸਾਨ ਆਪਣੀ ਜੀਵਨ-ਲੀਲਾ ਸਮਾਪਤ ਕਰਨ ਵੱਲ ਨੂੰ ਤੁਰ ਪੈਂਦਾ ਹੈ। ਇਸੇ ਹੀ ਤਰ੍ਹਾਂ ਮਨਦੀਪ ਰਿੰਪੀ ਆਪਣੀ ਰਚਨਾ 'ਅੰਨਦਾਤੇ' ਜੋ ਧਰਤਿ ਵੰਗਾਰੇ ਤਖ਼ਤ ਨੂੰ ਕਾਵਿ ਸੰਗ੍ਰਹਿ ਦਾ ਹਿੱਸਾ ਹੈ, ਵਿਚ ਕਿਸਾਨ ਖ਼ੁਦਕੁਸ਼ੀਆਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:

ਹੌਕੇ ਹਾਵੇ ਜਰ ਨਾ ਸਕਿਆ

ਖ਼ੁਦਕੁਸ਼ੀਆਂ ਦੇ ਨਾਗਾਂ ਡੱਸਿਆ

ਸੜਕਾਂ ਉੱਤੇ ਬਹਿ ਗਿਆ ਮੈਂ ਅੱਜ

ਸੀਨੇ ਮੇਰੇ ਮਘਦੀ ਹੈ ਅੱਗ

ਹੋਰ ਮੈਨੂੰ ਮਜਬੂਰ ਕਰੋ ਨਾ

ਆਪਣੇ ਕੋਲੋਂ ਦੂਰ ਕਰੋ ਨਾ

ਸਦੀਆਂ ਤੋਂ ਨੇਕੀ 'ਤੇ ਤੁਰਿਆ

ਹੁਣ ਜੇ ਰਸਤਾ ਬਦਲ ਲਿਆ ਮੈਂ

ਫੇਰ ਨਾ ਆਖੀਂ ਪਿੱਛੇ ਮੁੜ ਆ

ਪਿੱਛੇ ਮੈਥੋਂ ਮੁੜ ਨਹੀਂ ਹੋਣਾ। (**punjabikavita.com)**

ਇਤਿਹਾਸ ਵੱਲ ਨਜ਼ਰ ਮਾਰੀਏ ਤੇ ਅਨੇਕਾਂ ਅਜਿਹੀਆਂ ਘਟਨਾਵਾਂ ਨਸ਼ਰ ਹੁੰਦੀਆਂ ਹਨ ਕਿ ਵਿਵਸਥਾ ਤੋਂ ਤੰਗ ਆ ਕਿ ਬਹੁਤ ਸਾਰੇ ਸਾਧਾਰਣ ਲੋਕ ਇਸ ਵਿਵਸਥਾ ਤੋਂ ਆਪਣਾ ਯਕੀਨ ਤੋੜ ਕੇ ਬਾਗੀ ਹੋ ਜਾਂਦੇ ਹਨ। ਉਪਰੋਕਤ ਕਵਿਤਾ ਵਿਚ ਵੀ ਕਵੀ ਅਜਿਹਾ ਹੀ ਖਦਸ਼ਾ ਪ੍ਰਗਟ ਕਰ ਰਿਹਾ ਹੈ ਕਿ ਨਿਰੰਤਰ ਵੱਧਦੀ ਆਰਥਿਕ ਤੰਗੀ ਤੇ ਨਾ ਹੋ ਰਹੀ ਸੁਣਵਾਈ ਕਿਤੇ ਨਾ ਕਿਤੇ ਕਿਸਾਨਾਂ ਦੇ ਵਿਸ਼ਵਾਸ ਨੂੰ ਠੇਸ ਪੁਹੰਚਾਉਂਦੀ ਹੈ ਤੇ ਉਹ ਧਰਨਿਆਂ ਮੁਜ਼ਾਹਰਿਆ ਦਾ ਰਾਹ ਅਖਤਿਆਰ ਕਰਦੇ ਹਨ। ਜੇਕਰ ਇਨ੍ਹਾਂ ਸਾਧਨਾਂ ਰਾਹੀਂ ਵੀ ਉਨ੍ਹਾਂ ਦੀ ਸੁਣਵਾਈ ਨਾ ਹੋਵੇ ਤਾਂ ਉਹ ਆਤਮ-ਦਾਹ ਵਰਗੇ ਖੌਫਨਾਕ ਕਦਮ ਚੁੱਕਣ ਲਈ ਮਜ਼ਬੂਰ ਹੋ ਜਾਂਦੇ ਹਨ।

ਕੇ. ਨਾਗਰਾਜ ***ਫਾਰਮਰਜ਼ ਸੁਸਾਇਡਸ ਇਨ ਇੰਡੀਆ: ਮੈਗਨਿਟਿਊਡ ਟ੍ਰੈਂਡਸ ਐਂਡ ਸਪੇਸ਼ਲ ਪੈਟਰਨ*** ਵਿਚ ਲਿਖਦੇ ਹਨ ਕਿ ਭਾਰਤ ਵਿਚ ਹਰ ਅੱਧੇ ਘੰਟੇ ਵਿਚ ਇਕ ਕਿਸਾਨ ਆਤਮਹੱਤਿਆ ਕਰਦਾ ਹੈ, ਤੇ ਪਿਛਲੇ ਇਕ ਦਹਾਕੇ ਵਿਚ ਪ੍ਰਤੀ ਸਾਲ 1000 ਤੋਂ ਵੱਧ ਕਿਸਾਨ ਆਤਮ ਹੱਤਿਆਵਾਂ ਕਰ ਚੁੱਕੇ ਹਨ।

ਕਿਸਾਨੀ ਪੇਸ਼ਾ ਦੁਨੀਆਂ ਦੇ ਮੁਸ਼ਕਿਲ ਕਾਰਜਾਂ ਵਿਚ ਗਿਣਿਆ ਜਾਣ ਵਾਲਾ ਇਕ ਹੈ। ਇਸ ਲਈ ਅਕਸਰ ਇਸ ਨੂੰ ਸੱਪਾਂ ਦੀਆਂ ਸਿਰੀਆ ਉੱਪਰ ਪੈਰ ਰੱਖ ਕੇ ਕੀਤੀ ਜਾਣ ਵਾਲੀ ਕਮਾਈ ਵੀ ਕਿਹਾ ਜਾਂਦਾ ਹੈ। ਇੰਨੀਆਂ ਮੁਸੀਬਤਾਂ ਨੂੰ ਜਰ ਕੇ ਵੀ ਇਨ੍ਹਾਂ ਦੇ ਹੌਸਲੇ ਪਸਤ ਨਹੀਂ ਹੁੰਦੇ ਸਗੋਂ ਨਿਰੰਤਰ ਜੱਦੋ- ਜਹਿਦ ਕਰਦੇ ਰਹਿੰਦੇ ਹਨ। ਇਸੇ ਧਾਰਾ ਵਿਚ ਧਰਤਿ ਵੰਗਾਰੇ ਤਖ਼ਤ ਨੂੰ ਕਾਵਿ ਸੰਗ੍ਰਹਿ ਦੇ ਨੌਵੇਂ ਭਾਗ ਵਿਚ ਕਵੀ ਲਖਵਿੰਦਰ ਸਿੰਘ ਜੌਹਲ ਲਿਖਦੇ ਹਨ:

ਖ਼ਤਰੇ, ਖੌਫ ਤੇ ਖ਼ੁਦਕੁਸ਼ੀਆਂ ਦੀ

ਖੇਤੀ ਕਰਦੇ

ਹਰ ਮੌਸਮ ਵਿਚ

ਨਵੀਂਓ ਨਵੀਂ, ਮੁਸੀਬਤ ਜਰਦੇ

ਸੀ ਨਾ ਕਰਦੇ

ਕਿਸ ਮਿੱਟੀ ਦੇ ਬਣੇ ਫਰਿਸ਼ਤੇ? (**punjabikavita.com)**

ਮੁਸੀਬਤਾਂ ਤੇ ਕਿਸਾਨ ਦੇ ਹੌਸਲੇ ਦੇ ਨਿਰੰਤਰ ਸੰਘਰਸ਼ ਵਿਚ ਕਦੇ ਕਿਸਾਨ ਜਿੱਤਦਾ ਹੈ ਤੇ ਕਦੇ ਹਾਰਦਾ। ਇਸ ਹਾਰ ਤੋਂ ਨਿਰਾਸ਼ ਹੋਇਆ ਕਿਸਾਨ ਆਤਮ-ਹੱਤਿਆਵਾਂ ਕਰਨ ਵੱਲ ਵੱਧਦਾ ਹੈ, ਜਿਸ ਗੱਲ ਦੀ ਪ੍ਰਸ਼ਟੀ ਐੱਨ. ਸੀ. ਆਰ. ਬੀ. ਦੇ ਡਾਟੇ ਕਰਦੇ ਹਨ। ਜਿਨ੍ਹਾਂ ਵਿਚ ਕਿਸਾਨ ਆਤਮ-ਹੱਤਿਆਵਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ। ਇਨ੍ਹਾਂ ਹੀ ਨਹੀਂ ਅੱਜ ਕੱਲ ਕਿਸਾਨ ਆਤਮਹੱਤਿਆਵਾਂ ਵਿਚ ਔਰਤ ਕਿਸਾਨਾਂ ਬਾਰੇ ਵੀ ਸੁਣਨ ਨੂੰ ਮਿਲ ਰਿਹਾ ਹੈ। ਪੀ.ਬੀ. ਬੇਹਰੇ ਅਤੇ ਐਮ. ਸੀ. ਭੀਸੇ '***ਫਾਰਮਰ ਸੁਸਾਇਡ ਅਕਰਾਸ ਦਾ ਕਲਚਰ***' ਵਿਚ ਲਿਖਦੇ ਹਨ ਕਿ ਔਰਤ ਕਿਸਾਨਾਂ ਵਿਚ ਵੀ ਆਤਮਹੱਤਿਆ ਦੀ ਖ਼ਬਰ ਆਮ ਸੁਣਨ ਨੂੰ ਮਿਲਣ ਲੱਗ ਪਿਆ ਹੈ। ਉਹ ਅੱਗੇ ਲਿਖਦੇ ਹਨ ਕਿ ਖੇਤੀ ਲਾਹੇਵੰਦ ਧੰਦਾ ਨਾ ਰਹਿ ਜਾਣ ਕਾਰਨ ਆਰਥਿਕ ਹਾਲਤਾਂ ਨਾਲ ਨਜਿੱਠਣ ਲਈ ਔਰਤਾਂ ਨੂੰ ਵੀ ਖੇਤਾਂ ਵਿਚ ਕੰਮ ਲਈ ਜਾਣਾ ਪੈਂਦਾ ਹੈ। ਖੇਤਾਂ ਦੇ ਕੰਮਾਂ ਦੇ ਨਾਲ-ਨਾਲ ਉਨ੍ਹਾਂ ਨੂੰ ਘਰ ਦੇ ਕੰਮ ਵੀ ਕਰਨੇ ਪੈਂਦੇ ਹਨ। ਕੰਮ ਦੇ ਜ਼ਿਆਦਾ ਬੋਝ ਕਾਰਨ ਅਕਸਰ ਉਹਨਾਂ ਉੱਪਰ ਮਾਨਸਿਕ ਦਬਾਅ ਵੀ ਵਧਣ ਲੱਗਦਾ ਹੈ, ਜਿਸ ਦੇ ਫਲਸਰੂਪ ਅਜਿਹੀਆਂ ਘਟਨਾਵਾਂ ਸੁਣਨ ਨੂੰ ਮਿਲਦੀਆਂ ਹਨ।

## 5.3 ਸਮਕਾਲੀ ਪੰਜਾਬੀ ਕਵਿਤਾ: ਹੜ੍ਹਾਂ ਕਾਰਨ ਉਪਜਿਆ ਆਰਥਿਕ ਸੰਕਟ

ਖੇਤੀ ਸੰਕਟ ਦੇ ਪੈਦਾ ਹੋਣ ਵਿਚ ਕੁਦਰਤ ਕਾਰਨਾਂ ਨੂੰ ਕਦੇ ਵੀ ਅਣਗੌਲਿਆ ਨਹੀਂ ਜਾ ਸਕਦਾ। ਇਸੇ ਲਈ ਪੰਜਾਬੀ ਜਨਜੀਵਨ ਵਿਚ ਆਮ ਪ੍ਰਚੱਲਿਤ ਕਹਾਵਤ ਹੈ 'ਖੇਤੀ ਕਰਮਾਂ ਸੇਤੀ'। ਜਿੱਥੇ ਮੀਂਹ ਦੀ ਅਣਹੋਂਦ ਕਾਰਨ ਫ਼ਸਲਾਂ ਦੇ ਝਾੜ ਘਟਦੇ ਤੇ ਖੇਤੀ ਲਾਗਤ ਵਿਚ ਇਜ਼ਾਫਾ ਹੁੰਦਾ ਹੈ, ਉੱਥੇ ਹੀ ਲੋੜ ਤੋਂ ਵਧੇਰੇ ਤੇ ਬੇ ਵਕਤੇ ਮੀਂਹ ਕਾਰਨ ਖਰਾਬ ਹੁੰਦੀਆਂ ਫ਼ਸਲਾਂ ਵੀ ਕਿਸਾਨੀ ਸੰਕਟ ਨੂੰ ਵਧਾਉਂਦੀਆਂ ਹਨ। ਇਸ ਤਰ੍ਹਾਂ ਮੀਂਹ, ਧੁੰਦਾ, ਕੋਰਾ, ਸੋਕਾ, ਹੜ੍ਹ ਆਦਿ ਕੁਦਰਤੀ ਕਾਰਨ ਖੇਤੀ ਸੰਕਟ ਵਿਚ ਵਾਧਾ ਕਰਨ ਵਾਲੇ ਤੱਤਾਂ ਵਿੱਚੋਂ ਅਹਿਮ ਹਨ। ਬੀਤੇ ਕੁੱਝ ਸਾਲ ਤੋਂ ਹੜ੍ਹਾਂ ਕਾਰਨ

ਪੰਜਾਬ ਤੇ ਭਾਰਤ ਦੇ ਹੋਰ ਬਹੁਤ ਸਾਰੇ ਸੂਬਿਆਂ ਵਿਚ ਭਾਰੀ ਨੁਕਸਾਨ ਹੋਇਆਂ ਹੈ। ਹੜ੍ਹ ਪੰਜਾਬ ਦੇ ਖੇਤੀ ਸੰਕਟ ਵਿਚ ਇਕ ਵੱਡੇ ਚਲੰਤ ਮਸਲੇ ਵਜੋਂ ਉੱਭਰੇ ਹਨ। 2025 ਵਿਚ ਵੀ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ। ਪੰਜਾਬ ਅਤੇ ਨਾਲ ਲਗਦੇ ਪਹਾੜੀ ਇਲਾਕਿਆਂ ਵਿਚ ਲਗਾਤਾਰ ਪਏ ਮੀਂਹ ਨਾਲ ਪੰਜਾਬ ਦੇ ਇਲਾਕੇ ਵਿਸ਼ੇਸ਼ਕਰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਕਪੂਰਥਲਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲੇ ਦੇ ਕਾਫ਼ੀ ਵੱਡੇ ਹਿੱਸੇ ਹੜ੍ਹਾਂ ਦੀ ਮਾਰ ਕਾਰਨ ਪ੍ਰਭਾਵਿਤ ਹੋਏ ਹਨ।

ਪੰਜਾਬ ਵਿਚ ਪਿਛਲੇ ਕੁੱਝ ਸਾਲਾਂ ਤੋਂ ਹੜ੍ਹਾਂ ਦੀ ਸਮੱਸਿਆ ਤਕਰੀਬਨ ਹਰ ਸਾਲ ਉਪਜ ਰਹੀ ਹੈ, ਜਿਸ ਦੇ ਫਲਸਰੂਪ ਭਾਰੀ ਮਾਤਰਾ ਵਿਚ ਫ਼ਸਲਾਂ ਦਾ ਨੁਕਸਾਨ ਹੋਇਆ ਹੈ ਜਿਸ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਕਾਫ਼ੀ ਬੁਰੀ ਤਰ੍ਹਾਂ ਨਾਲ ਵਿਗੜੀ ਹੈ। ਭਾਵੇਂ ਇਹ ਸੰਕਟ ਪੂਰੀ ਲੋਕਾਈ ਲਈ ਘਾਤਕ ਸਿੱਧ ਹੋਇਆ ਜਿਸ ਨਾਲ ਲੋਕ ਘਰੋਂ ਬੇਘਰ ਹੋਏ, ਮਾਲ ਡੰਗਰ ਦਾ ਨੁਕਸਾਨ ਹੋਇਆ, ਦੁਕਾਨਦਾਰ, ਛੋਟੇ ਵਪਾਰੀ ਆਦਿ ਬੇਹੱਦ ਪ੍ਰਭਾਵਿਤ ਹੋਏ ਪਰ ਕਿਸਾਨੀ ਨੂੰ ਇਸ ਨਾਲ ਡੂੰਘੀ ਸੱਟ ਵੱਜੀ ਹੈ। ਇਸ ਨੁਕਸਾਨ ਨੂੰ ਪੰਜਾਬੀ ਦੇ ਸ਼ਾਇਰ ਰੂਪ ਲਾਲ ਰੂਪ ਨੇ ਇਸ ਤਰ੍ਹਾਂ ਬਿਆਨਿਆ ਹੈ:

ਪਾਣੀ ਪਾਣੀ ਚਾਰ ਚੁਫ਼ੇਰੇ,
ਬੱਦਲ ਬੱਧਾ ਗੇੜੀ ਈ।
ਡੰਗਰ ਰੁੜ ਗਏ ਬੇਜ਼ੁਬਾਨੇ,
ਖੇਤੀਂ ਡੁੱਬਾ ਬੇੜਾ ਈ।
ਨੀਲੇ ਅੰਬਰ ਥੱਲੇ ਜ਼ਿੰਦਾਂ,
ਕਰਨ ਬੈਠ ਕੇ ਝੇੜਾ ਈ।
'ਰੂਪ' ਮਿਲੇ ਨਾ ਰੋਟੀ ਘਰ ਦੀ,
ਨਾ ਮੱਖਣ ਦਾ ਪੇੜਾ ਈ। (likhari.net)

ਪੰਜਾਬ ਵਿਚ ਹੜ੍ਹਾਂ ਕਾਰਨ ਪੈਦਾ ਹੋਈਆਂ ਪ੍ਰਸਥਿਤੀਆਂ ਨੂੰ ਪੇਸ਼ ਕਰਦੀ ਇਸ ਰਚਨਾ ਵਿਚ ਕਵੀ ਨੇ ਹੜ੍ਹ ਪੀੜਤ ਲੋਕਾਂ ਦੀ ਤਰਸਮਈ ਹਾਲਤ ਨੂੰ ਪੇਸ਼ ਕਰਦਿਆਂ ਆਮ ਲੋਕਾਂ ਦੇ ਨਾਲ-ਨਾਲ ਜਾਨਵਰਾਂ ਦੀ ਹੋਈ ਮੰਦੀ ਹਾਲਤ ਦਾ ਵੀ ਬਿਆਨ ਬੜੇ ਕਰੁਣਾਮਈ ਢੰਗ ਨਾਲ ਕੀਤਾ ਹੈ। 14 ਅਕਤੂਬਰ ਨੂੰ ਪੰਜਾਬੀ ਟ੍ਰਿਬਿਊਨ ਵਿਚ ਛਪੀ ਖਬਰ ਅਨੁਸਾਰ ਮੁੱਖ ਮੰਤਰੀ ਦੁਆਰਾ 1766 ਪਸ਼ੂਆਂ ਅਤੇ 2.2 ਲੱਖ ਮੁਰਗੀਆਂ ਦੇ ਨੁਕਸਾਨੇ ਜਾਣ ਦੀ ਗੱਲ ਕੀਤੀ ਹੈ, ਖ਼ਬਰ ਵਿਚ ਇਸ ਨੁਕਸਾਨ ਦੀ ਪੂਰਤੀ ਲਈ 7 ਕਰੋੜ ਰੁਪਏ ਦੇ ਮੁਆਵਜ਼ੇ ਦੀ ਗੱਲ ਵੀ ਕੀਤੀ ਗਈ ਹੈ। ਜਾਨੀ ਮਾਲੀ ਨੁਕਸਾਨ ਕੇਵਲ ਆਮ ਲੋਕਾਂ ਤੱਕ ਸੀਮਿਤ ਨਹੀਂ ਸਗੋਂ ਸਰਕਾਰੀ ਖਜ਼ਾਨੇ ਉੱਪਰ ਵੀ ਇਸ ਦਾ ਵਿਆਪਕ ਅਸਰ ਹੋਇਆ ਹੈ। ਹੜ੍ਹਾਂ ਕਾਰਨ ਪੰਜਾਬ ਵਿਚ ਲਗਭਗ 4658 ਕਿਲੋਮੀਟਰ ਸੜਕਾਂ ਅਤੇ 70 ਦੇ ਕਰੀਬ ਪੁਲਾਂ ਦਾ ਨੁਕਸਾਨ ਹੋਇਆ ਹੈ। ਪੰਜਾਬ ਸਰਕਾਰ ਦੇ ਸ਼ੁਰੂਆਤੀ ਸਰਵੇਖਣ ਅਨੁਸਾਰ 2025 ਦੇ ਹੜ੍ਹਾਂ ਵਿਚ ਪੰਜਾਬ ਵਿਚ ਲਗਭਗ 13 ਹਜ਼ਾਰ ਕਰੋੜ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਗਿਆ ਹੈ। ਇਸੇ ਹੀ ਤਰ੍ਹਾਂ ਹੜ੍ਹਾਂ ਦੁਆਰਾ ਹਰ ਸਾਲ ਕੀਤੇ ਜਾ ਰਹੇ ਨੁਕਸਾਨ ਨੂੰ ਸ਼ਾਇਰ ਹਰਵਿੰਦਰ ਸਿੰਘ ਆਪਣੀ ਕਾਵਿ ਰਚਨਾ ***'ਹੜ੍ਹਾਣਾ- ਹੜ੍ਹ ਆਣਾ'*** ਵਿਚ ਲਿਖਦੇ ਹਨ

ਜਦੋਂ ਭਰਿਆ ਪੀਤਾ ਆ ਵੜਦਾ
ਮਿੰਟੋ ਮਿੰਟੀ ਸਭ ਕੁਝ ਤਬਾਹ ਕਰ ਧਰਦਾ
ਤੇ ਮੇਰੇ ਪਿੰਡ ਦੇ ਬੇਬਸ ਲੋਕ
ਵੇਖਦੇ ਰਹਿ ਜਾਂਦੇ
ਡੁੱਬਦੀਆਂ ਰੁੜ੍ਹੀਆਂ ਜਾਂਦੀਆਂ
ਕਵਾਰੀਆਂ ਫ਼ਸਲਾਂ
ਕੱਚੇ ਘਰ
ਸੰਜੋਏ ਸੁਪਨੇ

ਤੇ ਕਈ ਕੁਝ ਹੋਰ। (www.facebook.com)

ਕਿਸਾਨਾਂ ਲਈ ਇਹ ਸੰਕਟ ਇਸ ਕਰਕੇ ਵੱਡਾ ਹੋ ਜਾਂਦਾ ਹੈ ਕਿਉਂਕਿ ਇਕ ਤਾਂ ਇਹ ਉਨ੍ਹਾਂ ਦੀ ਛੇ ਮਹੀਨੇ ਜਾਂ ਸਾਲ ਦੀ ਫ਼ਸਲ ਦਾ ਨੁਕਸਾਨ ਕਰਦਾ ਹੈ ਦੂਜਾ ਇਸ ਦੇ ਨਾਲ-ਨਾਲ ਆਉਣ ਵਾਲੇ ਸਮੇਂ ਦੀਆਂ ਫ਼ਸਲਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਭਾਵ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਮੁੜ ਵਸੇਵੇਂ ਤੇ ਫ਼ਸਲਾਂ ਨੂੰ ਉਗਾਉਣ ਵਿਚ ਅਤਿਅੰਤ ਕਠਿਨਾਈਆਂ ਆਉਂਦੀਆਂ ਹਨ। ਪੰਜਾਬ ਸਰਕਾਰ ਦੇ ਸਰਕਾਰੀ ਅੰਕੜਿਆਂ ਮੁਤਾਬਿਕ 4.25 ਲੱਖ ਏਕੜ ਵਾਹੀਯੋਗ ਜ਼ਮੀਨ ਹੜ੍ਹਾਂ ਤੋਂ ਪ੍ਰਭਾਵਿਤ ਹੋਈ ਹੈ। ਹੜ੍ਹਾਂ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਨਾਲ ਤਤਕਾਲੀਨ ਨਜਿੱਠਣ ਲਈ ਕਈ ਸਮਾਜ ਸੇਵੀ ਸੰਸਥਾਵਾਂ, ਪੰਜਾਬ ਦੇ ਪਿੰਡਾਂ ਦੇ ਆਮ ਲੋਕ, ਸਰਕਾਰਾਂ ਆਦਿ ਅੱਗੇ ਆਏ ਪਰੰਤੂ ਵਿਚਾਰਣ ਵਾਲੀ ਗੱਲ ਇਹ ਵੀ ਹੈ ਕਿ ਇਹ ਸਮੱਸਿਆ ਕੁੱਝ ਦਿਨਾਂ ਦੀ ਨਹੀਂ ਸਗੋਂ ਅਸਲ ਪ੍ਰੀਖਿਆ ਤਾਂ ਹੜ੍ਹਾਂ ਤੋਂ ਬਾਅਦ ਸਾਹਮਣੇ ਆਈ ਜਦੋਂ ਪ੍ਰਭਾਵਿਤ ਲੋਕਾਂ ਲਈ ਮੁੜ ਵਸੇਵੇਂ ਦੇ ਕੰਮ ਸ਼ੁਰੂ ਹੋਏ। ਪਾਣੀ ਦੀ ਮਾਰ ਹੇਠ ਆਏ ਘਰਾਂ ਵਿਚੋਂ ਪਾਣੀ ਤੇ ਗਾਰ ਨੂੰ ਬਾਹਰ ਕੱਢਦਿਆਂ ਉਹਨਾਂ ਦੇ ਘਰੇਲੂ ਸਮਾਨ ਦੇ ਹੋਏ ਨੁਕਸਾਨ ਨੂੰ ਦੇਖ ਕੇ ਲੋਕਾਂ ਦੇ ਦਿਲ ਪਸੀਜ ਗਏ। ਕੁੱਝ ਦਿਨ ਦੇ ਰਾਸ਼ਨ ਤੇ ਰਾਹਤ ਕਾਰਜਾਂ ਤੋਂ ਬਾਅਦ ਇਹਨਾਂ ਲੋਕਾਂ ਦੀ ਸਾਰ ਲੈਣ ਲਈ ਮੁੜ ਸਰਕਾਰ ਵੱਲੋਂ ਕੋਈ ਉਚੇਚੇ ਪ੍ਰਬੰਧ ਨਾ ਕੀਤੇ ਗਏ। ਅਨੇਕਾਂ ਥਾਵਾਂ ਤੇ ਇਸ ਮੁਸੀਬਤ ਕਾਰਨ ਫੈਲੀਆਂ ਬਿਮਾਰੀਆਂ ਨਾਲ ਲੋਕ ਅਜੇ ਵੀ ਜੂਝ ਰਹੇ ਹਨ। ਵਾਹੀ ਯੋਗ ਜ਼ਮੀਨ ਉੱਪਰ ਗਾਰ ਅਤੇ ਰੇਤ ਦੀ ਪਰਤ ਚੜ੍ਹ ਜਾਣ ਨਾਲ ਉੱਥੇ ਫ਼ਸਲਾਂ ਬੀਜਣ ਵਿਚ ਅਨੇਕਾਂ ਸਮੱਸਿਆਵਾਂ ਆ ਰਹੀਆਂ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਿੱਟੀ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਤੇ ਮਿੱਟੀ ਰਸਾਇਣ ਵਿਗਿਆਨੀ ਡਾ. ਰਾਜੀਵ ਸਿੱਕਾ ਦਾ ਕਹਿਣਾ ਹੈ ਕਿ ਹੜ੍ਹਾਂ ਦੌਰਾਨ ਦਰਿਆਵਾਂ ਦਾ ਪਾਣੀ ਰੇਤਾ ਅਤੇ ਗਾਰ ਰੋੜ ਕੇ ਆਪਣੇ ਨਾਲ ਲੈ ਆਉਂਦਾ ਹੈ। ਉਹ ਦੱਸਦੇ ਹਨ, "ਹੜ੍ਹਾਂ ਦੀ ਮਾਰ ਹੇਠਾਂ ਆਈਆਂ ਜ਼ਮੀਨਾਂ ਵਿਚ ਰੇਤਾ ਅਤੇ ਗਾਰ ਇੱਕਠਾ ਹੋ ਜਾਂਦਾ ਹੈ ਅਤੇ ਇਸ ਦੀ ਪਰਤ ਜੰਮ ਜਾਂਦੀ ਹੈ। ਇਸ ਜੰਮੀ ਹੋਈ ਪਰਤ ਵਿਚ ਨਾ ਤਾਂ ਨਵੀਂ ਫ਼ਸਲ ਬੀਜੀ ਜਾ ਸਕਦੀ ਹੈ ਅਤੇ ਨਾਹੀ ਨਵੀਂ ਫ਼ਸਲ ਉੱਗ ਸਕਦੀ ਹੈ ਇਸ ਤੋਂ ਇਲਾਵਾ ਹੜ੍ਹਾਂ ਦੌਰਾਨ ਜ਼ਮੀਨਾਂ ਵਿਚ ਖਾਰ ਅਤੇ ਟੋਏ ਪੈ ਜਾਂਦੇ ਹਨ। ਜ਼ਮੀਨ ਇਕ ਬਰਾਬਰ ਜਾਂ ਪੱਧਰ ਨਹੀਂ

ਰਹਿੰਦੀ। ਇਸ ਤੋਂ ਇਲਾਵਾ ਕਈ ਵਾਰ ਹੜ੍ਹ ਆਪਣੇ ਨਾਲ ਜ਼ਮੀਨ ਰੋੜ੍ਹ ਕੇ ਵੀ ਲੈ ਜਾਂਦੇ ਹਨ ਜਾਂ ਜ਼ਮੀਨ ਖਿਸਕ ਜਾਂਦੀ ਹੈ। ਅਜਿਹੀਆਂ ਕਈ ਹੋਰ ਸਮੱਸਿਆਵਾਂ ਹਨ ਜੋ ਹੜ੍ਹ ਕਾਰਨ ਪੈਦਾ ਹੋਈਆਂ ਹਨ।

ਹੁਣ ਇਸ ਸਮੱਸਿਆ ਦੇ ਹੋਰ ਪਹਿਲੂਆਂ ਨੂੰ ਦੇਖੀਏ ਤਾਂ ਅਨੇਕਾਂ ਸਵਾਲ ਮਨ ਵਿਚ ਆਉਂਦੇ ਹਨ ਜੋ ਸਿੱਧੇ ਤੌਰ ਤੇ ਸਰਕਾਰਾਂ ਨੂੰ ਕਟਿਹਰੇ ਵਿਚ ਖੜ੍ਹਾ ਕਰ ਦਿੰਦੇ ਹਨ। ਇਨ੍ਹਾਂ ਸਵਾਲਾਂ ਵਿਚ ਮੁੱਖ ਸਵਾਲ ਇਹ ਉੱਠਦੇ ਹਨ ਕਿ

- ਹਰ ਸਾਲ ਪੇਸ਼ ਆ ਰਹੀ ਇਸ ਸਮੱਸਿਆ ਨੂੰ ਧਿਆਨ ਵਿਚ ਰੱਖਦਿਆਂ ਸਰਕਾਰਾਂ ਵੱਲੋਂ ਅਣਸੁਖਾਵੀਆਂ ਪ੍ਰਸਥਿਤੀਆਂ ਨਾਲ ਨਜਿੱਠਣ ਲਈ ਪਹਿਲਾਂ ਤੋਂ ਪੁਖਤਾ ਪ੍ਰਬੰਧ ਕਿਉਂ ਨਹੀਂ ਕੀਤੇ ਜਾਂਦੇ।
- ਡੈਮ ਵਿਵਸਥਾ ਨੂੰ ਸਮਾਂ ਰਹਿੰਦਿਆਂ ਕਿਉਂ ਨਹੀਂ ਸੁਧਾਰਿਆ ਜਾ ਸਕਦਾ।
- ਸਮਾਂ ਰਹਿੰਦੇ ਡੈਮਾਂ ਨੂੰ ਹੌਲੀ-ਹੌਲੀ ਖਾਲੀ ਕਰ ਕੇ ਇਸ ਵਿਚੋਂ ਪਾਣੀ ਦੀ ਉਚਿਤ ਮਾਤਰਾ ਕਿਉਂ ਨਹੀਂ ਘਟਾਈ ਜਾਂਦੀ ਤਾਂ ਕਿ ਵਧੇਰੇ ਮੀਂਹਾਂ ਵਿਚ ਮੁਸੀਬਤਾਂ ਤੋਂ ਬਚਿਆ ਜਾ ਸਕੇ।
- ਦਰਿਆ, ਨਹਿਰਾਂ, ਨਾਲਿਆਂ ਦੀ ਸਫ਼ਾਈ ਵਿਵਸਥਾ ਵੇਲੇ ਸਿਰ ਕਿਉਂ ਨਹੀਂ ਕਰਵਾਈ ਜਾਂਦੀ।
- ਦਰਿਆ ਦੇ ਬੰਨ੍ਹਾਂ ਦੀ ਸਾਂਭ-ਸੰਭਾਲ ਤੇ ਪੱਕੇ ਬੰਨ੍ਹ ਕਰਨ ਦੀ ਪ੍ਰਕਿਰਿਆ ਨੂੰ ਵਕਤ ਰਹਿੰਦੇ ਕਿਉਂ ਪੂਰਾ ਨਹੀਂ ਕੀਤਾ ਜਾਂਦਾ।
- ਫ਼ਸਲਾਂ ਦੇ ਬੀਮੇ ਕਰਨ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ।

ਅਜਿਹੇ ਅਨੇਕਾਂ ਹੀ ਸਵਾਲ ਸਰਕਾਰ ਦੀ ਮੰਸ਼ਾ ਉੱਪਰ ਸਵਾਲੀਆ ਨਿਸ਼ਾਨ ਲਗਾਉਂਦੇ ਹਨ ਪਰ ਹਰ ਵਾਰ ਦੀ ਤਰ੍ਹਾਂ ਇਹ ਸਵਾਲ ਸਮਾਂ ਪਾ ਕੇ ਧੁੰਦਲੇ ਹੋ ਜਾਂਦੇ ਨੇ ਤੇ ਮੁੜ ਸਮੱਸਿਆ ਦੇ ਸਮੇਂ ਸਾਡੇ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਹਨ। ਬੇਝਿਜਕ ਇਹ ਗੱਲ ਕਹੀ ਜਾ ਸਕਦੀ ਹੈ ਕਿ ਆਮ ਲੋਕਾਂ ਨੇ ਇਨ੍ਹਾਂ ਮੁਸੀਬਤਾਂ ਨਾਲ ਲੜ ਕੇ ਆਪਣੀ ਹਿੰਮਤ ਤੇ ਦਲੇਰੀ ਨਾਲ ਇਨ੍ਹਾਂ ਮੁਸੀਬਤਾਂ ਨੂੰ ਹਰਾਇਆ ਹੈ

ਪਰ ਕੀ ਨੀਤੀ ਘਾੜੇ ਇਨ੍ਹਾਂ ਸਮੱਸਿਆਵਾਂ ਤੋਂ ਅਣਜਾਣ ਹਨ। ਸਰਕਾਰਾਂ ਵੱਲੋਂ ਮੁਆਵਜੇ ਦੇਣ ਦੀਆਂ ਗੱਲਾਂ ਵੀ ਕੁੱਝ ਕੁ ਖੇਤਰਾਂ ਵਿਚ ਹੀ ਸੀਮਤ ਰਹੀਆਂ (ਜਿੱਥੇ ਚੋਣਾਂ ਨੇੜੇ ਹੋਣ) ਇਸ ਤੋਂ ਛੁੱਟ ਮੁਆਵਜਿਆਂ ਦੇ ਸਿਰਫ ਐਲਾਨ ਹੀ ਹੋਏ ਹਨ ਜਾਂ ਇਨ੍ਹਾਂ ਮੁਆਵਜਿਆਂ ਦੇ ਨਾਂ ਤੇ ਨਿਗੁਣੀਆਂ ਰਕਮਾਂ ਦੇ ਕੇ ਲੋਕਾਂ ਨਾਲ ਕੇਵਲ ਮਜ਼ਾਕ ਹੀ ਕੀਤੇ ਗਏ ਹਨ। ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਤੇ ਪੰਜਾਬ ਦੇ ਲੋਕਾਂ ਨੇ ਇਸ ਮੁਸ਼ਕਿਲ ਘੜੀ ਵਿਚ ਇਕ ਦੂਜੇ ਦੀ ਬਾਂਹ ਫੜਦਿਆਂ ਸੰਕਟ ਤੋਂ ਬਾਹਰ ਕੱਢਣ ਦਾ ਉਪਰਾਲਾ ਕੀਤਾ ਹੈ। ਪਿੰਡਾਂ ਦੇ ਪਿੰਡ ਗੋਦ ਲਏ ਗਏ ਤੇ ਉਨ੍ਹਾਂ ਦੀ ਦੇਖ ਭਾਲ ਦੇ ਨਾਲ-ਨਾਲ ਉੱਥੇ ਮੁੜ ਜਨ-ਜੀਵਨ ਨੂੰ ਪਟੜੀ ਤੇ ਲੈ ਕੇ ਆਉਣ ਲਈ ਯਤਨ ਕੀਤੇ ਜਾ ਰਹੇ ਨੇ। ਪਰੰਤੂ ਆਰਥਿਕ ਤੌਰ ਤੇ ਹੜ੍ਹਾਂ ਨੇ ਪੰਜਾਬ ਦੀ ਕਿਸਾਨੀ ਨੂੰ ਬੁਰੀ ਤਰ੍ਹਾਂ ਹਲੂਣ ਕੇ ਆਰਥਿਕ ਤੌਰ ਤੇ ਵੱਡਾ ਫੱਟ ਦਿੱਤਾ ਹੈ।

ਸੋ ਕਿਸਾਨੀ ਸੰਕਟ ਨੂੰ ਗਹਿਰਾਈ ਨਾਲ ਜਾਣਨ ਲਈ ਇਸ ਸੰਕਟ ਦੇ ਆਰਥਿਕ ਸਰੋਕਾਰਾਂ ਦਾ ਅਧਿਐਨ ਅਤਿ ਜ਼ਰੂਰੀ ਹੈ। ਜਿੱਥੇ ਅਸਿੱਧੇ ਰੂਪ ਵਿਚ ਕਿਸਾਨੀ ਸੰਕਟ ਧਨ ਦੀ ਤੰਗੀ ਵੱਲ ਇਸ਼ਾਰਾ ਕਰਦਾ ਹੈ ਉੱਥੇ ਹੀ ਇਸ ਸੰਕਟ ਦੀਆਂ  ਜੜ੍ਹਾਂ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਆਦਿ ਚੁਗਿਰਦੇ ਵਿਚ ਫੈਲੀਆਂ ਹੋਈਆਂ ਹਨ। ਸਮਕਾਲੀ ਪੰਜਾਬੀ ਕਵਿਤਾ ਵਿਚ ਇਸ ਆਰਥਿਕ ਤੰਗੀ ਦੇ ਇਨ੍ਹਾਂ ਪਹਿਲੂਆਂ ਨੂੰ ਫਰੋਲਦਿਆ ਬਹੁਤ ਸਾਰੇ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਇਸ ਸੰਕਟ ਦੇ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਕਿਸਾਨ ਜੀਵਨ ਵਿਚਲੇ ਆਰਥਿਕ ਸੰਕਟ ਦੀ ਪੜਚੋਲ ਕਰੀਏ ਤਾਂ ਇਸ ਕਿੱਤੇ ਦਾ ਆਰੰਭਕ ਕਾਰਜ ਜ਼ਮੀਨ ਨੂੰ ਵਾਹੁਣਾ, ਬੀਜਣਾ ਹੈ ਤੇ ਇਸ ਆਰੰਭਕ ਕਾਰਜ ਤੋਂ ਲੈ ਕੇ ਫ਼ਸਲਾਂ ਦੀ ਕਟਾਈ ਤੱਕ ਹਰ ਮੋੜ ਤੇ ਇਹ ਸੰਕਟ ਪਹਿਲਾਂ ਨਾਲੋਂ ਡੂੰਘਾ ਹੁੰਦਾ ਜਾਂਦਾ ਹੈ। ਫਸਲਾਂ ਦੇ ਮਹਿੰਗੇ ਬੀਜ, ਖਾਦਾਂ ਤੇ ਇਨ੍ਹਾਂ ਲਈ ਲੋੜੀਂਦੀ ਰਾਸ਼ੀ ਨੇ ਕਿਸਾਨਾਂ ਲਈ ਸੰਕਟ ਖੜ੍ਹਾ ਕੀਤਾ ਹੈ।

ਅੱਗੇ ਚੱਲ ਕਿ ਫ਼ਸਲ ਦੀ ਸਾਂਭ-ਸੰਭਾਲ ਲਈ ਵਰਤੇ ਜਾਂਦੇ ਦਵਾਈਆਂ, ਕੀਟ ਨਾਸ਼ਕ ਆਦਿ ਦੀ ਪੂਰਤੀ ਲਈ ਫਿਰ ਤੋਂ ਧਨ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਜ਼ਰੂਰਤਾਂ ਦੀ ਪੂਰਤੀ ਲਈ ਫਿਰ ਕਿਸਾਨ ਕੋਲ ਜਦੋਂ ਕੋਈ ਉਪਯੁਕਤ ਰਾਹ ਨਹੀਂ ਹੁੰਦਾ ਤਾਂ ਉਹ ਕਰਜ਼ਿਆਂ ਵੱਲ ਨੂੰ ਕਦਮ ਵਧਾਉਂਦੇ ਹਨ। ਫਸਲ ਪੱਕਣ ਉੱਪਰੰਤ ਵੀ ਕਦੇ ਮੌਸਮ

ਦੀ ਮਾਰ ਤੇ ਕਦੇ ਮੰਡੀਆਂ ਵਿਚ ਹੁੰਦੀ ਖੱਜਲ-ਖੁਆਰੀ ਕਿਸਾਨੀ ਦੀ ਸਮੱਸਿਆਵਾਂ ਨੂੰ ਵਧਾ ਦਿੰਦਾ ਹੈ। ਉਪਰੋਕਤ ਪੇਸ਼ ਕੀਤੇ ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਦੇਸ਼ ਦੀ ਕਿਸਾਨੀ ਸਿਰ ਕਰਜ਼ਿਆਂ ਦਾ ਭਾਰ ਇਨ੍ਹਾਂ ਜ਼ਿਆਦਾ ਹੈ ਕਿ ਇਸ ਭਾਰ ਹੇਠ ਦੱਬਿਆ ਕਿਸਾਨ ਮੁੜ ਉੱਠ ਨਹੀਂ ਪਾਉਂਦਾ। ਅਨੇਕਾਂ ਸਰਕਾਰੀ ਕਮੇਟੀਆਂ ਦੀਆਂ ਰਿਪੋਰਟਾਂ ਅਤੇ ਖੇਤੀ ਮਾਹਿਰਾਂ ਵੱਲੋਂ ਇਸ ਗੱਲ ਉੱਪਰ ਸਹਿਮਤੀ ਦਿੱਤੀ ਗਈ ਹੈ ਕਿ ਕਿਸਾਨਾਂ ਨੂੰ ਘੱਟ ਤੋਂ ਘੱਟ ਦਰਾਂ ਉੱਪਰ ਕਰਜ਼ਾ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ ਜਾਂ ਵੱਡੇ ਪੱਧਰ ਤਰ ਆਰਥਿਕ ਬੋਝ ਸਹਿਣ ਕਰਨ ਵਾਲੀ ਨਿਮਨ ਕਿਸਾਨੀ ਲਈ ਕੁੱਝ ਵਿਸ਼ੇਸ਼ ਪ੍ਰਕਾਰ ਦੀ ਸਹੂਲਤ ਹੋਣੀ ਚਾਹੀਦੀ ਹੈ, ਪਰੰਤੂ ਇਹ ਗੱਲਾਂ ਕੇਵਲ ਚੋਣਾਂ ਵੇਲੇ ਤੱਕ ਯਾਦ ਰੱਖੀਆਂ ਜਾਂਦੀਆਂ ਹਨ ਤੇ ਜਿਉਂ ਹੀ ਚੋਣਾਂ ਖਤਮ ਹੁੰਦੀਆਂ ਹਨ ਇਹ ਮੁੱਦਾ ਠੰਢੇ ਬਸਤੇ ਵਿਚ ਪਾ ਦਿੱਤਾ ਜਾਂਦਾ ਹੈ। ਕਰਜ਼ ਦੇ ਜਾਲ ਵਿਚ ਇਕ ਵਾਰ ਫਸ ਜਾਣ ਤੇ ਇਸ ਵਿਚੋਂ ਨਿਕਲਣਾ ਕਿਸਾਨ ਲਈ ਅਤਿਅੰਤ ਮੁਸ਼ਕਿਲ ਹੋ ਜਾਂਦਾ ਹੈ ਤੇ ਨਿਰੰਤਰ ਵੱਧਦੇ ਕਰਜ਼ ਦੇ ਇਸ ਬੋਝ ਦੀ ਪੰਡ ਜਦੋਂ ਦਿਨ ਪ੍ਰਤੀ ਦਿਨ ਭਾਰੀ ਹੁੰਦੀ ਜਾਂਦੀ ਹੈ ਤੇ ਕਿਸਾਨਾਂ ਕੋਲ ਇਸ ਕਰਜ਼ ਨੂੰ ਮੋੜਨ ਦਾ ਕੋਈ ਹੋਰ ਰਾਹ ਨਹੀਂ ਰਹਿ ਜਾਂਦਾ। ਇਸੇ ਅਸਮਰਥਤਾ ਤੋਂ ਪਿੱਛੇ ਉਹਨਾਂ ਵੱਲੋਂ ਆਤਮ-ਹੱਤਿਆ ਵਾਲਾ ਬੁਝਦਿਲੀ ਭਰਿਆ ਕਦਮ ਵੀ ਚੁੱਕ ਲਿਆ ਜਾਂਦਾ ਹੈ। ਜਦੋਂ ਜ਼ਮੀਨਾਂ ਗਹਿਣੇ ਪੈ ਗਈਆਂ ਹੋਣ, ਕਰਜ਼ ਵਾਪਸੀ ਲਈ ਕਦੇ ਬੈਂਕਾਂ ਤੋਂ ਆਉਂਦੇ ਬੇਇੱਜ਼ਤੀ ਭਰੇ ਸੁਨੇਹੇ ਤੇ ਕਦੇ ਸ਼ਾਹ ਜਾਂ ਆੜਤੀਏ ਦੁਆਰਾ ਕੀਤੀ ਜਾਂਦੀ ਬੇਪੱਤੀ ਦੇ ਅੱਗੇ ਬੇਵੱਸ ਹੋਇਆ ਕਿਸਾਨ ਕੁੱਝ ਅਜਿਹੇ ਰਾਹ ਚੁਣਨ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਉਸ ਕੋਲ ਹੋਰ ਕੋਈ ਸਾਧਨ ਹੀ ਨਹੀਂ ਬੱਚਦਾ। ਇਸ ਪ੍ਰਕਾਰ ਕਿਸਾਨ ਆਤਮਹੱਤਿਆਵਾਂ ਵਰਗਾ ਕਾਰਜ ਵੀ ਬੁਰੇ ਆਰਥਿਕ ਪ੍ਰਬੰਧ ਦੀ ਹੀ ਦੇਣ ਹੈ। ਇਸਦੇ ਨਾਲ ਹੀ ਹੜ੍ਹ ਵਰਗੀਆਂ ਕਰੋਪੀਆਂ ਨੇ ਵੀ ਕਿਸਾਨੀ ਨੂੰ ਆਰਥਿਕ ਪੱਖੋਂ ਵੱਡੀ ਮਾਰ ਮਾਰੀ ਹੈ ਜਿਸ ਕਾਰਨ ਉਪਜੀਆਂ ਮਾੜੀਆਂ ਆਰਥਿਕ ਪ੍ਰਸਥਿਤੀਆਂ ਨੇ ਪੰਜਾਬ ਦੇ ਕਿਸਾਨਾਂ ਦੀ ਹਾਲਤ ਨੂੰ ਬਦ ਤੋਂ ਬਦਤਰ ਕਰਨ ਵਿਚ ਆਪਣਾ ਰੋਲ ਨਿਭਾਇਆ ਹੈ।

## ਸਾਰ ਅਤੇ ਸਥਾਪਨਾਵਾਂ

ਪ੍ਰਸਤੁਤ ਖੋਜ ਕਾਰਜ 'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ ਸਭਿਆਚਾਰਕ ਪਰਿਪੇਖ' (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿਚ) ਸਮਕਾਲੀ ਪੰਜਾਬੀ ਕਵਿਤਾ ਵਿਚ ਪੇਸ਼ ਪੰਜਾਬ ਦੇ ਕਿਸਾਨੀ ਸੰਕਟ ਦੇ ਸਮਾਜ-ਸਭਿਆਚਾਰਕ ਪਰਿਪੇਖ ਅਧੀਨ ਬਹੁਪੱਖੀ ਮੁੱਦਿਆਂ ਨੂੰ ਸੰਬੋਧਨ ਕਰਦਿਆਂ ਇਸਦੇ ਵਿਭਿੰਨ ਪਾਸਾਰਾਂ ਦੀ ਉਸਾਰੀ ਕਰਦਾ ਹੈ। ਸਮਕਾਲੀ ਪੰਜਾਬੀ ਕਾਵਿ ਦਾ ਇਕ ਅਹਿਮ ਸਿਰਜਨਾਤਮਕ ਸਰੋਕਾਰ ਕਿਸਾਨੀ ਯਥਾਰਥ ਦੇ ਸੰਦਰਭ ਵਿਚ ਉਨ੍ਹਾਂ ਕਾਰਨਾਂ ਦਾ ਵਿਸ਼ਲੇਸ਼ਣ ਅਤੇ ਵਿਵੇਚਨ ਕਰਨਾ ਹੈ ਜੋ ਕਿਸਾਨੀ ਸੰਕਟ ਦੇ ਮੂਲ ਕਾਰਨਾਂ ਵੱਜੋਂ ਸਥਾਪਿਤ ਹੋਏ ਹਨ ਅਤੇ ਫੇਰ ਉਨ੍ਹਾਂ ਪ੍ਰਭਾਵਾਂ ਦੀ ਨਿਸ਼ਾਨਦੇਹੀ ਦਾ ਉਪਰਾਲਾ ਹੈ ਜੋ ਕਿਸਾਨੀ ਸੰਕਟ ਨਾਲ ਪੈਦਾ ਹੋਏ ਹਨ। ਦੇਸ਼ ਦੇ ਵਿਕਾਸ ਲਈ ਕਿਸਾਨੀ ਨੂੰ ਖੁਸ਼ਹਾਲ ਬਣਾਉਣਾ ਜ਼ਰੂਰੀ ਹੈ। ਕਿਸਾਨ ਦੇਸ਼ ਦਾ ਅੰਨਦਾਤਾ ਹੈ। ਕਿਸਾਨ ਕਿਸੇ ਵੀ ਸਭਿਆਚਾਰਕ ਅਤੇ ਆਰਥਿਕ ਸੰਰਚਨਾ ਦੀ ਆਧਾਰਸ਼ੀਲਾ ਹੁੰਦੇ ਹਨ। ਉਹ ਨਾ ਸਿਰਫ਼ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ, ਸਗੋਂ ਦਵਸ਼ ਦੀ ਆਰਥਿਕਤਾ, ਰੁਜ਼ਗਾਰ ਅਤੇ ਸਮਾਜਿਕ ਸਥਿਰਤਾ ਵਿਚ ਵੀ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਕਿਸਾਨਾਂ ਬਿਨਾਂ ਕਿਸੇ ਵੀ ਵਿਕਸਿਤ ਜਾਂ ਵਿਕਾਸਸ਼ੀਲ ਰਾਸ਼ਟਰ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸੋ ਕਿਸਾਨੀ ਮੁੱਦਾ ਸਮਕਾਲੀ ਸਮਿਆਂ ਵਿਚ ਉੱਤਮ ਕਾਵਿ-ਸਾਹਿਤਿਕ ਰਚਨਾ ਦਾ ਕੇਂਦਰੀ ਸਰੋਕਾਰ ਰਹੀ ਹੈ। ਸਮਕਾਲੀ ਪੰਜਾਬੀ ਕਵਿਤਾ ਕਿਸਾਨੀ ਸੰਕਟ ਨਾਲ ਜੁੜੇ ਬਹੁਤ ਸਾਰੇ ਪਹਿਲੂਆਂ ਨੂੰ ਮੁਖਾਤਿਬ ਹੁੰਦੀ ਇਹ ਸਪੱਸ਼ਟ ਕਰਦੀ ਹੈ ਕਿ ਇਹ ਸੰਕਟ ਮਹਿਜ਼ ਪੰਜਾਬ ਜਾਂ ਭਾਰਤ ਦਾ ਹੀ ਨਹੀਂ ਸਗੋਂ ਰਾਜਨੀਤੀ ਤੇ ਪੂੰਜੀਵਾਦ ਦੁਆਰਾ ਪੈਦਾ ਕੀਤਾ ਸੰਕਟ ਹੈ। ਖੇਤਾਂ ਵਿਚ ਪੈਦਾ ਹੋਏ ਦਾਣਿਆਂ ਦਾ ਬਾਜ਼ਾਰ ਦੇ ਮੁਨਾਫ਼ਾ ਆਧਾਰਿਤ ਮੁੱਲਾਂ ਨਾਲ ਵਿਰੋਧ ਹੈ। ਇਸ ਵਿਰੋਧ ਵਿਚ ਕਿਸਾਨੀ ਹੇਠਲੇ ਟੰਬੇ ਉੱਤੇ ਖੜ੍ਹੀ ਹੈ। ਸਮਕਾਲੀ ਪੰਜਾਬੀ ਕਵਿਤਾ ਆਪਣੇ ਪਾਠਕ ਨੂੰ ਇਸ ਵਰਤਾਰੇ ਨੂੰ ਸਮਝਣ ਦੀ ਸੂਝ ਅਤੇ ਸੰਵੇਦਨਾ ਬਖ਼ਸ਼ਦੀ ਹੈ ਤੇ ਇਸ ਖੋਜ ਕਾਰਜ ਰਾਹੀਂ ਕਿਸਾਨ, ਕਿਸਾਨੀ ਅਤੇ ਕਿਸਾਨੀ ਸੰਕਟ ਦੇ ਵਿਭਿੰਨ ਸਰੋਕਾਰਾਂ ਦੇ ਨਵੇਂ ਵਿਸਥਾਰ, ਡੂੰਘਿਆਈਆਂ ਅਤੇ ਸੰਭਾਵਨਾਵਾਂ ਨੂੰ ਪਛਾਣਨ ਦਾ ਯਤਨ ਹੈ।

ਪੰਜਾਬ ਅਤੇ ਕਿਸਾਨੀ ਆਪਸ ਵਿਚ ਇਸ ਤਰ੍ਹਾਂ ਰੱਲ-ਗੱਡ ਹਨ ਕਿ ਪੰਜਾਬ ਜਾਂ ਪੰਜਾਬੀਅਤ ਬਾਰੇ ਗੱਲ ਕਰਦਿਆਂ ਕਿਸਾਨ ਜਾਂ ਕਿਸਾਨੀ ਜੀਵਨ ਨੂੰ ਇਕ ਪਲ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਦੋਂ ਸਾਹਿਤ ਰਾਹੀਂ ਸਮਾਜ ਦੇ ਚਿਤਰਣ ਦੀ ਗੱਲ ਹੁੰਦੀ ਹੈ ਤਾਂ ਪੰਜਾਬੀ ਸਾਹਿਤ ਵਿਚ ਕਿਸਾਨੀ ਜੀਵਨ ਦੀ ਪੇਸ਼ਕਾਰੀ ਇਕ ਸ਼ਕਤੀਸ਼ਾਲੀ ਵਰਤਾਰੇ ਦੇ ਰੂਪ ਵਿਚ ਹੁੰਦੀ ਹੈ। ਪੰਜਾਬੀ ਸਾਹਿਤ ਦੇ ਮੁੱਢਲੇ ਰੂਪ ਕਵਿਤਾ ਵਿਚ ਵੀ ਅਜਿਹਾ ਚਿਤਰਣ ਮੁੱਢ ਤੋਂ ਦੇਖਣ ਨੂੰ ਮਿਲਦਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਦੀ ਪੇਸ਼ਕਾਰੀ ਦਾ ਰੁਝਾਨ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਅੰਦਰ ਕਾਫੀ ਵਧਿਆ ਹੈ, ਜਿਸ ਨੂੰ ਦੇਖਦਿਆਂ 'ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਪਰਿਪੇਖ' ਖੋਜ ਕਾਰਜ ਰਾਹੀਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਪੰਜਾਬੀ ਕਾਵਿ ਜਗਤ ਵਿਚ ਕਿਸਾਨੀ ਸੰਕਟ ਦੀ ਪੇਸ਼ਕਾਰੀ, ਸੰਕਟ ਦੇ ਮੂਲ ਕਾਰਨਾਂ ਅਤੇ ਇਸ ਵਿਸ਼ੇ ਨਾਲ ਜੁੜੇ ਸਰੋਕਾਰਾਂ ਦਾ ਮੁਲਾਂਕਣ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਖੋਜ ਕਾਰਜ ਨੂੰ ਸੁਚੱਜੀ ਵਿਵਸਥਾ ਵਿਚ ਬੰਨਣ ਲਈ ਖੋਜ-ਪ੍ਰਬੰਧ ਨੂੰ ਪੰਜ ਅਧਿਆਇਆਂ ਅਧੀਨ ਵੱਖ-ਵੱਖ ਭਾਗਾਂ ਅਤੇ ਉਪ-ਭਾਗਾਂ ਵਿਚ ਵੰਡਿਆ ਗਿਆ ਹੈ। ਇਸ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ 'ਸਿਧਾਂਤਕ ਪਰਿਪੇਖ' ਨੂੰ ਕੁੱਝ ਨੁਕਤਿਆਂ ਜਿਵੇਂ ਪੂਰਵ ਖੋਜ ਕਾਰਜ, ਖੋਜ ਕਾਰਜ ਦੀ ਸਾਰਥਕਤਾ, ਖੋਜ ਕਾਰਜ ਦੇ ਉਦੇਸ਼, ਪਹੁੰਚ ਵਿਧੀ, ਪੰਜਾਬੀ ਕਵਿਤਾ ਦੇ ਵਿਸ਼ੇ ਤੇ ਰੁਝਾਨਾਂ, ਸਮਾਜ-ਸਭਿਆਚਾਰਕ ਅਧਿਐਨ ਵਿਧੀ ਆਦਿ ਨੁਕਤਿਆਂ ਅਧੀਨ ਵੰਡ ਕੇ ਸਿਧਾਂਤਕ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ।

ਇਸ ਕਾਰਜ ਲਈ ਪਹਿਲੇ ਅਧਿਆਇ ਸਿਧਾਂਤਕ ਪਰਿਪੇਖ ਦੇ ਅੰਤਰਗਤ ਮੁੱਢਲਾ ਕਾਰਜ ਪੂਰਵ ਖੋਜ ਕਾਰਜਾਂ ਦਾ ਅਧਿਐਨ ਕੀਤਾ ਗਿਆ ਹੈ। ਜਿਸ ਰਾਹੀਂ ਖੋਜ ਕਾਰਜ ਦੇ ਨਿਵੇਕਲਾ ਹੋਣ ਦੀ ਪੁਸ਼ਟੀ ਅਤੇ ਮੌਲਿਕਤਾ ਪ੍ਰਮਾਣਿਤ ਕੀਤੀ ਗਈ ਹੈ। ਵੱਖ-ਵੱਖ ਯੂਨੀਵਰਸਿਟੀਆਂ ਵਿਚ ਪਹਿਲਾਂ ਹੋ ਚੁੱਕੇ ਖੋਜ ਕਾਰਜਾਂ, ਖੋਜ-ਪੱਤਰਾਂ ਦਾ ਅਧਿਐਨ ਕਰਨ ਉਪਰੰਤ ਇਹ ਪਾਇਆ ਗਿਆ ਹੈ ਕਿ ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਦੇ ਸਮਾਜ-ਸਭਿਆਚਾਰਕ ਅਧਿਐਨ ਸੰਬੰਧੀ ਅਜੇ ਤੱਕ ਕੋਈ ਖੋਜ ਕਾਰਜ ਨਹੀਂ ਹੋਇਆ ਹੈ। ਜਿਹੜੇ ਵੀ ਹੁਣ ਤੱਕ ਖੋਜ-ਕਾਰਜ ਹੋਏ ਮਿਲਦੇ ਹਨ, ਉਹ ਪੰਜਾਬੀ ਕਹਾਣੀਆਂ ਅਤੇ ਨਾਵਲਾਂ ਵਿਚ ਕਿਸਾਨੀ ਸੰਕਟ ਦੀ ਗੱਲ ਕਰਦੇ ਹਨ ਜਾਂ

ਪੰਜਾਬੀ ਕਵਿਤਾ ਵਿਚ ਹੋਏ ਖੋਜ-ਕਾਰਜਾਂ ਵਿਚ ਕਿਸਾਨੀ ਸੰਕਟ ਨੂੰ ਛੱਡ ਹੋਰ ਵਿਸ਼ਿਆਂ ਬਾਰੇ ਗੱਲ ਕੀਤੀ ਹੋਈ ਹੈ। ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਅਧਿਐਨ ਵਿਸ਼ੇਸ਼ਕਰ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਸੰਦਰਭ ਵਿਚ ਕੋਈ ਖੋਜ ਕਾਰਜ ਸਾਹਮਣੇ ਨਹੀਂ ਆਇਆ। ਇਸ ਲਈ ਇਸ ਸਮੱਸਿਆ ਦੇ ਪੈਦਾ ਹੋਣ ਦੇ ਕਾਰਨਾਂ, ਇਸ ਸਮੱਸਿਆ ਕਾਰਨ ਉਪਜੀਆ ਸਮਾਜ-ਸਭਿਆਚਾਰਕ ਸਥਿਤੀਆਂ ਅਤੇ ਇਨ੍ਹਾਂ ਸਥਿਤੀਆਂ ਦੇ ਸਮਾਜ ਉੱਪਰ ਪੈ ਰਹੇ ਪ੍ਰਭਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਇਹ ਸਮੁੱਚਾ ਅਧਿਐਨ ਖੋਜ ਕਾਰਜ ਦੀ ਸਾਰਥਕਤਾ ਨੂੰ ਵੀ ਪ੍ਰਮਾਣਿਤ ਕਰਦਾ ਹੈ। ਇਸ ਖੋਜ ਪ੍ਰਬੰਧ ਰਾਹੀਂ ਸਮਾਜ ਵਿਚ ਪੈਦਾ ਹੋਈ ਕਿਸਾਨੀ ਕਾਵਿ ਚੇਤਨਾ ਨਾਲ ਸਿਰਜਿਤ ਸੰਵਾਦ ਖੋਜ-ਕਾਰਜ ਦੀ ਸਾਰਥਕਤਾ ਨੂੰ ਸਥਾਪਤ ਕਰਦਾ ਹੈ।

ਇਸ ਅਧਿਆਇ ਦੇ ਅਗਲੇ ਨੁਕਤੇ ਅਧੀਨ ਖੋਜ ਕਾਰਜ ਦੇ ਉਦੇਸ਼ਾਂ ਦੀ ਚਰਚਾ ਕੀਤੀ ਗਈ ਹੈ। ਪ੍ਰਸਤੁਤ ਖੋਜ ਕਾਰਜ ਦੇ ਪੰਜ ਉਦੇਸ਼ ਹਨ ਜਿਨ੍ਹਾਂ ਨੂੰ ਸਨਮੁਖ ਰੱਖ ਕੇ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਯਤਨ ਕੀਤਾ ਗਿਆ ਹੈ। ਖੋਜ ਕਾਰਜ ਦੇ ਪਹਿਲੇ ਉਦੇਸ਼ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ, ਵਿਕਾਸ ਅਤੇ ਇਸ ਦੇ ਵਿਭਿੰਨ ਪਸਾਰਾਂ ਨੂੰ ਸਮਝਦਿਆਂ ਹੋਇਆ ਜੀਵਨ ਵਿਕਾਸ ਦੀ ਇਤਿਹਾਸਿਕ ਪ੍ਰਸੰਗਕਤਾ ਵਿਚ ਕਿਸਾਨ ਦੀ ਭੂਮਿਕਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਉਦੇਸ਼ ਦੀ ਪੂਰਤੀ ਲਈ ਇਸ ਅਧਿਆਇ ਦੇ ਅਗਲੇ ਉਪਭਾਗ ਵਿਚ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ ਪ੍ਰਕਿਰਤੀ ਤੇ ਨਵੇਂ ਰੁਝਾਨਾਂ ਬਾਰੇ ਗੱਲ ਕਰਦਿਆਂ ਸਮਕਾਲ ਦੇ ਸਰੂਪ ਦੀ ਨਿਸ਼ਾਨਦੇਹੀ ਕੀਤੀ ਹੈ ਤੇ ਇਸ ਖੋਜ ਕਾਰਜ ਵਿਚਲੇ ਸਮਕਾਲ ਨੂੰ ਪ੍ਰਭਾਸ਼ਿਤ ਕਰਦਿਆਂ ਇਸ ਦਾ ਕਾਲ ਇੱਕੀਵੀਂ ਸਦੀ ਦਾ ਦੂਜਾ ਦਹਾਕੇ ਤੋਂ ਹੁਣ ਤੱਕ ਦਾ ਸਮਾਂ ਨਿਸ਼ਚਿਤ ਕਰਦਿਆਂ ਇਸ ਕਾਲ-ਖੰਡ ਵਿਚਲੀ ਪੰਜਾਬੀ ਕਵਿਤਾ ਨੂੰ ਵਿਚਾਰਣ ਦਾ ਨਿਰਣਾ ਲਿਆ ਗਿਆ। ਇਸ ਉਪਰੰਤ ਇਸੇ ਭਾਗ ਵਿਚ ਪੰਜਾਬੀ ਕਵਿਤਾ ਨੂੰ ਇਤਿਹਾਸਕ ਪਿੱਠਭੂਮੀ ਤੋਂ ਉਲੀਕਦਿਆਂ ਪੰਜਾਬੀ ਕਵਿਤਾ ਦੇ ਵਿਕਾਸ ਪੜਾਵਾਂ ਦਾ ਲੇਖਾ-ਜੋਖਾ ਕੀਤਾ ਗਿਆ ਹੈ। ਇਸੇ ਨਿਸ਼ਾਨਦੇਹੀ ਤੋਂ ਇਹ ਤੱਥ ਉਜਾਗਰ ਹੋਇਆ ਕਿ ਕਿਸਾਨੀ ਪੰਜਾਬ ਦਾ ਕੇਂਦਰੀ ਧੁਰਾ ਹੈ ਤੇ ਇਸ ਵਿਸ਼ੇ ਨੂੰ ਮੱਧ ਵਿਚ ਰੱਖ ਕੇ ਬਹੁਤ ਸਾਰੇ ਪੰਜਾਬੀਆਂ ਕਵੀਆਂ ਨੇ ਰਚਨਾਵਾਂ ਕੀਤੀਆਂ ਹਨ। ਕਵਿਤਾ ਦੇ ਸਰੂਪ, ਵਿਕਾਸ ਤੇ ਪੰਜਾਬੀ ਕਵਿਤਾ ਦੇ ਵਿਭਿੰਨ ਪਸਾਰਾਂ ਨੂੰ ਸਮਝਦਿਆਂ ਪੰਜਾਬ ਦੀ ਕਿਸਾਨ ਦੀ ਭੂਮਿਕਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਉਦੇਸ਼ ਦੀ

ਪੂਰਤੀ ਲਈ ਪੰਜਾਬ ਅਤੇ ਭਾਰਤ ਦੀ ਖੇਤੀ ਵਿਵਸਥਾ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਫਰੋਲਿਆ ਗਿਆ ਹੈ ਤਾਂ ਜੋ ਕਿਸਾਨ ਦੀ ਦਸ਼ਾ ਨੂੰ ਸਮਝਿਆ ਜਾ ਸਕੇ।

ਖੋਜ ਕਾਰਜ ਦੂਜੇ ਉਦੇਸ਼ ਸਮਕਾਲੀ ਪੰਜਾਬੀ ਕਵਿਤਾ ਵਿਚ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ ਦੀ ਪੂਰਤੀ ਖੋਜ ਕਾਰਜ ਦੇ ਬਾਕੀ ਚਾਰਾਂ ਅਧਿਆਇਆਂ ਵਿਚ ਨਾਲੋਂ-ਨਾਲ ਹੁੰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਦੂਜੇ ਅਧਿਆਇ ਵਿਚ ਸਭਿਆਚਾਰਕ, ਤੀਜੇ ਅਧਿਆਇ ਵਿਚ ਸਮਾਜਕ, ਚੌਥੇ ਅਧਿਆਇ ਵਿਚ ਰਾਜਨੀਤਿਕ ਅਤੇ ਪੰਜਵੇਂ ਅਧਿਆਇ ਵਿਚ ਆਰਥਿਕ ਸਰੋਕਾਰਾਂ ਨੂੰ ਕੇਂਦਰ ਵਿਚ ਰੱਖ ਕੇ ਸਮਕਾਲੀ ਪੰਜਾਬੀ ਕਵਿਤਾ ਵਿਚ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ ਕੀਤਾ ਗਿਆ ਹੈ।

ਤੀਜੇ ਉਦੇਸ਼ ਕਿਸਾਨੀ ਸੰਕਟ ਨਾਲ ਪੈਦਾ ਹੋਈਆਂ ਸਮਾਜ-ਸਭਿਆਚਾਰਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਸਥਿਤੀਆਂ ਦਾ ਅਧਿਐਨ ਦੇ ਅੰਤਰਗਤ ਕਿਸਾਨੀ ਸੰਕਟ ਦੇ ਪੈਦਾ ਹੋਣ ਲਈ ਜ਼ਿੰਮੇਵਾਰ ਸਭਿਆਚਾਰਕ, ਸਮਾਜਕ, ਰਾਜਨੀਤਿਕ ਅਤੇ ਆਰਥਿਕ ਸਥਿਤੀਆਂ ਦਾ ਅਧਿਐਨ ਕ੍ਰਮਵਾਰ ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਅਧਿਆਇ ਵਿਚ ਕੀਤਾ ਗਿਆ ਹੈ। ਇਸ ਅਧਿਐਨ ਅਧੀਨ ਇਨ੍ਹਾਂ ਸਥਿਤੀਆਂ ਦੇ ਪੈਦਾ ਹੋਣ ਦੇ ਕਾਰਨਾਂ ਅਤੇ ਇਨ੍ਹਾਂ ਸਥਿਤੀਆਂ ਦਾ ਕਿਸਾਨੀ ਜੀਵਨ ਉੱਪਰ ਪੈ ਰਹੇ ਪ੍ਰਭਾਵਾਂ ਦਾ ਅਧਿਐਨ ਕੀਤਾ ਗਿਆ ਹੈ ਕਿ ਕਿਵੇਂ ਇਹ ਸਥਿਤੀਆਂ ਪੈਦਾ ਹੋਈਆਂ ਤੇ ਕਿਸਾਨ ਇਨ੍ਹਾਂ ਨਾਲ ਸੰਕਟਗ੍ਰਸਤ ਹੋਈ।

ਖੋਜ ਕਾਰਜ ਦੇ ਚੌਥੇ ਉਦੇਸ਼ ਕਿਸਾਨੀ ਸੰਕਟ ਨਾਲ ਪੈਦਾ ਹੋਈਆਂ ਪ੍ਰਸਥਿਤੀਆਂ ਦੇ ਪਿਛੋਕੜ ਵਿਚ ਕਾਰਜਸ਼ੀਲ ਤੱਤਾਂ ਦੀ ਪਛਾਣ ਕਰਨੀ, ਦੀ ਪੂਰਤੀ ਵੀ ਖੋਜ ਕਾਰਜ ਦੇ ਸਾਰੇ ਅਧਿਆਇ ਵਿਚ ਹੁੰਦੀ ਹੈ। ਪਹਿਲੇ ਅਧਿਆਇ ਵਿਚ ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਦੀਆਂ ਕਿਸਾਨੀ ਸਮੱਸਿਆਵਾਂ ਤੇ ਅੰਦੋਲਨਾਂ ਦੇ ਇਤਿਹਾਸ ਨੂੰ ਸਮਝਿਆ ਗਿਆ ਹੈ, ਉੱਥੇ ਹੀ ਅਧਿਆਇ ਦੂਜੇ ਤੋਂ ਪੰਜਵੇਂ ਤੱਕ ਹਰ ਅਧਿਆਇ ਵਿਚ ਕਿਸਾਨ ਸੰਕਟ ਨਾਲ ਉਪਜੀਆ ਸਭਿਆਚਾਰਕ, ਸਮਾਜਕ, ਰਾਜਨੀਤਿਕ ਅਤੇ ਆਰਥਿਕ ਪ੍ਰਸਥਿਤੀਆਂ ਦੇ ਪਿਛੋਕੜ ਵਿਚ ਕਾਰਜਸ਼ੀਲ ਤੱਤਾਂ ਦੀ ਪਛਾਣ ਕਰਦੇ ਹੋਏ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ। ਖੋਜ ਕਾਰਜ ਦਾ ਅੰਤਿਮ ਤੇ ਪੰਜਵਾਂ ਉਦੇਸ਼ ਕਿਸਾਨੀ ਸੰਕਟ ਨਾਲ ਪੈਦਾ ਹੋਈ ਕਾਵਿ ਚੇਤਨਾ ਦਾ ਪਰਵਿਰਤੀ ਮੂਲਕ ਅਧਿਐਨ ਹੈ। ਪੰਜਾਬੀ ਸਾਹਿਤ ਦੇ ਕਾਵਿ ਜਗਤ

ਅੰਦਰ ਵੱਡੇ ਪੱਧਰ ਤੇ ਕਿਸਾਨੀ ਸੰਕਟ ਨਾਲ ਸੰਬੰਧਿਤ ਕਵਿਤਾ ਰਚੀ ਗਈ ਅਤੇ ਰਚੀ ਜਾ ਰਹੀ ਹੈ। ਕੁੱਝ ਨਵੇਂ ਤੇ ਕਈ ਮਕਬੂਲ ਕਵੀਆਂ ਦੁਆਰਾ ਨਿਰੰਤਰ ਇਸ ਵਿਸ਼ੇ ਨੂੰ ਛੂਹਿਆ ਜਾ ਰਿਹਾ ਹੈ। ਇਸ ਕਾਰਨ ਸਮਕਾਲੀ ਪੰਜਾਬੀ ਕਵਿਤਾ ਵਿਚ ਕਿਸਾਨੀ ਸੰਕਟ ਨਾਲ ਸੰਬੰਧਿਤ ਕਵਿਤਾ ਇਕ ਪ੍ਰਵਿਰਤੀ ਦੇ ਰੂਪ ਵਿਚ ਜ਼ਾਹਿਰ ਹੁੰਦੀ ਪ੍ਰਤੀਤ ਹੋ ਰਹੀ ਹੈ।

ਪਹਿਲੇ ਅਧਿਆਇ ਦੇ ਅਗਲੇ ਨੁਕਤੇ ਉੱਪਰ ਗੱਲ ਕਰਦਿਆਂ ਖੋਜ ਡਿਜ਼ਾਇਨ, ਖੋਜ ਵਿਧੀ ਅਤੇ ਪਹੁੰਚ ਵਿਧੀ ਬਾਰੇ ਚਰਚਾ ਕੀਤੀ ਗਈ ਹੈ। ਇਸ ਚਰਚਾ ਅਧੀਨ ਦੱਸਿਆ ਗਿਆ ਹੈ ਕਿ ਪ੍ਰਸਤੁਤ ਖੋਜ ਕਾਰਜ ਦਾ ਸਰੂਪ ਗੁਣਾਤਮਕ ਅਤੇ ਵਰਣਨਾਤਮਕ ਹੈ। ਸਮਾਜ, ਸਮਾਜ ਵਿਚਲਾ ਮਾਨਵ ਵਿਵਹਾਰ ਤੇ ਸਾਹਿਤਿਕ ਖੇਤਰ ਨਾਲ ਸੰਬੰਧਿਤ ਹੋਣ ਕਾਰਨ ਇਸ ਖੋਜ-ਕਾਰਜ ਦਾ ਸਰੂਪ ਗੁਣਾਤਮਕ ਹੈ। ਇਸ ਖੋਜ ਦਾ ਖੇਤਰ ਸਾਹਿਤਿਕ ਹੋਣ ਦੇ ਨਾਲ-ਨਾਲ ਸਮਾਜਿਕ ਹੈ ਅਤੇ ਜਿੱਥੋਂ ਤੱਕ ਇਸ ਖੋਜ ਕਾਰਜ ਦੇ ਕਾਲ ਜਾਂ ਸਮੇਂ ਦਾ ਸੰਬੰਧ ਹੈ ਤਾਂ ਇਸ ਅਧਿਐਨ ਵਿਚ 21ਵੀਂ ਸਦੀ ਦੇ ਦੂਜੇ ਦਹਾਕੇ ਤੋਂ ਹੁਣ ਤੱਕ ਦੀ ਕਵਿਤਾਵਾਂ ਨੂੰ ਵਿਚਾਰਿਆ ਗਿਆ ਹੈ। ਸਾਰਥਕ ਨਤੀਜਿਆਂ ਉੱਪਰ ਪਹੁੰਚਣ ਲਈ ਸਾਹਿਤ ਆਲੋਚਨਾ ਦੀਆਂ ਪੁਸਤਕਾਂ, ਕਵਿਤਾਵਾਂ ਦੇ ਮੂਲ ਪਾਠਾਂ, ਹੋਰ ਸਾਹਿਤਕ ਅਤੇ ਸਮਾਜਿਕ ਦਸਤਾਵੇਜ਼ਾਂ ਦਾ ਅਧਿਐਨ ਕੀਤਾ ਗਿਆ ਹੈ ਤਾਂ ਜੋ ਇਸ ਸਮੇਂ ਦੌਰਾਨ ਉਪਜੀਆਂ ਸਮਾਜਿਕ ਪਰਸਥਿਤੀਆਂ ਦਾ ਡੂੰਘਾ ਜਾਇਜ਼ਾ ਲਿਆ ਜਾ ਸਕੇ। ਇਸ ਤੋਂ ਇਲਾਵਾ ਕਿਸਾਨੀ ਸੰਘਰਸ਼ਾਂ, ਸਮਾਜਿਕ ਸਥਿਤੀਆਂ ਤੇ ਹਾਲਾਤਾਂ ਦਾ ਅਵਲੋਕਨ ਕੀਤਾ ਗਿਆ ਹੈ। ਗੁਣਾਤਮਕ ਤੇ ਵਰਣਾਤਮਕ ਖੋਜ ਸਰੂਪ ਦੇ ਅੰਤਰਗਤ ਸਮਕਾਲੀ ਪੰਜਾਬੀ ਕਵਿਤਾ ਦੇ ਮੂਲ ਪਾਠ ਅਧਿਐਨ, ਵਿਸ਼ਾ ਮਾਹਿਰ ਕਵੀਆਂ ਨਾਲ ਮੁਲਾਕਾਤਾਂ, ਆਲੋਚਨਾਤਮਕ ਸਾਹਿਤ ਅਧਿਐਨ ਆਦਿ ਖੋਜ ਵਿਧੀਆਂ ਨੂੰ ਆਧਾਰ ਬਣਾਇਆ ਗਿਆ ਹੈ। ਖੋਜ-ਕਾਰਜ ਦੌਰਾਨ ਮਨੁੱਖ ਅਤੇ ਮਨੁੱਖ ਤੇ ਸਮਾਜ ਦੇ ਅੰਤਰ-ਸੰਬੰਧਾਂ ਨੂੰ ਸਮਝਣ ਲਈ ਸਮਾਜ-ਸ਼ਾਸਤਰੀ ਅਤੇ ਕਿਸਾਨਾਂ ਦੀ ਮਨੋਦਸ਼ਾ ਅਤੇ ਉਹਨਾਂ ਦੇ ਮਨ ਦੀ ਵੇਦਨਾ ਨੂੰ ਜਾਣਨ ਲਈ ਮਨੋਵਿਗਿਆਨਕ ਪਹੁੰਚ ਵਿਧੀਆਂ ਅਪਣਾਈਆਂ ਗਈਆਂ ਹਨ।

ਅਧਿਆਇ ਦਾ ਅਗਲਾ ਕੇਂਦਰ ਬਿੰਦੂ ਸਮਕਾਲੀ ਪੰਜਾਬੀ ਕਵਿਤਾ ਦੇ ਸਰੂਪ, ਪ੍ਰਕਿਰਤੀ ਅਤੇ ਨਵੇਂ ਰੁਝਾਨਾਂ ਬਾਰੇ ਚਰਚਾ ਕਰਦਿਆਂ ਸਮਕਾਲ ਦੇ ਅਰਥ ਪੇਸ਼ ਕਰਦਿਆਂ ਸਮਕਾਲ ਨੂੰ ਬਾਕੀ ਕਾਲ-ਖੰਡ ਨਾਲ ਨਿਖੇੜ ਕੇ ਆਰੰਭਕ

ਕਵਿਤਾ ਤੋਂ ਸਮਕਾਲੀ ਕਵਿਤਾ ਤੱਕ ਦੇ ਸਫ਼ਰ ਬਾਰੇ ਹੋਇਆ ਸਪੱਸ਼ਟੀਕਰਨ ਹੈ। ਸਮੇਂ-ਸਮੇਂ ਤੇ ਕਵਿਤਾ ਦੇ ਬਦਲਦੇ ਰੁਝਾਨਾਂ ਬਾਰੇ ਜ਼ਿਕਰ ਕਰਦਿਆਂ ਸਮਕਾਲ ਦੇ ਤਤਕਾਲੀਨ ਮਸਲੇ ਕਿਸਾਨੀ ਸੰਕਟ ਦੇ ਰੂਪ ਵਿਚ ਆਏ ਨਵੇਂ ਰੁਝਾਨ ਬਾਰੇ ਚਰਚਾ ਕੀਤੀ ਗਈ ਹੈ।

ਅਧਿਆਇ ਦੇ ਅਗਲੇ ਉਪਭਾਗ ਵਿਚ ਕਿਸਾਨੀ ਸੰਕਟ ਅਤੇ ਕਿਸਾਨ ਅੰਦੋਲਨ ਦੇ ਇਤਿਹਾਸਕ ਪਰਿਪੇਖ ਨੁਕਤੇ ਹੇਠ ਹੋਈ ਚਰਚਾ ਤੋਂ ਜਿੱਥੇ ਇਹ ਸਪੱਸ਼ਟ ਹੋਇਆ ਕਿ ਅਨਾਜ ਭਾਵੇਂ ਮਨੁੱਖ ਦੀ ਬੁਨਿਆਦੀ ਜ਼ਰੂਰਤ ਹੈ ਪਰ ਫਿਰ ਵੀ ਇਸ ਜ਼ਰੂਰਤ ਦੀ ਪੂਰਤੀ ਕਰਨ ਵਾਲਾ ਕਿਸਾਨ ਹਜ਼ਾਰਾਂ ਵਰਿਆਂ ਤੋਂ ਬੁਨਿਆਦੀ ਸਹੂਲਤਾਂ ਤੋਂ ਸੱਖਣਾਂ ਤੇ ਤੰਗੀ ਭਰਿਆ ਜੀਵਨ ਬਤੀਤ ਕਰਦਾ ਰਿਹਾ ਹੈ। ਪਹਿਲੇ ਉਦੇਸ਼ ਅਨੁਸਾਰ ਜੀਵਨ ਜੀਵਨ ਵਿਕਾਸ ਦੀ ਇਤਿਹਾਸਿਕ ਪ੍ਰਸੰਗਿਕਤਾ ਵਿਚ ਕਿਸਾਨ ਦੀ ਭੂਮਿਕਾ ਨੂੰ ਸਮਝਦਿਆਂ ਇਹ ਤੱਥ ਸਪਸ਼ਟ ਕੀਤਾ ਗਿਆ ਹੈ ਕਿ ਸਿੰਧੂ ਘਾਟੀ ਦੇ ਸਮੇਂ ਤੋਂ ਲੈ ਕੇ ਵੈਦਿਕ ਕਾਲ, ਭਾਰਤੀ ਰਾਜਸ਼ਾਹੀ ਦਾ ਸਮਾਂ ਹੋਵੇ ਜਾਂ ਵਿਦੇਸ਼ੀ ਸ਼ਾਸਕਾਂ ਦਾ ਕਿਸਾਨੀ ਦੀ ਹਾਲਤ ਸੰਕਟਗ੍ਰਸਤ ਰਹੀ ਹੈ। ਇਨ੍ਹਾਂ ਹੀ ਨਹੀਂ ਅੰਗਰੇਜ਼ੀ ਰਾਜ ਵਿਚ ਸਥਿਤੀ ਅਤਿਅੰਤ ਕਰੁਣਾ ਭਰੀ ਬਣ ਗਈ ਜੋ ਆਜ਼ਾਦੀ ਤੋਂ ਲੈ ਅਜੋਕੇ ਸਮੇਂ ਤੱਕ ਜਿਉਂ ਦੀ ਤਿਉਂ ਬਣੀ ਹੋਈ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਦੇਸ਼-ਵਿਦੇਸ਼ ਦੇ ਪੰਜਾਬੀ ਕਵੀਆਂ ਨੇ ਇਸ ਦੁਖਾਂਤ ਨੂੰ ਵਿਲੱਖਣ ਢੰਗਾਂ ਨਾਲ ਪੇਸ਼ ਕੀਤਾ ਹੈ। ਖੋਜ ਕਾਰਜ ਤੋਂ ਇਹ ਤੱਤ ਵੀ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਅਸਲ ਵਿਚ ਕਿਸਾਨੀ ਸੰਕਟ ਪਿੱਛੇ ਕਾਰਜ਼ਸ਼ੀਲ ਤੱਤ ਲੰਮੇ ਸਮੇਂ ਤੋਂ ਅਜਿਹੀਆਂ ਪ੍ਰਸਥਿਤੀਆਂ ਦਾ ਨਿਰਮਾਣ ਕਰ ਰਹੇ ਸਨ, ਜਿਨ੍ਹਾਂ ਦੇ ਫਲਸਰੂਪ ਇਹ ਸੰਕਟਮਈ ਹਾਲਤ ਪੈਦਾ ਹੋਏ ਹਨ।

ਪਹਿਲੇ ਅਧਿਆਇ ਦੇ ਅੰਤਿਮ ਉਪਭਾਗ ਵਿਚ ਸਮਾਜ-ਸਭਿਆਚਾਰਕ ਅਧਿਐਨ ਵਿਧੀ ਬਾਰੇ ਗੱਲ ਕੀਤੀ ਗਈ ਹੈ। ਇਸ ਨੁਕਤੇ ਬਾਰੇ ਚਰਚਾ ਕਰਦਿਆਂ ਸਮਾਜ ਅਤੇ ਸਭਿਆਚਾਰ ਦੇ ਅਰਥਾਂ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ। ਇਸ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਮਾਜ-ਸਭਿਆਚਾਰਕ ਅਧਿਐਨ ਵਿਧੀ ਇਕ ਪਰਿਪੱਕ ਵਿਧੀ ਹੈ ਜਿਸ ਰਾਹੀਂ ਕਿਸਾਨੀ ਜੀਵਨ ਦੇ ਸਾਰੇ ਸਰੋਕਾਰਾਂ ਦਾ ਅਵਲੋਕਨ ਕੀਤਾ ਜਾ ਸਕਦਾ ਹੈ। ਸਮਾਜ-ਸਭਿਆਚਾਰਕ ਅਧਿਐਨ ਵਿਧੀ ਮਾਨਵ ਜੀਵਨ ਵਿਸ਼ੇਸ਼ਕਰ ਕਿਸਾਨ ਦੇ ਜੀਵਨ ਦੇ ਬੁਨਿਆਦੀ ਤੇ ਅਤਿ ਜਰੂਰੀ ਸਰੋਕਾਰਾਂ ਜਿਵੇਂ

ਸਮਾਜਿਕ, ਧਾਰਮਿਕ, ਆਰਥਿਕ, ਸਭਿਆਚਾਰ, ਰਾਜਨੀਤੀ, ਨੂੰ ਸਮਾ ਕੇ ਇਨ੍ਹਾਂ ਸਰੋਕਾਰਾਂ ਵਿਚਲੀਆਂ ਸੰਭਾਵਨਾਵਾਂ ਦਾ ਅਧਿਐਨ ਕਰਨ ਲਈ ਉਪਯੁਕਤ ਹੈ।

ਇਸ ਖੋਜ ਕਾਰਜ ਦੇ ਦੂਜੇ ਅਧਿਆਇ **ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਭਿਆਚਾਰਕ ਪਰਿਪੇਖ** ਨੂੰ 'ਸਮਕਾਲੀ ਪੰਜਾਬੀ ਕਵਿਤਾ ਵਿਚ ਪੇਸ਼ ਕਿਸਾਨੀ ਦਸ਼ਾ ਤੇ ਦਿਸ਼ਾ ਦਾ ਸਭਿਆਚਾਰਕ ਪਿਛੋਕੜ' ਅਤੇ 'ਕਿਸਾਨ ਅੰਦੋਲਨ ਦੇ ਸਭਿਆਚਾਰਕ ਮੁਹਾਂਦਰੇ' ਉਪ ਭਾਗ ਵਿਚ ਵੰਡਿਆ ਗਿਆ ਹੈ। ਪਹਿਲੇ ਨੁਕਤੇ ਅਧੀਨ ਵਿਚਾਰ ਕਰਦਿਆਂ ਵਿਸ਼ਵ ਸਭਿਆਚਾਰ ਦੇ ਪ੍ਰਭਾਵ ਅਧੀਨ ਪੈਦਾ ਹੋਏ ਕਿਸਾਨੀ ਸੰਕਟ ਦੀ ਗੱਲ ਕੀਤੀ ਗਈ ਹੈ ਜਿਸ ਵਿਚ ਇਹ ਤੱਥ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਵਿਸ਼ਵੀਕਰਨ ਜਾਂ ਵਿਸ਼ਵ ਸਭਿਆਚਾਰ ਦੇ ਪ੍ਰਭਾਵ ਅਧੀਨ ਕਿਸਾਨ ਦੁਆਰਾ ਅਣਗਿਣਤ ਜ਼ਰੂਰਤ ਤੋਂ ਜਿਆਦਾ ਵਸਤਾਂ ਇਕੱਠੀਆਂ ਕਰ ਲਈਆਂ ਹਨ ਜਿਨ੍ਹਾਂ ਦੀ ਖਰੀਦ ਫ਼ਰੋਖਤ ਉੱਪਰ ਖਰਚੇ ਧਨ ਨੇ ਕਿਸਾਨ ਨੂੰ ਕਰਜ਼ੇ ਦੀ ਮਾਰ ਹੇਠ ਲੈ ਆਉਂਦਾ ਹੈ। ਜਿੱਥੇ ਕਿਸਾਨ ਖੁਦ ਇਸ ਲਈ ਜ਼ਿੰਮੇਵਾਰ ਹੈ, ਉੱਥੇ ਹੀ ਵਿਵਸਥਾ ਉੱਪਰ ਵੀ ਸਵਾਲੀਆ ਨਿਸ਼ਾਨ ਹੈ। ਅਸਲ ਵਿਚ ਇਸ ਵਰਤਾਰੇ ਪਿੱਛੇ ਵੀ ਸ਼ਕਤੀਸ਼ਾਲੀ ਪੂੰਜੀਵਾਦੀ ਦੇਸ਼ਾਂ ਦੀ ਸਾਜਿਸ਼ ਨਜ਼ਰ ਆਉਂਦੀ ਹੈ। ਇਸ ਚਰਚਾ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਮਸ਼ੀਨੀਕਰਨ ਅਤੇ ਤਕਨੀਕੀਕਰਨ ਦੇ ਨਾਂ ਹੇਠ ਹੋਰਨਾਂ ਵਿਕਾਸਸ਼ੀਲ ਦੇਸ਼ਾਂ ਨੂੰ ਮੰਡੀ ਦੇ ਰੂਪ ਵਿਚ ਵਰਤਿਆ ਜਾਂਦਾ ਹੈ ਜਦਕਿ ਵਿਕਸਿਤ ਦੇਸ਼ ਆਪਣੇ ਮਾਲ ਦੀ ਵਿਕਰੀ ਕਰਦੇ ਹਨ। ਜਦਕਿ ਸਭਿਆਚਾਰਕ ਰਹੁ ਰੀਤਾਂ ਦੇ ਖਾਤਮੇ ਵੱਲ ਨੂੰ ਕਦਮ ਪੁੱਟੇ ਜਾ ਰਹੇ ਹਨ। ਦੂਜੇ ਅਧਿਆਇ ਦੇ ਪਹਿਲੇ ਉਪਭਾਗ ਦੇ ਦੂਜੇ ਨੁਕਤੇ ਅੰਦਰ ਇਨ੍ਹਾਂ ਸਭਿਆਚਾਰਕ ਰਹੁ-ਰੀਤਾਂ ਵਿਚ ਆਏ ਬਦਲਾਅ ਕਾਰਨ ਖੜ੍ਹੇ ਹੋਏ ਕਿਸਾਨੀ ਸੰਕਟ ਦੀ ਗੱਲ ਕੀਤੀ ਹੈ। ਇਸ ਭਾਗ ਦੇ ਅਵਲੋਕਨ ਤੋਂ ਬਾਅਦ ਇਹ ਵਿਚਾਰ ਵੀ ਨਿਕਲ ਕਿ ਆਉਂਦਾ ਹੈ ਕਿ ਕਿਸਾਨੀ ਜੀਵਨ ਵਿਚ ਸਭਿਆਚਾਰਕ ਸੰਕਟ ਦੇ ਖੜ੍ਹਾ ਹੋਣ ਦਾ ਕਾਰਨ ਪੱਛਮੀ ਪ੍ਰਭਾਵਾਂ ਦੇ ਨਾਲ-ਨਾਲ ਜੀਵਨ ਸ਼ੈਲੀ ਵਿਚ ਆਏ ਬਦਲਾਅ ਹਨ। ਜਨਮ, ਵਿਆਹ ਅਤੇ ਮੌਤ ਜੀਵਨ ਦੀਆਂ ਤਿੰਨ ਅਹਿਮ ਰਸਮਾਂ ਹਨ ਪਰੰਤੂ ਇਹ ਰਸਮਾਂ ਆਪਣੇ ਸਭਿਆਚਾਰਕ ਤੇ ਸਾਦੇ ਚੌਖਟੇ ਚੋਂ ਬਾਹਰ ਨਿਕਲ ਕੇ ਅਤਿ ਖਰਚੀਲੀਆਂ ਤੇ ਦਿਖਾਵਾ ਮਾਤਰ ਰਹਿ ਗਈਆਂ ਹਨ। ਪੰਜਾਬੀ ਕਵਿਤਾ ਨੇ ਇਸ ਯਥਾਰਥ ਨੂੰ ਬਾਖ਼ੂਬੀ ਬਿਆਨਿਆ ਹੈ।

ਦੂਜੇ ਅਧਿਆਇ **ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਭਿਆਚਾਰਕ ਪਰਿਪੇਖ** ਦੇ ਦੂਜੇ ਭਾਗ ਵਿਚ ਕਿਸਾਨੀ ਸੰਕਟ ਦੇ ਵਿਰੋਧਾਭਾਸ ਵਿਚ ਉਪਜੀ ਕਿਸਾਨ ਚੇਤਨਾ ਜੋ ਕਿਸਾਨ ਅੰਦੋਲਨ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ, ਬਾਰੇ ਚਰਚਾ ਕੀਤੀ ਗਈ ਹੈ। ਇਸ ਚਰਚਾ ਦੇ ਅੰਤਰਗਤ ਪਹਿਲਾ ਅਧਿਐਨ ਬਿੰਦੂ ਸਭਿਆਚਾਰਕ ਜਾਗ੍ਰਿਤੀ ਹੈ। ਇਸ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕਿਸਾਨੀ ਸੰਕਟ ਦੀਆਂ ਮੂਲ ਜੜ੍ਹਾਂ ਨੂੰ ਪਛਾਣਦਿਆਂ ਵੱਖ-ਵੱਖ ਕਵੀਆਂ ਦੁਆਰਾ ਕਿਸਾਨ ਚੇਤਨਾ ਦਾ ਅਜਿਹਾ ਪ੍ਰਵਾਹ ਕੀਤਾ ਗਿਆ ਕਿ ਕਿਸਾਨ ਡੂੰਘੀਆਂ ਸਾਮਰਾਜੀ, ਸਿਆਸੀ ਸਾਜਿਸ਼ਾਂ ਤੋਂ ਨਾ ਕੇਵਲ ਜਾਣੂ ਹੋਏ ਸਗੋਂ ਉਹ ਹਰ ਮਸਲੇ ਉੱਪਰ ਡੂੰਘੀ ਵਿਚਾਰ ਚਰਚਾ ਤੋਂ ਬਾਅਦ ਸਰਕਾਰ ਨੂੰ ਮਾਤ ਪਾਉਂਦੇ ਨਜ਼ਰ ਆਏ। ਇਸੇ ਉਪ ਭਾਗ ਦੇ ਅਧੀਨ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਉਪਜੇ ਕਿਸਾਨੀ ਸੰਘਰਸ਼ ਦੁਆਰਾ ਕਿਸਾਨਾਂ ਵਿਚ ਖੇਤਰੀ ਭਾਵਨਾਵਾਂ ਨੂੰ ਛੱਡ ਕੇ ਇਕ ਦੂਜੇ ਲਈ ਪੈਦਾ ਹੋਈ ਸਭਿਆਚਾਰਕ ਸਾਂਝ ਇਕ ਮਿਸਾਲ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ।

ਖੋਜ ਕਾਰਜ ਦੇ ਤੀਜੇ ਅਧਿਆਇ **ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜਿਕ ਪਰਿਪੇਖ** ਦੇ ਅੰਤਰਗਤ ਸਮਾਜ ਵਿਚਲੀਆਂ ਚਲੰਤ ਤੇ ਅਜੋਕੇ ਪੰਜਾਬੀ ਸਮਾਜ ਵਿਚ ਸਭ ਤੋਂ ਵੱਧ ਹਾਵੀ ਮਸਲੇ ਜਿਵੇਂ ਨਸ਼ਿਆਂ ਦੀ ਸਮੱਸਿਆ, ਪਰਵਾਸ ਦਾ ਨਿਰੰਤਰ ਵਧਦਾ ਰੁਝਾਨ, ਧਾਰਮਿਕ ਸਰੋਕਾਰਾਂ ਨਾਲ ਜੁੜੇ ਮਸਲੇ ਅਤੇ ਇਸਤਰੀਆਂ ਦੀ ਬਦਲਦੀ ਤਸਵੀਰ ਵਰਗੇ ਸਰੋਕਾਰਾਂ ਦੇ ਕਿਸਾਨੀ ਨਾਲ ਸੰਬੰਧਾਂ ਨੂੰ ਚਿਤਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਸ਼ੇ, ਪਰਵਾਸ, ਧਾਰਮਿਕਤਾ ਦੇ ਸਿਧਾਂਤਕ ਅਰਥ ਦੱਸਦਿਆਂ ਇਨ੍ਹਾਂ ਸਮਾਜਿਕ ਤੱਥਾਂ ਦੇ ਕਿਸਾਨੀ ਨਾਲ ਸੰਬੰਧਾਂ ਨੂੰ ਫਰੋਲਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਸਮਾਜ ਦੀ ਤਲਖ਼ ਹਕੀਕਤਾਂ ਉੱਪਰ ਰੋਸ਼ਨੀ ਪਾਈ ਜਾ ਸਕੇ।

ਇਸ ਅਧਿਆਇ ਦੇ ਪਹਿਲੇ ਮੁੱਖ ਬਿੰਦੂ ਦੀ ਗੱਲ ਕਰੀਏ ਤਾਂ ਇਸ ਦੇ ਅਧੀਨ ਸਮਾਜ ਵਿਚ ਨਸ਼ਿਆਂ ਦੇ ਵਧਦੇ ਵਰਤਾਰੇ ਕਾਰਨ ਪੰਜਾਬੀ ਕਵਿਤਾ ਰਾਹੀਂ ਕਿਸਾਨੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਖੰਘਾਲਿਆ ਗਿਆ ਹੈ। ਇਸ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਨਸ਼ਿਆਂ ਵਿਚ ਗਲਤਾਨ ਹੋ ਰਹੀ ਨੌਜਵਾਨ ਪੀੜ੍ਹੀ ਦੇ ਹੱਥੋਂ ਕਿਰਤ ਤੇ ਕਿਰਸਾਨੀ ਦੋਨੋਂ ਖੁੱਸਦੇ ਜਾ ਰਹੇ ਹਨ। ਇਸ ਵਰਤਾਰੇ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਜਾਂ ਤਾਂ ਕਿਸਾਨ ਖੇਤੀ ਛੱਡ ਰਹੇ ਹਨ ਜਾਂ ਮਜ਼ਬੂਰੀ ਵੱਸ ਜ਼ਮੀਨ ਵੇਚ ਰਹੇ ਹਨ। ਇਸੇ ਵਰਤਾਰੇ ਦੀ ਅਗਲੀ ਲੜੀ ਇਸ ਖੋਜ ਕਾਰਜ

ਦੇ ਦੂਜੇ ਅਧਿਆਇ ਦੇ ਦੂਜੇ ਉਪਭਾਗ ਵਿਚ ਪਰਵਾਸ ਦੇ ਰੁਝਾਨ ਨੂੰ ਵਧਾਉਣ ਵਿਚ ਹੱਲਾਸ਼ੇਰੀ ਦਿੱਤੀ ਹੈ। ਪਰਵਾਸ ਦੇ ਅਰਥਾਂ ਨੂੰ ਸਮਝਦਿਆਂ ਇਸ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਪਰਵਾਸ ਜੋ ਮਜ਼ਬੂਰੀ ਦੇ ਦ੍ਰਿਸ਼ਟੀਕੋਣ ਤੋਂ ਸ਼ੁਰੂ ਹੋਇਆ ਸੀ, ਅੱਜ ਪੰਜਾਬ ਦੇ ਲੋਕਾਂ ਦੀ ਰੀਸੋ-ਰੀਸ ਪਹਿਲੀ ਪਸੰਦ ਬਣ ਗਿਆ ਹੈ। ਪਿੰਡਾਂ ਸ਼ਹਿਰਾਂ ਵਿਚ ਖੁੱਲੇ ਆਈਲੈੱਟਸ ਇੰਸਟੀਚਿਊਟ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਰਵਾਸ ਦਾ ਰੁਝਾਨ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ। ਇਨ੍ਹਾਂ ਸੰਸਥਾਵਾਂ ਤੇ ਟਰੈਵਲ ਏਜੰਟਾਂ ਨੇ ਭੋਲੇ-ਭਾਲੇ ਕਿਸਾਨਾਂ-ਜਿੰਮੀਦਾਰਾਂ ਦੇ ਧੀਆਂ-ਪੁੱਤਾਂ ਨੂੰ ਵੱਡੇ-ਵੱਡੇ ਸੁਪਨੇ ਦਿਖਾ ਕੇ ਇਸ ਚਕਾਚੌਂਧ ਭਰੇ ਜੀਵਨ ਵੱਲ ਖਿੱਚ ਪੈਦਾ ਕਰ ਦਿੱਤੀ ਹੈ। ਪਿੰਡਾਂ ਦੇ ਪਿੰਡ ਇਸ ਵਹਿਣ ਵਿਚ ਵਹਿ ਰਹੇ ਹਨ ਤੇ ਆਪਣੀ ਭੌਂ ਨਾਲੋਂ ਟੱਟ ਰਹੇ ਹਨ। ਪਰਵਾਸ ਨੇ ਕਿਸਾਨੀ ਲਈ ਅਜਿਹੀਆਂ ਸੰਕਟਮਈ ਪ੍ਰਸਥਿਤੀਆਂ ਦਾ ਨਿਰਮਾਣ ਕਰ ਦਿੱਤਾ ਹੈ, ਜਿਸ ਨਾਲ ਕਿਸਾਨੀ ਆਪਣੇ ਮੂਲ ਤੋਂ ਉੱਖੜਦੀ ਨਜ਼ਰ ਆਉਂਦੀ ਹੈ।

ਇਸ ਅਧਿਆਇ ਦੇ ਅੰਤਰਗਤ ਅਗਲੀ ਚਰਚਾ ਕਿਸਾਨੀ ਸੰਕਟ ਨਾਲ ਜੁੜੇ ਧਾਰਮਿਕ ਸਰੋਕਾਰਾਂ ਦੀ ਕੀਤੀ ਗਈ ਹੈ। ਇਸ ਚਰਚਾ ਤੋਂ ਇਹ ਤੱਥ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਧਰਮ ਆਪਣੀ ਮੁੱਢਲੀ ਤਾਸੀਰ ਅਧਿਆਤਮਕਤਾ ਨੂੰ ਛੱਡ ਕੇ ਵਿਖਾਵੇ ਤੇ ਪਾਖੰਡਵਾਦ ਵੱਲ ਨੂੰ ਵੱਧ ਰਿਹਾ ਹੈ। ਡੇਰਾਵਾਦ ਤੇ ਹੋਰ ਧਾਰਮਿਕ ਮੱਠਾਂ ਦੁਆਰਾ ਜਿੱਥੇ ਆਮ ਜਨ-ਮਾਨਸ ਨੂੰ ਵਰਗਲਾਇਆ ਜਾਂਦਾ ਹੈ, ਉੱਥੇ ਹੀ ਮਾਇਆ ਦੇ ਨਾਲ-ਨਾਲ ਕਿਸਾਨਾਂ ਤੋਂ ਅਨਾਜ ਆਦਿ ਦੀ ਵੀ ਲੁੱਟ-ਖਸੁੱਟ ਕੀਤੀ ਜਾਂਦੀ ਹੈ। ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਕਵੀਆਂ ਨੇ ਹਰ ਧਰਮ ਵਿਚ ਪਾਏ ਜਾਂਦੇ ਇਨ੍ਹਾਂ ਪਾਖੰਡਾਂ ਤੇ ਡੂੰਘਾ ਕਟਾਖਸ਼ ਕੀਤਾ ਹੈ।

ਇਸ ਅਧਿਆਇ ਦੇ ਆਖਰੀ ਉਪਭਾਗ ਵਿਚ ਕਿਸਾਨ ਚੇਤਨਾ ਦੇ ਰੂਪ ਵਿਚ ਇਸਤਰੀਆਂ ਦੇ ਬਦਲਦੇ ਰੋਲ ਦੀ ਗੱਲ ਕੀਤੀ ਗਈ ਹੈ। ਇਸਤਰੀ ਸਮਾਜਿਕ ਤਾਣੇ-ਬਾਣੇ ਦਾ ਆਧਾਰ ਹੈ, ਇਸ ਗੱਲ ਦੀ ਪ੍ਰੋੜਤਾ ਕਰਦਿਆਂ ਔਰਤਾਂ ਨੇ ਕਿਸਾਨ ਅੰਦੋਲਨ ਵਿਚ ਆਪਣੇ ਕਿਰਦਾਰ ਦੀ ਪੇਸ਼ਕਾਰੀ ਬਾਖ਼ੂਬੀ ਕਰ ਦਿੱਤੀ। ਸਮਕਾਲੀ ਕਵਿਤਾ ਦੇ ਵਿਸ਼ਲੇਸ਼ਣ ਰਾਹੀਂ ਇਹ ਵੀ ਸਿੱਟਾ ਨਿਕਲਦਾ ਹੈ ਕਿ ਸਮਾਜ ਵਿਚ ਇਸਤਰੀਆਂ ਦੇ ਇਸ ਰੂਪ ਨੂੰ ਸਮਝਣ ਦੀ ਕਿੰਨੀ ਲੋੜ ਹੈ। ਜਿਸ ਪ੍ਰਕਾਰ ਕਿਸਾਨੀ ਅੰਦੋਲਨ ਵਿਚ ਇਸਤਰੀਆਂ ਨੇ ਨਾ ਕੇਵਲ ਮਰਦ ਕਿਸਾਨਾਂ ਦੇ ਮੋਢੇ ਨਾਲ ਮੋਢਾ

ਲਾ ਕੇ ਸਾਥ ਦਿੱਤਾ ਸਗੋਂ ਉਨ੍ਹਾਂ ਤੋਂ ਵੀ ਕੁੱਝ ਕਦਮ ਅੱਗੇ ਚੱਲ ਕੇ ਆਪਣੀ ਸੂਝ-ਬੂਝ ਨਾਲ ਵੱਡੇ-ਵੱਡੇ ਵਿਦਵਾਨਾਂ ਨੂੰ ਚਕਿਤ ਕੀਤਾ। ਖੋਜ-ਕਾਰਜ ਦੇ ਇਸ ਨੁਕਤੇ ਰਾਹੀਂ ਕਿਸਾਨੀ ਸੰਕਟ ਦੌਰਾਨ ਇਸਤਰੀਆਂ ਦੁਆਰਾ ਨਿਭਾਈ ਗਈ ਭੂਮਿਕਾ ਉੱਪਰ ਅਥਾਹ ਵਿਚਾਰ ਚਰਚਾ ਦੀ ਸੰਭਾਵਨਾਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ।

ਖੋਜ-ਕਾਰਜ ਦੇ ਚੌਥੇ ਅਧਿਆਇ **ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ ਦੇ ਰਾਜਨੀਤਿਕ ਪਰਿਪੇਖ** ਦੀ ਗੱਲ ਕਰਦਿਆਂ ਰਾਜ ਅਤੇ ਰਾਜਨੀਤੀ ਦੇ ਅਰਥਾਂ ਨੂੰ ਸਪੱਸ਼ਟ ਕੀਤਾ ਗਿਆ ਜੈ। ਇਸ ਤੋਂ ਬਾਅਦ ਰਾਜ ਅਤੇ ਰਾਜਨੀਤੀ ਦੇ ਪ੍ਰਭਾਵ ਅਧੀਨ ਉਪਜੇ ਕਿਸਾਨੀ ਸੰਕਟ ਬਾਰੇ ਚਰਚਾ ਕੀਤੀ ਗਈ ਹੈ। ਇਸ ਨੁਕਤੇ ਤੋਂ ਗੱਲ ਕਰਦਿਆਂ ਆਜ਼ਾਦੀ ਤੋਂ ਲੈ ਕੇ ਅਜੋਕੇ ਸਮੇਂ ਤੱਕ ਕਿਸਾਨੀ ਲਈ ਬਣੀਆਂ ਰਾਜਨੀਤਿਕ ਪਰਸਥਿਤੀਆਂ ਦਾ ਵਿਸ਼ਲੇਸ਼ਾਤਮਕ ਅਧਿਐਨ ਕੀਤਾ ਗਿਆ ਹੈ। ਇਸ ਕਾਰਜ ਲਈ ਇਸ ਸਮੁੱਚੇ ਕਾਲ ਨੂੰ ਤਿੰਨ ਹਿੱਸਿਆਂ ਆਜ਼ਾਦੀ ਤੋਂ ਹਰੀ ਕ੍ਰਾਂਤੀ ਤੱਕ ਦਾ ਸਮਾਂ, ਹਰੀ ਕ੍ਰਾਂਤੀ ਤੋਂ ਵਿਸ਼ਵੀਕਰਨ ਤੱਕ ਦਾ ਸਮਾਂ ਤੇ ਵਿਸ਼ਵੀਕਰਨ ਤੋਂ ਹੁਣ ਤੱਕ ਦੇ ਸਮੇ ਵਿਚ ਵੰਡਿਆ ਗਿਆ ਹੈ। ਇਸ ਵੱਖ-ਵੱਖ ਕਾਲ ਖੰਡ ਵਿਚ ਰਾਜਸੀ ਨੀਤੀਆਂ, ਐਲਾਨਨਾਮੇ ਤੇ ਹੋਰ ਸਰਕਾਰੀ ਗਤੀਵਿਧੀਆਂ ਦਾ ਅਵਲੋਕਣ ਕਰਕੇ ਭਾਰਤੀ ਵਿਸ਼ੇਸ਼ਕਰ ਪੰਜਾਬ ਦੀ ਖੇਤੀ ਵਿਵਸਥਾ ਉੱਪਰ ਇਸ ਦੇ ਪੈ ਰਹੇ ਪ੍ਰਭਾਵਾਂ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ ਕੀਤਾ ਗਿਆ ਹੈ। ਸਮਕਾਲੀ ਕਵਿਤਾ ਵਿਚ ਪੇਸ਼ ਕਿਸਾਨੀ ਸੰਕਟ ਦੀ ਗੱਲ ਕਰਦਿਆਂ ਆਜ਼ਾਦੀ ਦੇ ਸਮੇਂ ਤੇ ਹਰੀ ਕ੍ਰਾਂਤੀ ਦੇ ਸਮੇਂ ਤੱਕ ਭੁੱਖਮਰੀ, ਗਰੀਬੀ ਆਦਿ ਜਿਹੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦਿਆਂ ਖੇਤੀ-ਖੇਤਰ ਲਈ ਸਰਕਾਰ ਦੀ ਨੀਤੀਆਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰਦਿਆਂ ਨੀਤੀ ਘਾੜਿਆ ਦੁਆਰਾ ਇਸ ਕਿੱਤੇ ਦੀ ਅਣਦੇਖੀ ਨੂੰ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਹਰੀ ਹਰੀ ਕ੍ਰਾਂਤੀ ਤੋਂ ਵਿਸ਼ਵੀਕਰਨ ਤੱਕ ਦੇ ਸਮੇਂ ਦੀਆਂ ਰਾਜਸੀ ਨੀਤੀਆਂ ਦੇ ਅਧਿਐਨ ਦਾ ਉਪਰਾਲਾ ਕੀਤਾ ਗਿਆ ਹੈ ਕਿ ਕਿਸ ਪ੍ਰਕਾਰ ਮੁਲਕ ਦੀਆਂ ਚੁਣੌਤੀਆਂ ਤੇ ਸਮੱਸਿਆਵਾਂ ਨਾਲ ਨਜਿੱਠਣ ਲਈ ਕਿਸਾਨਾਂ ਨੇ ਆਪਣੀ ਪੂਰੀ ਵਾਹ ਲਗਾ ਦਿੱਤੀ ਤੇ ਮੁਲਕ ਦਾ ਢਿੱਡ ਭਰਨ ਲਈ ਖੇਤਾਂ ਵਿਚ ਜਹਿਰੀਲੇ ਕੀਟ ਤੇ ਨਦੀਨ ਨਾਸ਼ਕ ਤੇ ਖਾਦਾਂ ਦੀ ਵਰਤੋਂ ਕੀਤੀ। ਪਰੰਤੂ ਭਵਿੱਖ ਵਿਚ ਇਸ ਦੇ ਦੁਸ਼-ਪ੍ਰਭਾਵਾਂ ਨਾਲ ਨਜਿੱਠਣ ਲਈ ਕਿਸਾਨਾਂ ਨੂੰ ਪੂਰਾ ਸਾਥ ਨਾ ਮਿਲਿਆ। ਇਸ ਉਪਭਾਗ ਦੇ ਅੰਤਿਮ ਭਾਗ ਵਿਚ ਵਿਸ਼ਵੀਕਰਨ ਤੋ ਲੈ ਕੇ ਸਮਕਾਲੀ ਸਮੇਂ ਤੱਕ ਦੀਆਂ ਰਾਜਨੀਤਿਕ ਯੋਜਨਾਵਾਂ ਦੀ ਪੰਜਾਬੀ ਕਵਿਤਾਵਾਂ ਰਾਹੀਂ ਕੀਤੀ ਪੇਸ਼ਕਾਰੀ ਦਾ ਵਿਸ਼ਲੇਸ਼ਣ ਕਰਦਿਆਂ ਇਹ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਕਿਵੇਂ

ਰਾਜਨੀਤੀ ਨੇ ਕਿਸਾਨੀ ਨੂੰ ਹਾਸ਼ੀਏ ਉੱਪਰ ਰੱਖਿਆ ਤੇ ਨਿੱਜੀਕਰਨ ਨੂੰ ਉਤਸ਼ਾਹਿਤ ਕਰਦਿਆਂ ਕਿਸਾਨਾਂ ਦੇ ਹਿੱਤਾਂ ਦੀ ਪਰਵਾਹ ਨਾ ਕੀਤੀ।

ਇਸ ਅਧਿਆਇ ਦੇ ਦੂਜੇ ਮੁੱਖ ਬਿੰਦੂ ਉੱਪਰ ਚਰਚਾ ਕਰਦਿਆਂ ਸਮਕਾਲੀ ਸਮੇਂ ਦੀ ਸਭ ਤੋਂ ਵੱਡੀ ਚੇਤਨਾਮੂਲਕ ਸੰਘਰਸ਼ ਦੀ ਗਾਥਾ ਨੂੰ ਪੇਸ਼ ਕੀਤਾ ਗਿਆ ਹੈ। ਕਿਸਾਨੀ ਸੰਕਟ ਦਾ ਪ੍ਰਗਟਾਵਾ ਕਰਦੇ ਇਸ ਅੰਦੋਲਨ ਦੀ ਪੇਸ਼ਕਾਰੀ ਪੰਜਾਬੀ ਕਵੀਆਂ ਦੁਆਰਾ ਬਾਖ਼ੂਬੀ ਕੀਤੀ ਹੈ। ਤਿੰਨ ਖੇਤੀ ਬਿੱਲਾਂ ਦੀ ਵਿਆਖਿਆ ਕਰਦੀ ਕਵਿਤਾ ਇਨ੍ਹਾਂ ਖੇਤੀ ਬਿੱਲਾਂ ਦੇ ਪੰਜਾਬ ਦੇ ਕਿਰਸਾਣਾਂ ਤੇ ਪੈਣ ਵਾਲੇ ਬੁਰੇ ਅਸਰਾਂ ਨੂੰ ਸਾਹਮਣੇ ਲਿਆਉਂਦੀ ਹੈ। ਸਮਕਾਲੀ ਪੰਜਾਬੀ ਕਵਿਤਾ ਦ ਮਾਧਿਅਮ ਰਾਹੀਂ ਇਸ ਗੱਲ ਦੀ ਪੁਸ਼ਟੀ ਕੀਤੀ ਜਾਂਦੀ ਹੈ ਕਿ ਜਿੱਥੇ ਇਹ ਕਵਿਤਾ ਸੰਕਟਮਈ ਕਿਸਾਨੀ ਦੇ ਹਾਲਤਾਂ ਦੀ ਤਰਜ਼ਮਾਨੀ ਕਰਦੀ ਹੈ, ਉੱਥੇ ਹੀ ਰਾਜਨੀਤਿਕ ਵਿਵਸਥਾ ਵਿਸ਼ੇਸ਼ਕਰ ਸਰਕਾਰ ਦੇ ਨੀਰਸਤਾ ਭਰੇ ਤੇ ਅੜੀਅਲ ਰਵੱਈਏ ਉੱਪਰ ਸਵਾਲੀਆ ਚਿੰਨ੍ਹ ਲਗਾ ਕੇ ਸਰਕਾਰ ਦੀ ਨੀਯਤ ਨੂੰ ਕਟਿਹਰੇ ਵਿਚ ਖੜ੍ਹਾ ਕਰਦਾ ਹੇ। ਇਸ ਵਿਸ਼ਲੇਸ਼ਣ ਤੋਂ ਇਹ ਤੱਥ ਨਿਕਲਦਾ ਹੈ ਕਿ ਰਾਜਨੀਤਿਕ ਵਿਵਸਥਾ ਕਿਸਾਨੀ ਸੰਕਟ ਨੂੰ ਹੋਰ ਡੂੰਘਾ ਕਰਦਾ ਹੈ।

ਚੌਥੇ ਉਪਭਾਗ ਵਿਚ ਰਾਜਨੀਤੀ ਪ੍ਰਤੀ ਰੋਸ ਪ੍ਰਗਟਾਉਂਦੇ ਪੰਜਾਬੀ ਕਵਿਤਾ ਦਾ ਅਧਿਐਨ ਕੀਤਾ ਹੈ। ਜਿੱਥੇ ਇਸ ਕਵਿਤਾ ਵਿਚ ਰੋਸ ਦਾ ਪ੍ਰਗਟਾਵਾ ਹੈ, ਉੱਥੇ ਹੀ ਸੰਘਰਸ਼ ਦੇ ਰਾਹ ਤੇ ਤੁਰਨ ਦੀ ਪ੍ਰੇਰਨਾ ਵੀ ਹੈ। ਇਸ ਕਵਿਤਾ ਦੇ ਅਧਿਐਨ ਤੋਂ ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਕਿਸਾਨੀ ਮਸਲਿਆਂ ਪ੍ਰਤੀ ਸੁਚੇਤਤਾ ਵਿਚ ਬਹੁਤ ਵਾਧਾ ਹੋਇਆ ਹੈ ਇਸ ਜਾਗ੍ਰਿਤੀ ਨੇ ਸਮਾਜ ਨੂੰ ਨਵੀਆਂ ਲੀਹਾਂ ਤੇ ਤੋਰਿਆ ਹੈ।

ਖੋਜ ਕਾਰਜ ਦੇ ਅੰਤਿਮ ਅਧਿਆਇ ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਆਰਥਿਕ ਸਰੋਕਾਰ ਵਿਚ ਕਿਸਾਨੀ ਜੀਵਨ ਨਾਲ ਸੰਬੰਧਿਤ ਆਰਥਿਕ ਪੱਖਾਂ ਦੀ ਘੋਖ ਪੜਤਾਲ ਕੀਤੀ ਗਈ ਹੈ। ਇਸ ਅਧਿਆਇ ਦੇ ਅੰਤਰਗਤ ਆਰਥਿਕ ਸੰਕਟ ਨੂੰ ਪਰਿਭਾਸ਼ਤ ਕਰਦਿਆਂ ਕਿਸਾਨੀ ਜੀਵਨ ਵਿਚਲੇ ਆਰਥਿਕ ਸੰਕਟ ਜਿਵੇਂ ਮੰਡੀਆਂ ਵਿਚ ਰੁਲਦੇ ਕਿਸਾਨਾਂ ਦੇ ਦੁਖਾਂਤ, ਕਿਸਾਨੀ ਕਰਜ਼ ਦੀ ਸਥਿਤੀ ਤੇ ਆਰਥਿਕ ਬੋਝ ਹੇਠ ਹੋ ਰਹੀਆਂ ਕਿਸਾਨ ਖ਼ੁਦਕਸ਼ੀਆਂ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ। ਇਸ ਅਧਿਐਨ ਦੇ ਪਹਿਲੇ ਬਿੰਦੂ ਅਨੁਸਾਰ ਵੱਖ-ਵੱਖ

ਵਿਦਵਾਨਾਂ ਦੇ ਹਵਾਲੇ ਨਾਲ ਆਰਥਿਕ ਸੰਕਟ ਨੂੰ ਪਰਿਭਾਸ਼ਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਅਧਿਆਇ ਦੇ ਦੂਜੇ ਮੁੱਖ ਭਾਗ ਵਿਚ ਕਿਸਾਨੀ ਸੰਕਟ ਪਿੱਛੇ ਕਾਰਜਸ਼ੀਲ ਆਰਥਿਕ ਪਹਿਲੂਆਂ ਨੂੰ ਵਿਚਾਰਦਿਆਂ ਸਭ ਤੋਂ ਪਹਿਲਾਂ ਮੰਡੀ ਵਿਵਸਥਾ ਦੀ ਬੁਰੀ ਦਸ਼ਾ ਨੂੰ ਸਮਕਾਲੀ ਕਵਿਤਾ ਦੇ ਮਾਧਿਅਮ ਰਾਹੀਂ ਪੜਤਾਲਿਆ ਗਿਆ ਹੈ। ਮੰਡੀਆਂ ਵਿਚ ਕਿਸਾਨ ਦੇ ਖੱਜਲ-ਖੁਆਰ ਹੋਣ ਦੀ ਸਮੱਸਿਆ ਮੰਡੀ ਵਿਵਸਥਾ ਦੇ ਸ਼ੁਰੂਆਤ ਤੋਂ ਹੁਣ ਤੱਕ ਜਿਉਂ ਦੀ ਤਿਉਂ ਬਣੀ ਹੋਈ ਹੈ। ਇਸੇ ਬੁਰੀ ਵਿਵਸਥਾ ਨੇ ਕਿਸਾਨ ਨੂੰ ਕਰਜ਼ ਵੱਲ ਤੱਕਣ ਵਿਚ ਆਪਣਾ ਯੋਗਦਾਨ ਪਾਇਆ ਹੈ।

ਕਿਸਾਨੀ ਕਰਜ਼ਿਆਂ ਦੇ ਬਹੁਤ ਸਾਰੇ ਕਾਰਨ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀ ਮਾੜੀ ਆਰਥਿਕ ਸਥਿਤੀ, ਵੱਧਦੇ ਖਰਚ, ਸਮੇਂ ਦੇ ਹਾਣੀ ਹੋਣ ਲਈ ਆਧੁਨਿਕ ਤਕਨਾਲੋਜੀ ਦਾ ਇਸਤੇਮਾਲ ਕਰਦਿਆਂ ਮਸ਼ੀਨਾਂ ਤੇ ਕੀਤਾ ਜਾ ਰਿਹਾ ਖਰਚਾ ਆਦਿ ਮੁੱਖ ਹਨ। ਪਰੰਤੂ ਅਧਿਐਨ ਤੋਂ ਇਹ ਗੱਲ ਵੀ ਨਿਕਲ ਕੇ ਸਾਹਮਣੇ ਆਉਂਦੀ ਹੈ ਕਿ ਕਿਸਾਨੀ ਕਰਨ ਦੇ ਢੰਗ ਤਰੀਕਿਆਂ ਵਿਚ ਆਏ ਬਦਲਾਅ ਪਿੱਛੇ ਵੀ ਵਿਸ਼ਵ ਵਪਾਰ ਸੰਗਠਨ ਤੇ ਹੋਰ ਪੂੰਜੀਵਾਦੀ ਰਾਸ਼ਟਰਾਂ ਦਾ ਯੋਗਦਾਨ ਹੈ। ਇਸ ਅਧਿਆਇ ਦੇ ਦੂਜੇ ਉਪਭਾਗ ਦੇ ਤੀਜੇ ਨੁਕਤੇ ਵਿਚ ਆਰਥਿਕ ਬੋਝ ਥੱਲੇ ਦੱਬੇ ਕਿਸਾਨਾਂ ਵਿਚ ਆਤਮ-ਹੱਤਿਆਵਾਂ ਦੇ ਵਧਦੇ ਰੁਝਾਨ ਬਾਰੇ ਗੱਲ ਕੀਤੀ ਗਈ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਅੰਕੜਿਆਂ ਸਮੇਤ ਇਸ ਤੱਥ ਦੀ ਪੁਸ਼ਟੀ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਕਿਸਾਨ ਆਤਮ-ਹੱਤਿਆਵਾਂ ਲਈ ਕਿਸਾਨਾਂ ਦੀ ਤਰਸਮਈ ਆਰਥਿਕ ਹਾਲਤ ਜ਼ਿੰਮੇਵਾਰ ਹੈ। ਕਰਜ਼ਿਆਂ ਦਾ ਭਾਰ ਕਿਸਾਨ ਸੰਕਟ ਨੂੰ ਹੋਰ ਵੀ ਗਹਿਰਾ ਕਰਦਾ ਹੈ ਤੇ ਇਹ ਸੰਕਟ ਕਿਸਾਨ ਆਤਮਹੱਤਿਆਵਾਂ ਨੂੰ ਜਨਮ ਦਿੰਦਾ ਹੈ।

ਸਮੁੱਚੇ ਖੋਜ ਕਾਰਜ ਤੋਂ ਬਾਅਦ ਇਹ ਗੱਲ ਕਹੀ ਜਾ ਸਕਦੀ ਹੈ ਕਿ ਪੰਜਾਬ ਵਿਚ ਕਿਸਾਨੀ ਦਾ ਸੰਕਟ ਨਵ-ਉਦਾਰਵਾਦੀ, ਆਰਥਿਕ, ਸਮਾਜ-ਸਭਿਆਚਾਰਕ ਅਤੇ ਸਿਆਸੀ ਤਾਣੇ-ਬਾਣੇ ਨਾਲ ਜੁੜ ਕੇ ਸਾਡੇ ਸਾਹਮਣੇ ਪੇਸ਼ ਹੋਇਆ ਹੈ। ਭਾਵੇਂ ਕਿਸਾਨੀ ਧਰਤ ਅਤੇ ਅਸਮਾਨ ਉੱਪਰ ਨਿਰਭਰ ਕਿੱਤਾ ਹੈ ਪਰੰਤੂ ਇਸ ਦੇ ਬਾਵਜੂਦ ਹੋਰ ਬਹੁਤ ਸਾਰੇ ਕਾਰਕ ਹਨ ਜੋ ਕਿਸਾਨ ਦੀ ਦਸ਼ਾ ਅਤੇ ਦਿਸ਼ਾ ਨਿਸ਼ਚਿਤ ਕਰਦੇ ਹਨ। ਕਿਸਾਨੀ ਦੇ ਚੜ੍ਹਦੀ ਕਲਾ ਤੋਂ ਮੰਦਹਾਲੀ ਤੱਕ ਦੇ ਸਫ਼ਰ ਅਤੇ ਖੇਤੀ ਕਰਨ ਵਾਲਿਆਂ ਦੇ ਨਿਰੰਤਰ ਧੁੰਦਲੇ ਹੁੰਦੇ ਅਕਸ ਉੱਪਰ ਨਜ਼ਰ ਮਾਰੀਏ ਤਾਂ

ਇਸ ਦੇ ਕਈ ਕਾਰਨ ਹਨ ਜਿਵੇਂ ਕਿਸਾਨ ਦਾ ਖਪਤਵਾਦੀ ਸਭਿਆਚਾਰ ਦੇ ਜਾਲ ਵਿਚ ਫਸਣਾ, ਬਾਜ਼ਾਰ ਅਤੇ ਇਸ਼ਤਿਹਾਰਬਾਜ਼ੀ ਦੇ ਜਾਲ ਵਿਚ ਫਸ ਕੇ ਬੇਲੋੜੀਆਂ ਵਸਤਾਂ ਖਰੀਦਣਾ ਅਤੇ ਵਿਖਾਵੇਬਾਜ਼ੀ ਦਾ ਸ਼ਿਕਾਰ ਹੋਣਾ, ਆਧੁਨਿਕ ਤਕਨੀਕਾਂ ਦੇ ਨਾਂ ਤੇ ਕਾਰਪੋਰੇਟਾਂ ਦੇ ਜਾਲ ਵਿਚ ਫਸਣਾ, ਸਰਕਾਰ ਦੁਆਰਾ ਵੱਧ ਤੋਂ ਵੱਧ ਫਸਲਾਂ ਤੇ ਘੱਟੋ-ਘੱਟ ਸਮਰਥਨ ਮੁੱਲ ਨਾ ਦੇਣਾ, ਢੁੱਕਵੀਂ ਮੰਡੀ ਵਿਵਸਥਾ ਦੀ ਘਾਟ, ਫ਼ਸਲ ਬੀਮਾ ਯੋਜਨਾਵਾਂ ਦਾ ਕਿਸਾਨ ਪੱਖੀ ਨਾ ਹੋਣਾ, ਲਾਗਤ ਮੁੱਲਾਂ ਵਿਚ ਨਿਰੰਤਰ ਵਾਧੇ, ਫ਼ਸਲੀ ਕਰਜ਼ਿਆਂ ਦੀ ਅਣਉਤਪਾਦਿਕ ਗਤੀਵਿਧੀਆਂ ਉੱਪਰ ਵਰਤੋਂ, ਸਾਂਝੀ ਖੇਤੀ ਦੇ ਮਾਡਲਾਂ ਵਿਚ ਕਮੀ ਆਦਿ ਹਨ। ਇਸ ਸੰਕਟਮਈ ਹਾਲਤਾਂ ਨੇ ਕਿਸਾਨ ਦੇ ਜੀਵਨ ਦੇ ਸਮਾਜਕ ਪੱਧਰ ਨੂੰ ਵੀ ਨੀਵਾਂ ਕੀਤਾ ਹੈ ਜਿਸ ਦੇ ਫਲਸਰੂਪ ਕਿਸਾਨੀ ਨਸ਼ਿਆਂ, ਪਰਵਾਸ ਤੇ ਕਰਜ਼ਿਆਂ ਦੇ ਰਾਹ ਪੈ ਗਈ ਹੈ। ਪੰਜਾਬੀ ਸਾਹਿਤ ਦੇ ਕਾਵਿ ਜਗਤ ਅੰਦਰ ਕਿਸਾਨੀ ਸੰਕਟ ਨਾਲ ਸੰਬੰਧਿਤ ਕਵਿਤਾ ਵੱਡੇ ਪੱਧਰ ਤੇ ਰਚੀ ਗਈ ਅਤੇ ਰਚੀ ਜਾ ਰਹੀ ਹੈ। ਕੁੱਝ ਮਕਬੂਲ ਕਵੀਆਂ, ਖੇਤੀ ਮਾਹਿਰਾਂ ਤੇ ਬੁੱਧੀਜੀਵੀਆਂ ਦੁਆਰਾ ਵੀ ਇਸ ਵਿਸ਼ੇ ਨੂੰ ਆਪਣੀ ਕਲਮ ਰਾਹੀਂ ਨਿਰੰਤਰ ਛੂਹਿਆ ਜਾ ਰਿਹਾ ਹੈ ਅਤੇ ਨਾਲ ਹੀ ਇਹ ਵਿਸ਼ਾ ਤੇ ਇਸ ਵਿਸ਼ੇ ਨਾਲ ਸੰਬੰਧਿਤ ਕਾਵਿ ਨਿਰੰਤਰ ਲਿਖਿਆ, ਪੜ੍ਹਿਆ ਤੇ ਵਿਚਾਰਿਆ ਜਾ ਰਿਹਾ ਹੈ। ਕਿਸਾਨੀ ਸੰਕਟ ਤੇ ਇਸ ਸੰਕਟ ਤੋਂ ਪੈਦਾ ਹੋਈ ਜਾਗ੍ਰਿਤੀ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਤੇ ਵਿਸ਼ੇਸ਼ ਕਰ ਕੇ ਪੰਜਾਬੀ ਕਾਵਿ ਨੂੰ ਨਵੇਂ ਵਿਸ਼ੇ ਅਤੇ ਨਵੀਆਂ ਸੰਭਾਵਨਾਵਾਂ ਪ੍ਰਦਾਨ ਕਰ ਰਹੀ ਹੈ।

# ਪੁਸਤਕ ਸੂਚੀ


ਅਰਸ਼ੀ, ਗੁਰਚਰਨ ਸਿੰਘ. ***ਪੰਜਾਬੀ ਸਭਿਆਚਾਰ ਤੇ ਰੰਗਮੰਚ.*** ਪੰਜਾਬੀ ਅਕਾਦਮੀ ਦਿੱਲੀ, 1987.

ਅਰੋੜਾ, ਨੀਤੂ. ***ਸਮਕਾਲੀ ਪੰਜਾਬੀ ਕਵਿਤਾ: ਪ੍ਰਤੀਰੋਧੀ ਪ੍ਰਵਚਨ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011.

ਸਿੰਗਲ, ਧਰਮਪਾਲ (ਡਾ.). ***ਪੰਜਾਬੀ ਕਵਿਤਾ ਦਾ ਵਿਕਾਸ.*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970.

---. ***ਆਧੁਨਿਕ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ.*** ਦੀਪਕ ਪਬਲਿਸ਼ਰਜ਼, 2005

ਸਿੰਘ, ਅਜੀਤਪਾਲ ਐਮ. ਡੀ. (ਡਾ.). ***ਭੁੱਖਾ-ਕਿਸਾਨ, ਆਰਥਿਕ ਗ਼ੁਲਾਮੀ ਅਤੇ ਸਿਆਸਤ.*** ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2009

--- ***ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ.*** ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2013

ਸਿੰਘ, ਅਤਰ (ਡਾ.). ***ਕਾਵਿ ਅਧਿਐਨ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ, 1990.

ਸਿੰਘ, ਅਨੂਪ. ***ਵਿਸ਼ਵ ਵਪਾਰ ਸੰਸਥਾ: ਪੰਜਾਬ ਦੀ ਕਿਸਾਨੀ.*** ਪ੍ਰੇਰਨਾ ਪ੍ਰਕਾਸ਼ਕ, ਪਟਿਆਲਾ, 2001

ਸਿੰਘ, ਸੁਖਦੇਵ (ਡਾ.). ***ਕਾਵਿ ਸਰੋਕਾਰ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.

ਸਿੰਘ, ਸੁਖਦੇਵ. ਅਤੇ ਕੇ.ਕੇ. ਸ਼ਰਮਾ. ***ਭਾਰਤੀ ਅਰਥ ਵਿਵਸਥਾ.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਸਿੰਘ, ਸੁਦਰਸ਼ਨ. ***ਪੰਜਾਬ ਦਾ ਇਤਿਹਾਸ (1849-1947).*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ,1991.

--- ***ਪੰਜਾਬ ਦਾ ਇਤਿਹਾਸ.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਸਿੰਘ, ਗੁਰਇਕਬਾਲ (ਡਾ.). ***ਪੰਜਾਬੀ ਕਵਿਤਾ ਨਵੇਂ ਪਰਿਪੇਖ ਤੇ ਪਾਸਾਰ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002.

---. ***ਆਧੁਨਿਕ ਪੰਜਾਬੀ ਕਵਿਤਾ: ਵਿਹਾਰ ਤੇ ਵਿਵੇਚਨ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007.

ਸਿੰਘ, ਗੁਰਪ੍ਰੀਤ. ***ਪੰਜਾਬ ਦੀ ਕਿਸਾਨੀ ਅਤੇ ਰਾਮ ਸਰੂਪ ਅਣਖੀ ਦੇ ਨਾਵਲ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ. 2013.

ਸਿੰਘ, ਜਸਵਿੰਦਰ (ਡਾ.). ***ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.

---. ***ਪੰਜਾਬੀ ਸਭਿਆਚਾਰ: ਪਛਾਣ-ਚਿੰਨ੍ਹ.*** ਪੁਨੀਤ ਪ੍ਰਕਾਸ਼ਨ, ਪਟਿਆਲਾ, 2014.

ਸਿੰਘ, ਜਗਮੋਹਨ. ***ਪੱਗੜ੍ਹੀ ਸੰਭਾਲ ਜੱਟਾ ਤੋਂ ਆਜ਼ਾਦੀ ਵੱਲ.*** ਚੇਤਨਾ ਪ੍ਰਕਾਸ਼ਨ ਲੁਧਿਆਣਾ 2007.

ਸਿੰਘ, ਡਾ. ਸਰਬਜੀਤ. ***ਸਾਦੇ ਵਿਆਹ, ਸਾਦੇ ਭੋਗ ਨਾ ਕਰਜ਼ਾ, ਨਾ ਚਿੰਤਾ ਰੋਗ.*** ਖੇਤੀ ਪੱਤਰਕਾਰੀ, ਭਾਸ਼ਾਵਾਂ ਅਤੇ ਸੱਭਿਆਚਾਰ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, 2017

ਸਿੰਘ, ਡਾ. ਸਰਬਜੋਤ. ***ਵਿਸ਼ਵੀਕਰਨ, ਸਭਿਆਚਾਰਕ ਬਦਲਾਅ ਅਤੇ ਪੰਜਾਬੀ ਨਾਵਲ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ, 2005.

ਸਿੰਘ, ਡਾ. ਜਗਜੀਵਨ. ***ਸਭਿਆਚਾਰ ਦੇ ਮੂਲ ਆਧਾਰ.*** ਗ੍ਰੇਸ਼ੀਅਸ ਬੁੱਕਸ, ਪਟਿਆਲਾ ਮਿਤੀ ਰਹਿਤ.

ਸਿੰਘ, ਡਾ. ਗੋਪਾਲ. ***ਪੰਜਾਬੀ ਸਾਹਿਤ ਦਾ ਇਤਿਹਾਸ.*** ਪੰਜਾਬ ਪਬਲਿਸ਼ਰਜ, ਦਿੱਲੀ, ਦੂਜੀ ਵਾਰ,1950.

ਸਿੰਘ,ਪ੍ਰਮਿੰਦਰ. ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਲਾਂਬਾ. ***ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ.*** ਗ੍ਰੇਸ਼ੀਅਸ ਬੁੱਕ, ਪਟਿਆਲਾ, 2015.

ਸਿੰਘ, ਬਲਦੇਵ. ***ਅੰਨਦਾਤਾ.*** ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2008

ਸਿੰਘ, ਭੀਮ ਇੰਦਰ (ਡਾ.). ***ਸਮਕਾਲੀ ਸਰੋਕਾਰ ਅਤੇ ਸਾਹਿਤ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013

ਸਿੰਘ, ਮਾਸਟਰ ਰਾਜਬੀਰ. ***ਕੁਦਰਤੀ ਖੇਤੀ ਕਿਵੇਂ ਕਰੀਏ.*** ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:), ਅੰਮ੍ਰਿਤਸਰ 2021.

ਸਿੰਘ, ਰਣਜੀਤ. ***ਪੰਜਾਬੀ ਕਿਸਾਨ: ਜੀਵਨ ਅਤੇ ਸਭਿਆਚਾਰ.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਸਿੰਘ, ਰਾਜਪਾਲ. ***ਕਿਸਾਨੀ ਸੰਕਟ ਤੇ ਵਿਗਿਆਨਕ ਪਹੁੰਚ.*** ਤਰਕਸ਼ੀਲ ਪ੍ਰਕਾਸ਼ਨ ਬਰਨਾਲਾ. 2022

ਸਿੱਧੂ, ਸੁਰਿੰਦਰ ਸਿੰਘ. ***ਸਿਆੜ,*** 5ਆਬ ਪ੍ਰਕਾਸ਼ਨ, ਜਲੰਧਰ, 2021

ਸਿੱਧੂ, ਡਾ. ਸੁਰਿੰਦਰ ਸਿੰਘ. ***ਕਿਸਾਨ ਖੁਦਕੁਸ਼ੀਆਂ.*** 5ਆਬ ਪ੍ਰਕਾਸ਼ਨ, ਜਲੰਧਰ, 2009.

ਸਿੱਧੂ, ਡਾ. ਗਿਆਨ. ***ਪੰਜਾਬ ਦੀ ਖੇਤੀਬਾੜੀ ਆਰਥਿਕਤਾ.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016

ਸੀਤਲ.***ਕਿਰਸਾਨਾ ਦੇ ਦੁੱਖੜੇ ਤੇ ਹੋਰ ਕਵਿਤਾਵਾਂ.*** 5ਆਬ ਪ੍ਰਕਾਸ਼ਨ, ਜਲੰਧਰ, 2021

ਸੁਖਵਿੰਦਰ. ***ਭਾਰਤੀ ਖੇਤੀ ਵਿਚ ਪੂੰਜੀਵਾਦੀ ਵਿਕਾਸ (1990 ਤੋਂ ਬਾਅਦ ਵਾਪਰੀਆਂ ਤਬਦੀਲੀਆਂ ਦਾ ਇਲ ਖਾਕਾ).*** ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ, 2007.

ਸੰਧੂ, ਅਰਤਿੰਦਰ. ਅਤੇ ਡਾ. ਮੋਹਣ ਸਿੰਘ ਤਿਆਗੀ. ***ਮਿੱਟੀ ਦੇ ਵਣਜਾਰੇ.*** ਵਾਹਗਾ ਬੁੱਕਸ, ਅੰਮ੍ਰਿਤਸਰ.

ਸੰਧੂ, ਹਰਪ੍ਰੀਤ ਕੌਰ. ***ਚੁੱਪ ਨਾ ਰਿਹਾ ਕਰ .*** ਕੈਲੀਬਰ ਪਬਕੀਕੇਸ਼ਨ, ਪਟਿਆਲਾ, 2022

ਹਠੂਰ, ਰਾਮ ਸਿੰਘ. ***ਹੈ ਅਜੇ ਹਨੇਰਾ.*** ਚਿੰਤਨ ਪ੍ਰਕਾਸ਼ਨ, ਲੁਧਿਆਣਾ 2013

ਹਬੀਬ, ਇਰਫਾਨ. ***ਭਾਰਤੀਯ ਇਤਿਹਾਸ ਮੇਂ ਮੱਧਕਾਲ.*** ਵਾਨੀ ਪ੍ਰਕਾਸ਼ਨ, ਨਵੀਂ ਦਿੱਲੀ, 2022.

ਕਾਕੜਾ, ਅਰਵਿੰਦਰ ਕੌਰ (ਡਾ.). ***ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

ਕਾਂਗ, ਅਮਰਜੀਤ ਸਿੰਘ. ਸੰਪਦਕ. ***ਵਿਸ਼ਵੀਕਰਣ ਅਤੇ ਪੰਜਾਬੀ ਸਾਹਿਤ ਸਭਿਆਚਾਰ.*** ਸਾਹਿਤ ਅਕਾਦਮੀ, ਨਵੀਂ ਦਿੱਲੀ, 2005.

ਕੋਟਲਾ, ਨਿਰਮਲ ਕੌਰ. ***ਮਿੱਟੀ ਦੇ ਬੋਲ.*** ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2021.

ਕੌਰ, ਗੁਰਦੀਪ. ***ਪੰਜਾਬੀ ਨਾਵਲ ਅਤੇ ਕਿਸਾਨੀ ਜੀਵਨ.*** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2008

ਕੌਰ, ਡਾ ਧਨਵੰਤ (ਸੰਪਾ.). ***ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਗਲੋਬਲ ਪਰਿਪੇਖ.*** ਪੰਜਾਬੀ ਯੂਨੀਵਰਸਿਟੀ ਪਟਿਆਲਾ, 2003.

ਖਹਿਰਾ, ਡਾ. ਭੁਪਿੰਦਰ ਸਿੰਘ. ***ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ.*** ਪੈਪਸੂ ਬੁੱਕ ਡੀਪੂ, ਪਟਿਆਲਾ

ਗਿੱਲ, ਮੋਹਨ. ***ਇਕ ਹੋਰ ਮਹਾਂਭਾਰਤ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021

ਗੀਤ, ਸੁਰਿੰਦਰ. ***ਖੇਤਾਂ ਦਾ ਸਫ਼ਰ.*** ਕੈਲੀਬਰ ਪਬਲੀਕੇਸ਼ਨ, ਪਟਿਆਲਾ, 2021.

ਗੋਜਰਾ, ਕੁਲਵੀਰ. ***ਸਮਕਾਲੀ ਪੰਜਾਬੀ ਕਵਿਤਾ ਦਾ ਉੱਤਰ ਆਧੁਨਿਕ ਪਰਿਪੇਖ.*** ਪੰਜਾਬੀ ਯੂਨੀਵਰਸਿਟੀ, 2004. (ਅਪ੍ਰਕਾਸ਼ਿਤ ਖੋਜ-ਪ੍ਰਬੰਧ)

---.***ਉੱਤਰ ਆਧੁਨਿਕਤਾਵਾਦ ਤੇ ਪੰਜਾਬੀ ਕਵਿਤਾ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013.

ਚਿੱਟੀ, ਆਤਮਾ ਸਿੰਘ. ***ਖੇਤਾਂ ਦਾ ਰਾਜਾ.*** ਪੰਜ ਨਦ ਪ੍ਰਕਾਸ਼ਨ, ਜਲੰਧਰ, 2021

ਚੀਮਾ, ਹਰਦਿਆਲ ਸਿੰਘ. ***ਹੰਭਲਾ ਮਾਰ ਕਿਸਾਨਾਂ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018

ਛਾਜਲੀ, ਮਾਸਟਰ ਦੇਸ ਰਾਜ. ***ਕਿਸਾਨ ਮਜ਼ਦੂਰ ਅੰਦੋਲਨ ਦੀ ਗਾਥਾ: ਭਾਰਤ ਅਤੇ ਦਿੱਲੀ.*** ਸਪਤਰਿਸ਼ੀ ਪਬਲੀਕੇਸ਼ਨ, 2022.

ਜਲੂਰ ਕਮਲਦੀਪ. ***ਕਵਿਤਾ ਸਿਰਫ਼ ਕਵਿਤਾ ਨਹੀਂ.*** ਸਾਹਿਬਦੀਪ ਪਬਲੀਕੇਸ਼ਨ, ਮਾਨਸਾ 2019

ਜੌਹਲ, ਸਰਦਾਰਾ ਸਿੰਘ. ***ਮੇਰਾ ਭਾਰਤ ਮਹਾਨ***. ਸੰਗਮ ਪਬਲੀਕੇਸ਼ਨਜ਼ ਪਟਿਆਲਾ, 2014

ਜੰਮੂ, ਪ੍ਰਕਾਸ਼ ਸਿੰਘ (ਸੰਪਾ). ***ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬ.*** ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਪਟਿਆਲਾ, 1999

ਜੱਜ, ਸੁਰਜੀਤ. ***ਜ਼ਫ਼ਰਨਾਮੇ ਦੀ ਜੂਹ'ਚੋਂ ਕਿਸਾਨ ਕੂਚ.*** ਆਪਣੀ ਆਵਾਜ਼ ਪਬਲੀਕੇਸ਼ਨ, ਜਲੰਧਰ, 2022.

ਜੱਜ, ਜਸਵੀਰ ਸਿੰਘ. ***ਪੰਜਾਬੀ ਸਭਿਆਚਾਰ ਉੱਤੇ ਵਿਦੇਸ਼ੀ ਪ੍ਰਭਾਵ.*** ਦੀ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਡ, ਮਿਤੀ ਰਹਿਤ

ਤੇਜੇ, ਉਂਕਾਰ ਸਿੰਘ. ***ਜੱਦੋ-ਜਹਿਦ.*** ਜੇ.ਪੀ. ਪਬਲੀਕੇਸ਼ਨ ਪਟਿਆਲਾ 2021.

ਤੂਰ, ਗੁਰਪ੍ਰੀਤ ਸਿੰਘ. ਅਮਰਜੀਤ ਸਿੰਘ ਭੁੱਲਰ. ਬਲਵੰਤ ਸਿੰਘ ਸੰਧੂ. ***ਪੰਜਾਬ ਅਤੇ ਪਰਵਾਸ,*** ਚੇਤਨਾ ਪ੍ਰਕਾਸ਼ਨ ਲੁਧਿਆਣਾ, 2024

ਦਿਓਲ, ਪਰਮਜੀਤ. ***ਕਿਸਾਨੀ ਇਬਾਰਤ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021

ਦਿਵੇਦੀ, ਡਾ. ਹਜ਼ਾਰੀ ਪ੍ਰਸਾਦ. ***ਸਾਹਿਤਯ ਔਰ ਸੰਸਕ੍ਰਿਤੀ.*** ਹਜ਼ਾਰੀ ਪ੍ਰਸਾਦ ਗ੍ਰੰਥਾਵਲੀ. (ਗੂਗਲ ਪੁਸਤਕ, ਸੰਪਾਦਕ ਮੁਕੁਲ ਦਿਵੇਦੀ).

ਦੇਸਾਈ, ਏ.ਆਰ. ***ਭਾਰਤੀ ਰਾਸ਼ਟਰਵਾਦ ਦਾ ਸਮਾਜਿਕ ਪਿਛੋਕੜ.*** ਛੇਵਾਂ ਐਡੀਸ਼ਨ, ਪਾਪੂਲਰ ਪ੍ਰਕਾਸ਼ਨ, 2000.

ਦੁੱਗਲ, ਆਰ. ਐੱਨ. ***ਰਾਜਨੀਤਿਕ ਸਿਧਾਂਤ.*** ਦੁੱਗਲ ਪਬਲੀਕੇਸ਼ਨ ਹਾਊਸ, ਮਿਤੀ ਰਹਿਤ.

ਦੁੱਗਰੀ, ਹਰਪ੍ਰੀਤ ਕੌਰ. ***ਕਿਸਾਨ ਅੰਦੋਲਨ ਜੂਝਦੇ ਖੇਤਾਂ ਦੀ ਗਰਜ.*** ਸਪਤਰਿਸ਼ੀ ਪਬਲੀਕੇਸ਼ਨ, ਸ੍ਰੀ ਮੁਕਤਸਰ ਸਾਹਿਬ, 2022.

ਨੂਰ, ਸਤਿੰਦਰ ਸਿੰਘ. ***ਵਿਵਹਾਰਕ ਸਮੀਖਿਆ ਕਵਿਤਾ ਅਤੇ ਵਾਰਤਕ-2.*** ਪੰਜਾਬੀ ਯੂਨੀਵਰਸਿਟੀ ਪਟਿਆਲਾ, 1986.

--- ***ਆਧੁਨਿਕ ਪੰਜਾਬੀ ਕਾਵਿ: ਸਿਧਾਂਤਕ ਪਰਿਪੇਖ.*** ਆਰਸੀ ਪਬਲਿਸ਼ਰਜ਼, ਦਿੱਲੀ, 1991.

---. ***ਸਮਕਾਲੀ ਸਾਹਿਤ ਦੇ ਸਰੋਕਾਰ.*** ਚੇਤਨਾ ਪ੍ਰਕਾਸ਼ਨ ਲੁਧਿਆਣਾ, 2012.

ਪਾਲ, ਸਿਮਰਤ (ਡਾ.). ***ਆਧੁਨਿਕ ਪੰਜਾਬੀ ਨਾਰੀ ਕਾਵਿ-ਇਕ ਅਧਿਐਨ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013.

ਬਾਜਵਾ, ਦਿਲਬਾਰਾ ਸਿੰਘ (ਡਾ.). ***ਵਿਸ਼ਵੀਕਰਨ ਅਤੇ ਪੰਜਾਬੀ ਸਭਿਆਚਾਰ.*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.

ਬਰਾੜ, ਡਾ. ਸੁਰਜੀਤ. ***ਪੂੰਜੀਵਾਦੀ ਵਿਸ਼ਵੀਕਰਨ: ਕਿਸਾਨੀ ਖੇਤੀ ਸੰਕਟ ਅਤੇ ਖੇਤੀ ਕਾਨੂੰਨ.*** ਨਵਰੰਗ ਪਬਲੀਕੇਸ਼ਨ, ਸਮਾਣਾ, 2021.

ਬੋਦਲਾਂਵਾਲਾ, ਸੁੱਖਵਿੰਦਰ ਸਿੰਘ. ***ਹੂਕ ਪੰਜਾਬ ਦੀ.*** ਦੋਆਬਾ ਸਾਹਿਤ ਸਭਾ (ਰਜਿ.), ਗੜ੍ਹਸ਼ੰਕਰ-ਹੁਸ਼ਿਆਰਪੁਰ.

ਭੋਗਲ, ਪੀ.ਐੱਸ. ***ਪੱਗੜ੍ਹੀ ਸੰਭਾਲ ਲਹਿਰ ਤੋਂ ਸੰਯੁਕਤ ਮੋਰਚੇ ਤੱਕ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2022.

ਭੱਟੀ, ਸੁਰਜੀਤ. ***ਵਿਸ਼ਵੀਕਰਨ ਅਤੇ ਸਾਹਿਤ ਚੇਤਨਾ.*** ਚੇਤਨਾ ਪ੍ਰਕਾਸ਼ਨ ਲੁਧਿਆਣਾ, 2011

ਮਹਾਜਨ, ਡਾ. ਆਰ. ਕੇ. ***ਖੇਤੀਬਾੜੀ ਦਾ ਅਰਥ ਵਿਗਿਆਨ.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਮਜਮੂਦਾਰ, ਆਰ. ਸੀ. ***ਭਾਰਤ ਦਾ ਇਤਿਹਾਸ.*** ਲਕਸ਼ਮੀ ਪਬਲੀਕੇਸ਼ਨ ਪ੍ਰਾਇਵੇਟ ਲਿਮਿਟੇਡ, 2020.

ਮਾਹਿਲ, ਸਰਦਾਰਾ ਸਿੰਘ. ***ਖੇਤੀ ਸੰਕਟ ਅਤੇ ਸੰਸਾਰ ਵਪਾਰ ਸੰਗਠਨ.*** ਚਿੰਤਨ ਪ੍ਰਕਾਸ਼ਨ ਲੁਧਿਆਣਾ, 2021.

ਮਾਨ, ਡਾ. ਗੁਰਜੀਤ ਸਿੰਘ. ***ਸਭਿਆਚਾਰ ਦਾ ਫਲਸਫਾ.*** ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਿਤੀ ਰਹਿਤ.

ਮੂਰਤੀ, ਡਾ. ਰਾਮ . ***ਸਿਰਜਣਾ ਦੇ ਸਿਆੜ.*** ਸਿਰਜਣਾ ਕੇਂਦਰ, ਕਪੂਰਥਲਾ,2022.

ਰਾਜਨ, ਰਜਿੰਦਰ ਸਿੰਘ. ***ਖੇਤਾਂ ਦੇ ਪੁੱਤ ਜਾਗ ਪਏ.*** ਨਵਰੰਗ ਪਬਲੀਕੇਸ਼ਨ, ਸਮਾਣਾ, 2021

ਰੰਧਾਵਾ, ਆਤਮ ਸਿੰਘ (ਡਾ.). ***ਉੱਤਰ ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ.*** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021.

ਲੱਡਾ, ਜਗਜੀਤ ਸਿੰਘ. ***ਜਨ ਅੰਦੋਲਨ.*** ਨਵਰੰਗ ਪਬਲੀਕੇਸ਼ਨ, ਸਮਾਣਾ, 2021

ਵਿਨੋਦ, ਟੀ.ਆਰ. ***ਨਾਵਲ ਆਲੋਚਨਾ ਸ਼ਬਦਾਵਲੀ.*** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਸ਼ਰਮਾ, ਜੀ. ਐੱਲ. ***ਕਵਿਤਾ ਤੱਤ ਅਤੇ ਰੂਪ.*** ਏਕਤਾ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀ ਰਹਿਤ

ਸ਼ੇਰਗਿੱਲ, ਬਲਦੇਵ ਸਿੰਘ. ***ਖੇਤੀ ਕਾਨੂੰਨ ਮੰਡੀ ਤੋਂ ਮਹਾਂਮੰਡੀ ਤੱਕ.*** ਅਜ਼ੀਜ਼ ਬੁੱਕ ਹਾਉਸ, ਪਟਿਆਲਾ, 2021.

ਫ਼ਰੈਕ, ਗੁਰਬਖ਼ਸ਼ ਸਿੰਘ. ***ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ.*** ਦੀ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਡ, ਲੁਧਿਆਣਾ, 1987.

**ਅੰਗਰੇਜ਼ੀ ਪੁਸਤਕਾਂ**

ਸਤਿਆਨਾਰਾਇਣ, ਜੀ. ***ਐਗਰੀਕਲਚਰਲ ਕਰਾਇਸਿਸ ਐਂਡ ਫਾਰਮਰ-ਫਰੈਂਡਲੀ ਰਿਫੋਰਮਸ ਇਨ ਇੰਡੀਆ.*** ਨਿਊ ਸੈਂਚਰੀ ਪਬਲੀਕੇਸ਼ਨ, 2018

ਗਾਰਨਰ, ਜੇ.ਡਬਲਿਊ. ***ਇੰਟਰੋਡਕਸ਼ਨ ਟੂ ਪੌਲੀਟੀਕਲ ਸਾਇੰਸ.*** ਅਮਰੀਕਨ ਬੁੱਕ ਕੰਪਨੀ ਨਿਊ ਯਾਰਕ, 1911.

ਟਾਇਲਰ, ਈ.ਬੀ. ***ਪ੍ਰੀਮਿਟਵ ਕਲਚਰ.*** ਜਾੱਨ ਮੁਰੇ ਐਲਮਾਰਲੇ ਸਟਰੀਟ ਡਬਲਿਊ, 1966.

ਦੁਰਖੀਮ, ਈਮਾਇਲ. ***ਦ ਐਲੀਮੈਂਟਰੀ ਫਾਰਮਸ ਰਿਲੀਜਅਸ ਲਾਇਫ.*** ਆਕਸਫ਼ੋਰਡ ਯੂਨੀਵਰਸਿਟੀ ਪ੍ਰੈਸ, 2001.

ਪਾਰਸਨਸ, ਟੇਲਕਾਟ. ***ਦ ਸੋਸ਼ਲ ਸਿਸਟਮ.*** ਰਉਟਲੈੱਜ, 1951.

ਬਲੰਸ਼ਲੀ, ਜੋਹਾਨਨ ਕੈਸਪਰ. ***ਦ ਥਿਉਰੀ ਆੱਫ ਦ ਸਟੇਟ.*** ਆਕਸਫ਼ੋਰਡ ਯੂਨੀਵਰਸਿਟੀ ਪ੍ਰੈਸ ਲੰਡਨ, 1892.

ਮਾਰਗੈਂਥੋ, ਹਾਂਸ ਜੇ. ***ਪੌਲੀਟਿਕਸ ਅਮੰਗ ਨੇਸ਼ਨ.*** ਮੈਕਗ੍ਰਾ ਹਿੱਲ ਨਿਊਯਾਰਕ, 1985.

ਮੈਕਾਈਵਰ, ਆਰ. ਐੱਸ. ਅਤੇ ਚਾਰਲਸ ਜੇ. ਪੇਜ. ***ਸੁਸਾਇਟੀ.*** ਮੈਕਮਿਲਨ ਐਂਡ ਕੰਪਨੀ ਲਿ. ਲੰਡਨ, 1959.

ਮੈਸੈਨਜ਼ਰ, ਜਾਹਨ ਸੀ. ***ਫਾਲਕ ਰਿਲੀਜ਼ਨ.*** ਦੀ ਯੂਨੀਵਰਸਿਟੀ ਆੱਫ ਸ਼ਿਕਾਗੋ ਪ੍ਰੈਸ, 1972.

ਲੀਕਾੱਕ, ਸਟੀਫਨ. ***ਐਲੀਮੈਂਟਸ ਆੱਫ ਪੌਲੀਟੀਕਲ ਸਾਇੰਸ.*** ਹਾਫਟਨ ਮਿਫਲਨ ਕੰਪਨੀ, 1906.

**ਸ਼ਬਦ ਕੋਸ਼**

ਇਨਸਾਈਕਲੋਪੀਡੀਆ ਬ੍ਰਿਟੇਨਿਕਾ

ਇੰਟਰਨੈਸ਼ਨਲ ਇਨਸਾਈਕਲੋਪੀਡੀਆ ਆੱਫ ਸੋਸ਼ਲ ਸਾਇੰਸਿਜ਼

ਹਿੰਦੀ ਸਾਹਿਤ ਕੋਸ਼

ਜੱਗੀ, ਡਾ. ਰਤਨ ਸਿੰਘ. ***ਸਿੱਖ ਪੰਥ ਵਿਸ਼ਵ-ਕੋਸ਼.***

ਨਾਭਾ, ਭਾਈ ਕਾਨ੍ਹ ਸਿੰਘ. ***ਗੁਰਸ਼ਬਦ ਰਤਨਾਕਰ ਮਹਾਨ ਕੋਸ਼.*** ਪਬਲੀਕੇਸ਼ਨ ਬਿਉਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2011.

**ਮੈਗਜ਼ੀਨ ਅਤੇ ਜਰਨਲ**

ਅਮਰੀਕਨ ਜਰਨਲ ਆੱਫ ਸੋਸ਼ੋਲਜੀ vol 9 (jan 1903)

ਇੰਟਰਨੈਸ਼ਨਲ ਜਰਨਲ ਆੱਫ ਕਰੰਟ ਮਾਇਕਰੋਬਾਇਓਲੋਜੀ ਐਂਡ ਅਪਲਾਇਡ ਸਾਇੰਸ 2020

ਸੁਰਖ਼ ਲੀਹ. ਕਿਸਾਨ ਸੰਘਰਸ਼ ਵਿਸ਼ੇਸ਼ ਸਪਲੀਮੈਂਟ, ਨਵੰਬਰ-ਦਸੰਬਰ 2020 ਲੜੀ ਨੰ. 31

ਸੁਰਖ਼ ਲੀਹ. ਕਿਸਾਨ ਸੰਘਰਸ਼ ਵਿਸ਼ੇਸ਼ ਅੰਕ, ਜਨਵਰੀ-ਫਰਵਰੀ 2021 ਲੜੀ ਨੰ. 32

ਸੁਰਖ਼ ਲੀਹ. ਮਾਰਚ-ਅਪ੍ਰੈਲ 2021 ਲੜੀ ਨੰ. 33

ਖੋਜ ਪਤ੍ਰਿਕਾ (ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ 42) ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ

ਜਨ ਸਾਹਿਤ. ਭਾਸ਼ਾ ਵਿਭਾਗ, ਪੰਜਾਬ ਜਨਵਰੀ 2022, ਅੰਕ 1

**ਇੰਟਰਨੈੱਟ ਸੋਰਸਜ਼**

Epaper.punajabitribuneonline.com

epaper.punajabijagran.com

Likkhari.net

punjabi-kavita.com

Shodganga.inflibnet.ac.in

www.jstore.org

www.bbc.com

ਪੰਜਾਬੀ ਪੀਡੀਆ ਪੰਜਾਬੀ ਯੂਨੀਵਰਸਿਟੀ ਪਟਿਆਲਾ

5abi.com

## Graphical Abstact Submission Form

**Title of Graphical abstract: Samkali Punjabi Kavita Vich Pesh Kisani Sankat De Vibhin Sarokaar.**

**ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਅਧਿਐਨ**

**(ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿਚ)**

**Authors name: Parwinder Singh (scholar) Dr. Harpreet Singh (Supervisor)**

**Name of the Scholar: Parwinder Singh**

**Registration Number: 42000537**

**Program Name: Ph.D. Punjabi**

**Name/UID of Supervisor: Dr. Harpreet Singh (UID 17259)**

**Summary of graphical abstract:**

**Through this graphical abstract, we are try to explore the socio-cultural study of Farmer crisis in contemporary Punjabi Poetry with special reference to the second decade of twenty first centuries.**

**ਇਹ ਗ੍ਰਾਫ ਖੋਜ ਕਾਰਜ "ਸਮਕਾਲੀ ਪੰਜਾਬੀ ਕਵਿਤਾ ਅਤੇ ਕਿਸਾਨੀ ਸੰਕਟ: ਸਮਾਜ-ਸਭਿਆਚਾਰਕ ਅਧਿਐਨ" (ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਵਿਸ਼ੇਸ਼ ਸੰਦਰਭ ਵਿਚ) ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਕਿਸਾਨੀ ਸੰਕਟ ਨੂੰ ਪੇਸ਼ ਕਰਨ ਦਾ ਇਕ ਨਿਵਕੇਲਾ ਤੇ ਮੌਲਿਕ ਉਪਰਾਲਾ ਹੈ। ਕਿਸਾਨ ਦੇ ਜੀਵਨ ਦੇ ਵੱਖ-ਵੱਖ ਸਰੋਕਾਰਾਂ ਨੂੰ ਫਰੋਲਦਿਆਂ ਉਨਾਂ ਸਰੋਕਾਰ ਦੇ ਸੰਕਟਗ੍ਰਸਤ ਕਿਸਾਨੀ ਨਾਲ ਜੁੜੇ ਸੰਬੰਧਾਂ ਦੀ ਵਿਆਖਿਆ ਤੇ ਮੁਲਾਂਕਣ ਹੈ। ਇਸ ਅਧਿਐਨ ਦੇ ਅਧੀਨ ਉਨ੍ਹਾਂ ਸਾਰੇ ਸਮਾਜਿਕ, ਸਭਿਆਚਾਰਕ, ਧਾਰਮਿਕ, ਰਾਜਨੀਤਿਕ, ਆਰਥਿਕ ਆਦਿ ਸੰਬੰਧਾਂ ਦਾ ਅਵਲੋਕਣ ਕੀਤਾ ਗਿਆ ਹੈ, ਜਿਨ੍ਹਾਂ ਰਾਹੀਂ ਕਿਸਾਨੀ ਸੰਕਟਮਈ ਹਾਲਤਾਂ ਵਿੱਚ ਪਹੁੰਚੀ। ਇਸ ਦੇ ਨਾਲ ਹੀ ਖੋਜ ਪ੍ਰਬੰਧ ਦੇ ਮਾਧਿਅਮ ਰਾਹੀਂ ਪੰਜਾਬੀ ਕਾਵਿ ਵਿਚ ਕਿਸਾਨੀ ਨੂੰ ਲੈ ਕੇ ਪੈਦਾ ਹੋਈ ਚੇਤਨਾ ਦਾ ਪ੍ਰਗਟਾ ਕੀਤਾ ਗਿਆ ਹੈ।**

**ਜਿਸ ਪ੍ਰਕਾਰ ਪੰਜਾਬੀ ਸਾਹਿਤ ਦੇ ਕਾਵਿ ਰੂਪ ਵਿਚ ਇਸ ਵਿਧਾ ਨੂੰ ਲੈ ਕੇ ਰਚਨਾਵਾਂ ਕੀਤੀਆਂ ਜਾ ਰਹੀਆਂ ਹਨ, ਕਾਵਿ ਦਾ ਇਹ ਵਿਸ਼ਾ ਇਕ ਪ੍ਰਵਿਰਤੀ ਦੇ ਰੂਪ ਵਿਚ ਸਥਾਪਿਤ ਹੋ ਗਿਆ ਹੈ।**


ਸਮਕਾਲੀ ਪੰਜਾਬੀ ਕਵਿਤਾ ਵਿਚ ਪੇਸ਼ ਕਿਸਾਨੀ ਸੰਕਟ ਦੇ ਵਿਭਿੰਨ ਸਰੋਕਾਰ
ਸਭਿਆਚਾਰਕ ਸਰੋਕਾਰ
ਸਮਾਜਿਕ ਸਰੋਕਾਰ
ਰਾਜਨੀਤਿਕ ਸਰੋਕਾਰ
ਆਰਥਿਕ ਸਰੋਕਾਰ
ਸਮਕਾਲੀ ਪੰਜਾਬੀ ਕਵਿਤਾ ਵਿਚ ਵਿਸ਼ਵ ਸਭਿਆਚਾਰ ਦੇ ਪ੍ਰਭਾਵ ਉਪਜੇ ਕਿਸਾਨੀ ਸੰਕਟ ।
ਸਭਿਆਚਾਰਕ ਰਸਮਾਂ ਵਿਚ ਤਬਦੀਲੀਆਂ ਕਾਰਨ ਪੈਦਾ ਹੋਏ ਕਿਸਾਨੀ ਸੰਕਟ ਦੀ ਪੇਸ਼ਕਾਰੀ।
ਪੰਜਾਬੀ ਕਵਿਤਾ ਦੇ ਮਾਧਿਅਮ ਰਾਹੀਂ ਪੰਜਾਬੀ ਸਮਾਜ ਵਿਚਲੇ ਨਸ਼ੇ ਅਤੇ ਪਰਵਾਸ ਦੇ ਰੁਝਾਨ ਕਾਰਨ ਉਪਜੇ ਕਿਸਾਨੀ ਸੰਕਟ ਦਾ ਵਿਸ਼ਲੇਸ਼ਣ।
ਬਦਲਦੇ ਧਾਰਮਿਕ ਚੌਖਟੇ ਨਾਲ ਪ੍ਰਭਾਵਿਤ ਹੋਈ ਕਿਸਾਨੀ ਤੇ ਇਸਤਰੀਆਂ ਦੀ ਚੇਤਨਾਮੂਲਕ ਭਾਗੀਦਾਰੀ ਦਾ ਨਿਰੂਪਣ ।
ਸਰਕਾਰੀ ਨੀਤੀਆਂ ਤੇ ਰਾਜਸੀ ਸਾਜਿਸ਼ਾਂ ਦੇ ਫਲਸਰੂਪ ਪ੍ਰਭਾਵਿਤ ਹੋਈ ਕਿਸਾਨੀ ਦੇ ਦੁਖਾਂਤ ਦੀ ਪੇਸ਼ਕਾਰੀ।
ਤਿੰਨ ਖੇਤੀ ਬਿੱਲਾਂ ਕਾਰਨ ਪ੍ਰਭਾਵਿਤ ਹੋਈ ਕਿਸਾਨੀ ਤੇ ਇਸ ਤੋਂ ਉਪਜੇ ਵਿਦਰੋਹ ਦੀ ਪੰਜਾਬੀ ਕਵਿਤਾ ਵਿਚ ਪੇਸ਼ਕਾਰੀ ਦਾ ਮੁਲਾਂਕਣ ।
ਕਿਸਾਨੀ ਸੰਕਟ ਦੇ ਆਰਥਿਕ ਸਰੋਕਾਰਾਂ ਨੂੰ ਪਛਾਣਦਿਆਂ ਮੰਡੀ ਵਿਵਸਥਾ ਤੇ ਕਿਸਾਨੀ ਕਰਜ਼ ਦੇ ਸੰਕਟਮਈ ਹਾਲਤਾਂ ਦੀ ਨਿਸ਼ਾਨਦੇਹੀ ।
ਕਿਸਾਨ ਖ਼ੁਦਕਸ਼ੀਆਂ ਦੇ ਕਾਰਨਾਂ ਨੂੰ ਪੜਤਾਲਦਿਆਂ ਸਮਕਲੀ ਪੰਜਾਬੀ ਕਵਿਤਾ ਰਾਹੀਂ ਹੋਈ ਇਸ ਦੀ ਪੇਸ਼ਕਾਰੀ ਦਾ ਵਿਸ਼ਲੇਸ਼ਣਾਤਮਕ ਮੁਲਾਂਕਣ।
ਖੋਜ ਕਾਰਜ ਸਮਕਾਲੀ ਪੰਜਾਬੀ ਕਵਿਤਾ ਵਿਚ ਪੇਸ਼ ਕਿਸਾਨੀ ਸੰਕਟ ਦੇ ਵਿਭਿੰਨ ਸਰੋਕਾਰਾਂ ਵਿਚ ਕਿਸਾਨੀ ਦੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਦਿਆਂ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਸੰਕਟਮਈ ਹਾਲਤਾਂ ਲਈ ਵਿਵਸਥਾ, ਸਰਕਾਰੀ ਨੀਤੀਆਂ, ਵਿਸ਼ਵ ਸਭਿਆਚਾਰ ਅਤੇ ਖ਼ੁਦ ਕਿਸਾਨ ਇਕੋ ਜਿਹੇ ਭਾਗੀਦਾਰ ਹਨ। ਸਮਕਾਲੀ ਪੰਜਾਬੀ ਕਵੀਆਂ ਨੇ ਕਿਸਾਨੀ ਸੰਕਟ ਦੀ ਪੇਸ਼ਕਾਰੀ ਨੇ ਜਿੱਥੇ ਪੰਜਾਬੀ ਕਵਿਤਾ ਨੂੰ ਨਵਾਂ ਵਿਸ਼ਾ ਤੇ ਰੁਝਾਨ ਦਿੱਤਾ ਹੈ, ਉੱਥੇ ਹੀ ਭਵਿੱਖ ਲਈ ਨਵੀਆਂ ਸੰਭਾਵਨਾਵਾਂ ਦਿੱਤੀਆਂ ਹਨ।

